ੴ

# ॥ ਸੁਖਮਨੀ ॥

## ਸਟੀਕ

ਲੇਖਕ
**ਬਲਜੀਤ ਸਿੰਘ**
ਆਈ. ਪੀ. ਐਸ. (ਰਿਟਾ.)



**ਸ. ਬਲਜੀਤ ਸਿੰਘ ਜੀ** ਆਈ. ਪੀ. ਐਸ.(ਰਿਟਾ.)
(11-03-1937 ਤੋਂ 26-03-2006)

*ਪ੍ਰਕਾਸ਼ਕ :-*


**ਗੁਰਿ ਸੰਗਤਿ**

ਰਾਹੀਂ **ਸੁਖਜੀਤ ਕੌਰ**

ੴ ਸਤਿਸੰਗ

1119, ਫੇਜ਼-1, ਅਰਬਨ ਅਸਟੇਟ, ਜਲੰਧਰ-144022
E-mail : ikoankarsatsang@rediffmail.com
Website : www.ikoankarsatsang.com


**ਮੁੱਲ : "ਵੀਚਾਰ"**

**ਮੰਤਵ : "ਪ੍ਰਚਾਰ"**

ਪਹਿਲੀ ਵਾਰ-2008 - 1000 ਕਾਪੀਆਂ

ਪ੍ਰਭੂ ਰੂਪ ਗੁਰਮੁਖਿ ਪਿਆਰੇ ਡਾ: ਕਰਤਾਰ ਸਿੰਘ
ਜੀ ਦੀ ਪਿਆਰ ਭਰੀ ਯਾਦ ਨੂੰ ਸਮਰਪਤ,
ਜਿਨ੍ਹਾਂ ਨੇ ਦਾਸ ਨੂੰ ਨਾਮ ਬਾਣੀ ਵਲ ਮੋੜਿਆ।

# ਅਨੁਵਾਦ ਮੂਲਮੰਤ੍ਰ

ਰੱਬ ਜੀ ਇਕ ਹੈ, ਸਦਾ ਸਦਾ ਹੈ, ਸਭ ਕੁਛ ਕਰਦਾ ਆਪੇ।
ਸਾਰੇ ਸਮਾਇਆ, ਡਰਦਾ ਕਦੇ ਨਹੀਂ, ਵੈਰ ਨਾ ਕਿਸੇ ਨਾਲ ਥਾਪੇ।
ਅਮਰ ਹਸਤੀ, ਜੂਨੀ ਨਹੀਂ ਜੰਮਦਾ, ਆਪਣੇ ਆਪ ਤੋਂ ਆਪੇ।
ਐਸਾ ਰੱਬ ਜੀ, ਲਭਿਆਂ ਨਹੀਂ ਲਭਦਾ, ਗੁਰ ਕਿਰਪਾ ਤੇ ਜਾਪੇ।

# ਤਤਕਰਾ


| ਨੰ. | ਵਿਸ਼ਾ |
|---|---|
| ੧. | ਅਸਟਪਦੀ ੧ |
| ੨. | ਅਸਟਪਦੀ ੨ |
| ੩. | ਅਸਟਪਦੀ ੩ |
| ੪. | ਅਸਟਪਦੀ ੪ |
| ੫. | ਅਸਟਪਦੀ ੫ |
| ੬. | ਅਸਟਪਦੀ ੬ |
| ੭. | ਅਸਟਪਦੀ ੭ |
| ੮. | ਅਸਟਪਦੀ ੮ |
| ੯. | ਅਸਟਪਦੀ ੯ |
| ੧੦. | ਅਸਟਪਦੀ ੧੦ |
| ੧੧. | ਅਸਟਪਦੀ ੧੧ |
| ੧੨. | ਅਸਟਪਦੀ ੧੨ |
| ੧੩. | ਅਸਟਪਦੀ ੧੩ |
| ੧੪. | ਅਸਟਪਦੀ ੧੪ |
| ੧੫. | ਅਸਟਪਦੀ ੧੫ |
| ੧੬. | ਅਸਟਪਦੀ ੧੬ |
| ੧੭. | ਅਸਟਪਦੀ ੧੭ |
| ੧੮. | ਅਸਟਪਦੀ ੧੮ |
| ੧੯. | ਅਸਟਪਦੀ ੧੯ |
| ੨੦. | ਅਸਟਪਦੀ ੨੦ |
| ੨੧. | ਅਸਟਪਦੀ ੨੧ |
| ੨੨. | ਅਸਟਪਦੀ ੨੨ |
| ੨੩. | ਅਸਟਪਦੀ ੨੩ |
| ੨੪. | ਅਸਟਪਦੀ ੨੪ |

*ਗਉੜੀ ਸੁਖਮਨੀ ਮ: ੫॥ (ਪੰਨਾ ੨੬੨)*

*॥ ਸਲੋਕੁ ॥*

*ੴ ਸਤਿਗੁਰ ਪ੍ਰਸਾਦਿ ॥*

## *ਆਦਿ ਗੁਰਏ ਨਮਹ ॥*

ਜੋ ਆਦਿ (ਮੁੱਢ) ਵਿੱਚ ਸੀ (ਰਚਨਾ ਰਚਾਉਣ ਤੋਂ ਪਹਿਲਾਂ ਸੀ), ਪ੍ਰਭੂ ਜੀ, ਉਸ ਨੂੰ ਨਮਸਕਾਰ ਹੈ।

## *ਜੁਗਾਦਿ ਗੁਰਏ ਨਮਹ ॥*

ਜੋ ਜਗਤ ਰਚਨਾ ਕਰਨ ਸਮੇਂ ਸੀ, ਪ੍ਰਭੂ ਜੀ, ਉਸ ਨੂੰ ਨਮਸਕਾਰ ਹੈ।

## *ਸਤਿਗੁਰਏ ਨਮਹ ॥*

ਜੋ ਸਦਾ ਕਾਇਮ ਪ੍ਰਭੂ ਜੀ ਹੈ, ਉਸ ਨੂੰ ਨਮਸਕਾਰ ਹੈ।

## *ਸ੍ਰੀ ਗੁਰਦੇਵਏ ਨਮਹ ॥ ੧ ॥*

ਜੋ ਪ੍ਰਭੂ ਜੀ ਪ੍ਰਕਾਸ਼ ਰੂਪ ਹੈ, ਉਸ ਨੂੰ ਨਮਸਕਾਰ ਹੈ।

## *ਅਸਟਪਦੀ ॥*

## *ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ ॥*

## *ਕਲਿ ਕਲੇਸ ਤਨ ਮਾਹਿ ਮਿਟਾਵਉ ॥*

ਇਕ ਵਚਨ ਕ੍ਰਿਆ ਹੈ 'ਸਿਮਰਉ'- ਮੈਂ ਸਿਮਰਦਾ ਹਾਂ। ਹਜ਼ੂਰ ਆਪਣੇ ਪਰਥਾਏ ਦੱਸ ਰਹੇ ਨੇ ਕਿ ਸਿਮਰ ਸਿਮਰ ਕੇ ਸੁੱਖ ਪਾਉਂਦਾ ਹਾਂ। ਪ੍ਰਭੂ ਨੂੰ ਜਦੋਂ ਵੀ ਸਿਮਰਦਾ ਹਾਂ, ਮਨ ਸੁਖੀ ਹੁੰਦਾ ਹੈ।

ਕਲਹ ਤੇ ਕਲੇਸ਼ (ਝਗੜੇ ਤੇ ਉਨ੍ਹਾਂ ਤੋਂ ਉਤਪੰਨ ਹੋਣ ਵਾਲੇ ਦੁੱਖ) ਮੇਰੇ ਦੂਰ ਹੁੰਦੇ ਹਨ, ਉਸ ਮਾਲਕ ਨੂੰ ਸਿਮਰਨ ਕਰਕੇ। ਕਿਸ ਨੂੰ ਸਿਮਰਦਾ ਹਾਂ ?

## *ਸਿਮਰਉ ਜਾਸੁ ਬਿਸੁੰਭਰ ਏਕੈ ॥*

## *ਨਾਮੁ ਜਪਤ ਅਗਨਤ ਅਨੇਕੈ ॥*

ਉਸ ਇੱਕ ਵਿਸ਼ਵ ਦੇ ਮਾਲਕ ਨੂੰ ਸਿਮਰਦਾ ਹਾਂ, ਜੋ ਕੇਵਲ ਇੱਕ ਹੈ
ਤੇ ਜਿਸ ਦਾ ਨਾਮ ਅਨੇਕ ਲੋਕ (ਗਿਣਤੀ ਤੋਂ ਰਹਿਤ, ਬੇਅੰਤ ਜੀਵ) ਜਪਦੇ ਹਨ।

## *ਬੇਦ ਪੁਰਾਨ ਸਿੰਮ੍ਰਿਤਿ ਸੁਧਾਖ੍ਯਰ ॥*

## *ਕੀਨੇ ਰਾਮ ਨਾਮ ਇਕ ਆਖ੍ਯਰ ॥*

ਵੇਦਾਂ ਵਿੱਚ, ਪੁਰਾਨਾਂ ਵਿੱਚ, ਸਿੰਮ੍ਰਿਤੀਆਂ ਵਿੱਚ ਜੋ ਸ਼ੁੱਧ ਅੱਖਰ ਲਿਖੇ ਹੋਏ ਹਨ, ਜੋ ਪ੍ਰਭੂ ਨਾਮ ਦੀ ਭਜਨ ਬੰਦਗੀ ਦੀ ਪ੍ਰੇਰਣਾ ਦੇਂਦੇ ਹਨ,

ਉਹ ਸਾਰੇ ਹੀ ਰਾਮ ਨਾਮ ਤੋਂ ਹੀ ਉਤਪੰਨ ਹੋਏ ਹਨ, ਕਿਉਂਕਿ ਸਾਰਾ ਗਿਆਨ ਇੱਕ ਰਾਮ ਨਾਮ ਤੋਂ ਹੀ ਉਤਪੰਨ ਹੋਇਆ ਹੈ। ਪ੍ਰਭੂ ਤੋਂ ਬਗੈਰ ਕੋਈ ਵੀ ਗਿਆਨ ਸੰਸਾਰ ਵਿੱਚ ਹੋ ਹੀ ਨਹੀਂ ਸਕਦਾ। ਉਸ ਨੇ ਜਗਤ ਰਚਿਆ ਹੈ, ਜਗਤ ਨੂੰ ਗਿਆਨ ਬਖਸ਼ਿਆ ਹੈ। ਉਸ ਇੱਕ ਰਾਮ ਨਾਮ ਤੋਂ ਹੀ ਸਭ ਚੀਜ਼ਾਂ ਪ੍ਰਗਟ ਹੋਈਆਂ ਹਨ। ਉਹ ਰਾਮ ਨਾਮ ਕਿੰਨਾ ਸਮਰੱਥ ਹੈ ?

## *ਕਿਨਕਾ ਏਕੁ ਜਿਸੁ ਜੀਅ ਬਸਾਵੈ ॥*

## *ਤਾ ਕੀ ਮਹਿਮਾ ਗਨੀ ਨ ਆਵੈ ॥*

ਜੇ ਇੱਕ ਰੱਤੀ ਭਰ ਜਿੰਨਾ ਵੀ, ਰਾਮ ਦਾ ਨਾਮ ਕਿਸੇ ਜੀਵ ਦੇ ਮਨ ਵਿੱਚ ਮਾਲਕ ਵਸਾ ਦੇਵੇ,
ਤਾਂ ਉਸ ਦੀ ਇੱਡੀ ਵੱਡੀ ਸੋਭਾ ਹੋ ਜਾਂਦੀ ਹੈ, ਜਿਸਦੀ ਗਿਣਤੀ ਮਿਣਤੀ ਨਹੀਂ ਹੋ ਸਕਦੀ।

***ਕਾਂਖੀ ਏਕੈ ਦਰਸ ਤੁਹਾਰੋ ॥***

***ਨਾਨਕ ਉਨ ਸੰਗਿ ਮੋਹਿ ਉਧਾਰੋ ॥ ੧ ॥***

ਹਜ਼ੂਰ ਅਰਦਾਸਿ ਕਰਨ ਦਾ ਸਾਨੂੰ ਵੱਲ ਦਸਦੇ ਨੇ ਕਿ ਹੇ ਪ੍ਰਭੂ, ਜੋ ਤੇਰੇ ਦਰਸ਼ਨ ਦੀ ਮਨ ਵਿੱਚ ਰੀਝ ਰਖਦੇ ਨੇ (ਜਿਹੜੀਆਂ ਆਤਮਾਵਾਂ ਤੇਰੇ ਦਰਸ਼ਨ ਦੀ ਮਨ ਵਿੱਚ ਰੀਝ ਰਖਦੀਆਂ ਹਨ),

ਉਨ੍ਹਾਂ ਦੀ ਸੰਗਤਿ ਵਿੱਚ ਮੇਲ ਕੇ, ਮੈਨੂੰ ਵੀ ਮਾਇਆ ਤੋਂ ਪਾਰ ਪਾਉ।

***ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ ॥***

***ਭਗਤ ਜਨਾ ਕੈ ਮਨਿ ਬਿਸ੍ਰਾਮ ॥ ਰਹਾਉ ॥***

ਇਹ ਸੁੱਖਾਂ ਦੀ ਮਣੀ ਹੈ, ਪੂਰੇ ਸੁੱਖ ਬਖਸ਼ਦੀ ਹੈ। ਕੌਣ ਬਖਸ਼ਦਾ ਹੈ ਸਾਰੇ ਸੁੱਖ? ਅੰਮ੍ਰਿਤ ਪ੍ਰਭ ਨਾਮ-ਪ੍ਰਭੂ ਦਾ ਨਾ-ਨਾਸ਼ ਹੋਣ ਵਾਲਾ ਨਾਮ ਸੁੱਖਾਂ ਦੀ ਮਣੀ ਹੈ, ਸਾਰੇ ਸੁੱਖ ਦੇਣ ਦੇ ਯੋਗ ਹੈ। ਇਹ ਕਿੱਥੇ ਵਸਦਾ ਹੈ ?

ਹਜ਼ੂਰ ਕਹਿੰਦੇ ਨੇ ਕਿ ਭਗਤਾਂ ਦੇ ਮਨ ਵਿੱਚ ਇਸ ਦਾ ਵਿਸ੍ਰਾਮ ਹੁੰਦਾ ਹੈ, ਕਿਉਂਕਿ ਹੁਕਮ ਹੈ :-

**H ਪ੍ਰਭ ਜੀ ਬਸਹਿ ਸਾਧ ਕੀ ਰਸਨਾ ॥**
**ਨਾਨਕ ਜਨ ਕਾ ਦਾਸਨਿ ਦਸਨਾ ॥ (ਪੰਨਾ ੨੬੩)**

**H ਭਗਤ ਅਰਾਧਹਿ ਏਕ ਰੰਗਿ ਗੋਬਿੰਦ ਗੁਪਾਲ ॥ (ਪੰਨਾ ੮੧੬)**

ਜਿਹੜੇ ਉਸਦੇ ਭਗਤ ਨੇ, ਉਹ ਉਸ ਇੱਕ ਦੇ ਪਿਆਰ ਵਿੱਚ ਟਿਕ ਕੇ, ਉਸ ਸਿਰਜਣਹਾਰ ਤੇ ਪਾਲਣਹਾਰ ਦੀ ਅਰਾਧਨਾ ਵਿੱਚ ਰਹਿੰਦੇ ਨੇ।

ਇਹ ਪ੍ਰਭੂ ਦਾ ਨਾਮ, ਜੋ ਸੁੱਖਾਂ ਦੀ ਮਣੀ ਹੈ, ਜੋ ਸਾਰੇ ਸੁੱਖ ਦੇਣ ਵਾਲਾ ਦਾਤਾ ਹੈ, ਉਹ ਭਗਤਾਂ ਦੇ ਮਨ ਵਿੱਚ ਵਸਦਾ ਹੈ।

***ਪ੍ਰਭ ਕੈ ਸਿਮਰਨਿ ਗਰਭਿ ਨ ਬਸੈ ॥***

***ਪ੍ਰਭ ਕੈ ਸਿਮਰਨਿ ਦੂਖੁ ਜਮੁ ਨਸੈ ॥***

ਜੇ ਕੋਈ ਪ੍ਰਭੂ ਦਾ ਸਿਮਰਨ ਕਰੇ, ਤਾਂ ਉਸ ਦਾ ਆਵਾਗਵਣ ਖਤਮ ਹੋ ਜਾਂਦਾ ਹੈ, ਮੁੜ ਕੇ ਜਨਮ ਨਹੀਂ ਹੁੰਦਾ। 'ਸਿਮਰਨ', ਜੋ ਅੱਖਰ ਹੈ ਪੰਜਾਬੀ ਦਾ, ਇਸ ਦਾ ਆਧਾਰ (Root) ਸੰਸਕ੍ਰਿਤ ਦਾ ਅੱਖਰ 'ਸਮਰੰਗ' ਹੈ। 'ਸਮਰੰਗ' ਦਾ ਅਰਥ ਹੈ-ਪਿਆਰ ਨਾਲ ਯਾਦ ਕਰਨਾ। ਯਾਦ ਕਈ ਤਰਾਂ ਦੀ ਹੁੰਦੀ ਹੈ। ਜੋ ਪ੍ਰਭੂ ਦੀ ਪ੍ਰੀਤਿ ਆਪਣੇ ਮਨ ਵਿੱਚ ਰੱਖ ਕੇ ਉਸ ਨੂੰ ਯਾਦ ਕਰਦੇ ਨੇ, ਜਿਨ੍ਹਾਂ ਦੇ ਮਨ ਵਿੱਚ ਪ੍ਰਭੂ ਦੀ ਪ੍ਰੀਤਿ ਅੰਦਰੋਂ ਉਮੜਦੀ ਹੈ ਤੇ ਉਹ ਪ੍ਰਭੂ ਨੂੰ ਯਾਦ ਕਰਦੇ ਨੇ, ਉਨ੍ਹਾਂ ਦਾ ਆਵਾਗਵਣ ਕੱਟਿਆ ਜਾਂਦਾ ਹੈ।

ਪ੍ਰਭੂ ਨੂੰ ਪਿਆਰ ਨਾਲ ਯਾਦ ਕਰਨ ਵਾਲਿਆਂ ਦਾ ਜਮਾਂ ਨਾਲ ਵਾਹ ਨਹੀਂ ਪੈਂਦਾ ਤੇ ਉਨ੍ਹਾਂ ਦੇ ਦੁੱਖ ਨਾਸ਼ ਹੋ ਜਾਂਦੇ ਹਨ।

***ਪ੍ਰਭ ਕੈ ਸਿਮਰਨਿ ਕਾਲੁ ਪਰਹਰੈ ॥***

***ਪ੍ਰਭ ਕੈ ਸਿਮਰਨਿ ਦੁਸਮਨੁ ਟਰੈ ॥***

ਪ੍ਰਭੂ ਦਾ ਸਿਮਰਨ ਕਰਨ ਵਾਲਿਆਂ ਨੂੰ ਮੌਤ ਹੜਪ ਨਹੀਂ ਕਰ ਸਕਦੀ ਕਿਉਂਕਿ ਉਹ ਸਦਾ ਜੀਵਨ ਵਾਲੇ ਹੋ ਜਾਂਦੇ ਹਨ।

ਪ੍ਰਭੂ ਨੂੰ ਪਿਆਰ ਨਾਲ ਯਾਦ ਕਰਨ ਕਰਕੇ, ਦੁਸ਼ਮਨ ਜੋ ਹੁੰਦੇ ਹਨ, ਉਹ ਟਲ ਜਾਂਦੇ ਹਨ (ਉਹ ਉਸ ਜੀਵ ਦਾ ਨੁਕਸਾਨ ਨਹੀਂ ਕਰ ਸਕਦੇ)।

***ਪ੍ਰਭ ਸਿਮਰਤ ਕਛੁ ਬਿਘਨੁ ਨ ਲਾਗੈ ॥***

***ਪ੍ਰਭ ਕੈ ਸਿਮਰਨਿ ਅਨਦਿਨੁ ਜਾਗੈ ॥***

ਜੋ ਪ੍ਰਭੂ ਨੂੰ ਸਿਮਰਦੇ ਹਨ, ਉਨ੍ਹਾਂ ਨੂੰ ਕਿਸੇ ਕੰਮ ਵਿੱਚ ਵੀ ਵਿਘਨ ਨਹੀਂ ਪੈਂਦਾ, ਕੋਈ ਰੁਕਾਵਟ ਨਹੀਂ ਪੈਂਦੀ।

ਪ੍ਰਭੂ ਨੂੰ ਪਿਆਰ ਨਾਲ ਯਾਦ ਕਰਨ ਕਰਕੇ ਉਹ ਜੀਵ ਆਤਮਾਵਾਂ ਦਿਨ ਰਾਤ ਮਾਇਆ ਦੇ ਹੱਲਿਆਂ ਤੋਂ ਸੁਚੇਤ ਰਹਿੰਦੀਆਂ ਹਨ, ਉਹ ਮਾਇਆ ਦੇ ਮੋਹ ਦੀ ਨੀਂਦ ਵਿੱਚ ਨਹੀਂ ਸੌਂਦੀਆਂ, ਇਹ ਤਰਾਂ ਜਾਗਦੀਆਂ ਹਨ।

***ਪ੍ਰਭ ਕੈ ਸਿਮਰਨਿ ਭਉ ਨ ਬਿਆਪੈ ॥***

***ਪ੍ਰਭ ਕੈ ਸਿਮਰਨਿ ਦੁਖੁ ਨ ਸੰਤਾਪੈ ॥***

ਪ੍ਰਭੂ ਦਾ ਸਿਮਰਨ ਕਰਨ ਕਰਕੇ ਡਰ ਨਾਸ ਹੋ ਜਾਂਦਾ ਹੈ।

ਪ੍ਰਭੂ ਦਾ ਸਿਮਰਨ ਕਰਨ ਕਰ ਕੇ ਉਨ੍ਹਾਂ ਆਤਮਾਵਾਂ ਨੂੰ ਕੋਈ ਦੁੱਖ ਤੇ ਕੋਈ ਤਕਲੀਫ ਨਹੀਂ ਹੁੰਦੀ।

***ਪ੍ਰਭ ਕਾ ਸਿਮਰਨੁ ਸਾਧ ਕੈ ਸੰਗਿ ॥***

***ਸਰਬ ਨਿਧਾਨ ਨਾਨਕ ਹਰਿ ਰੰਗਿ ॥ ੨ ॥***

ਉਸ ਪ੍ਰਭੂ ਦਾ ਸਿਮਰਨ ਸਾਧੂ ਦੀ ਸੰਗਤਿ ਵਿੱਚ ਹੀ ਹੁੰਦਾ ਹੈ, ਵੈਸੇ ਹੋ ਨਹੀਂ ਸਕਦਾ।

ਹੇ ਨਾਨਕ, ਸਾਰੇ ਹੀ ਖਜਾਨੇ (ਭੰਡਾਰੇ) ਹਰੀ ਦੀ ਪ੍ਰੀਤਿ ਵਿੱਚ ਛੁਪੇ ਹੋਏ ਹਨ। ਜਿਸ ਨੂੰ ਵੀ ਹਰੀ ਨਾਲ ਪ੍ਰੀਤਿ (ਪਿਆਰ) ਹੋ ਜਾਵੇ, ਮਾਇਆ ਦਾ ਮੋਹ ਟੁੱਟ ਜਾਵੇ, ਉਸ ਨੂੰ ਸਾਰੇ ਭੰਡਾਰੇ ਪ੍ਰਾਪਤ ਹੋ ਜਾਂਦੇ ਹਨ।

***ਪ੍ਰਭ ਕੈ ਸਿਮਰਨਿ ਰਿਧਿ ਸਿਧਿ ਨਉ ਨਿਧਿ ॥***

***ਪ੍ਰਭ ਕੈ ਸਿਮਰਨਿ ਗਿਆਨੁ ਧਿਆਨੁ ਤਤੁ ਬੁਧਿ ॥***

ਪ੍ਰਭੂ ਦੇ ਸਿਮਰਨ ਦੁਆਰਾ ਹੀ ਰਿੱਧੀਆਂ (ਕੀਮਤੀ ਚੀਜ਼ਾਂ), ਸਿੱਧੀਆਂ (ਕਰਾਮਾਤਾਂ) ਤੇ ਨੌਂ ਭੰਡਾਰੇ (ਜੋ ਮਾਇਆ ਵਿੱਚ ਚੰਗੀਆਂ ਚੀਜ਼ਾਂ ਦੇ ਗਿਣੇ ਹੋਏ ਹਨ), ਉਹ ਸਾਰੇ ਪ੍ਰਾਪਤ ਹੁੰਦੇ ਹਨ(ਪ੍ਰਭੂ ਸਿਮਰਨ ਕਰਕੇ)।

ਪ੍ਰਭੂ ਦੇ ਸਿਮਰਨ ਦੁਆਰਾ ਤੱਤ ਗਿਆਨ, ਅਸਲੀਯਤ ਬੁੱਧਿ (ਸੱਚੀ ਬੁੱਧੀ) ਤੇ ਰੱਬ ਜੀ ਦਾ ਧਿਆਨ ਪ੍ਰਾਪਤ ਹੋ ਜਾਂਦਾ ਹੈ।

***ਪ੍ਰਭ ਕੈ ਸਿਮਰਨਿ ਜਪ ਤਪ ਪੂਜਾ ॥***

***ਪ੍ਰਭ ਕੈ ਸਿਮਰਨਿ ਬਿਨਸੈ ਦੂਜਾ ॥***

ਪ੍ਰਭ ਦੇ ਸਿਮਰਨ ਦੁਆਰਾ ਹੀ ਜਪ ਹੁੰਦਾ ਹੈ, ਤਪ ਹੁੰਦਾ ਹੈ, ਪੂਜਾ ਹੁੰਦੀ ਹੈ। ਗੁਰੂ ਪਾਤਸ਼ਾਹ ਹੋਰ ਕੋਈ ਜਪ, ਤਪ ਜਾਂ ਪੂਜਾ ਨੂੰ ਨਹੀਂ ਮੰਨਦੇ। ਪ੍ਰਭੂ ਦਾ ਸਿਮਰਨ ਕਰਨਾ ਹੀ ਰੱਬ ਜੀ ਨੂੰ ਜਪਨਾ ਹੈ, ਰੱਬ ਜੀ ਨੂੰ ਮਿਲਣ ਲਈ ਤਪ ਕਰਨਾ ਹੈ ਤੇ ਰੱਬ ਜੀ ਦੀ ਪੂਜਾ ਕਰਨੀ ਹੈ।

ਪ੍ਰਭੂ ਨਾਲ ਜੇ ਪ੍ਰੀਤਿ ਹੋ ਜਾਵੇ ਤਾਂ ਦੂਜੇ ਦਾ ਮੋਹ ਖਤਮ ਹੋ ਜਾਂਦਾ ਹੈ। ਇੱਕ ਰੱਬ ਜੀ ਹੈ ਤੇ ਦੂਜੀ ਉਸ ਦੀ ਕੀਤੀ ਹੋਈ ਸਾਰੀ ਰਚਨਾ ਹੈ। ਰਚਨਾ ਦਾ ਮੋਹ ਨਾਸ ਹੋ ਜਾਂਦਾ ਹੈ, ਜੇ ਕੋਈ ਪ੍ਰਭੂ ਦੇ ਸਿਮਰਨ ਵਿੱਚ ਟਿਕ ਜਾਵੇ।

***ਪ੍ਰਭ ਕੈ ਸਿਮਰਨਿ ਤੀਰਥ ਇਸਨਾਨੀ ॥***

***ਪ੍ਰਭ ਕੈ ਸਿਮਰਨਿ ਦਰਗਹ ਮਾਨੀ ॥***

ਗੁਰੂ ਪਾਤਸ਼ਾਹ ਹੋਰ ਕਿਸੇ ਤੀਰਥ ਇਸ਼ਨਾਨ ਨੂੰ ਨਹੀਂ ਮੰਨਦੇ। ਹਜ਼ੂਰ ਕਹਿੰਦੇ ਜਿਸ ਨੇ ਪ੍ਰਭੂ ਦਾ ਸਿਮਰਨ ਕਰ ਲਇਆ, ਉਹੀ ਤੀਰਥ ਇਸ਼ਨਾਨੀ ਹੈ, ਉਹਨੇ ਸਭ ਤੀਰਥਾਂ ਦਾ ਇਸ਼ਨਾਨ ਕਰ ਲਇਆ।

ਕੋਈ ਆਤਮਾ ਪ੍ਰਭੂ ਦਾ ਸਿਮਰਨ ਕਰੇ ਤਾਂ ਪ੍ਰਭੂ ਦੀ ਦਰਗਾਹ ਵਿੱਚ ਉਸ ਨੂੰ ਸਤਿਕਾਰ ਮਿਲਦਾ ਹੈ। ਹੋਰ ਕਿਸੇ ਢੰਗ ਨਾਲ ਨਹੀਂ ਮਿਲਦਾ।

***ਪ੍ਰਭ ਕੈ ਸਿਮਰਨਿ ਹੋਇ ਸੁ ਭਲਾ ॥***

***ਪ੍ਰਭ ਕੈ ਸਿਮਰਨਿ ਸੁਫਲ ਫਲਾ ॥***

ਜੋ ਵੀ ਹੁੰਦਾ ਹੈ, ਪ੍ਰਭੂ ਦਾ ਸਿਮਰਨ ਕਰਨ ਵਾਲੀ ਆਤਮਾ ਨੂੰ ਉਹੀ ਚੰਗਾ ਲਗਦਾ ਹੈ ਕਿਉਂਕਿ ਉਹ ਆਤਮਾ ਭਾਣੇ ਵਿੱਚ ਆ ਜਾਂਦੀ ਹੈ।

ਪ੍ਰਭੂ ਦਾ ਸਿਮਰਨ ਕਰਨ ਕਰਕੇ ਸਾਰੇ ਹੀ ਚੰਗੇ ਫਲਾਂ ਨਾਲ ਜੀਵ ਫਲ ਜਾਂਦਾ ਹੈ, ਆਤਮਿਕ ਗੁਣ ਉਸ ਆਤਮਾ ਪਾਸ ਆ ਜਾਂਦੇ ਹਨ।

## *ਸੇ ਸਿਮਰਹਿ ਜਿਨ ਆਪਿ ਸਿਮਰਾਏ ॥*
## *ਨਾਨਕ ਤਾ ਕੈ ਲਾਗਉ ਪਾਏ ॥ ੩ ॥*

ਇਹ ਜੀਵ ਆਪਣੀ ਮਰਜ਼ੀ ਨਾਲ ਪ੍ਰਭੂ ਦਾ ਸਿਮਰਨ ਨਹੀਂ ਕਰ ਸਕਦੇ। ਪ੍ਰਭੂ ਦੀ ਦਇਆ ਤੇ ਹੀ ਸਿਮਰਨ ਹੋ ਸਕਦਾ ਹੈ। ਜਿਨ੍ਹਾਂ ਤੇ ਪ੍ਰਭੂ ਮੇਹਰ (ਕਿਰਪਾ) ਕਰੇ, ਉਹੀ ਉਸ ਪ੍ਰਭੂ ਦੇ ਸਿਮਰਨ ਵਿੱਚ ਲਗਦੇ ਹਨ।

ਉਸ ਪ੍ਰਭੂ ਦੀ ਮੇਹਰ ਸਦਕਾ ਜੇ ਕੋਈ ਆਤਮਾ ਉਸ ਦੇ ਸਿਮਰਨ ਵਿੱਚ ਲਗ ਜਾਵੇ, ਹਜ਼ੂਰ ਗੁਰੂ ਨਾਨਕ ਪਾਤਸ਼ਾਹ ਕਹਿੰਦੇ ਨੇ ਕਿ ਹੇ ਨਾਨਕ, ਮੈਂ ਉਸ ਦੇ ਚਰਨੀ ਲਗਦਾ ਹਾਂ, ਜਿਸ ਨੂੰ ਮਾਲਕ ਨੇ ਮੇਹਰ ਕਰਕੇ ਆਪਣੇ ਸਿਮਰਨ ਵਿੱਚ ਟਿਕਾ ਲਇਆ ਹੈ।

## *ਪ੍ਰਭ ਕਾ ਸਿਮਰਨੁ ਸਭ ਤੇ ਊਚਾ ॥*
## *ਪ੍ਰਭ ਕੈ ਸਿਮਰਨਿ ਉਧਰੇ ਮੂਚਾ ॥*

ਸਭ ਤੋਂ ਉੱਤਮ ਕਰਮ, ਸਭ ਤੋਂ ਵੱਡਾ ਕਰਮ ਤੇ ਸਭ ਤੋਂ ਵੱਡੀ ਪ੍ਰਾਪਤੀ ਪ੍ਰਭੂ ਦਾ ਸਿਮਰਨ ਹੈ, ਜੇ ਕਿਸੇ ਜੀਵ ਨੂੰ ਪ੍ਰਾਪਤ ਹੋ ਜਾਵੇ।

ਨੀਵੇਂ ਲੋਕ ਵੀ ਤਰ ਜਾਂਦੇ ਹਨ, ਜੇ ਪ੍ਰਭੂ ਦੇ ਸਿਮਰਨ ਵਿੱਚ ਲੱਗ ਜਾਣ।

## *ਪ੍ਰਭ ਕੈ ਸਿਮਰਨਿ ਤ੍ਰਿਸਨਾ ਬੁਝੈ ॥*
## *ਪ੍ਰਭ ਕੈ ਸਿਮਰਨਿ ਸਭੁ ਕਿਛੁ ਸੁਝੈ ॥*

ਜੋ ਤ੍ਰਿਸ਼ਨਾ ਦੀ ਅਗਨੀ ਸਭ ਸੰਸਾਰ ਵਿੱਚ ਮਨਾਂ ਨੂੰ ਲੱਗੀ ਹੋਈ ਹੈ, ਪ੍ਰਭੂ ਦਾ ਸਿਮਰਨ ਕਰਨ ਕਰਕੇ ਉਹ ਤ੍ਰਿਸ਼ਨਾ ਹੀ ਬੁੱਝ ਜਾਂਦੀ ਹੈ।

ਪ੍ਰਭੂ ਦਾ ਸਿਮਰਨ ਕਰਨ ਕਰਕੇ ਜੀਵ ਨੂੰ ਸਾਰਾ ਗਿਆਨ ਪ੍ਰਾਪਤ ਹੋ ਜਾਂਦਾ ਹੈ।

## *ਪ੍ਰਭ ਕੈ ਸਿਮਰਨਿ ਨਾਹੀ ਜਮ ਤ੍ਰਾਸਾ ॥*
## *ਪ੍ਰਭ ਕੈ ਸਿਮਰਨਿ ਪੂਰਨ ਆਸਾ ॥*

ਪ੍ਰਭੂ ਦਾ ਸਿਮਰਨ ਕਰਨ ਵਾਲਿਆਂ ਨੂੰ ਜਮਾਂ ਦਾ ਡਰ (ਭੈ) ਨਹੀਂ ਰਹਿੰਦਾ ਕਿਉਂਕਿ ਪ੍ਰਭੂ ਦੀ ਪ੍ਰੀਤਿ ਵਿੱਚ ਟਿਕ ਕੇ ਉਨ੍ਹਾਂ ਦਾ ਆਵਾਗਵਣ ਕੱਟਿਆ ਜਾਂਦਾ ਹੈ ਤੇ ਜਮਾਂ ਨਾਲ ਵਾਹ ਹੀ ਨਹੀਂ ਪੈਂਦਾ।

ਪ੍ਰਭੂ ਦਾ ਸਿਮਰਨ ਕਰਨ ਕਰਕੇ ਜੀਵ ਦੀਆਂ ਸਭ ਆਸਾਂ ਪੂਰੀਆਂ ਹੁੰਦੀਆਂ ਹਨ।

## *ਪ੍ਰਭ ਕੈ ਸਿਮਰਨਿ ਮਨ ਕੀ ਮਲੁ ਜਾਇ ॥*
## *ਅੰਮ੍ਰਿਤ ਨਾਮੁ ਰਿਦ ਮਾਹਿ ਸਮਾਇ ॥*

ਪ੍ਰਭੂ ਨੂੰ ਪ੍ਰੀਤਿ (ਪਿਆਰ) ਨਾਲ ਯਾਦ ਕਰਨ ਕਰਕੇ, ਮਨ ਦੀ ਹਉਮੈ ਦੀ ਮੈਲ ਦੂਰ ਹੋ ਜਾਂਦੀ ਹੈ ਕਿਉਂਕਿ ਹਉਮੈ ਦੀ ਮੈਲ ਨੂੰ ਧੋਣ ਦਾ ਕੇਵਲ ਇੱਕੋ ਇੱਕ ਸਾਧਨ ਰੱਬ ਜੀ ਨਾਲ ਪਿਆਰ ਪਾ ਲੈਣਾ ਹੈ।

**H ਭਰੀਐ ਮਤਿ ਪਾਪਾ ਕੈ ਸੰਗਿ ॥**
**ਓਹੁ ਧੋਪੈ ਨਾਵੈ ਕੈ ਰੰਗਿ ॥ (ਪੰਨਾ ੪)**

ਜੇ ਕਿਸੇ ਦੀ ਮੱਤ ਪਾਪਾਂ ਨਾਲ ਭਰ ਜਾਵੇ, ਤਾਂ ਉਹ ਨਾਮ ਨਾਲ ਪ੍ਰੀਤਿ ਪਾ ਲਵੇ, ਤਾਂ ਮੈਲ ਧੁੱਪਦੀ ਹੈ। ਤੇ ਪ੍ਰੀਤਿ ਪਾਉਣ ਲਈ ਨਾਮ ਜਪਣਾ ਹੈ ਤੇ ਫਿਰ ਨਾਮ ਦੇ ਸਿਮਰਨ ਵਿੱਚ ਜਾਣਾ ਹੈ। ਇਹ ਸਿਮਰਨ ਕਰਨ ਨਾਲ (ਪਿਆਰ ਭਰੀ ਯਾਦ ਜਦੋਂ ਅੰਦਰ ਪ੍ਰਗਟ ਹੋ ਜਾਵੇ ਤਾਂ) ਮਨ ਦੀ ਹਉਮੈ ਦੀ ਮੈਲ ਖਤਮ ਹੋ ਜਾਂਦੀ ਹੈ।

ਜੀਵ ਆਤਮਾ ਜੇ ਪ੍ਰਭੂ ਦਾ ਸਿਮਰਨ ਕਰੇ ਤਾਂ ਹੀ ਅੰਮ੍ਰਿਤ (ਨਾ-ਨਾਸ਼ ਹੋਣ ਵਾਲਾ) ਨਾਮ ਉਸ ਦੇ ਹਿਰਦੇ ਵਿੱਚ ਸਮਾ ਜਾਂਦਾ ਹੈ ਤੇ ਅੰਦਰੋਂ ਪ੍ਰਗਟ ਹੋ ਜਾਂਦਾ ਹੈ।

## *ਪ੍ਰਭ ਜੀ ਬਸਹਿ ਸਾਧ ਕੀ ਰਸਨਾ ॥*
## *ਨਾਨਕ ਜਨ ਕਾ ਦਾਸਨਿ ਦਸਨਾ ॥ ੪ ॥*

ਐਸਾ ਰੱਬ ਜੀ ਸਾਧੂ ਦੀ ਰਸਨਾ ਤੇ ਵਸਦਾ ਹੈ।

ਹੇ ਨਾਨਕ, ਮੈਂ ਤਾਂ ਉਸ ਦੇ ਦਾਸਾਂ ਦਾ ਦਾਸ ਹਾਂ, ਜਿਸ ਦੀ ਰਸਨਾ ਤੇ ਰੱਬ ਜੀ ਦਾ ਨਾਮ ਹਮੇਸ਼ਾ ਵਸਦਾ ਹੈ।

***ਪ੍ਰਭ ਕਉ ਸਿਮਰਹਿ ਸੇ ਧਨਵੰਤੇ ॥***

***ਪ੍ਰਭ ਕਉ ਸਿਮਰਹਿ ਸੇ ਪਤਿਵੰਤੇ ॥***

ਉਹੀ ਅਮੀਰ ਹਨ, ਜੋ ਪ੍ਰਭੂ ਦਾ ਸਿਮਰਨ ਕਰਦੇ ਹਨ, ਪ੍ਰਭੂ ਨੂੰ ਪਿਆਰ ਨਾਲ ਯਾਦ ਕਰਦੇ ਹਨ ਤੇ ਉਸ ਦੇ ਪਿਆਰ ਵਿੱਚ ਟਿਕਦੇ ਹਨ।

ਉਹੀ ਇੱਜ਼ਤਦਾਰ ਹਨ, ਜੋ ਪ੍ਰਭੂ ਦਾ ਸਿਮਰਨ ਕਰਦੇ ਹਨ।

***ਪ੍ਰਭ ਕਉ ਸਿਮਰਹਿ ਸੇ ਜਨ ਪਰਵਾਨ ॥***

***ਪ੍ਰਭ ਕਉ ਸਿਮਰਹਿ ਸੇ ਪੁਰਖ ਪ੍ਰਧਾਨ ॥***

ਜੋ ਪ੍ਰਭੂ ਨੂੰ ਸਿਮਰਦੇ ਹਨ, ਉਹੀ ਪ੍ਰਭੂ ਦੇ ਦਾਸ ਉਸ ਦੀ ਦਰਗਾਹ ਵਿੱਚ ਪ੍ਰਵਾਨ ਹੁੰਦੇ ਹਨ।

ਜੋ ਪ੍ਰਭੂ ਨੂੰ ਸਿਮਰਦੇ ਹਨ, ਉਹੀ ਸਮਰੱਥ ਤੇ ਆਗੂ (ਵੱਡੇ ਵਿਅਕਤੀ) ਹਨ। ਹੋਰ ਕਿਸੇ ਨੂੰ ਗੁਰੂ ਮਹਾਰਾਜ ਵੱਡਾ ਵਿਅਕਤੀ ਨਹੀ ਮੰਨਦੇ। ਪ੍ਰਭੂ ਦਾ ਸਿਮਰਨ ਕਰਨ ਵਾਲਾ ਹੀ ਸਭ ਤੋਂ ਉੱਤਮ ਤੇ ਸਭ ਤੋਂ ਵੱਡਾ ਹੈ।

***ਪ੍ਰਭ ਕਉ ਸਿਮਰਹਿ ਸਿ ਬੇਮੁਹਤਾਜੇ ॥***

***ਪ੍ਰਭ ਕਉ ਸਿਮਰਹਿ ਸੇ ਸਰਬ ਕੇ ਰਾਜੇ ॥***

ਜੋ ਪ੍ਰਭੂ ਜੀ ਨੂੰ ਸਿਮਰਦੇ ਹਨ, ਉਨ੍ਹਾਂ ਨੂੰ ਕਿਸੇ ਦੀ ਅਧੀਨਗੀ ਨਹੀਂ ਰਹਿੰਦੀ। ਜੋ ਪ੍ਰਭੂ ਨੂੰ ਸਿਮਰਦੇ ਹਨ, ਉਹ ਤਾਂ ਸਭ ਸੰਸਾਰ ਦੇ ਰਾਜੇ ਹੁੰਦੇ ਹਨ। ਉਹ ਕਿਸੇ ਦੀ ਅਧੀਨਗੀ ਵਿੱਚ ਨਹੀਂ ਹੁੰਦੇ। ਉਹ ਰੱਬ ਜੀ ਦੇ ਸੇਵਕ ਬਣ ਜਾਂਦੇ ਹਨ। ਹੋਰ ਕਿਸੇ ਦੀ ਉਨ੍ਹਾਂ ਨੂੰ ਪ੍ਰਵਾਹ ਨਹੀਂ ਹੁੰਦੀ।

***ਪ੍ਰਭ ਕਉ ਸਿਮਰਹਿ ਸੇ ਸੁਖਵਾਸੀ ॥***

***ਪ੍ਰਭ ਕਉ ਸਿਮਰਹਿ ਸਦਾ ਅਬਿਨਾਸੀ ॥***

ਜੋ ਪ੍ਰਭੂ ਜੀ ਨੂੰ ਸਿਮਰਦੇ ਹਨ, ਉਹੀ ਸੁਖੀ ਵਸਦੇ ਹਨ। ਹੋਰ ਸੰਸਾਰ ਤੇ ਕੋਈ ਸੁਖੀ ਹੋ ਹੀ ਨਹੀਂ ਸਕਦਾ, ਕਿਉਂਕਿ ਹੁਕਮ ਹੈ :-

**H ਸਗਲ ਸ੍ਰਿਸਟਿ ਕੋ ਰਾਜਾ ਦੁਖੀਆ ॥**
**ਹਰਿ ਕਾ ਨਾਮੁ ਜਪਤ ਹੋਇ ਸੁਖੀਆ ॥ (ਪੰਨਾ ੨੬੪)**

ਨਾਮ ਜਪ ਕੇ ਜੀਵ ਸੁਖੀ ਹੁੰਦਾ ਹੈ, ਸਿਮਰਨ ਕਰ ਕੇ ਹੀ ਸੁਖੀ ਹੁੰਦਾ ਹੈ।

ਜੋ ਆਤਮਾ ਪ੍ਰਭੂ ਨੂੰ ਸਿਮਰਦੀ ਹੈ, ਉਹ ਹਮੇਸ਼ਾ ਹਮੇਸ਼ਾ ਲਈ ਨਾਸ਼ ਹੋਣ ਤੋਂ ਰਹਿਤ ਹੋ ਜਾਂਦੀ ਹੈ, ਕਦੇ ਵੀ ਨਾਸ਼ ਨਹੀਂ ਹੁੰਦੀ, ਕਿਉਂਕਿ ਹਜ਼ੂਰ ਦਾ ਹੁਕਮ ਹੈ :-

**H ਨਾਮੁ ਰਹਿਓ ਸਾਧੂ ਰਹਿਓ ਰਹਿਓ ਗੁਰੁ ਗੋਬਿੰਦੁ ॥(ਪੰਨਾ ੧੪੨੯)**

ਸਿਰਜਣਹਾਰ ਪ੍ਰਭੂ, ਉਸ ਦਾ ਨਾਮ (ਸ਼ਬਦ, ਗਿਆਨ) ਤੇ ਉਸ ਦੀ ਬਖਸ਼ੀ ਹੋਈ ਆਤਮਾ (ਉਸ ਦਾ ਸਾਧੂ) ਹਮੇਸ਼ਾ ਕਾਇਮ ਰਹਿੰਦੇ ਹਨ, ਇਹ ਕਦੇ ਨਸ਼ਟ ਨਹੀਂ ਹੁੰਦੇ। ਸੋ ਪ੍ਰਭੂ ਨੂੰ ਜੋ ਆਤਮਾ ਸਿਮਰਦੀ ਹੈ, ਉਹ ਸਦਾ ਲਈ ਨਾਸ਼ ਰਹਿਤ ਹੋ ਜਾਂਦੀ ਹੈ (Imperishable ਬਣ ਜਾਂਦੀ ਹੈ)।

***ਸਿਮਰਨ ਤੇ ਲਾਗੇ ਜਿਨ ਆਪਿ ਦਇਆਲਾ ॥***

***ਨਾਨਕ ਜਨ ਕੀ ਮੰਗੈ ਰਵਾਲਾ ॥ ੫ ॥***

ਇਹ ਜੀਵ ਦੀ ਮਰਜ਼ੀ ਨਹੀਂ ਚਲਦੀ। ਮਾਲਕ ਪ੍ਰਭੂ ਜਿਨ੍ਹਾਂ ਤੇ ਦਇਆ ਕਰੇ, ਉਹ ਆਤਮਾਵਾਂ ਸਿਮਰਨ ਵਿੱਚ ਲਗਦੀਆਂ ਹਨ।

ਹੇ ਨਾਨਕ, ਐਸੇ ਰੱਬ ਜੀ ਦੇ ਦਾਸ ਦੀ ਅਸੀਂ ਚਰਨ ਧੂੜ ਮੰਗਦੇ ਹਨ, ਜਿਨ੍ਹਾਂ ਨੂੰ ਮਾਲਕ ਨੇ ਮੇਹਰ ਕਰਕੇ ਆਪਣੇ ਸਿਮਰਨ ਵਿੱਚ ਟਿਕਾ ਲਿਆ ਹੈ।

## *ਪ੍ਰਭ ਕਉ ਸਿਮਰਹਿ ਸੇ ਪਰਉਪਕਾਰੀ ॥*
## *ਪ੍ਰਭ ਕਉ ਸਿਮਰਹਿ ਤਿਨ ਸਦ ਬਲਿਹਾਰੀ ॥*

ਜੋ ਵੀ ਪ੍ਰਭੂ ਨੂੰ ਸਿਮਰਦੇ ਹਨ, ਉਹ ਸਭ ਦਾ ਭਲਾ ਕਰਦੇ ਹਨ।

ਗੁਰੂ ਪਾਤਸ਼ਾਹ ਕਹਿੰਦੇ ਹਨ ਕਿ ਜੋ ਪ੍ਰਭੂ ਨੂੰ ਸਿਮਰਦੇ ਹਨ, ਮੈਂ ਉਨ੍ਹਾਂ ਤੋਂ ਸਦਾ ਬਲਿਹਾਰ ਜਾਂਦਾ ਹਾਂ।

## *ਪ੍ਰਭ ਕਉ ਸਿਮਰਹਿ ਸੇ ਮੁਖ ਸੁਹਾਵੇ ॥*
## *ਪ੍ਰਭ ਕਉ ਸਿਮਰਹਿ ਤਿਨ ਸੂਖਿ ਬਿਹਾਵੈ ॥*

ਗੁਰੂ ਪਾਤਸ਼ਾਹ ਦੀ ਨਿਗਾਹ ਵਿੱਚ ਸੁੰਦਰ ਮੁਖ ਉਹੀ ਹਨ, ਜੋ ਪ੍ਰਭੂ ਨੂੰ ਸਿਮਰਦੇ ਹਨ। ਹੋਰ ਕੋਈ ਉਨ੍ਹਾਂ ਨੂੰ ਪਸੰਦ ਨਹੀ (ਚੰਗਾ ਨਹੀਂ ਲਗਦਾ)।

ਜੋ ਪ੍ਰਭੂ ਨੂੰ ਸਿਮਰਦੇ ਹਨ, ਉਹ ਜੀਵ ਸੁਖੀ ਹੋ ਜਾਂਦੇ ਹਨ।

## *ਪ੍ਰਭ ਕਉ ਸਿਮਰਹਿ ਤਿਨ ਆਤਮੁ ਜੀਤਾ ॥*
## *ਪ੍ਰਭ ਕਉ ਸਿਮਰਹਿ ਤਿਨ ਨਿਰਮਲ ਰੀਤਾ ॥*

ਜੋ ਪ੍ਰਭੂ ਨੂੰ ਸਿਮਰਦੇ ਹਨ, ਉਹ ਆਪਣੇ ਮਨ ਨੂੰ ਜਿੱਤ ਲੈਂਦੇ ਹਨ, ਤੇ ਜੇ ਕੋਈ ਆਪਣੇ ਮਨ ਨੂੰ ਜਿੱਤ ਲਵੇ ਤਾਂ ਹੁਕਮ ਹੈ :-

**H ਮਨਿ ਜੀਤੈ ਜਗੁ ਜੀਤੁ ॥ (ਪੰਨਾ ੬)**

ਜੋ ਮਨ ਨੂੰ ਜਿੱਤ ਲੈਂਦਾ ਹੈ, ਉਹ ਸਭ ਸੰਸਾਰ ਦਾ ਰਾਜਾ ਬਣ ਜਾਂਦਾ ਹੈ। ਜੋ ਪ੍ਰਭੂ ਨੂੰ ਸਿਮਰਦੇ ਹਨ, ਉਹੀ ਮਨ ਨੂੰ ਜਿੱਤਦੇ ਹਨ ਤੇ ਸਭ ਸੰਸਾਰ ਤੋਂ ਵੱਡੇ ਹੋ ਜਾਂਦੇ ਹਨ।

ਜੋ ਪ੍ਰਭੂ ਨੂੰ ਸਿਮਰਦੇ ਹਨ, ਉਨ੍ਹਾਂ ਦੀ ਰੀਤ (ਰਹਿਣੀ) ਨਿਰਮਲ (ਹਉਮੈ ਦੀ ਮੈਲ ਤੋਂ ਰਹਿਤ) ਹੋ ਜਾਂਦੀ ਹੈ। ਨਿਰਲੇਪ ਕਰਮ (unattached action) ਉਹੀ ਕਰਦੇ ਹਨ, ਜੋ ਪ੍ਰਭੂ ਨੂੰ ਸਿਮਰਦੇ ਹਨ। ਉਹ ਮਾਇਆ ਤੋਂ ਨਿਰਲੇਪ ਹੋ ਜਾਂਦੇ ਹਨ।

## *ਪ੍ਰਭ ਕਉ ਸਿਮਰਹਿ ਤਿਨ ਅਨਦ ਘਨੇਰੇ ॥*
## *ਪ੍ਰਭ ਕਉ ਸਿਮਰਹਿ ਬਸਹਿ ਹਰਿ ਨੇਰੇ ॥*

ਜੋ ਪ੍ਰਭੂ ਨੂੰ ਸਿਮਰਦੇ ਹਨ, ਉਨ੍ਹਾਂ ਨੂੰ ਬਹੁਤ ਆਨੰਦ ਮਿਲਦਾ ਹੈ (ਪ੍ਰਭੂ ਨੂੰ ਸਿਮਰਨ ਕਰਕੇ)।

ਜੋ ਪ੍ਰਭੂ ਨੂੰ ਸਿਮਰਦੇ ਹਨ, ਰੱਬ ਜੀ ਉਨ੍ਹਾਂ ਦੇ ਅੰਗ ਸੰਗ ਪ੍ਰਗਟ ਹੋ ਕੇ ਵਸਦੇ ਹਨ।

## *ਸੰਤ ਕ੍ਰਿਪਾ ਤੇ ਅਨਦਿਨੁ ਜਾਗਿ ॥*
## *ਨਾਨਕ ਸਿਮਰਨੁ ਪੂਰੈ ਭਾਗਿ ॥ ੬ ॥*

ਹੇ ਮਨਾਂ, ਸੰਤ ਦੀ ਕ੍ਰਿਪਾ ਤੇ ਹੀ ਦਿਨ ਰਾਤ ਤੇਰੀ ਲਿਵ ਪ੍ਰਭੂ ਵਿੱਚ ਲੱਗੇਗੀ ਤੇ ਮਾਇਆ ਦੇ ਮੋਹ ਦੀ ਨੀਂਦ ਵਿੱਚੋਂ ਸੁੱਤਾ ਤੂੰ ਜਾਗੇਂਗਾ। ਹੋਰ ਕੋਈ ਢੰਗ ਤਰੀਕਾ ਨਹੀਂ ਹੈ। ਇਸ ਲਈ ਤੂੰ ਉਸ ਸੰਗਤਿ ਵਿੱਚ ਰਹੋ।

ਹੇ ਨਾਨਕ ! ਇਹ ਸਿਮਰਨ ਦੀ ਜੋ ਦਾਤ ਹੈ, ਪੂਰਿਆਂ ਭਾਗਾਂ ਨਾਲ, ਪ੍ਰਭੂ ਵੱਲੋਂ ਜੀਵਾਂ ਨੂੰ ਪ੍ਰਾਪਤ ਹੁੰਦੀ ਹੈ।

## *ਪ੍ਰਭ ਕੈ ਸਿਮਰਨਿ ਕਾਰਜ ਪੂਰੇ ॥*
## *ਪ੍ਰਭ ਕੈ ਸਿਮਰਨਿ ਕਬਹੁ ਨ ਝੂਰੇ ॥*

ਜੋ ਪ੍ਰਭੂ ਨੂੰ ਸਿਮਰਦੇ ਹਨ, ਉਨ੍ਹਾਂ ਦੇ ਸਾਰੇ ਕਾਰਜ ਪੂਰੇ ਹੁੰਦੇ ਹਨ (ਰਾਸ ਆ ਜਾਂਦੇ ਹਨ)।

ਜੋ ਪ੍ਰਭੂ ਦਾ ਸਿਮਰਨ ਕਰਦੇ ਹਨ, ਉਨ੍ਹਾਂ ਨੂੰ ਕਦੀ ਝੋਰਾ (ਪਛੋਤਾਵਾ) ਨਹੀਂ ਲਗਦਾ।

## *ਪ੍ਰਭ ਕੈ ਸਿਮਰਨਿ ਹਰਿ ਗੁਨ ਬਾਨੀ ॥*
## *ਪ੍ਰਭ ਕੈ ਸਿਮਰਨਿ ਸਹਜਿ ਸਮਾਨੀ ॥*

ਪ੍ਰਭੂ ਦਾ ਸਿਮਰਨ ਕਰਨ ਵਾਲੇ ਹਰੀ ਦੀ ਸਿਫਤਿ ਸਲਾਹ ਵਿੱਚ ਟਿਕ ਜਾਂਦੇ ਹਨ ਤੇ ਬਾਣੀ ਉਨ੍ਹਾਂ ਨੂੰ ਪ੍ਰਾਪਤ ਹੁੰਦੀ ਹੈ।

ਪ੍ਰਭੂ ਦੇ ਸਿਮਰਨ ਦੁਆਰਾ ਹੀ ਆਤਮਾ ਸਹਿਜ ਅਵਸਥਾ ਵਿੱਚ ਸਮਾਉਂਦੀ ਹੈ, ਜੋ Equilibrium of mind ਹੈ, ਜੋ Balance of mind ਹੈ, ਜੋ ਸਹਿਜ ਸੁਭਾਅ ਹੀ ਚੀਜ਼ਾ ਉਨ੍ਹਾਂ ਨੂੰ ਚੰਗੀਆਂ ਲੱਗਣ ਲੱਗ ਜਾਂਦੀਆਂ ਹਨ (ਜੋ ਵੀ ਪ੍ਰਭੂ ਕਰਦਾ ਹੈ)। ਇਸ ਅਵਸਥਾ ਵਿੱਚ ਆਤਮਾ ਚਲੀ ਜਾਂਦੀ ਹੈ।

***ਪ੍ਰਭ ਕੈ ਸਿਮਰਨਿ ਨਿਹਚਲ ਆਸਨੁ ॥***

***ਪ੍ਰਭ ਕੈ ਸਿਮਰਨਿ ਕਮਲ ਬਿਗਾਸਨੁ ॥***

ਪ੍ਰਭੂ ਦਾ ਸਿਮਰਨ ਕਰਨ ਵਾਲੀ ਆਤਮਾ ਨੂੰ ਅਹਿੱਲ ਟਿਕਾਣਾ (ਜਿਹੜਾ ਕਦੀ ਨਾਸ਼ ਨਹੀਂ ਹੁੰਦਾ, ਜਿਹੜਾ ਕਦੀ ਹਿਲਦਾ ਨਹੀਂ) ਮਿਲ ਜਾਂਦਾ ਹੈ (ਐਸੀ ਅਵਸਥਾ ਵਿੱਚ ਮਨ ਚਲਿਆ ਜਾਂਦਾ ਹੈ, ਪ੍ਰਭੂ ਦੀ ਲਿਵ ਵਿੱਚ ਹੀ ਜੁੜ ਜਾਂਦਾ ਹੈ)

ਪ੍ਰਭੂ ਦੇ ਸਿਮਰਨ ਦੁਆਰਾ ਹਿਰਦਾ ਕਮਲ ਫੁਲ ਜੋ ਹੈ, ਉਹ ਖਿੜ ਪੈਂਦਾ ਹੈ (ਜਿਹੜਾ ਹੁਣ ਮੁਰਝਾਇਆ ਰਹਿੰਦਾ ਹੈ, ਮਾਇਆ ਦੇ ਮੋਹ ਕਾਰਣ, ਉਹ ਖਿੜਾਵ ਵਿੱਚ ਚਲਿਆ ਜਾਂਦਾ ਹੈ)।

***ਪ੍ਰਭ ਕੈ ਸਿਮਰਨਿ ਅਨਹਦ ਝੁਨਕਾਰ ॥***

***ਸੁਖੁ ਪ੍ਰਭ ਸਿਮਰਨ ਕਾ ਅੰਤੁ ਨ ਪਾਰ ॥***

ਅਨੇਕਾਂ ਤਰਾਂ ਦੀਆਂ ਝੁਨਕਾਰ (ਆਵਾਜ਼ਾਂ) ਉਨ੍ਹਾਂ ਨੂੰ ਪ੍ਰਾਪਤ ਹੁੰਦੀਆ ਹਨ (ਉਹ ਸੁਣਦੇ ਹਨ), ਜੋ ਪ੍ਰਭੂ ਦਾ ਸਿਮਰਨ ਕਰਦੇ ਹਨ। ਕਿਉਂਕਿ ਇਸ ਰਚਨਾ ਵਿੱਚ ਬੇਅੰਤ ਆਵਾਜ਼ਾਂ ਹੋ ਰਹੀਆਂ ਹਨ, ਜਿਹੜੀਆਂ ਸਾਨੂੰ ਆਮ ਤੌਰ ਤੇ ਨਹੀਂ ਸੁਣਦੀਆਂ। ਇਕ ਸਰੀਰ ਹੀ ਕਿੰਨੀਆਂ ਆਵਾਜ਼ਾਂ ਕਰ ਰਹਿਆ ਹੈ, ਇਹ ਸਾਨੂੰ ਸੁਣਦੀਆਂ ਨਹੀਂ। ਪ੍ਰਭੂ ਦਾ ਸਿਮਰਨ ਕਰਨ ਵਾਲਿਆਂ ਨੂੰ ਉਹ ਝੁਨਕਾਰ, ਜਿਸਦਾ ਕੋਈ ਹੱਦ ਬੰਨਾ ਨਹੀਂ, ਜਿਸਦਾ ਕੋਈ ਆਦਿ ਨਹੀਂ, ਜਿਸਦਾ ਕੋਈ ਅੰਤ ਨਹੀਂ, ਐਸਾ ਸ਼ਬਦ (ਗਿਆਨ) ਪ੍ਰਗਟ ਹੋ ਜਾਂਦਾ ਹੈ।

ਪ੍ਰਭੂ ਦੇ ਸਿਮਰਨ ਵਿੱਚ ਕਿੰਨਾ ਸੁੱਖ ਹੈ ? ਹਜ਼ੂਰ ਕਹਿੰਦੇ ਨੇ ਕਿ ਉਸ ਸੁੱਖ ਦਾ ਨਾ ਕੋਈ ਅੰਤ ਹੈ, ਨਾ ਕੋਈ ਪਾਰਾਵਾਰ ਹੈ। ਪ੍ਰਭੂ ਦਾ ਸਿਮਰਨ ਕਰਨ ਵਾਲੀ ਆਤਮਾ ਨੂੰ ਬੇਅੰਤ ਸੁੱਖ ਪ੍ਰਾਪਤ ਹੁੰਦੇ ਹਨ।

***ਸਿਮਰਹਿ ਸੇ ਜਨ ਜਿਨ ਕਉ ਪ੍ਰਭ ਮਇਆ ॥***

***ਨਾਨਕ ਤਿਨ ਜਨ ਸਰਨੀ ਪਇਆ ॥ ੭ ॥***

ਪਰ ਸਿਮਰਨ ਵਿੱਚ ਉਹੀ ਲਗਦੇ ਹਨ, ਜਿਨ੍ਹਾਂ ਤੇ ਪ੍ਰਭੂ ਦੀ ਮੇਹਰ ਹੋਵੇ। ਆਪਣੇ ਯਤਨ ਸਦਕਾ ਕੋਈ ਜੀਵ ਸਿਮਰਨ ਵਿੱਚ ਨਹੀਂ ਲੱਗ ਸਕਦਾ। ਪ੍ਰਭੂ ਦੀ ਦਇਆ ਦੀ ਭਾਗੀ ਜੋ ਆਤਮਾ ਹੋਵੇ, ਉਹੀ ਸਿਮਰਨ ਵਿੱਚ ਲਗਦੀ ਹੈ।

ਹਜ਼ੂਰ ਕਹਿੰਦੇ ਨੇ ਕਿ ਹੇ ਨਾਨਕ, ਐਸੇ ਸੇਵਕਾਂ (ਜੋ ਆਤਮਾਵਾਂ ਪ੍ਰਭੂ ਸਿਮਰਨ ਵਿੱਚ ਜੁੜ ਗਈਆਂ) ਦੀ ਸ਼ਰਨ ਮੰਗਣੀ ਚਾਹੀਦੀ ਹੈ, ਉਨ੍ਹਾਂ ਦੀ ਸ਼ਰਨ ਪੈਣਾ ਚਾਹੀਦਾ ਹੈ।

***ਹਰਿ ਸਿਮਰਨੁ ਕਰਿ ਭਗਤ ਪ੍ਰਗਟਾਏ ॥***

***ਹਰਿ ਸਿਮਰਨਿ ਲਗਿ ਬੇਦ ਉਪਾਏ ॥***

ਸੰਸਾਰ ਵਿੱਚ ਜੋ ਵੀ ਭਗਤ (ਸੰਤ) ਹੋਏ ਹਨ, ਉਹ ਹਰੀ ਦੇ ਸਿਮਰਨ ਕਰਕੇ ਹੀ ਹੋਏ ਹਨ। ਬਿਨਾਂ ਹਰੀ ਦੇ ਸਿਮਰਨ ਦੇ, ਕੋਈ ਭਗਤ ਨਹੀਂ ਬਣ ਸਕਦਾ ਕਿਉਂਕਿ ਭਗਤ ਉਹ ਹੈ, ਜੋ ਰੱਬ ਜੀ ਦੀ ਭਗਤੀ ਕਰਦਾ ਹੈ, ਤੇ ਰੱਬ ਜੀ ਦੀ ਭਗਤੀ ਹੈ ਰੱਬ ਜੀ ਨਾਲ ਪਿਆਰ ਪਾ ਲੈਣਾ, ਤੇ ਸਿਮਰਨ ਦਾ ਅਰਥ ਹੀ ਇਹ ਹੈ-ਪਿਆਰ ਨਾਲ ਯਾਦ ਕਰਨਾ। ਸੋ ਬਿਨਾਂ ਸਿਮਰਨ ਦੇ ਕੋਈ ਜੀਵ ਭਗਤ ਨਹੀਂ ਬਣ ਸਕਦਾ। ਜੋ ਭਗਤ ਬਣੇ ਹਨ, ਉਹ ਸਿਮਰਨ ਕਰਕੇ ਹੀ ਭਗਤ ਹੋਏ ਹਨ।

ਜਿਨ੍ਹਾਂ ਨੇ ਧਾਰਮਿਕ ਗਿਆਨ ਦੀਆਂ ਬਹੁਤ ਗੱਲਾਂ ਲਿਖੀਆਂ ਹਨ ਤੇ ਗਿਆਨ ਵੇਦਾਂ ਵਿੱਚ ਦਰਜ ਕੀਤਾ ਹੈ, ਉਨ੍ਹਾਂ ਨੇ ਹਰੀ ਸਿਮਰਨ ਕੀਤਾ ਹੈ ਤੇ ਉੱਥੋਂ ਤੱਕ ਸੋਝੀ ਉਨ੍ਹਾਂ ਨੂੰ ਆਈ ਹੈ। ਜਿੱਥੋਂ ਤਕ ਉਨ੍ਹਾਂ ਨੂੰ ਸੂਝ ਆਈ ਹੈ, ਉੱਥੋਂ ਤਕ ਉਨ੍ਹਾਂ ਨੇ ਵਰਣਨ ਕਰ ਦਿੱਤਾ ਹੈ। ਕਿਉਂਕਿ ਪ੍ਰਭੂ ਬੇਅੰਤ ਹੈ, ਉਸ ਨੂੰ ਪੂਰਾ ਵਰਣਨ ਤਾਂ ਕੋਈ ਕਰ ਹੀ ਨਹੀਂ ਸਕਦਾ। ਪਰ ਉਸ ਪ੍ਰਭੂ ਨੂੰ ਵਰਣਨ ਉਨ੍ਹਾਂ ਨੇ ਕੀਤਾ ਹੈ, ਜਿਨ੍ਹਾਂ ਨੇ ਸਿਮਰਨ ਕੀਤਾ ਹੈ।

***ਹਰਿ ਸਿਮਰਨਿ ਭਏ ਸਿਧ ਜਤੀ ਦਾਤੇ ॥***

***ਹਰਿ ਸਿਮਰਨਿ ਨੀਚ ਚਹੁ ਕੁੰਟ ਜਾਤੇ ॥***

ਹਰੀ ਸਿਮਰਨ ਕਰਕੇ ਹੀ ਜੀਵ ਸਿੱਧ ਬਣੇ (ਸਿੱਧੀਆਂ ਪ੍ਰਾਪਤ ਹੋਈਆਂ), ਜਤੀ (ਆਚਾਰਵੰਤ) ਬਣੇ, ਦਾਤੇ ਬਣੇ (ਲੋਕਾਂ ਨੂੰ ਦਾਤਾਂ ਦੇਣ ਯੋਗ ਹੋਏ)। ਉਹ ਪ੍ਰਭੂ ਦੇ ਸਿਮਰਨ ਕਰਕੇ ਹੀ ਹੋਏ ਹਨ।

ਜੇ ਕੋਈ ਨੀਚ ਤੋਂ ਨੀਚ ਆਤਮਾ ਵੀ ਹੋਵੇ, ਜੇ ਉਹ ਪ੍ਰਭੂ ਦਾ ਸਿਮਰਨ ਕਰੇ ਤਾਂ ਉਹ ਵੀ ਚੌਹਾਂ ਦਿਸ਼ਾਵਾਂ ਵਿੱਚ ਜਾਣੀ ਜਾਂਦੀ ਹੈ ਕਿਉਂਕਿ ਉਸ ਦੀ ਜੀਵਨ ਚਾਲ ਹੀ ਬਦਲ ਜਾਂਦੀ ਹੈ। ਭਗਤ ਰਵੀਦਾਸ ਜੀ ਕਹਿੰਦੇ ਨੇ ਕਿ ਮੈਂ ਬਨਾਰਸ ਦਾ ਚਮਾਰ (ਮਰੇ ਹੋਏ ਡੰਗਰ ਢੋਣ ਵਾਲਾ) ਹਾਂ। ਹੁਣ ਬਨਾਰਸ ਦੇ ਪੰਡਿਤ ਆਉਂਦੇ ਨੇ ਤੇ ਆ ਕੇ ਮੈਨੂੰ ਨਮਸਕਾਰ ਕਰਦੇ ਨੇ। ਕਿਉਂ ਕਰਦੇ ਨੇ ? ਕਿਉਂਕਿ ਉਨ੍ਹਾਂ (ਰਵਿਦਾਸ ਜੀ) ਨੇ ਸਿਮਰਨ ਕੀਤਾ ਹੈ।

***ਹਰਿ ਸਿਮਰਨਿ ਧਾਰੀ ਸਭ ਧਰਨਾ ॥***

***ਸਿਮਰਿ ਸਿਮਰਿ ਹਰਿ ਕਾਰਨ ਕਰਨਾ ॥***

ਹਰੀ ਦਾ ਸਿਮਰਨ ਕਰਕੇ ਹੀ ਜਿਹੜੀਆਂ ਆਤਮਾਵਾ ਰੱਬ ਜੀ ਵਿੱਚ ਇੱਕ ਮਿੱਕ ਹੋ ਗਈਆਂ, ਉਨ੍ਹਾਂ ਨੇ ਸ੍ਰਿਸ਼ਟੀ ਨੂੰ ਧਾਰਣ ਕਰ ਲਇਆ। ਉਹ ਆਤਮਾਵਾਂ ਸ੍ਰਿਸ਼ਟੀ ਰਚਨ ਵਾਲੇ ਤੇ ਸ੍ਰਿਸ਼ਟੀ ਵਿੱਚ ਸਮਾਈਆਂ ਹੋਈਆਂ ਜੋਤਾਂ ਬਣ ਗਈਆਂ ਕਿਉਂਕਿ ਜੋ ਵੀ ਆਤਮਾ ਪ੍ਰਭੂ ਵਿੱਚ ਮਿਲ ਜਾਂਦੀ ਹੈ, ਉਹ ਆਤਮਾ ਪ੍ਰਭੂ ਰੂਪ ਹੋ ਜਾਂਦੀ ਹੈ (ਇੱਕ ਮਿੱਕ ਹੋ ਜਾਂਦੀ ਹੈ), ਵੱਖਰੀ ਨਹੀਂ ਰਹਿੰਦੀ ਤੇ ਪ੍ਰਭੂ ਜੀ ਨੇ ਹੀ ਸਾਰੀ ਰਚਨਾ ਬਣਾ ਕੇ, ਇਸ ਰਚਨਾ ਨੂੰ ਧਾਰਨ ਕੀਤਾ ਹੋਇਆ ਹੈ। ਹਰੀ ਸਿਮਰਨ ਦੁਆਰਾ ਆਤਮਾ ਐਸੀ ਹੋ ਜਾਂਦੀ ਹੈ।

ਉਸ ਦੁਨੀਆ ਬਨਾਉਣ ਵਾਲੇ ਨੂੰ ਸਿਮਰ ਸਿਮਰ ਕੇ, ਪਿਆਰ ਨਾਲ ਯਾਦ ਕਰ ਕਰ ਕੇ, ਯਾਦ ਕਰ ਕਰ ਕੇ, ਯਾਦ ਕਰ ਕਰ ਕੇ, ਉਨ੍ਹਾਂ ਨੇ ਇਹ ਅਵਸਥਾ ਪ੍ਰਾਪਤ ਕੀਤੀ ਹੈ।

***ਹਰਿ ਸਿਮਰਨਿ ਕੀਓ ਸਗਲ ਅਕਾਰਾ ॥***

***ਹਰਿ ਸਿਮਰਨ ਮਹਿ ਆਪਿ ਨਿਰੰਕਾਰਾ ॥***

ਹਰੀ ਨੇ ਸਿਮਰਨ ਵਾਸਤੇ ਹੀ ਸਾਰਾ ਸੰਸਾਰ ਰਚਿਆ ਹੈ। ਜੀਵ ਉਸ ਦਾ ਸਿਮਰਨ ਕਰ ਸਕਣ, ਇਹ ਸਾਰੇ ਸਾਧਨ (ਵਸੀਲੇ) ਜੀਵ ਆਤਮਾਵਾਂ ਨੂੰ ਇਸ ਵਾਸਤੇ ਦਿੱਤੇ ਗਏ ਹਨ।

ਉਹ ਭਗਵਾਨ, ਜੋ ਨਿਰੰਕਾਰ ਹੈ, ਉਹ ਹਰੀ ਸਿਮਰਨ ਵਿਚ ਆਪ ਵਸਦਾ ਹੈ ਤੇ ਆਪ ਸਿਮਰਨ ਦੁਆਰਾ ਪ੍ਰਗਟ ਹੋ ਜਾਂਦਾ ਹੈ।

***ਕਰਿ ਕਿਰਪਾ ਜਿਸੁ ਆਪਿ ਬੁਝਾਇਆ ॥***

***ਨਾਨਕ ਗੁਰਮੁਖਿ ਹਰਿ ਸਿਮਰਨੁ ਤਿਨਿ ਪਾਇਆ ॥੮॥੧॥***

ਜਿਸ ਨੂੰ ਵੀ ਪ੍ਰਭੂ ਨੇ ਆਪਣਾ ਆਪ, ਆਪ ਕਿਰਪਾ ਕਰ ਕੇ ਬੁਝਾਇਆ ਹੈ ਤੇ ਦ੍ਰਿੜਤਾ ਬਖਸ਼ੀ ਹੈ, ਗਿਆਨ ਵਿੱਚ (ਸ਼ਬਦ ਨਾਲ) ਜਿਨ੍ਹਾਂ ਨੂੰ ਜੋੜ ਲਇਆ ਹੈ,

ਹੇ ਨਾਨਕ, ਗੁਰਮੁਖਿ ਬਣ ਕੇ ਉਨ੍ਹਾਂ ਨੇ ਹਰੀ ਦਾ ਸਿਮਰਨ ਪ੍ਰਾਪਤ ਕੀਤਾ ਹੈ। ਸੋ ਹਜ਼ੂਰ ਨੇ ਘੁੰਡੀ ਦਸ ਦਿੱਤੀ ਕਿ ਭਾਈ, ਜੇ ਤੂੰ ਪ੍ਰਭੂ ਦੀ ਕਿਰਪਾ ਲੈਣੀ ਹੈ (ਹਰੀ ਸਿਮਰਨ ਕਰਨਾ ਹੈ) ਤਾਂ ਤੈਨੂੰ ਗੁਰਮੁਖਿ ਬਣਨਾ ਪਏਗਾ ਤੇ ਗੁਰਮੁਖਿ ਉਹ ਹੈ, ਜੋ ਗੁਰੂ ਦੇ ਭਾਣੇ ਵਿੱਚ ਆਉਂਦਾ ਹੈ ਤੇ ਗੁਰੂ ਦਾ ਭਾਣਾ ਗੁਰੂ ਦਾ ਸ਼ਬਦ, ਗੁਰੂ ਦੀ ਬਾਣੀ ਹੈ।

H H H H H

# *ਅਸਟਪਦੀ ੨ (ਪੰਨਾ ੨੬੩-੬੪)*

## *ਸਲੋਕੁ ॥*
## *ਦੀਨ ਦਰਦ ਦੁਖ ਭੰਜਨਾ*
## *ਘਟਿ ਘਟਿ ਨਾਥ ਅਨਾਥ ॥*

ਹਜ਼ੂਰ ਅਰਦਾਸਿ ਕਰਨ ਦਾ ਵੱਲ ਸਾਨੂੰ ਦਸਦੇ ਨੇ। ਹੇ ਦੁਖੀਆਂ ਦੇ ਦਰਦਾਂ ਦੁੱਖਾਂ ਦੇ ਨਾਸ ਕਰਨ ਵਾਲੇ, ਹੇ ਹਰ ਹਿਰਦੇ ਵਿੱਚ ਸਮਾਏ ਹੋਏ (ਭਾਵ, ਹਰ ਥਾਂ ਤੇ ਸਮਾਏ ਹੋਏ), ਹੇ ਅਨਾਥਾਂ ਦੇ ਨਾਥ (ਯਤੀਮਾਂ ਦੇ ਮਾਲਕ)।

## *ਸਰਣਿ ਤੁਮ੍ਾਰੀ ਆਇਓ*
## *ਨਾਨਕ ਕੇ ਪ੍ਰਭ ਸਾਥ ॥ ੧ ॥*

ਹੇ ਪ੍ਰਭੂ, ਮੈਂ ਤੇਰੀ ਸ਼ਰਨ ਆਇਆ ਹਾਂ, ਹੇ ਨਾਨਕ ਦੇ ਸਾਥੀ ਜੀਉ ! ਕਿਉਂਕਿ ਇਕ ਪ੍ਰਭੂ ਹੀ ਸਭ ਥਾਂ ਤੇ ਰਾਖਾ ਹੈ। ਹੋਰ ਕੋਈ ਜੀਵ ਦਾ ਸਹਾਇਕ ਨਹੀਂ। ਜਿਨ੍ਹਾਂ ਨੂੰ ਵੀ ਅਸੀਂ ਸਹਾਇਕ ਮੰਨਦੇ ਹਾਂ, ਉਹ ਸਾਡੇ ਨਾਲ ਨਹੀਂ ਨਿਭਦੇ।

## *ਅਸਟਪਦੀ ॥*
## *ਜਹ ਮਾਤ ਪਿਤਾ ਸੁਤ ਮੀਤ ਨ ਭਾਈ ॥*
## *ਮਨ ਊਹਾ ਨਾਮੁ ਤੇਰੈ ਸੰਗਿ ਸਹਾਈ ॥*

ਮਨਾਂ, ਜਿੱਥੇ ਤੇਰੇ ਨਾਲ ਮਾਤਾ ਨਹੀਂ ਜਾਏਗੀ, ਪਿਤਾ ਨਹੀਂ ਜਾਏਗਾ, ਪੁੱਤਰ ਨਹੀਂ ਜਾਣਗੇ, ਮਿਤ੍ਰ ਨਹੀਂ ਜਾਣਗੇ, ਭੈਣ ਭਰਾ ਨਹੀਂ ਜਾਣਗੇ,

ਉਸ ਥਾਂ ਤੇ ਵੀ ਪ੍ਰਭੂ ਨਾਮ ਜੋ ਹੈ, ਉਹ ਤੇਰੇ ਨਾਲ ਸੰਗੀ (ਸਾਥੀ) ਹੋਏਗਾ ਤੇ ਕੈਸਾ ਸਾਥੀ ਹੋਏਗਾ ? ਸਹਾਇਕ ਸਾਥੀ (Helper Companion) ਹੋਏਗਾ। ਜਿੱਥੇ ਤੇਰੇ ਨਾਲ ਹੋਰ ਕੋਈ ਵੀ ਨਹੀਂ ਹੋਵੇਗਾ, ਉੱਥੇ ਕੇਵਲ ਪ੍ਰਭੂ ਨਾਮ ਹੀ ਤੇਰੇ ਨਾਲ ਹੋਵੇਗਾ।

## *ਜਹ ਮਹਾ ਭਇਆਨ ਦੂਤ ਜਮ ਦਲੈ ॥*
## *ਤਹਿ ਕੇਵਲ ਨਾਮੁ ਸੰਗਿ ਤੇਰੈ ਚਲੈ ॥*

ਜਿਸ ਥਾਂ ਤੇ ਆਤਮਾ ਜਾਏਗੀ, ਜਿੱਥੇ ਬਹੁਤ ਹੀ ਡਰਾਉਣੇ ਜਮਦੂਤ ਜੀਵ ਨੂੰ ਦਲਦੇ ਹਨ,

ਮਨਾਂ, ਉੱਥੇ ਕੇਵਲ ਹਰੀ ਨਾਮ ਹੀ ਤੇਰੇ ਨਾਲ ਚੱਲੇਗਾ, ਉਹੀ ਤੇਰੀ ਰੱਖਿਆ ਕਰੇਗਾ, ਉਨ੍ਹਾਂ ਜਮਦੂਤਾਂ ਤੋਂ। ਹੋਰ ਕੋਈ ਤੇਰਾ ਰਖਵਾਲਾ ਨਹੀਂ।

## *ਜਹ ਮੁਸਕਲ ਹੋਵੈ ਅਤਿ ਭਾਰੀ ॥*
## *ਹਰਿ ਕੋ ਨਾਮੁ ਖਿਨ ਮਾਹਿ ਉਧਾਰੀ ॥*

ਮਨਾਂ, ਜਿੱਥੇ ਬਹੁਤ ਤਕਲੀਫ ਦੀ ਅਵਸਥਾ ਵਿੱਚ ਤੂੰ ਹੋਵੇਂਗਾ ਤੇ ਤੈਨੂੰ ਬੜੀ ਮੁਸ਼ਕਲ (Problem) ਹੋਵੇਗੀ,

ਜੇ ਹਰੀ ਦਾ ਨਾਮ ਇਕੱਠਾ ਕਰਕੇ ਤੂੰ ਆਪਣੇ ਨਾਲ ਲੈ ਜਾਏਂਗਾ, ਤਾਂ ਇਹ (ਹਰੀ ਨਾਮ) ਤੈਨੂੰ ਇਕ ਸੈਕੰਡ (Moment) ਵਿੱਚ ਉਸ ਮੁਸ਼ਕਲ ਤੋਂ ਬਚਾ ਲਏਗਾ। ਤੈਨੂੰ ਮੁਸ਼ਕਲ ਪੇਸ਼ ਨਹੀਂ ਆਵੇਗੀ।

## *ਅਨਿਕ ਪੁਨਹਚਰਨ ਕਰਤ ਨਹੀ ਤਰੈ ॥*
## *ਹਰਿ ਕੋ ਨਾਮੁ ਕੋਟਿ ਪਾਪ ਪਰਹਰੈ ॥*

ਅਨੇਕਾਂ ਹੀ ਕੰਮ ਜੀਵ ਕਰੇ (ਸਫਲਤਾ ਲਈ) ਤੇ ਜੇ ਕੋਈ ਭੈੜੇ ਕਰਮ ਹੋ ਗਏਹਨ, ਉਨਾਂ ਦਾ ਪਰਾਸ਼ਚਿਤ ਕਰਮ ਕਰੇ, ਤਾਂ ਇਨ੍ਹਾਂ ਕਰਮਾਂ ਨਾਲ, ਹਜੂਰ ਕਹਿੰਦੇ ਨੇ, ਕਿ ਜੀਵ ਨਹੀਂ ਤਰ ਸਕਦਾ।

ਮਨਾਂ, ਜੇ ਤੇਰੇ ਕੋਲੋ ਬਹੁਤ ਪਾਪ ਹੋ ਗਏ ਹਨ (ਭਾਵੇਂ ਕਰੋੜਾਂ ਹੀ ਹੋ ਗਏ ਹਨ), ਤਾਂ ਹਰੀ ਦਾ ਨਾਮ ਇਨ੍ਹਾਂ ਪਾਪਾਂ ਨੂੰ ਨਾਸ ਕਰਦਾ ਹੈ। ਜੋ ਤੂੰ ਹੋਰ ਪਰਾਸ਼ਚਿਤ ਕਰਮ ਕਰਦਾ ਹੈਂ, ਉਨ੍ਹਾਂ ਨਾਲ ਪਾਪ ਨਾਸ ਨਹੀਂ ਹੁੰਦੇ। ਇਹ ਪਾਪ ਤਾਂ ਹਰੀ ਦੇ ਨਾਮ ਨਾਲ ਹੀ ਨਾਸ ਹੁੰਦੇ ਹਨ।

## *ਗੁਰਮੁਖਿ ਨਾਮੁ ਜਪਹੁ ਮਨ ਮੇਰੇ ॥*
## *ਨਾਨਕ ਪਾਵਹੁ ਸੂਖ ਘਨੇਰੇ ॥ ੧ ॥*

ਹੇ ਮੇਰੇ ਮਨ, ਤੂੰ ਗੁਰਮੁਖਿ ਬਣ ਕੇ, ਗੁਰੂ ਦੇ ਦੱਸੇ ਢੰਗ (ਤਰੀਕੇ, ਵਿਧੀ) ਅਨੁਸਾਰ, ਗੁਰੂ ਦੇ ਹੁਕਮ ਨੂੰ ਮੰਨ ਕੇ ਨਾਮ ਜਪ, ਆਪਣੇ ਮਨ ਦੀ ਮਰਜੀ ਨਾਲ ਨਾਮ ਨਾ ਜਪ। ਜੇ ਤੂੰ ਗੁਰੂ ਦੇ ਭਾਣੇ (ਹੁਕਮ) ਵਿੱਚ ਆ ਜਾਵੇਂਗਾ, ਤਾਂ ਤੂੰ ਗੁਰਮੁਖਿ ਬਣ ਜਾਵੇਂਗਾ।

ਹੇ ਨਾਨਕ, ਫਿਰ ਤੈਨੂੰ ਬਹੁਤ ਸੁੱਖ ਮਿਲਣਗੇ, ਜਿਨ੍ਹਾਂ ਸੁੱਖਾਂ ਦਾ ਕੋਈ ਅੰਤ ਪਾਰ ਹੀ ਨਹੀਂ ਕਿਉਂਕਿ ਹਜ਼ੂਰ ਕਹਿੰਦੇ ਹਨ :-

**H ਸੁਖੁ ਪ੍ਰਭ ਸਿਮਰਨ ਕਾ ਅੰਤੁ ਨ ਪਾਰ ॥** (ਪੰਨਾ ੨੯੩)

ਇੰਨੇ ਸੁੱਖ ਤੈਨੂੰ ਮਿਲ ਜਾਣਗੇ।

## *ਸਗਲ ਸ੍ਰਿਸਟਿ ਕੋ ਰਾਜਾ ਦੁਖੀਆ ॥*
## *ਹਰਿ ਕਾ ਨਾਮੁ ਜਪਤ ਹੋਇ ਸੁਖੀਆ ॥*

ਭਾਈ, ਜੇ ਕੋਈ ਸਾਰੀ ਸ੍ਰਿਸ਼ਟੀ ਦਾ ਰਾਜਾ ਵੀ ਬਣ ਜਾਵੇ, ਤਾਂ ਵੀ ਦੁਖੀ ਰਹਿੰਦਾ ਹੈ।

ਜੇ ਕਿਸੇ ਨੇ ਸੁੱਖ ਪ੍ਰਾਪਤ ਕਰਨਾ ਹੈ ਤਾਂ ਕੇਵਲ ਇੱਥੋ ਇੱਕ ਸਾਧਨ ਹਰੀ ਦਾ ਨਾਮ ਜਪਣਾ, ਹਰੀ ਦਾ ਨਾਮ ਸਿਮਰਨਾ, ਹਰੀ ਦਾ ਨਾਮ ਧਿਆਉਣਾ, ਹਰੀ ਦੇ ਨਾਮ ਨਾਲ ਪ੍ਰੀਤਿ ਪਾ ਲੈਣੀ, ਹਰੀ ਦੇ ਨਾਮ ਨਾਲ ਲਿਵ ਲਾ ਲੈਣੀ, ਬਸ ਏਹੀ ਇੱਕੋ ਇੱਕ ਸਾਧਨ ਹੈ। ਇਹਦੇ ਨਾਲ ਹੀ ਸੁੱਖ ਪ੍ਰਾਪਤ ਹੁੰਦਾ ਹੈ। ਹੋਰ ਕਿਸੇ ਢੰਗ ਨਾਲ ਸੁੱਖ ਪ੍ਰਾਪਤ ਨਹੀਂ ਹੁੰਦਾ।

## *ਲਾਖ ਕਰੋਰੀ ਬੰਧੁ ਨ ਪਰੈ ॥*
## *ਹਰਿ ਕਾ ਨਾਮੁ ਜਪਤ ਨਿਸਤਰੈ ॥*

ਜੇ ਤੇਰੇ ਕੋਲ ਲੱਖਾ ਕਰੋੜਾਂ ਵੀ ਮਾਇਆ ਹੋਵੇ, ਤੇਰੇ ਸੰਗੀ (ਸਾਥੀ, ਸਹਾਇਕ) ਹੋਣ, ਤਾਂ ਵੀ ਉਹ ਤੈਨੂੰ ਬਚਾ ਨਹੀਂ ਸਕਦੇ (ਉਹ ਬੰਧ ਨਹੀਂ ਪਾ ਸਕਦੇ, ਉਹ ਮਾਇਆ ਦੇ ਮੋਹ ਦੀ ਨੀਂਦ ਵਿੱਚੋਂ ਤੈਨੂੰ ਕੱਢ ਨਹੀਂ ਸਕਦੇ ਤੇ ਮਾਇਆ ਦੇ ਹਮਲਿਆਂ ਨੂੰ ਰੋਕ ਨਹੀਂ ਸਕਦੇ)

ਭਾਈ, ਜੇ ਤੂੰ ਹਰੀ ਦਾ ਨਾਮ ਜਪੇਂਗਾ, ਤਾਂ ਤੂੰ ਤਰ ਜਾਏਂਗਾ।

## *ਅਨਿਕ ਮਾਇਆ ਰੰਗ ਤਿਖ ਨ ਬੁਝਾਵੈ ॥*
## *ਹਰਿ ਕਾ ਨਾਮੁ ਜਪਤ ਆਘਾਵੈ ॥*

ਭਾਈ, ਜੇ ਤੇਰੇ ਕੋਲ ਮਾਇਆ ਦੇ ਅਨੇਕਾਂ ਸਾਧਨ ਵੀ ਹੋ ਜਾਣ, ਤਾਂ ਵੀ ਤ੍ਰਿਸ਼ਨਾ ਨਹੀਂ ਹਟਦੀ।

ਜੇ ਹਰੀ ਨਾਮ ਜਪੇ, ਤਾਂ ਆਤਮਾ ਰੱਜ ਜਾਂਦੀ ਹੈ, ਮਨ ਸੰਤੋਖ (contentment) ਵਿੱਚ ਆ ਜਾਂਦਾ ਹੈ ਤੇ ਬਿਨਾਂ ਸੰਤੋਖ ਦੇ ਕੋਈ ਰੱਜ ਨਹੀਂ ਸਕਦਾ। ਹੁਕਮ ਹੈ ਕਿ :-

**H ਬਿਨਾ ਸੰਤੋਖ ਨਹੀ ਕੋਊ ਰਾਜੈ ॥** (ਪੰਨਾ ੨੭੯)

## *ਜਿਹ ਮਾਰਗਿ ਇਹੁ ਜਾਤ ਇਕੇਲਾ ॥*
## *ਤਹ ਹਰਿ ਨਾਮੁ ਸੰਗਿ ਹੋਤ ਸੁਹੇਲਾ ॥*

ਜਿਸ ਰਸਤੇ ਤੇ ਮਨ ਨੇ ਇਕੱਲੇ ਜਾਣਾ ਹੈ, ਕੋਈ ਸੰਗੀ (ਸਾਥੀ) ਨਹੀਂ ਹੋਣਾ,

ਉੱਥੇ ਹਰੀ ਨਾਮ ਇਸ ਆਤਮਾ ਦੇ ਨਾਲ ਸੰਗੀ ਹੋਏਗਾ। ਤੇ ਕੈਸਾ ਸੰਗੀ ਹੋਏਗਾ? ਸੁਹੇਲਾ -ਸੁੱਖ ਦੇਣ ਵਾਲਾ ਸੰਗੀ, ਜੋ ਹਰ ਦੁੱਖ ਤਕਲੀਫ ਤੋਂ ਰੱਖਿਆ ਕਰੇਗਾ ਤੇ ਹਰ ਤਰਾਂ ਦੇ ਸੁੱਖ ਦੇਵੇਗਾ, ਉਹ ਹਰੀ ਨਾਮ ਹੀ ਆਤਮਾ ਦੇ ਨਾਲ ਜਾਵੇਗਾ।

## *ਐਸਾ ਨਾਮੁ ਮਨ ਸਦਾ ਧਿਆਈਐ ॥*
## *ਨਾਨਕ ਗੁਰਮੁਖਿ ਪਰਮ ਗਤਿ ਪਾਈਐ ॥ ੨ ॥*

ਜਿਸ ਨਾਮ ਦੇ ਇਹ ਗੁਣ ਹਨ, ਜੋ ਉਪਰ ਹਜ਼ੂਰ ਦੱਸ ਆ ਆਏ ਹਨ, ਹਜ਼ੂਰ ਸਿਖਿਆ ਦੇਂਦੇ ਹਨ ਕਿ ਮਨਾਂ, ਸਦਾ ਉਸ ਨਾਮ ਨੂੰ ਧਿਆ।

ਹੇ ਨਾਨਕ, ਜੇ ਤੂੰ ਗੁਰਮੁਖਿ ਬਣ ਜਾਵੇਂਗਾ (ਗੁਰੂ ਦੇ ਭਾਣੇ ਵਿੱਚ ਆਵੇਂਗਾ, ਗੁਰੂ ਦੇ ਹੁਕਮ ਨੂੰ ਮੰਨੇਗਾ), ਤਾਂ ਤੈਨੂੰ ਉੱਚੀ ਤੋਂ ਉੱਚੀ ਅਵਸਥਾ ਪ੍ਰਾਪਤ ਹੋ ਜਾਵੇਗੀ।

## ਛੂਟਤ ਨਹੀ ਕੋਟਿ ਲਖ ਬਾਹੀ ॥
## ਨਾਮੁ ਜਪਤ ਤਹ ਪਾਰਿ ਪਰਾਹੀ ॥

ਕਰੋੜਾਂ ਤੇ ਲੱਖਾਂ ਤੇਰੇ ਲਸ਼ਕਰ (ਫੋਜਾਂ) ਹੋ ਜਾਣ (ਬਾਵਾਂ ਤੇਰੀ ਸਹਾਇਤਾ ਕਰਨ ਨੂੰ ਤਿਆਰ ਹੋਣ), ਤਾਂ ਵੀ ਤੂੰ ਨਹੀਂ ਛੁਟ ਸਕਦਾ।

ਜੋ ਆਤਮਾ ਨਾਮ ਜਪੇਗੀ, ਉਹੀ ਪਾਰ ਪਏਗੀ। ਸੰਗੀਆਂ ਸਾਥੀਆਂ ਦੀ ਸਹਾਹਿਤਾ (support) ਨਾਲ ਪਾਰ ਨਹੀਂ ਪੈ ਸਕਦੀ।

## ਅਨਿਕ ਬਿਘਨ ਜਹ ਆਇ ਸੰਘਾਰੈ ॥
## ਹਰਿ ਕਾ ਨਾਮੁ ਤਤਕਾਲ ਉਧਾਰੈ ॥

ਜੇ ਅਨੇਕਾਂ ਹੀ ਵਿਘਨ (ਰੁਕਾਵਟਾਂ) ਮਨ ਨੂੰ ਆ ਕੇ ਘੇਰ ਲੈਣ ਤੇ ਮਾਇਆ ਦੇ ਸਾਰੇ ਹੀ ਕੰਮ ਖਰਾਬ ਹੋਣ ਲਗ ਜਾਣ ਤੇ ਹਰ ਪਾਸਿਓ ਦੁੱਖ ਤਕਲੀਫ ਹੀ ਪ੍ਰਗਟ ਹੋਣ ਲਗ ਜਾਵੇ,

ਐਸੀ ਅਵਸਥਾ ਵਿੱਚ ਵੀ ਜੇ ਹਰੀ ਨਾਮ ਦਾ ਆਸਰਾ ਹੋਵੇ ਤੇ ਹਰੀ ਨਾਮ ਪ੍ਰਾਪਤ ਹੋਵੇ, ਤਾਂ ਉਹ ਇਕ ਪਲ (Moment) ਵਿੱਚ ਹੀ (ਇੱਕ ਸੈਕੰਡ ਵੀ ਨਹੀਂ ਲਗਦਾ) ਜੀਵ ਨੂੰ ਉਨ੍ਹਾਂ ਸਭ ਤੋਂ ਬਚਾ ਲੈਂਦਾ ਹੈ।

## ਅਨਿਕ ਜੋਨਿ ਜਨਮੈ ਮਰਿ ਜਾਮ ॥
## ਨਾਮੁ ਜਪਤ ਪਾਵੈ ਬਿਸ੍ਰਾਮ ॥

ਅਨੇਕਾਂ ਜੂਨੀਆਂ ਵਿੱਚ ਜੀਵ ਜੰਮਦਾ ਮਰਦਾ ਰਹੇ ਤੇ ਆਵਾਗਵਣ ਬਣਿਆ ਰਹੇ।

ਜੇ ਨਾਮ ਜਪਣ ਲੱਗ ਜਾਵੇ, ਤਾਂ ਉਸ ਨੂੰ ਵੀ ਨਿਹਚਲ ਟਿਕਾਣਾ ਮਿਲ ਜਾਂਦਾ ਹੈ ਤੇ ਉਸ ਦਾ ਆਵਾਗਵਣ ਖਤਮ ਹੋ ਜਾਂਦਾ ਹੈ।

## ਹਉ ਮੈਲਾ ਮਲੁ ਕਬਹੁ ਨ ਧੋਵੈ ॥
## ਹਰਿ ਕਾ ਨਾਮੁ ਕੋਟਿ ਪਾਪ ਖੋਵੈ ॥

ਹਉਮੈ ਕਰਕੇ, ਜੋ ਮਾਇਆ ਦੇ ਮੋਹ ਦੀ ਮੈਲ ਹੈ, ਇਹ ਆਪਣੇ ਯਤਨਾਂ ਨਾਲ (ਆਪਣੇ effort ਨਾਲ, ਆਪਣੇ ਬਲਬੋਤੇ ਤੇ) ਕਦੀ ਵੀ ਨਹੀਂ ਧੁੱਪ ਸਕਦੀ।

ਜੇ ਕੋਈ ਹਰੀ ਦਾ ਨਾਮ ਜਪੇ, ਤਾਂ ਉਸ ਦੇ ਕੀਤੇ ਹੋਏ ਕਰੋੜਾਂ ਪਾਪ ਖਤਮ ਹੋ ਜਾਂਦੇ ਹਨ।

## ਐਸਾ ਨਾਮੁ ਜਪਹੁ ਮਨ ਰੰਗਿ ॥
## ਨਾਨਕ ਪਾਈਐ ਸਾਧ ਕੈ ਸੰਗਿ ॥ ੩ ॥

ਹੇ ਮੇਰੇ ਮਨ, ਐਸੇ ਨਾਮ ਨੂੰ ਤੂੰ ਪਿਆਰ ਨਾਲ ਜਪ। 'ਰੰਗ' ਦਾ ਅਰਥ ਹੈ-ਪਿਆਰ। 'ਗੱਗੇ' ਨੂੰ ਸਿਹਾਰੀ ਹੈ, ਅਰਥ ਹੈ-ਪਿਆਰ ਨਾਲ।

ਹੇ ਨਾਨਕ, ਐਸੇ ਨਾਮ ਦਾ ਜਪਣਾ ਸਾਧੂ ਦੀ ਸੰਗਤਿ ਵਿੱਚ ਪ੍ਰਾਪਤ ਹੁੰਦਾ ਹੈ। ਆਪਣੀ ਅਕਲ ਨਾਲ (ਆਪਣੀ ਮਰਜ਼ੀ ਨਾਲ) ਪ੍ਰਾਪਤ ਨਹੀਂ ਹੁੰਦਾ। ਕਿਉਂਕਿ ਜੇ ਕੋਈ ਗੁਰਮੁਖਿ ਪਿਆਰਾ ਮਿਲ ਜਾਵੇ ਤਾਂ ਉਹ ਨਾਮ ਜਪਣ ਦਾ ਸਹੀ ਢੰਗ (ਤਰੀਕਾ, ਵਿਧੀ), ਕੀ ਕਰਮ ਕਰਨੇ ਹਨ, ਕੀ ਕਰਮ ਛੱਡਣੇ ਹਨ, ਉਹ ਗੁਰਬਾਣੀ ਦੁਆਰਾ ਦ੍ਰਿੜ ਕਰਵਾ ਦੇਂਦਾ ਹੈ ਤੇ ਜੀਵ ਸਿੱਧੇ ਰਸਤੇ ਤੇ ਤੁਰਦਾ ਹੈ। ਆਪਣੀ ਅਕਲ ਨਾਲ ਜੀਵ ਨਹੀਂ ਚਲ ਸਕਦਾ।

## ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ ॥
## ਹਰਿ ਕਾ ਨਾਮੁ ਊਹਾ ਸੰਗਿ ਤੋਸਾ ॥

ਜਿਸ ਰਸਤੇ ਦੇ ਕੋਹ ਨਹੀਂ ਗਿਣੇ ਜਾਂਦੇ। ਗੁਰੂ ਪਾਤਸ਼ਾਹ ਵੇਲੇ ਫਾਸਲਾ ਕੋਹਾਂ ਵਿੱਚ ਗਿਣਿਆ ਜਾਂਦਾ ਸੀ ਤੇ ਇਕ ਕੋਹ ਤਕਰੀਬਨ ਡੇਢ ਮੀਲ ਜਾਂ ਦੋ ਕਿਲੋਮੀਟਰ ਦੇ ਲਾਗੇ ਹੁੰਦਾ ਹੈ। ਹਜ਼ੂਰ ਕਹਿੰਦੇ ਨੇ ਜਿਸ ਰਸਤੇ ਦੇ ਮੀਲ, ਕਿਲੋਮੀਟਰ ਜਾਂ ਕੋਹ ਗਿਣੇ ਨਹੀਂ ਜਾਂਦੇ,

ਹਰੀ ਦਾ ਨਾਮ ਉੱਥੇ ਤੇਰੇ ਨਾਲ ਖੁਰਾਕ ਹੋਏਗੀ ਰਸਤੇ ਦੀ। ਤੂੰ ਹਰੀ ਨਾਮ ਨੂੰ ਇਕੱਠਾ ਕਰ।

## ਜਿਹ ਪੈਡੈ ਮਹਾ ਅੰਧ ਗੁਬਾਰਾ ॥
## ਹਰਿ ਕਾ ਨਾਮੁ ਸੰਗਿ ਉਜੀਆਰਾ ॥

ਭਾਈ, ਜਿਸ ਰਸਤੇ ਵਿੱਚ ਬਹੁਤ ਹਨੇਰਾ ਹੈ (ਅੰਨਾ ਹਨੇਰਾ ਹੈ, ਹਨੇਰਾ ਹੀ ਹਨੇਰਾ ਹੈ, ਜਿੱਥੇ ਕੁਝ ਵੀ ਨਹੀਂ ਦਿਸਦਾ),

ਜਿਸ ਆਤਮਾ ਦੇ ਕੋਲ ਹਰੀ ਨਾਮ ਹੋਵੇ, ਤਾਂ ਉਹਨੂੰ ਉਹ (ਹਰੀ ਨਾਮ) ਪ੍ਰਕਾਸ਼ ਕਰਦਾ ਹੈ ਤੇ ਰਸਤਾ ਸਾਫ ਨਜ਼ਰ ਆਉਂਦਾ ਹੈ (ਕਿਧਰ ਨੂੰ ਜਾਣਾ ਹੈ)। ਕਿਉਂਕਿ ਜੇ ਹਨੇਰੇ ਵਿੱਚ ਜੀਵ ਫਸ ਜਾਵੇ ਤੇ ਤੁਰੇ, ਤਾਂ ਉਸਨੂੰ ਸੱਟਾਂ ਹੀ ਲਗਦੀਆਂ ਹਨ ਕਿਉਂਕਿ ਕੋਈ ਚੀਜ਼ ਦਿਸਦੀ ਨਹੀਂ। ਜੇ ਚਾਨਣ ਹੋ ਜਾਵੇ, ਤਾਂ ਹਰ ਚੀਜ਼ ਨਜ਼ਰ ਆਉਂਦੀ ਹੈ ਤੇ ਜੀਵ ਆਰਾਮ ਨਾਲ ਉਸ ਰਸਤੇ ਤੋਂ ਲੰਘ ਸਕਦਾ ਹੈ। ਤੇ ਚਾਨਣ ਕਰਣ ਲਈ ਕੇਵਲ ਹਰੀ ਨਾਮ ਹੈ।

## *ਜਹਾ ਪੰਥਿ ਤੇਰਾ ਕੋ ਨ ਸਿਞਾਨੂ ॥*
## *ਹਰਿ ਕਾ ਨਾਮੁ ਤਹ ਨਾਲਿ ਪਛਾਨੂ ॥*

ਮਨਾਂ, ਜਿਸ ਰਸਤੇ ਤੇ ਤੇਰਾ ਕੋਈ ਵੀ ਵਾਕਫ (ਸਿਆਣ ਵਾਲਾ) ਨਹੀਂ ਹੈ।

ਜੇ ਤੇਰੇ ਕੋਲ ਹਰੀ ਨਾਮ ਹੋਵੇਗਾ, ਤਾਂ ਉਹ ਤੇਰੇ ਨਾਲ ਪਛਾਣੂ (ਸਾਥੀ) ਹੋਵੇਗਾ। ਉਹ ਤੈਨੂੰ ਹਰ ਚੀਜ਼ ਦੱਸੇਗਾ ਕਿ ਕੀ ਕਰ ਤੇ ਕਿੱਧਰ ਨੂੰ ਜਾ, ਤੇ ਤੂੰ ਸੌਖਾ ਹੋਵੇਂਗਾ। ਜਿੱਥੇ ਹੋਰ ਕੋਈ ਵਾਕਫੀ ਨਹੀਂ ਹੈ, ਉੱਥੇ ਹਰੀ ਨਾਮ ਤੇਰਾ ਮਿਤ੍ਰ ਹੈ, ਇਹ ਤੇਰੇ ਨਾਲ ਜਾਵੇਗਾ।

## *ਜਹ ਮਹਾ ਭਇਆਨ ਤਪਤਿ ਬਹੁ ਘਾਮ ॥*
## *ਤਹ ਹਰਿ ਕੇ ਨਾਮ ਕੀ ਤੁਮ ਊਪਰਿ ਛਾਮ ॥*

ਜਿੱਥੇ ਰਸਤੇ ਵਿੱਚ ਤੈਨੂੰ ਬਹੁਤ ਭਿਆਨਕ ਗਰਮੀ ਲਗੇਗੀ ਤੇ ਬਹੁਤ ਹੀ ਜ਼ਿਆਦਾ ਹੁੱਮਸ ਹੋਏਗਾ।

ਉੱਥੇ ਹਰੀ ਦੇ ਨਾਮ ਦੀ ਛਾਂ ਤੇਰੇ ਉੱਤੇ ਹੋਏਗੀ। ਤੈਨੂੰ ਗਰਮੀ ਤੋਂ ਵੀ ਤੇ ਦੁੱਖ ਤਕਲੀਫ ਤੋਂ ਵੀ (ਕਿਸੇ ਤਰਾਂ ਦੀ ਤੋਂ ਵੀ) ਹਰੀ ਦਾ ਨਾਮ ਹੀ ਬਚਾਏਗਾ।

## *ਜਹਾ ਤ੍ਰਿਖਾ ਮਨ ਤੁਝੁ ਆਕਰਖੈ ॥*
## *ਤਹ ਨਾਨਕ ਹਰਿ ਹਰਿ ਅੰਮ੍ਰਿਤੁ ਬਰਖੈ ॥ ੪ ॥*

ਹੇ ਮਨਾਂ, ਜਿੱਥੇ ਰਸਤੇ ਵਿੱਚ ਤੈਨੂੰ ਬਹੁਤ ਤ੍ਰੇਹ (ਪਿਆਸ) ਲੱਗੇਗੀ ਤੇ ਤੰਗ ਕਰੇਗੀ।

ਹੇ ਨਾਨਕ, ਜੇ ਤੂੰ ਹਰੀ ਨਾਮ ਇਕੱਠਾ ਕਰਕੇ ਜਾਵੇਂਗਾ ਤਾਂ ਹਰੀ ਨਾਮ ਦੇ ਅੰਮ੍ਰਿਤ ਦੀ ਵਰਸ਼ਾ ਤੇਰੇ ਤੇ ਹੋਵੇਗੀ, ਜਿਸ ਨਾਲ ਤੇਰੀ ਤੇਹ ਖਤਮ ਹੋ ਜਾਵੇਗੀ। ਤੇਰੀਆਂ ਸਾਰੀਆਂ ਤਕਲੀਫਾਂ ਦਾ ਇਲਾਜ, ਹੇ ਮਨਾਂ, ਕੇਵਲ ਹਰੀ ਨਾਮ ਹੈ। ਹੋਰ ਕੋਈ ਚੀਜ਼ ਇਲਾਜ ਨਹੀਂ।

## *ਭਗਤ ਜਨਾ ਕੀ ਬਰਤਨਿ ਨਾਮੁ ॥*
## *ਸੰਤ ਜਨਾ ਕੈ ਮਨਿ ਬਿਸ੍ਰਾਮੁ ॥*

ਜੋ ਰੱਬ ਜੀ ਦੇ ਭਗਤ ਹਨ, ਉਨ੍ਹਾਂ ਦੀ ਵਰਤੋਂ ਲਈ ਕੇਵਲ ਹਰੀ ਨਾਮ ਹੈ। ਹੋਰ ਚੀਜ਼ਾਂ ਵੱਲ ਉਨ੍ਹਾਂ ਨੂੰ ਖਿੱਚ ਨਹੀਂ। ਉਨ੍ਹਾਂ ਲਈ ਸਭ ਕੁਛ ਹਰੀ ਨਾਮ ਹੀ ਹੈ। ਹਰੀ ਨਾਮ ਦੀ ਹੀ ਖਿੱਚ ਹੈ।

ਸੰਤਾਂ ਦੇ ਮਨ ਵਿੱਚ ਹਰੀ ਨਾਮ ਦਾ ਬ੍ਰਿਸਾਮ ਰਹਿੰਦਾ ਹੈ (ਟਿਕਾਣਾ ਬਣਿਆ ਰਹਿੰਦਾ ਹੈ) ਕਿਉਂਕਿ :-

**H ਊਠਤ ਬੈਠਤ ਸੋਵਤ ਨਾਮ ॥**
**ਕਹੁ ਨਾਨਕ ਜਨ ਕੈ ਸਦ ਕਾਮ ॥ (ਪੰਨਾ ੨੮੬)**

ਉਨ੍ਹਾਂ ਦੇ ਕੰਮ ਦੀ ਚੀਜ਼ ਹਰੀ ਨਾਮ ਹੀ ਹੈ। ਹਰੀ ਨਾਮ ਹੀ ਉਨ੍ਹਾਂ ਦੇ ਅੰਗ ਸੰਗ ਪ੍ਰਗਟ ਹੈ। ਹਰੀ ਨਾਮ ਹੀ ਉਨ੍ਹਾਂ ਦੇ ਮਨ ਵਿੱਚ ਵਸਦਾ ਹੈ। ਹਰੀ ਨਾਮ ਦਾ ਹੀ ਉਨ੍ਹਾਂ ਨੂੰ ਆਸਰਾ ਹੈ।

## *ਹਰਿ ਕਾ ਨਾਮੁ ਦਾਸ ਕੀ ਓਟ ॥*
## *ਹਰਿ ਕੈ ਨਾਮਿ ਉਧਰੇ ਜਨ ਕੋਟਿ ॥*

ਜੇ ਕੋਈ ਰੱਬ ਜੀ ਦਾ ਦਾਸ ਬਣੇ (ਰੱਬ ਦੀ ਸ਼ਰਨ ਲਵੇ), ਤਾਂ ਉਹ ਹਰੀ ਦੇ ਨਾਮ ਦੇ ਆਸਰੇ ਹੀ ਹੋ ਜਾਂਦਾ ਹੈ, ਉਸ ਨੂੰ ਹੋਰ ਕੋਈ ਓਟ (ਆਸਰਾ) ਨਹੀਂ।

ਹਰੀ ਦੇ ਨਾਮ ਦੁਆਰਾ ਹੀ ਉਸ (ਹਰੀ) ਦੇ ਕਰੋੜਾਂ ਸੇਵਕ ਤਰੇ ਹਨ, ਤਰ ਜਾਂਦੇ ਹਨ ਤੇ ਤਰਦੇ ਰਹਿਣਗੇ ਕਿਉਂਕਿ ਹਰੀ ਨਾਮ ਤਾਰਨ ਲਈ ਜਹਾਜ਼ ਹੈ।

## *ਹਰਿ ਜਸੁ ਕਰਤ ਸੰਤ ਦਿਨੁ ਰਾਤਿ ॥*
## *ਹਰਿ ਹਰਿ ਅਉਖਧੁ ਸਾਧ ਕਮਾਤਿ ॥*

ਰੱਬ ਦੇ ਬਖਸ਼ੇ ਹੋਏ (ਸੰਤ, ਸਾਧੂ, ਗੁਰਮੁਖਿ, ਗੁਰਸਿੱਖ) ਕੀ ਕਰਦੇ ਹਨ ? ਹਰੀ ਦਾ ਜਸ ਕਰਦੇ ਰਹਿੰਦੇ ਹਨ ਤੇ ਦਿਨ ਰਾਤ ਕਰਦੇ ਹਨ (ਹਮੇਸ਼ਾ ਹਮੇਸ਼ਾ ਪ੍ਰਭੂ ਦੇ ਗੁਣਵਾਦ ਵਿੱਚ ਟਿਕੇ ਰਹਿੰਦੇ ਹਨ)।

ਜੋ ਦਵਾਈ ਹੈ ਹਰੀ ਨਾਮ, ਸਾਧ ਇਸ ਨੂੰ ਹੀ ਵਰਤਦੇ ਹਨ (ਹਉਮੈ ਦੇ ਇਲਾਜ ਲਈ), ਕੋਈ ਹੋਰ ਦਵਾਈ ਨਹੀਂ ਵਰਤਦੇ। ਹਉਮੈ ਦੇ ਇਲਾਜ ਲਈ ਸਾਧ ਕੇਵਲ ਹਰੀ ਨਾਮ ਦੀ ਦਵਾਈ ਹੀ ਵਰਤਦੇ ਹਨ।

## *ਹਰਿ ਜਨ ਕੈ ਹਰਿ ਨਾਮੁ ਨਿਧਾਨੁ ॥*
## *ਪਾਰਬ੍ਰਹਮਿ ਜਨ ਕੀਨੋ ਦਾਨ ॥*

ਹਰੀ ਦੇ ਸੇਵਕਾਂ ਦੇ ਹਰੀ ਨਾਮ ਦਾ ਹੀ ਖਜਾਨਾ (ਭੰਡਾਰ) ਹੁੰਦਾ ਹੈ।

ਇਹ ਖਜਾਨਾ ਉਨ੍ਹਾਂ ਨੂੰ ਦਾਨ ਮਿਲਿਆ ਹੁੰਦਾ ਹੈ ਪਾਰਬ੍ਰਹਮ ਪਰਮੇਸ਼ਰ ਤੋਂ। ਉਹ ਦਾਸਾਂ ਨੂੰ ਇਹ ਦਾਨ ਦੇਂਦਾ ਹੈ, ਜੋ ਉਸ ਦੀ ਸ਼ਰਨ ਆਉਂਦੇ ਹਨ। ਵੈਸੇ ਹਰੀ ਨਾਮ ਦਾ ਭੰਡਾਰਾ ਨਹੀਂ ਮਿਲਦਾ। ਇਹ ਪ੍ਰਭੂ ਦੀ ਦਇਆ ਤੇ ਹੀ ਮਿਲਦਾ ਹੈ ਕਿਉਂਕਿ ਨਾਮ ਦਾਨ ਹੈ, ਕੋਈ ਕਰਮ ਦਾ ਫਲ ਨਹੀਂ ਹੈ। ਕਿਉਂਕਿ ਕਰਮਾਂ ਨਾਲ ਤਾਂ ਜੀਵ ਨੂੰ ਜੀਵਨ ਮਿਲਦਾ ਹੈ (ਚੰਗੇ ਕਰਮਾਂ ਨਾਲ ਚੰਗਾ ਤੇ ਮਾੜੇ ਕਰਮਾਂ ਨਾਲ ਮਾੜਾ)। ਹੁਕਮ ਹੈ ਕਿ :–

**H ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ ॥ (ਪੰਨਾ ੨)**

ਉਸ ਦੀ ਨਦਰ ਸਦਕਾ ਮੁਕਤੀ ਦਾ ਦਰ ਮਿਲਦਾ ਹੈ। ਪਾਰਬ੍ਰਹਮ ਪਰਮੇਸ਼ਰ ਜਿਨ੍ਹਾਂ ਨੂੰ ਇਹ ਦਾਨ ਬਖਸ਼ ਦੇਵੇ, ਉਨ੍ਹਾਂ ਨੂੰ ਹੀ ਇਹ ਦਾਨ ਮਿਲਦਾ ਹੈ।

## *ਮਨ ਤਨ ਰੰਗਿ ਰਤੇ ਰੰਗ ਏਕੈ ॥*
## *ਨਾਨਕ ਜਨ ਕੈ ਬਿਰਤਿ ਬਿਬੇਕੈ ॥ ੫ ॥*

ਮਨ ਕਰ ਕੇ ਤੇ ਤਨ ਕਰ ਕੇ ਉਹ ਰੰਗੇ ਜਾਂਦੇ ਹਨ ਇੱਕ ਦੇ ਪਿਆਰ ਵਿੱਚ। ਇੱਕ ਰੱਬ ਜੀ ਦੇ ਪਿਆਰ ਵਿੱਚ ਹੀ ਉਸ (ਰੱਬ ਜੀ) ਦੇ ਸੇਵਕ, ਮਨ ਕਰ ਕੇ ਤੇ ਤਨ ਕਰ ਕੇ (ਸੋਚ ਕਰ ਕੇ ਤੇ ਕਰਮ ਕਰ ਕੇ) ਉਸ ਦੇ ਪਿਆਰ ਵਿੱਚ ਹੀ ਰੰਗੇ ਰਹਿੰਦੇ ਹਨ।

ਹੇ ਨਾਨਕ, ਐਸੇ ਪ੍ਰਭੂ ਦੇ ਦਾਸਾਂ ਦੀ ਬਿਰਤੀ ਵਿੱਚ ਬਿਬੇਕ ਬੁੱਧੀ (ਸਹੀ ਪਰਖ ਦੀ ਬੁੱਧੀ) ਹੁੰਦੀ ਹੈ। ਉਨ੍ਹਾਂ ਨੂੰ ਪੂਰਨ ਗਿਆਨ ਹੋ ਜਾਂਦਾ ਹੈ।

## *ਹਰਿ ਕਾ ਨਾਮੁ ਜਨ ਕਉ ਮੁਕਤਿ ਜੁਗਤਿ ॥*
## *ਹਰਿ ਕੈ ਨਾਮਿ ਜਨ ਕਉ ਤ੍ਰਿਪਤਿ ਭੁਗਤਿ ॥*

ਹਰੀ ਨਾਮ ਦੁਆਰਾ ਹੀ ਜਨ ਮੁਕਤੀ ਪ੍ਰਾਪਤ ਕਰਦਾ ਹੈ। ਹਰੀ ਨਾਮ ਹੀ ਰੱਬ ਜੀ ਨਾਲ ਮਿਲਣ ਦੀ ਜੁਗਤੀ (ਢੰਗ, ਤਰੀਕਾ) ਹੈ। ਉਹ (ਜਨ) ਹੋਰ ਕੋਈ ਢੰਗ (ਤਰੀਕਾ) ਨਹੀਂ ਅਪਨਾਉਂਦੇ।

ਹਰੀ ਦੇ ਨਾਮ ਦੁਆਰਾ ਹੀ, ਜੋ ਹਰੀ ਦੇ ਜਨ ਹਨ, ਉਨ੍ਹਾਂ ਦੀ ਤ੍ਰਿਪਤੀ ਹੋ ਜਾਂਦੀ ਹੈ। ਹਰੀ ਨਾਮ ਦੁਆਰਾ ਉਨ੍ਹਾਂ ਨੂੰ ਸਭ ਭੰਡਾਰਿਆਂ ਦੀਆਂ ਪ੍ਰਾਪਤੀਆਂ ਹੋ ਜਾਂਦੀਆਂ ਹਨ ਤੇ ਉਨ੍ਹਾਂ ਦਾ ਮਨ ਤ੍ਰਿਪਤੀ ਵਿੱਚ ਆ ਜਾਦਾ ਹੈ।

## *ਹਰਿ ਕਾ ਨਾਮੁ ਜਨ ਕਾ ਰੂਪ ਰੰਗੁ ॥*
## *ਹਰਿ ਨਾਮੁ ਜਪਤ ਕਬ ਪਰੈ ਨ ਭੰਗੁ ॥*

ਹਰੀ ਦੇ ਜਨ ਦਾ ਰੂਪ ਰੰਗ (personality) ਹੀ ਹਰੀ ਨਾਮ ਹੈ। ਹੋਰ ਉਸ ਦੇ ਕੋਲ ਕੋਈ ਚੀਜ਼ ਨਹੀਂ। ਉਹ ਹਰੀ ਨਾਮ ਨਾਲ ਹੀ ਜੁੜਿਆ ਰਹਿੰਦਾ ਹੈ।

ਹਰੀ ਦਾ ਨਾਮ ਜਪਣ ਕਰਕੇ ਉਨ੍ਹਾਂ ਨੂੰ ਕਦੀ ਕੋਈ ਵਿਘਨ ਨਹੀਂ ਪੈਂਦਾ। ਉਹ ਹਰੀ ਦੇ ਨਾਮ ਨਾਲ ਹੀ ਹਮੇਸ਼ਾ ਜੁੜੇ ਰਹਿੰਦੇ ਹਨ।

## *ਹਰਿ ਕਾ ਨਾਮੁ ਜਨ ਕੀ ਵਡਿਆਈ ॥*
## *ਹਰਿ ਕੈ ਨਾਮਿ ਜਨ ਸੋਭਾ ਪਾਈ ॥*

ਹਰੀ ਦੇ ਦਾਸ ਦੀ ਸੋਭਾ ਹਰੀ ਨਾਮ ਹੀ ਹੈ ਕਿਉਕਿ ਹੋਰ ਕੋਈ ਧਨ (ਦੌਲਤ) ਉਨ੍ਹਾਂ ਦੀ ਸੋਭਾ ਨਹੀਂ, ਹੋਰ ਕੋਈ ਸੰਸਾਰ ਦੀ ਮਾਣ ਵਡਿਆਈ ਨੂੰ ਉਹ ਨਹੀਂ ਮੰਨਦੇ। ਉਹ ਹਰੀ ਦੇ ਨਾਮ ਨਾਲ ਹੀ ਜੁੜਦੇ ਹਨ ਤੇ ਹਰੀ ਦੇ ਨਾਮ ਤੋਂ ਹੀ ਸਭ ਆਸਾਂ ਪੂਰੀਆਂ ਕਰਦੇ ਹਨ। ਹਰੀ ਦੇ ਨਾਮ ਦੁਆਰਾ ਹੀ ਹਰੀ ਦੇ ਜਨਾਂ ਨੂੰ ਸੰਸਾਰ ਵਿੱਚ ਸੋਭਾ ਮਿਲਦੀ ਹੈ।

## *ਹਰਿ ਕਾ ਨਾਮੁ ਜਨ ਕਉ ਭੋਗ ਜੋਗ ॥*
## *ਹਰਿ ਨਾਮੁ ਜਪਤ ਕਛੁ ਨਾਹਿ ਬਿਓਗੁ ॥*

ਰੱਬ ਜੀ ਨਾਲ ਜੁੜਨ ਲਈ ਤੇ ਸਭ ਪਦਾਰਥ ਭੋਗਣ ਲਈ ਹਰੀ ਦੇ ਦਾਸਾਂ ਦੇ ਕੋਲ ਕੇਵਲ ਹਰੀ ਨਾਮ ਹੀ ਹੈ। ਇਸ ਤੋਂ ਹੀ ਉਹ ਸਭ ਸੁੱਖ ਪ੍ਰਾਪਤ ਕਰਦੇ ਹਨ ਤੇ ਇਸ ਦੁਆਰਾ ਹੀ ਭਗਵਾਨ ਨਾਲ ਜੁੜਦੇ ਹਨ।

ਉਨ੍ਹਾਂ ਨੂੰ ਕੋਈ ਵਿਛੋੜਾ ਜਾਂ ਉਦਾਸੀ ਨਹੀਂ ਹੁੰਦੀ ਕਿਉਂਕਿ ਉਹ ਹਮੇਸ਼ਾ ਹਰੀ ਨਾਮ ਜਪਦੇ ਰਹਿੰਦੇ ਹਨ।

## *ਜਨੁ ਰਾਤਾ ਹਰਿ ਨਾਮ ਕੀ ਸੇਵਾ ॥*
## *ਨਾਨਕ ਪੂਜੈ ਹਰਿ ਹਰਿ ਦੇਵਾ ॥ ੬ ॥*

ਹਰੀ ਨਾਮ ਦੀ ਸੇਵਾ ਵਿੱਚ ਹੀ ਜਨ ਰੰਗਿਆ (ਰੱਤਿਆ) ਰਹਿੰਦਾ ਹੈ, ਉਸ ਦੇ ਨਾਲ ਹੀ ਜੁੜਿਆ ਰਹਿੰਦਾ ਹੈ। ਪ੍ਰਭੂ ਦੀ ਸੇਵਾ ਕੀ ਹੈ ?

**H ਜਿਨਿ ਸੇਵਿਆ ਤਿਨਿ ਪਾਇਆ ਮਾਨੁ ॥**
**ਨਾਨਕ ਗਾਵੀਐ ਗੁਣੀ ਨਿਧਾਨੁ ॥** (ਪੰਨਾ ੨)

ਉਹ ਆਤਮਾ ਹਮੇਸ਼ਾ ਪ੍ਰਭੂ ਦੇ ਗੁਣਵਾਦ ਵਿੱਚ ਹੀ ਟਿਕੀ ਰਹਿੰਦੀ ਹੈ।

ਹੇ ਨਾਨਕ, ਹਰੀ ਦੇ ਜਨ ਉਸ ਹਰੀ ਤੋਂ ਬਗੈਰ ਕਿਸੇ ਹੋਰ ਨੂੰ ਨਹੀਂ ਪੂਜਦੇ। ਉਹ ਗਿਆਨ ਸਰੂਪ ਹਰੀ ਦੀ ਪੂਜਾ ਵਿੱਚ ਹੀ ਰਹਿੰਦੇ ਹਨ। ਉਨ੍ਹਾਂ ਨੂੰ ਇਕ ਪ੍ਰਭੂ ਦੀ ਹੀ ਓਟ (ਆਸਰਾ, ਸਹਾਰਾ) ਹੈ।

## *ਹਰਿ ਹਰਿ ਜਨ ਕੈ ਮਾਲੁ ਖਜੀਨਾ ॥*
## *ਹਰਿ ਧਨੁ ਜਨ ਕਉ ਆਪਿ ਪ੍ਰਭਿ ਦੀਨਾ ॥*

ਹਰੀ ਦੇ ਜਨਾਂ ਲਈ ਸਭ ਧਨ (ਦੌਲਤ) ਹਰੀ ਨਾਮ ਹੀ ਹੈ। ਉਨ੍ਹਾਂ ਨੂੰ ਹੋਰ ਕੋਈ ਮਾਲ ਜਾਂ ਖਜਾਨੇ ਦਾ ਆਸਰਾ ਨਹੀਂ।

ਜਨ (ਦਾਸ) ਨੂੰ ਹਰੀ ਦਾ ਧਨ (ਨਾਮ ਧਨ) ਪ੍ਰਭੂ ਨੇ ਆਪ ਹੀ ਬਖਸ਼ਿਆ ਹੁੰਦਾ ਹੈ ਤੇ ਉਹੀ ਉਨ੍ਹਾਂ ਦੀ ਧਨ ਦੌਲਤ ਹੁੰਦੀ ਹੈ।

## *ਹਰਿ ਹਰਿ ਜਨ ਕੈ ਓਟ ਸਤਾਣੀ ॥*
## *ਹਰਿ ਪ੍ਰਤਾਪਿ ਜਨ ਅਵਰ ਨ ਜਾਣੀ ॥*

ਹਰੀ ਦੇ ਜਨ ਦਾ ਬਹੁਤ ਸ਼ਕਤੀਸ਼ਾਲੀ ਆਸਰਾ ਹਰੀ ਹਰੀ ਹੀ ਹੁੰਦਾ ਹੈ। ਹੋਰ ਉਨ੍ਹਾਂ ਨੂੰ ਕੋਈ ਸਹਾਰਾ ਨਹੀਂ।

ਰੱਬ ਜੀ ਦੇ ਸੇਵਕ ਰੱਬ ਜੀ ਦੇ ਪ੍ਰਤਾਪ (ਸਮਰੱਥਾ) ਨੂੰ ਵੇਖ ਕੇ ਹੋਰ ਕਿਸੇ ਦੀ ਪਰਵਾਹ ਨਹੀਂ ਕਰਦੇ।

**H ਪਾਂਇ ਗਹੇ ਜਬ ਤੇ ਤੁਮਰੇ**
**ਤਬ ਤੇ ਕੋਊ ਆਂਖ ਤਰੇ ਨਹੀ ਆਨਯੋ ॥** (ਸ੍ਵੈਯਾ ਪਾ: ੧੦)

## *ਓਤਿ ਪੋਤਿ ਜਨ ਹਰਿ ਰਸਿ ਰਾਤੇ ॥*
## *ਸੁੰਨ ਸਮਾਧਿ ਨਾਮ ਰਸ ਮਾਤੇ ॥*

'ਓਤਿ ਪੋਤਿ' ਦਾ ਅਰਥ ਹੈ ਤਾਣੇ ਪੇਟੇ ਵਿੱਚ। ਜਿਸ ਤਰਾਂ ਕਪੜੇ ਦੇ ਤਾਣੇ ਪੇਟੇ ਵਿੱਚ ਰੂੰ ਹੀ ਰੂੰ ਹੁੰਦਾ ਹੈ, ਇਸੇ ਤਰ੍ਹਾਂ ਹਰੀ ਦੇ ਜਨਾਂ ਦੇ ਤਾਣੇ ਪੇਟੇ ਵਿੱਚ ਹਰੀ ਰਸ ਹਰੀ ਰਸ ਹੀ ਹੁੰਦਾ ਹੈ। ਉਸ ਹਰੀ ਰਸ ਵਿੱਚ ਹੀ ਉਹ ਮਗਨ ਤੇ ਮਸਤ ਰਹਿੰਦੇ ਹਨ।

ਉਹ ਫੁਰਨਾ ਰਹਿਤ ਅਵਸਥਾ ਵਿੱਚ ਚਲੇ ਜਾਂਦੇ ਹਨ ਤੇ ਨਾਮ ਦੇ ਰਸ ਨੂੰ ਹੀ ਮਾਣਦੇ ਹਨ। ਹੋਰ ਕਿਸੇ ਚੀਜ਼ ਦੀ ਉਨ੍ਹਾਂ ਨੂੰ ਇੱਛਾ ਨਹੀਂ ਰਹਿੰਦੀ।

## *ਆਠ ਪਹਰ ਜਨੁ ਹਰਿ ਹਰਿ ਜਪੈ ॥*
## *ਹਰਿ ਕਾ ਭਗਤੁ ਪ੍ਰਗਟ ਨਹੀ ਛਪੈ ॥*

ਦਿਨ ਰਾਤ ਪ੍ਰਭੂ ਦੇ ਸੇਵਕ ਉਸ ਪ੍ਰਭੂ ਨੂੰ ਹੀ ਜਪਦੇ ਹਨ, ਉਸ ਪ੍ਰਭੂ ਦਾ ਹੀ ਚੇਤਾ ਕਰਦੇ ਹਨ, ਉਸ ਪ੍ਰਭੂ ਦੀ ਹੀ ਵਡਿਆਈ ਕਰਦੇ ਹਨ, ਉਸ ਪ੍ਰਭੂ ਦਾ ਹੀ ਓਟ ਆਸਰਾ ਲੈਂਦੇ ਹਨ।

ਹਰੀ ਦੇ ਜੋ ਭਗਤ ਹਨ, ਉਹ ਸੰਸਾਰ ਵਿੱਚ ਪ੍ਰਗਟ ਹੋ ਜਾਂਦੇ ਹਨ (ਨਾਮ ਜਪਣ ਕਰਕੇ)।

## *ਹਰਿ ਕੀ ਭਗਤਿ ਮੁਕਤਿ ਬਹੁ ਕਰੇ ॥*
## *ਨਾਨਕ ਜਨ ਸੰਗਿ ਕੇਤੇ ਤਰੇ ॥ ੭ ॥*

ਹਰੀ ਦੀ ਜੋ ਭਗਤੀ ਹੈ, ਜੋ ਹਰੀ ਦੀ ਪ੍ਰੀਤਿ ਹੈ, ਇਹ ਬਹੁਤ ਨੂੰ ਮੁਕਤ ਕਰਦੀ ਹੈ। ਹਰ ਢੰਗ ਦੀਆਂ ਮੁਕਤੀਆਂ ਪ੍ਰਾਪਤ ਹੁੰਦੀਆਂ ਹਨ। ਕਿਉਂਕਿ ਜੀਵ ਆਤਮਾ ਅਨੇਕਾਂ ਢੰਗਾਂ ਨਾਲ ਮਾਇਆ ਵਿੱਚ ਫਸੀ ਹੋਈ ਹੈ ਤੇ ਉਨ੍ਹਾਂ ਸਾਰੀਆਂ ਅਧੀਨਗੀਆ ਵਿੱਚੋਂ ਹੋਲੀ ਹੋਲੀ ਨਿਕਲ ਜਾਦੀ ਹੈ। ਮਾਇਆ ਵਿੱਚੋਂ ਬੇਅੰਤ ਜੀਵ ਨਿਕਲਦੇ ਹਨ (ਮੁਕਤ ਹੁੰਦੇ ਹਨ)।

ਹੇ ਨਾਨਕ, ਐਸੇ ਜਨ ਦੀ ਜੇ ਸੰਗਤਿ ਮਿਲ ਜਾਵੇ ਤਾਂ ਉਸ (ਜਨ) ਦੀ ਸੰਗਤਿ ਵਿੱਚ ਅਨੇਕਾਂ ਜੀਵ ਤਰਦੇ ਹਨ, ਕਿਉਂਕਿ ਉਹ ਜਨ ਉਨ੍ਹਾਂ ਨੂੰ ਸਹੀ ਢੰਗ ਨਾਲ ਨਾਮ ਜਪਣ ਦੀ ਪ੍ਰੇਰਣਾ ਕਰਦਾ ਹੈ, ਉਨ੍ਹਾਂ ਦੀ ਦ੍ਰਿੜਤਾ ਵਿੱਚ ਲੈ ਆਉਂਦਾ ਹੈ, ਜੀਵ ਨਾਮ ਜਪਣ ਲੱਗ ਜਾਂਦੇ ਹਨ ਤੇ ਜਪਦੇ ਜਪਦੇ ਤਰ ਜਾਂਦੇ ਹਨ। ਇਹ ਹਰੀ ਦੇ ਜਨ ਦਾ ਕੰਮ ਹੈ।

## *ਪਾਰਜਾਤੁ ਇਹੁ ਹਰਿ ਕੋ ਨਾਮ ॥*
## *ਕਾਮਧੇਨ ਹਰਿ ਹਰਿ ਗੁਣ ਗਾਮ ॥*

ਪਾਰਜਾਤ ਉਹ ਮਿਥਿਹਾਸਕ ਦਰਖੱਤ ਹੈ ਸਵਰਗ ਵਿੱਚ, ਜਿਸ ਬਾਰੇ ਕਹਿੰਦੇ ਹਨ ਕਿ ਉਹ ਦਰੱਖਤ ਥੱਲੇ ਖਲੋ ਕੇ ਹਰ ਇੱਛਾ ਪੂਰੀ ਹੋ ਜਾਦੀ ਹੈ। ਹਜ਼ੂਰ ਕਹਿੰਦੇ ਨੇ ਕਿ ਭਾਈ ਪ੍ਰਭੂ ਦੇ ਜਨਾਂ ਲਈ ਪਾਰਜਾਤ ਹਰੀ ਦਾ ਨਾਮ ਹੀ ਹੈ। ਹੋਰ ਉਹ ਕੋਈ ਪਾਰਜਾਤ ਨੂੰ ਨਹੀਂ ਮੰਨਦੇ।

ਕਾਮਧੇਨ ਉਹ ਗਊ ਹੈ ਸਵਰਗ ਵਿੱਚ, ਜੋ ਸਭ ਇੱਛਾਂ ਪੂਰੀਆਂ ਕਰਦੀ ਹੈ। ਹਜ਼ੂਰ ਕਹਿੰਦੇ ਹਨ ਕਿ ਹਰੀ ਦੇ ਜਨ ਕਾਮਧੇਨ ਗਊ ਨੂੰ ਵੀ ਨਹੀਂ ਮੰਨਦੇ। ਉਨ੍ਹਾਂ ਲਈ ਕਾਮਧੇਨ ਹਰੀ ਦੇ ਗੁਣ ਗਾਉਣੇ ਹੀ ਹਨ। ਉਹ ਹਰੀ ਦੇ ਨਾਮ ਦੇ ਹੀ ਆਸਰੇ ਹਨ, ਹਰੀ ਦੇ ਹੀ ਗੁਣ ਗਾਉਂਦੇ ਹਨ ਤੇ ਇੱਥੋਂ ਹੀ ਆਪਣੀ ਸਭ ਰੀਝਾਂ ਪੂਰੀਆਂ ਕਰਦੇ ਹਨ।

## *ਸਭ ਤੇ ਊਤਮ ਹਰਿ ਕੀ ਕਥਾ ॥*
## *ਨਾਮੁ ਸੁਨਤ ਦਰਦ ਦੁਖ ਲਥਾ ॥*

ਸਭ ਤੋਂ ਉੱਤਮ ਕੰਮ ਹਰੀ ਦੀ ਕਥਾ ਕਰਨਾ ਹੈ। ਕਥਾ ਹੁੰਦੀ ਹੈ- ਵੀਚਾਰ ਕਰਨੀ ਉਸ (ਹਰੀ) ਦੇ ਵੱਡਪਣ (ਵਡਿਆਈ) ਦੀ। ਕਿਉਂਕਿ ਹਰੀ ਵਿੱਚ ਕੋਈ ਵੀ ਊਨਤਾਈ ਤਾਂ ਹੈ ਹੀ ਨਹੀਂ। ਹਰੀ ਦਾ ਗੁਣਵਾਦ ਕਰਨਾ (ਹਰੀ ਦੇ ਗੁਣ ਵੀਚਾਰਨੇ) ਹੀ ਸਭ ਤੋਂ ਉੱਤਮ ਕਥਾ ਹੈ।

ਜੇ ਕੋਈ ਨਾਮ ਨੂੰ ਸੁਣੇ, ਤਾਂ ਉਸ ਦੀਆਂ ਸਭ ਦਰਦਾਂ ਤੇ ਤਕਲੀਫਾਂ (ਦੁੱਖ) ਦੂਰ ਹੋ ਜਾਂਦੀਆਂ ਹਨ।

## *ਨਾਮ ਕੀ ਮਹਿਮਾ ਸੰਤ ਰਿਦ ਵਸੈ ॥*
## *ਸੰਤ ਪ੍ਰਤਾਪਿ ਦੁਰਤੁ ਸਭੁ ਨਸੈ ॥*

ਨਾਮ ਕਿੰਨੇ ਵੱਡਪਣ ਵਾਲਾ ਹੈ, ਕਿੰਨੀ ਉਸ ਦੀ ਵੱਡੀ ਸੋਭਾ (ਵਡਿਆਈ) ਹੈ, ਇਹ ਗੱਲ ਸੰਤ ਦੇ ਹਿਰਦੇ ਵਿੱਚ ਪ੍ਰਗਟ ਹੁੰਦੀ ਹੈ। ਪਰ ਉਹ (ਸੰਤ) ਵੀ ਬਿਆਨ ਨਹੀਂ ਕਰ ਸਕਦਾ। ਕਿਉਂਕਿ ਹਜ਼ੂਰ ਕਹਿੰਦੇ ਨੇ :-

**H ਜੇ ਹਉ ਜਾਣਾ ਆਖਾ ਨਾਹੀ ਕਹਣਾ ਕਥਨੁ ਨ ਜਾਈ॥ (ਪੰਨਾ ੨)**

ਕਿਉਂ ਉਹ ਬੇਅੰਤ ਹਸਤੀ ਬਿਆਨ ਤੋਂ ਪਰੇ ਹੈ। ਅੰਤਕੀ ਜੀਵ ਉਸ (ਬੇਅੰਤ) ਨੂੰ ਸਮਝ ਨਹੀਂ ਸਕਦਾ। ਪਰ ਉਸ ਹਸਤੀ ਦੀ ਅਵਸਥਾ (ਨਾਮ ਦੀ ਮਹਿਮਾ) ਸੰਤ ਦੇ ਹਿਰਦੇ ਵਿੱਚ ਪ੍ਰਗਟ ਹੋ ਜਾਂਦੀ ਹੈ ਕਿ ਉਹ ਬੇਅੰਤ ਹੈ ਤੇ ਕਿੱਡਾ ਵੱਡਾ ਹੈ।

ਸੰਤ ਦੀ ਕਿਰਪਾ ਕਰਕੇ ਜੀਵ ਦੇ ਕੀਤੇ ਹੋਏ ਸਾਰੇ ਪਾਪ ਨਾਸ ਹੋ ਜਾਂਦੇ ਹਨ ਕਿਉਂਕਿ ਪ੍ਰਭੂ ਦੇ ਸੰਤ ਜੀਵ ਨੂੰ ਨਾਮ ਜਪਣ ਲਾ ਦੇਂਦੇ ਹਨ ਤੇ ਨਾਮ ਜਪਦਿਆਂ ਜਪਦਿਆਂ ਜੀਵ ਦੇ ਸਾਰੇ ਪਾਪ ਨਾਸ ਹੋ ਜਾਂਦੇ ਹਨ।

## *ਸੰਤ ਕਾ ਸੰਗੁ ਵਡਭਾਗੀ ਪਾਈਐ ॥*
## *ਸੰਤ ਕੀ ਸੇਵਾ ਨਾਮੁ ਧਿਆਈਐ ॥*

ਬਹੁਤ ਵੱਡਿਆਂ ਭਾਗਾਂ ਨਾਲ ਸੰਤ ਦੀ ਸੰਗਤਿ ਮਿਲਦੀ ਹੈ।

ਸੰਤ ਦੀ ਅਸਲ ਸੇਵਾ ਕੀ ਹੈ ? ਕਿ ਜੀਵ ਨਾਮ ਦੇ ਧਿਆਨ ਵਿੱਚ ਜਾਵੇ, ਇਹ ਸੰਤ ਦੀ ਸੇਵਾ ਹੈ।

## *ਨਾਮ ਤੁਲਿ ਕਛੁ ਅਵਰੁ ਨ ਹੋਇ ॥*
## *ਨਾਨਕ ਗੁਰਮੁਖਿ ਨਾਮੁ ਪਾਵੈ ਜਨੁ ਕੋਇ ॥੮॥੨॥*

ਨਾਮ ਦੇ ਬਰਾਬਰ ਕੁੱਝ ਹੈ ਹੀ ਨਹੀਂ ਸੰਸਾਰ ਵਿੱਚ। ਕਿਉਂਕਿ ਸਭ ਤੋਂ ਵੱਡੀ ਹਸਤੀ ਪ੍ਰਭੂ ਹੈ ਤੇ ਪ੍ਰਭੂ ਦਾ ਨਾਮ (ਬਾਣੀ) ਹੈ। ਤੇ ਪ੍ਰਭੂ ਤੇ ਪ੍ਰਭੂ ਦਾ ਨਾਮ ਇੱਕਮਿੱਕ ਨੇ। ਕੋਈ ਦੋ ਹਸਤੀਆਂ ਨਹੀਂ, ਸੰਮਿਲਿਤ ਨੇ। ਇਸ ਲਈ ਨਾਮ ਦੇ ਬਰਾਬਰ ਹੀ ਸੰਸਾਰ ਵਿੱਚ ਕੋਈ ਚੀਜ਼ ਵੀ ਨਹੀਂ।

ਹੇ ਨਾਨਕ, ਕੋਈ ਰੱਬ ਜੀ ਦਾਸ ਗੁਰਮੁਖਿ ਬਣ ਕੇ ਹੀ ਨਾਮ ਪ੍ਰਾਪਤ ਕਰਦਾ ਹੈ। ਗੁਰਮੁਖਿ ਬਣੇ ਬਗੈਰ ਨਾਮ ਪ੍ਰਾਪਤ ਨਹੀਂ ਹੁੰਦਾ।

H H H H H

## *ਅਸਟਪਦੀ ੩ (ਪੰਨਾ ੨੬੫)*

## *ਸਲੋਕੁ ॥*

## *ਬਹੁ ਸਾਸਤ੍ਰ ਬਹੁ ਸਿਮ੍ਰਿਤੀ*
## *ਪੇਖੇ ਸਰਬ ਢਢੋਲਿ ॥*

ਹਜ਼ੂਰ ਕਹਿੰਦੇ ਨੇ ਕਿ ਮੈਂ ਸਭ ਸ਼ਾਸਤ੍ਰ ਤੇ ਅਨੇਕਾਂ ਸਿਮ੍ਰਿਤੀਆਂ ਦੀ ਖੋਜ (Research) ਕਰ ਲਈ ਹੈ (ਮੈਂ ਉਨ੍ਹਾਂ ਦਾ ਤੱਤ ਸਾਰ ਵੀਚਾਰ ਲਇਆ ਹੈ)

## *ਪੂਜਸਿ ਨਾਹੀ ਹਰਿ ਹਰੇ*
## *ਨਾਨਕ ਨਾਮ ਅਮੋਲ ॥ ੧ ॥*

ਉਹ ਹਰੀ ਨਾਮ ਦੇ ਬਰਾਬਰ ਨਹੀਂ ਪੁਜਦੀਆਂ। ਹੇ ਨਾਨਕ, ਹਰੀ ਦਾ ਨਾਮ ਅਮੋਲ ਵਸਤੂ ਹੈ (ਉਸ ਦਾ ਕੋਈ ਮੁੱਲ ਨਹੀਂ)। ਕੋਈ ਵੀ ਗਿਆਨ ਹਰੀ ਨਾਮ ਦੀ ਬਰਾਬਰਤਾ ਨਹੀਂ ਰਖਦਾ। ਕੋਈ ਕੀਮਤੀ ਤੋਂ ਕੀਮਤੀ ਚੀਜ਼ ਵੀ ਹਰੀ ਨਾਮ ਦੀ ਬਰਾਬਰਤਾ ਨਹੀਂ ਰਖਦੀ। ਕਿਉਂਕਿ ਹਰੀ ਨਾਮ ਅਮੁੱਲ ਹੈ। ਇਹਨੂੰ ਹਜ਼ੂਰ ਕਹਿੰਦੇ ਨੇ ਕਿ :-

**H ਅਮੁਲੋ ਅਮੁਲੁ ਆਖਿਆ ਨ ਜਾਇ ॥ (ਪੰਨਾ ੫)**

ਇਹ ਬਿਆਨ ਹੋ ਹੀ ਨਹੀਂ ਸਕਦਾ (ਕਿ ਕਿੱਡਾ ਵੱਡਾ ਹੈ)।

## *ਅਸਟਪਦੀ ॥*

## *ਜਾਪ ਤਾਪ ਗਿਆਨ ਸਭਿ ਧਿਆਨ ॥*
## *ਖਟ ਸਾਸਤ੍ਰ ਸਿਮ੍ਰਿਤਿ ਵਖਿਆਨ ॥*

ਹਜ਼ੂਰ ਗਿਣ ਰਹੇ ਨੇ ਉਹ ਵਖਰੇ ਵਖਰੇ ਢੰਗ, ਜੋ ਸੰਸਾਰ ਅਪਨਾਉਂਦਾ ਸੀ।ਹਜ਼ੂਰ ਕਹਿੰਦੇ ਨੇ ਕਿ ਜਿੰਨੇ ਤਰਾਂ ਦੇ ਵੀ ਜਪ ਨੇ, ਜਿੰਨੇ ਤਰਾਂ ਦੇ ਵੀ ਤਪ ਨੇ, ਜਿੰਨੇ ਤਰਾਂ ਦਾ ਵੀ ਗਿਆਨ ਹੈ, ਜਿੰਨੇ ਤਰਾਂ ਦਾ ਵੀ ਜੀਵ ਧਿਆਨ ਜੋੜਦੇ ਨੇ।

ਜੋ ਛੇ ਸ਼ਾਸਤ੍ਰ ਤੇ ਸਿਮ੍ਰਤੀਆਂ ਕਹਿੰਦੇ ਨੇ ਤੇ ਜੋ ਉਨ੍ਹਾਂ ਦੀ ਵਿਆਖਿਆ ਕਰਨ ਵਾਲੇ ਨੇ।

## *ਜੋਗ ਅਭਿਆਸ ਕਰਮ ਧ੍ਰਮ ਕਿਰਿਆ ॥*
## *ਸਗਲ ਤਿਆਗਿ ਬਨ ਮਧੇ ਫਿਰਿਆ ॥*

ਜਿੰਨੇ ਤਰਾਂ ਦੇ ਵੀ ਯੋਗਾ ਦੇ ਅਭਿਆਸ ਨੇ (ਆਸਨ ਨੇ), ਜਿੰਨੇ ਤਰਾਂ ਦੇ ਵੀ ਉਹ ਕਰਮ ਦ੍ਰਿੜ ਕਰਾਉਂਦੇ ਨੇ, ਜਿੰਨੇ ਤਰਾਂ ਦੇ ਵੀ ਉਹ ਧਰਮ ਦ੍ਰਿੜ ਕਰਾਉਂਦੇ ਨੇ ਯਾ ਉਹ ਕਰਨ ਲਈ ਪ੍ਰੇਰਣਾ ਕਰਦੇ ਨੇ। ਜੇ ਜੀਵ ਉਹ ਵੀ ਸਾਰੇ ਕਰਮ ਵੀ ਕਰ ਲਵੇ।

ਸਭ ਸੰਸਾਰ ਨੂੰ ਤਿਆਗ ਕੇ ਕੋਈ ਜੀਵ ਜੰਗਲਾਂ ਵਿੱਚ ਵੀ ਭਾਵੇਂ ਜਾ ਕੇ ਆਪਣਾ ਵਾਸਾ ਕਰ ਲਵੇ।

## *ਅਨਿਕ ਪ੍ਰਕਾਰ ਕੀਏ ਬਹੁ ਜਤਨਾ ॥*
## *ਪੁੰਨ ਦਾਨ ਹੋਮੇ ਬਹੁ ਰਤਨਾ ॥*

ਹੋਰ ਅਨੇਕਾਂ ਯਤਨ ਕਰ ਲਵੇ। ਜਿਹੜੇ ਉਪਰਲੀ ਗਿਣਤੀ ਤੋਂ ਫਾਲਤੂ ਹੋਣ (ਉਸ ਗਿਣਤੀ ਵਿੱਚ ਨਾ ਆਉਂਦੇ ਹੋਣ)। ਹਜ਼ੂਰ ਸੰਸਾਰ ਦੇ ਢੰਗ ਦਸ ਰਹੇ ਨੇ, ਜੋ ਸੰਸਾਰ ਦੇ ਜੀਵ ਪ੍ਰਭੂ ਨੂੰ ਪ੍ਰਾਪਤ ਕਰਨ ਲਈ ਓਦੋਂ ਕਰਦੇ ਸੀ ਤੇ ਗਿਣ ਗਿਣ ਕੇ ਹਜ਼ੂਰ ਦਸ ਰਹੇ ਨੇ ਕਿ ਜੇ ਕੋਈ ਜੀਵ ਇਹ ਵੀ ਕਰ ਲਵੇ, ਇਹ ਵੀ ਕਰ ਲਵੇ ਤੇ ਇਹ ਕਰਦਿਆਂ ਕਰਦਿਆਂ ਹੋਰ ਵੀ ਕਰ ਲਵੇ, ਜਿਹੜੇ ਮੈਂ ਨਹੀਂ ਗਿਣੇ।

ਪੁੰਨ ਕਰ ਲਵੇ, ਦਾਨ ਕਰ ਲਵੇ, ਹਵਨ ਕਰ ਲਵੇ, ਹੀਰੇ ਮੋਤੀ ਹਵਨ ਵਿੱਚ ਆਹੁਤੀ ਦੇ ਦੇਵੇ (ਕੀਮਤੀ ਤੋਂ ਕੀਮਤੀ ਚੀਜ਼ਾਂ, ਹਵਨ ਕਰਦਾ ਹੋਇਆ, ਭੇਟਾ ਕਰ ਦੇਵੇ)।

## *ਸਰੀਰੁ ਕਟਾਇ ਹੋਮੈ ਕਰਿ ਰਾਤੀ ॥*
## *ਵਰਤ ਨੇਮ ਕਰੈ ਬਹੁ ਭਾਤੀ ॥*

ਸਰੀਰ ਨੂੰ ਰਤੀ ਰਤੀ ਕਰ ਕੇ ਆਹੁਤੀ ਚਾੜ ਦੇਵੇ ਹਵਨ ਵਿੱਚ (ਅੱਗ ਦੇ ਹਵਾਲੇ ਕਰ ਦੇਵੇ) ਤੇ ਕੀਮਾ ਕੀਮਾ ਕਰ ਕੇ ਸਰੀਰ ਸਾੜ ਲਵੇ।

ਜਿੰਨੇ ਤਰਾਂ ਦੇ ਵੀ ਵਰਤ ਨੇ, ਜਿੰਨੇ ਤਰਾਂ ਦੇ ਵੀ ਨੇਮ ਨੇ (ਨੇਮ ਹੁੰਦੇ ਨੇ ਕੋਈ ਫੈਸਲੇ ਕਰ ਲੈਣੇ, ਸੋਹਾਂ ਖਾ ਲੈਣੀਆਂ ਕਿ ਇਹ ਨਹੀਂ ਕਰਨਾ), ਹਜ਼ੂਰ ਕਹਿੰਦੇ ਨੇ ਕਿ ਜੇ ਕੋਈ ਜੀਵ ਉਹ ਵੀ ਕਰ ਲਵੇ ਤੇ ਸਾਰੇ ਅਸੂਲ ਧਾਰਣ ਕਰੇ ਤੇ ਅਨੇਕਾਂ ਹੀ ਕਰੇ, ਜਿਨ੍ਹਾਂ ਦੇ ਬੇਅੰਤ ਢੰਗ ਹਨ।

## *ਨਹੀ ਤੁਲਿ ਰਾਮ ਨਾਮ ਬੀਚਾਰ ॥*
## *ਨਾਨਕ ਗੁਰਮੁਖਿ ਨਾਮੁ ਜਪੀਐ ਇਕ ਬਾਰ ॥੧॥*

ਭਾਈ, ਇਹ ਸਾਰੇ ਰੱਲ ਕੇ ਵੀ ਰੱਬ ਜੀ ਦੇ ਨਾਮ ਦੀ ਵੀਚਾਰ ਕਰਨ (ਰੱਬ ਜੀ ਦੇ ਗੁਣ ਵੀਚਾਰਨ) ਦੀ ਬਰਾਬਰਤਾ ਨਹੀਂ ਰਖਦੇ। ਉਪਰ ਲਿਖੇ ਅਨੇਕਾਂ ਕਰਮ, ਜਿਹੜੇ ਕਰਮ ਬਹੁਤ ਕਰੜੇ ਹਨ ਤੇ ਕਰਨੇ ਬਹੁਤ ਔਖੇ ਹਨ, ਹਜ਼ੂਰ ਗਿਣ ਆਏ ਹਨ ਤੇ ਹਜ਼ੂਰ ਕਹਿੰਦੇ ਹਨ ਕਿ ਇਹ ਸਾਰੇ ਕਰਮ, ਰੱਬ ਦੇ ਨਾਮ ਦੀ ਵੀਚਾਰ ਦੀ ਬਰਾਬਰਤਾ ਨਹੀਂ ਕਰਦੇ।

ਜੇ ਕੋਈ ਆਤਮਾ ਗੁਰੂ ਦੇ ਭਾਣੇ ਵਿੱਚ ਆ ਕੇ ਇੱਕ ਵਾਰੀ ਰੱਬ ਨੂੰ ਯਾਦ ਕਰ ਲਵੇ ਤਾਂ ਉਹਦਾ ਕਰਮ ਵੱਡਾ ਹੈ। ਤੇ ਜਿੰਨੇ ਕਰਮ ਉੱਤੇ ਗਿਣੇ ਨੇ, ਜੇ ਕਿਸੇ ਨੇ ਅਨੇਕਾਂ ਕੀਤੇ ਨੇਤਾਂ ਉਹਦਾ ਫਲ ਥੋੜਾ ਹੈ। ਰੱਬ ਦਾ ਨਾਮ ਗੁਰਮੁਖਿ ਬਣ ਕੇ ਜਪਣ ਦੇ ਫਲ ਦਾ ਤਾਂ ਕੋਈ ਅੰਤ ਪਾਰ ਹੀ ਨਹੀਂ ਹੈ। ਇਹ ਵੱਡਾ ਕਰਮ ਹੈ। ਇਹ ਕਰਮ ਗੁਰੂ ਦੇ ਸਿੱਖਾਂ ਨੇ ਕਰਨਾ ਹੈ। ਕੇਵਲ ਨਾਮ ਜਪਣਾ ਹੈ। ਹੁਕਮ ਹੈ :-

**H ਨਾਨਕ ਕੈ ਘਰਿ ਕੇਵਲੁ ਨਾਮੁ ॥** (ਪੰਨਾ ੧੧੩੬)

## *ਨਉ ਖੰਡ ਪ੍ਰਿਥਮੀ ਫਿਰੈ ਚਿਰੁ ਜੀਵੈ ॥*
## *ਮਹਾ ਉਦਾਸੁ ਤਪੀਸਰੁ ਥੀਵੈ ॥*

ਜੀਵ ਸਾਰੇ ਸੰਸਾਰ ਤੇ ਰਟਨ ਕਰਦਾ ਫਿਰੇ, ਬਹੁਤ ਲੰਬੀ ਉਮਰ ਵਾਲਾ ਹੋ ਜਾਵੇ।

ਜੀਵ ਇਹ ਕਹੇ ਕਿ ਮੈਂ ਮਾਇਆ ਤੋਂ ਉਦਾਸ ਹੋ ਗਇਆ ਹਾਂ (ਮਾਇਆ ਨੂੰ ਤਿਆਗ ਕੇ ਜੰਗਲਾਂ ਵਿੱਚ ਚਲਿਆ ਗਇਆ ਹਾਂ) ਤੇ ਜੀਵ ਤਪ ਕਰੇ (ਵੱਡਾ ਤਪੀ ਹੋ ਜਾਵੇ)। ਹਜ਼ੂਰ ਉਹ ਸਭ ਸਾਧਨ ਖੰਡਨ ਕਰ ਰਹੇ ਨੇ, ਜੋ ਸਾਧਨ ਵੀ ਉਸ ਵੇਲੇ ਸੰਸਾਰ ਵਿੱਚ ਪ੍ਰਚਲਿਤ ਸਨ ਤੇ ਕੇਵਲ ਨਾਮ ਦ੍ਰਿੜ ਕਰਾ ਰਹੇ ਨੇ ਕਿ :-

**H ਕੇਵਲ ਨਾਮੁ ਜਪਹੁ ਰੇ ਪ੍ਰਾਨੀ ਪਰਹੁ ਏਕ ਕੀ ਸਰਨਾਂ ॥** (ਪੰਨਾ ੬੯੨)

ਇਹ ਸਾਧਨ ਅਸੀਂ ਅਪਨਾਉਣਾ ਹੈ।

## *ਅਗਨਿ ਮਾਹਿ ਹੋਮਤ ਪਰਾਨ ॥*
## *ਕਨਿਕ ਅਸ੍ਵ ਹੈਵਰ ਭੂਮਿ ਦਾਨ ॥*

ਆਪਣੇ ਪ੍ਰਾਣਾਂ ਤਕ ਦੀ ਆਹੂਤੀ ਦੇ ਦੇਵੇ (ਆਪਣਾ ਸਰੀਰ ਅਗਨੀ ਵਿੱਚ ਸਾੜ ਦੇਵੇ)।
ਸੋਨਾ ਦਾਨ ਕਰ ਦੇਵੇ, ਘੋੜੇ ਦਾਨ ਕਰ ਦੇਵੇ, ਹਾਥੀ ਦਾਨ ਕਰ ਦੇਵੇ, ਜਮੀਨਾਂ ਦਾਨ ਕਰ ਦੇਵੇ।

## *ਨਿਉਲੀ ਕਰਮ ਕਰੈ ਬਹੁ ਆਸਨ ॥*
## *ਜੈਨ ਮਾਰਗ ਸੰਜਮ ਅਤਿ ਸਾਧਨ ॥*

ਯੋਗਾ ਦੇ ਕਰਮ ਕਰੇ, ਅਨੇਕਾਂ ਹੀ ਆਸਨ ਲਾ ਲਵੇ, ਨਿਉਲੀ ਕਰਮ (ਜੋ ਪੇਟ ਨੂੰ ਰਿੜਕਨ ਲਈ ਯੋਗਾ ਵਿੱਚ ਇੱਕ ਆਸਨ ਹੈ) ਕਰ ਲਵੇ।

ਜੋ ਜੈਨੀਆਂ ਦੇ ਰਸਤੇ ਹਨ ਤੇ ਜੋ ਸੰਜਮ ਉਹ ਦਸਦੇ ਹਨ ਤੇ ਅਨੇਕਾਂ ਸਾਧਨ ਉਹ ਦਸਦੇ ਨੇ, ਹਜ਼ੂਰ ਕਹਿੰਦੇ ਨੇ ਕਿ ਜੇ ਕੋਈ ਜੀਵ ਉਹ ਸਾਰਿਆਂ ਦੇ ਸਾਰੇ ਕਰ ਲਵੇ।

***ਨਿਮਖ ਨਿਮਖ ਕਰਿ ਸਰੀਰੁ ਕਟਾਵੈ ॥***

***ਤਉ ਭੀ ਹਉਮੈ ਮੈਲੁ ਨ ਜਾਵੈ ॥***

ਇਨ੍ਹਾਂ ਹੱਠ ਕਰੇ ਕਿ ਆਪਣੇ ਸਰੀਰ ਨੂੰ ਟੋਟੇ ਟੋਟੇ ਕਰ ਦੇ ਕੀਮਾ ਕਰਵਾ ਦੇਵੇ। ਇਨ੍ਹਾਂ ਸਾਰੇ ਕਰਮਾਂ ਨਾਲ, ਜਿਹੜੇ ਕਰਮ ਹਜ਼ੂਰ ਉੱਤੇ ਗਿਣ ਆਏ ਨੇ ਤੇ ਜਿਹੜੇ ਕਰਮ ਕਰਨੇ ਬਹੁਤ ਹੀ ਔਖੇ ਨੇ, ਹਜ਼ੂਰ ਕਹਿੰਦੇ ਨੇ ਕਿ ਇਨ੍ਹਾਂ ਕਰਮਾਂ ਦੇ ਕਰਨ ਨਾਲ ਹਉਮੈ ਦੀ ਮੈਲ ਕਦੀ ਦੂਰ ਨਹੀਂ ਹੋ ਸਕਦੀ। ਸੰਸਾਰ ਵਿੱਚ ਜਿੰਨੇ ਵੀ ਸਾਧਨ ਪ੍ਰਚਲਿਤ ਸੀ, ਉਨ੍ਹਾਂ ਸਾਰੇ ਸਾਧਨਾਂ ਨੂੰ ਹਜ਼ੂਰ ਖੰਡਨ ਕਰ ਰਹੇ ਨੇ।

***ਹਰਿ ਕੇ ਨਾਮ ਸਮਸਰਿ ਕਛੁ ਨਾਹਿ ॥***

***ਨਾਨਕ ਗੁਰਮੁਖਿ ਨਾਮੁ ਜਪਤ ਗਤਿ ਪਾਹਿ ॥੨॥***

ਹਰੀ ਦੇ ਨਾਮ ਦੀ ਬਰਾਬਰਤਾ ਕੋਈ ਕਰਮ ਵੀ ਨਹੀਂ ਰਖਦਾ ਦੇ ਸਾਰੇ ਕਰਮ ਰੱਲ ਕੇ ਵੀ ਹਰੀ ਨਾਮ ਦੀ ਬਰਾਬਰਤਾ ਨਹੀਂ ਰਖਦੇ।

ਹੇ ਨਾਨਕ, ਜੋ ਗੁਰਮੁਖਿ ਹਨ (ਜੋ ਗੁਰੂ ਦੇ ਸਿੱਖ ਬਣਦੇ ਹਨ), ਉਹ ਕੇਵਲ ਨਾਮ ਜਪਦੇ ਹਨ ਤੇ ਨਾਮ ਜਪ ਕੇ ਉਨ੍ਹਾਂ ਨੂੰ ਗਤੀ ਪ੍ਰਾਪਤ ਹੁੰਦੀ ਹੈ। ਉਪਰ ਗਿਣੇ ਕੋਈ ਕਰਮ ਵੀ ਕਰਨ ਦੀ ਲੋੜ ਨਹੀਂ ਤੇ ਜੇ ਕੋਈ ਜੀਵ ਕਰਦਾ ਹੈ ਤਾਂ ਉਹ ਗੁਰੂ ਦੇ ਭਾਣੇ ਦੇ ਉਲਟ ਚਲ ਰਹਿਆ ਹੈ (ਆਪਣੀ ਮਰਜ਼ੀ ਅਨੁਸਾਰ ਚਲ ਰਹਿਆ ਹੈ)। ਗੁਰੂ ਦੇ ਭਾਣੇ (ਖਾਤੇ) ਵਿੱਚ ਉਹ
ਗੱਲਾਂ ਨਹੀਂ ਪੈਂਦੀਆਂ। ਕੇਵਲ ਨਾਮ ਜਪਨਾ ਹੈ। ਕੇਵਲ ਨਾਮ ਨਾਲ ਜੀਵ ਨੇ ਤਰਨਾ ਹੈ, ਹੋਰ ਕੋਈ ਸਾਧਨ ਨਹੀਂ ਹੈ।

***ਮਨ ਕਾਮਨਾ ਤੀਰਥ ਦੇਹ ਛੁਟੈ ॥***

***ਗਰਬੁ ਗੁਮਾਨੁ ਨ ਮਨ ਤੇ ਹੁਟੈ ॥***

ਕਿਸੇ ਦੀ ਮੌਤ ਐਸੇ ਤੀਰਥ ਤੇ ਹੋਵੇ ਜਿੱਥੇ ਉਹ ਚਾਹੁੰਦਾ ਹੋਵੇ (ਕਿ ਉਸ ਤੀਰਥ ਤੇ ਮਰਨ ਨਾਲ ਇਹ ਮਿਲਦੇ ਨੇ)। ਕਿਉਂਕਿ ਹਿੰਦੂ ਮੱਤ ਵਿੱਚ ਅਨੇਕਾਂ ਤੀਰਥ ਨੇ, ਜਿਨ੍ਹਾਂ ਦਾ ਮੁਕੱਰਰ ਕੀਤਾ ਹੋਇਆ ਹੈ ਕਿ ਇੱਥੇ ਜੇ ਜੀਵ ਅਖੀਰ ਤੇ ਪ੍ਰਾਣ ਤਿਆਗੇਗਾ ਤਾਂ ਉਹਨੂੰ ਐਸੇ ਸੁੱਖ ਸਾਧਨ ਜਾਂ ਐਸੀ ਅਵਸਥਾ ਅੱਗੇ ਮਿਲ ਜਾਏਗੀ। ਹਜ਼ੂਰ ਕਹਿੰਦੇ ਨੇ ਕਿ ਜਿਹੜੇ ਮਰਜ਼ੀ ਤੀਰਥ ਤੇ ਜਾ ਕੇ ਦੇਹ ਤਿਆਗ ਦੇਵੇ (ਜਿੱਥੇ ਉਹਨੂੰ ਚੰਗਾ ਲਗਦਾ ਹੈ), ਕੱਖ ਨਹੀਂ ਬਣਦਾ।

ਉਸ ਦੀ ਹਉਮੈ ਕਦੀ ਨਹੀਂ ਹੱਟ ਸਕਦੀ, ਇਸ ਕਰਮ ਨੂੰ ਕਰਨ ਕਰਕੇ।

***ਸੋਚ ਕਰੈ ਦਿਨਸੁ ਅਰੁ ਰਾਤਿ ॥***

***ਮਨ ਕੀ ਮੈਲੁ ਨ ਤਨ ਤੇ ਜਾਤਿ ॥***

ਜੇ ਕੋਈ ਦਿਨ ਰਾਤ ਪਵਿੱਤ੍ਰ ਸਥਾਨਾਂ (ਤੀਰਥਾਂ) ਤੇ ਪਵਿੱਤ੍ਰ ਜਲ ਵਿੱਚ ਇਸ਼ਨਾਨ ਹੀ ਕਰਦਾ ਰਹੇ, ਹਜ਼ੂਰ ਕਹਿੰਦੇ ਨੇ ਕਿ ਤਾਂ ਵੀ ਕੱਖ ਨਹੀਂ ਬਣਦਾ।

ਜੋ ਮਨ ਨੂੰ ਹਉਮੈ ਦੀ ਮੈਲ ਲੱਗੀ ਹੋਈ ਹੈ, ਉਹ ਮੈਲ ਸਰੀਰ ਸਾਫ ਕੀਤਿਆਂ ਦੂਰ ਨਹੀਂ ਹੁੰਦੀ।

***ਇਸੁ ਦੇਹੀ ਕਉ ਬਹੁ ਸਾਧਨਾ ਕਰੈ ॥***

***ਮਨ ਤੇ ਕਬਹੂ ਨ ਬਿਖਿਆ ਟਰੈ ॥***

ਦੇਹੀ ਦੇ ਅਨੇਕਾਂ ਸਾਧਨ ਕਰੇ, ਜਿਨ੍ਹਾਂ ਨਾਲ ਉਹ ਸਮਝੇ ਕਿ ਮੇਰਾ ਮਨ ਤੇ ਤਨ ਸੁਖੀ ਹੋ ਜਾਏਗਾ। ਜੇਹੋ ਜੇਹੇ ਮਰਜ਼ੀ ਕਰ ਲਵੇ, ਜੇਹੋ ਜੇਹੇ ਕੋਲੋਂ ਮਰਜ਼ੀ ਸਿਖਿਆ ਲੈ ਕੇ ਕਰ ਲਵੇ, ਹਜ਼ੂਰ ਕਹਿੰਦੇ ਨੇ ਕਿ ਇਨ੍ਹਾਂ ਨਾਲ ਕਦੀ ਫਾਇਦਾ ਨਹੀਂ ਹੋਵੇਗਾ।

ਜੋ ਮਾਇਆ ਦੀ ਜ਼ਹਿਰ ਹੈ, ਇਹ ਮਨ ਵਿੱਚੋਂ, ਹੋਰ ਕਿਸੇ ਵੀ ਸਾਧਨ ਨਾਲ ਕਦੀ ਦੂਰ ਹੋ ਹੀ ਨਹੀਂ ਸਕਦੀ।

***ਜਲਿ ਧੋਵੈ ਬਹੁ ਦੇਹ ਅਨੀਤਿ ॥***

***ਸੁਧ ਕਹਾ ਹੋਇ ਕਾਚੀ ਭੀਤਿ ॥***

ਜੋ ਦੇਹ ਅਨੀਤ ਹੈ (ਨਾ ਰਹਿਣ ਵਾਲੀ ਹੈ, ਨਿਤ ਨਹੀਂ ਹੈ, ਸਦੀਵੀ ਨਹੀਂ ਹੈ), ਇਸ ਦੇਹ ਨੂੰ ਜਲ ਨਾਲ ਜਿੰਨਿਆ ਢੰਗਾਂ ਨਾਲ ਮਰਜ਼ੀ ਧੋਵੇ।

ਭਾਈ, ਕੱਚੀ ਮਿੱਟੀ ਦੀ ਕੰਧ ਕਿਵੇਂ ਸਾਫ ਹੋ ਜਾਵੇਗੀ, ਜੇ ਤੁਸੀਂ ਉਸ ਨੂੰ ਧੋਵੋਗੇ। ਉਹ ਤਾਂ ਖੁਰ ਸਕਦੀ ਹੈ (ਖਤਮ ਹੋ ਸਕਦੀ ਹੈ) ਸਾਫ ਨਹੀਂ ਹੋ ਸਕਦੀ।

***ਮਨ ਹਰਿ ਕੇ ਨਾਮ ਕੀ ਮਹਿਮਾ ਊਚ ॥***
***ਨਾਨਕ ਨਾਮਿ ਉਧਰੇ ਪਤਿਤ ਬਹੁ ਮੂਚ ॥ ੩ ॥***

ਹੇ ਮਨਾਂ, ਹਰੀ ਦੇ ਨਾਮ ਦੀ ਸੋਭਾ ਹੀ ਸਭ ਤੋਂ ਉੱਚੀ ਹੈ। ਏਹੀ ਸਭ ਤੋਂ ਉੱਤਮ ਕਰਮ ਹੈ। ਏਹ ਕਰਮ ਕਰਨਾ ਹੈ ਕਿ ਹਰੀ ਨਾਮ ਦਾ ਗੁਣਵਾਦ ਕਰਨਾ ਹੈ (ਹਰੀ ਦੇ ਗੁਣ ਗਾਉਣੇ ਹਨ)।

ਹੇ ਨਾਨਕ, ਵੱਡੇ ਵੱਡੇ ਪਾਪੀ ਨਾਮ ਜਪਣ ਕਰਕੇ ਤਰ ਗਏ। ਮਨਾਂ, ਤੂੰ ਵੀ ਇਸ ਤਰਾਂ ਹੀ ਤਰੇਂਗਾ। ਜੋ ਉਪਰ ਗਿਣੇ ਗਏ ਕਰਮ ਨੇ, ਉਨ੍ਹਾਂ ਨਾਲ ਕਦੀ ਤਰ ਨਹੀਂ ਸਕਦਾ।

***ਬਹੁਤੁ ਸਿਆਣਪ ਜਮ ਕਾ ਭਉ ਬਿਆਪੈ ॥***
***ਅਨਿਕ ਜਤਨ ਕਰਿ ਤ੍ਰਿਸਨ ਨਾ ਧ੍ਰਾਪੈ ॥***

ਜੇ ਤੂੰ ਬਹੁਤ ਅਕਲ ਇਕੱਠੀ ਕਰ ਲਵੇਂਗਾ ਤਾਂ ਵੀ ਭਾਈ ਜਮਾਂ ਦਾ ਡਰ ਨਾਸ ਨਹੀਂ ਹੋਏਗਾ। ਤੈਨੂੰ ਜਮਾਂ ਕੋਲੋਂ ਡਰ ਲਗਦਾ ਹੀ ਰਹੇਗਾ, ਭਾਵੇਂ ਜਿਨ੍ਹਾਂ ਮਰਜ਼ੀ ਗਿਆਨ ਇੱਕਠਾ ਕਰ ਲੈ।

ਤ੍ਰਿਸ਼ਨਾ ਕਦੀ ਹੱਟ ਹੀ ਨਹੀਂ ਸਕਦੀ, ਤੂੰ ਅਨੇਕਾਂ ਯਤਨ ਹੋਰ ਕਰ ਲੈ। ਜਿਹੜੇ ਉਪਰ ਗਿਣ ਦਿੱਤੇ, ਉਹ ਵੀ ਕਰ ਲੈ ਤੇ ਜਿਹੜੇ ਅਜੇ ਨਹੀਂ ਗਿਣੇ, ਉਹ ਵੀ ਕਰ ਲੈ। ਹਜ਼ੂਰ ਕਹਿੰਦੇ ਨੇ ਕਿ ਉਨ੍ਹਾਂ ਯਤਨਾਂ ਨਾਲ ਤ੍ਰਿਸ਼ਨਾ ਦੂਰ ਨਹੀਂ ਹੋਊ।

***ਭੇਖ ਅਨੇਕ ਅਗਨਿ ਨਹੀ ਬੁਝੈ ॥***
***ਕੋਟਿ ਉਪਾਵ ਦਰਗਹ ਨਹੀ ਸਿਝੈ ॥***

ਤੂੰ ਅਨੇਕਾਂ ਭੇਖ (ਪਹਿਰਾਵੇ) ਬਣਾ ਲੈ। ਜੇਹੇ ਜੇਹਾ ਮਰਜ਼ੀ ਪਹਿਰਾਵਾ ਤੂੰ ਧਾਰਣ
ਕਰ ਲੈ, ਕਿ ਇਸ ਪਹਿਰਾਵੇ ਨਾਲ ਸ਼ਾਇਦ ਕੁਛ ਬਣ ਜਾਵੇ। ਹਜ਼ੂਰ ਕਹਿੰਦੇ ਨੇ ਕਿ ਇਨ੍ਹਾਂ ਨਾਲ ਕੱਖ ਵੀ ਨਹੀਂ ਬਣਨਾ। ਕੋਈ ਵੀ ਪਹਿਰਾਵਾ ਪਾਉਣ ਨਾਲ ਇਹ ਤ੍ਰਿਸ਼ਨਾ ਦੀ ਅਗਨੀ ਨਹੀਂ ਬੁਝੇਗੀ।

ਤੂੰ ਕਰੋੜਾਂ ਹੋਰ ਯਤਨ ਕਰ ਲੈ। ਇਕ ਨਾਮ ਤੋਂ ਬਗੈਰ ਹੋਰ ਜਿੰਨੇ ਵੀ ਯਤਨ ਨੇ, ਤੂੰ ਉਹ ਕਰੋੜਾ ਕਰ ਲੈ। ਤੂੰ ਦਰਗਾਹ ਵਿੱਚ ਕਬੂਲ ਨਹੀਂ ਹੋ ਸਕਦਾ।

***ਛੂਟਸਿ ਨਾਹੀ ਊਭ ਪਇਆਲਿ ॥***
***ਮੋਹਿ ਬਿਆਪਹਿ ਮਾਇਆ ਜਾਲਿ ॥***

ਹਜ਼ੂਰ ਕਹਿੰਦੇ ਨੇ ਕਿ ਇਹ ਬਿਰਤੀ ਭਾਵੇਂ ਅਸਮਾਨੇ ਚਲੀ ਜਾਵੇ, ਭਾਵੇਂ ਪਾਤਾਲ ਵਿੱਚ ਜਾਵੇ, ਇਹ ਛੁੱਟ ਨਹੀਂ ਸਕਦੀ। ਕਿਸੇ ਥਾਂ ਤੇ ਵੀ ਇਹ ਚੀਜ਼ਾਂ ਤੈਨੂੰ ਨਹੀਂ ਛੁਡਾ ਸਕਦੀਆਂ। ਜਿੱਥੇ ਵੀ ਤੂੰ ਹੈ ਮਨਾਂ, ਜੇ ਤੂੰ ਹਰੀ ਨਾਮ ਵਿੱਚ ਜਾਵੇਂਗਾ ਤਾਂ ਉਹੀ ਤੈਨੂੰ ਛੁਡਾਏਗਾ।

ਆਤਮਾ ਮਾਇਆ ਦੇ ਮੋਹ ਦੇ ਜਾਲ ਵਿੱਚ ਫਸੀ ਰਹਿੰਦੀ ਹੈ ਤੇ ਉਹ ਮੋਹ ਹੀ ਇਹਨੂੰ ਹਮੇਸ਼ਾ ਵਿਆਪਦਾ ਹੈ। ਇਹ ਸਾਧਨ ਨਹੀਂ ਛੁਡਾ ਸਕਦੇ।

***ਅਵਰ ਕਰਤੂਤਿ ਸਗਲੀ ਜਮੁ ਡਾਨੈ ॥***
***ਗੋਵਿੰਦ ਭਜਨ ਬਿਨੁ ਤਿਲੁ ਨਹੀ ਮਾਨੈ ॥***

ਹਜ਼ੂਰ ਕਹਿੰਦੇ ਨੇ ਕਿ ਜਿੰਨੇ ਕੰਮ ਮੈਂ ਉਪਰ ਗਿਣ ਦਿੱਤੇ, ਉਹ ਵੀ ਤੇ ਉਨ੍ਹਾਂ ਤੋਂ ਫਾਲਤੂ ਕੋਈ ਹੋਰ ਵੀ। 'ਕਰਤੂਤ' ਹੁੰਦਾ ਹੈ ਉਹ ਕਰਮ, ਜਿਸ ਨੂੰ ਸੰਸਾਰ ਵੱਡਾ ਤੇ ਚੰਗਾ ਕਰਮ ਮੰਨਦਾ ਹੋਵੇ। ਹਜ਼ੂਰ ਕਹਿੰਦੇ ਨੇ ਕਿ ਜੇ ਕੋਈ ਉਹ ਵੀ ਕਰ ਲਵੇ ਤੇ ਜਿੰਨੇ ਮਰਜ਼ੀ ਕਰ ਲਵੇ, ਜਮ ਸਭ ਤੇ ਸਜ਼ਾ (ਦੰਡ) ਹੀ ਲਾਉਂਦਾ ਹੇ।

ਜੇ ਆਤਮਾ ਰੱਬ ਜੀ ਦਾ ਭਜਨ ਕਰ ਕੇ ਨਾ ਜਾਵੇ ਤਾਂ ਜਮ ਬਿਲਕੁਲ ਨਹੀਂ ਮੰਨਦਾ। ਉਹ ਹੋਰ ਸਭ ਕਰਮਾਂ ਤੇ ਸਜ਼ਾ ਲਾਉਂਦਾ ਹੈ।

***ਹਰਿ ਕਾ ਨਾਮੁ ਜਪਤ ਦੁਖੁ ਜਾਇ ॥***
***ਨਾਨਕ ਬੋਲੈ ਸਹਜਿ ਸੁਭਾਇ ॥ ੪ ॥***

ਜੇ ਕੋਈ ਆਤਮਾ ਹਰੀ ਦਾ ਨਾਮ ਜਪਣ ਲੱਗ ਜਾਵੇ, ਤਾਂ ਉਸ ਆਤਮਾ ਦਾ ਹੀ ਹਉਮੈ ਦਾ ਦੁੱਖ ਦੂਰ ਹੁੰਦਾ ਹੈ। ਹੋਰ ਕੋਈ ਢੰਗ ਤਰੀਕਾ ਨਹੀਂ ਹੈ।

ਨਾਨਕ ਇਹ ਸਿਧਾਂਤ ਸਹਿਜ ਅਵਸਥਾ ਵਿੱਚ (ਪ੍ਰੇਮ ਸਹਿਤ) ਸੰਸਾਰ ਨੂੰ ਦਸਦਾ ਹੈ। ਕੋਈ ਧਾਰਮਿਕ ਜੋਸ਼ ਵਿੱਚ ਆ ਕੇ ਨਹੀਂ ਕਹਿ ਰਹਿਆ ਕਿ ਇਸ ਤਰਾਂ ਹੈ। ਇਹ ਤਾਂ ਸਹਿਜ ਸੁਭਾਅ ਹਜ਼ੂਰ ਦੱਸ ਰਹੇ ਨੇ ਕਿ ਕੇਵਲ ਇਕ ਇਲਾਜ ਨਾਮ ਹੈ। ਨਾਮ ਦੇ ਜਪਣ ਨਾਲ ਹੀ ਹਉਮੈ ਦਾ ਦੁੱਖ ਦੂਰ ਹੁੰਦਾ ਹੈ। ਹੋਰ ਕਿਸੇ ਵੀ ਸਾਧਨ ਨਾਲ ਹਉਮੈ ਦਾ ਦੁੱਖ ਦੂਰ ਨਹੀਂ ਹੁੰਦਾ।

## *ਚਾਰਿ ਪਦਾਰਥ ਜੇ ਕੋ ਮਾਗੈ ॥*
## *ਸਾਧ ਜਨਾ ਕੀ ਸੇਵਾ ਲਾਗੈ ॥*

ਸੰਸਾਰ ਨੇ ਚਾਰ ਵੱਡੀਆਂ ਪ੍ਰਾਪਤੀਆਂ ਮੰਨੀਆਂ ਹੋਈਆਂ ਨੇ – ਧਰਮ, ਅਰਥ, ਕਾਮ, ਮੋਕਸ਼। ਹਜ਼ੂਰ ਕਹਿੰਦੇ ਨੇ ਕਿ ਜੇ ਕਿਸੇ ਨੂੰ ਚਾਰੇ ਪਦਾਰਥ ਹੀ ਚਾਹੀਦੇ ਹੋਣ (ਕਿ ਮੈਨੂੰ ਚਾਰੇ ਹੀ ਪ੍ਰਾਪਤ ਹੋ ਜਾਣ) ਤਾਂ ਉਹ ਕੀ ਕਰੇ ?

ਭਾਈ, ਸਾਧੂ ਦੀ ਸੇਵਾ ਕਰੇ। ਸਾਧੂ ਦੀ ਸੇਵਾ ਸਾਧੂ ਦਾ ਹੁਕਮ ਮੰਨਣਾ ਹੁੰਦਾ ਹੈ। ਸਾਧੂ ਦਾ ਹੁਕਮ ਏਹੀ ਹੁੰਦਾ ਹੈ ਜੋ ਗੁਰਬਾਣੀ ਵਿੱਚ ਲਿਖਿਆ ਹੈ। ਕਿਉਂਕਿ ਏਹ ਹੁਕਮ ਸੰਤਾਂ, ਸਾਧੂਆਂ, ਗੁਰਮੁਖਾਂ, ਗੁਰੂ ਮਹਾਰਾਜ ਨੂੰ ਹੀ ਆਇਆ ਹੈ। ਏਹੀ ਹੁਕਮ ਸਾਧੂ ਦਾ ਹੁੰਦਾ ਹੈ। ਸਾਧੂ ਦਾ ਹੁਕਮ ਮੰਨਣਾ ਪੈਂਦਾ ਹੈ, ਤਾਂ ਸਭ ਕੁੱਝ ਪ੍ਰਾਪਤ ਹੁੰਦਾ ਹੈ।

## *ਜੇ ਕੋ ਆਪੁਨਾ ਦੂਖੁ ਮਿਟਾਵੈ ॥*
## *ਹਰਿ ਹਰਿ ਨਾਮੁ ਰਿਦੈ ਸਦ ਗਾਵੈ ॥*

ਜੇ ਕੋਈ ਆਪਣਾ ਹਉਮੈ ਦਾ ਦੁੱਖ ਦੂਰ ਕਰਨਾ ਚਾਹੁੰਦਾ ਹੈ ਤਾਂ ਕੀ ਕਰੇ ?

ਹਰੀ ਨਾਮ ਨੂੰ ਹਿਰਦੇ ਵਿੱਚ ਸਦਾ ਸਦਾ ਗਾਵੇ। ਗੁਣ ਗਾਉਣ ਲੱਗ ਜਾਵੇ ਪ੍ਰਭੂ ਦੇ ਤੇ ਉਹ ਗੁਣ ਗਾਉਣੇ ਲਗਾਤਾਰੀ ਹੋ ਜਾਣ। ਹੁਕਮ ਹੈ :-

**H ਆਠ ਪਹਰ ਹਰਿ ਕੇ ਗੁਣ ਗਾਵੈ ਸਿਮਰੈ ਦੀਨ ਦੈਆਲਾ ॥**
**ਆਪਿ ਤਰੈ ਸੰਗਤਿ ਸਭ ਉਧਰੈ ਬਿਨਸੇ ਸਗਲ ਜੰਜਾਲਾ ॥ (ਪੰਨਾ ੫੦੩)**

ਸੋ ਗੁਣ ਗਾਉਣ ਦਾ ਸਾਧਨ ਹਜ਼ੂਰ ਗੁਰੂ ਪਾਤਸ਼ਾਹ ਸਾਨੂੰ ਦ੍ਰਿੜ ਕਰਵਾ ਰਹੇ ਨੇ ਕਿ ਹਰੀ ਦੇ ਨਾਮ ਦੇ ਗੁਣ ਹਿਰਦੇ ਵਿੱਚ ਸਦਾ ਸਦਾ ਗਾਵੇ, ਤਾਂ ਇਹ ਹਉਮੈ ਦਾ ਦੁੱਖ ਦੂਰ ਹੁੰਦਾ ਹੈ।

## *ਜੇ ਕੋ ਅਪੁਨੀ ਸੋਭਾ ਲੋਰੈ ॥*
## *ਸਾਧਸੰਗਿ ਇਹ ਹਉਮੈ ਛੋਰੈ ॥*

ਜੇ ਕਿਸੇ ਨੂੰ ਆਪਣੀ ਸੋਭਾ (ਵਡਿਆਈ) ਚਾਹੀਦੀ ਹੋਵੇ ਤਾਂ ਉਹ ਕੀ ਕਰੇ ?

ਸਾਧੂ ਦੀ ਸੰਗਤਿ ਵਿੱਚ ਰਹੇ ਤੇ ਹਉਮੈ ਦਾ ਤਿਆਗ ਕਰੇ। ਹਉਮੈ ਦਾ ਤਿਆਗ ਸਾਧੂ ਦੀ ਸੰਗਤਿ ਵਿੱਚ ਤਾਂ ਹੀ ਹੁੰਦਾ ਹੈ, ਜੇ ਉਹ ਢੰਗ (ਤਰੀਕਾ) ਅਪਨਾਵੇ, ਜੋ ਸਾਧੂ ਦੱਸਦਾ ਹੈ (ਰੱਬ ਦੇ ਗੁਣ ਗਾਉਣ ਦਾ)। ਉਹ ਢੰਗ ਅਪਨਾ ਕੇ ਹੀ (ਭਾਵ, ਰੱਬ ਦੇ ਗੁਣ ਗਾ ਕੇ ਹੀ) ਹਉਮੈ ਦੂਰ ਹੁੰਦੀ ਹੈ। ਵੈਸੇ ਇਹ (ਹਉਮੈ) ਛੱਡੀ ਨਹੀਂ ਜਾ ਸਕਦੀ। ਕਿਉਂਕਿ ਹੁਕਮ ਹੈ :-

**H ਮਨ ਤੇ ਧੋਖਾ ਤਾ ਲਹੈ ਜਾ ਸਿਫਤਿ ਕਰੀ ਅਰਦਾਸਿ ॥ (ਪੰਨਾ ੫੫੭)**

ਹੋਰ ਕੋਈ ਸਾਧਨ ਹੈ ਹੀ ਨਹੀਂ। ਤੇ ਗੁਰਮੁਖਿ ਦੀ ਸੰਗਤਿ ਵਿੱਚ ਹੀ ਇਹ ਸਾਧਨ
ਦ੍ਰਿੜ ਹੁੰਦਾ ਹੈ। ਭਾਈ, ਜੇ ਤੈਨੂੰ ਸੋਭਾ ਚਾਹੀਦੀ ਹੈ ਤਾਂ ਤੂੰ ਸਾਧੂ ਦੀ ਸੰਗਤਿ ਵਿੱਚ ਜਾ ਕੇ ਆਪਣੀ ਹਉਮੈ ਦੂਰ ਕਰ, ਉੱਥੇ ਗੁਣ ਗਾ ਪ੍ਰਭੂ ਦੇ ਤੇ ਪ੍ਰਭੂ ਅੱਗੇ ਬੇਨਤੀਆਂ ਕਰ।ਤੇਰੀ ਹਉਮੈ ਨਾਸ ਹੋਵੇਗੀ, ਤਾਂ ਤੈਨੂੰ ਵੀ ਸੋਭਾ ਮਿਲ ਜਾਏਗੀ।

## *ਜੇ ਕੋ ਜਨਮ ਮਰਣ ਤੇ ਡਰੈ ॥*
## *ਸਾਧ ਜਨਾ ਕੀ ਸਰਨੀ ਪਰੈ ॥*

ਜੇ ਕਿਸੇ ਨੂੰ ਆਵਾਗਮਨ ਤੋਂ ਬਹੁਤ ਡਰ ਲਗਦਾ ਹੋਵੇ ਤਾਂ ਉਹ ਕੀ ਕਰੇ ?

ਉਹ ਜਾ ਕੇ ਸਾਧੂ ਦੀ ਸ਼ਰਨ ਪ੍ਰਾਪਤ ਕਰ ਲਵੇ। ਉਸ ਦਾ ਆਵਾਗਮਨ ਕੱਟਿਆ ਜਾਏਗਾ ਤੇ ਉਸ ਦਾ ਡਰ ਨਾਸ਼ ਹੋ ਜਾਏਗਾ।

## *ਜਿਸੁ ਜਨ ਕਉ ਪ੍ਰਭ ਦਰਸ ਪਿਆਸਾ ॥*
## *ਨਾਨਕ ਤਾ ਕੈ ਬਲਿ ਬਲਿ ਜਾਸਾ ॥ ੫ ॥*

ਜੇ ਕਿਸੇ ਆਤਮਾ ਦੇ ਮਨ ਵਿੱਚ ਇਹ ਰੀਝ ਪੈਦਾ ਹੋ ਜਾਵੇ ਕਿ ਮੈਨੂੰ ਪ੍ਰਭੂ ਦੇ ਦਰਸ਼ਨ ਹੋਣ ਤਾਂ ਇਹ ਬਹੁਤ ਵੱਡੀ (ਚੰਗੀ, ਭਲੀ) ਰੀਝ ਹੈ। ਇਹ ਰੀਝ ਮਨ ਵਿੱਚ ਪੈਦਾ ਕਰਨੀ ਹੈ।

ਹੇ ਨਾਨਕ, ਉਸ ਤੋਂ ਬਲਿਹਾਰ ਜਾਦਾ ਹੈ, ਜਿਸ ਆਤਮਾ ਦੇ ਮਨ ਵਿੱਚ ਪ੍ਰਭੂ ਦਰਸ਼ਨ ਦੀ ਰੀਝ ਪੈਦਾ ਹੋ ਗਈ ਹੈ।

***ਸਗਲ ਪੁਰਖ ਮਹਿ ਪੁਰਖੁ ਪ੍ਰਧਾਨੁ ॥***

***ਸਾਧਸੰਗਿ ਜਾ ਕਾ ਮਿਟੈ ਅਭਿਮਾਨੁ ॥***

ਜੀਵਾਂ ਵਿੱਚੋਂ ਪ੍ਰਧਾਨ (ਸਭ ਤੋਂ ਉੱਤਮ) ਜੀਵ ਉਹੀ ਹੈ,

ਸਾਧੂ ਦੀ ਸੰਗਤਿ ਵਿੱਚ ਜਾ ਕੇ ਜੋ ਆਪਣੀ ਹਉਮੈ ਨੂੰ ਨਾਸ ਕਰ ਲਵੇ, ਉਹ ਸਭ ਤੋਂ ਵੱਡਾ ਵਿਅਕਤੀ ਹੈ।

***ਆਪਸ ਕਉ ਜੋ ਜਾਣੈ ਨੀਚਾ ॥***

***ਸੋਊ ਗਨੀਐ ਸਭ ਤੇ ਊਚਾ ॥***

ਜੋ ਅਪਨੇ ਆਪ ਨੂੰ ਨੀਵਾਂ ਸਮਝੇ,

ਅਸਲ ਵਿੱਚ ਸਭ ਤੋਂ ਵੱਡਾ ਉਹੀ ਹੁੰਦਾ ਹੈ, ਜੋ ਨਿਮਰਤਾ ਵਿੱਚ ਹੁੰਦਾ ਹੈ।

***ਜਾ ਕਾ ਮਨੁ ਹੋਇ ਸਗਲ ਕੀ ਰੀਨਾ ॥***

***ਹਰਿ ਹਰਿ ਨਾਮੁ ਤਿਨਿ ਘਟਿ ਘਟਿ ਚੀਨਾ ॥***

ਜਿਹੜਾ ਦਿਲੋਂ ਸਭ ਦੀ ਚਰਨ ਧੂੜ ਹੋਇਆ ਰਹਿੰਦਾ ਹੈ,

ਉਹਨੂੰ ਹੀ ਹਰੀ ਨਾਮ ਹਰ ਹਿਰਦੇ ਵਿੱਚ ਵਿਆਪਕ ਪ੍ਰਗਟ ਰੂਪ ਵਿੱਚ ਅਨੁਭਵ ਵਿੱਚ ਆਉਂਦਾ ਹੈ।

***ਮਨ ਅਪੁਨੇ ਤੇ ਬੁਰਾ ਮਿਟਾਨਾ ॥***

***ਪੇਖੈ ਸਗਲ ਸ੍ਰਿਸਟਿ ਸਾਜਨਾ ॥***

ਜੋ ਆਪਣੇ ਮਨ ਵਿੱਚੋਂ ਹੀ ਭੈੜੀ ਸੋਚ ਨੂੰ ਦੂਰ ਕਰ ਲੈਂਦਾ ਹੈ,

ਉਸ ਨੂੰ ਸਾਰੀ ਸ੍ਰਿਸ਼ਟੀ ਮਿਤ੍ਰ ਹੀ ਲਗਦੀ ਹੈ ਕਿਉਂਕਿ ਉਸ ਦਾ ਮੰਦ ਭਾਵ ਸਭ ਪਰਥਾਏ ਖਤਮ ਹੋ ਜਾਂਦਾ ਹੈ।

***ਸੂਖ ਦੂਖ ਜਨ ਸਮ ਦ੍ਰਿਸਟੇਤਾ ॥***

***ਨਾਨਕ ਪਾਪ ਪੁੰਨ ਨਹੀ ਲੇਪਾ ॥ ੬ ॥***

ਜੋ ਰੱਬ ਜੀ ਦਾ ਸੇਵਕ ਹੈ, ਉਹ ਦੁੱਖ ਨੂੰ ਤੇ ਸੁੱਖ ਨੂੰ ਬਰਾਬਰ ਕਰ ਕੇ ਮੰਨਦਾ ਹੈ, ਹੇ ਨਾਨਕ, ਉਹ ਆਤਮਾ ਪਾਪ ਤੇ ਪੁੰਨ ਵਿੱਚ ਲਪਾਇਮਾਨ ਨਹੀਂ ਹੁੰਦੀ। ਉਹ ਆਤਮਾ ਪ੍ਰਭੂ ਨਾਲ ਹੀ ਜੁੜੀ ਰਹਿੰਦੀ ਹੈ।

***ਨਿਰਧਨ ਕਉ ਧਨੁ ਤੇਰੋ ਨਾਉ ॥***

***ਨਿਥਾਵੇ ਕਉ ਨਾਉ ਤੇਰਾ ਥਾਉ ॥***

ਹੇ ਪ੍ਰਭੂ, ਨਿਰਧਨਾ ਵਾਸਤੇ ਧਨ (ਦੌਲਤ) ਤੇਰਾ ਨਾਮ ਹੀ ਹੈ।

ਨਿਥਾਵਿਆਂ ਦਾ ਇੱਕ ਟਿਕਾਣਾ ਤੇਰਾ ਨਾਮ ਹੀ ਹੈ। ਜਿਸਨੂੰ ਹੋਰ ਕੋਈ ਟਿਕਾਣਾ ਨਹੀ, ਨਾਮ ਉਸ ਦਾ ਟਿਕਾਣਾ ਹੈ। ਜਿਸਨੂੰ ਹੋਰ ਕੋਈ ਆਸਰਾ ਨਹੀਂ, ਨਾਮ ਉਸ ਦਾ ਆਸਰਾ ਹੈ।

***ਨਿਮਾਨੇ ਕਉ ਪ੍ਰਭ ਤੇਰੋ ਮਾਨੁ ॥***

***ਸਗਲ ਘਟਾ ਕਉ ਦੇਵਹੁ ਦਾਨੁ ॥***

ਤੂੰ ਹੀ ਮਾਣ ਬਖਸ਼ੇ ਤਾਂ ਨਿਮਾਣਿਆਂ ਨੂੰ ਮਾਣ ਮਿਲ ਜਾਂਦਾ ਹੈ। ਤੂੰ ਨਿਮਾਣਿਆਂ ਦਾ ਮਾਣ ਹੈ।

ਤੂੰ ਸਭ ਸ੍ਰਿਸ਼ਟੀ ਨੂੰ ਦਾਨ ਦੇਣ ਵਾਲਾ ਦਾਤਾਰ ਹੈ।

## *ਕਰਨ ਕਰਾਵਨਹਾਰ ਸੁਆਮੀ ॥*
## *ਸਗਲ ਘਟਾ ਕੇ ਅੰਤਰਜਾਮੀ ॥*

ਹੇ ਮਾਲਕ ਜੀ, ਤੂੰ ਹੀ ਸਭ ਕੁਝ ਕਰਨ ਵਾਲਾ ਤੇ ਸਭ ਕੁਝ ਕਰਾਉਣ ਵਾਲਾ ਹੈਂ ਕਿਉਂਕਿ ਜੋ ਤੂੰ ਕਰਦਾ ਹੈ, ਉਹੀ ਹੁੰਦਾ ਹੈ, ਤੇ ਜੋ ਤੂੰ ਜੀਵਾਂ ਕੋਲੋਂ ਕਰਾਉਂਦਾ ਹੈ, ਉਹੀ ਜੀਵ ਕਰਦੇ ਹਨ।

ਹੇ ਪ੍ਰਭੂ, ਸਭ ਸੰਸਾਰ ਵਿੱਚ ਜਿੰਨੇ ਵੀ ਜੀਵ ਹਨ, ਤੂੰ ਸਭ ਜੀਵਾਂ ਦੇ ਅੰਦਰ ਦੀਆਂ ਜਾਨਣ ਵਾਲਾ ਹੈਂ।

## *ਅਪਨੀ ਗਤਿ ਮਿਤਿ ਜਾਨਹੁ ਆਪੇ ॥*
## *ਆਪਨ ਸੰਗਿ ਆਪਿ ਪ੍ਰਭ ਰਾਤੇ ॥*

ਹਜ਼ੂਰ, ਤੁਸੀਂ ਆਪਣੀ ਅਵਸਥਾ ਆਪ ਹੀ ਜਾਣਦੇ ਹੋ। ਹੋਰ ਕੋਈ ਤੁਹਾਨੂੰ ਪੂਰਨ ਤੌਰ ਤੇ ਜਾਣ ਨਹੀਂ ਸਕਦਾ।
ਹੇ ਪ੍ਰਭੂ, ਤੂੰ ਆਪਣੇ ਆਪ ਨਾਲ ਆਪ ਹੀ ਰੱਤਿਆ ਹੋਇਆ ਹੈ। ਹਜ਼ੂਰ ਕਹਿੰਦੇ ਨੇ :-

**H ਤੁਧੁ ਜੇਵਡੁ ਹੋਰੁ ਸਰੀਕੁ ਹੋਵੈ ਤਾ ਆਖੀਐ ਤੁਧੁ ਜੇਵਡੁ ਤੂਹੈ ਹੋਈ ॥** (ਪੰਨਾ ੫੪੯)

ਹੇ ਪ੍ਰਭੂ, ਤੇਰੇ ਵਰਗਾ ਹੋਰ ਕੋਈ ਹੈ ਹੀ ਨਹੀਂ। ਪ੍ਰਭੂ ਦਾ ਸਭ ਤੋਂ ਵੱਡਾ ਗੁਣ ਏਹੀ ਹੈ :-

**H ਗੁਣੁ ਏਹੋ ਹੋਰੁ ਨਾਹੀ ਕੋਇ ॥**
**ਨਾ ਕੋ ਹੋਆ ਨਾ ਕੋ ਹੋਇ ॥** (ਪੰਨਾ ੯)

## *ਤੁਮ੍ਰੀ ਉਸਤਤਿ ਤੁਮ ਤੇ ਹੋਇ ॥*
## *ਨਾਨਕ ਅਵਰੁ ਨ ਜਾਨਸਿ ਕੋਇ ॥ ੭ ॥*

ਹੇ ਹਜ਼ੂਰ, ਤੇਰੀ ਸੋਭਾ ਤਾਂ ਤੂੰ ਹੀ ਕਰ ਸਕਦਾ ਹੈਂ।

ਤੇਰੀ ਪੂਰਨ ਸੋਭਾ ਨੂੰ ਕੋਈ ਜੀਵ ਬਿਆਨ ਨਹੀਂ ਕਰ ਸਕਦਾ। ਹਜ਼ੂਰ ਗੁਰੂ ਪਾਤਸ਼ਾਹ ਨੇ ਨਾਮ ਦੀ ਇੰਨੀ ਸੋਭਾ ਕੀਤੀ ਹੈ ਤੇ ਅਖੀਰ ਤੇ ਕਹਿ ਦਿੱਤਾ ਹੈ ਕਿ ਹੇ ਪ੍ਰਭੂ, ਮੈਂ ਤੇਰੀ ਪੂਰਨ ਸੋਭਾ ਨਹੀਂ ਕਰ ਸਕਦਾ। ਹਜ਼ੂਰ ਗੁਰੂ ਨਾਨਕ ਪਾਤਸ਼ਾਹ ਵੀ ਕਹਿੰਦੇ ਨੇ ਕਿ :-

**H ਕਿਵ ਕਰਿ ਆਖਾ ਕਿਵ ਸਾਲਾਹੀ ਕਿਉ ਵਰਨੀ ਕਿਵ ਜਾਣਾ ॥** (ਪੰਨਾ ੪-੫)

ਕਿਸ ਤਰਾਂ ਮੈਂ ਕਹਿ ਸਕਦਾ ਹਾਂ ? ਤੂੰ ਬਹੁਤ ਬੇਅੰਤ ਹੈਂ। ਮੈਂ ਤਾਂ ਇੰਨਾ ਹੀ ਕਹਿ ਸਕਦਾ ਹਾਂ ਕਿ :-

**H ਵਡਾ ਸਾਹਿਬੁ ਵਡੀ ਨਾਈ ਕੀਤਾ ਜਾ ਕਾ ਹੋਵੈ ॥** (ਪੰਨਾ ੫)

ਹਜ਼ੂਰ, ਤੇਰੀ ਬੇਅੰਤਤਾਈ ਦਾ ਅੰਤ ਅਸੀਂ ਅੰਤਕੀ ਜੀਵ ਕਦੀ ਵੀ ਨਹੀਂ ਪਾ ਸਕਦੇ। ਤੂੰ ਹੀ ਜਾਣਦਾ ਹੈ ਕਿ ਤੂੰ ਕਿੱਡਾ ਵੱਡਾ ਹੈ।

## *ਸਰਬ ਧਰਮ ਮਹਿ ਸ੍ਰੇਸਟ ਧਰਮੁ ॥*
## *ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥*

ਸਾਰਿਆਂ ਧਰਮਾਂ ਵਿੱਚੋਂ ਸ੍ਰੇਸ਼ਟ (ਉੱਤਮ) ਧਰਮ ਏਹੀ ਹੈ। ਕੀ ਹੈ ਸ੍ਰੇਸ਼ਟ (ਉੱਤਮ) ਧਰਮ ?

ਹਜ਼ੂਰ ਦਸਦੇ ਨੇ, ਭਾਈ, ਹਰੀ ਦਾ ਨਾਮ ਜਪ। ਏਹੀ ਸ੍ਰੇਸ਼ਟ ਧਰਮ ਹੈ ਤੇ ਏਹੀ ਨਿਰਮਲ ਕਰਮ ਹੈ ਕਿਉਂਕਿ ਹਰੀ ਦਾ ਨਾਮ ਹਉਮੈਂ ਨਹੀਂ ਚੰਬੇੜਦਾ। ਹੋਰ ਸਾਰੇ ਕਰਮ ਹਉਮੈਂ ਚੰਬੇੜ ਦੇਂਦੇ ਹਨ। ਇਹ ਕਰਮ (ਹਰੀ ਦਾ ਨਾਮ ਜਪਣਾ) ਨਿਰਮਲ ਕਰਮ ਹੈ। ਏਹੀ ਕਰਮ ਕਰਨਾ ਹੈ। ਹਜ਼ੂਰ ਗੁਰੂ ਪਾਤਸ਼ਾਹ ਸਾਨੂੰ ਇਹ ਸਿਖਿਆ ਦੇ ਰਹੇ ਹਨ ਕਿ ਨਾਮ ਤੋਂ ਬਗੈਰ ਹੋਰ ਸਭ ਫਜ਼ੂਲ ਹੈ, ਉਹ ਨਹੀਂ ਕਰਨਾ।

## *ਸਗਲ ਕ੍ਰਿਆ ਮਹਿ ਊਤਮ ਕਿਰਿਆ ॥*
## *ਸਾਧਸੰਗਿ ਦੁਰਮਤਿ ਮਲੁ ਹਿਰਿਆ ॥*

ਸਭ ਕੰਮਾਂ ਵਿੱਚੋਂ ਚੰਗਾ ਕੰਮ ਏਹੀ ਹੈ। ਕੀ ਚੰਗਾ ਕੰਮ ਹੈ ?

ਭਾਈ, ਸਾਧੂ ਦੀ ਸੰਗਤਿ ਵਿੱਚ ਰਹਿ ਕੇ ਆਪਣੀ ਭੈੜੀ ਮੱਤ ਨੂੰ ਨਾਸ਼ ਕਰ ਲਏ। ਇਹ ਸਭ ਤੋਂ ਉੱਤਮ ਕਰਮ ਹੈ।

## *ਸਗਲ ਉਦਮ ਮਹਿ ਉਦਮੁ ਭਲਾ ॥*
## *ਹਰਿ ਕਾ ਨਾਮੁ ਜਪਹੁ ਜੀਅ ਸਦਾ ॥*

ਸਭ ਯਤਨਾ ਵਿੱਚੋਂ ਚੰਗਾ ਯਤਨ ਏਹੀ ਹੈ। ਕੀ ਚੰਗਾ ਯਤਨ ਹੈ ?

ਇਹ ਯਤਨ ਕਰੋ ਕਿ ਸਦਾ ਹਰੀ ਦਾ ਨਾਮ ਜਪਦੇ ਰਹੋ। ਬਾਕੀ ਸਭ ਯਤਨ ਇਸ ਦੀ ਬਰਾਬਰਤਾ ਨਹੀਂ ਕਰਦੇ ਤੇ ਬਾਕੀ ਸਾਰੇ ਯਤਨ ਹਉਮੈਂ ਚੰਬੇੜਦੇ ਹਨ (ਵਧਾ ਦੇਂਦੇ ਹਨ)। ਇਹ ਯਤਨ (ਹਰੀ ਦਾ ਨਾਮ ਜਪਣਾ) ਹਉਮੈਂ ਨਹੀਂ ਚੰਬੇੜਦਾ।

***ਸਗਲ ਬਾਨੀ ਮਹਿ ਅੰਮ੍ਰਿਤ ਬਾਨੀ ॥***

***ਹਰਿ ਕੋ ਜਸੁ ਸੁਨਿ ਰਸਨ ਬਖਾਨੀ ॥***

ਸਭ ਬੋਲੀਆਂ ਵਿੱਚੋਂ ਅੰਮ੍ਰਿਤ (ਨਾ-ਨਾਸ਼ ਹੋਣ ਵਾਲੀ) ਬਾਣੀ (ਰੱਬ ਜੀ ਦੀ ਬਾਣੀ)
ਹੀ ਉੱਤਮ ਬਾਣੀ ਹੈ। ਕੀ ਉੱਤਮ ਬਾਣੀ ਹੈ ?

ਹੇ ਭਾਈ, ਹਰੀ ਦਾ ਜਸ ਕੰਨਾਂ ਨਾਲ ਸੁਣਿਆ ਕਰ, ਰਸਨਾ ਨਾਲ ਕਹਿਆ ਕਰ (ਪ੍ਰਭੁ ਦੇ ਗੁਣ ਗਾਇਆ ਕਰ ਤੇ ਪ੍ਰਭੂ ਦੇ ਗੁਣ ਸੁਣਿਆ ਕਰ), ਏਹੀ ਉੱਤਮ ਬਾਣੀ ਹੈ।

***ਸਗਲ ਥਾਨ ਤੇ ਓਹੁ ਊਤਮ ਥਾਨੁ ॥***

***ਨਾਨਕ ਜਿਹ ਘਟਿ ਵਸੈ ਹਰਿ ਨਾਮੁ ॥੮॥੩॥***

ਸਭ ਟਿਕਾਣਿਆਂ ਨਾਲੋਂ ਉਹ ਸਭ ਤੋਂ ਚੰਗਾ ਟਿਕਾਣਾ ਹੈ। ਕਿਹੜਾ ਚੰਗਾ ਟਿਕਾਣਾ ਹੈ?

ਹੇ ਨਾਨਕ, ਜਿਸ ਹਿਰਦੇ ਵਿੱਚ ਹਰੀ ਦਾ ਨਾਮ ਵੱਸ ਜਾਵੇ, ਉਹ ਹਿਰਦਾ ਸਭ ਤੋਂ ਉੱਤਮ ਹਿਰਦਾ ਹੈ, ਉਹ ਟਿਕਾਣਾ ਸਭ ਤੋਂ ਉੱਤਮ ਟਿਕਾਣਾ ਹੈ, ਉਹ ਥਾਂ ਸਭ ਤੋਂ ਉੱਤਮ ਥਾਂ ਹੈ।

**H H H H H**

## *ਅਸਟਪਦੀ ੪ (ਪੰਨਾ ੨੬੬)*

***ਸਲੋਕੁ ॥***

***ਨਿਰਗੁਨੀਆਰ ਇਆਨਿਆ***

***ਸੋ ਪ੍ਰਭੁ ਸਦਾ ਸਮਾਲਿ ॥***

ਹੇ ਗੁਣਾਂ ਤੋਂ ਸੱਖਣੇ ਮੂਰਖ ਮਨਾਂ, ਉਸ ਪ੍ਰਭੂ ਨੂੰ ਹਮੇਸ਼ਾ ਹਮੇਸ਼ਾ ਹੀ ਯਾਦ ਕਰ।

***ਜਿਨਿ ਕੀਆ ਤਿਸੁ ਚੀਤਿ ਰਖੁ***

***ਨਾਨਕ ਨਿਬਹੀ ਨਾਲਿ ॥ ੧ ॥***

ਜਿਸ ਨੇ ਤੈਨੂੰ ਬਣਾਇਆ ਹੈ, ਉਸ ਨੂੰ ਹਮੇਸ਼ਾ ਸੁਰਤਿ ਵਿੱਚ ਟਿਕਾ ਕੇ ਰੱਖ। ਹੇ ਨਾਨਕ, ਉਹ ਪ੍ਰਭੂ ਹੀ ਤੇਰਾ ਸੰਗੀ (ਸਾਥੀ) ਹੈ ਤੇ ਤੇਰੇ ਨਾਲ ਨਿਭੇਗਾ। ਹੋਰ ਕੋਈ ਸੰਗੀ (ਸਾਥੀ) ਨਹੀਂ, ਹੋਰ ਕਿਸੇ ਨੇ ਤੇਰੇ ਨਾਲ ਨਹੀਂ ਨਿਭਣਾ।

***ਅਸਟਪਦੀ ॥***

***ਰਮਈਆ ਕੇ ਗੁਨ ਚੇਤਿ ਪਰਾਨੀ ॥***

***ਕਵਨ ਮੂਲ ਤੇ ਕਵਨ ਦ੍ਰਿਸਟਾਨੀ ॥***

ਹੇ ਪ੍ਰਾਣਧਾਰੀ ਜੀਵ ਆਤਮਾ, ਤੂੰ ਰਾਮ ਦੇ ਗੁਣਾਂ ਦਾ ਚੇਤਾ ਕਰ।

ਤੂੰ ਸੋਚ ਕਿ ਤੇਰਾ ਅਸਲਾ ਕੀ ਹੈ ਤੇ ਤੈਨੂੰ ਕੇਹੋ ਜਿਹਾ ਉਸ ਮਾਲਕ ਨੇ ਬਣਾ ਦਿੱਤਾ ਹੈ। ਇਕ ਬੂੰਦ ਤੋਂ ਤੇਰਾ ਕਿੱਡਾ ਸੁੰਦਰ ਸ਼ਰੀਰ ਬਣਾ ਦਿੱਤਾ ਹੈ। ਉਹ ਪ੍ਰਭੂ ਦੇ ਗੁਣਾਂ ਦਾ ਹਮੇਸ਼ਾ ਚੇਤਾ ਰੱਖ।

***ਜਿਨਿ ਤੂੰ ਸਾਜਿ ਸਵਾਰਿ ਸੀਗਾਰਿਆ ॥***

***ਗਰਭ ਅਗਨਿ ਮਹਿ ਜਿਨਹਿ ਉਬਾਰਿਆ ॥***

ਜਿਸ ਨੇ ਤੈਨੂੰ ਬਣਾਇਆ ਹੈ, ਫਿਰ ਸੋਹਣਾ ਬਣਾਇਆ ਹੈ, ਫਿਰ ਬਹੁਤ ਸੁੰਦਰ ਬਣਾਇਆ ਹੈ।

ਮਾਤਾ ਦੇ ਪੇਟ ਦੀ ਅਗਨੀ ਵਿੱਚ ਜਿਸ ਨੇ ਤੇਰੀ ਰੱਖਿਆ ਕੀਤੀ ਹੈ।

***ਬਾਰ ਬਿਵਸਥਾ ਤੁਝਹਿ ਪਿਆਰੈ ਦੂਧ ॥***

***ਭਰਿ ਜੋਬਨ ਭੋਜਨ ਸੁਖ ਸੂਧ ॥***

ਹੇ ਮਨਾਂ, ਤੇਰੇ ਬਚਪਨ ਵਿੱਚ ਉਸ ਮਾਲਕ ਨੇ ਤੈਨੂੰ ਦੁੱਧ ਪੀਣ ਲਈ ਬਖਸ਼ਿਆ (ਬਣਾ ਦਿੱਤਾ)।

ਜਦੋਂ ਤੂੰ ਜਵਾਨ ਹੋਇਆ ਤਾਂ ਤੈਨੂੰ ਸੋਹਣੇ ਭੋਜਨ ਤੇ ਸੋਹਣੇ ਸੁੱਖ ਮਾਨਣ ਲਈ ਉਸ ਮਾਲਕ ਨੇ ਸਾਧਨ ਬਣਾਏ ਹੋਏ ਹਨ (ਤੈਨੂੰ ਦਿੱਤੇ ਹਨ)।

***ਬਿਰਧਿ ਭਇਆ ਊਪਰਿ ਸਾਕ ਸੈਨ ॥***

***ਮੁਖਿ ਅਪਿਆਉ ਬੈਠ ਕਉ ਦੈਨ ॥***

ਮਨਾਂ, ਜਦੋਂ ਬਿਰਧ ਅਵਸਥਾ ਹੋ ਜਾਂਦੀ ਹੈ, ਤਾਂ ਓਦੋਂ ਵੀ ਉਸ ਪ੍ਰਭੂ ਨੇ ਤੇਰੀ ਸਹਾਇਤਾ ਵਾਸਤੇ, ਤੇਰੀ ਰੱਖਿਆ ਵਾਸਤੇ ਰਿਸ਼ਤੇਦਾਰ ਤੈਨੂੰ ਬਖਸ਼ੇ ਹਨ।

ਉਹ ਤੈਨੂੰ ਬੈਠੇ ਨੂੰ ਹੀ ਖਾਣ ਨੂੰ ਦੇਂਦੇ ਹਨ।

***ਇਹੁ ਨਿਰਗੁਨੁ ਗੁਨੁ ਕਛੂ ਨ ਬੂਝੈ ॥***

***ਬਖਸਿ ਲੇਹੁ ਤਉ ਨਾਨਕ ਸੀਝੈ ॥ ੧ ॥***

ਹਜ਼ੂਰ ਪ੍ਰਭੂ, ਇਹ ਆਤਮਾ (ਮਨ) ਗੁਣਹੀਨ ਹੈ, ਤੇਰੇ ਗੁਣਾਂ ਨੂੰ ਬੁੱਝ (ਪਛਾਣ) ਨਹੀਂ ਸਕਦੀ ਕਿ ਤੂੰ ਕੀ ਕੁਛ ਇਹਦੇ ਲਈ ਕੀਤਾ ਹੈ ਤੇ ਕਰ ਰਹਿਆ ਹੈਂ।

ਤੂੰ ਹੀ ਬਖਸ਼ ਲਵੇਂ ਤਾਂ ਇਹ ਮਨ ਤੇਰੇ ਦਰ ਤੇ ਪਰਵਾਨ ਹੋ ਸਕਦਾ ਹੈ।

***ਜਿਹ ਪ੍ਰਸਾਦਿ ਧਰ ਊਪਰਿ ਸੁਖਿ ਬਸਹਿ ॥***

***ਸੁਤ ਭ੍ਰਾਤ ਮੀਤ ਬਨਿਤਾ ਸੰਗਿ ਹਸਹਿ ॥***

ਹਜ਼ੂਰ ਨਿਰੰਕਾਰ ਵਾਹਿਗੁਰੂ ਨੇ ਜੋ ਸਾਧਨ ਜੀਵਾਂ ਦੇ ਵੱਸਣ ਲਈ ਬਣਾਏ ਹਨ ਹਜ਼ੂਰ ਗੁਰੂ ਪਾਤਸ਼ਾਹ ਉਹ ਸਾਧਨ ਗਿਣ ਗਿਣ ਕੇ ਦਸ ਰਹੇ ਨੇ ਕਿ ਹੇ ਭਾਈ ਦੇਖ, ਤੇਰੇ ਲਈ ਪ੍ਰਭੂ ਨੇ ਇਹ ਕੁਛ ਕਰ ਦਿੱਤਾ ਹੈ। ਜਿਸ ਪ੍ਰਭੂ ਦੀ ਕਿਰਪਾ ਦਵਾਰਾ ਧਰਤੀ ਹੈ। ਧਰਤੀ ਤੇ ਵੱਸਣ ਲਈ ਸੁੱਖ ਦੇ ਸਾਧਨ ਉਹਨੇ ਬਣਾ ਦਿੱਤੇ ਹਨ।

ਜਿਸ ਦੀ ਕਿਰਪਾ ਦਵਾਰਾ ਪੁਤ੍ਰ ਹਨ, ਭੈਣ ਭਾਈ ਹਨ, ਮਿਤ੍ਰ ਹਨ, ਇਸਤ੍ਰੀ ਹੈ, ਪਤੀ ਹੈ। ਉਹਨਾਂ ਨਾਲ ਰਲ ਕੇ ਤੂੰ ਹਸਦਾ ਖੇਡਦਾ ਹੈਂ।

***ਜਿਹ ਪ੍ਰਸਾਦਿ ਪੀਵਹਿ ਸੀਤਲ ਜਲਾ ॥***

***ਸੁਖਦਾਈ ਪਵਨੁ ਪਾਵਕੁ ਅਮੁਲਾ ॥***

ਜਿਸ ਨੇ ਕਿਰਪਾ ਕਰਕੇ ਸੋਹਣਾ ਠੰਡਾ ਪਾਣੀ ਬਣਾਇਆ ਹੈ, ਜਿਸ (ਪਾਣੀ) ਨੂੰ ਤੂੰ ਇਸਤੇਮਾਲ ਕਰਦਾ ਹੈ ਤੇ ਤੇਰੀ ਪਿਆਸ ਬੁਝਦੀ ਹੈ।

ਜਿਸ ਨੇ ਕਿਰਪਾ ਕਰਕੇ ਸੁੱਖ ਦੇਣ ਵਾਲੀ ਹਵਾ ਬਣਾਈ ਹੈ, ਜਿਸ ਬਗੈਰ ਜੀਵ ਰਹਿ ਹੀ ਨਹੀ ਸਕਦੇ। ਜਿਸ ਨੇ ਅਗਨੀ ਬਣਾਈ ਹੈ, ਜਿਸ ਦਾ ਕੋਈ ਮੁੱਲ ਹੀ ਨਹੀਂ ਹੈ ਕਿਉਂਕਿ ਉਸ ਦੇ ਬਗੈਰ ਸਾਡਾ ਜੀਵਨ ਨਹੀਂ ਚਲ ਸਕਦਾ। ਮਾਲਕ ਨੇ ਇਹ ਸਭ ਦਾਤਾਂ ਮੁਫਤ ਦਿੱਤੀਆਂ ਹੋਈਆਂ ਹਨ, ਜੀਵਾਂ ਨੂੰ ਸੁੱਖ ਪਹੁਚਾਉਣ ਵਾਸਤੇ।

***ਜਿਹ ਪ੍ਰਸਾਦਿ ਭੋਗਹਿ ਸਭਿ ਰਸਾ ॥***

***ਸਗਲ ਸਮਗ੍ਰੀ ਸੰਗਿ ਸਾਥਿ ਬਸਾ ॥***

ਜਿਸ ਦੀ ਕਿਰਪਾ ਦੁਆਰਾ ਤੂੰ ਸਭ ਚੀਜ਼ਾਂ ਦੇ ਭੋਗ ਭੋਗਦਾ ਹੈਂ। ਵੇਖ, ਕਿੰਨੀ ਸਾਮਗ੍ਰੀ ਕਿੰਨੇ ਢੰਗਾਂ (ਤਰੀਕਿਆਂ) ਦੀ ਬਣਾ ਕੇ ਤੈਨੂੰ ਦਿੱਤੀ ਹੈ, ਜਿਸ (ਸਾਮਗ੍ਰੀ) ਦੇ ਮਾਨਣ ਕਰਕੇ ਤੂੰ ਆਪਣਾ ਜੀਵਨ ਸੁੱਖ ਨਾਲ ਬਤੀਤ ਕਰਦਾ ਹੈਂ। ਇਹ ਸਾਰੀ ਸਾਮਗ੍ਰੀ ਤੇਰੇ ਅੰਗ ਸੰਗ (ਲਾਗੇ) ਹੀ ਪੈਦਾ ਕਰ ਦਿੱਤੀ ਹੈ ਤੇ ਉਨ੍ਹਾਂ ਦੇ ਸਾਧਨ ਤੈਨੂੰ ਸੁੱਖ ਲਈ ਬਖਸ਼ੇ ਹਨ।

***ਦੀਨੇ ਹਸਤ ਪਾਵ ਕਰਨ ਨੇਤ੍ਰ ਰਸਨਾ ॥***

***ਤਿਸਹਿ ਤਿਆਗਿ ਅਵਰ ਸੰਗਿ ਰਚਨਾ ॥***

ਉਸ ਮਾਲਕ ਨੇ ਤੈਨੂੰ ਹੱਥ ਬਖਸ਼ ਦਿੱਤੇ, ਪੈਰ ਦੇ ਦਿੱਤੇ, ਕੰਨ ਦੇ ਦਿੱਤੇ, ਅੱਖਾ ਦੇ ਦਿੱਤੀਆਂ, ਜ਼ਬਾਨ ਦੇ ਦਿੱਤੀ।

ਮਨਾਂ, ਤੂੰ ਉਸ ਮਾਲਕ ਨੂੰ ਭੁਲਾ ਕੇ, ਕਿਉਂ ਹੋਰ ਪਾਸੇ ਰਚਦਾ ਹੈਂ ? ਤੂੰ 'ਦਾਤ ਪਿਆਰੀ ਵਿਸਾਰਿਆ ਦਾਤਾਰਾ' ਵਾਲੀ ਖੇਡ ਕਿਉਂ ਖੇਡਦਾ ਹੈਂ ? ਤੂੰ ਉਸ ਮਾਲਕ ਦੀ ਦਾਤ ਨਾਲ ਨਾ ਜੁੜ। ਦਾਤ ਨੂੰ ਤਾਂ ਇਸਤੇਮਾਲ ਕਰ। ਪਰ ਉਸ ਮਾਲਕ ਦੇ ਸ਼ੁਕਰ ਵਿੱਚ ਰਹੋ ਤੇ ਉਸ ਮਾਲਕ ਨਾਲ ਜੁੜ, ਜਿਹਨੇ ਤੈਨੂੰ ਇੰਨੀਆਂ ਦਾਤਾਂ ਦਿੱਤੀਆਂ ਹਨ।

***ਐਸੇ ਦੋਖ ਮੂੜ ਅੰਧ ਬਿਆਪੇ ॥***

***ਨਾਨਕ ਕਾਢਿ ਲੇਹੁ ਪ੍ਰਭ ਆਪੇ ॥ ੨ ॥***

ਤੂੰ ਐਸੇ ਗਲਤ ਕੰਮ ਕਰਦਾ ਹੈਂ, ਹੇ ਮੂਰਖ ਮਨਾਂ, ਤੂੰ ਅਗਿਆਨੀ ਹੈਂ ਤੇ ਅਗਿਆਨੀ ਹੋਣ ਕਰਕੇ ਤੂੰ ਦਿੱਤੀਆਂ ਦਾਤਾਂ ਨਾਲ ਹੀ ਜੁੜ ਜਾਂਦਾ ਹੈ ਤੇ ਪਾਪੀ ਬਣਦਾ ਹੈਂ। ਤੂੰ ਮਾਲਕ ਨਾਲ ਜੁੜ, ਜਿਹਨੇ ਸਭ ਕੁਛ ਤੈਨੂੰ ਬਖਸ਼ਿਆ ਹੈ।

ਫਿਰ ਹਜ਼ੂਰ ਗੁਰੂ ਪਾਤਸ਼ਾਹ ਕਹਿੰਦੇ ਨੇ ਕਿ ਭਾਈ, ਇਸ ਤਰਾਂ ਉਸ ਪ੍ਰਭੂ ਅੱਗੇ ਅਰਦਾਸਿ ਕਰੋ ਕਿ ਪਾਤਸ਼ਾਹ, ਮੈਂ ਤਾਂ ਨਾ-ਸਮਝ (ਮੂਰਖ) ਹਾਂ ਤੇ ਅਗਿਆਨਤਾ ਵਿੱਚ ਫੱਸ ਗਿਆ ਹਾਂ। ਹੇ ਪ੍ਰਭੂ ਜੀ, ਤੁਸੀਂ ਹੀ ਕਿਰਪਾ ਕਰਕੇ, ਮੈਨੂੰ ਨਾ-ਸਮਝ ਨੂੰ, ਮੇਰੀ ਅਗਿਆਨਤਾ ਵਿੱਚੋਂ ਕੱਢੋ ਤੇ ਆਪਣਾ ਗਿਆਨ ਬਖਸ਼ੋ, ਆਪਣੇ ਚਰਨਾ ਵਿੱਚ ਨਿਵਾਸ ਬਖਸ਼ੋ।

***ਆਦਿ ਅੰਤਿ ਜੋ ਰਾਖਨਹਾਰੁ ॥***

***ਤਿਸ ਸਿਉ ਪ੍ਰੀਤਿ ਨ ਕਰੈ ਗਵਾਰੁ ॥***

ਜੋ ਹਮੇਸ਼ਾ ਹਮੇਸ਼ਾ (ਸਦਾ ਸਦਾ) ਲਈ ਜੀਵ ਨੂੰ ਰੱਖਣਹਾਰ (ਬਖਸ਼ਣਹਾਰ) ਹੈ। ਐਸਾ ਮੂਰਖ ਮਨ ਹੈ ਕਿ ਉਸ (ਰੱਖਣਹਾਰ) ਨਾਲ ਪ੍ਰੀਤਿ ਨਹੀਂ ਪਾਉਂਦਾ। ਉਸ ਦੀਆਂ ਦਿੱਤੀਆਂ ਹੋਈਆਂ ਦਾਤਾਂ ਨਾਲ ਪ੍ਰੀਤਿ ਕਰਨ ਲੱਗ ਜਾਂਦਾ ਹੈ ਤੇ ਦਾਤਾਰ ਨੂੰ ਭੁਲਾ ਦਿੰਦਾ ਹੈ।

***ਜਾ ਕੀ ਸੇਵਾ ਨਵ ਨਿਧਿ ਪਾਵੈ ॥***

***ਤਾ ਸਿਉ ਮੂੜਾ ਮਨੁ ਨਹੀ ਲਾਵੈ ॥***

ਜਿਸ ਦੀ ਸੇਵਾ ਕਰਨ ਤੇ ਨਉਂ ਭੰਡਾਰੇ (ਭਾਵ, ਸਭ ਕੁਛ) ਮਿਲਦਾ ਹੈ। ਜਿਸ ਦਾ ਨਾਮ ਜਪਣ ਤੇ, ਜਿਸ ਦੀ ਸ਼ਰਨ ਪਰਾਪਤ ਕਰਣ ਤੇ, ਜਿਸ ਦਾ ਗੁਣਵਾਦ ਕਰਣ ਤੇ,ਜਿਸ ਦੀ ਸ਼ਰਣ ਲੈਣ ਤੇ ਸਭ ਕੁਝ ਮਿਲਦਾ ਹੈ,

ਇਹ ਮੂਰਖ ਮਨ ਉਹਨੂੰ ਭੁਲਾ ਦਿੰਦਾ ਹੈ, ਉਹਦੇ ਨਾਲ ਮਨ ਦੀ ਪ੍ਰੀਤਿ ਨਹੀਂ ਲਾਉਂਦਾ।

***ਜੋ ਠਾਕੁਰੁ ਸਦ ਸਦਾ ਹਜੂਰੇ ॥***

***ਤਾ ਕਉ ਅੰਧਾ ਜਾਨਤ ਦੂਰੇ ॥***

ਜੋ ਮਾਲਕ ਹਮੇਸ਼ਾ ਹਮੇਸ਼ਾ ਹੀ ਹੈ ਤੇ ਹਮੇਸ਼ਾ ਅੰਗ ਸੰਗ ਹੈ, ਹਮੇਸ਼ਾ ਰਾਖਾ ਹੈ,

ਉਸ ਮਾਲਕ ਨੂੰ ਇਹ ਅਗਿਆਨੀ ਮਨ ਦੂਰ ਜਾਣਦਾ ਹੈ ਤੇ ਇੱਥੋਂ ਤਕ ਕਹਿੰਦਾ ਹੈ ਕਿ ਪ੍ਰਭੂ ਹੈ ਹੀ ਨਹੀਂ।

***ਜਾ ਕੀ ਟਹਲ ਪਾਵੈ ਦਰਗਹ ਮਾਨੁ ॥***

***ਤਿਸਹਿ ਬਿਸਾਰੈ ਮੁਗਧੁ ਅਜਾਨੁ ॥***

ਜਿਸ ਦੀ ਸੇਵਾ ਕਰਨ ਕਰਕੇ ਦਰਗਾਹ ਵਿੱਚ ਇਸ ਆਤਮਾ ਨੂੰ ਮਾਨ (ਸਤਿਕਾਰ) ਮਿਲ ਸਕਦਾ ਹੈ,

ਉਸ ਪ੍ਰਭੂ ਨੂੰ ਇਹ ਮਨ ਭੁਲਾ ਦਿੰਦਾ ਹੈ। ਐਸਾ ਮੂਰਖ ਤੇ ਨਾ-ਸਮਝ ਇਹ ਮਨ ਹੈ।

***ਸਦਾ ਸਦਾ ਇਹੁ ਭੂਲਨਹਾਰੁ ॥***

***ਨਾਨਕ ਰਾਖਨਹਾਰੁ ਅਪਾਰੁ ॥ ੩ ॥***

ਹੇ ਪ੍ਰਭੂ ਜੀ, ਇਹ ਮੇਰਾ ਮਨ ਤਾਂ ਸਦਾ ਸਦਾ ਹੀ ਭੁਲਣਹਾਰ ਹੈ।

ਹੇ ਨਾਨਕ, ਤੂੰ ਹੀ ਬੇਅੰਤ ਹੈ ਤੇ ਰੱਖਨਹਾਰ (ਬਖਸ਼ਨਹਾਰ) ਦਾਤਾਰ ਇਕ ਤੂੰ ਹੀ ਹੈਂ, ਤੂੰ ਬਖਸ਼ ਲੈ।

***ਰਤਨੁ ਤਿਆਗਿ ਕਉਡੀ ਸੰਗਿ ਰਚੈ ॥***

***ਸਾਚੁ ਛੋਡਿ ਝੂਠ ਸੰਗਿ ਮਚੈ ॥***

ਇਹ ਹੀਰਾ ਰਤਨ ਜੋ ਨਾਮ ਹੈ, ਉਸ ਨੂੰ ਭੁਲਾ ਕੇ, ਉਸ ਦੀ ਕੀਤੀ ਹੋਈ ਜੋ ਰਚਨਾ (ਮਾਇਆ) ਹੈ, ਜੋ ਕਉਡੀ ਹੈ (ਜਿਸ ਦਾ ਕੁਛ ਵੀ ਮੁੱਲ ਨਹੀਂ) ਉਸ ਨਾਲ ਮਨ ਰਚ ਜਾਂਦਾ ਹੈ (ਪ੍ਰੀਤਿ ਪਾ ਲੈਂਦਾ ਹੈ)।

ਜੋ ਆਦਿ ਸਚੁ, ਜੁਗਾਦਿ ਸਚੁ, ਹੈ ਭੀ ਸਚੁ, ਨਾਨਕ ਹੋਸੀ ਭੀ ਸਚੁ ਹੋਂਦ ਹਸਤੀ ਹੈ ਰੱਬ ਜੀ ਦੀ ਹੈ, ਉਸ ਇਹ ਨੂੰ ਛੱਡ ਕੇ, ਉਸ ਰਚਨਾ ਨਾਲ ਪ੍ਰੀਤਿ ਪਾ ਲੈਂਦਾ ਹੈ ਜੋ ਝੂਠ ਹੈ।

**H ਜਗ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ ॥** (ਪੰਨਾ ੧੪੨੮)

ਇਹ ਜਗ ਰਚਨਾ ਨਾਲ ਹੀ ਆਪਣੇ ਮਨ ਦੀ ਪ੍ਰੀਤਿ ਪਾਉਂਦਾ ਹੈ ਤੇ ਉਸ ਪ੍ਰੀਤਿ ਨੂੰ ਵਧਾ ਲੈਂਦਾ ਹੈ ਤੇ ਉਸ ਵਿੱਚ ਹੀ ਫਸਿਆ ਰਹਿੰਦਾ ਹੈ।

***ਜੋ ਛਡਨਾ ਸੁ ਅਸਥਿਰੁ ਕਰਿ ਮਾਨੈ ॥***

***ਜੋ ਹੋਵਨੁ ਸੋ ਦੂਰਿ ਪਰਾਨੈ ॥***

ਜੋ ਇਸਨੇ ਛੱਡ ਜਾਣਾ ਹੈ (ਰਚਨਾ ਦੀ ਕੋਈ ਵੀ ਚੀਜ਼ ਇਸ ਆਤਮਾ ਦੇ ਨਾਲ ਨਹੀਂ ਜਾਣੀ, ਸਭ ਨੂੰ ਛੱਡ ਕੇ ਇਸ ਨੇ ਜਾਣਾ ਹੈ), ਉਹਨੂੰ ਹੀ ਇਹ ਅਟੱਲ ਸਮਝਦਾ ਹੈ (ਕਿ ਇਹ ਕਦੀ ਨਾਸ਼ ਨਹੀਂ ਹੋਣੀ, ਹਮੇਸ਼ਾ ਮੇਰੇ ਕੋਲ ਰਹਿਣੀ ਹੈ), ਐਸਾ ਮੂਰਖ ਮਨ ਹੈ।

ਜੋ ਹੈ, ਉਸ ਨੂੰ ਇਹ ਸਮਝਦਾ ਹੈ ਕਿ ਦੂਰ ਹੈ। ਜੋ ਅੰਗ ਸੰਗ (ਅੰਦਰ ਬਾਹਰ) ਹੈ, ਉਸ ਨੂੰ ਇਹ ਦੂਰ ਜਾਣਦਾ ਹੈ। ਜੋ ਝੂਠ ਹੈ, ਉਸ ਨੂੰ ਇਹ ਸੱਚ ਮੰਨਦਾ ਹੈ। ਜੋ ਸੱਚ ਹੈ, ਉਸ ਨੂੰ ਇਹ ਸਮਝਦਾ ਹੈ ਕਿ ਉਹ ਹੈ ਹੀ ਨਹੀਂ। ਐਸਾ ਨਾ-ਸਮਝ ਮਨ ਹੈ।

***ਛੋਡਿ ਜਾਇ ਤਿਸ ਕਾ ਸ੍ਰਮੁ ਕਰੈ ॥***

***ਸੰਗਿ ਸਹਾਈ ਤਿਸੁ ਪਰਹਰੈ ॥***

ਜਿਸ ਨੂੰ ਇਸ ਨੇ ਛੱਡ ਜਾਣਾ ਹੈ, ਉਸ ਲਈ ਇਹ ਬਹੁਤ ਮੇਹਨਤ ਕਰਦਾ ਹੈ।

ਜੀਵਨ ਦਾ ਬਹੁਤ ਸਮਾਂ ਉਸ ਨੂੰ ਕਮਾਉਣ, ਖਰਚਣ ਤੇ ਮਾਨਣ ਵਿੱਚ ਹੀ ਬਤੀਤ ਕਰਦਾ ਹੈ। ਜੋ ਮਾਲਕ ਹਮੇਸ਼ਾ ਸੰਗੀ ਹੈ, ਹਮੇਸ਼ਾ ਸਹਾਇਕ ਹੈ, ਉਸ ਨੂੰ ਇਹ ਭੁੱਲ ਜਾਂਦਾ ਹੈ। ਤੇ ਜੋ ਰਚਨਾ ਕਦੀ ਵੀ ਸੰਗੀ ਨਹੀਂ, ਉਸ ਨੂੰ ਹਮੇਸ਼ਾ ਚੇਤੇ ਕਰਦਾ ਹੈ।

***ਚੰਦਨ ਲੇਪੁ ਉਤਾਰੈ ਧੋਇ ॥***

***ਗਰਧਬ ਪ੍ਰੀਤਿ ਭਸਮ ਸੰਗਿ ਹੋਇ ॥***

ਜੇ ਕਿਸੇ ਗਧੇ (ਖੋਤੇ) ਤੇ ਚੰਦਨ (ਜੋ ਖੁਸ਼ਬੂਦਾਰ ਹੈ) ਦਾ ਲੇਪ ਕਰ ਦਿਉ ਤਾਂ ਉਹ ਗਧਾ ਉਸ ਲੇਪ ਨੂੰ ਧੋ ਕੇ ਲਾਹ ਦਿੰਦਾ ਹੈ (ਉਹਨੂੰ ਲੇਪ ਪਸੰਦ ਨਹੀਂ)। ਖੋਤੇ ਦੀ ਪ੍ਰੀਤਿ ਸਵਾਹ ਨਾਲ ਹੀ ਹੁੰਦੀ ਹੈ ਤੇ ਉਹ ਸਵਾਹ ਵਿੱਚ ਹੀ ਲੇਟਣੀਆਂ ਮਾਰ ਕੇ ਖੁਸ਼ ਹੁੰਦਾ ਹੈ। ਐਸਾ ਹੀ ਮਨ ਹੈ। ਇਹ ਮਾਇਆ, ਜੋ ਸਾਥਿ ਨਹੀਂ ਨਿਭਦੀ, ਜੋ ਗੰਦਗੀ ਹੈ, ਜਿਸ ਨੂੰ ਹਜ਼ੂਰ ਨੇ ਵਿਸ਼ਟਾ ਲਿਖਿਆ ਹੈ, ਉਸ ਨੂੰ ਹੀ ਮਨ ਪ੍ਰੇਮ ਕਰਦਾ ਹੈ। ਜੋ ਸੱਚ ਸਰੂਪ ਹੈ, ਜੋ ਆਨੰਦ ਰੂਪ ਹੈ, ਉਹ ਇਸ ਮਨ ਨੂੰ ਚੰਗਾ ਨਹੀਂ ਲਗਦਾ।

***ਅੰਧ ਕੂਪ ਮਹਿ ਪਤਿਤ ਬਿਕਰਾਲ ॥***

***ਨਾਨਕ ਕਾਢਿ ਲੇਹੁ ਪ੍ਰਭ ਦਇਆਲ ॥ ੪ ॥***

ਇਹ ਹਨੇਰੇ ਖੂਹ ਵਿੱਚ ਡਿੱਗੀ ਹੋਈ ਪਤਿਤ ਆਤਮਾ ਬਹੁਤ ਡਰਾਉਣੀ ਹੋ ਜਾਂਦੀ ਹੈ।

ਹੇ ਪ੍ਰਭੂ, ਤੁਸੀਂ ਦਇਆਲ ਹੋ, ਤੁਸੀਂ ਹੀ ਕਿਰਪਾ ਕਰਕੇ ਮੇਰੀ ਪਾਪੀ ਤੇ ਡਰਾਉਣੀ ਬਣੀ ਆਤਮਾ ਨੂੰ ਇਹ ਮਾਇਆ ਦੇ ਡੂੰਘੇ ਖੂਹ ਵਿੱਚੋਂ ਕੱਢ ਲਵੋ।

## *ਕਰਤੂਤਿ ਪਸੂ ਕੀ ਮਾਨਸ ਜਾਤਿ ॥*
## *ਲੋਕ ਪਚਾਰਾ ਕਰੈ ਦਿਨੁ ਰਾਤਿ ॥*

ਇਸ ਦਾ ਕਰਮ ਡੰਗਰਾਂ ਵਾਲਾ ਹੈ ਤੇ ਜਨਮ ਮਨੁੱਖ ਦਾ ਹੈ।

ਇਹ ਲੋਕਾਂ ਨੂੰ ਖੁਸ਼ ਕਰਨ ਲਈ ਹੀ ਦਿਨ ਰਾਤ ਕਰਮ ਕਰਦਾ ਰਹਿੰਦਾ ਹੈ। ਕਦੀ ਇਹ ਪ੍ਰਭੂ ਨੂੰ ਖੁਸ਼ ਕਰਨ ਲਈ (ਪ੍ਰਭੂ ਦੀ ਪ੍ਰਸੰਨਤਾ ਪ੍ਰਾਪਤ ਕਰਨ ਲਈ) ਕਰਮ ਨਹੀਂ ਕਰਦਾ। ਇਹ ਰਚਨਾ ਦੇ ਧੰਧਿਆਂ ਵਿੱਚ ਹੀ ਫਸਿਆ ਰਹਿੰਦਾ ਹੈ।

## *ਬਾਹਰਿ ਭੇਖ ਅੰਤਰਿ ਮਲੁ ਮਾਇਆ ॥*
## *ਛਪਸਿ ਨਾਹਿ ਕਛੁ ਕਰੈ ਛਪਾਇਆ ॥*

ਬਾਹਰ ਤਾਂ ਇਸ ਨੇ ਪਹਿਰਾਵਾ ਸੰਤਾਂ (ਸ਼ਰੀਫਾਂ) ਵਾਲਾ ਬਣਾਇਆ ਹੋਇਆ ਹੈ। ਅੰਦਰ ਇਸ ਦੇ ਮਾਇਆ ਦੇ ਮੋਹ ਦੀ ਮੈਲ ਭਰੀ ਹੋਈ ਹੈ।

ਇਹ ਆਪਣਾ ਸਭ ਕੁਛ ਛੁਪਾਉਣਾ ਚਾਹੁੰਦਾ ਹੈ। ਲੇਕਿਨ ਛੁਪ ਨਹੀਂ ਸਕਦਾ ਕਿਉਂਕਿ ਪ੍ਰਭੂ ਜਾਣੀਜਾਣ ਹੈ ਤੇ ਉਸ ਦੇ ਕੋਲ ਸਭ ਕੁਛ ਪ੍ਰਗਟ ਹੈ (ਜੋ ਵੀ ਇਸ ਦੀ ਕਰਮ ਕਰਤੂਤ ਹੈ)।

## *ਬਾਹਰਿ ਗਿਆਨ ਧਿਆਨ ਇਸਨਾਨ ॥*
## *ਅੰਤਰਿ ਬਿਆਪੈ ਲੋਭੁ ਸੁਆਨੁ ॥*

ਬਾਹਰੋਂ ਬਾਹਰੋਂ ਤਾਂ ਗਿਆਨ ਦੀਆਂ ਗੱਲਾਂ, ਰੱਬ ਨਾਲ ਧਿਆਨ ਦੀਆਂ ਗੱਲਾਂ ਤੇ
ਇਸ਼ਨਾਨ (ਤੀਰਥ ਇਸ਼ਨਾਨ ਜਾਂ ਹੋਰ ਇਸ਼ਨਾਨ) ਦੀਆਂ ਗੱਲਾਂ ਕਰਦਾ ਹੈ।

ਅੰਦਰ ਇਹਦੇ ਲੋਭ ਰੂਪ ਕੁੱਤਾ ਭੌਂਕਦਾ ਹੈ ਤੇ ਇਹ ਲੋਭ ਵਿੱਚ ਹੀ ਆਪਣਾ ਸਾਰਾ ਜੀਵਨ ਬਤੀਤ ਕਰਦਾ ਹੈ।

## *ਅੰਤਰਿ ਅਗਨਿ ਬਾਹਰਿ ਤਨੁ ਸੁਆਹ ॥*
## *ਗਲਿ ਪਾਥਰ ਕੈਸੇ ਤਰੈ ਅਥਾਹ ॥*

ਅੰਦਰ ਇਸ ਦੇ ਤ੍ਰਿਸ਼ਨਾ ਦੀ ਅਗਨੀ ਹੈ। ਬਾਹਰ ਇਸ ਨੇ ਸੁਆਹ ਮਲੀ ਹੋਈ  ਆਪਣੇ ਪਿੰਡੇ ਤੇ, ਇਹ ਜ਼ਾਹਿਰ ਕਰਨ ਲਈ ਕਿ ਮੈਂ ਮਾਇਆ ਤੋਂ ਨਿਰਲੇਪ ਹਾਂ। ਤ੍ਰਿਸ਼ਨਾ ਤਾਂ ਹਟੀ ਨਹੀਂ। ਇਸ ਵਖਾਵੇ ਨਾਲ ਕੁਛ ਨਹੀਂ ਬਣੇਗਾ (ਕਿ ਤੂੰ ਲੋਕਾਂ ਨੂੰ ਵਖਾ ਲਵੇਂ ਕਿ ਮੈਂ ਮਾਇਆ ਤੋਂ ਨਿਰਲੇਪ ਹਾਂ ਤੇ ਅੰਦਰ ਤੇਰੇ ਮਾਇਆ ਦੀ ਤ੍ਰਿਸ਼ਨਾ ਹੋਵੇ)।

ਇਹ ਤਾਂ ਐਸੀ ਗੱਲ ਹੈ ਕਿ, ਗਲ ਵਿੱਚ ਤੂੰ ਪੱਥਰ ਪਾਏ ਹੋਏ ਹਨ ਭਾਈ, ਇਹ ਅਥਾਹ ਸਮੁੰਦਰ ਤੂੰ ਕਿਸ ਤਰਾਂ ਤਰ ਜਾਏਂਗਾ ? ਇਹ ਤੇਰੇ ਕਰਮ ਤਾਂ ਤੈਨੂੰ ਹੀ ਡੋਬ ਦੇਣਗੇ।

## *ਜਾ ਕੈ ਅੰਤਰਿ ਬਸੈ ਪ੍ਰਭੁ ਆਪਿ ॥*
## *ਨਾਨਕ ਤੇ ਜਨ ਸਹਜਿ ਸਮਾਤਿ ॥ ੫ ॥*

ਹੇ ਪ੍ਰਭੂ, ਜਿਸ ਆਤਮਾ ਦੇ ਅੰਦਰ ਤੂੰ ਆਪ ਵਸ ਜਾਵੇਂ (ਆਪ ਪ੍ਰਗਟ ਹੋ ਜਾਵੇਂ) ਉਹੀ ਆਤਮਾ ਨਿਰਮਲ ਹੁੰਦੀ ਹੈ ਤੇ ਉਹੀ ਤੇਰਾ ਸੇਵਕ ਸਹਿਜ ਅਵਸਥਾ ਵਿੱਚ ਸਮਾ ਕੇ ਤੇਰੇ ਨਾਲ ਹਮੇਸ਼ਾ ਹਮੇਸ਼ਾ ਲਈ ਜੁੜਿਆ ਰਹਿੰਦਾ ਹੈ।

## *ਸੁਨਿ ਅੰਧਾ ਕੈਸੇ ਮਾਰਗੁ ਪਾਵੈ ॥*
## *ਕਰੁ ਗਹਿ ਲੇਹੁ ਓੜਿ ਨਿਬਹਾਵੈ ॥*

ਹਜ਼ੂਰ ਸੱਚੇ ਪਾਤਸ਼ਾਹ, ਅਸੀਂ ਤਾਂ ਮਾਇਆ ਦੇ ਮੋਹ ਵਿੱਚ ਅੰਨੇ ਹੋਏ ਹੋਏ ਹਾਂ, ਤੇ ਅੰਨੇ ਨੂੰ ਕੋਈ ਰਾਹ ਦੱਸੇ ਤਾਂ ਉਹ ਸੁਣ ਕੇ ਉਹ (ਅੰਨਾ) ਕਿਵੇਂ ਉਸ ਰਾਹ ਤੇ ਤੁਰ ਸਕਦਾ ਹੈ ?

ਕੋਈ ਉਹ (ਅੰਨੇ) ਦਾ ਹੱਥ ਫੜ ਕੇ ਉਹਨੂੰ ਮੰਜ਼ਿਲ ਤੇ ਪਹੁੰਚਾ ਦੇਵੇ ਤਾਂ ਹੀ ਉਹ ਪਹੁੰਚ ਸਕਦਾ ਹੈ।

## *ਕਹਾ ਬੁਝਾਰਤਿ ਬੂਝੈ ਡੋਰਾ ॥*
## *ਨਿਸਿ ਕਹੀਐ ਤਉ ਸਮਝੈ ਭੋਰਾ ॥*

ਜੇ ਕਿਸੇ ਬੋਲੇ ਕੋਲ ਕੋਈ ਬੁਝਾਰਤ ਪਾਈ ਜਾਵੇ ਕਿ ਤੂੰ ਬੁੱਝ (ਕਿ ਇਹ ਕੀ ਹੈ ?) ਤਾਂ ਉਹ (ਬੋਲਾ) ਕਿਵੇਂ ਬੁੱਝ ਸਕਦਾ ਹੈ ਕਿਉਂਕਿ ਉਹਨੂੰ ਤਾਂ ਬੁਝਾਰਤ ਸੁਣਦੀ ਹੀ ਨਹੀਂ। ਜਿਹੜੀ ਗੱਲ ਕੀਤੀ ਜਾਂਦੀ ਹੈ, ਉਹਨੂੰ ਉਹ ਗੱਲ ਸੁਣਦੀ ਹੀ ਨਹੀਂ, ਤਾਂ ਉਹ ਸਮਝ ਕਿਵੇਂ ਸਕਦਾ ਹੈ ਤੇ ਜਵਾਬ ਕਿਵੇਂ ਦੇ ਸਕਦਾ ਹੈ ?

ਜੇ ਉਹਨੂੰ ਕਹੋ ਕਿ ਭਾਈ, ਇਸ ਵੇਲੇ ਰਾਤ ਹੈ ਤਾਂ ਉਹ ਸਮਝਦਾ ਹੈ ਕਿ ਜਿਕੂੰ ਅਸੀਂ ਕਹਿ ਰਹੇ ਹੋਈਏ ਕਿ ਇਸ ਵੇਲੇ ਦਿਨ ਹੈ। ਸੋ ਉਸ ਦਾ ਜਵਾਬ ਕਦੀ ਸਹੀ ਹੋ ਹੀ ਨਹੀਂ ਸਕਦਾ।

## *ਕਹਾ ਬਿਸਨਪਦ ਗਾਵੈ ਗੁੰਗ ॥*
## *ਜਤਨ ਕਰੈ ਤਉ ਭੀ ਸੁਰ ਭੰਗ ॥*

ਹੇ ਹਜ਼ੂਰ, ਕੋਈ ਗੂੰਗਾ ਹੋਵੇ ਤਾਂ ਉਹ ਤੇਰੇ ਪਦੇ ('ਬਿਸ਼ਨ' ਪਦ ਦਾ ਅਰਥ ਹੈ - ਪ੍ਰਭੂ ਦੇ ਗੁਣਾਂ ਦੇ ਸਲੋਕ) ਕਿਵੇਂ ਗਾ ਸਕਦਾ ਹੈ ? ਉਹ ਨਹੀਂ ਗਾ ਸਕਦਾ ਕਿਉਂਕਿ ਉਹ ਗੂੰਗਾ ਹੈ।

ਜੇ ਉਹ ਯਤਨ ਵੀ ਕਰੇਗਾ ਤਾਂ, ਉਹ ਸੁਰ ਭੰਗ ਹੀ ਕਰੇਗਾ (ਸਾਰੇ ਰਸ ਨੂੰ ਖਰਾਬ ਹੀ ਕਰੇਗਾ) ਕਿਉਂਕਿ ਉਹ ਗਾ ਹੀ ਨਹੀ ਸਕਦਾ। ਅਸੀਂ ਐਸੈ ਬਣੇ ਹੋਏ ਹਾਂ।

## *ਕਹ ਪਿੰਗੁਲ ਪਰਬਤ ਪਰਭਵਨ ॥*
## *ਨਹੀ ਹੋਤ ਊਹਾ ਉਸੁ ਗਵਨ ॥*

ਹਜ਼ੂਰ ਸੱਚੇ ਪਾਤਸ਼ਾਹ, ਜੇ ਕਿਸੇ ਦੇ ਹੱਥ ਪੈਰ ਨਾ ਹੋਣ (ਉਹ ਪਿੰਗੁਲਾ ਹੋਵੇ), ਜੇ ਉਹਨੂੰ ਕਹੀਏ ਕਿ ਤੂੰ ਪਹਾੜ ਤੇ ਚੜ ਜਾ (ਇਹ ਸਾਹਮਣੇ ਪਹਾੜ ਹੈ, ਇਹ ਰਸਤਾ ਹੈ, ਤੂੰ ਚੜ ਜਾ), ਤਾਂ ਉਹ ਕਿਵੇਂ ਪਹਾੜ ਤੇ ਚੜ ਸਕਦਾ ਹੈ ?

ਕਿਉਂਕਿ ਉਸ ਕੋਲ ਤਾਂ ਚੜਨ ਦੇ ਸਾਧਨ ਹੀ ਨਹੀਂ ਹਨ, ਉਹ ਤਾਂ ਪਿੰਗੁਲਾ ਹੈ। ਇਸ ਕਰਕੇ ਉਹ ਪਹਾੜ ਤੇ ਚੜ ਨਹੀਂ ਸਕਦਾ। ਸਾਡੀ ਐਸੀ ਅਵਸਥਾ ਬਣੀ ਹੋਈ ਹੈ।

## *ਕਰਤਾਰ ਕਰੁਣਾ ਮੈ ਦੀਨੁ ਬੇਨਤੀ ਕਰੈ ॥*
## *ਨਾਨਕ ਤੁਮਰੀ ਕਿਰਪਾ ਤਰੈ ॥ ੬ ॥*

ਹੇ ਸਿਰਜਣਹਾਰ ਜੀਉ, ਹੇ ਦਇਆ ਸਰੂਪ ਜੀਉ, ਮੈਂ ਦੁਖੀਆ ਤੇਰੇ ਅੱਗੇ ਬੇਨਤੀ ਕਰਦਾ ਹਾਂ ਕਿ ਹੇ ਹਜ਼ੂਰ, ਜੇ ਤੁਸੀਂ ਕਿਰਪਾ ਕਰੋ ਤਾਂ ਮੈਂ ਤਰ ਸਕਦਾ ਹਾਂ। ਮੇਰੀ ਤਾਂ ਉਪਰ ਦੱਸੀ ਹਾਲਤ ਹੈ। ਮੈਂ ਗਿਆਨ ਤੋਂ ਅੰਨਾਂ ਹਾਂ, ਕੰਨਾ ਤੋਂ ਬੋਲਾ ਹਾਂ (ਤੇਰਾ ਸ਼ਬਦ ਸੁਣਦਾ ਨਹੀਂ), ਤੇਰੇ ਗੁਣ ਮੈਂ ਗਾ ਨਹੀਂ ਸਕਦਾ। ਤੂੰ ਪਹਾੜ ਰੂਪ ਹੈ। ਮੈਂ ਪਿੰਗੁਲਾ ਹਾਂ। ਮੈਂ ਕਿਵੇਂ ਤੇਰੇ ਤੇ ਚੜ ਸਕਦਾ ਹਾਂ ? ਤੂੰ ਹੀ ਕਿਰਪਾ ਕਰੇ ਤਾਂ ਹੀ ਮੈਂ ਤੇਰੇ ਨਾਲ ਮਿਲ ਸਕਦਾ ਹਾਂ।

ਸੋ ਜਦੋਂ ਵੀ ਅਰਦਾਸਿ ਕਰਨੀ ਹੈ ਤਾਂ ਆਪਣੀਆਂ ਊਣਤਾਈਆਂ (ਕਮਜ਼ੋਰੀਆਂ) ਵੇਖ ਕੇ ਅਰਦਾਸਿ ਕਰਨੀ ਹੈ। ਵੈਸੇ ਹੀ ਮੰਗਤਾ ਜੇ ਕਿਸੇ ਦੇ ਦਰ ਤੇ ਜਾਵੇ ਤਾਂ ਜਾ ਕੇ, ਜੇ ਉਹਦੇ ਵਿੱਚ ਕੋਈ ਗੁਣ ਹੋਵੇ ਵੀ, ਤਾਂ ਉਹ ਆਪਣੇ ਗੁਣ ਨਹੀਂ ਦਸਦਾ। ਉਹ ਆਪਣੀ ਕਮਜ਼ੋਰੀ ਦਸਦਾ ਹੈ ਤੇ ਤਾਂ ਕੋਈ ਚੀਜ਼ ਮੰਗਦਾ ਹੈ।ਸਾਡੇ ਵਿੱਚ ਤਾਂ ਇਹ ਕਮਜ਼ੋਰੀਆਂ ਹਨ। ਅਸੀਂ ਪ੍ਰਭੂ ਦੇ ਸਨਮੁਖ ਹੋ ਕੇ, ਆਪਣੀਆਂ ਕਮਜ਼ੋਰੀਆਂ ਨੂੰ ਮੰਨਦਿਆਂ ਹੋਇਆ ਪ੍ਰਭੂ ਅੱਗੇ ਅਰਦਾਸਿ ਕਰਨੀ ਹੈ ਕਿ ਹੇ ਪ੍ਰਭੂ ਪਿਤਾ, ਤੂੰ ਦਇਆ ਕਰ ਤੇ ਮੈਨੂੰ ਪਾਰ ਪਾ।

## *ਸੰਗਿ ਸਹਾਈ ਸੁ ਆਵੈ ਨ ਚੀਤਿ ॥*
## *ਜੋ ਬੈਰਾਈ ਤਾ ਸਿਉ ਪ੍ਰੀਤਿ ॥*

ਹੇ ਪ੍ਰਭੂ, ਮੇਰੀ ਜੀਵਨ ਚਾਲ ਐਸੀ ਹੈ ਕਿ ਜੋ ਤੂੰ ਮੇਰਾ ਸੰਗੀ ਹੈ ਤੇ ਹਮੇਸ਼ਾ ਸਹਾਇਕ (Helper) ਹੈਂ, ਸੁਖਦਾਇਕ ਹੈਂ, ਮੈਂ ਤੈਨੂੰ ਭੁੱਲਿਆ ਹੋਇਆ ਹਾਂ।

ਜੋ ਵੀ ਮਾੜਾ ਕਰਮ (ਐਬ, ਪਾਪ ਹੈ) ਉਹਦੇ ਨਾਲ ਮੇਰੀ ਪ੍ਰੀਤੀ ਹੈ। ਕਿਉਂਕਿ ਆਤਮਾ ਜਦੋਂ ਰੱਬ ਜੀ ਨੂੰ ਭੁੱਲ ਜਾਂਦੀ ਹੈ ਤਾਂ ਇਸ ਦਾ ਪਾਪ ਕਰਮ ਆਰੰਭ ਹੋ ਜਾਂਦਾ ਹੈ।

ਉਸ (ਰੱਬ) ਨੂੰ ਭੁਲਣਾ ਹੀ ਪਾਪ ਹੈ ਤੇ ਉਸ ਨੂੰ ਚੇਤੇ ਕਰਨਾ ਹੀ ਪੁੰਨ ਹੈ। ਹਜ਼ੂਰ ਕਹਿੰਦੇ ਨੇ :-

**H ਕਲਿ ਮਹਿ ਏਹੋ ਪੁੰਨੁ ਗੁਣ ਗੋਵਿੰਦ ਗਾਹਿ ॥ (ਪੰਨਾ ੯੬੨)**

ਹੇ ਪ੍ਰਭੂ, ਉਹ ਪੁੰਨ ਕਰਮ (ਤੇਰੇ ਗੁਣ ਗਾਉਣ ਦੇ) ਮੈਂ ਨਹੀਂ ਕਰਦਾ। ਜਿਹੜੇ ਪਾਪ ਕਰਮ ਹਨ (ਤੈਨੂੰ ਭੁੱਲਣ ਦੇ), ਉਹ ਮੈਂ ਹਮੇਸ਼ਾ ਕਰਦਾ ਹਾਂ (ਮੇਰੀ ਪ੍ਰੀਤੀ ਉਧਰ ਲੱਗੀ ਹੈ)।

## *ਬਲੂਆ ਕੇ ਗ੍ਰਿਹ ਭੀਤਰਿ ਬਸੈ ॥*
## *ਅਨਦ ਕੇਲ ਮਾਇਆ ਰੰਗਿ ਰਸੈ ॥*

ਮੈਂ ਕੱਚੇ ਘਰ ਵਿੱਚ ਵਸਦਾ ਹਾਂ, ਜੋ ਸਦਾ ਰਹਿਣਾ ਨਹੀਂ ਹੈ। ਉਸ ਘਰ ਵਿੱਚ ਮੇਰਾ ਟਿਕਾਣਾ ਹੈ ਤੇ ਉਸ ਵਿੱਚ ਹੀ ਮੈਂ ਮਸਤ ਹਾਂ।

ਮੈਂ ਆਨੰਦ ਕਰਦਾ ਹਾਂ ਤੇ ਮਾਇਆ ਵਿੱਚ ਹੀ ਰਚਿਆ ਹੋਇਆ ਹਾਂ, ਜਿਸ (ਮਾਇਆ) ਨੇ ਮੇਰੀ ਸੰਗੀ (ਸਾਥੀ) ਨਹੀਂ ਬਨਣਾ।

## *ਦ੍ਰਿੜੁ ਕਰਿ ਮਾਨੈ ਮਨਹਿ ਪ੍ਰਤੀਤਿ ॥*
## *ਕਾਲੁ ਨ ਆਵੈ ਮੂੜੇ ਚੀਤਿ ॥*

ਦ੍ਰਿੜ ਕਰ ਕੇ ਰਖਦਾ ਹੈ ਤੇ ਮਨ ਵਿੱਚ ਯਕੀਨ ਰਖਦਾ ਹੈ ਕਿ ਮਾਇਆ ਮੇਰੀ ਹੈ ਤੇ ਮੇਰੀ ਸੰਗੀ (ਸਾਥੀ) ਹੈ।

ਇਹਨੂੰ ਮੂਰਖ ਨੂੰ ਮੌਤ ਚੇਤੇ ਨਹੀਂ ਆਉਂਦੀ ਕਿ ਜਦੋਂ ਵੀ ਆਤਮਾ ਨੇ ਜਾਣਾ ਹੈ, ਇਸ (ਮਾਇਆ) ਦੇ ਕਿਸੇ ਵੀ ਅੰਗ ਨੇ ਨਾਲ ਨਹੀਂ ਜਾਣਾ। ਮਾਇਆ ਦਾ ਹਰ ਇਕ ਅੰਗ ਪਿੱਛੇ ਰਹਿ ਜਾਏਗਾ। ਆਤਮਾ ਕੱਲੀ ਖਾਲੀ ਹੱਥ ਚਲੀ ਜਾਏਗੀ।

## *ਬੈਰ ਬਿਰੋਧ ਕਾਮ ਕ੍ਰੋਧ ਮੋਹ ॥*
## *ਝੂਠ ਬਿਕਾਰ ਮਹਾ ਲੋਭ ਧ੍ਰੋਹ ॥*

ਇਨ੍ਹਾਂ ਵਿੱਚ ਮਨ ਫਸਿਆ ਹੋਇਆ ਹੈ। ਵੈਰ ਨਾਲ, ਝਗੜਿਆਂ ਨਾਲ, ਕਾਮ ਅਧੀਨ, ਕ੍ਰੋਧ ਵਿੱਚ ਤੇ ਮੋਹ ਵਿੱਚ ਮਨ ਫਸਿਆ ਹੋਇਆ ਹੈ।

ਇਹ ਮਨ ਝੂਠ ਵਿੱਚ ਫਸਿਆ ਹੋਇਆ ਹੈ। ਸਾਰੀ ਰਚਨਾ ਝੂਠ ਹੈ, ਇਸ ਦਾ ਹਰ ਅੰਗ ਝੂਠਾ ਹੈ। ਮਨ ਇਸ ਰਚਨਾ ਦੇ ਮੋਹ ਵਿੱਚ ਫਸਿਆ ਹੋਇਆ ਹੈ। ਵਿਕਾਰਾਂ ਵਿੱਚ ਲੱਗਾ ਹੋਇਆ ਹੈ। ਵੱਡੇ ਲੋਭ ਤੇ ਧ੍ਰੋਹ ਵਿੱਚ ਲੱਗਾ ਹੋਇਆ ਹੈ। 'ਧ੍ਰੋਹ' ਹੁੰਦਾ ਹੈ ਕਿਸੇ ਨੂੰ ਧੋਖਾ ਦੇਣਾ। ਇਹਦੇ ਵਿੱਚ ਇਹ ਮਨ ਗਲਤਾਨ ਰਹਿੰਦਾ ਹੈ।

## *ਇਆਹੂ ਜੁਗਤਿ ਬਿਹਾਨੇ ਕਈ ਜਨਮ ॥*
## *ਨਾਨਕ ਰਾਖਿ ਲੇਹੁ ਆਪਨ ਕਰਿ ਕਰਮ ॥ ੭ ॥*

ਇਸ ਆਤਮਾ ਦੇ, ਇਸ ਢੰਗ (ਤਰੀਕੇ) ਨਾਲ ਜੀਵਨ ਬਤੀਤ ਕਰਦਿਆਂ, ਅਨੇਕਾਂ ਜਨਮ ਬੀਤ ਗਏ ਹਨ।

ਹੇ ਸੱਚੇ ਪਾਤਸ਼ਾਹ, ਤੁਸੀਂ ਹੀ ਮੇਹਰ ਕਰਕੇ ਮੈਨੂੰ ਬਖਸ਼ ਲਉ। ਮੈਂ ਆਪਣੇ ਕਰਮ ਕਰਤੂਤ ਨਾਲ ਤਾਂ ਹਜ਼ੂਰ ਤਕ ਪਹੁੰਚ ਨਹੀਂ ਸਕਦਾ।

## *ਤੂ ਠਾਕੁਰੁ ਤੁਮ ਪਹਿ ਅਰਦਾਸਿ ॥*
## *ਜੀਉ ਪਿੰਡੁ ਸਭੁ ਤੇਰੀ ਰਾਸਿ ॥*

ਹੇ ਮਾਲਕ, ਤੂੰ ਹੀ ਮੇਰਾ ਮਾਲਕ ਹੈਂ ਤੇ ਤੇਰੇ ਅੱਗੇ ਹੀ ਮੇਰੀ ਬੇਨਤੀ ਹੈ।

ਇਹ ਮੇਰਾ ਮਨ ਤੇ ਮੇਰਾ ਸ਼ਰੀਰ, ਇਹ ਤੇਰੀ ਦਿੱਤੀ ਰਾਸ (ਪੂੰਜੀ) ਹੈ, ਇਹ ਮੇਰੀ ਨਹੀਂ।

## *ਤੁਮ ਮਾਤ ਪਿਤਾ ਹਮ ਬਾਰਿਕ ਤੇਰੇ ॥*
## *ਤੁਮਰੀ ਕ੍ਰਿਪਾ ਮਹਿ ਸੂਖ ਘਨੇਰੇ ॥*

ਤੂੰ ਹੀ ਮੇਰਾ ਮਾਤਾ ਹੈਂ, ਤੂੰ ਹੀ ਮੇਰਾ ਪਿਤਾ ਹੈਂ। ਮੈਂ ਤੇਰਾ ਬੱਚਾ ਹਾਂ।

ਜੇ ਤੂੰ ਕ੍ਰਿਪਾ ਕਰ ਦੇਵੇ ਤਾਂ ਮੈਨੂੰ ਬਹੁਤ ਸੁੱਖ ਮਿਲ ਸਕਦੇ ਹਨ। ਇਸ ਲਈ ਤੂੰ ਕ੍ਰਿਪਾ ਕਰ, ਤਾਂ ਕਿ ਮੈਨੂੰ ਸਾਰੇ ਸੁੱਖ ਪ੍ਰਾਪਤ ਹੋ ਜਾਣ।

## *ਕੋਇ ਨ ਜਾਨੈ ਤੁਮਰਾ ਅੰਤੁ ॥*
## *ਊਚੇ ਤੇ ਊਚਾ ਭਗਵੰਤ ॥*

ਹੇ ਹਜ਼ੂਰ, ਤੇਰੀ ਬੇਅੰਤਤਾਈ ਦਾ ਅੰਤ ਤਾਂ ਕੋਈ ਵੀ ਜਾਣ ਨਹੀਂ ਸਕਦਾ।

ਹੇ ਭਗਵਾਨ, ਤੂੰ ਤਾਂ ਉੱਚਿਆਂ ਤੋਂ ਉੱਚਿਆਂ, ਵੱਡਿਆਂ ਤੋਂ ਵੱਡਾ, ਸਭ ਤੋਂ ਵੱਡਾ ਹੈਂ। ਤੇਰੇ ਜਿੱਡਾ ਵੱਡਾ ਹੋਰ ਕੋਈ ਵੀ ਹੈ ਹੀ ਨਹੀਂ। ਇਸ ਲਈ ਤੈਨੂੰ ਕੋਈ ਜਾਣ ਹੀ ਨਹੀਂ ਸਕਦਾ।

## *ਸਗਲ ਸਮਗ੍ਰੀ ਤੁਮਰੈ ਸੂਤ੍ਰਿ ਧਾਰੀ ॥*
## *ਤੁਮ ਤੇ ਹੋਇ ਸੁ ਆਗਿਆਕਾਰੀ ॥*

ਹੇ ਪ੍ਰਭੂ, ਇਹ ਜੋ ਸਾਰੀ ਰਚਨਾ (ਸਾਮਗ੍ਰੀ, Matter) ਹੈ, ਇਹ ਸਾਰੀ ਤੂੰ ਬਣਾਈ ਹੈ ਤੇ ਤੂੰ ਸਭ ਕਾਸੇ ਨੂੰ ਸੂਤਰ (ਨਿਯੰਤ੍ਰਣ, Control) ਵਿੱਚ ਰੱਖਿਆ ਹੋਇਆ ਹੈ। ਹਰ ਵਸਤੂ ਆਪਣੇ ਟਿਕਾਣੇ ਤੇ ਟਿਕੀ ਹੋਈ ਹੈ।

ਜੋ ਵੀ ਤੇਰੇ ਵਿੱਚੋਂ ਰਚਨਾ ਪੈਦਾ ਹੋਈ ਹੈ, ਇਹ ਸਾਰੀ ਹੀ ਤੇਰੇ ਹੁਕਮ ਵਿੱਚ ਚਲਦੀ ਹੈ (ਤੇਰੇ ਹੁਕਮ ਨੂੰ ਮੰਨਦੀ ਹੈ), ਤੇਰੇ ਤੋਂ ਬਾਹਰ ਕੁਛ ਨਹੀਂ।

**H ਤੁਝ ਤੇ ਬਾਹਰਿ ਕਿਛੁ ਨਹੀ ਭਵ ਕਾਟਨਹਾਰੇ ॥** (ਪੰਨਾ ੮੦੯)

ਕੋਈ ਵੀ ਚੀਜ਼ ਤੇਰੇ ਨਿਯੰਤ੍ਰਣ (Control) ਤੋਂ ਬਾਹਰ ਨਹੀਂ ਹੈ। ਤੂੰ ਸਰਬ ਸ਼ਕਤੀਮਾਨ (ਸਭ ਕੁਛ ਕਰਨ ਯੋਗ ਹੈਂ)।

## *ਤੁਮਰੀ ਗਤਿ ਮਿਤਿ ਤੁਮ ਹੀ ਜਾਨੀ ॥*
## *ਨਾਨਕ ਦਾਸ ਸਦਾ ਕੁਰਬਾਨੀ ॥ ੮ ॥ ੪ ॥*

ਤੂੰ ਕੈਸਾ ਹੈਂ ? ਤੇਰੀ ਅਵਸਥਾ ਕੈਸੀ ਹੈ ? ਤੇਰੀ ਮਿਣਤੀ ਕਿੰਨੀ ਹੈ ? ਤੂੰ ਇਨਸਾਨੀ ਸਮਝ ਤੋਂ ਬਾਹਰ ਹੈਂ। ਤੂੰ ਹੀ ਜਾਣਦਾ ਹੈ ਕਿ ਤੇਰੀ ਗਤੀ (ਅਵਸਥਾ) ਕੀ ਹੈ। ਤੇਰੀ ਮਿਣਤੀ ਕੀ ਹੈ, ਤੇਰਾ ਵੱਡਪਣ ਕਿੱਡਾ ਹੈ, ਇਹ ਤੂੰ ਹੀ ਜਾਣਦਾ ਹੈਂ।

ਮੈਂ ਤਾਂ ਤੇਰਾ ਦਾਸ, ਹੇ ਹਜ਼ੂਰ ਤੇਰੇ ਤੋਂ ਸਦਾ ਬਲਿਹਾਰ (ਕੁਰਬਾਨ) ਜਾਂਦਾ ਹਾਂ ਕਿਉਂਕਿ ਤੇਰਾ ਅੰਤ ਤਾਂ ਨਾ ਹੀ ਕਿਸੇ ਨੇ ਪਾਇਆ ਹੈ ਤੇ ਨਾ ਹੀ ਕੋਈ ਪਾ ਸਕਦਾ ਹੈ। ਨਾ ਤੂੰ ਮੇਰੀ ਸਮਝ ਵਿੱਚ ਸੰਪੂਰਨ ਤੌਰ ਤੇ ਆਉਂਦਾ ਹੈਂ ਤੇ ਤੇਰੀ ਬੇਅੰਤਤਾਈ ਨੂੰ ਵੇਖ ਕੇ ਮੈਂ ਤੇਰੇ ਤੋਂ ਬਲਿਹਾਰ ਜਾਂਦਾ ਹਾਂ, ਬਲਿਹਾਰ ਜਾਂਦਾ ਹਾਂ।

**H H H H H**

## *ਅਸਟਪਦੀ ੫ (ਪੰਨਾ ੨੬੮)*

## *ਸਲੋਕੁ ॥*
## *ਦੇਨਹਾਰੁ ਪ੍ਰਭ ਛੋਡਿ ਕੈ*
## *ਲਾਗਹਿ ਆਨ ਸੁਆਇ ॥*

ਜੋ ਦਾਤਾਰ ਦੇ ਰਹਿਆ ਹੈ ਤੇ ਸਭ ਕੁਛ ਦੇ ਰਿਹਾ ਹੈ, ਉਸ ਪ੍ਰਭੂ ਨੂੰ ਭੁੱਲ ਕੇ ਜੀਵ ਆਤਮਾ ਹੋਰ ਮਨੋਰਥਾਂ (ਸੁਆਇ) ਵਿੱਚ ਲੱਗ ਜਾਂਦੀ ਹੈ ਤੇ ਲੱਗੀ ਹੋਈ ਹੈ। ਜੀਵ ਨੂੰ ਹੋਰ ਰੀਝਾਂ ਪੈਦਾ ਹੋ ਗਈਆਂ ਤੇ ਉਨ੍ਹਾਂ ਰੀਝਾਂ ਨਾਲ ਹੀ ਜੀਵ ਜੁੜ ਗਇਆ।

## *ਨਾਨਕ ਕਹੂ ਨ ਸੀਝਈ*
## *ਬਿਨੁ ਨਾਵੈ ਪਤਿ ਜਾਇ ॥੧॥*

ਹੇ ਨਾਨਕ, ਇਸ ਜੀਵ ਨੂੰ ਇਹ ਸਮਝ ਹੀ ਨਹੀਂ ਪੈਂਦੀ ਕਿ ਬਿਨਾਂ ਨਾਮ ਦੇ ਤਾਂ ਮੇਰੀ ਨਿਰਾਦਰੀ ਹੋ ਰਹੀ ਹੈ। ਜੇ ਇਹ ਗੱਲ ਇਸਨੂੰ ਦ੍ਰਿੜ ਹੋਵੇ ਤਾਂ ਜੀਵ ਨਾਮ ਜਪਣ ਲੱਗੇ। ਇਹ ਤਾਂ ਹੋਰ ਲਾਲਚਾਂ ਵਿੱਚ ਹੀ ਫਸਿਆ ਰਹਿੰਦਾ ਹੈ। ਕਿਵੇਂ ਜੀਵਨ ਚਾਲ ਚਲਦੀ ਹੈ ?

## *ਅਸਟਪਦੀ ॥*

## *ਦਸ ਬਸਤੂ ਲੇ ਪਾਛੈ ਪਾਵੈ ॥*

## *ਏਕ ਬਸਤੁ ਕਾਰਨਿ ਬਿਖੋਟਿ ਗਵਾਵੈ ॥*

ਦਸ ਚੀਜ਼ਾਂ ਮਾਲਕ ਦੇਂਦਾ ਹੈ। ਜੋ ਚੀਜ਼ਾਂ ਮਾਲਕ ਦੇਂਦਾ ਹੈ, ਜੀਵ ਉਨ੍ਹਾਂ ਚੀਜ਼ਾਂ ਨੂੰ ਭੁੱਲ ਜਾਂਦਾ ਹੈ।

ਜੇ ਮਾਲਕ ਇਕ ਚੀਜ਼ ਨਾ ਦੇਵੇਂ ਤਾਂ ਉਹਦੇ ਕਰ ਕੇ ਜੀਵ ਗੁੱਸਾ ਕਰ ਲੈਂਦਾ ਹੈ, ਉਹਦੇ ਕਰਕੇ ਹੀ ਆਪਣਾ ਇਤਬਾਰ ਗਵਾ ਲੈਂਦਾ ਹੈ।

## *ਏਕ ਭੀ ਨ ਦੇਇ ਦਸ ਭੀ ਹਿਰਿ ਲੇਇ ॥*

## *ਤਉ ਮੂੜਾ ਕਹੁ ਕਹਾ ਕਰੇਇ ॥*

ਭਾਈ, ਜਿਹੜੀ ਤੂੰ ਇਕ ਚੀਜ਼ ਮੰਗਦਾ ਹੈ (ਜੋ ਤੈਨੂੰ ਨਹੀਂ ਮਿਲੀ), ਜੇ ਉਹ ਮਾਲਕ ਉਹ ਇਕ ਚੀਜ਼ ਵੀ ਨਾ ਦੇਵੇ ਤੇ ਜੋ ਦਸ ਚੀਜ਼ਾਂ ਪਹਿਲਾਂ ਦਿੱਤੀਆਂ ਹੋਈਆਂ, ਜੇ ਉਨ੍ਹਾਂ ਨੂੰ ਵੀ ਵਾਪਸ ਲੈ ਲਵੇ,

ਤੇ ਮੂਰਖ ਮਨਾਂ, ਤਾਂ ਤੂੰ ਕੀ ਕਰ ਸਕਦਾ ਹੈ ? ਸਮਰੱਥਾ ਤਾਂ ਸਾਰੀ ਮਾਲਕ ਕੋਲ ਹੈ। ਜਿਹੜੀਆਂ ਦਸ ਚੀਜ਼ਾਂ ਮਾਲਕ ਨੇ ਤੈਨੂੰ ਦਿੱਤੀਆਂ ਹਨ, ਤੂੰ ਉਨ੍ਹਾਂ ਚੀਜ਼ਾਂ ਲਈ ਮਾਲਕ ਦਾ ਸ਼ੁਕਰ ਕਰ। ਜਿਹੜੀ ਇਕ ਚੀਜ਼ ਤੈਨੂੰ ਨਹੀਂ ਮਿਲੀ, ਤੂੰ ਇਹ ਸਮਝ ਕਿ ਉਹ ਮੇਰੇ ਮਾਲਕ ਦੇ ਭਾਣੇ ਵਿੱਚ ਨਹੀਂ ਤੇ ਮੇਰੇ ਕਰਮਾਂ ਵਿੱਚ ਨਹੀਂ। ਤੂੰ ਆਪਣਾ ਇਤਬਾਰ ਨਾ ਗਵਾ। ਤੂੰ ਮਾਲਕ ਦੀ ਚਰਣ ਸ਼ਰਨ ਨਾ ਛੱਡ।

## *ਜਿਸੁ ਠਾਕੁਰ ਸਿਉ ਨਾਹੀ ਚਾਰਾ ॥*

## *ਤਾ ਕਉ ਕੀਜੈ ਸਦ ਨਮਸਕਾਰਾ ॥*

ਭਾਈ, ਜਿਸ ਮਾਲਕ ਨਾਲ ਕੋਈ ਜ਼ੋਰ ਨਹੀਂ ਚਲਦਾ।

ਉਸ ਮਾਲਕ ਨੂੰ ਹਮੇਸ਼ਾ ਨਮਸ਼ਕਾਰ ਹੀ ਫਬਦੀ ਹੈ, ਸਦਾ ਉਸ ਦੀ ਚਰਨ ਸ਼ਰਨ ਲੈਣੀ ਹੀ ਫਬਦੀ ਹੈ। ਉਸ ਮਾਲਕ ਦਾ ਇਹ ਜੀਵ ਤਾਂ ਕੁਛ ਵੀ ਨਹੀਂ ਵਿਗਾੜ ਸਕਦਾ। ਜੇ ਜੀਵ ਨਾਮ ਨਹੀਂ ਜਪੇਗਾ ਤਾਂ ਆਪਣਾ ਹੀ ਨੁਕਸਾਨ ਕਰੇਗਾ। ਮਾਲਕ ਦਾ ਤਾਂ ਕੋਈ ਨੁਕਸਾਨ ਨਹੀਂ ਹੋਣਾ। ਇਸ ਕਰਕੇ ਭਾਈ, ਤੂੰ ਉਸ ਮਾਲਕ ਦੀ ਸਮਰੱਥਾ (ਵੱਡਪਣ) ਨੂੰ ਵੇਖ ਕੇ, ਜੇ ਤੇਰਾ ਮਨ ਇਹ ਮੰਨ ਜਾਵੇ ਕਿ ਮੇਰਾ ਤਾਂ ਉਸ ਮਾਲਕ ਨਾਲ ਕਦੀ ਜ਼ੋਰ ਨਹੀਂ ਚਲਣਾ, ਤਾਂ ਫਿਰ ਤੂੰ ਉਹਨੂੰ ਨਮਸ਼ਕਾਰ ਕਰਨ ਲਗੇਗਾਂ ਤੇ ਉਸ ਨੂੰ ਨਮਸ਼ਕਾਰ ਕਰਨੀ ਹੀ ਫਬਦੀ ਹੈ।

## *ਜਾ ਕੈ ਮਨਿ ਲਾਗਾ ਪ੍ਰਭੁ ਮੀਠਾ ॥*

## *ਸਰਬ ਸੂਖ ਤਾਹੂ ਮਨਿ ਵੂਠਾ ॥*

ਭਾਈ, ਜਿਸ ਨੂੰ ਪ੍ਰਭੂ ਮਨ ਵਿੱਚ ਮਿੱਠਾ (ਪਿਆਰਾ) ਲਗਦਾ ਹੈ (ਜਿਸ ਦੇ ਅੰਦਰੋਂ ਪ੍ਰੀਤਿ ਉਮੜਦੀ ਹੈ ਰੱਬ ਜੀ ਨਾਲ),

ਸਾਰੇ ਸੁੱਖ ਉਸ ਦੇ ਮਨ ਵਿੱਚ ਹੀ ਪ੍ਰਗਟ ਹੁੰਦੇ ਹਨ (ਵੱਸ ਜਾਂਦੇ ਹਨ), ਉਹੀ ਆਤਮਾ ਸੁਖੀ ਹੁੰਦੀ ਹੈ। ਤੂੰ ਪ੍ਰਭੂ ਦੇ ਨਾਮ ਵਿੱਚ ਜੁੜ, ਉਸ ਨੂੰ ਪਿਆਰ ਨਾਲ ਯਾਦ ਕਰ, ਤਾਂ ਕਿ ਤੈਨੂੰ ਵੀ ਉਹ ਮਿੱਠਾ ਲੱਗਣ ਲੱਗ ਜਾਵੇ।

## *ਜਿਸੁ ਜਨ ਅਪਨਾ ਹੁਕਮੁ ਮਨਾਇਆ ॥*

## *ਸਰਬ ਥੋਕ ਨਾਨਕ ਤਿਨਿ ਪਾਇਆ ॥ ੧ ॥*

ਉਸ ਦਾ ਹੁਕਮ ਉਹ ਆਪ ਹੀ ਮਨਾਉਂਦਾ ਹੈ। ਹਜ਼ੂਰ ਨੇ ਹਉਮੈ ਦੀ ਨਿਵਰਤੀ ਦਾ ਸਾਧਨ ਦਸਿਆ ਹੈ :-

**H ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ ॥**
**ਨਾਨਕੁ ਕਹੈ ਸੁਣਹੁ ਜਨਹੁ ਇਤੁ ਸੰਜਮਿ ਦੁਖ ਜਾਹਿ ॥ (ਪੰਨਾ ੪੬੬)**

ਹੁਕਮ ਪ੍ਰਭੂ ਹੀ ਮਨਾਉਂਦਾ ਹੈ, ਜਦੋਂ ਵੀ ਆਪਣਾ ਹੁਕਮ ਮਨਾਉਂਦਾ ਹੈ। ਉਸ ਪ੍ਰਭੂ ਦਾ ਓਟ ਆਸਰਾ ਲੈ ਕੇ (ਉਸ ਦੀ ਚਰਨ ਸ਼ਰਨ ਲੈ ਕੇ), ਉਸ ਕੋਲੋਂ ਹੀ ਮੰਗਣਾ ਹੈ ਕਿ ਸਾਹਿਬ ਆਪਣਾ ਹੁਕਮ ਮਨਾਂ।

ਕਿਉਂਕਿ ਜਿਸ ਨੂੰ ਉਹ ਆਪਣਾ ਹੁਕਮ ਮੰਨਣ ਲਾ ਦੇਂਦਾ ਹੈ, ਉਸ ਨੂੰ ਸਭ ਖਜਾਨੇ, ਹਜ਼ੂਰ ਗੁਰੂ ਪਾਤਸ਼ਾਹ ਕਹਿੰਦੇ ਨੇ ਕਿ, ਪ੍ਰਾਪਤ ਹੋ ਜਾਂਦੇ ਹਨ।

### *ਅਗਨਤ ਸਾਹੁ ਅਪਨੀ ਦੇ ਰਾਸਿ ॥*
### *ਖਾਤ ਪੀਤ ਬਰਤੈ ਅਨਦ ਉਲਾਸਿ ॥*

ਜੋ ਅਗਨਤ ਸਾਹ ਹੈ (ਜਿਸਦੀ ਕੋਈ ਗਿਣਤੀ ਮਿਣਤੀ ਨਹੀਂ, ਜਿਸ ਕੋਲ ਦਾਤਾਂ ਦੇ ਭੰਡਾਰਿਆਂ ਦਾ ਕੋਈ ਅੰਤ ਹੀ ਨਹੀਂ ਹੈ), ਜੇ ਉਹ ਕਿਸੇ ਆਤਮਾ ਨੂੰ ਥੋੜੀ ਰਾਸ (ਪੂੰਜੀ) ਵਿੱਚੋਂ ਦੇ ਦੇਵੇ,

ਤਾਂ ਉਹਦੇ ਵਿੱਚੋਂ ਜੀਵ ਖਾਂਦਾ, ਪੀਂਦਾ, ਵਰਤਦਾ ਤੇ ਆਨੰਦ ਕਰਦਾ ਹੈ।

### *ਅਪੁਨੀ ਅਮਾਨ ਕਛੁ ਬਹੁਰਿ ਸਾਹੁ ਲੇਇ ॥*
### *ਅਗਿਆਨੀ ਮਨਿ ਰੋਸੁ ਕਰੇਇ ॥*

ਬੇਅੰਤ ਦਿੱਤੀਆਂ ਦਾਤਾਂ ਵਿੱਚੋਂ, ਜੇ ਉਹ ਮਾਲਕ, ਆਪਣੀ ਅਮਾਨਤ ਵਿੱਚੋਂ ਕੁਛ ਵਾਪਸ ਮੰਗੇ ਜਾਂ ਵਾਪਸ ਲੈ ਲਵੇ,

ਤਾਂ ਨਾ-ਸਮਝ ਮਨ ਉਸ ਮਾਲਕ ਨਾਲ ਰੋਸ (ਗੁੱਸਾ, ਗਿਲਾ) ਕਰਦਾ ਹੈ। ਇਹ ਨਹੀਂ ਸਮਝਦਾ ਕਿ ਚੀਜ਼ ਤਾਂ ਉਸ ਦੀ ਸੀ। ਉਸ ਨੇ ਮੈਨੂੰ ਦਿੱਤੀ ਸੀ। ਜੇ ਉਸ ਨੇ ਵਾਪਸ ਲੈ ਲਈ ਤਾਂ ਇਹਦੇ ਵਿੱਚ ਮੇਰਾ ਕਿਹੜਾ ਅਧਿਕਾਰ ਸੀ ? ਭਾਣੇ ਨੂੰ ਨਹੀਂ ਮੰਨਦਾ ਤੇ ਮਾਲਕ ਨਾਲ ਗਿਲਾ ਕਰਦਾ ਹੈ।

### *ਅਪਨੀ ਪਰਤੀਤਿ ਆਪ ਹੀ ਖੋਵੈ ॥*
### *ਬਹੁਰਿ ਉਸ ਕਾ ਬਿਸ੍ਵਾਸੁ ਨ ਹੋਵੈ ॥*

ਜੋ ਐਸੀ ਆਤਮਾ ਹੈ (ਜੋ ਇਤ ਤਰਾਂ ਕਰਦੀ ਹੈ), ਉਹ ਆਪਣਾ ਯਕੀਨ ਆਪ ਗਵਾ ਲੈਂਦੀ ਹੈ।

ਤੇ ਪ੍ਰਭੂ ਐਸੀ ਆਤਮਾ ਤੇ ਫਿਰ ਵਿਸ਼ਵਾਸ ਨਹੀਂ ਕਰਦਾ, ਮੁੜ ਕੇ ਉਹਨੂੰ ਦਾਤਾਂ ਦੇਂਦਾ ਨਹੀਂ, ਮਾਲਕ ਦੁਆਰਾ ਉਸ ਜੀਵ ਨੂੰ ਦਿੱਤੀਆਂ ਹੋਈਆਂ ਦਾਤਾਂ ਘਟਣ ਲਗ ਜਾਂਦੀਆਂ ਹਨ ਤੇ ਹੋਲੀ ਹੋਲੀ ਜੀਵ ਕੰਗਾਲ ਹੋ ਜਾਂਦਾ ਹੈ। ਉਸ ਦੇ ਪੱਲੇ ਕੱਖ ਵੀ ਨਹੀਂ ਰਹਿੰਦਾ। ਕੀ ਕਰੇ ਫਿਰ ਜੀਵ ?

### *ਜਿਸ ਕੀ ਬਸਤੁ ਤਿਸੁ ਆਗੈ ਰਾਖੈ ॥*
### *ਪ੍ਰਭ ਕੀ ਆਗਿਆ ਮਾਨੈ ਮਾਥੈ ॥*

ਭਾਈ, ਜਿਸ ਦਾ ਸਭ ਸਾਮਾਨ ਹੈ, ਜਿਸ ਦੀਆਂ ਸਭ ਚੀਜ਼ਾਂ ਹਨ, ਜਿਸ ਦੀਆਂ ਸਭ ਦਾਤਾਂ ਹਨ, ਇਹਨਾਂ ਨੂੰ ਉਸ ਦੀਆਂ ਕਰਕੇ ਹੀ ਮੰਨੋ, ਤੇ ਜੇ ਉਹ ਵਾਪਸ ਲੈ ਲਵੇ ਤਾਂ ਮਨ ਵਿੱਚ ਗਿਲਾ ਨਾ ਆਵੇ ਤੇ ਮਨ ਕਹੇ ਕਿ ਹੇ ਪ੍ਰਭੂ, ਇਹ ਤਾਂ ਤੇਰੀ ਦਾਤ ਸੀ, ਤੂੰ ਲੈ ਲਈ ਹੈ, ਇਹ ਮੇਰੀ ਤਾਂ ਹੈ ਹੀ ਨਹੀਂ ਸੀ।

ਇਸ ਤਰਾਂ ਪ੍ਰਭੂ ਦਾ ਹੁਕਮ ਜੀਵ ਮੰਨਣ ਲਗੇ। ਜੇ ਕੋਈ ਜੀਵ ਪ੍ਰਭੂ ਦੇ ਭਾਣੇ ਵਿੱਚ ਆਵੇ (ਜੋ ਵੀ ਪ੍ਰਭੂ ਕਰੇ, ਉਸਨੂੰ ਭਲਾ ਕਰਕੇ ਮੰਨੇ)।

### *ਉਸ ਤੇ ਚਉਗੁਨ ਕਰੈ ਨਿਹਾਲੁ ॥*
### *ਨਾਨਕ ਸਾਹਿਬੁ ਸਦਾ ਦਇਆਲੁ ॥ ੨ ॥*

ਤਾਂ ਇਹ ਰਸਤਾ ਸੁੱਖ ਪ੍ਰਾਪਤ ਕਰਨ ਦਾ ਹੈ। ਐਸੀ ਆਤਮਾ ਨੂੰ ਪ੍ਰਭੂ ਜੀ ਉਸ ਤੋਂ ਕਈ ਗੁਣਾਂ (ਚਾਰ ਗੁਣਾਂ) ਜ਼ਿਆਦਾ ਖੁਸ਼ ਕਰ ਦਿੰਦੇ ਨੇ (ਦਾਤਾਂ ਬਖਸ਼ ਦਿੰਦੇ ਨੇ),

ਕਿਉਂਕਿ ਉਹ ਮਾਲਕ ਸਦਾ ਸਦਾ ਦਇਆਲੂ ਹੈ, ਸਦਾ ਸਦਾ ਦਇਆਲੂ ਹੈ, ਸਦਾ ਸਦਾ ਦਇਆਲ ਹੈ।

### *ਅਨਿਕ ਭਾਤਿ ਮਾਇਆ ਕੇ ਹੇਤ ॥*
### *ਸਰਪਰ ਹੋਵਤ ਜਾਨੁ ਅਨੇਤ ॥*

ਜੋ ਅਨੇਕਾਂ ਢੰਗ ਦੇ ਮਾਇਆ ਦੇ ਪਿਆਰ ਹਜ਼ੂਰ ਪ੍ਰਭੂ ਨੇ ਮਨ ਨੂੰ ਲਾਇ ਹੋਏ ਨੇ ਤੇ ਮਨ ਉਨ੍ਹਾਂ ਵਿੱਚ ਫਸਿਆ ਹੋਇਆ ਹੈ,

ਹੇ ਮਨਾਂ, ਇਹ ਪੱਕੀ ਤਰਾਂ ਮੰਨ ਲੈ ਕਿ ਇਹ ਨਿੱਤ ਨਹੀਂ ਰਹਿਣੇ। ਇਹ ਧਨ, ਦੌਲਤ, ਖੁਸ਼ੀਆਂ, ਖੇੜੇ, ਰੁਤਬੇ (Rank), ਜਾਇਦਾਦਾਂ, ਰਿਸ਼ਤੇਦਾਰ, ਭੈਣ-ਭਰਾ, ਇਹ ਨਿੱਤ ਦੀਆਂ (ਸਦਾ ਰਹਿਣ ਵਾਲੀਆਂ) ਚੀਜ਼ਾਂ ਨਹੀਂ। ਤੂੰ ਇਨ੍ਹਾਂ ਦੇ ਮੋਹ ਵਿੱਚ ਨਾ ਫਸ। ਇਹ ਤਾਂ ਮਾਲਕ ਨੇ ਰਚਨਾ ਨੂੰ ਮਾਇਆ ਦਾ ਮੋਹ ਲਾ ਕੇ ਲੀਲਾ ਬਣਾਈ ਹੋਈ ਹੈ। ਤੂੰ ਇਹਨੂੰ ਅਸਲ ਸਮਝ ਕੇ ਇਸ ਵਿੱਚ ਫਸ ਗਇਆ ਹੈਂ। ਤੂੰ ਮੰਨ ਕਿ ਇਹ ਨਿੱਤ ਰਹਿਣ ਵਾਲੀਆਂ ਚੀਜ਼ਾਂ ਨਹੀਂ। ਇਹ ਚੀਜ਼ਾ ਕਿਸ ਤਰਾਂ ਦੀਆਂ ਹਨ ?

## ਬਿਰਖ ਕੀ ਛਾਇਆ ਸਿਉ ਰੰਗੁ ਲਾਵੈ ॥
## ਓਹ ਬਿਨਸੈ ਉਹੁ ਮਨਿ ਪਛੁਤਾਵੈ ॥

ਜੇ ਕੋਈ ਬਿਰਸ਼ (ਪੇੜ) ਦੀ ਛਾਂ ਨਾਲ ਪ੍ਰੀਤਿ ਪਾ ਲਵੇ ਤੇ ਬਹਿ ਜਾਏ (ਕਿ ਇੱਥੇ ਬਿਰਸ਼ ਦੀ ਛਾਂ ਹੈ ਤੇ ਪ੍ਰੀਤਿ ਉਸ ਛਾਂ ਨਾਲ ਪਾ ਲਵੇ), ਤਾਂ ਭਾਈ, ਜਦੋਂ ਸੂਰਜ ਦੀ ਰੋਸ਼ਨੀ ਬਦਲੇਗੀ ਤਾਂ ਛਾਂ ਕਿਤੇ ਹੋਰ ਚਲੀ ਜਾਏਗੀ ਤੇ ਫਿਰ ਤੈਨੂੰ ਪਛਤਾਵਾ ਹੋਵੇਗਾ। ਇਹ ਪੱਕੀਆਂ ਚੀਜ਼ਾਂ ਨਹੀਂ।

## ਜੋ ਦੀਸੈ ਸੋ ਚਾਲਨਹਾਰੁ ॥
## ਲਪਟਿ ਰਹਿਓ ਤਹ ਅੰਧ ਅੰਧਾਰੁ ॥

ਜੋ ਵੀ ਦਿਸਦਾ ਹੈ ਸੰਸਾਰ ਵਿੱਚ, ਇਹ ਸਭ ਕੁਛ ਨਾਸ਼ਵੰਤ ਹੈ (ਇਸਨੇ ਚਲੇ ਜਾਣਾ ਹੈ)।
ਇਹ ਮਨ ਮੂਰਖ (ਅੰਨਾ, ਅਗਿਆਨੀ) ਹੈ ਤੇ ਉਸ ਨਾਲ ਹੀ ਚੰਬੜ ਰਹਿਆ ਹੈ।

## ਬਟਾਊ ਸਿਉ ਜੋ ਲਾਵੈ ਨੇਹ ॥
## ਤਾ ਕਉ ਹਾਥਿ ਨ ਆਵੈ ਕੇਹ ॥

ਜੋ ਕਿਸੇ ਰਾਹੀ ਨਾਲ ਪ੍ਰੀਤਿ ਪਾ ਲਵੇ (ਜੋ ਰਾਹੀ ਆਪਣੇ ਰਸਤੇ ਤੇ ਜਾ ਰਹਿਆ ਹੈ), ਤਾਂ ਭਾਈ, ਉਹ ਤਾਂ ਆਪਣੇ ਰਸਤੇ ਤੇ ਚਲਿਆ ਜਾਏਗਾ। ਉਹਦੇ ਨਾਲ ਪ੍ਰੀਤਿ ਪਾਉਣ ਦਾ ਕੀ ਫਾਇਦਾ ਹੈ ? ਜੋ ਐਸੀ ਪ੍ਰੀਤਿ ਲਾਉਂਦਾ ਹੈ (ਨਾਸ਼ਵੰਤ ਨਾਲ, ਜਿਹਨੇ ਚਲੀ ਜਾਣਾ ਹੈ), ਉਹਦੇ ਹੱਥ ਪੱਲੇ ਕੁਛ ਵੀ ਨਹੀਂ ਆਉਂਦਾ।

## ਮਨ ਹਰਿ ਕੇ ਨਾਮ ਕੀ ਪ੍ਰੀਤਿ ਸੁਖਦਾਈ ॥
## ਕਰਿ ਕਿਰਪਾ ਨਾਨਕ ਆਪਿ ਲਏ ਲਾਈ ॥ ੩ ॥

ਹੇ ਮਨਾਂ, ਹਰੀ ਦੇ ਨਾਮ ਨਾਲ ਪ੍ਰੀਤਿ ਪਾ, ਜੋ (ਹਰੀ) ਸਦਾ ਰਹਿਣ ਵਾਲਾ ਹੈ। ਉਸ ਦੀ ਪ੍ਰੀਤਿ ਸਾਰੇ ਸੁੱਖ ਬਖਸ਼ਦੀ ਹੈ।
ਪਰ ਉਹ ਪ੍ਰੀਤਿ ਪ੍ਰਭੂ ਆਪ ਹੀ ਲਾਵੇ ਤਾਂ ਲਗਦੀ ਹੈ। ਇਸ ਕਰਕੇ ਮਾਲਕ ਕਿਰਪਾ ਕਰੇ ਤੇ ਐਸੀ ਪ੍ਰੀਤਿ ਮਨ ਵਿੱਚ ਲਾ ਦੇਵੇ, ਇਹ ਰੀਝ ਮਨ ਵਿੱਚ ਪੈਦਾ ਕਰਨੀ ਹੈ।

## ਮਿਥਿਆ ਤਨੁ ਧਨੁ ਕੁਟੰਬੁ ਸਬਾਇਆ ॥
## ਮਿਥਿਆ ਹਉਮੈ ਮਮਤਾ ਮਾਇਆ ॥

ਇਹ ਜੋ ਤਨ ਹੈ, ਜੋ ਧਨ ਹੈ, ਜੋ ਸਾਰਾ ਪਰਿਵਾਰ ਹੈ, ਇਹ ਸਾਰਾ ਹੀ ਝੂਠ ਹੈ
(ਨਾਸ਼ਵੰਤ ਹੈ)।
ਜੋ ਮਾਇਆ ਦਾ ਮੋਹ (attachment) ਹੈ, ਇਹ ਮਾਇਆ ਹੀ ਨਾਸ਼ਵੰਤ ਹੈ। ਇਹ ਮੋਹ ਵੀ ਸੁਖਦਾਇਕ ਨਹੀਂ। ਇਹ ਮੋਹ ਵੀ ਖਤਮ ਹੋ ਜਾਏਗਾ ਤੇ ਫਿਰ ਆਤਮਾ ਦਾ ਮੋਹ ਨਵੀਆਂ ਚੀਜ਼ਾਂ ਨਾਲ ਪੈ ਜਾਂਦਾ ਹੈ ਤੇ ਇਸ ਤਰਾਂ ਹੀ ਆਤਮਾ ਫਸੀ ਰਹਿੰਦੀ ਹੈ।

## ਮਿਥਿਆ ਰਾਜ ਜੋਬਨ ਧਨ ਮਾਲ ॥
## ਮਿਥਿਆ ਕਾਮ ਕ੍ਰੋਧ ਬਿਕਰਾਲ ॥

ਹਜ਼ੂਰ ਗਿਣ ਰਹੇ ਹਨ ਕਿ ਸਭ ਕੁਛ ਝੂਠ ਹੈ ਕਿਉਂਕਿ ਜਗ ਰਚਨਾ ਸਭ ਝੂਠ ਹੈ। ਜੋ ਕੁਛ ਵੀ ਰਚਨਾ ਦੇ ਵਿੱਚ ਹੈ, ਉਹ ਸਾਰਾ ਕੁਝ ਹੀ ਝੂਠ ਹੈ। ਇਹ ਜੋ ਰਾਜ ਮਾਲ ਹੈ, ਧਨ ਦੌਲਤ ਹੈ, ਇਹ ਵੀ ਝੂਠ ਹੈ।
ਇਹ ਜੋ ਕਾਮ ਤੇ ਕ੍ਰੋਧ ਹਨ, ਜੋ ਡਰਾਉਣੇ ਹਨ, ਇਹ ਵੀ ਝੂਠ ਹਨ।

## ਮਿਥਿਆ ਰਥ ਹਸਤੀ ਅਸ੍ਵ ਬਸਤ੍ਰਾ ॥
## ਮਿਥਿਆ ਰੰਗ ਸੰਗਿ ਮਾਇਆ ਪੇਖਿ ਹਸਤਾ ॥

ਝੂਠ ਹਨ ਰੱਥ, ਹਾਥੀ, ਘੋੜੇ (ਜੋ ਚੰਗੀਆਂ ਸਵਾਰੀਆਂ ਹਨ), ਤੇ ਕਪੜੇ (ਜੋ ਅਸੀਂ ਇਸਤੇਮਾਲ ਕਰਦੇ ਹਾਂ)।
ਇਹ ਮਾਇਆ ਦੇ ਮੋਹ ਦੇ ਸਾਰੇ ਹੀ ਰੰਗ, ਜਿਨ੍ਹਾਂ (ਸੁਖ ਸਹੂਲਤਾਂ) ਨੂੰ ਵੇਖ ਕੇ ਮਨ ਬਹੁਤ ਖੁਸ਼ ਹੁੰਦਾ ਹੈ, ਹਜ਼ੂਰ ਕਹਿੰਦੇ ਨੇ ਕਿ ਇਹ ਸਭ ਨਾਸ਼ਵੰਤ (ਝੂਠ) ਹਨ।

## *ਮਿਥਿਆ ਧ੍ਰੋਹ ਮੋਹ ਅਭਿਮਾਨੁ ॥*
## *ਮਿਥਿਆ ਆਪਸ ਊਪਰਿ ਕਰਤ ਗੁਮਾਨੁ ॥*

ਜਿਹੜੇ ਧ੍ਰੋਹ ਕਰਦੇ ਨੇ, ਜਿਹੜੇ ਮਾਇਆ ਦੇ ਮੋਹ ਦੇ ਵਿੱਚ ਫਸੇ ਹੋਏ ਨੇ, ਜਿਹੜੇ ਅਭਿਮਾਨ ਕਰਦੇ ਨੇ, ਇਹ (ਧ੍ਰੋਹ, ਮੋਹ ਤੇ ਅਭਿਮਾਨ) ਸਭ ਝੂਠ ਹੈ।

ਜਿਹੜੇ ਆਪਣੇ ਆਪ ਤੇ ਹੰਕਾਰ ਕਰਦੇ ਹਨ ਕਿ ਅਸੀਂ ਭਲੇ ਹਾਂ, ਅਸੀਂ ਚੰਗੇ ਹਾਂ, ਅਸੀਂ ਵੱਡੇ ਹਾਂ, ਇਹ ਸਭ ਵੀ ਆਤਮਾ ਲਈ ਝੂਠ ਹਨ ਤੇ ਆਤਮਾ ਝੂਠ ਵਿੱਚ ਹੀ ਫਸੀ ਰਹਿੰਦੀ ਹੈ।

## *ਅਸਥਿਰੁ ਭਗਤਿ ਸਾਧ ਕੀ ਸਰਨ ॥*
## *ਨਾਨਕ ਜਪਿ ਜਪਿ ਜੀਵੈ ਹਰਿ ਕੇ ਚਰਨ ॥੪॥*

ਜੋ ਸਦਾ ਕਾਇਮ ਰਹਿਣ ਵਾਲੀ ਚੀਜ਼ ਹੈ, ਉਹ ਸਾਧ ਦੀ ਸੰਗਤਿ ਤੇ ਪ੍ਰਭੂ ਦੀ ਭਗਤੀ ਹੈ ਕਿਉਂਕਿ ਪ੍ਰਭੂ ਦੀ ਭਗਤੀ ਹੁੰਦੀ ਹੀ ਸਾਧ ਦੀ ਸ਼ਰਣ (ਸੰਗਤਿ) ਵਿੱਚ ਹੈ, ਵੈਸੇ ਹੋ ਹੀ ਨਹੀਂ ਸਕਦੀ। ਵੈਸੇ ਆਤਮਾ ਮਾਇਆ ਦੇ ਮੋਹ ਵਿੱਚ ਹੀ ਫਸੀ ਰਹਿੰਦੀ ਹੈ।

ਹੇ ਨਾਨਕ, ਉਸ ਮਾਲਕ ਦੇ ਸ਼ਬਦ ਨੂੰ ਜਪ ਜਪ ਕੇ ਜੀਣਾ, ਏਹੀ ਜੀਵਨ ਚਾਲ ਸਹੀ ਹੈ। ਬਾਕੀ ਜੋ ਮੋਹ, ਪ੍ਰੀਤਾਂ ਪਾਈਆਂ ਹੋਈਆਂ ਹਨ, ਉਹ ਸਭ ਝੂਠ ਹਨ। ਹਜ਼ੂਰ ਕਹਿੰਦੇ ਨੇ :-

**H ਜੇਤਾ ਮੋਹੁ ਪਰੀਤਿ ਸੁਆਦ ॥**
**ਸਭਾ ਕਾਲਖ ਦਾਗਾ ਦਾਗ ॥ (ਪੰਨਾ ੬੬੨)**

ਮਨਾਂ, ਇੱਕ ਰੱਬ ਜੀ ਨੂੰ ਛੱਡ ਕੇ, ਜਿਹੜੀ ਵੀ ਤੂੰ ਕਿਧਰੇ ਹੋਰ ਪ੍ਰੀਤਿ ਪਾਈ ਹੋਈ ਹੈ, ਉਹ ਤਾਂ ਤੂੰ ਕਾਲਖਾਂ ਲਾਈਆਂ ਹੋਈਆਂ ਹਨ (ਆਤਮਾ ਨੂੰ ਦਾਗ ਲੱਗੇ ਹੋਏ ਹਨ)। ਇਸ ਲਈ ਮਨਾਂ, ਤੂੰ ਇੱਕ ਰੱਬ ਜੀ ਨਾਲ ਹੀ ਪ੍ਰੀਤਿ ਪਾ, ਤੇ ਰੱਬ ਜੀ ਨਾਲ ਪ੍ਰੀਤਿ ਸਾਧੂ ਦੀ ਸੰਗਤਿ (ਸ਼ਰਨ) ਵਿੱਚ ਹੀ ਪੈਂਦੀ ਹੈ, ਵੈਸੇ ਨਹੀਂ ਪੈਂਦੀ।

## *ਮਿਥਿਆ ਸ੍ਰਵਨ ਪਰ ਨਿੰਦਾ ਸੁਨਹਿ ॥*
## *ਮਿਥਿਆ ਹਸਤ ਪਰ ਦਰਬ ਕਉ ਹਿਰਹਿ ॥*

ਝੂਠ ਹਨ ਉਹ ਕੰਨ, ਜਿਹੜੇ ਪਰਾਈ ਨਿੰਦਿਆਂ ਸੁਣਦੇ ਹਨ।

ਝੂਠ ਹਨ ਉਹ ਹੱਥ, ਜਿਹੜੇ ਚਾਹੁੰਦੇ ਹਨ ਕਿ ਪਰਾਇਆ ਧਨ (ਦੌਲਤ) ਸਾਡੇ ਕੋਲ ਆ ਜਾਏ (ਅਸੀਂ ਪ੍ਰਾਪਤ ਕਰ ਲਈਏ)।

## *ਮਿਥਿਆ ਨੇਤ੍ਰ ਪੇਖਤ ਪਰ ਤ੍ਰਿਅ ਰੂਪਾਦ ॥*
## *ਮਿਥਿਆ ਰਸਨਾ ਭੋਜਨ ਅਨ ਸ੍ਵਾਦ ॥*

ਉਹ ਅੱਖਾਂ ਝੂਠੀਆਂ ਹਨ, ਜਿਹੜੀਆਂ ਪਰਾਈ ਇਸਤ੍ਰੀ ਦਾ ਰੂਪ ਦੇਖ ਕੇ ਪ੍ਰਸੰਨ ਹੁੰਦੀਆਂ ਹਨ।

ਉਹ ਰਸਨਾ ਝੂਠ ਹੈ, ਜਿਹੜੀ ਖਾਣ ਪੀਣ ਦੇ ਸੁਆਦਾਂ ਵਿੱਚ ਹੀ ਫਸੀ ਰਹਿੰਦੀ ਹੈ ਤੇ ਨਾਮ ਦਾ ਸੁਆਦ ਕਦੀ ਨਹੀਂ ਮਾਣਦੀ। ਨਾਮ ਰਸ ਮਾਨਣ ਨਾਲ ਇਹ ਸਭ ਚੀਜ਼ਾਂ ਸੁੱਚੀਆਂ ਤੇ ਸੱਚੀਆਂ ਹੋ ਜਾਂਦੀਆਂ ਹਨ।

## *ਮਿਥਿਆ ਚਰਨ ਪਰ ਬਿਕਾਰ ਕਉ ਧਾਵਹਿ ॥*
## *ਮਿਥਿਆ ਮਨ ਪਰ ਲੋਭ ਲੁਭਾਵਹਿ ॥*

ਝੂਠ ਹਨ ਉਹ ਪੈਰ, ਜਿਹੜੇ ਹੋਰ ਬਿਕਾਰ ਕਰਨ ਲਈ ਪਰਾਏ ਪਾਸੇ ਨੂੰ ਤੁਰਦੇ ਹਨ।

ਝੂਠਾ ਹੈ ਉਹ ਮਨ, ਜਿਹੜਾ ਪਰਾਇਆ ਲੋਭ (ਦੂਜੇ ਦੀ ਧਨ ਦੌਲਤ) ਨੂੰ ਆਪਣੇ ਕੋਲ ਪ੍ਰਾਪਤ ਕਰਨਾ ਚਾਹੁੰਦਾ ਹੈ। ਉਹ ਮਨ ਹੀ ਝੂਠਾ ਹੋ ਜਾਂਦਾ ਹੈ।

## *ਮਿਥਿਆ ਤਨ ਨਹੀ ਪਰਉਪਕਾਰਾ ॥*
## *ਮਿਥਿਆ ਬਾਸੁ ਲੇਤ ਬਿਕਾਰਾ ॥*

ਜਿਸ ਕੋਲ ਪਰਉਪਕਾਰ ਦੀ ਭਾਵਨਾ ਨਹੀਂ ਹੈ, ਉਸ ਦਾ ਸਰੀਰ ਹੀ ਝੂਠਾ ਹੈ।

ਤੇ ਉਹ ਮਾਇਆ ਦੀ ਬਾਸਨਾ ਲੈਂਦਾ ਹੋਇਆ ਵਿਕਾਰਾਂ ਵਿੱਚ ਹੀ ਫਸਿਆ ਰਹਿੰਦਾ ਹੈ।

## *ਬਿਨੁ ਬੂਝੇ ਮਿਥਿਆ ਸਭ ਭਏ ॥*
## *ਸਫਲ ਦੇਹ ਨਾਨਕ ਹਰਿ ਹਰਿ ਨਾਮ ਲਏ ॥੫॥*

ਹਜ਼ੂਰ ਸਭ ਢੰਗ ਖੰਡਨ (Reject) ਕਰ ਰਹੇ ਹਨ ਕਿ ਸਭ ਕੁਛ ਜੋ ਹੈ, ਇਹ ਸਭ ਕੁਛ ਝੂਠ ਹੈ।

ਹਜ਼ੂਰ ਕੇਵਲ ਹਰੀ ਨਾਮ ਦੀ ਦ੍ਰਿੜਤਾ ਸਾਨੂੰ ਬਖਸ਼ ਰਹੇ ਹਨ ਕਿ ਇਹ ਦੇਹ (ਜੀਵਨ) ਤਾਂ ਹੀ ਸਫਲ ਹੁੰਦੀ ਹੈ ਹੇ ਨਾਨਕ, ਜੇ ਕੋਈ ਆਤਮਾ ਹਰੀ ਦਾ ਨਾਮ ਲਏ। ਸੋ :-

**H ਨਾਨਕ ਕੈ ਘਰਿ ਕੇਵਲ ਨਾਮੁ ॥ (ਪੰਨਾ ੧੧੩੬)**

ਦਾ ਸਿਧਾਂਤ ਹਰ ਥਾਂ ਤੇ ਹਜ਼ੂਰ ਦ੍ਰਿੜ ਕਰਵਾ ਰਹੇ ਹਨ ਕਿ ਕੇਵਲ ਨਾਮ ਜਪਣਾ ਹੈ, ਕੇਵਲ ਨਾਮ ਨਾਲ ਪ੍ਰੀਤਿ ਪਾਉਣੀ ਹੈ, ਕੇਵਲ ਨਾਮ ਦੇ ਆਸਰੇ ਹੋਣਾ ਹੈ, ਕੇਵਲ ਨਾਮ ਦੀ ਸ਼ਰਣ ਲੈਣੀ ਹੈ ਤੇ ਨਾਮ ਵਿੱਚ ਸਮਾਉਣਾ ਹੈ।

## *ਬਿਰਥੀ ਸਾਕਤ ਕੀ ਆਰਜਾ ॥*
## *ਸਾਚ ਬਿਨਾ ਕਹ ਹੋਵਤ ਸੂਚਾ ॥*

ਜਿਸ ਆਤਮਾ ਦਾ ਮਾਇਆ ਵਿੱਚ ਹੀ ਮੋਹ ਹੈ, ਉਸ ਦਾ ਜਨਮ ਹੀ ਫਜ਼ੂਲ ਹੈ (ਉਸ ਦੀ ਉਮਰ ਹੀ ਫਜ਼ੂਲ ਚਲੀ ਜਾਂਦੀ ਹੈ)।

ਜਦ ਤਕ ਸਚੁ (ਆਦਿ ਸਚੁ, ਜੁਗਾਦਿ ਸਚੁ, ਹੈ ਭੀ ਸਚੁ, ਨਾਨਕ ਹੋਸੀ ਭੀ ਸਚੁ) ਨਾਲ ਆਤਮਾ ਨਹੀਂ ਜੁੜਦੀ, ਇਹ ਮਨ ਕਦੀ ਸੁੱਚਾ ਹੋ ਹੀ ਨਹੀਂ ਸਕਦਾ।

## *ਬਿਰਥਾ ਨਾਮ ਬਿਨਾ ਤਨੁ ਅੰਧ ॥*
## *ਮੁਖਿ ਆਵਤ ਤਾ ਕੈ ਦੁਰਗੰਧ ॥*

ਫਜ਼ੂਲ ਹੈ ਇਹ ਤਨ ਦਾ ਧਾਰਨਾ, ਜੇ ਨਾਮ ਨਹੀ ਹੈ। ਐਸਾ ਜੀਵਨ ਐਵੇਂ ਅਜਾਂਈ ਹੀ ਜਾਂਦਾ ਹੈ ਤੇ ਜੀਵ ਅੰਨਾ ਹੀ ਰਹਿੰਦਾ ਹੈ।

ਜਿਸ ਤਰਾਂ ਕਿਸੇ ਦੇ ਮੁੱਖ ਵਿੱਚੋਂ ਜੇ ਬਦਬੂ ਆਉਂਦੀ ਹੋਵੇ ਤਾਂ ਉਹ ਚੰਗਾ ਨਹੀਂ ਲਗਦਾ, ਇਸੇ ਤਰਾਂ ਹੀ ਇਹ ਜੀਵਨ ਵੀ ਭੈੜਾ ਹੀ ਹੈ, ਜੇ ਇਸ ਕੋਲ ਨਾਮ ਨਹੀਂ ਹੈ, ਜੇ ਨਾਮ ਦੀ ਪ੍ਰੀਤਿ ਨਹੀਂ ਹੈ।

## *ਬਿਨੁ ਸਿਮਰਨ ਦਿਨੁ ਰੈਨਿ ਬ੍ਰਿਥਾ ਬਿਹਾਇ ॥*
## *ਮੇਘ ਬਿਨਾ ਜਿਉ ਖੇਤੀ ਜਾਇ ॥*

ਜੇ ਪ੍ਰਭੂ ਦੀ ਪ੍ਰੀਤਿ ਭਰੀ ਯਾਦ ਮਨ ਵਿੱਚ ਨਹੀਂ ਹੈ ਤਾਂ ਦਿਨ ਰਾਤ ਐਵੇਂ ਫਜ਼ੂਲ ਹੀ ਗੁਜ਼ਰ ਰਹੇ ਹਨ (ਕੋਈ ਲਾਭ ਨਹੀਂ ਹੈ)।

ਜਿਸ ਤਰਾਂ ਜੇ ਬਾਰਿਸ਼ ਨਾ ਹੋਵੇ (ਪਾਣੀ ਦਾ ਸਾਧਨ ਨਾ ਹੋਵੇ) ਤਾਂ ਖੇਤੀ ਸੁੱਕ ਜਾਂਦੀ ਹੈ, ਇਸ ਤਰਾਂ ਹੀ ਇਹ ਜੀਵਨ ਵੀ ਸੁੱਕ ਜਾਂਦਾ ਹੈ (ਖਤਮ ਹੋ ਜਾਂਦਾ) ਹੈ।

## *ਗੋਬਿਦ ਭਜਨ ਬਿਨੁ ਬ੍ਰਿਥੇ ਸਭ ਕਾਮ ॥*
## *ਜਿਉ ਕਿਰਪਨ ਕੇ ਨਿਰਾਰਥ ਦਾਮ ॥*

ਇਹ ਤੱਤ ਸਾਰ ਹੈ ਗੁਰਮੱਤਿ ਦਾ ਕਿ ਸਾਰੇ ਹੀ ਕੰਮ – ਚਾਹੇ ਚੰਗੇ ਵੀ ਹਨ ਤਾਂ ਵੀਂ। ਮਾੜੇ ਤਾਂ ਮਾੜੇ ਹੀ ਹੁੰਦੇ ਹਨ, ਪਰ ਚੰਗੇ ਕੰਮਾਂ ਨੂੰ ਵੀ ਹਜ਼ੂਰ ਖੰਡਨ ਕਰ ਰਹੇ ਹਨ ਕਿ ਸਾਰੇ ਹੀ ਕੰਮ ਫਜ਼ੂਲ ਹਨ, ਜੇ ਗੋਬਿੰਦ ਦਾ ਭਜਨ ਨਹੀਂ ਹੈ ਕਿਉਂਕਿ ਗੋਬਿੰਦ ਦਾ ਭਜਨ ਕਰਨ ਲਈ ਹੀ ਇਹ ਜੀਵਨ ਮਿਲਿਆ ਹੈ। ਹੋਰ ਕਰਮ ਕਰਤੂਤ ਜੋ ਵੀ ਜੀਵ ਕਰਦੇ ਨੇ, ਉਹ ਤਾਂ ਬਾਕੀ ਜੂਨੀਆਂ ਵਿੱਚ ਵੀ ਕਰਦੇ ਆਏ ਨੇ। ਇਹ ਮਨੁੱਖਾ ਜਨਮ ਦੀ ਸ੍ਰੇਸ਼ਟਤਾਈ ਏਹੀ ਹੈ ਕਿ ਇਹਦੇ ਵਿੱਚ ਹੀ ਗੋਬਿੰਦ ਦਾ ਭਜਨ ਹੋ ਸਕਦਾ ਹੈ, ਹੋਰ ਕਿਸੇ ਵੀ ਜਨਮ ਵਿੱਚ ਨਹੀਂ ਹੋ ਸਕਦਾ। ਸੋ ਗੋਬਿੰਦ ਦੇ ਭਜਨ ਤੋਂ ਬਿਨਾਂ ਜੋ ਵੀ ਹੋਰ ਕੰਮ ਜੀਵ ਕਰਦਾ ਹੈ, ਹਜ਼ੂਰ ਕਹਿੰਦੇ ਨੇ ਕਿ ਉਹ ਕੰਮ ਫਜ਼ੂਲ ਹਨ।

ਜਿਸ ਤਰਾਂ ਕੰਜੂਸ ਕੋਲ ਜੇ ਬਹੁਤ ਪੈਸੇ ਪਏ ਹੋਣ ਤਾਂ ਉਹਦੇ ਲਈ ਉਹ ਫਜ਼ੂਲ ਹਨ ਕਿਉਂਕਿ ਉਹਨੇ ਖਰਚਨੇ ਨਹੀਂ। ਧਨ (ਦੌਲਤ) ਤਾਂ ਉਹ ਸੁਖਦਾਇਕ ਹੈ, ਜਿਹਨੂੰ ਖਰਚ ਕੇ ਜੀਵ ਉਹਦੇ ਵਿੱਚੋਂ ਸੁੱਖ ਮਾਣੇ। ਜੇ ਸੁੱਖ ਮਾਨਣਾ ਹੀ ਨਹੀਂ ਤੇ ਪੈਸੇ ਜਮਾ ਪਏ ਹਨ, ਤਾਂ ਜਿਸ ਤਰਾਂ ਉਹ ਪੈਸੇ ਫਜ਼ੂਲ ਹਨ, ਉਸ ਤਰਾਂ ਹੀ ਇਹ ਜੀਵਨ ਵੀ ਫਜ਼ੂਲ ਹੈ, ਜੇ ਇਸ ਵਿੱਚ ਨਾਮ ਨਹੀਂ ਜਪਿਆ ਗਇਆ।

## *ਧੰਨਿ ਧੰਨਿ ਤੇ ਜਨ ਜਿਹ ਘਟਿ ਬਸਿਓ ਹਰਿ ਨਾਉ ॥*
## *ਨਾਨਕ ਤਾ ਕੈ ਬਲਿ ਬਲਿ ਜਾਉ ॥ ੬ ॥*

ਧੰਨ ਹਨ, ਧੰਨ ਹਨ ਉਹ ਰੱਬ ਜੀ ਦੇ ਸੇਵਕ, ਜਿਨ੍ਹਾਂ ਦੇ ਹਿਰਦੇ ਵਿੱਚ ਹਰੀ ਨਾਮ ਵੱਸ ਜਾਂਦਾ ਹੈ। ਉਨ੍ਹਾਂ ਨੂੰ ਹਜ਼ੂਰ ਧੰਨ ਕਹਿੰਦੇ ਨੇ ਤੇ ਬਾਕੀ ਸਭ ਨੂੰ ਕਹਿੰਦੇ ਨੇ ਕਿ ਭਾਈ, ਤੁਹਾਡਾ ਜੀਵਨ ਅਜਾਂਈ (ਫਜ਼ੂਲ) ਹੀ ਜਾ ਰਹਿਆ ਹੈ।

ਹੇ ਨਾਨਕ, ਐਸੇ ਜਨ ਤੋਂ ਮੈਂ ਬਲਿਹਾਰ ਜਾਂਦਾ ਹਾਂ, ਜਿਸਦੇ ਹਿਰਦੇ ਵਿੱਚ ਹਰੀ ਦਾ ਨਾਮ ਵਸਿਆ ਹੈ।

***ਰਹਤ ਅਵਰ ਕਛੁ ਅਵਰ ਕਮਾਵਤ ॥***

***ਮਨਿ ਨਹੀ ਪ੍ਰੀਤਿ ਮੁਖਹੁ ਗੰਢ ਲਾਵਤ ॥***

ਰਹਿਣੀ ਉਹਦੀ ਕੁਛ ਹੋਰ ਹੈ ਤੇ ਕਹਿੰਦਾ ਕੁਛ ਹੋਰ ਹੈ।

ਮਨ ਵਿੱਚ ਪ੍ਰਭੂ ਨਾਲ ਪ੍ਰੀਤਿ ਨਹੀਂ। ਉਹ ਜਬਾਨੀ ਗੱਲਾਂ ਕਰਕੇ ਰੱਬ ਜੀ ਨਾਲ ਗੰਢ ਲਾਉਣਾ ਚਾਹੁੰਦਾ ਹੈ (ਤੁਅਲਕ ਬਨਾਉਣਾ ਚਾਹੁੰਦਾ ਹੈ) ਤਾਂ ਐਸਾ ਕਦੀ ਹੋ ਹੀ ਨਹੀਂ ਸਕਦਾ ਕਿਉਂਕਿ ਰੱਬ ਜੀ ਜਾਣੀਜਾਨ ਹੈ। ਉਹ ਕਹਿਣੀ ਤੇ ਖੁਸ਼ ਨਹੀਂ ਹੁੰਦਾ, ਕਰਨੀ ਤੇ ਖੁਸ਼ ਹੁੰਦਾ ਹੈ।

***ਜਾਨਨਹਾਰ ਪ੍ਰਭੂ ਪਰਬੀਨ ॥***

***ਬਾਹਿਰ ਭੇਖ ਨ ਕਾਹੂ ਭੀਨ ॥***

ਮਾਲਕ ਸਭ ਕੁਛ ਜਾਣਦਾ ਹੈ, ਉਹ ਸਭ ਕੁਛ ਵੇਖ ਰਹਿਆ ਹੈ (ਦ੍ਰਿਸ਼ਟਾ ਹੈ)। ਉਹ ਬਾਹਰ ਦੇ ਭੇਖ (ਪਹਿਰਾਵੇ) ਜਾਂ ਬਾਹਰ ਦੇ ਵਖਾਵੇ ਦੇ ਜੀਵਨ ਨਾਲ ਕਦੇ ਨਹੀਂ ਭਿਜਦਾ (ਕਦੀ ਪ੍ਰਸੰਨ ਨਹੀਂ ਹੁੰਦਾ)।

***ਅਵਰ ਉਪਦੇਸੈ ਆਪਿ ਨ ਕਰੈ ॥***

***ਆਵਤ ਜਾਵਤ ਜਨਮੈ ਮਰੈ ॥***

ਜੇ ਕੋਈ ਹੋਰ ਕਿਸੇ ਨੂੰ ਉਪਦੇਸ਼ ਦੇਵੇ ਕਿ ਨਾਮ ਜਪ,

ਤੇ ਆਪ ਨਾਮ ਨਾ ਜਪੇ ਤਾਂ ਉਹਦਾ ਆਵਾਗਮਨ ਹਮੇਸ਼ਾ ਬਣਿਆ ਰਹਿੰਦਾ ਹੈ। ਇਹ ਦ੍ਰਿੜਤਾ ਅਸੀਂ ਆਪਣੇ ਮਨ ਵਿੱਚ ਆਪਣੇ ਲਈ ਲਿਆਉਣੀ ਹੈ, ਲੋਕਾਂ ਨੂੰ ਸਿਖਿਆ ਦੇਣ ਲਈ ਨਹੀਂ ਲਿਆਉਣੀ। ਇਹ ਕੰਮ ਕਰਨਾ ਹੈ। ਨਿਰਾ ਉਪਦੇਸ਼ ਕਰਨ ਦਾ ਕੋਈ ਲਾਭ ਨਹੀਂ, ਜਦ ਤਕ ਜੀਵ ਆਪ ਇਕ ਕੰਮ ਨਹੀਂ ਕਰਦਾ। ਜੇ ਕੇਵਲ ਉਪਦੇਸ਼ ਹੀ ਕਰੇਗਾ ਤਾਂ ਉਹਦਾ ਆਵਾਗਮਣ ਬਣਿਆ ਰਹੇਗਾ (ਉਹਦਾ ਆਵਾਗਮਣ ਕਦੀ ਕੱਟਿਆ ਨਹੀਂ ਜਾ ਸਕਦਾ)।

***ਜਿਸ ਕੈ ਅੰਤਰਿ ਬਸੈ ਨਿਰੰਕਾਰੁ ॥***

***ਤਿਸ ਕੀ ਸੀਖ ਤਰੈ ਸੰਸਾਰੁ ॥***

ਜਿਸ ਆਤਮਾ ਦੇ ਅੰਦਰ ਉਹ ਨਿਰੰਕਾਰ ਪ੍ਰਭੂ ਆਪ ਵੱਸ ਜਾਵੇ (ਪ੍ਰਗਟ ਹੋ ਜਾਵੇ)

ਉਸ ਦੀ ਸਿਖਿਆ ਨੂੰ ਗ੍ਰਹਿਣ ਕਰਕੇ ਸਾਰਾ ਸੰਸਾਰ ਤਰਦਾ ਹੈ। ਗੁਰੂ ਪਾਤਸ਼ਾਹ ਦੇ ਅੰਦਰ ਉਹ ਨਿਰੰਕਾਰ ਵਾਹਿਗੁਰੂ ਪ੍ਰਗਟ ਹੋਇਆ ਹੈ। ਉਨ੍ਹਾਂ ਦੀ ਸਿਖਿਆ ਇਹ ਗੁਰਬਾਣੀ ਹੈ। ਜੇ ਕੋਈ ਇਸ ਗੁਰਬਾਣੀ ਨੂੰ ਮੰਨ ਲਵੇ ਤਾਂ ਉਹੀ ਤਰ ਜਾਏਗਾ ਕਿਉਂਕਿ ਉਸ ਦੀ ਸਿਖਿਆ ਨਾਲ ਸਭ ਸੰਸਾਰ ਦੇ ਜੀਵ ਤਰਦੇ ਨੇ। ਇਹ ਗੁਰਬਾਣੀ ਕਿਸੇ ਧੜੇ (Group) ਲਈ ਜਾਂ ਧਰਮ ਲਈ ਨਹੀਂ ਹੈ। ਇਹ ਤਾਂ ਸਰਬ ਸਾਂਝੀ ਗੁਰਬਾਣੀ ਹੈ। ਇਹਨੂੰ ਮੰਨਣ ਵਾਲੇ ਤਰ ਜਾਣਗੇ।

***ਜੋ ਤੁਮ ਭਾਨੇ ਤਿਨ ਪ੍ਰਭੁ ਜਾਤਾ ॥***

***ਨਾਨਕ ਉਨ ਜਨ ਚਰਨ ਪਰਾਤਾ ॥ ੭ ॥***

ਹਜ਼ੂਰ ਦਸ ਰਹੇ ਨੇ ਕਿ ਭਾਈ, ਅਸਲ ਪ੍ਰਾਪਤੀ ਉਸ ਪ੍ਰਭੂ ਦੀ ਕਿਰਪਾ ਸਦਕਾ ਹੈ। ਅੰਤ ਨੂੰ ਪ੍ਰਭੂ ਨੇ ਆਪਣੇ ਨਾਲ ਜੀਵ ਨੂੰ ਮਿਲਾਉਣਾ ਹੈ। ਕੋਈ ਜੀਵ ਆਪਣੇ ਆਪ ਉਸ ਨਾਲ ਨਹੀਂ ਮਿਲ ਸਕਦਾ। ਹਜ਼ੂਰ ਇਹ ਇਸ ਲਈ ਦਸ ਰਹੇ ਹਨ ਤਾਂ ਕਿ ਨਾਮ ਜਪਣ ਵਾਲਾ ਹਉਮੈ ਨਾ ਕਰੇ ਕਿ ਮੈਂ ਨਾਮ ਜਪਦਾ ਹਾਂ। ਉਸ ਮਾਲਕ ਦੀ ਸ਼ਰਨ ਲੈਣੀ ਹੈ। ਜਿਹੜੇ ਪ੍ਰਭੂ ਨੂੰ ਚੰਗੇ ਲੱਗਣਗੇ, ਉਹੀ ਪ੍ਰਭੂ ਨੂੰ ਜਾਣ ਸਕਦੇ ਹਨ।

ਹੇ ਨਾਨਕ, ਉਨ੍ਹਾਂ ਦਾਸਾਂ ਦੇ ਚਰਣਾਂ ਤੇ ਪੈਂਦਾ ਹਾਂ, ਉਨ੍ਹਾਂ ਦੇ ਚਰਨਾਂ ਦੀ ਮੈਂ ਧੂੜ ਹਾਂ, ਜਿਨ੍ਹਾਂ ਨੇ ਪ੍ਰਭੂ ਨੂੰ ਜਾਣਿਆ ਹੈ, ਉਸਦੀ ਕ੍ਰਿਪਾ ਸਕਦਾ।

***ਕਰਉ ਬੇਨਤੀ ਪਾਰਬ੍ਰਹਮੁ ਸਭੁ ਜਾਨੈ ॥***

***ਅਪਨਾ ਕੀਆ ਆਪਹਿ ਮਾਨੈ ॥***

ਮੈਂ ਉਸ ਅੱਗੇ ਬੇਨਤੀ ਕਰਦਾ ਹਾਂ, ਜੋ ਪਾਰਬ੍ਰਹਮ (ਪਾਰਾਵਾਰ ਤੋਂ ਰਹਿਤ) ਪ੍ਰਭੂ ਹੈ ਤੇ ਸਭ ਕੁਛ ਜਾਣੀਜਾਨ ਹੈ (ਸਭ ਕੁਛ ਜਾਣਦਾ ਹੈ)।

ਜੋ ਆਪਣੇ ਹੁਕਮ ਮੁਤਾਬਿਕ ਹੀ ਸਭ ਕੁਛ ਮੰਨਦਾ ਹੈ, ਕਿਸੇ ਹੋਰ ਦੀ ਮਰਜ਼ੀ ਮੁਤਾਬਿਕ ਉਹ ਨਹੀਂ ਚਲਦਾ। ਨਾ ਉਹ ਕਿਸੇ ਨਾਲ ਸਲਾਹ ਮਸ਼ਵਰਾ ਕਰਦਾ ਹੈ। ਭਾਣਾ ਤਾਂ ਮੇਰੇ ਸਾਹਿਬ ਦਾ ਹੀ ਵਰਤਦਾ ਹੈ।

***ਆਪਹਿ ਆਪ ਆਪਿ ਕਰਤ ਨਿਬੇਰਾ ॥***

***ਕਿਸੈ ਦੂਰਿ ਜਨਾਵਤ ਕਿਸੈ ਬੁਝਾਵਤ ਨੇਰਾ ॥***

ਉਹ ਆਪੇ ਆਪਿ ਹੈ (ਆਪਣੇ ਆਪ ਆਪ ਹੀ ਹੈ, ਸੈਭੰ ਹੈ) ਤੇ ਉਹ ਆਪ ਹੀ ਹਰ ਚੀਜ਼ ਦਾ ਨਿਰਣਾ ਕਰਦਾ ਹੈ (ਹਰ ਜੀਵ ਦਾ ਨਿਰਨਾ ਉਹ ਪ੍ਰਭੂ ਆਪ ਹੀ ਕਰਦਾ ਹੈ)। ਇਹ ਉਸ ਦੀ ਲੀਲਾ (ਤਮਾਸ਼ਾ) ਹੈ, ਕਿਸੇ ਨੂੰ ਉਹ ਇਉਂ ਦ੍ਰਿੜ ਕਰਾ ਦੇਂਦਾ ਹੈ ਕਿ ਰੱਬ ਜੀ ਦੂਰ ਹੈ ਤੇ ਕਿਸੇ ਨੂੰ ਇਉਂ ਦ੍ਰਿੜ ਕਰਾ ਦੇਂਦਾ ਹੈ ਕਿ ਮੈਂ ਤੇਰੇ ਅੰਗ ਸੰਗ ਹਾਂ। ਇਹ ਤਾਂ ਉਸ ਦਾ ਤਮਾਸ਼ਾ ਹੈ। ਉਸ ਨੇ ਜੀਵਾਂ ਨੂੰ ਮਾਇਆ ਦਾ ਮੋਹ ਲਾ ਕੇ ਇਸ ਵਿੱਚ ਗਲਤਾਨ ਕੀਤਾ ਹੋਇਆ ਹੈ ਤੇ ਆਪ ਹੀ ਉਹ ਕੱਢਦਾ ਹੈ।

***ਉਪਾਵ ਸਿਆਨਪ ਸਗਲ ਤੇ ਰਹਤ ॥***

***ਸਭੁ ਕਛੁ ਜਾਨੈ ਆਤਮ ਕੀ ਰਹਤ ॥***

ਕਿਸੇ ਉਪਾਵ ਨਾਲ ਯਾ ਕਿਸੇ ਅਕਲ ਨਾਲ ਬਿਰਤੀ ਉਸ ਵਿੱਚ ਨਹੀਂ ਸਮਾ ਸਕਦੀ ਕਿਉਂਕਿ ਇਹ ਚੀਜ਼ਾਂ ਨਾਲ (ਜੋ ਵੀ ਢੰਗ ਤਰੀਕੇ ਅਸੀਂ ਅਪਨਾਉਂਦੇ ਹਾਂ) ਉਹ ਉਨ੍ਹਾਂ ਨਾਲ ਪ੍ਰਾਪਤ ਨਹੀਂ ਹੁੰਦਾ।

ਉਹ ਤਾਂ ਸਾਡੀ ਆਤਮਾ ਦੇ ਹਰ ਕਰਮ ਕਰਤੂਤ ਤੇ ਹਰ ਸੋਚ ਨੂੰ ਜਾਣਦਾ ਹੈ ਤੇ ਉਹ ਆਪਣੀ ਦਇਆ ਦੁਆਰਾ ਹੀ ਪ੍ਰਗਟ ਹੁੰਦਾ ਹੈ। (ਜਿੱਥੇ ਵੀ ਪ੍ਰਗਟ ਹੁੰਦਾ ਹੈ)।

***ਜਿਸੁ ਭਾਵੈ ਤਿਸੁ ਲਏ ਲੜਿ ਲਾਇ ॥***

***ਥਾਨ ਥਨੰਤਰਿ ਰਹਿਆ ਸਮਾਇ ॥***

ਜੋ ਵੀ ਉਸ ਨੂੰ ਚੰਗਾ ਲਗੇ, ਉਸ ਨੂੰ ਹੀ ਉਹ ਆਪਣੇ ਲੜ ਲਾ ਲੈਂਦਾ ਹੈ।

ਉਹ ਐਸਾ ਮੇਰਾ ਮਾਲਕ ਹਰ ਥਾਂ ਤੇ, ਹਰ ਥਾਂ ਤੇ ਸਮਾਇਆ ਹੋਇਆ ਹੈ। ਕੋਈ ਥਾਂ ਉਸ ਤੋਂ ਖਾਲੀ ਨਹੀਂ।

***ਸੋ ਸੇਵਕੁ ਜਿਸੁ ਕਿਰਪਾ ਕਰੀ ॥***

***ਨਿਮਖ ਨਿਮਖ ਜਪਿ ਨਾਨਕ ਹਰੀ ॥੮॥੫॥***

ਭਾਈ, ਉਸ ਦਾ ਸੇਵਕ ਉਹੀ ਹੈ, ਜਿਸ ਤੇ ਮੇਰੇ ਸਾਹਿਬ ਨੇ ਕਿਰਪਾ ਕਰ ਦਿੱਤੀ ਹੈ, ਮੇਹਰ ਕਰ ਦਿੱਤੀ ਹੈ, ਦਇਆ ਦ੍ਰਿਸ਼ਟੀ ਕਰ ਦਿੱਤੀ ਹੈ। ਕਿਰਪਾ ਲੈਣ ਦਾ ਸਾਧਨ ਕੀ ਹੈ ?

ਹੇ ਨਾਨਕ, ਉਸ ਹਰੀ (ਪਾਪਾਂ ਦੇ ਨਾਸ਼ ਕਰਨ ਵਾਲੇ) ਨੂੰ ਹਰ ਪਲ (moment), ਹਰ ਸੈਕੰਡ ਵਿੱਚ ਜਪਦਾ ਰਹੋ, ਜਪਦਾ ਰਹੋ, ਜਪਦਾ ਹੀ ਰਹੋ। ਇਹ ਉਸ ਦੀ ਕਿਰਪਾ ਲੈਣ ਦਾ ਸਾਧਨ ਹੈ। ਹੋਰ ਕੋਈ ਢੰਗ ਤਰੀਕਾ ਨਹੀਂ। ਉਹ ਅਕਲਾਂ ਨਾਲ ਪ੍ਰਾਪਤ ਨਹੀਂ ਹੁੰਦਾ। ਉਹ ਆਪਣੀ ਦਇਆ ਦੁਆਰਾ ਜੀਵ ਨੂੰ ਆਪਣੇ ਨਾਲ ਮੇਲਦਾ ਹੈ ਤੇ ਉਸ ਦੀ ਸ਼ਰਨ ਲੈਣ ਲਈ ਤੇ ਉਸ ਦੀ ਕਿਰਪਾ ਲੈਣ ਲਈ ਸਾਧਨ ਲਗਾਤਾਰੀ ਉਸ ਦੇ ਨਾਮ ਵਿੱਚ ਜਾਣਾ, ਲਗਾਤਾਰੀ ਉਸ ਦੀ ਸਿਫਤਿ ਸਲਾਹ ਵਿੱਚ ਟਿਕਣਾ ਹੈ।

**H H H H H**

## *ਅਸਟਪਦੀ ੬ (ਪੰਨਾ ੨੬੯)*

## *ਸਲੋਕੁ ॥*
## *ਕਾਮ ਕ੍ਰੋਧ ਅਰੁ ਲੋਭ ਮੋਹ*
## *ਬਿਨਸਿ ਜਾਇ ਅਹੰਮੇਵ ॥*

ਹੇ ਹਜ਼ੂਰ ਸੱਚੇ ਪਾਤਸ਼ਾਹ, ਮੇਰਾ ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਨਾਸ਼ ਹੋ ਜਾਵੇ।

## *ਨਾਨਕ ਪ੍ਰਭ ਸਰਣਾਗਤੀ*
## *ਕਰਿ ਪ੍ਰਸਾਦੁ ਗੁਰਦੇਵ ॥੧॥*

ਮੈਂ ਤੇਰੀ ਸ਼ਰਨ ਆਇਆ ਹਾਂ। ਤੂੰ ਮੇਰੇ ਤੇ ਕਿਰਪਾ ਕਰ, ਹੇ ਗਿਆਨ ਸਰੂਪ ਪ੍ਰਭੂ ਜੀਉ। ਮੈਂ ਤੇਰਾ ਓਟ ਆਸਰਾ ਲਇਆ ਹੈ, ਤੇਰੀ ਸ਼ਰਨ ਲਈ ਹੈ। ਇਹ ਮੇਰੇ ਐਬ ਤੂੰ ਦੂਰ ਕਰ (ਤੂੰ ਇਨ੍ਹਾਂ ਨੂੰ ਨਾਸ਼ ਕਰ)।

## *ਅਸਟਪਦੀ ॥*
## *ਜਿਹ ਪ੍ਰਸਾਦਿ ਛਤੀਹ ਅੰਮ੍ਰਿਤ ਖਾਹਿ ॥*
## *ਤਿਸੁ ਠਾਕੁਰ ਕਉ ਰਖੁ ਮਨ ਮਾਹਿ ॥*

ਹਜ਼ੂਰ ਗੁਰੂ ਪਾਤਸ਼ਾਹ ਉਹੀ ਸਿਧਾਂਤ ਦੁਬਾਰਾ ਦ੍ਰਿੜ ਕਰਵਾ ਰਹੇ ਨੇ ਕਿ :-

**H** ਨਿਮਖ ਨਿਮਖ ਜਪਿ ਨਾਨਕ ਹਰੀ ॥ (ਪੰਨਾ ੨੬੯)

ਹੇ ਭਾਈ, ਜਿਸ ਦੀ ਕਿਰਪਾ ਦਵਾਰਾ ਤੂੰ ਛੱਤੀ ਪ੍ਰਕਾਰ ਦੇ ਭੋਜਨ ਖਾਂਦਾ ਹੈਂ (ਅਨੇਕ ਤਰਾਂ ਦੇ ਭੋਜਨ ਮਾਣਦਾ ਹੈਂ, ਸੁੱਖ ਮਾਣਦਾ ਹੈਂ),
ਉਸ ਮਾਲਕ ਨੂੰ ਹਮੇਸ਼ਾਂ ਮਨ ਵਿੱਚ ਚੇਤੇ ਰੱਖ।

## *ਜਿਹ ਪ੍ਰਸਾਦਿ ਸੁਗੰਧਤ ਤਨਿ ਲਾਵਹਿ ॥*
## *ਤਿਸ ਕਉ ਸਿਮਰਤ ਪਰਮ ਗਤਿ ਪਾਵਹਿ ॥*

ਜਿਸ ਦੀ ਕਿਰਪਾ ਦੁਆਰਾ ਤੂੰ ਸੋਹਣੀਆਂ ਸੁਗੰਧ ਵਾਲੀਆਂ ਚੀਜ਼ਾਂ ਆਪਣੇ ਸਰੀਰ ਤੇ ਲਾਉਂਦਾ ਹੈ,
ਜੇ ਤੂੰ ਉਸ ਦਾ ਸਿਮਰਨ ਕਰੇਂਗਾ (ਉਸ ਨੂੰ ਪਿਆਰ ਨਾਲ ਯਾਦ ਕਰੇਂਗਾ) ਤਾਂ ਹੀ ਤੈਨੂੰ ਪਰਮ ਗਤੀ ਪ੍ਰਾਪਤ ਹੋਵੇਗੀ, ਵੈਸੇ ਨਹੀ ਹੋਣੀ (ਹੋਰ ਕਿਸੇ ਕਰਮ ਨਾਲ ਨਹੀਂ ਹੋਣੀ)। ਕੇਵਲ ਸਿਮਰਨ ਨਾਲ ਹੀ ਹੋਣੀ ਹੈ।

## *ਜਿਹ ਪ੍ਰਸਾਦਿ ਬਸਹਿ ਸੁਖ ਮੰਦਰਿ ॥*
## *ਤਿਸਹਿ ਧਿਆਇ ਸਦਾ ਮਨ ਅੰਦਰਿ ॥*

ਜਿਸ ਦੀ ਕਿਰਪਾ ਦੁਆਰਾ ਤੂੰ ਸੋਹਣੇ ਸਥਾਨਾਂ ਤੇ ਰਹਿੰਦਾ ਹੈ (ਮਹਿਲਾਂ ਮਾੜੀਆਂ ਵਿੱਚ ਰਹਿੰਦਾ ਹੈ),
ਉਸ ਮਾਲਕ ਨੂੰ ਹਮੇਸ਼ਾ ਮਨ ਅੰਦਰ ਚੇਤਾ ਕਰਿਆ ਕਰ।

## *ਜਿਹ ਪ੍ਰਸਾਦਿ ਗ੍ਰਿਹ ਸੰਗਿ ਸੁਖ ਬਸਨਾ ॥*
## *ਆਠ ਪਹਰ ਸਿਮਰਹੁ ਤਿਸੁ ਰਸਨਾ ॥*

ਜਿਸ ਦੀ ਕਿਰਪਾ ਕਰਕੇ ਤੂੰ ਘਰ ਵਿੱਚ ਹੋਰ ਅਨੇਕਾਂ ਸੁੱਖ ਸਾਧਨ ਮਾਣਦਾ ਹੈਂ,
ਤੂੰ ਉਸ ਨੂੰ ਰਸਨਾ ਦੁਆਰਾ ਅੱਠੇ ਪਹਿਰ ਚੇਤੇ ਕਰਿਆ ਕਰ (ਪਿਆਰ ਨਾਲ ਯਾਦ ਕਰਿਆ ਕਰ), ਤੂੰ ਉਸਨੂੰ ਕਦੀ ਨਾ ਭੁਲਾ।

## *ਜਿਹ ਪ੍ਰਸਾਦਿ ਰੰਗ ਰਸ ਭੋਗ ॥*
## *ਨਾਨਕ ਸਦਾ ਧਿਆਈਐ ਧਿਆਵਨ ਜੋਗ ॥੧॥*

ਜਿਸ ਦੀ ਕ੍ਰਿਪਾ ਕਰਕੇ ਅਨੇਕਾਂ ਤਰਾਂ ਦੇ ਰੰਗ (ਮੌਜਾਂ) ਤੇ ਅਨੇਕਾਂ ਤਰਾਂ ਦੇ ਰਸ (ਸੁਆਦ) ਤੂੰ ਮਾਣਦਾ ਹੈਂ,

ਹੇ ਨਾਨਕ, ਉਹ ਧਿਆਉਣ ਯੋਗ ਹੈ। ਉਸ ਰੱਬ ਦੇ ਧਿਆਨ ਵਿੱਚ ਹੀ ਰਹਿਣਾ ਹੈ। ਹੋਰ ਕਿਸੇ ਦਾ ਵੀ ਧਿਆਨ ਨਹੀਂ ਧਰਨਾ। ਤੇ ਸਦਾ ਸਦਾ ਹੀ ਉਸ ਦਾ ਧਿਆਨ ਧਰਨਾ ਹੈ। ਕੋਈ ਪਲ (moment) ਉਹਦੀ ਯਾਦ ਤੋਂ ਬਿਨਾਂ ਨਾ ਜਾਵੇ। ਇਹ ਸਾਧਨ ਉਸ ਦੀ ਕਿਰਪਾ ਪ੍ਰਾਪਤ ਕਰਨ ਦਾ ਹੈ।

***ਜਿਹ ਪ੍ਰਸਾਦਿ ਪਾਟ ਪਟੰਬਰ ਹਢਾਵਹਿ ॥***

***ਤਿਸਹਿ ਤਿਆਗਿ ਕਤ ਅਵਰ ਲੁਭਾਵਹਿ ॥***

ਜਿਸ ਦੀ ਕਿਰਪਾ ਦੁਆਰ ਸੋਹਣੇ (ਰੇਸ਼ਮੀ) ਕਪੜੇ ਤੂੰ ਪਾਉਂਦਾ ਹੈ,
ਉਸ ਨੂੰ ਭੁਲਾ ਕੇ ਤੂੰ ਕਿਉਂ ਹੋਰ ਕਿਸੇ ਨਾਲ ਲੁਭਾਇਮਾਨ ਹੁੰਦਾ ਹੈਂ (ਕਿਉਂ ਆਪਣੀ ਸੁਰਤਿ ਨੂੰ ਕਿਸੇ ਹੋਰ ਨਾਲ ਜੋੜਦਾ ਹੈਂ) ?

***ਜਿਹ ਪ੍ਰਸਾਦਿ ਸੁਖ ਸੇਜ ਸੋਈਜੈ ॥***

***ਮਨ ਆਠ ਪਹਰ ਤਾ ਕਾ ਜਸੁ ਗਾਵੀਜੈ ॥***

ਜਿਸ ਦੀ ਕਿਰਪਾ ਕਰਕੇ ਤੂੰ ਸੋਹਣੀਆਂ ਸੇਜਾਂ ਤੇ ਸੌਂਦਾ ਹੈ (ਆਰਾਮਦਾਇਕ ਸੇਜਾਂ ਤੈਨੂੰ ਮਿਲਦੀਆਂ ਹਨ),
ਹੇ ਮਨਾਂ, ਤੂੰ ਅੱਠੇ ਪਹਿਰ ਉਸ ਪ੍ਰਭੂ ਦਾ ਜਸ (ਗੁਣ) ਗਾਉਂਦਾ ਰਹੋ।

***ਜਿਹ ਪ੍ਰਸਾਦਿ ਤੁਝੁ ਸਭੁ ਕੋਊ ਮਾਨੈ ॥***

***ਮੁਖਿ ਤਾ ਕੋ ਜਸੁ ਰਸਨ ਬਖਾਨੈ ॥***

ਜਿਸ ਦੀ ਕਿਰਪਾ ਕਰਕੇ ਸੰਸਾਰ ਵਿੱਚ ਤੇਰਾ ਸਤਿਕਾਰ ਹੁੰਦਾ ਹੈ,
ਆਪਣੇ ਮੁਖ ਦੁਆਰਾ ਉਸ ਦੇ ਗੁਣ ਗਾਇਆ ਕਰ (ਉਸ ਦੀ ਸੋਭਾ ਦੇ ਗੀਤ ਗਾਉਂਦਾ ਰਹੋ)।

***ਜਿਹ ਪ੍ਰਸਾਦਿ ਤੇਰੋ ਰਹਤਾ ਧਰਮੁ ॥***

***ਮਨ ਸਦਾ ਧਿਆਇ ਕੇਵਲ ਪਾਰਬ੍ਰਹਮੁ ॥***

ਜਿਸ ਦੀ ਕਿਰਪਾ ਕਰਕੇ ਤੇਰਾ ਧਰਮ (ਤੇਰੇ ਅਸੂਲ) ਕਾਇਮ ਹੈ (ਜੋ ਰੱਬ ਜੀ ਨੇ ਅਸੂਲ ਬਣਾਏ ਹਨ, ਤੂੰ ਉਨ੍ਹਾਂ ਨਾਲ ਜੁੜ ਕੇ ਉਨ੍ਹਾਂ ਨਾਲ ਕਾਇਮ ਰਹਿ ਸਕਦਾ ਹੈਂ)

ਮਨਾਂ, ਤੂੰ ਕੇਵਲ ਉਸ ਮਾਲਕ ਦੇ ਧਿਆਨ ਵਿੱਚ ਹਮੇਸ਼ਾ ਰਹੋ। ਹੋਰ ਕਿਸੇ ਦੇ ਧਿਆਨ ਵਿੱਚ ਨਾ ਜਾ। ਕੇਵਲ ਇਕ ਪਾਰਬ੍ਰਹਮ ਦਾ ਹੀ ਧਿਆਨ ਪਕਾਉਣਾ ਹੈ। ਕਿਉਂਕਿ ਉਸ ਤੋਂ ਬਗੈਰ ਹੋਰ ਕਿਸੇ ਦਾ ਵੀ ਧਿਆਨ ਆਵੇ ਤਾਂ ਉਹ ਵਿਘਨਕਰੀ ਹੋ ਜਾਂਦਾ ਹੈ।

***ਪ੍ਰਭ ਜੀ ਜਪਤ ਦਰਗਹ ਮਾਨੁ ਪਾਵਹਿ ॥***

***ਨਾਨਕ ਪਤਿ ਸੇਤੀ ਘਰਿ ਜਾਵਹਿ ॥ ੨ ॥***

ਜੇ ਤੂੰ ਉਸ ਪ੍ਰਭੂ ਨੂੰ ਜਪੇਂਗਾ ਤਾਂ ਭਾਈ, ਦਰਗਾਹ ਵਿੱਚ ਤੈਨੂੰ ਮਾਣ ਮਿਲੇਗਾ।

ਹੇ ਨਾਨਕ, ਤੂੰ ਆਦਰ ਸਤਿਕਾਰ ਸਹਿਤ ਵਾਪਸ ਆਪਣੇ ਘਰ ਨੂੰ ਜਾਏਂਗਾ, ਜੇ ਤੂੰ ਕੇਵਲ ਪਾਰਬ੍ਰਹਮ ਦੇ ਧਿਆਨ ਵਿੱਚ ਜਾਏਂਗਾ, ਕੇਵਲ ਪਾਰਬ੍ਰਹਮ ਦੇ ਗੁਣ ਗਾਏਂਗਾ, ਕੇਵਲ ਪਾਰਬ੍ਰਹਮ ਨੂੰ ਚੇਤੇ ਕਰੇਂਗਾ। ਇਹ ਕਰੇਂਗਾ ਤਾਂ ਹੀ ਤੂੰ ਇੱਜ਼ਤ ਨਾਲ ਆਪਣੇ ਘਰ ਜਾਏਂਗਾ। ਜੇ ਤੂੰ ਹੋਰ ਕਰਮ ਕਰਤੂਤ ਵਿੱਚ ਫਸ ਜਾਏਂਗਾ ਤਾਂ ਤੂੰ ਕਿਤੇ ਅੜ ਜਾਵੇਂਗਾ (ਨਹੀਂ ਜਾ ਸਕਦਾ)। ਇਹ ਇਕ ਸਾਧਨ (ਰੱਬ ਜੀ ਨੂੰ ਸਦਾ ਧਿਆਉਣ ਦਾ) ਗੁਰੂ ਦੇ ਸਿੱਖਾਂ ਨੇ ਅਪਨਾਉਣਾ ਹੈ।

***ਜਿਹ ਪ੍ਰਸਾਦਿ ਆਰੋਗ ਕੰਚਨ ਦੇਹੀ ॥***

***ਲਿਵ ਲਾਵਹੁ ਤਿਸੁ ਰਾਮ ਸਨੇਹੀ ॥***

ਜਿਸ ਦੀ ਕਿਰਪਾ ਕਰਕੇ ਤੈਨੂੰ ਸੋਹਣਾ ਸ਼ਰੀਰ ਮਿਲਿਆ ਹੋਇਆ ਹੈ, ਜਿਸ ਨੇ ਤੈਨੂੰ ਬੀਮਾਰੀਆਂ ਤੋਂ ਬਚਾਇਆ ਹੋਇਆ ਹੈ,

ਉਸ ਪ੍ਰਭੂ ਵਿੱਚ ਤੂੰ ਲਿਵ ਲਾ। 'ਲਿਵ' ਹੁੰਦੀ ਹੈ ਲਗਾਤਾਰੀ ਪਿਆਰ ਦੀ ਭਾਵਨਾ ਮਨ ਵਿੱਚ ਰੱਖ ਕੇ ਧਿਆਨ ਜੁੜ ਜਾਣਾ। ਉਸ ਪਿਆਰੇ ਰਾਮ ਜੀ ਨਾਲ ਤੂੰ ਆਪਣੀ ਲਿਵ ਲਾ।

***ਜਿਹ ਪ੍ਰਸਾਦਿ ਤੇਰਾ ਓਲਾ ਰਹਤ ॥***

***ਮਨ ਸੁਖੁ ਪਾਵਹਿ ਹਰਿ ਹਰਿ ਜਸੁ ਕਹਤ ॥***

ਜਿਸ ਦੀ ਕਿਰਪਾ ਕਰਕੇ ਸੰਸਾਰ ਵਿੱਚ ਤੇਰਾ ਪੜਦਾ ਰਹਿੰਦਾ ਹੈ ਤੇ ਤੇਰਾ ਆਦਰ ਬਣਿਆ ਰਹਿੰਦਾ ਹੈ,
ਮਨਾਂ, ਤੂੰ ਉਸ ਦਾ ਜਸ (ਸੋਭਾ) ਕਰ, ਤਾਂ ਤੂੰ ਸੁੱਖ ਪਾਵੇਂਗਾ।

***ਜਿਹ ਪ੍ਰਸਾਦਿ ਤੇਰੇ ਸਗਲ ਛਿਦ੍ਰ ਢਾਕੇ ॥***
***ਮਨ ਸਰਨੀ ਪਰੁ ਠਾਕੁਰ ਪ੍ਰਭ ਤਾ ਕੈ ॥***

ਤੇਰੇ ਸਾਰੇ ਪਾਪ ਜੋ ਕੱਜਦਾ ਹੈ,
ਹੇ ਮਨਾਂ, ਤੂੰ ਉਸ ਮਾਲਕ ਪ੍ਰਭੂ ਦੀ ਸ਼ਰਨ ਵਿੱਚ ਜਾ, ਜਿਹੜਾ ਤੇਰੇ ਪਾਪਾਂ ਤੇ ਵੀ ਪੜਦਾ ਪਾਉਂਦਾ ਹੈ।

***ਜਿਹ ਪ੍ਰਸਾਦਿ ਤੁਝੁ ਕੋ ਨ ਪਹੂਚੈ ॥***
***ਮਨ ਸਾਸਿ ਸਾਸਿ ਸਿਮਰਹੁ ਪ੍ਰਭ ਊਚੇ ॥***

ਜਿਸ ਦੀ ਕਿਰਪਾ ਕਰਕੇ ਤੂੰ ਵੱਡਾ ਬਣਿਆ ਹੋਇਆ ਹੈਂ। ਜੇ ਕੋਈ ਆਤਮਾ ਬਹੁਤ ਵੱਡੀ ਵੀ ਬਣ ਜਾਵੇ ਤਾਂ ਉਸ ਮਾਲਕ ਦੀ ਕਿਰਪਾ ਕਰਕੇ ਹੀ ਵੱਡੀ ਬਣਦੀ ਹੈ। ਉਸ ਆਤਮਾ ਨੂੰ ਵੀ ਇਹ ਸਿਖਿਆ ਹੈ, ਜੋ ਆਤਮਾ ਬਹੁਤ ਉੱਚੀ ਵੀ ਹੋ ਜਾਵੇ,
ਕਿ ਹੇ ਭਾਈ, ਤੰ ਹਮੇਸ਼ਾਂ ਉਸ ਰੱਬ ਜੀ ਦਾ ਸਿਮਰਨ ਕਰਦਾ ਰਹੋ ਤਾਂ ਕਿ ਆਤਮਾ ਕਿਤੇ ਹਉਮੈ ਹੰਕਾਰ ਵਿੱਚ ਨਾ ਚਲੀ ਜਾਵੇ।

***ਜਿਹ ਪ੍ਰਸਾਦਿ ਪਾਈ ਦ੍ਰੁਲਭ ਦੇਹ ॥***
***ਨਾਨਕ ਤਾ ਕੀ ਭਗਤਿ ਕਰੇਹ ॥ ੩ ॥***

ਜਿਸ ਦੀ ਕਿਰਪਾ ਦੁਆਰਾ ਤੈਨੂੰ ਇਹ ਦੁਲਭ ਦੇਹ (ਨਾ ਲੱਭਣ ਵਾਲੀ ਦੇਹ, ਜੋ ਬਹੁਤ ਮੁਸ਼ਕਿਲ ਨਾਲ ਮਿਲਦੀ ਹੈ) ਮਿਲੀ ਹੈ (ਮਨੁੱਖਾ ਜਨਮ ਮਿਲਿਆ ਹੈ),
ਹੇ ਨਾਨਕ, ਤੂੰ ਉਸ ਦੀ ਭਗਤੀ ਕਰ। ਉਸ ਦੀ ਭਗਤੀ ਹੈ – ਉਸ ਨਾਲ ਪਿਆਰ ਪਾ ਲੈਣਾ। ਤੂੰ ਉਸ ਮਾਲਕ ਨਾਲ ਪਿਆਰ ਪਾ।

***ਜਿਹ ਪ੍ਰਸਾਦਿ ਆਭੂਖਨ ਪਹਿਰੀਜੈ ॥***
***ਮਨ ਤਿਸੁ ਸਿਮਰਤ ਕਿਉ ਆਲਸੁ ਕੀਜੈ ॥***

ਜਿਸ ਦੀ ਕਿਰਪਾ ਕਰਕੇ ਤੂੰ ਸੋਹਣੇ ਗਹਿਣੇ ਪਾਉਂਦਾ ਹੈ,
ਹੇ ਮਨਾਂ, ਉਸ ਦਾ ਸਿਮਰਨ ਕਰਨ ਲਈ (ਉਸ ਨੂੰ ਪਿਆਰ ਨਾਲ ਯਾਦ ਕਰਨ ਲਈ) ਤੂੰ ਕਿਉਂ ਆਲਸ ਕਰਦਾ ਹੈ ?

***ਜਿਹ ਪ੍ਰਸਾਦਿ ਅਸ੍ਵ ਹਸਤਿ ਅਸਵਾਰੀ ॥***
***ਮਨ ਤਿਸੁ ਪ੍ਰਭ ਕਉ ਕਬਹੂ ਨ ਬਿਸਾਰੀ ॥***

ਜਿਸ ਦੀ ਕਿਰਪਾ ਦੁਆਰਾ ਤੈਨੂੰ ਹਾਥੀ ਘੋੜੇਆਂ ਦੀ ਸਵਾਰੀ ਮਿਲ ਗਈ ਹੈ (ਭਾਵ ਚੰਗੀਆਂ ਸਵਾਰੀਆਂ ਚੜਨ ਨੂੰ ਮਿਲ ਗਈਆਂ ਹਨ),
ਹੇ ਮਨਾਂ, ਤੂੰ ਉਸ ਮਾਲਕ ਨੂੰ ਕਦੀ ਨਾ ਬਿਸਾਰ (ਭੁਲਾ)।

***ਜਿਹ ਪ੍ਰਸਾਦਿ ਬਾਗ ਮਿਲਖ ਧਨਾ ॥***
***ਰਾਖੁ ਪਰੋਇ ਪ੍ਰਭੁ ਅਪੁਨੇ ਮਨਾ ॥***

ਜਿਸ ਦੀ ਕਿਰਪਾ ਕਰਕੇ ਤੈਨੂੰ ਬਾਗ ਮਿਲੇ ਹੋਏ ਹਨ, ਜ਼ਮੀਨਾਂ ਮਿਲੀਆਂ ਹੋਈਆਂ ਹਨ, ਵੱਡੀਆਂ ਜਾਇਦਾਦਾਂ ਮਿਲੀਆਂ ਹੋਈਆਂ ਹਨ, ਧਨ (ਦੌਲਤ) ਮਿਲਿਆ ਹੋਇਆ ਹੈ, ਉਸ ਪ੍ਰਭੂ ਨੂੰ ਤੂੰ ਆਪਣੇ ਮਨ ਵਿੱਚ ਪਰੋ ਕੇ ਰੱਖ।

***ਜਿਨਿ ਤੇਰੀ ਮਨ ਬਨਤ ਬਨਾਈ ॥***
***ਊਠਤ ਬੈਠਤ ਸਦ ਤਿਸਹਿ ਧਿਆਈ ॥***

ਹੇ ਮਨਾਂ, ਜਿਸਨੇ ਤੈਨੂੰ ਰਚਿਆ ਹੈ, ਜਿਸਨੇ ਤੈਨੂੰ ਬਣਾਇਆ ਹੈ,
ਤੂੰ ਹਮੇਸ਼ਾ ਹਮੇਸ਼ਾ ਉਸ ਦੀ ਯਾਦ ਵਿੱਚ ਰਹੋ, ਤੂੰ ਉਹਨੂੰ ਕਦੀ ਵੀ ਨਾ ਵਿਸਾਰ।

***ਤਿਸਹਿ ਧਿਆਇ ਜੋ ਏਕ ਅਲਖੈ ॥***

***ਈਹਾ ਊਹਾ ਨਾਨਕ ਤੇਰੀ ਰਖੈ ॥ ੪ ॥***

ਹਜ਼ੂਰ ਸਪੱਸ਼ਟ (qualify) ਕਰ ਰਹੇ ਹਨ ਕਿ ਕਿਸਦਾ ਧਿਆਨ ਕਰਨਾ ਹੈ ? ਜੋ ਇਕ (ੴ) ਹੈ ਤੇ ਜੋ ਅਲਖ ਹੈ (ਲਖਤਾ ਤੋਂ ਪਰੇ ਹੈ), ਜੋ ਮਨ ਬੁੱਧੀ ਦੀ ਸਮਝ ਵਿੱਚ ਨਹੀਂ ਆਉਂਦਾ, ਭਾਵਨਾ ਜਿਸ ਦੀ ਪਕੜ ਨਹੀਂ ਕਰ ਸਕਦੀ ਕਿ ਉਹ ਕਿੱਡਾ ਵੱਡਾ ਹੈ। ਮਨਾਂ, ਤੂੰ ਉਸ ਇੱਕ ਦੇ ਧਿਆਨ ਵਿੱਚ ਰਹੋ।

ਜੇ ਤੂੰ ਉਸ ਇੱਕ ਦੇ ਧਿਆਨ ਵਿੱਚ ਰਹੇਂਗਾ ਤਾਂ ਹੇ ਨਾਨਕ, ਲੋਕ ਪਰਲੋਕ ਵਿੱਚ ਉਹ ਪ੍ਰਭੂ ਤੇਰੀ ਲਾਜ ਰੱਖ ਲਏਗਾ।

***ਜਿਹ ਪ੍ਰਸਾਦਿ ਕਰਹਿ ਪੁੰਨ ਬਹੁ ਦਾਨ ॥***

***ਮਨ ਆਠ ਪਹਰ ਕਰਿ ਤਿਸ ਕਾ ਧਿਆਨ ॥***

ਜਿਸ ਦੀ ਕਿਰਪਾ ਦੁਆਰਾ ਤੂੰ ਬਹੁਤ ਪੁੰਨ ਦਾਨ (ਭਾਵ, ਚੰਗੇ ਕਰਮ) ਕਰਦਾ ਹੈਂ, ਹੇ ਮਨਾਂ, ਅੱਠੇ ਪਹਿਰ ਤੂੰ ਉਸ ਦੇ ਧਿਆਨ ਵਿੱਚ ਰਹੋ। ਇਸ ਦਾਨ ਪੁੰਨ ਨਾਲ ਕੁਛ ਨਹੀਂ ਬਣਦਾ। ਜੇ ਉਸ ਪ੍ਰਭੂ ਦੇ ਧਿਆਨ ਵਿੱਚ ਜਾਏਂਗਾ ਤਾਂ ਬਖਸ਼ਿਆ ਜਾਏਂਗਾ।

***ਜਿਹ ਪ੍ਰਸਾਦਿ ਤੂ ਆਚਾਰ ਬਿਉਹਾਰੀ ॥***

***ਤਿਸੁ ਪ੍ਰਭ ਕਉ ਸਾਸਿ ਸਾਸਿ ਚਿਤਾਰੀ ॥***

ਭਾਈ, ਜੇ ਤੇਰਾ ਕਰਮ (ਆਚਾਰ, Character) ਚੰਗਾ (ਉੱਚਾ) ਹੈ ਤੇ ਤੂੰ ਚੰਗਾ ਵਿਉਹਾਰ ਲੋਕਾ ਨਾਲ ਕਰਦਾ ਹੈਂ, ਇਹ ਉਸ ਪ੍ਰਭੂ ਦੀ ਕਿਰਪਾ ਹੈ,

ਤੂੰ ਉਸ ਪ੍ਰਭੂ ਨੂੰ ਸਾਸ ਸਾਸ ਚੇਤੇ ਕਰ। ਤੂੰ ਉਸ ਪ੍ਰਭੂ ਨੂੰ ਕਦੀ ਨਾ ਭੁੱਲ। ਤੂੰ ਇਸ ਹੰਕਾਰ ਵਿੱਚ ਨਾ ਜਾ ਕਿ ਮੇਰਾ ਕਰਮ ਚੰਗਾ ਹੈ ਕਿਉਂਕਿ ਇਹ ਹੰਕਾਰ ਤੈਨੂੰ ਡੋਬ ਦੇਵੇਗਾ। ਤੂੰ ਮਾਲਕ ਨੂੰ ਚੇਤਾ ਕਰ ਕਿ ਇਹ ਉਹਦੀ ਕਿਰਪਾ ਹੈ, ਜੇ ਮੇਰਾ ਕਰਮ ਚੰਗਾ ਹੈ ਤਾਂ।

***ਜਿਹ ਪ੍ਰਸਾਦਿ ਤੇਰਾ ਸੁੰਦਰ ਰੂਪੁ ॥***

***ਸੋ ਪ੍ਰਭੁ ਸਿਮਰਹੁ ਸਦਾ ਅਨੂਪੁ ॥***

ਜਿਸ ਦੀ ਕਿਰਪਾ ਕਰਕੇ ਤੈਨੂੰ ਖੂਬਸੂਰਤ ਦੇਹ ਮਿਲੀ ਹੈ,

ਉਸ ਮਾਲਕ ਦਾ ਸਦਾ ਸਿਮਰਨ ਕਰ, ਜਿਸ ਵਰਗਾ ਹੋਰ ਕੋਈ ਹੈ ਹੀ ਨਹੀਂ, ਜੋ ਅਨੂਪ (ਬੇਨਜ਼ੀਰ, ਬੇਮਿਸਾਲ, unparalled) ਹੈ।

***ਜਿਹ ਪ੍ਰਸਾਦਿ ਤੇਰੀ ਨੀਕੀ ਜਾਤਿ ॥***

***ਸੋ ਪ੍ਰਭੁ ਸਿਮਰਿ ਸਦਾ ਦਿਨ ਰਾਤਿ ॥***

ਜਿਸ ਦੀ ਕਿਰਪਾ ਕਰਕੇ ਤੈਨੂੰ ਸੋਹਣੀ Personality ਮਿਲੀ ਹੋਈ ਹੈ, ਸੰਸਾਰ ਵਿੱਚ ਤੇਰੀ ਸੋਭਾ ਹੈ,

ਤੂੰ ਦਿਨ ਰਾਤ ਉਸ ਮਾਲਕ ਨੂੰ ਚੇਤੇ ਕਰ।

***ਜਿਹ ਪ੍ਰਸਾਦਿ ਤੇਰੀ ਪਤਿ ਰਹੈ ॥***

***ਗੁਰ ਪ੍ਰਸਾਦਿ ਨਾਨਕ ਜਸੁ ਕਹੈ ॥ ੫ ॥***

ਭਾਈ, ਜਿਸਦੀ ਕਿਰਪਾ ਦੁਆਰਾ ਤੇਰੀ ਇੱਜ਼ਤ ਬਚਣੀ ਹੈ,

ਤੂੰ ਗੁਰੂ ਦੀ ਕਿਰਪਾ ਦੁਆਰਾ ਉਸ ਪ੍ਰਭੂ ਦਾ ਜਸ ਗਾ ਕਿਉਂਕਿ ਗੁਰੂ ਏਹੀ ਗੱਲ ਦ੍ਰਿੜ ਕਰਵਾਉਂਦੇ ਨੇ ਕਿ ਭਾਈ, ਤੂੰ ਰੱਬ ਦੇ ਗੁਣ ਗਾ। ਗੁਰੂ ਦੀ ਕਿਰਪਾ ਤੇ ਗੱਲ ਦ੍ਰਿੜ ਹੋਣ ਤੇ ਜੀਵ ਗੁਣ ਵਾਉਣ ਲਗਦਾ ਹੈ, ਵੈਸੇ ਕੋਈ ਗੁਣ ਗਾ ਨਹੀਂ ਸਕਦਾ। ਇਸ ਲਈ ਤੂੰ ਉਸ ਪ੍ਰਭੂ ਦੇ ਗੁਣ ਗਾ। ਇਹ ਗੁਣ ਗੁਰੂ ਦੀ ਕਿਰਪਾ ਦੁਆਰਾ ਹੀ ਗਾਏ ਜਾਣਗੇ, ਇਸ ਲਈ ਤੂੰ ਉਸ ਦੀ ਸੰਗਤਿ ਵਿੱਚ ਰਹੋ।

***ਜਿਹ ਪ੍ਰਸਾਦਿ ਸੁਨਹਿ ਕਰਨ ਨਾਦ ॥***

***ਜਿਹ ਪ੍ਰਸਾਦਿ ਪੇਖਹਿ ਬਿਸਮਾਦ ॥***

ਜਿਸ ਦੀ ਕਿਰਪਾ ਕਰਕੇ ਤੇਰੇ ਕੰਨ ਸੁਣਦੇ ਹਨ। ਜੇ ਉਸ ਦੀ ਕਿਰਪਾ ਨਾ ਹੋਵੇ ਤਾਂ ਇਹ ਕੰਨ ਸੁਣਨੋ ਹੱਟ ਜਾਂਦੇ ਹਨ।

ਜਿਸ ਦੀ ਕਿਰਪਾ ਕਰਕੇ ਤੇਰੀਆਂ ਅੱਖਾਂ ਆਨੰਦ ਮਾਣਦੀਆਂ ਹਨ ਤੇ ਸੰਸਾਰ ਦੇ ਬਹੁਤ ਕੁਛ ਨਜ਼ਾਰੇ ਵੇਖਦੀਆਂ ਹਨ।

***ਜਿਹ ਪ੍ਰਸਾਦਿ ਬੋਲਹਿ ਅੰਮ੍ਰਿਤ ਰਸਨਾ ॥***

***ਜਿਹ ਪ੍ਰਸਾਦਿ ਸੁਖਿ ਸਹਜੇ ਬਸਨਾ ॥***

ਜਿਸ ਦੀ ਕਿਰਪਾ ਕਰਕੇ ਜਬਾਨ ਬੋਲਦੀ ਹੈ। ਜੇ ਉਸਦੀ ਕਿਰਪਾ ਨਾ ਹੋਵੇ, ਜੀਵ ਗੂੰਗਾ ਹੋ ਜਾਵੇ ਤਾਂ ਜੀਵ ਬੋਲ ਹੀ ਨਹੀਂ ਸਕਦਾ।
ਜਿਸ ਦੀ ਕਿਰਪਾ ਕਰਕੇ ਤੂੰ ਬਹੁਤ ਸੁੱਖ ਮਾਣਦਾ ਹੈ ਤੇ ਆਨੰਦ ਨਾਲ ਵਸਦਾ ਹੈਂ ਜੀਵਨ ਵਿੱਚ।

***ਜਿਹ ਪ੍ਰਸਾਦਿ ਹਸਤ ਕਰ ਚਲਹਿ ॥***

***ਜਿਹ ਪ੍ਰਸਾਦਿ ਸੰਪੂਰਨ ਫਲਹਿ ॥***

ਜਿਸ ਦੀ ਕਿਰਪਾ ਕਰਕੇ ਤੇਰੇ ਹੱਥ ਪੈਰ ਕੰਮ ਕਰਦੇ ਹਨ।
ਜਿਸ ਦੀ ਕਿਰਪਾ ਕਰਕੇ ਤੂੰ ਸੰਪੂਰਨ ਹੈਂ (ਹਰ ਅੰਗ ਤੋਂ ਤੈਨੂੰ ਪੂਰਾ ਬਣਾਇਆ ਹੈਂ) ਤੇ ਫਲਦਾਇਕ ਹੈ ਇਹ ਜੀਵਨ (ਤੂੰ ਫਲ ਮਾਣਦਾ ਹੈ)।

***ਜਿਹ ਪ੍ਰਸਾਦਿ ਪਰਮ ਗਤਿ ਪਾਵਹਿ ॥***

***ਜਿਹ ਪ੍ਰਸਾਦਿ ਸੁਖਿ ਸਹਜਿ ਸਮਾਵਹਿ ॥***

ਜਿਸ ਦੀ ਕਿਰਪਾ ਤੇ ਹੀ ਤੈਨੂੰ ਪਰਮ ਗਤੀ ਮਿਲਣੀ ਹੈ।
ਜਿਸ ਦੀ ਕਿਰਪਾ ਦੁਆਰਾ ਹੀ ਤੂੰ ਸੁਖੀ ਹੋ ਕੇ ਸਹਜਿ ਵਿੱਚ ਸਮਾਉਣਾ ਹੈ।

***ਐਸਾ ਪ੍ਰਭੁ ਤਿਆਗਿ ਅਵਰ ਕਤ ਲਾਗਹੁ ॥***

***ਗੁਰ ਪ੍ਰਸਾਦਿ ਨਾਨਕ ਮਨਿ ਜਾਗਹੁ ॥ ੬ ॥***

ਓ ਮੂਰਖ ਮਨਾਂ, ਐਸੇ ਪ੍ਰਭੂ ਨੂੰ ਭੁਲਾ ਕੇ, ਤੂੰ ਹੋਰ ਕਿਸੇ ਨਾਲ ਕਿਉਂ ਜੁੜ ਗਇਆ (ਤੈਨੂੰ ਹੋਰ ਕਿਤੇ ਪ੍ਰੀਤਿ ਕਿਉਂ ਪ੍ਰਗਟ ਹੋ ਗਈ ਹੈ) ?

ਹੇ ਨਾਨਕ, ਗੁਰੂ ਦੀ ਕਿਰਪਾ ਦੁਆਰਾ ਮਨ ਵਿੱਚ ਜਾਗੋ (alert ਹੋਵੋ), ਮਾਇਆ ਦੇ ਹੱਲਿਆਂ ਤੋਂ ਸੁਚੇਤ ਹੋਵੋ, ਮਾਇਆ ਦੇ ਮੋਹ ਦੀ ਨੀਂਦ ਵਿੱਚ ਨਾ ਸੋਵੋਂ। ਇਸ ਲਈ ਸਾਧੂ
(ਗੁਰੂ) ਦੀ ਸੰਗਤਿ ਜ਼ਰੂਰੀ ਹੈ। ਗੁਰੂ ਦੀ ਕਿਰਪਾ ਦੁਆਰਾ ਹੀ ਇਹ ਮਨ ਜਾਗਦਾ ਹੈ।

***ਜਿਹ ਪ੍ਰਸਾਦਿ ਤੂੰ ਪ੍ਰਗਟੁ ਸੰਸਾਰਿ ॥***

***ਤਿਸੁ ਪ੍ਰਭ ਕਉ ਮੂਲਿ ਨ ਮਨਹੁ ਬਿਸਾਰਿ ॥***

ਜਿਸ ਦੀ ਕਿਰਪਾ ਕਰਕੇ ਤੂੰ ਇਸ ਸੰਸਾਰ ਵਿੱਚ ਪ੍ਰਗਟ ਹੈ,
ਹੇ ਭਾਈ, ਉਸ ਪ੍ਰਭੂ ਨੂੰ ਤੂੰ ਮਨੋਂ ਕਦੀ ਵੀ ਨਾ ਵਿਸਾਰ।

***ਜਿਹ ਪ੍ਰਸਾਦਿ ਤੇਰਾ ਪਰਤਾਪੁ ॥***

***ਰੇ ਮਨ ਮੂੜ ਤੂ ਤਾ ਕਉ ਜਾਪੁ ॥***

ਜਿਸ ਦੀ ਕਿਰਪਾ ਕਰਕੇ ਤੇਰਾ ਪਰਤਾਪ (ਵੱਡਪਣ) ਬਣਿਆ ਹੋਇਆ ਹੈ ਸੰਸਾਰ ਵਿੱਚ,
ਹੇ ਮੂਰਖ ਮਨਾਂ, ਤੂੰ ਹਮੇਸ਼ਾ ਹਮੇਸ਼ਾ ਉਸ ਨੂੰ ਚੇਤੇ ਕਰ।

***ਜਿਹ ਪ੍ਰਸਾਦਿ ਤੇਰੇ ਕਾਰਜ ਪੂਰੇ ॥***

***ਤਿਸਹਿ ਜਾਨੁ ਮਨ ਸਦਾ ਹਜੂਰੇ ॥***

ਜਿਸ ਦੀ ਕਿਰਪਾ ਕਰਕੇ ਤੇਰੇ ਕਾਰਜ ਰਾਸ ਆਉਂਦੇ ਹਨ (ਪੂਰੇ ਹੁੰਦੇ ਹਨ),
ਹੇ ਮਨਾਂ, ਤੂੰ ਹਮੇਸ਼ਾ ਉਸ ਨੂੰ ਆਪਣੇ ਅੰਗ ਸੰਗ ਜਾਣ ਤੇ ਉਸ ਨਾਲ ਹੀ ਜੁੜਿਆ ਰਹੋ।

***ਜਿਹ ਪ੍ਰਸਾਦਿ ਤੂੰ ਪਾਵਹਿ ਸਾਚੁ ॥***

***ਰੇ ਮਨ ਮੇਰੇ ਤੂੰ ਤਾ ਸਿਉ ਰਾਚੁ ॥***

ਜਿਸ ਦੀ ਕਿਰਪਾ ਦੁਆਰਾ ਤੈਨੂੰ ਉਸ ਸਚੁ (ਆਦਿ ਸਚੁ, ਜੁਗਾਦਿ ਸਚੁ, ਹੈ ਭੀ ਸਚੁ, ਨਾਨਕ ਹੋਸੀ ਭੀ ਸਚੁ) ਨੇ ਮਿਲਣਾ ਹੈ। ਪ੍ਰਭੂ ਨੇ ਆਪਣੀ ਕਿਰਪਾ ਦੁਆਰਾ ਹੀ ਜੀਵ ਨੂੰ ਆਪਣੇ ਨਾਲ ਮਿਲਾਉਣਾ ਹੈ।

ਇਸ ਲਈ ਹੇ ਮੇਰੇ ਮਨਾਂ, ਤੂੰ ਸਦਾ ਉਸ ਆਦਿ ਸਚੁ, ਜੁਗਾਦਿ ਸਚੁ, ਹੈ ਭੀ ਸਚੁ, ਨਾਨਕ ਹੋਸੀ ਭੀ ਸਚੁ ਨਾਲ ਹੀ ਜੁੜਿਆ ਰਹੋ।

## *ਜਿਹ ਪ੍ਰਸਾਦਿ ਸਭ ਕੀ ਗਤਿ ਹੋਇ ॥*
## *ਨਾਨਕ ਜਾਪੁ ਜਪੈ ਜਪੁ ਸੋਇ ॥ ੭ ॥*

ਜਿਸ ਦੀ ਕਿਰਪਾ ਦੁਆਰਾ ਸਭ (ਸਾਰੇ) ਸੰਸਾਰ ਦੇ ਜੀਵਾਂ ਦੀ ਗਤੀ ਹੁੰਦੀ ਹੈ।

ਹੇ ਨਾਨਕ, ਉਸ ਮਾਲਕ ਦੇ ਨਾਮ ਨੂੰ ਹਮੇਸ਼ਾ ਹਮੇਸ਼ਾ ਜਪ। ਹੋਰ ਕਿਸੇ ਨੂੰ ਨਾ ਜਪ। ਜਪਣਾ ਕੇਵਲ ਉਸ ਮਾਲਕ ਭਗਵਾਨ ਨੂੰ ਹੈ, ਵਾਹਿਗੁਰੂ ਨੂੰ ਹੈ, ੧ਓ ਨੂੰ ਹੈ, ਨਿਰੰਕਾਰ ਨੂੰ ਹੈ। ਹੋਰ ਕਿਸੇ ਨੂੰ ਨਹੀਂ ਜਪਣਾ।

ਹੁਣ ਹਜ਼ੂਰ ਇੰਨੀ ਸਿੱਖਿਆ ਦੇ ਕੇ ਕਹਿੰਦੇ ਨੇ ਕਿ ਜੀਵਾਂ ਦੇ ਵੀ ਕੀ ਵਸ ਹੈ।

## *ਆਪਿ ਜਪਾਏ ਜਪੈ ਸੋ ਨਾਉ ॥*
## *ਆਪਿ ਗਾਵਾਏ ਸੁ ਹਰਿ ਗੁਨ ਗਾਉ ॥*

ਜਿਹਨੂੰ ਮਾਲਕ ਆਪ ਜਪਾਵੇ, ਉਹੀ ਆਤਮਾ ਨਾਮ ਜਪ ਸਕਦੀ ਹੈ।

ਜਿਸ ਤੋਂ ਆਪ ਗੁਣ ਗਵਾਏ, ਉਹੀ ਉਸ ਹਰੀ ਪ੍ਰਭੂ ਦੇ ਗੁਣ ਗਾ ਸਕਦਾ ਹੈ। ਇਹ
ਉਹ ਆਪ ਦਇਆ ਕਰਕੇ ਆਪਣੇ ਲੜ ਲਾਉਂਦਾ ਹੈ।

## *ਪ੍ਰਭ ਕਿਰਪਾ ਤੇ ਹੋਇ ਪ੍ਰਗਾਸੁ ॥*
## *ਪ੍ਰਭੂ ਦਇਆ ਤੇ ਕਮਲ ਬਿਗਾਸੁ ॥*

ਜੇ ਪ੍ਰਭੂ ਕ੍ਰਿਪਾ ਕਰੇ ਤਾਂ ਗਿਆਨ ਦਾ ਪ੍ਰਕਾਸ਼ ਮਨ ਵਿੱਚ ਹੋ ਜਾਂਦਾ ਹੈ।

ਜੇ ਪ੍ਰਭੂ ਦਇਆ ਕਰੇ ਤਾਂ ਇਹ ਹਿਰਦਾ ਕਮਲ ਜੋ ਹੈ, ਇਹ ਖਿੜ ਪੈਂਦਾ ਹੈ (ਇਹ ਮਾਇਆ ਦੇ ਮੋਹ ਦੀ ਨੀਂਦ ਸੁੱਤਾ ਹੋਇਆ ਜਾਗ ਪੈਂਦਾ ਹੈ)।

## *ਪ੍ਰਭ ਸੁਪ੍ਰਸੰਨ ਬਸੈ ਮਨਿ ਸੋਇ ॥*
## *ਪ੍ਰਭ ਦਇਆ ਤੇ ਮਤਿ ਊਤਮ ਹੋਇ ॥*

ਜੇ ਪ੍ਰਭੂ ਪ੍ਰਸੰਨ ਹੋਵੇ ਤਾਂ ਉਹ ਮਨ ਵਿੱਚ ਵੱਸ ਜਾਦਾ ਹੈ ਕਿਸੇ ਆਤਮਾ ਦੇ।

ਜੇ ਪ੍ਰਭੂ ਦਇਆ ਕਰੇ ਤਾਂ ਜੀਵ ਦੀ ਮੱਤ ਉੱਤਮ ਹੋ ਜਾਂਦੀ ਹੈ।

## *ਸਰਬ ਨਿਧਾਨ ਪ੍ਰਭ ਤੇਰੀ ਮਇਆ ॥*
## *ਆਪਹੁ ਕਛੂ ਨ ਕਿਨਹੂ ਲਇਆ ॥*

ਹੇ ਪ੍ਰਭੂ, ਸੰਸਾਰ ਦੇ ਸਭ ਭੰਡਾਰੇ ਤੇ ਨਾਮ ਦਾ ਭੰਡਾਰ ਵੀ, ਤੇਰੀ ਮੇਹਰ ਸਦਕਾ ਹੀ ਮਿਲਦਾ ਹੈ।

ਆਪ ਤਾਂ ਕੋਈ ਕੁਛ ਪ੍ਰਾਪਤ ਨਹੀਂ ਕਰ ਸਕਦਾ। ਜਿਸ ਨੂੰ ਵੀ ਪ੍ਰਾਪਤ ਹੁੰਦਾ ਹੈ, ਤੇਰੀ ਦਇਆ ਦੁਆਰਾ ਹੀ ਸਭ ਕੁਛ ਪ੍ਰਾਪਤ ਹੁੰਦਾ ਹੈ।

## *ਜਿਤੁ ਜਿਤੁ ਲਾਵਹੁ ਤਿਤੁ ਲਗਹਿ ਹਰਿ ਨਾਥ ॥*
## *ਨਾਨਕ ਇਨ ਕੈ ਕਛੂ ਨ ਹਾਥ ॥ ੮ ॥ ੬ ॥*

ਜਿਧਰ ਜਿਧਰ ਵੀ ਹਜ਼ੂਰ, ਤੁਸੀਂ ਜੀਵ ਨੂੰ ਲਾਉਂਦੇ ਹੋ, ਉਧਰ ਉਧਰ ਹੀ ਜੀਵ ਲਗ ਜਾਂਦੇ ਹਨ।

ਹੇ ਨਾਨਕ, ਇਨ੍ਹਾਂ ਜੀਵਾਂ ਦੇ ਆਪਣੇ ਹੱਥ ਵਿੱਚ ਕੁਛ ਨਹੀਂ। ਲਾਉਂਦਾ ਭਗਵਾਨ ਹੈ, ਲਗਦੇ ਜੀਵ ਨੇ। ਪਰ ਹਜ਼ੂਰ ਨੇ ਸਪੱਸ਼ਟ Clear ਕਰ ਦਿੱਤਾ ਹੈ, ਕਿ ਉਹ ਕਿਵੇਂ ਲਾਉਂਦਾ ਹੈ :-

**H ਹੁਕਮਿ ਚਲਾਏ ਆਪਣੈ ਕਰਮੀ ਵਹੈ ਕਲਾਮ ॥ (ਪੰਨਾ ੧੨੪੧)**

ਜੀਵ ਦੇ ਕਰਮ ਵੇਖ ਕੇ ਉਸ ਦੇ ਹੁਕਮ ਦੀ ਕਲਮ ਚਲਦੀ ਹੈ ਤੇ ਉਸ ਹੁਕਮ ਅਨੁਸਾਰ ਹੀ ਸਾਰੇ ਜੀਵ ਨਾਚ ਨਚਦੇ ਹਨ।

H ਨਾਨਕ ਹੁਕਮੀ ਲਿਖੀਐ ਲੇਖੁ ॥
ਜੇਹਾ ਵੇਖਹਿ ਤੇਹਾ ਵੇਖ ॥ (ਪੰਨਾ ੪੬੬)

ਹੇ ਨਾਨਕ, ਹੁਕਮ ਦੁਆਰਾ ਲਿਖੇ ਜਾਂਦੇ ਨੇ ਉਸ ਦੇ ਦਰ ਤੇ ਲੇਖ। ਜੇਹੋ ਜੇਹੀ ਉਹ ਨਦਰ ਪਾ ਦੇਂਦਾ ਹੈ, ਜੀਵ ਨੂੰ ਸੰਸਾਰ ਵਿੱਚ ਉਹੋ ਜੇਹਾ ਤੁਰਿਆ ਫਿਰਦਾ ਵੇਖ ਲੈ।

**H H H H H**

## *ਅਸਟਪਦੀ 2 (ਪੰਨਾ ੨੭੧)*

## *ਸਲੋਕੁ ॥*

## *ਅਗਮ ਅਗਾਧਿ ਪਾਰਬ੍ਰਹਮੁ ਸੋਇ ॥*

ਗੁਰੂ ਪਾਤਸ਼ਾਹ ਦਸਦੇ ਨੇ ਕਿ ਮਨ ਬੁੱਧੀ ਦੀ ਗਮਤਾ ਤੋਂ ਪਰੇ ਤੇ ਹਥਾੜੇ ਤੋਂ ਰਹਿਤ ਹੈ, ਜੋ ਪਾਰਾਵਾਰ ਤੋਂ ਰਹਿਤ ਬ੍ਰਹਮ ਹੈ।

## *ਜੋ ਜੋ ਕਹੈ ਸੁ ਮੁਕਤਾ ਹੋਇ ॥*

ਜੋ ਵੀ ਉਸਨੂੰ ਕਹਿੰਦਾ ਹੈ, ਭਾਵ, ਉਸ ਦੇ ਗੁਣ ਕਹਿੰਦਾ ਹੈ, ਵੀਚਾਰਦਾ ਹੈ, ਧਿਆਉਂਦਾ ਹੈ, ਸੋਚਦਾ ਹੈ। ਕਿਉਂਕਿ ਉਹ ਗੁਣਾਂ ਦਾ ਭੰਡਾਰ ਹੈ, ਇਸ ਲਈ ਉਸ ਨੂੰ ਕਹਿਣ ਲਈ ਉਸ ਦੇ ਕਿਸੇ ਗੁਣ ਦੁਆਰਾ ਹੀ ਉਸ ਨੂੰ ਚੇਤਾ ਕੀਤਾ ਜਾ ਸਕਦਾ ਹੈ। ਜੋ ਵੀ ਉਸ ਨੂੰ ਕਹਿੰਦਾ ਹੈ, ਉਸ ਦਾ ਹੀ ਆਵਾਗਵਣ ਕੱਟਿਆ ਜਾਂਦਾ ਹੈ (ਭਾਵੇਂ ਕੋਈ ਵੀ ਕਹਿ ਲਵੇ)। ਕੋਈ ਜ਼ਰੂਰੀ ਨਹੀਂ ਕਿ ਉਹ ਕਿਸ ਧਰਮ ਦਾ ਹੋਵੇ, ਕਿਸ ਦੇਸ਼ ਦਾ ਹੋਵੇ, ਕਿਸ ਜਾਤ ਦਾ ਹੋਵੇ, ਕਿਸ ਨਸਲ ਦਾ ਹੋਵੇ। ਕੋਈ ਵੀ ਕਹੇ ਪਾਰਬ੍ਰਹਮ ਪਰਮੇਸ਼ਰ ਨੂੰ, ਤਾਂ ਉਹੀ ਆਤਮਾ ਮੁਕਤ ਹੋ ਜਾਂਦੀ ਹੈ।

## *ਸੁਨਿ ਮੀਤਾ ਨਾਨਕੁ ਬਿਨਵੰਤਾ ॥*

Nominative case ਵਿੱਚ ਹਜ਼ੂਰ ਪੰਜਵੇਂ ਪਾਤਸ਼ਾਹ ਕਹਿ ਰਹੇ ਨੇ ਕਿ ਹੇ ਮੇਰੇ ਮ੍ਰਿਤ, ਇਹ ਮੇਰੀ ਬੇਨਤੀ ਸੁਣ।

## *ਸਾਧ ਜਨਾ ਕੀ ਅਚਰਜ ਕਥਾ ॥ ੧ ॥*

ਸਾਧ ਜਨਾ ਦੀ ਅਚਰਜ ਕਥਾ ਹੁੰਦੀ ਹੈ। ਸਾਧ ਕੀ ਕੁਛ ਕਰਨ ਦੇ ਸਮਰੱਥ ਹੁੰਦੇ ਨੇ ? ਹਜ਼ੂਰ ਸਾਡੇ ਗਿਆਨ (ਸੋਝੀ) ਵਾਸਤੇ ਦੱਸ ਰਹੇ ਨੇ।

## *ਅਸਟਪਦੀ ॥*

## *ਸਾਧ ਕੈ ਸੰਗਿ ਮੁਖ ਊਜਲ ਹੋਤ ॥*

## *ਸਾਧਸੰਗਿ ਮਲੁ ਸਗਲੀ ਖੋਤ ॥*

ਭਾਈ, ਸਾਧੂ ਦੀ ਸੰਗਤਿ ਵਿੱਚ ਮੁਖੜਾ ਉਜਲਾ ਹੁੰਦਾ ਹੈ।
ਸਾਧੂ ਦੀ ਸੰਗਤਿ ਵਿੱਚ ਹਉਮੈ ਦੀ ਸਾਰੀ ਮੈਲ ਖਤਮ ਹੋ ਜਾਂਦੀ ਹੈ।

## *ਸਾਧ ਕੈ ਸੰਗਿ ਮਿਟੈ ਅਭਿਮਾਨੁ ॥*

## *ਸਾਧ ਕੈ ਸੰਗਿ ਪ੍ਰਗਟੈ ਸੁਗਿਆਨੁ ॥*

ਸਾਧੂ ਦੀ ਸੰਗਤਿ ਵਿੱਚ ਹਉਮੈ ਨਾਸ ਹੋ ਜਾਂਦੀ ਹੈ।
ਸਾਧੂ ਦੀ ਸੰਗਤਿ ਵਿੱਚ ਸੋਹਣਾ ਗਿਆਨ (ਪ੍ਰਭੂ ਜੀ ਦਾ ਗਿਆਨ, ਗੁਰਬਾਣੀ, ਇਹ ਸ਼ਬਦ) ਅੰਦਰ ਪ੍ਰਗਟ ਹੋ ਜਾਂਦਾ ਹੈ।

## *ਸਾਧ ਕੈ ਸੰਗਿ ਬੁਝੈ ਪ੍ਰਭੁ ਨੇਰਾ ॥*
## *ਸਾਧਸੰਗਿ ਸਭੁ ਹੋਤ ਨਿਬੇਰਾ ॥*

ਸਾਧੂ ਦੀ ਸੰਗਤਿ ਵਿੱਚ ਰਹਿਣ ਨਾਲ ਪ੍ਰਭੂ ਨੇੜੇ ਪ੍ਰਗਟ ਹੋ ਜਾਂਦਾ ਹੈ (ਅੰਗ ਸੰਗ ਭਾਸਣ ਲੱਗ ਜਾਂਦਾ ਹੈ)।

ਸਾਧੂ ਦੀ ਸੰਗਤਿ ਵਿੱਚ ਹੀ ਸਾਰਾ ਨਿਬੇੜਾ ਹੋ ਜਾਂਦਾ ਹੈ (ਸਭ ਹਿਸਾਬ ਕਿਤਾਬ ਕੱਟੇ ਜਾਂਦੇ ਨੇ, ਆਵਾਗਮਣ ਖਤਮ ਹੋ ਜਾਂਦਾ ਹੈ)।

## *ਸਾਧ ਕੈ ਸੰਗਿ ਪਾਏ ਨਾਮ ਰਤਨੁ ॥*
## *ਸਾਧ ਕੈ ਸੰਗਿ ਏਕ ਊਪਰਿ ਜਤਨੁ ॥*

ਸਾਧੂ ਦੀ ਸੰਗਤਿ ਵਿੱਚ ਹੀਰਾ ਨਾਮ, ਜੋ ਅਮੋਲਕ ਹੈ, ਉਹ ਪ੍ਰਾਪਤ ਹੁੰਦਾ ਹੈ।

ਸਾਧੂ ਦੀ ਸੰਗਤਿ ਵਿੱਚ ਜੀਵ ਦਾ ਸਾਰਾ ਯਤਨ (ਕੋਸ਼ਿਸ਼, effort) ਇੱਕ ਪਾਸੇ ਲੱਗ ਜਾਂਦਾ ਹੈ ਕਿ ਮੈਨੂੰ ਪ੍ਰਭੂ ਪ੍ਰਾਪਤ ਹੋਵੇ, ਤੇ ਉਹ ਆਪਣਾ ਸਾਰਾ ਸਮਾਂ (Time) ਤੇ ਆਪਣੇ ਸਾਰੇ ਸਾਧਨ ਪ੍ਰਭੂ ਨੂੰ ਪ੍ਰਾਪਤ ਕਰਨ ਲਈ ਲਾਉਂਦਾ ਹੈ ਤੇ ਪ੍ਰਭੂ ਨੂੰ ਪ੍ਰਾਪਤ ਕਰਨ ਦਾ ਰਸਤਾ ਪ੍ਰਾਪਤ ਕਰਦਾ ਹੈ।

## *ਸਾਧ ਕੀ ਮਹਿਮਾ ਬਰਨੈ ਕਉਨੁ ਪ੍ਰਾਨੀ ॥*
## *ਨਾਨਕ ਸਾਧ ਕੀ ਸੋਭਾ ਪ੍ਰਭ ਮਾਹਿ ਸਮਾਨੀ ॥ ੧ ॥*

ਹੇ ਭਾਈ, ਸਾਧੂ ਦੀ ਮਹਿਮਾ (ਵਡਿਆਈ) ਕਉਣ ਦੱਸ (ਕਹਿ) ਸਕਦਾ ਹੈ ਭਾਵ ਕੋਈ ਵੀ ਨਹੀਂ ਕਹਿ ਸਕਦਾ। ਕਿਉਂ ਨਹੀਂ ਕਹਿ ਸਕਦਾ ?

ਹੇ ਨਾਨਕ, ਸਾਧ ਦੀ ਸੋਭਾ ਪ੍ਰਭੂ ਵਿੱਚ ਸਮਾਈ ਹੋਈ ਹੁੰਦੀ ਹੈ। ਸਾਧੂ ਦੀ ਵਡਿਆਈ ਤੇ ਪ੍ਰਭੂ ਦੀ ਵਡਿਆਈ ਇੱਕ ਮਿੱਕ ਹੋਈ ਹੁੰਦੀ ਹੈ, ਤੇ ਪ੍ਰਭੂ ਬੇਅੰਤ ਹੈ, ਉਸਨੂੰ ਕੋਈ ਬਿਆਨ ਨਹੀਂ ਕਰ ਸਕਦਾ। ਇਸ ਤਰਾਂ ਹੀ ਪ੍ਰਭੂ ਨਾਲ ਇੱਕ ਮਿੱਕ ਹੋਣ ਕਰਕੇ, ਸਾਧੂ ਆਤਮਾ ਵੀ ਬੇਅੰਤ ਹੋ ਜਾਂਦੀ ਹੈ, ਤੇ ਉਸ ਦੀ ਸੋਭਾ ਕੋਈ ਵਰਨਣ ਨਹੀਂ ਕਰ ਸਕਦਾ।

## *ਸਾਧ ਕੈ ਸੰਗਿ ਅਗੋਚਰੁ ਮਿਲੈ ॥*
## *ਸਾਧ ਕੈ ਸੰਗਿ ਸਦਾ ਪਰਫੁਲੈ ॥*

ਸਾਧੂ ਦੀ ਸੰਗਤਿ ਵਿੱਚ ਅਗੋਚਰ (ਜੋ ਗਿਆਨ ਇੰਦ੍ਰੀਆਂ ਦੀ ਪਕੜ ਤੋਂ ਪਰੇ) ਪ੍ਰਭੂ ਹੈ, ਉਹ ਪ੍ਰਾਪਤ ਹੁੰਦਾ ਹੈ।

ਸਾਧੂ ਦੀ ਸੰਗਤਿ ਵਿੱਚ ਜੀਵ ਸਦਾ ਹੀ ਫਲਦਾ ਫੁਲਦਾ ਹੈ, ਭਾਵ, ਉਸ ਦਾ ਮਨ ਹੋਰ ਅੱਗੇ ਤਰੱਕੀ ਕਰਦਾ ਰਹਿੰਦਾ ਹੈ। ਹਜ਼ੂਰ ਕਹਿੰਦੇ ਨੇ :-

**H ਕਬੀਰ ਸੰਗਤਿ ਸਾਧ ਕੀ ਦਿਨ ਦਿਨ ਦੂਨਾ ਹੇਤੁ ॥ (ਪੰਨਾ ੧੩੬੯)**

ਸਾਧੂ ਦੀ ਸੰਗਤਿ ਵਿੱਚ ਰੋਜ਼ ਰੋਜ਼ ਪ੍ਰਭੂ ਦੀ ਪ੍ਰੀਤਿ ਮਨ ਅੰਦਰ ਵੱਧਦੀ ਜਾਂਦੀ ਹੈ, ਵੱਧਦੀ ਹੀ ਜਾਂਦੀ ਹੈ ਤੇ ਵੱਧਦੀ ਹੀ ਜਾਂਦੀ ਹੈ।

## *ਸਾਧ ਕੈ ਸੰਗਿ ਆਵਹਿ ਬਸਿ ਪੰਚਾ ॥*
## *ਸਾਧਸੰਗਿ ਅੰਮ੍ਰਿਤ ਰਸੁ ਭੁੰਚਾ ॥*

ਸਾਧੂ ਦੀ ਸੰਗਤਿ ਵਿੱਚ ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਜੀਵ ਦੇ ਵੱਸ (Control) ਵਿੱਚ ਆ ਜਾਂਦੇ ਹਨ।

ਸਾਧੂ ਦੀ ਸੰਗਤਿ ਵਿੱਚ ਨਾਮ ਅੰਮ੍ਰਿਤ ਦਾ ਰਸ ਜੀਵ ਮਾਣਦਾ ਹੈ।

## *ਸਾਧਸੰਗਿ ਹੋਇ ਸਭ ਕੀ ਰੇਨ ॥*
## *ਸਾਧ ਕੈ ਸੰਗਿ ਮਨੋਹਰ ਬੈਨ ॥*

ਸਾਧੂ ਦੀ ਸੰਗਤਿ ਵਿੱਚ ਰਹਿ ਕੇ ਜੀਵ ਨਿਮਰਤਾ ਵਿੱਚ ਚਲਿਆ ਜਾਂਦਾ ਹੈ ਤੇ ਸਭ ਦੀ ਚਰਣ ਧੂੜ ਬਣ ਜਾਂਦਾ ਹੈ।

ਸਾਧੂ ਦੀ ਸੰਗਤਿ ਵਿੱਚ ਰਹਿ ਕੇ ਜੀਵ ਦਾ ਬੋਲਚਾਲ ਮਿੱਠਾ (ਮਿਠਾਸ ਭਰਿਆ) ਹੋ ਜਾਂਦਾ ਹੈ, ਉਹਦੀ ਦੂਜਿਆਂ ਨਾਲ ਬੋਲਚਾਲ ਚੰਗੀ ਬਣ ਜਾਂਦੀ ਹੈ।

## *ਸਾਧ ਕੈ ਸੰਗਿ ਨ ਕਤਹੂੰ ਧਾਵੈ ॥*
## *ਸਾਧਸੰਗਿ ਅਸਥਿਤਿ ਮਨੁ ਪਾਵੈ ॥*

ਸਾਧੂ ਦੀ ਸੰਗਤਿ ਵਿੱਚ ਮਨ ਦਾ ਧਉਣਾ (ਮਾਇਆ ਵਾਲੇ ਪਾਸੇ ਦਾ ਫੁਰਨਾ) ਰੁੱਕ ਜਾਂਦਾ ਹੈ।

ਸਾਧੂ ਦੀ ਸੰਗਤਿ ਦੇ ਵਿੱਚ ਮਨ ਟਿੱਕ ਜਾਂਦਾ ਹੈ (ਪ੍ਰਭੂ ਦੇ ਨਾਲ ਜੁੜ ਜਾਂਦਾ ਹੈ)।

## *ਸਾਧ ਕੈ ਸੰਗਿ ਮਾਇਆ ਤੇ ਭਿੰਨ ॥*

## *ਸਾਧਸੰਗਿ ਨਾਨਕ ਪ੍ਰਭ ਸੁਪ੍ਰਸੰਨ ॥ ੨ ॥*

ਸਾਧੂ ਦੀ ਸੰਗਤਿ ਵਿੱਚ ਰਹਿ ਕੇ ਜੀਵ ਮਾਇਆ ਤੋਂ ਵੱਖਰਾ (ਨਿਰਲੇਪ) ਹੋ ਜਾਂਦਾ ਹੈ।

ਸਾਧੂ ਦੀ ਸੰਗਤਿ ਵਿਚ, ਹੇ ਨਾਨਕ, ਪ੍ਰਭੂ ਦੀ ਪ੍ਰਸੰਨਤਾ ਜੀਵ ਪ੍ਰਾਪਤ ਕਰ ਲੈਂਦਾ ਹੈ।

## *ਸਾਧਸੰਗਿ ਦੁਸਮਨ ਸਭਿ ਮੀਤ ॥*

## *ਸਾਧੂ ਕੈ ਸੰਗਿ ਮਹਾ ਪੁਨੀਤ ॥*

ਸਾਧੂ ਦੀ ਸੰਗਤਿ ਵਿੱਚ ਰਹਿਆਂ, ਜਿਨ੍ਹਾਂ ਨਾਲ ਵੈਰ ਭਾਵ ਵੀ ਹੁੰਦਾ ਸੀ, ਉਹ ਵੈਰ ਭਾਵ ਵੀ ਖਤਮ ਹੋ ਜਾਂਦਾ ਹੈ।

ਸਾਧੂ ਦੀ ਸੰਗਤਿ ਵਿੱਚ ਰਹਿਆਂ ਆਤਮਾ ਬਹੁਤ ਪਵਿਤ੍ਰ ਹੋ ਜਾਂਦੀ ਹੈ (ਮਾਇਆ ਤੋਂ ਨਿਰਲੇਪ ਹੋ ਜਾਂਦੀ ਹੈ)।

## *ਸਾਧਸੰਗਿ ਕਿਸ ਸਿਉ ਨਹੀ ਬੈਰੁ ॥*

## *ਸਾਧ ਕੈ ਸੰਗਿ ਨ ਬੀਗਾ ਪੈਰੁ ॥*

ਸਾਧੂ ਦੀ ਸੰਗਤਿ ਵਿੱਚ ਆਤਮਾ ਦਾ ਕਿਸੇ ਨਾਲ ਵੈਰ ਬਾਕੀ ਨਹੀਂ ਰਹਿੰਦਾ, ਕਿਉਂਕਿ ਉਸ ਨੂੰ ਸਾਰੇ ਭਗਵਾਨ ਦਾ ਹੁਕਮ ਵਰਤਦਾ ਨਜ਼ਰ ਆਉਂਦਾ ਹੈ, ਤੇ ਨਜ਼ਰ ਆ ਜਾਂਦਾ ਹੈ ਕਿ ਜੀਵ ਜੋ ਵੀ ਕਰ ਰਹੇ ਹਨ, ਮਾਲਕ ਦੇ ਭਾਣੇ ਵਿੱਚ ਕਰ ਰਹੇ ਹਨ (ਆਪਣੇ ਪਿਛਲੇ ਸੰਸਕਾਰਾਂ ਕਰਕੇ) ਤੇ ਉਸ (ਆਤਮਾ) ਦਾ ਨਫਰਤ ਦਾ ਭਾਵ ਮੁੱਕ ਜਾਂਦਾ ਹੈ।

ਸਾਧੂ ਦੀ ਸੰਗਤਿ ਵਿੱਚ ਪੈਰ ਪੁੱਠੇ (ਗਲਤ) ਪਾਸੇ ਨੂੰ ਨਹੀਂ ਚਲਦਾ, ਸਿੱਧੇ ਰਾਹ ਤੇ ਜੀਵ ਪੈ ਜਾਂਦਾ ਹੈ।

## *ਸਾਧ ਕੈ ਸੰਗਿ ਨਾਹੀ ਕੋ ਮੰਦਾ ॥*

## *ਸਾਧਸੰਗਿ ਜਾਨੇ ਪਰਮਾਨੰਦਾ ॥*

ਸਾਧੂ ਦੀ ਸੰਗਤਿ ਵਿੱਚ ਰਹਿ ਕੇ ਜੀਵ ਕਿਸੇ ਨੂੰ ਮਾੜਾ ਨਹੀਂ ਜਾਣਦਾ ਕਿਉਂਕਿ ਉਹ ਵੇਖਦਾ ਹੈ ਕਿ ਇੱਥੇ ਨਾ ਕੋਈ ਚੰਗਾ ਹੈ, ਨਾ ਕੋਈ ਮਾੜਾ ਹੈ। ਜੈਸਾ ਪ੍ਰਭੂ ਦਾ ਹੁਕਮ ਹੈ, ਜੀਵਾਂ ਦੇ ਆਪਣੇ ਪਿਛਲੇ ਸੰਸਕਾਰਾਂ ਅਨੁਸਾਰ ਜੀਵਾਂ ਦੀ ਜੀਵਨ ਚਾਲ ਬਣੀ ਹੋਈ ਹੈ, ਇਨ੍ਹਾਂ ਦੇ ਵੱਸ ਨਹੀਂ।

ਸਾਧੂ ਦੀ ਸੰਗਤਿ ਵਿੱਚ ਹੀ ਉਹ ਜੋ ਪਰਮ ਆਨੰਦ ਪ੍ਰਭੂ ਹੈ, ਉਸ ਨੂੰ ਜਾਣਿਆ ਜਾਂਦਾ ਹੈ।

## *ਸਾਧ ਕੈ ਸੰਗਿ ਨਾਹੀ ਹਉ ਤਾਪੁ ॥*

## *ਸਾਧ ਕੈ ਸੰਗਿ ਤਜੈ ਸਭੁ ਆਪੁ ॥*

ਸਾਧੂ ਦੀ ਸੰਗਤਿ ਵਿੱਚ, ਇਹ ਹਉਮੈ ਦੀ ਜੋ ਬੀਮਾਰੀ ਲੱਗੀ ਹੋਈ ਹੈ (ਮਾਇਆ ਦੇ ਮੋਹ ਦਾ ਤਾਪ ਚੜ੍ਹਿਆ ਹੋਇਆ ਹੈ), ਜੀਵ ਦੀ ਇਹ ਬੀਮਾਰੀ ਹੱਟ ਜਾਂਦੀ ਹੈ।

ਸਾਧੂ ਦੀ ਸੰਗਤਿ ਵਿੱਚ ਜੀਵ ਆਪਣੀ ਹਉਮੈ (ਅਪਣਤ) ਤਿਆਗ ਦੇਂਦਾ ਹੈ।

## *ਆਪੇ ਜਾਨੈ ਸਾਧ ਬਡਾਈ ॥*

## *ਨਾਨਕ ਸਾਧ ਪ੍ਰਭੂ ਬਨਿ ਆਈ ॥ ੩ ॥*

ਹਜ਼ੂਰ ਕਹਿੰਦੇ ਨੇ ਕਿ ਸਾਧੂ ਆਪ ਹੀ ਜਾਣਦਾ ਹੈ ਕਿ ਉਹਦੀ ਵਡਾਈ (ਵੱਡਪਣ, ਸੋਭਾ) ਕਿੱਡੀ ਵੱਡੀ ਹੈ।

ਹੇ ਨਾਨਕ ! ਸਾਧੂ ਤੇ ਪ੍ਰਭੂ ਦੀ ਆਪਸ ਵਿੱਚ ਬਣ ਆਉਂਦੀ ਹੈ (ਆਤਮਾ ਪਰਮਾਤਮਾ ਵਿੱਚ ਲੀਨ ਹੋ ਜਾਂਦੀ ਹੈ, ਇੱਕ ਮਿੱਕ ਹੋ ਜਾਂਦੀ ਹੈ)। ਇਸ ਲਈ ਸਾਧੂ ਦੀ ਸੋਭਾ ਹੋਰ ਕੋਈ ਵੀ ਜਾਣ ਹੀ ਨਹੀਂ ਸਕਦਾ। ਸਾਧੂ ਆਪ ਹੀ ਜਾਣਦਾ ਹੈ ਕਿ ਉਸਦੀ ਵਡਿਆਈ ਕੈਸੀ ਹੈ।

## *ਸਾਧ ਕੈ ਸੰਗਿ ਨ ਕਬਹੂ ਧਾਵੈ ॥*

## *ਸਾਧ ਕੈ ਸੰਗਿ ਸਦਾ ਸੁਖੁ ਪਾਵੈ ॥*

ਸਾਧੂ ਦੀ ਸੰਗਤਿ ਵਿੱਚ ਮਨ ਟਿਕ ਜਾਂਦਾ ਹੈ। ਮਾਇਆ ਦਾ ਫੁਰਨਾ ਘਟਨਾ ਸ਼ੁਰੂ ਹੋ ਜਾਂਦਾ ਹੈ ਤੇ ਘਟਦਾ ਘਟਦਾ ਰੁੱਕ ਜਾਂਦਾ ਹੈ ਤੇ ਮਨ ਨਾਮ ਨਾਲ ਜੁੜ ਜਾਂਦਾ ਹੈ।

ਸਾਧੂ ਦੀ ਸੰਗਤਿ ਵਿੱਚ ਜੀਵ ਸਦਾ ਲਈ ਸੁਖੀ ਹੋ ਜਾਂਦਾ ਹੈ। ਫਿਰ ਹਉਮੈ ਦਾ ਰੋਗ ਉਸ ਨੂੰ ਨਹੀਂ ਲਗਦਾ।

## *ਸਾਧਸੰਗਿ ਬਸਤੁ ਅਗੋਚਰ ਲਹੈ ॥*

## *ਸਾਧੂ ਕੈ ਸੰਗਿ ਅਜਰੁ ਸਹੈ ॥*

ਸਾਧੂ ਦੀ ਸੰਗਤਿ ਵਿੱਚ ਜੀਵ ਉਹ ਵਸਤੂ (ਨਾਮ) ਪ੍ਰਾਪਤ ਕਰਦਾ ਹੈ (ਜੋ ਗਿਆਨ ਇੰਦ੍ਰੀਆਂ ਦੀ ਪਕੜ ਤੋਂ ਪਰੇ ਪ੍ਰਭੂ ਹੈ, ਉਸ ਦਾ ਨਾਮ ਪ੍ਰਾਪਤ ਕਰਦਾ ਹੈ)।

ਸਾਧੂ ਦੀ ਸੰਗਤਿ ਵਿੱਚ ਇਸ ਅਜਰ (ਨਾ-ਜਰਨ ਯੋਗ) ਮਾਇਆ ਨੂੰ ਜਰ ਲੈਂਦਾ ਹੈ। ਇਸ ਮਾਇਆ ਦੇ ਹੱਲੇ ਉਸ ਤੇ ਅਸਰ ਨਹੀਂ ਕਰਦੇ। ਉਸ ਦਾ ਮਾਇਆ ਦਾ ਮੋਹ ਖਤਮ ਹੋ ਜਾਂਦਾ ਹੈ ਤੇ ਉਹ ਨਾਮ ਵਿੱਚ ਸਮਾ ਜਾਂਦਾ ਹੈ।

## *ਸਾਧ ਕੈ ਸੰਗਿ ਬਸੈ ਥਾਨਿ ਊਚੈ ॥*

## *ਸਾਧੂ ਕੈ ਸੰਗਿ ਮਹਲਿ ਪਹੂਚੈ ॥*

ਸਾਧੂ ਦੀ ਸੰਗਤਿ ਵਿੱਚ ਜੀਵ ਉੱਚਾ ਹੀ ਹੁੰਦਾ ਚਲਿਆ ਜਾਂਦਾ ਹੈ, ਉੱਚਾ ਹੀ ਹੁੰਦਾ ਚਲਿਆ ਜਾਂਦਾ ਹੈ (ਦਿਨ ਰਾਤ ਉਸ ਦੀ ਤਰੱਕੀ ਹੁੰਦੀ ਹੈ)।

ਸਾਧੂ ਦੀ ਸੰਗਤਿ ਵਿੱਚ ਰਹਿ ਕੇ ਹੀ ਜੀਵ ਪ੍ਰਭੂ ਦੇ ਟਿਕਾਣੇ ਤੇ ਪਹੁੰਚਦਾ ਹੈ ਤੇ ਪ੍ਰਭੂ ਨਾਲ ਇੱਕ ਮਿੱਕ ਹੁੰਦਾ ਹੈ।

## *ਸਾਧ ਕੈ ਸੰਗਿ ਦ੍ਰਿੜੈ ਸਭਿ ਧਰਮ ॥*

## *ਸਾਧ ਕੈ ਸੰਗਿ ਕੇਵਲ ਪਾਰਬ੍ਰਹਮ ॥*

ਸਾਧੂ ਦੀ ਸੰਗਤਿ ਵਿੱਚ ਜੀਵ ਸਭ ਧਰਮਾਂ ਦੀ ਤੱਤ ਸਾਰ ਦ੍ਰਿੜ ਕਰ ਲੈਂਦਾ ਹੈ। ਕਿਉਂਕਿ ਧਰਮ ਇੱਕ ਹੀ ਹੈ ਕਿ :-

**H** ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥ (ਪੰਨਾ ੨੬੬)

ਇਹ ਉਹ ਦ੍ਰਿੜ ਕਰ ਲੈਂਦਾ ਹੈ।

ਸਾਧੂ ਦੀ ਸੰਗਤਿ ਵਿੱਚ ਹੀ ਜੀਵ ਦਾ ਸਾਰਾ ਯਤਨ ਕੇਵਲ ਪਾਰਬ੍ਰਹਮ ਤੇ ਹੀ ਹੁੰਦਾ ਹੈ ਤੇ ਉਹ ਕੇਵਲ ੧ੴ ਪਾਰਬ੍ਰਹਮ ਪਰਮੇਸ਼ਰ ਦਾ ਹੀ ਆਸਰਾ ਲੈਂਦਾ ਹੈ, ਉਸ ਦਾ ਹੀ ਨਾਮ ਲੈਂਦਾ ਹੈ ਤੇ ਉਸ ਦੇ ਧਿਆਨ ਵਿੱਚ ਹੀ ਜਾਂਦਾ ਹੈ।

## *ਸਾਧ ਕੈ ਸੰਗਿ ਪਾਏ ਨਾਮ ਨਿਧਾਨ ॥*

## *ਨਾਨਕ ਸਾਧੂ ਕੈ ਕੁਰਬਾਨ ॥ ੪ ॥*

ਸਾਧੂ ਦੀ ਸੰਗਤਿ ਵਿੱਚ ਆਤਮਾ ਨਾਮ ਦੇ ਭੰਡਾਰ ਨੂੰ ਪ੍ਰਾਪਤ ਕਰ ਲੈਂਦੀ ਹੈ।

ਹੇ ਨਾਨਕ ! ਮੈਂ ਐਸੇ ਸਾਧੂ ਤੋਂ ਬਲਿਹਾਰ (ਕੁਰਬਾਨ) ਹਾਂ।

## *ਸਾਧ ਕੈ ਸੰਗਿ ਸਭ ਕੁਲ ਉਧਾਰੈ ॥*

## *ਸਾਧਸੰਗਿ ਸਾਜਨ ਮੀਤ ਕੁਟੰਬ ਨਿਸਤਾਰੈ ॥*

ਸਾਧੂ ਦੀ ਸੰਗਤਿ ਵਿੱਚ ਰਹਿਣ ਵਾਲੀ ਆਤਮਾ ਸਭ ਦਾ ਉਧਾਰ ਕਰਦੀ ਹੈ ਕਿਉਂਕਿ ਜੋ ਗਿਆਨ ਉਹ ਸਾਧੂ ਕੋਲੋਂ ਦ੍ਰਿੜ ਕਰਦੀ ਹੈ, ਉਹੀ ਗਿਆਨ ਉਹ ਦੂਸਰਿਆਂ ਨੂੰ ਦਸਦੀ ਹੈ। ਆਪਣੇ ਕੋਲੋਂ ਕੋਈ ਗਿਆਨ ਨਹੀਂ ਦਸਦੀ।

ਸਾਧੂ ਦੀ ਸਗਤਿ ਵਿੱਚ ਰਹਿਣ ਵਾਲਾ ਜੀਵ ਆਪਣੇ ਦੋਸਤਾਂ, ਮ੍ਰਿਤਾਂ ਤੇ ਪਰਿਵਾਰ ਨੂੰ ਪਾਰ ਉਤਾਰਦਾ ਹੈ ਕਿਉਂਕਿ ਉਹ ਸਾਧੂ ਦਾ ਉਪਦੇਸ਼ ਆਪਣੇ ਨਜ਼ਦੀਕੀਆਂ ਨੂੰ ਦ੍ਰਿੜ ਕਰਵਾ ਦੇਂਦਾ ਹੈ।

## *ਸਾਧੂ ਕੈ ਸੰਗਿ ਸੋ ਧਨੁ ਪਾਵੈ ॥*

## *ਜਿਸੁ ਧਨ ਤੇ ਸਭੁ ਕੋ ਵਰਸਾਵੈ ॥*

ਸਾਧੂ ਦੀ ਸੰਗਤਿ ਵਿੱਚ ਐਸਾ ਨਾਮ ਧਨ ਜੀਵ ਨੂੰ ਮਿਲਦਾ ਹੈ,

ਜਿਸ ਧਨ ਦਾ ਸਦਕਾ ਉਹ ਸਭ ਦੀ ਸਹਾਇਤਾ ਕਰਦਾ ਹੈ, ਸਭ ਤੇ ਕਿਰਪਾ ਕਰਦਾ ਹੈ, ਸਭ ਨੂੰ ਸਹਾਇਕ ਹੋ ਕੇ ਨਾਮ ਜਪਣ ਲਾ ਦੇਂਦਾ ਹੈ।

## *ਸਾਧਸੰਗਿ ਧਰਮ ਰਾਇ ਕਰੇ ਸੇਵਾ ॥*

## *ਸਾਧ ਕੈ ਸੰਗਿ ਸੋਭਾ ਸੁਰਦੇਵਾ ॥*

ਸਾਧੂ ਦੀ ਸੰਗਤਿ ਵਿੱਚ ਰਹਿਣ ਵਾਲੇ ਜੀਵ ਦੀ ਧਰਮਰਾਜ ਵੀ ਸੇਵਾ ਕਰਦਾ ਹੈ ਕਿਉਂਕਿ ਪ੍ਰਭੂ ਦੇ ਹੁਕਮ ਅੰਦਰ ਉਸ ਜੀਵ ਦੇ ਸਾਰੇ ਹੀ ਕਾਗਜ਼ (ਲੇਖੇ ਪੱਤੇ) ਖਤਮ ਹੋ ਜਾਂਦੇ ਹਨ ਤੇ ਧਰਮਰਾਜ ਦਾ ਉਸ ਜੀਵ ਤੇ ਕੋਈ ਨਿਯੰਤ੍ਰਣ (control) ਬਾਕੀ ਨਹੀਂ ਰਹਿੰਦਾ।

ਸਾਧੂ ਦੀ ਸੰਗਤਿ ਵਿੱਚ ਰਹਿਣ ਵਾਲੇ ਜੀਵ ਨੂੰ ਦੇਵਤਿਆਂ ਵਰਗੀ ਸੋਭਾ ਪ੍ਰਾਪਤ ਹੁੰਦੀ ਹੈ ਤੇ ਇੱਥੋਂ ਤਕ ਕਿ ਦੇਵਤੇ ਵੀ ਉਸ ਦੀ ਸੋਭਾ ਕਰਨ ਲੱਗ ਜਾਂਦੇ ਹਨ ਕਿ ਇਹ ਬਹੁਤ ਉੱਚੀ ਆਤਮਾ ਹੈ।

## *ਸਾਧੂ ਕੈ ਸੰਗਿ ਪਾਪ ਪਲਾਇਨ ॥*
## *ਸਾਧਸੰਗਿ ਅੰਮ੍ਰਿਤ ਗੁਨ ਗਾਇਨ ॥*

ਸਾਧੂ ਦੀ ਸੰਗਤਿ ਵਿੱਚ ਰਹਿਣ ਵਾਲੇ ਜੀਵ ਦੇ ਕੀਤੇ ਹੋਏ ਪਾਪ ਨਸ਼ਟ ਹੋ ਜਾਂਦੇ ਹਨ। ਕਿਸ ਤਰ੍ਹਾਂ ਹੋ ਜਾਂਦੇ ਹਨ ?

ਸਾਧੂ ਦੀ ਸੰਗਤਿ ਵਿੱਚ ਜੀਵ ਅੰਮ੍ਰਿਤ (ਨਾ-ਨਸ਼ਟ ਹੋਣ ਵਾਲੀ) ਹਸਤੀ ਦੇ ਗੁਣ ਗਾਉਣ ਲੱਗ ਜਾਂਦਾ ਹੈ, ਤੇ ਗੁਣ ਗਾ ਗਾ ਕੇ, ਗਾ ਗਾ ਕੇ, ਉਸਦੀ ਹਉਮੈ ਦੀ ਮੈਲ ਖਤਮ ਹੋ ਜਾਂਦੀ ਹੈ।

## *ਸਾਧ ਕੈ ਸੰਗਿ ਸ੍ਰਬ ਥਾਨ ਗੰਮਿ ॥*
## *ਨਾਨਕ ਸਾਧ ਕੈ ਸੰਗਿ ਸਫਲ ਜਨੰਮ ॥ ੫ ॥*

ਸਾਧੂ ਦੀ ਸੰਗਤਿ ਵਿੱਚ ਆਤਮਾ ਦੀ ਗਮਤਾ (ਪਹੁੰਚ) ਸਭ ਥਾਵਾਂ ਤੱਕ ਹੋ ਜਾਂਦੀ ਹੈ।

ਹੇ ਨਾਨਕ ! ਸਾਧੂ ਦੀ ਸੰਗਤਿ ਵਿੱਚ ਉਸ ਜੀਵ ਦਾ ਜਨਮ ਸਫਲ ਹੋ ਜਾਂਦਾ ਹੈ।

## *ਸਾਧ ਕੈ ਸੰਗਿ ਨਹੀ ਕਛੁ ਘਾਲ ॥*
## *ਦਰਸਨੁ ਭੇਟਤ ਹੋਤ ਨਿਹਾਲ ॥*

ਸਾਧੂ ਦੀ ਸੰਗਤਿ ਵਿੱਚ, ਜੋ ਹਠ ਦੇ ਕਰਮ ਨੇ, ਉਹ ਨਹੀਂ ਕਰਨੇ ਪੈਂਦੇ। ਜੈਸੀ ਸਰੀਰਕ ਮੇਹਨਤ ਜੋ ਹੋਰ ਜੀਵ ਆਤਮਾਵਾਂ, ਜੋ ਪ੍ਰਭੂ ਨੂੰ ਮਿਲਣਾ ਚਾਹੁੰਦੀਆਂ ਹਨ, ਕਰਦੀਆਂ ਹਨ, ਵੈਸੀ ਮੇਹਨਤ ਉਸ ਆਤਮਾ ਨੂੰ ਨਹੀਂ ਕਰਨੀ ਪੈਂਦੀ, ਜਿਹੜੀ ਆਤਮਾ ਸਾਧੂ ਦੀ ਸੰਗਤਿ ਵਿੱਚ ਰਹਿੰਦੀ ਹੈ। ਇਹ ਤਾਂ ਸੁਰਤਿ ਸ਼ਬਦ ਦਾ ਮੇਲ ਹੈ। ਸਰੀਰ ਦਾ ਕੋਈ ਇਹਦੇ ਵਿੱਚ ਬਹੁਤਾ ਰੋਲ ਨਹੀਂ।

ਉੱਥੇ ਸਾਧੂ ਦੇ ਦਰਸ਼ਨ ਭੇਟ (ਕਰ) ਕੇ ਹੀ ਜੀਵ ਨਿਹਾਲ ਹੁੰਦਾ ਹੈ ਕਿਉਂਕਿ ਜਿਉਂ ਜਿਉਂ ਸਾਧੂ ਦੀ ਸੋਭਾ ਜੀਵ ਦੇ ਅੰਦਰ ਪ੍ਰਗਟ ਹੁੰਦੀ ਜਾਂਦੀ ਹੈ, ਉਹ ਆਤਮਾ ਹੈਰਾਨਗੀ ਵਿੱਚ ਹੀ ਜਾਂਦੀ ਰਹਿੰਦੀ ਹੈ ਤੇ ਉਸ ਨੂੰ ਅਜਬ ਆਨੰਦ ਆਉਂਦੇ ਹਨ।

## *ਸਾਧ ਕੈ ਸੰਗਿ ਕਲੂਖਤ ਹਰੈ ॥*
## *ਸਾਧ ਕੈ ਸੰਗਿ ਨਰਕ ਪਰਹਰੈ ॥*

ਸਾਧੂ ਦੀ ਸੰਗਤਿ ਵਿੱਚ ਜੀਵ ਆਪਣੇ ਕੀਤੇ ਹੋਏ ਪਾਪ ਨਸ਼ਟ ਕਰ ਲੈਂਦਾ ਹੈ।

ਸਾਧੂ ਦੀ ਸੰਗਤਿ ਵਿੱਚ ਰਹਿਣ ਵਾਲਾ ਜੀਵ ਨਰਕਾਂ ਤੋਂ ਜਾਣ ਤੋਂ ਬਚ ਜਾਂਦਾ ਹੈ (ਨਰਕ ਉਸ ਤੋਂ ਦੂਰ ਹੀ ਰਹਿੰਦਾ ਹੈ)।

## *ਸਾਧ ਕੈ ਸੰਗਿ ਈਹਾ ਊਹਾ ਸੁਹੇਲਾ ॥*
## *ਸਾਧਸੰਗਿ ਬਿਛੁਰਤ ਹਰਿ ਮੇਲਾ ॥*

ਸਾਧੂ ਦੀ ਸੰਗਤਿ ਵਿੱਚ, ਜੀਵ ਲੋਕ ਪਰਲੋਕ ਵਿੱਚ ਸੁਖੀ ਹੁੰਦਾ ਹੈ।

ਸਾਧੂ ਦੀ ਸੰਗਤਿ ਵਿੱਚ, ਵਿਛੁੜਿਆ ਹੋਇਆ ਜੀਵ ਹਰੀ ਨੂੰ ਦੁਬਾਰਾ ਮਿਲ ਜਾਂਦਾ ਹੈ।

## *ਜੋ ਇਛੈ ਸੋਈ ਫਲੁ ਪਾਵੈ ॥*
## *ਸਾਧ ਕੈ ਸੰਗਿ ਨ ਬਿਰਥਾ ਜਾਵੈ ॥*

ਸਾਧੂ ਦੀ ਸੰਗਤਿ ਵਿੱਚ ਜੀਵ ਜੋ ਵੀ ਚਾਹੁੰਦਾ ਹੈ, ਉਹੀ ਉਹ ਪ੍ਰਾਪਤ ਕਰ ਲੈਂਦਾ ਹੈ, ਕਿਉਂਕਿ ਸਾਧੂ ਜੀਵ ਨੂੰ ਰੱਬ ਦੇ ਗੁਣ ਗਾਉਣ ਲਾ ਦੇਂਦਾ ਹੈ ਤੇ ਸਿਧਾਂਤ ਹੈ :-

**H ਜੋ ਚਾਹਹਿ ਸੋਈ ਮਿਲੈ ਨਾਨਕ ਹਰਿ ਗੁਨ ਗਾਇ ॥** (ਪੰਨਾ ੨੯੬)

ਜੇ ਸਾਧੂ ਦੇ ਭਾਣੇ ਵਿੱਚ ਆ ਕੇ ਕੋਈ ਆਤਮਾ ਰੱਬ ਦੇ ਗੁਣ ਗਾਉਣ ਲੱਗ ਜਾਵੇ ਤਾਂ ਸਾਰੇ ਹੀ ਫਲ ਉਸ ਨੂੰ ਪ੍ਰਾਪਤ ਹੁੰਦੇ ਹਨ।

ਸਾਧੂ ਦੀ ਸੰਗਤਿ ਵਿੱਚ ਸਮਾਂ ਅਜਾਂਈ ਨਹੀਂ ਜਾਂਦਾ (ਜੀਵਨ useless ਨਹੀਂ ਰਹਿ ਜਾਂਦਾ)। ਇਹ ਕਾਰੇ ਲਗਦਾ ਹੈ (ਕੰਮ ਆ ਜਾਂਦਾ ਹੈ)। ਜੀਵ ਕਮਾਈ ਕਰ ਕੇ ਜਾਂਦਾ ਹੈ।

***ਪਾਰਬ੍ਰਹਮੁ ਸਾਧ ਰਿਦ ਬਸੈ ॥***

***ਨਾਨਕ ਉਧਰੈ ਸਾਧ ਸੁਨਿ ਰਸੈ ॥ ੬ ॥***

ਪਾਰਬ੍ਰਹਮ ਪਰਮੇਸ਼ਰ ਸਾਧ ਦੇ ਹਿਰਦੇ ਵਿੱਚ ਵਸਦਾ ਹੈ।

ਹੇ ਨਾਨਕ ! ਸਾਧੂ ਕੋਲੋਂ, ਸਾਧੂ ਦੀ ਰਸਨਾ ਤੋਂ ਉਸ ਪ੍ਰਭੂ ਦਾ ਨਾਮ ਸੁਣ ਸੁਣ ਕੇ ਜੀਵ ਤਰਦੇ ਹਨ ਕਿਉਂਕਿ ਉਹ ਨਾਮ ਉਨ੍ਹਾਂ ਨੂੰ ਸਾਧੂ ਦੀ ਸੰਗਤਿ ਵਿੱਚ ਦ੍ਰਿੜ ਹੁੰਦਾ ਰਹਿੰਦਾ ਹੈ।

***ਸਾਧ ਕੈ ਸੰਗਿ ਸੁਨਉ ਹਰਿ ਨਾਉ ॥***

***ਸਾਧਸੰਗਿ ਹਰਿ ਕੇ ਗੁਨ ਗਾਉ ॥***

ਸਾਧੂ ਦੀ ਸੰਗਤਿ ਵਿੱਚ ਜੀਵ ਹਰੀ ਨਾਮ (ਹਰੀ ਨਾਮ ਦੀ ਵਡਿਆਈ) ਸੁਣਦਾ ਹੈ।

ਸਾਧੂ ਦੀ ਸੰਗਤਿ ਵਿੱਚ ਜੀਵ ਹਰੀ ਨਾਮ ਦੇ ਗੁਣ ਗਾਉਣ ਲੱਗ ਜਾਂਦਾ ਹੈ।

***ਸਾਧ ਕੈ ਸੰਗਿ ਨ ਮਨ ਤੇ ਬਿਸਰੈ ॥***

***ਸਾਧਸੰਗਿ ਸਰਪਰ ਨਿਸਤਰੈ ॥***

ਸਾਧੂ ਦੀ ਸੰਗਤਿ ਵਿੱਚ ਰੱਬ ਜੀ ਕਦੀ ਵੀ ਭੁਲਦੇ ਹੀ ਨਹੀਂ।

ਸਾਧੂ ਦੀ ਸੰਗਤਿ ਵਿੱਚ ਰਹਿ ਕੇ ਜੀਵ ਅਵੱਸ਼ ਹੀ ਮਾਇਆ ਤੋਂ ਪਾਰ ਪੈਂਦਾ ਹੈ।

***ਸਾਧ ਕੈ ਸੰਗਿ ਲਗੈ ਪ੍ਰਭੁ ਮੀਠਾ ॥***

***ਸਾਧੂ ਕੈ ਸੰਗਿ ਘਟਿ ਘਟਿ ਡੀਠਾ ॥***

ਸਾਧੂ ਦੀ ਸੰਗਤਿ ਵਿੱਚ ਆਤਮਾ ਨੂੰ ਪ੍ਰਭੂ ਮਿੱਠਾ (ਪਿਆਰਾ, ਚੰਗਾ) ਲੱਗਣ ਲਗ ਜਾਂਦਾ ਹੈ।

ਸਾਧੂ ਦੀ ਸੰਗਤਿ ਵਿੱਚ ਜੀਵ ਨੂੰ ਉਹ ਪ੍ਰਭੂ ਹਰ ਹਿਰਦੇ ਵਿੱਚ ਵਸਦਾ ਨਜ਼ਰੀ ਆ ਜਾਂਦਾ ਹੈ।

***ਸਾਧਸੰਗਿ ਭਏ ਆਗਿਆਕਾਰੀ ॥***

***ਸਾਧਸੰਗਿ ਗਤਿ ਭਈ ਹਮਾਰੀ ॥***

ਹਜ਼ੂਰ ਆਪਣਾ ਤਜ਼ਰਬਾ ਦਸ ਰਹੇ ਹਨ ਕਿ ਸਾਧੂ ਦੀ ਸੰਗਤਿ ਵਿੱਚ ਅਸੀਂ ਆਗਿਆਕਾਰੀ ਬਣੇ। 'ਆਗਿਆਕਾਰੀ' ਹੁੰਦਾ ਹੈ ਆਗਿਆ (ਹੁਕਮ) ਮੰਨਣ ਵਾਲਾ। ਪ੍ਰਭੂ ਦਾ ਹੁਕਮ, ਜੋ ਬਾਣੀ ਵਿੱਚ ਦਰਜ ਹੈ, ਇਹ ਸਾਧੂ ਦੀ ਸੰਗਤਿ ਵਿੱਚ ਇਸ ਹੁਕਮ ਨੂੰ ਮੰਨਣ ਦੀ ਸਮਝ ਸਾਨੂੰ ਆਈ ਹੈ ਤੇ ਅਸੀਂ ਇਹ ਹੁਕਮ ਮੰਨਿਆ ਹੈ।

ਸਾਧੂ (ਗੁਰੂ ਰਾਮਦਾਸ ਜੀ) ਦੀ ਸੰਗਤਿ ਵਿੱਚ ਸਾਡੀ ਗਤੀ ਹੋਈ ਹੈ। ਅਸੀਂ ਆਵਾਗਮਨ ਨੂੰ ਕੱਟ ਲਇਆ ਹੈ ਤੇ ਮਾਇਆ ਤੋਂ ਪਾਰ ਪਏ ਹਾਂ।

***ਸਾਧ ਕੈ ਸੰਗਿ ਮਿਟੇ ਸਭਿ ਰੋਗ ॥***

***ਨਾਨਕ ਸਾਧ ਭੇਟੇ ਸੰਜੋਗ ॥ ੭ ॥***

ਸਾਧੂ ਦੀ ਸੰਗਤਿ ਵਿੱਚ ਸਾਡੇ ਰੋਗ ਕੱਟੇ ਗਏ ਹਨ।

ਹੇ ਨਾਨਕ ! ਪਿਛਲੇ ਸੰਜੋਗਾਂ ਕਰਕੇ ਗੁਰੂ ਰਾਮਦਾਸ ਸਾਧੂ ਦੀ ਸਾਨੂੰ ਸੰਗਤਿ ਮਿਲੀ ਹੈ।

***ਸਾਧ ਕੀ ਮਹਿਮਾ ਬੇਦ ਨ ਜਾਨਹਿ ॥***

***ਜੇਤਾ ਸੁਨਹਿ ਤੇਤਾ ਬਖਿਆਨਹਿ ॥***

ਸਾਧੂ ਦੀ ਮਹਿਮਾ ਤਾਂ ਵੇਦ ਵੀ ਨਹੀਂ ਜਾਣਦਾ (ਕਿ ਕਿੱਡੀ ਵੱਡੀ ਸਾਧੂ ਦੀ ਸੋਭਾ ਹੈ)।

ਜਿੰਨ੍ਹੀ ਉਹ ਸੁਣਦਾ ਹੈ, ਉੱਨ੍ਹੀ ਹੀ ਕਹਿ ਸਕਦਾ ਹੈ ਕਿਉਂਕਿ ਕੋਈ ਵੀ ਆਤਮਾ ਦੂਸਰੀ ਆਤਮਾ ਬਾਰੇ ਉਨ੍ਹਾ ਕੁ ਹੀ ਬਿਆਨ ਕਰ ਸਕਦੀ ਹੈ, ਜਿਨ੍ਹੀ ਕੁ ਉਹਦੀ ਉਸ ਆਤਮਾ ਨਾਲ ਵਾਕਫੀ ਹੈ। ਸਾਧੂ ਕਿਉਂਕਿ ਬੇਅੰਤ ਪਾਰਮਾਤਮਾ ਵਿੱਚ ਸਮਾਈ ਹੋਈ ਬੇਅੰਤ ਹਸਤੀ ਹੈ, ਇਸ ਲਈ ਕੋਈ ਦੂਸਰੀ

ਆਤਮਾ ਸਾਧੂ ਬਾਰੇ ਪੂਰਾ ਜਾਣ ਹੀ ਨਹੀਂ ਸਕਦੀ ਜਦ ਤਕ ਕਿ ਉਹ ਆਤਮਾ ਆਪ ਪਰਮਾਤਮਾ ਵਿੱਚ ਨਾ ਸਮਾ ਜਾਵੇ। ਉਹ ਆਤਮਾ ਜਿਨ੍ਹਾਂ ਕੂ ਸਾਧੂ ਬਾਰੇ ਸੁਣਦੀ ਹੈ, ਉਨ੍ਹਾਂ ਹੀ ਕਹਿ ਸਦਕੀ ਹੈ।

***ਸਾਧ ਕੀ ਉਪਮਾ ਤਿਹੁ ਗੁਣ ਤੇ ਦੂਰਿ ॥***

***ਸਾਧ ਕੀ ਉਪਮਾ ਰਹੀ ਭਰਪੂਰਿ ॥***

ਮਾਇਆ ਦੇ ਤਿਨਾਂ ਗੁਣਾਂ (ਰਜੋ, ਸਤੋ, ਤਮੋ) ਵਿੱਚ ਹੀ ਸਾਰੇ ਜੀਵ ਖੇਡਦੇ ਨੇ। ਪਰ ਸਾਧੂ ਦੀ ਸੋਭਾ ਇਨ੍ਹਾਂ ਤਿਨਾਂ ਗੁਣਾਂ ਤੋਂ ਬਹੁਤ ਉੱਚੀ (ਬਹੁਤ ਦੂਰ ਹੈ)।

ਸਾਧੂ ਦੀ ਸੋਭਾ ਤਾਂ ਸਾਰੇ ਸਮਾਈ ਹੋਈ ਹੈ ਕਿਉਂਕਿ ਸਾਧੂ ਦੀ ਸੋਭਾ ਨਿਰੰਕਾਰ ਵਾਹਿਗੁਰੂ ਵਿੱਚ ਸਮਾਈ ਹੋਈ ਹੈ, ਤੇ ਨਿਰੰਕਾਰ ਵਾਹਿਗੁਰੂ ਸਾਰੇ ਹੈ, ਉਸ ਦੀ ਸੋਭਾ ਵੀ ਸਾਰੇ ਸਮਾਈ ਹੋਈ ਹੈ।

***ਸਾਧ ਕੀ ਸੋਭਾ ਕਾ ਨਾਹੀ ਅੰਤ ॥***

***ਸਾਧ ਕੀ ਸੋਭਾ ਸਦਾ ਬੇਅੰਤ ॥***

ਸਾਧੂ ਦੀ ਸੋਭਾ ਦਾ ਤਾਂ ਕੋਈ ਅੰਤ ਹੀ ਨਹੀਂ ਹੈ, ਕੋਈ ਪਾਰਾਵਾਰ ਨਹੀਂ ਪੈਂਦਾ। ਕਿਸੇ ਪੱਖ (ਪਹਲੂ) ਤੋਂ ਵੀ ਵੀਚਾਰੀਏ, ਉਹ ਬੇਅੰਤ ਹੀ ਬੇਅੰਤ ਹੈ।

ਤੇ ਸਾਧ ਦੀ ਸੋਭਾ ਤਾਂ ਸਦਾ ਹੀ ਬੇਅੰਤ ਹੈ। ਇਹ ਨਹੀਂ ਹੈ ਕਿ ਅੱਜ ਉਹ ਬੇਅੰਤ ਹੈ ਤੇ ਕੱਲ ਨੂੰ ਬੇਅੰਤ ਨਹੀਂ ਹੋਣੀ ਜਾਂ ਪਹਿਲਾਂ ਬੇਅੰਤ ਨਹੀਂ ਸੀ। ਉਹ ਤਾਂ ਆਦਿ ਵਿੱਚ ਵੀ ਬੇਅੰਤ ਸੀ, ਜੁਗਾਦਿ ਵਿੱਚ ਵੀ ਬੇਅੰਤ ਸੀ, ਹੁਣ ਵੀ ਬੇਅੰਤ ਹੈ ਤੇ ਅਗਾਂਹ ਨੂੰ ਵੀ ਬੇਅੰਤ ਹੀ ਰਹਿਣੀ ਹੈ।

***ਸਾਧ ਕੀ ਸੋਭਾ ਊਚ ਤੇ ਊਚੀ ॥***

***ਸਾਧ ਕੀ ਸੋਭਾ ਮੂਚ ਤੇ ਮੂਚੀ ॥***

ਸਾਧ ਦੀ ਸੋਭਾ (ਵਡਿਆਈ) ਉੱਚਿਆਂ ਤੋਂ ਉੱਚੀ ਹੈ।
ਸਾਧ ਦੀ ਸੋਭਾ ਵੱਡਿਆਂ ਤੋਂ ਵੱਡੀ ਹੈ। ਉਸ ਦਾ ਕੋਈ ਅੰਤ ਨਹੀਂ।

***ਸਾਧ ਕੀ ਸੋਭਾ ਸਾਧ ਬਨਿ ਆਈ ॥***

***ਨਾਨਕ ਸਾਧ ਪ੍ਰਭ ਭੇਦੁ ਨ ਭਾਈ ॥ ੮ ॥ ੭ ॥***

ਸਾਧੂ ਦੀ ਸੋਭਾ ਸਾਧੂ ਨੂੰ ਹੀ ਬਣ ਆਉਂਦੀ ਹੈ (ਉਹੀ ਜਾਣਦਾ ਹੈ ਕਿ ਉਹਦੀ ਸੋਭਾ ਕਿੱਡੀ ਵੱਡੀ ਹੈ)।
ਕਿਉਂਕਿ ਹੇ ਨਾਨਕ ! ਸਾਧੂ ਤੇ ਪ੍ਰਭੂ ਵਿੱਚ ਕੋਈ ਭੇਦ (ਵਿੱਥ, ਫਰਕ) ਨਹੀਂ ਹੈ।

**H ਰਾਮ ਸੰਤ ਮਹਿ ਭੇਦੁ ਕਿਛੁ ਨਾਹੀ ॥ (ਪੰਨਾ ੨੦੮)**

ਉਹ ਦੋਵੇਂ ਆਤਮਾ ਇੱਕ ਮਿੱਕ ਹਨ। ਪਰਮਾਤਮਾ ਤੇ ਸਾਧੂ ਦੀ ਆਤਮਾ ਇੱਕ ਮਿੱਕ ਹੋ ਜਾਂਦੀਆਂ ਹਨ।

**H H H H H**

## *ਅਸਟਪਦੀ ੮ (ਪੰਨਾ ੨੭੨)*

## *ਸਲੋਕੁ ॥*

## *ਮਨਿ ਸਾਚਾ ਮੁਖਿ ਸਾਚਾ ਸੋਇ ॥*

ਜਿਸ ਦੇ ਮਨ ਵਿੱਚ ਸੱਚਾ ਹੈ (ਜਿਸ ਦੇ ਮਨ ਵਿੱਚ ਆਦਿ ਸਚੁ, ਜੁਗਾਦਿ ਸਚੁ, ਹੈ ਭੀ ਸਚੁ, ਨਾਨਕ ਹੋਸੀ ਭੀ ਸਚੁ ਆ ਗਇਆ ਹੈ), ਉਸ ਦੀ ਰਸਨਾ ਤੇ ਵੀ ਉਹ ਸੱਚਾ ਹੀ ਹੁੰਦਾ ਹੈ।

## *ਅਵਰੁ ਨ ਪੇਖੈ ਏਕਸੁ ਬਿਨੁ ਕੋਇ ॥*

ਉਸ ਨੂੰ ਫਿਰ ਹਰ ਥਾਂ ਤੇ ਉਹ ਸੱਚਾ ਹੀ ਨਜ਼ਰ ਆਉਂਦਾ ਹੈ ਕਿਉਂਕਿ ਅੰਤਰ ਆਤਮੇ ਜੋ ਗਿਆਨ ਹੈ, ਉਹੀ ਸਾਰੇ ਬਾਹਰ ਹੁੰਦਾ ਹੈ। ਉਸ ਗਿਆਨ ਨੂੰ ਹੀ ਅਸੀਂ ਬੋਲਦੇ ਹਾਂ ਤੇ ਉਸ ਗਿਆਨ ਅਨੁਸਾਰ ਹੀ ਅਸੀਂ ਸਾਰੇ ਕਰਮ ਕਰਦੇ ਹਾਂ। ਜਿਸ ਦੇ ਅੰਦਰ ਪ੍ਰਭੂ ਆ ਜਾਵੇ, ਉਸ ਦੀ ਰਸਨਾ ਤੇ ਵੀ ਪ੍ਰਭੂ ਹੈ ਤੇ ਉਸ ਨੂੰ ਹਰ ਥਾਂ ਬ੍ਰਹਮ ਹੀ ਨਜ਼ਰ ਆਉਂਦਾ ਹੈ। ਹੁਕਮ ਹੈ :-

**H ਸੰਤ ਜਨਾ ਕਾ ਪੇਖਨੁ ਸਭੁ ਬ੍ਰਹਮ ॥ (ਪੰਨਾ ੨੯੪)**

## *ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ ॥ ੧ ॥*

ਹੇ ਨਾਨਕ ! ਬ੍ਰਹਮ ਗਿਆਨੀ ਦੇ ਇਹ ਲੱਛਣ ਹਨ ਕਿ ਉਸ ਨੂੰ ਹਰ ਥਾਂ ਤੇ ਪ੍ਰਭੂ ਨਜ਼ਰ ਆਉਂਦਾ ਹੈ, ਉਸ ਨੂੰ ਹਮੇਸ਼ਾ ਪ੍ਰਭੂ ਦਾ ਚੇਤਾ ਰਹਿੰਦਾ ਹੈ, ਉਹ ਹਮੇਸ਼ਾ ਪ੍ਰਭੂ ਦਾ ਨਾਮ ਜਪਦਾ ਰਹਿੰਦਾ ਹੈ ਤੇ ਪ੍ਰਭੂ ਉਸ ਦੇ ਮਨ ਵਿੱਚ ਸਮਾਇਆ ਹੋਇਆ ਹੁੰਦਾ ਹੈ।

## *ਅਸਟਪਦੀ ॥*

## *ਬ੍ਰਹਮ ਗਿਆਨੀ ਸਦਾ ਨਿਰਲੇਪ ॥*

## *ਜੈਸੇ ਜਲ ਮਹਿ ਕਮਲ ਅਲੇਪ ॥*

ਜੋ ਬ੍ਰਹਮ ਦਾ ਗਿਆਨ ਰੱਖਣ ਵਾਲੀ ਆਤਮਾ ਹੈ, ਉਹ ਸਦਾ ਮਾਇਆ ਤੋਂ ਨਿਰਲੇਪ ਰਹਿੰਦੀ ਹੈ,
ਜਿਸ ਤਰਾਂ ਕਮਲ ਦਾ ਫੁੱਲ ਪਾਣੀ ਵਿੱਚ ਰਹਿੰਦਾ ਹੋਇਆ ਵੀ ਪਾਣੀ ਤੋਂ ਨਿਰਲੇਪ ਰਹਿੰਦਾ ਹੈ।

## *ਬ੍ਰਹਮ ਗਿਆਨੀ ਸਦਾ ਨਿਰਦੋਖ ॥*

## *ਜੈਸੇ ਸੂਰੁ ਸਰਬ ਕਉ ਸੋਖ ॥*

ਬ੍ਰਹਮ ਗਿਆਨੀ ਵਿੱਚ ਕੋਈ ਵੀ ਨੁਕਸ ਬਾਕੀ ਨਹੀਂ ਰਹਿੰਦਾ।
ਜਿਸ ਤਰਾਂ ਸੂਰਜ ਸਾਰਿਆਂ ਨੂੰ ਸੇਕ ਪਹੁੰਚਾਉਂਦਾ ਹੈ, ਬ੍ਰਹਮ ਗਿਆਨੀ ਸਭ ਨੂੰ ਨਿੱਘ ਹੀ ਦੇਂਦਾ ਹੈ।

## *ਬ੍ਰਹਮ ਗਿਆਨੀ ਕੈ ਦ੍ਰਿਸਟਿ ਸਮਾਨਿ ॥*

## *ਜੈਸੇ ਰਾਜ ਰੰਕ ਕਉ ਲਾਗੈ ਤੁਲਿ ਪਵਾਨ ॥*

ਬ੍ਰਹਮ ਗਿਆਨੀ ਦੀ ਦ੍ਰਿਸ਼ਟੀ ਵਿੱਚ ਸਭ ਇੱਕੋ ਜੇਹੇ ਹੀ ਹਨ। ਹਰ ਇਕ ਜੀਵ ਦਾ ਕਰਮ ਆਪਣਾ ਹੈ। ਫਲ ਉਸ ਨੇ ਪਾਉਣਾ ਹੈ। ਬ੍ਰਹਮ ਗਿਆਨੀ ਨੂੰ ਕਿਸੇ ਨਾਲ ਨਫਰਤ ਨਹੀਂ ਹੈ। ਉਹ ਤਾਂ ਸਭ ਨੂੰ ਇੱਕੋ ਜਿਹਾ ਕਰਕੇ (ਭਗਵਾਨ ਦੇ ਜੀਅ ਕਰਕੇ) ਹੀ ਸਮਝਦਾ ਹੈ।

ਜਿਸ ਤਰਾਂ ਹਵਾ ਗਰੀਬ ਤੇ ਅਮੀਰ ਨੂੰ ਇੱਕੋ ਜੇਹੀ ਹੀ ਲਗਦੀ ਹੈ (ਉਹ ਕਿਸੇ ਨਾਲ ਵਿਤਕਰਾ ਨਹੀਂ ਕਰਦੀ), ਇਸੇ ਤਰਾਂ ਹੀ ਬ੍ਰਹਮ ਗਿਆਨੀ ਕਿਸੇ ਨਾਲ ਵਿਤਕਰਾ ਨਹੀਂ ਕਰਦਾ।

## *ਬ੍ਰਹਮ ਗਿਆਨੀ ਕੈ ਧੀਰਜੁ ਏਕ ॥*

## *ਜਿਉ ਬਸੁਧਾ ਕੋਊ ਖੋਦੈ ਕੋਊ ਚੰਦਨ ਲੇਪ ॥*

ਬ੍ਰਹਮ ਗਿਆਨੀ ਐਸਾ ਧੀਰਜਵਾਨ ਹੈ ਕਿ ਉਹ ਇੱਕ ਅਵਸਥਾ ਵਿੱਚ ਹੀ ਰਹਿੰਦਾ ਹੈ। ਕੋਈ ਜੀਵ ਉਸ ਦੇ ਉਲਟ ਵੀ ਕੰਮ ਕਰੇ ਤਾਂ ਉਹ ਉਸ ਨੂੰ ਵੀ ਨਫਰਤ ਨਹੀਂ ਕਰਦਾ।

ਕਿਉਂਕਿ ਬ੍ਰਹਮ ਗਿਆਨੀ ਦਾ ਸੁਭਾਅ ਇਸ ਤਰਾਂ ਹੈ, ਜਿਸ ਤਰਾਂ ਦਾ ਸੁਭਾਅ ਧਰਤੀ ਦਾ ਹੈ। ਕੋਈ ਇਸ ਧਰਤੀ ਨੂੰ ਪੁਟੱਦਾ ਹੈ ਤੇ ਕੋਈ ਇਸ ਤੇ ਖੁਸ਼ਬੁਦਾਰ ਚੀਜ਼ਾਂ ਦਾ ਲੇਪ ਕਰਦਾ ਹੈ ਤੇ ਧਰਤੀ ਕਿਸੇ ਜੀਵ ਨੂੰ ਦੂਜੇ ਨਾਲੋਂ ਜ਼ਿਆਦਾ ਨਫਰਤ ਨਹੀਂ ਕਰਦੀ ਤੇ ਕਿਸੇ ਜੀਵ ਨੂੰ ਦੂਜੇ ਨਾਲੋਂ ਜਿਆਦਾ ਪਿਆਰ ਨਹੀਂ ਕਰਦੀ। ਧਰਤੀ ਇੱਕ ਰਸ ਆਪਣੇ ਸੁਭਾਅ ਵਿੱਚ ਵਰਤਦੀ ਹੈ।

## *ਬ੍ਰਹਮ ਗਿਆਨੀ ਕਾ ਇਹੈ ਗੁਨਾਉ ॥*
## *ਨਾਨਕ ਜਿਉ ਪਾਵਕ ਕਾ ਸਹਜ ਸੁਭਾਉ ॥ ੧ ॥*

ਬ੍ਰਹਮ ਗਿਆਨੀ ਵਿੱਚ ਐਸਾ ਹੀ ਗੁਣ ਹੈ।

ਹੇ ਨਾਨਕ ! ਜਿਸ ਤਰਾਂ ਅਗਨੀ ਦਾ ਸਹਿਜ ਸੁਭਾਅ ਹੈ ਕਿ ਅਗਨੀ ਨੇ ਚੀਜ਼ਾ ਨੂੰ ਸਾੜਨਾ ਹੈ ਤਾਂ ਉਹਨਾਂ ਨੂੰ ਸਾੜਨਾ ਹੈ। ਜਿਸ ਤਰਾਂ ਪਾਣੀ ਦਾ ਸਹਿਜ ਸੁਭਾਅ ਹੈ ਕਿ ਉਸ ਨੇ ਸਭ ਨੂੰ ਡੋਬਣਾ ਹੈ ਤਾਂ ਸਭ ਨੂੰ ਡੋਬਣਾ ਹੈ। ਜਿਸ ਤਰਾਂ ਹਵਾ ਦਾ ਸਹਿਜ ਸੁਭਾਅ ਹੈ ਕਿ ਉਹਨੇ ਸਭ ਨੂੰ ਇੱਕੋ ਜਿਹਾ ਲਗਣਾ ਹੈ। ਬ੍ਰਹਮ ਗਿਆਨੀ ਦਾ ਵਤੀਰਾ (ਵਿਉਹਾਰ) ਸਭ ਨਾਲ ਇੱਕੋ ਜਿਹਾ ਹੋ ਜਾਂਦਾ ਹੈ।

## *ਬ੍ਰਹਮ ਗਿਆਨੀ ਨਿਰਮਲ ਤੇ ਨਿਰਮਲਾ ॥*
## *ਜੈਸੇ ਮੈਲੁ ਨ ਲਾਗੈ ਜਲਾ ॥*

ਬ੍ਰਹਮ ਗਿਆਨੀ ਨਿਰਮਲ ਹੋ ਜਾਂਦਾ ਹੈ। ਉਸ ਦੀ ਹਉਮੈ ਦੀ ਮੈਲ ਬਾਕੀ ਨਹੀਂ ਰਹਿੰਦੀ।

ਜਿਸ ਤਰਾਂ ਜੋ ਪਾਣੀ ਹੈ, ਉਸ ਨੂੰ ਮੈਲ ਨਹੀਂ ਲਗਦੀ। ਕੋਈ ਗੰਦੀਆਂ ਚੀਜ਼ਾ ਅਗਰ ਪਾਣੀ ਵਿੱਚ ਡਿੱਗ ਪੈਣ ਤਾਂ ਆਪੇ ਹੀ ਥੱਲੇ ਬੈਠ ਜਾਂਦੀਆਂ ਹਨ। ਐਸਾ ਹੀ ਬ੍ਰਹਮ ਗਿਆਨੀ ਦਾ ਸੁਭਾਉ ਬਣ ਜਾਂਦਾ ਹੈ।

## *ਬ੍ਰਹਮ ਗਿਆਨੀ ਕੈ ਮਨਿ ਹੋਇ ਪ੍ਰਗਾਸੁ ॥*
## *ਜੈਸੇ ਧਰ ਊਪਰਿ ਆਕਾਸੁ ॥*

ਬ੍ਰਹਮ ਗਿਆਨੀ ਦੇ ਮਨ ਗਿਆਨ ਦਾ ਇਸ ਤਰਾਂ ਪ੍ਰਕਾਸ਼ ਹੋ ਜਾਂਦਾ ਹੈ,

ਜਿਸ ਤਰਾਂ ਧਰਤੀ ਦੇ ਉੱਤੇ ਹਰ ਥਾਂ ਤੇ ਆਕਾਸ਼ ਹੈ। ਧਰਤੀ ਦਾ ਕੋਈ ਅਣੂ ਖਾਲੀ ਨਹੀਂ, ਜਿੱਥੇ ਆਕਾਸ਼ ਨਾ ਹੋਵੇ। ਆਕਾਸ਼ ਤੇ ਧਰਤੀ ਇੱਕ ਦੁੱਜੇ ਨਾਲ ਜੁੜੇ ਹੋਏ ਹਨ। ਇਸੇ ਤਰਾਂ ਹੀ ਬ੍ਰਹਮ ਗਿਆਨੀ ਦੇ ਮਨ ਵਿੱਚ ਹਰ ਥਾਂ ਤੇ ਗਿਆਨ ਪੂਰਨ ਦਾ ਪੂਰਨ ਪ੍ਰਗਟ ਹੁੰਦਾ ਹੈ।

## *ਬ੍ਰਹਮ ਗਿਆਨੀ ਕੈ ਮਿਤ੍ਰ ਸਤ੍ਰੁ ਸਮਾਨਿ ॥*
## *ਬ੍ਰਹਮ ਗਿਆਨੀ ਕੈ ਨਾਹੀ ਅਭਿਮਾਨ ॥*

ਬ੍ਰਹਮ ਗਿਆਨੀ ਨੂੰ ਕਿਸੇ ਨਾਲ ਦੁਸ਼ਮਨੀ ਨਹੀਂ, ਕਿਸੇ ਨਾਲ ਪ੍ਰੀਤਿ ਨਹੀਂ। ਬ੍ਰਹਮ ਗਿਆਨੀ ਨੂੰ ਸਭ ਇੱਕੋ ਜਿਹੇ ਹੀ ਲਗਦੇ ਹਨ।

ਬ੍ਰਹਮ ਗਿਆਨੀ ਦੇ ਅੰਦਰ ਕੋਈ ਅਭਿਮਾਨ ਬਾਕੀ ਨਹੀਂ ਰਹਿੰਦਾ। ਉਸ ਦੀ ਸਾਰੀ ਹਉਮੈ ਨਸ਼ਟ ਹੋ ਜਾਂਦੀ ਹੈ ਤੇ ਹਉਮੈ ਹੀ ਮੇਰ ਤੇਰ ਦਾ ਕਾਰਨ ਹੈ। ਬ੍ਰਹਮ ਗਿਆਨੀ ਵਿੱਚ ਮੇਰ ਤੇਰ ਨਹੀਂ ਰਹਿੰਦੀ।

## *ਬ੍ਰਹਮ ਗਿਆਨੀ ਊਚ ਤੇ ਊਚਾ ॥*
## *ਮਨਿ ਅਪਨੈ ਹੈ ਸਭ ਤੇ ਨੀਚਾ ॥*

ਬ੍ਰਹਮ ਗਿਆਨੀ ਉੱਚੀ ਤੋਂ ਉੱਚੀ ਅਵਸਥਾ ਵਿੱਚ ਚਲਿਆ ਜਾਂਦਾ ਹੈ।

ਪਰ ਆਪਣੇ ਮਨ ਵਿੱਚ ਨਿਮਰਤਾ ਰੱਖਦਾ ਹੈ ਤੇ ਆਪਣੇ ਆਪ ਨੂੰ ਸਭ ਤੋਂ ਮਾੜਾ (ਸਭ ਤੋਂ ਨੀਵਾਂ) ਜਾਣਦਾ ਹੈ ਤੇ ਪ੍ਰਭੂ ਨੂੰ ਹੀ ਵੱਡਾ ਮਨਦਾ ਹੈ।

## *ਬ੍ਰਹਮ ਗਿਆਨੀ ਸੇ ਜਨ ਭਏ ॥*
## *ਨਾਨਕ ਜਿਨ ਪ੍ਰਭੁ ਆਪਿ ਕਰੇਇ ॥ ੨ ॥*

ਬ੍ਰਹਮ ਗਿਆਨੀ ਉਹੀ ਆਤਮਾ ਬਣਦੀ ਹੈ,

ਜਿਸ ਨੂੰ ਪ੍ਰਭੂ ਬਖਸ਼ ਕੇ ਆਪਣੇ ਨਾਲ ਮਿਲਾ ਲੈਂਦਾ ਹੈ। ਉਹੀ ਆਤਮਾ ਬ੍ਰਹਮ ਦੇ ਗਿਆਨ ਵਿੱਚ ਸਮਾਉਂਦੀ ਹੈ।

***ਬ੍ਰਹਮ ਗਿਆਨੀ ਸਗਲ ਕੀ ਰੀਨਾ ॥***

***ਆਤਮ ਰਸੁ ਬ੍ਰਹਮ ਗਿਆਨੀ ਚੀਨਾ ॥***

ਬ੍ਰਹਮ ਗਿਆਨੀ ਆਪਣੇ ਅੰਤਰ ਆਤਮੇ ਸਭ ਦੇ ਚਰਨਾਂ ਦੀ ਧੂੜ ਹੁੰਦਾ ਹੈ।

ਆਤਮ ਰਸ (ਪ੍ਰੇਮ ਰਸ, ਸ਼ਬਦ ਰਸ, ਹਰੀ ਰਸ) ਬ੍ਰਹਮ ਗਿਆਨੀ ਮਾਣਦਾ ਹੈ।

***ਬ੍ਰਹਮ ਗਿਆਨੀ ਕੀ ਸਭ ਊਪਰਿ ਮਇਆ ॥***

***ਬ੍ਰਹਮ ਗਿਆਨੀ ਤੇ ਕਛੁ ਬੁਰਾ ਨ ਭਇਆ ॥***

ਬ੍ਰਹਮ ਗਿਆਨੀ ਦੀ ਸਭ ਤੇ ਮੇਹਰ ਦੀ ਦ੍ਰਿਸ਼ਟੀ ਹੁੰਦੀ ਹੈ।

ਬ੍ਰਹਮ ਗਿਆਨੀ ਤੋਂ ਕੁਛ ਵੀ ਬੁਰਾ ਨਹੀਂ ਹੁੰਦਾ (ਕਿਸੇ ਦਾ ਵੀ ਉਹ ਨੁਕਸਾਨ ਨਹੀਂ ਚਾਹੁੰਦਾ ਜਾਂ ਕਰਦਾ)।

***ਬ੍ਰਹਮ ਗਿਆਨੀ ਸਦਾ ਸਮਦਰਸੀ ॥***

***ਬ੍ਰਹਮ ਗਿਆਨੀ ਕੀ ਦ੍ਰਿਸਟਿ ਅੰਮ੍ਰਿਤੁ ਬਰਸੀ ॥***

ਬ੍ਰਹਮ ਗਿਆਨੀ ਸਦਾ ਇੱਕੋ ਜੇਹਾ ਸਭ ਨੂੰ ਵੇਖਦਾ ਹੈ। ਉਹ ਵਿਤਰਕਾ ਨਹੀਂ ਕਰਦਾ।

ਬ੍ਰਹਮ ਗਿਆਨੀ ਦੇ ਦਰਸ਼ਨ ਕਰਕੇ ਜੀਵ ਨਾਮ ਜਪਣ ਦੀ ਪ੍ਰੇਰਣਾ ਲੈਂਦਾ ਹੈ ਕਿਉਂਕਿ ਬ੍ਰਹਮ ਗਿਆਨੀ ਦੀ ਦ੍ਰਿਸ਼ਟੀ ਵਿੱਚੋਂ ਨਾਮ ਅੰਮ੍ਰਿਤ ਵਰਸਦਾ ਹੈ ਤੇ ਉਹ ਦੂਜਿਆਂ ਨੂੰ ਨਾਮ ਜਪਣ ਲਾ ਦੇਂਦਾ ਹੈ। ਹਜ਼ੂਰ ਕਹਿੰਦੇ ਨੇ :-

**H ਪੂਰਾ ਗੁਰੁ ਅਖੵਓ ਜਾ ਕਾ ਮੰਤ੍ਰੁ ॥**

**ਅੰਮ੍ਰਿਤ ਦ੍ਰਿਸਟਿ ਪੇਖੈ ਹੋਇ ਸੰਤ ॥ (ਪੰਨਾ ੨੮੭)**

ਉਹ ਜਿਸ ਵੱਲ ਵੇਖਦਾ ਹੈ (ਨਦਰ ਕਰਦਾ ਹੈ) ਤਾਂ ਉਸ ਨੂੰ ਭਜਨ ਬੰਦਗੀ ਕਰਨ ਲਾ ਦੇਂਦਾ ਹੈ।

***ਬ੍ਰਹਮ ਗਿਆਨੀ ਬੰਧਨ ਤੇ ਮੁਕਤਾ ॥***

***ਬ੍ਰਹਮ ਗਿਆਨੀ ਕੀ ਨਿਰਮਲ ਜੁਗਤਾ ॥***

ਬ੍ਰਹਮ ਗਿਆਨੀ ਦੀ ਮਾਇਆ ਦੇ ਮੋਹ ਦੇ ਬੰਧਨਾ ਤੋਂ ਖਲਾਸੀ (ਮੁਕਤੀ) ਹੋਈ ਹੋਈ ਹੁੰਦੀ ਹੈ।

ਬ੍ਰਹਮ ਗਿਆਨੀ ਦੀ ਜੁਗਤੀ (ਜੀਵਨ ਚਾਲ) ਜੋ ਹੈ, ਉਹ ਨਿਰਮਲ (ਹਉਮੈ ਤੋਂ ਰਹਿਤ) ਹੋ ਜਾਂਦੀ ਹੈ।

***ਬ੍ਰਹਮ ਗਿਆਨੀ ਕਾ ਭੋਜਨੁ ਗਿਆਨ ॥***

***ਨਾਨਕ ਬ੍ਰਹਮ ਗਿਆਨੀ ਕਾ ਬ੍ਰਹਮ ਧਿਆਨੁ ॥ ੩ ॥***

ਬ੍ਰਹਮ ਗਿਆਨੀ ਦਾ ਭੋਜਨ ਗਿਆਨ ਹੀ ਹੈ। ਉਹ ਗਿਆਨ ਦੇ ਆਸਰੇ ਹੀ ਹੁੰਦਾ ਹੈ।

ਹੇ ਨਾਨਕ ! ਬ੍ਰਹਮ ਗਿਆਨੀ ਦਾ ਧਿਆਨ ਬ੍ਰਹਮ ਵਿੱਚ ਪੱਕ (ਟਿੱਕ) ਜਾਂਦਾ ਹੈ। ਉਹ ਹਮੇਸ਼ਾ ਰੱਬ ਜੀ ਦੇ ਧਿਆਨ ਵਿੱਚ ਹੀ ਰਹਿੰਦਾ ਹੈ।

***ਬ੍ਰਹਮ ਗਿਆਨੀ ਏਕ ਊਪਰਿ ਆਸ ॥***

***ਬ੍ਰਹਮ ਗਿਆਨੀ ਕਾ ਨਹੀ ਬਿਨਾਸ ॥***

ਬ੍ਰਹਮ ਗਿਆਨੀ ਨੂੰ ਓਟ ਆਸਰਾ ਕੇਵਲ ਇੱਕ ਪ੍ਰਭੂ ਦਾ ਹੀ ਹੁੰਦਾ ਹੈ।

ਬ੍ਰਹਮ ਗਿਆਨੀ ਕਦੀ ਵੀ ਨਾਸ ਨਹੀਂ ਹੁੰਦਾ। ਕਿਉਂਕਿ ਬ੍ਰਹਮ ਗਿਆਨੀ, ਸੰਤ, ਸਾਧੂ, ਸਿੱਖ, ਗੁਰਸਿੱਖ, ਗੁਰਮੁਖਿ, ਭਗਤ, ਦਾਸ, ਜਨ, ਸੇਵਕ, ਗੁਰੂ, ਸਤਿਗੁਰੂ – ਇੱਕੋ ਅਰਥ ਭਾਵ ਵਿੱਚ ਅੱਖਰ ਵਰਤੇ ਗਏ ਹਨ। ਉਹ ਸਦਾ ਕਾਇਮ ਹੋਂਦ ਹੋ ਜਾਂਦੀ ਹੈ। ਉਸ ਦੀ ਹਸਦੀ ਮੁੜ ਕੇ ਕਦੀ ਵੀ ਨਾਸ ਨਹੀਂ ਹੁੰਦੀ। ਉਹ ਆਤਮਾ ਮੁੜ ਕੇ ਕਦੀ ਆਵਾਗਮਨ ਵਿੱਚ ਨਹੀਂ ਆਉਂਦੀ।

***ਬ੍ਰਹਮ ਗਿਆਨੀ ਕੈ ਗਰੀਬੀ ਸਮਾਹਾ ॥***

***ਬ੍ਰਹਮ ਗਿਆਨੀ ਪਰਉਪਕਾਰ ਉਮਾਹਾ ॥***

ਬ੍ਰਹਮ ਗਿਆਨੀ ਵਿੱਚ ਨਿਮਰਤਾ ਸਮਾਈ ਹੋਈ ਹੁੰਦੀ ਹੈ ਤੇ ਉਹ ਹਮੇਸ਼ਾ ਨਿਮਰਤਾ ਵਿੱਚ ਹੀ ਰਹਿੰਦਾ ਹੇ।

ਬ੍ਰਹਮ ਗਿਆਨੀ ਨੂੰ ਦੂਜਿਆਂ ਦਾ ਭਲਾ ਕਰਨ ਦਾ ਚਾਅ ਚੜ੍ਹਿਆ ਰਹਿੰਦਾ ਹੈ ਕਿ ਕਿਸੇ ਦਾ ਭਲਾ ਹੋ ਜਾਏ ਤੇ ਉਹਨੂੰ ਇਹ ਪਤਾ ਹੁੰਦਾ ਹੈ ਕਿ ਭਲਾ ਕੇਵਲ ਨਾਮ ਜਪ ਕੇ ਹੀ ਹੁੰਦਾ ਹੈ। ਇਸ ਲਈ ਉਹ ਸਭ ਨੂੰ ਨਾਮ ਜਪਣ ਦੀ ਪ੍ਰੇਰਣਾ ਕਰਦਾ ਹੈ।

***ਬ੍ਰਹਮ ਗਿਆਨੀ ਕੈ ਨਾਹੀ ਧੰਧਾ ॥***

***ਬ੍ਰਹਮ ਗਿਆਨੀ ਲੇ ਧਾਵਤੁ ਬੰਧਾ ॥***

ਬ੍ਰਹਮ ਗਿਆਨੀ ਹੋਰ ਮਾਇਆ ਦੇ ਧੰਧਿਆਂ ਵਿੱਚ ਗਲਤਾਨ ਨਹੀਂ ਹੁੰਦਾ। ਉਹਨੂੰ ਨਾਮ ਜਪਣ ਦਾ ਹੀ ਆਹਰ ਹੈ, ਨਾਮ ਜਪਾਉਣ ਦਾ ਹੀ ਆਹਰ ਹੈ।

ਜੋ ਬ੍ਰਹਮ ਗਿਆਨੀ ਹੁੰਦਾ ਹੈ, ਉਹ ਧਾਉਂਦੇ ਮਨ ਨੂੰ ਬੰਨ ਲੈਂਦਾ ਹੈ ਤੇ ਉਸ ਦਾ ਮਨ ਮਾਇਆ ਵੱਲ ਖਿਚਿਆ ਨਹੀਂ ਜਾਂਦਾ।

***ਬ੍ਰਹਮ ਗਿਆਨੀ ਕੈ ਹੋਇ ਸੁ ਭਲਾ ॥***

***ਬ੍ਰਹਮ ਗਿਆਨੀ ਸੁਫਲ ਫਲਾ ॥***

ਪ੍ਰਭੂ ਦੇ ਭਾਣੇ ਵਿੱਚ ਜੋ ਵੀ ਹੁੰਦਾ ਹੈ, ਬ੍ਰਹਮ ਗਿਆਨੀ ਨੂੰ ਉਹੀ ਚੰਗਾ ਲਗਦਾ ਹੈ।

ਬ੍ਰਹਮ ਗਿਆਨੀ ਸੋਹਣੇ ਫਲਾਂ ਨਾਲ ਫਲਿਆ ਹੋਇਆ ਹੁੰਦਾ ਹੈ ਕਿਉਂਕਿ ਉਸ ਦੇ ਕੋਲ ਨਾਮ ਹੁੰਦਾ ਹੈ ਤੇ ਨਾਮ ਵਿੱਚ ਸਾਰੇ ਹੀ ਪਦਾਰਥ ਹਨ।

***ਬ੍ਰਹਮ ਗਿਆਨੀ ਸੰਗਿ ਸਗਲ ਉਧਾਰੁ ॥***

***ਨਾਨਕ ਬ੍ਰਹਮ ਗਿਆਨੀ ਜਪੈ ਸਗਲ ਸੰਸਾਰੁ ॥ ੪ ॥***

ਬ੍ਰਹਮ ਗਿਆਨੀ ਦੀ ਸੰਗਤਿ ਵਿੱਚ ਹੀ ਸਭ ਦਾ ਪਾਰ ਉਤਾਰਾ ਹੁੰਦਾ ਹੈ।

ਹੇ ਨਾਨਕ ! ਬ੍ਰਹਮ ਗਿਆਨੀ ਆਪ ਉਸ ਨਿਰੰਕਾਰ ਵਾਹਿਗੁਰੂ ਨੂੰ ਜਪਦਾ ਹੈ ਤੇ ਸਾਰਾ ਸੰਸਾਰ ਬ੍ਰਹਮ ਗਿਆਨੀ ਨੂੰ ਧੰਨ ਧੰਨ ਕਹਿਣ ਲੱਗ ਜਾਂਦਾ ਹੈ।

***ਬ੍ਰਹਮ ਗਿਆਨੀ ਕੈ ਏਕੈ ਰੰਗ ॥***

***ਬ੍ਰਹਮ ਗਿਆਨੀ ਕੈ ਬਸੈ ਪ੍ਰਭੁ ਸੰਗ ॥***

ਬ੍ਰਹਮ ਗਿਆਨੀ ਇੱਕ ਹੀ ਪ੍ਰੀਤਿ ਵਿੱਚ ਹੀ ਰਹਿੰਦਾ ਹੈ (ਉਸ ਨੂੰ ਇੱਕ ਨਾਲ ਹੀ ਪਿਆਰ ਹੁੰਦਾ ਹੈ)।

ਬ੍ਰਹਮ ਗਿਆਨੀ ਕੇ ਅੰਗ ਸੰਗ ਉਹ ਪ੍ਰਭੂ ਪ੍ਰਗਟ ਹੁੰਦਾ ਹੈ।

***ਬ੍ਰਹਮ ਗਿਆਨੀ ਕੈ ਨਾਮੁ ਆਧਾਰੁ ॥***

***ਬ੍ਰਹਮ ਗਿਆਨੀ ਕੈ ਨਾਮੁ ਪਰਵਾਰੁ ॥***

ਬ੍ਰਹਮ ਗਿਆਨੀ ਨੂੰ ਕੇਵਲ ਨਾਮ ਦਾ ਹੀ ਆਸਰਾ ਹੁੰਦਾ ਹੈ।

ਨਾਮ ਹੀ ਬ੍ਰਹਮ ਗਿਆਨੀ ਦਾ ਪਰਿਵਾਰ ਹੈ। ਹੋਰ ਕੋਈ ਉਸ ਦਾ ਪਰਿਵਾਰ ਨਹੀਂ। ਹਜ਼ੂਰ ਆਪਣਾ ਕਹਿੰਦੇ ਨੇ ਕਿ :-

**H ਤੂੰ ਮੇਰਾ ਪਿਤਾ ਤੂੰਹੈ ਮੇਰਾ ਮਾਤਾ ॥**

**ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ ॥ (ਪੰਨਾ ੧੦੩)**

ਇੱਕ ਤੂੰ ਹੀ ਹੈਂ, ਤੂੰ ਹੀ ਮੇਰਾ ਸਭ ਕੁਛ ਹੈਂ। ਹੋਰ ਮੇਰਾ ਕੋਈ ਨਹੀਂ। ਸੋ ਇਸ ਤਰਾਂ ਬ੍ਰਹਮ ਗਿਆਨੀ ਦਾ ਪਰਿਵਾਰ ਉਹ ਨਾਮ ਹੀ ਹੁੰਦਾ ਹੈ। ਹੋਰ ਉਹ ਕਿਸੇ ਨੂੰ ਆਪਣਾ
ਪਰਿਵਾਰ ਨਹੀਂ ਜਾਣਦਾ।

***ਬ੍ਰਹਮ ਗਿਆਨੀ ਸਦਾ ਸਦ ਜਾਗਤ ॥***

***ਬ੍ਰਹਮ ਗਿਆਨੀ ਅਹੰਬੁਧਿ ਤਿਆਗਤ ॥***

ਬ੍ਰਹਮ ਗਿਆਨੀ ਸਦਾ ਮਾਇਆ ਤੋਂ ਨਿਰਲੇਪ ਰਹਿੰਦਾ ਹੈ, ਜਾਗਤ ਅਵਸਥਾ ਵਿੱਚ ਰਹਿੰਦਾ ਹੈ, ਮਾਇਆ ਦੇ ਮੋਹ ਦੀ ਨੀਂਦ ਵਿੱਚ ਕਦੀ ਨਹੀਂ ਸੌਂਦਾ, ਸਦਾ ਨਾਮ ਵਿੱਚ ਜਾਗਦਾ ਰਹਿੰਦਾ ਹੈ।

ਬ੍ਰਹਮ ਗਿਆਨੀ ਅਪਣੀ ਹਉਮੈ ਦੀ ਬੁੱਧੀ ਨੂੰ ਤਿਆਗ ਦੇਂਦਾ ਹੈ। ਉਸ ਨੂੰ ਰਤਾ ਵੀ ਹਉਮੈਂ ਨਹੀਂ ਰਹਿੰਦੀ।

***ਬ੍ਰਹਮ ਗਿਆਨੀ ਕੈ ਮਨਿ ਪਰਮਾਨੰਦ ॥***

## ***ਬ੍ਰਹਮ ਗਿਆਨੀ ਕੈ ਘਰਿ ਸਦਾ ਅਨੰਦ ॥***

ਬ੍ਰਹਮ ਗਿਆਨੀ ਦੇ ਮਨ ਵਿੱਚ ਉਹ ਪਰਮ-ਆਨੰਦ ਪ੍ਰਭੂ ਪ੍ਰਗਟ ਹੋ ਜਾਂਦਾ ਹੈ।

ਬ੍ਰਹਮ ਗਿਆਨੀ ਦੇ ਹਿਰਦੇ ਵਿੱਚ ਸਦਾ ਆਨੰਦ ਬਣਿਆ ਰਹਿੰਦਾ ਹੈ।

## ***ਬ੍ਰਹਮ ਗਿਆਨੀ ਸੁਖ ਸਹਜ ਨਿਵਾਸ ॥***
## ***ਨਾਨਕ ਬ੍ਰਹਮ ਗਿਆਨੀ ਕਾ ਨਹੀ ਬਿਨਾਸ ॥ ੫ ॥***

ਬ੍ਰਹਮ ਗਿਆਨੀ ਸਹਿਜ ਅਵਸਥਾ ਵਿੱਚ ਹਮੇਸ਼ਾ ਸੁਖੀ ਰਹਿੰਦਾ ਹੈ।

ਹੇ ਨਾਨਕ ! ਬ੍ਰਹਮ ਗਿਆਨੀ ਦਾ ਕਦੇ ਬਿਨਾਸ ਨਹੀਂ ਹੁੰਦਾ, ਉਹ ਕਦੀ ਨਾਸ਼ ਨਹੀਂ ਹੁੰਦਾ, ਉਹਨੇ ਕਦੀ ਖਤਮ ਨਹੀਂ ਹੋ ਜਾਣਾ। ਜਿਹੜੀ ਆਤਮਾ ਪ੍ਰਭੂ ਵਿੱਚ ਸਮਾ ਗਈ, ਉਹ ਹਮੇਸ਼ਾ ਲਈ ਸਚ ਹੋ ਜਾਂਦੀ ਹੈ, ਕਿਉਂਕਿ ਉਹ ਸਚ ਦਾ ਹੀ ਰੂਪ ਹੈ ਤੇ ਉਹ ਆਤਮਾ ਸਦਾ ਕਾਇਮ ਰਹਿੰਦੀ ਹੈ।

## ***ਬ੍ਰਹਮ ਗਿਅਨੀ ਬ੍ਰਹਮ ਕਾ ਬੇਤਾ ॥***
## ***ਬ੍ਰਹਮ ਗਿਆਨੀ ਏਕ ਸੰਗਿ ਹੇਤਾ ॥***

ਬ੍ਰਹਮ ਗਿਆਨੀ ਬ੍ਰਹਮ ਦਾ ਜਾਨਣ ਵਾਲਾ ਹੈ (ਉਸ ਨੂੰ ਬ੍ਰਹਮ ਦਾ ਗਿਆਨ ਹੈ)।

ਬ੍ਰਹਮ ਗਿਆਨੀ ਦੀ ਪ੍ਰੀਤਿ ਉਸ ੴ(ਇੱਕ ਪ੍ਰਭੂ) ਨਾਲ ਹੈ, ਹੋਰ ਕਿਸੇ ਨਾਲ ਨਹੀਂ।

## ***ਬ੍ਰਹਮ ਗਿਆਨੀ ਕੈ ਹੋਇ ਅਚਿੰਤ ॥***
## ***ਬ੍ਰਹਮ ਗਿਆਨੀ ਕਾ ਨਿਰਮਲ ਮੰਤ ॥***

ਬ੍ਰਹਮ ਗਿਆਨੀ ਦੇ ਜੋ ਕੁਛ ਵੀ ਹੁੰਦਾ ਹੈ, ਉਹ ਸਭ ਕੁਛ ਪਰਵਾਨ ਕਰਦਾ ਹੈ, ਉਸਨੂੰ ਕੋਈ ਚਿੰਤਾ ਨਹੀਂ। ਬਿਨਾਂ ਚਿੰਤਾ ਕੀਤਿਆਂ ਹੀ ਉਹਦੇ ਸਭ ਕਾਰਜ ਹੁੰਦੇ ਹਨ।

ਬ੍ਰਹਮ ਗਿਆਨੀ ਦਾ ਉਪਦੇਸ਼ ਨਿਰਮਲ ਹੁੰਦਾ ਹੈ (ਨਿਰਮਲ ਕਰਨ ਵਾਲਾ ਹੁੰਦਾ ਹੈ) ਕਿਉਂਕਿ ਉਹ ਜੀਵ ਨੂੰ ਨਾਮ ਜਪਣ ਲੱਗਣ ਲਈ ਪ੍ਰੇਰਿਤ ਕਰਦਾ ਹੈ ਤੇ ਨਾਮ ਜਪਣ ਬਾਰੇ ਸਮਝਾ ਦੇਂਦਾ ਹੈ। ਇਸ ਲਈ ਉਸ ਦਾ ਉਪਦੇਸ਼ ਨਿਰਮਲ ਹੈ (ਜੋ ਮਨ ਨੂੰ ਨਿਰਮਲ ਕਰ ਦੇਂਦਾ ਹੈ)।

## ***ਬ੍ਰਹਮ ਗਿਆਨੀ ਜਿਸੁ ਕਰੈ ਪ੍ਰਭੁ ਆਪਿ ॥***
## ***ਬ੍ਰਹਮ ਗਿਆਨੀ ਕਾ ਬਡ ਪਰਤਾਪ ॥***

ਪਰ ਕੋਈ ਆਪਣੇ ਯਤਨ ਨਾਲ ਬ੍ਰਹਮ ਗਿਆਨੀ ਨਹੀਂ ਬਣ ਸਕਦਾ। ਮਾਲਕ ਪ੍ਰਭੂ ਜਿਸ ਨੂੰ ਬ੍ਰਹਮ ਗਿਆਨੀ ਬਣਾ ਦੇਵੇ, ਉਹੀ ਬ੍ਰਹਮ ਗਿਆਨੀ ਬਣਦਾ ਹੈ ਤੇ ਉਸ ਨੂੰ ਹੀ ਬ੍ਰਹਮ ਦਾ ਗਿਆਨ ਪ੍ਰਾਪਤ ਹੁੰਦਾ ਹੈ।

ਬ੍ਰਹਮ ਗਿਆਨੀ ਦਾ ਵੱਡਾ ਪ੍ਰਤਾਪ ਹੈ, ਵੱਡੀ ਸਮਰੱਥਾ ਹੈ, ਵੱਡੀ ਸ਼ਕਤੀ ਹੈ, ਵੱਡੀ personality ਹੈ।

## ***ਬ੍ਰਹਮ ਗਿਆਨੀ ਕਾ ਦਰਸੁ ਬਡਭਾਗੀ ਪਾਈਐ ॥***
## ***ਬ੍ਰਹਮ ਗਿਆਨੀ ਕਉ ਬਲਿ ਬਲਿ ਜਾਈਐ ॥***

ਬ੍ਰਹਮ ਗਿਆਨੀ ਦਾ ਦਰਸ਼ਨ ਬੜਿਆਂ ਭਾਗਾਂ ਨਾਲ ਹੁੰਦਾ ਹੈ।

ਬ੍ਰਹਮ ਗਿਆਨੀ ਤੋਂ ਬਲਿਹਾਰ ਜਾਈਏ, ਬਲਿਹਾਰ ਜਾਣਾ ਚਾਹੀਦਾ ਹੈ (ਸਾਨੂੰ ਪ੍ਰੇਰਨਾ ਹੈ ਕਿ ਬਲਿਹਾਰ ਜਾਉ)।

## ***ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ ॥***
## ***ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ ॥ ੬ ॥***

ਸ਼ਿਵ ਜੀ ਵਰਗੀਆਂ ਹਸਤੀਆਂ ਵੀ ਬ੍ਰਹਮ ਗਿਆਨੀ ਦੇ ਦਰਸ਼ਨ ਨੂੰ ਤਰਸਦੀਆਂ ਰਹਿੰਦੀਆਂ ਹਨ।

ਹੇ ਨਾਨਕ ! ਜਿਸ ਨੂੰ ਬ੍ਰਹਮ ਦਾ ਗਿਆਨ ਆ ਜਾਂਦਾ ਹੈ, ਉਹ ਆਪ ਪ੍ਰਭੂ ਰੂਪ ਹੋ ਜਾਂਦਾ ਹੈ। ਜਿਸ ਤਰਾਂ ਹੈ :-

- **ਰਾਮ ਸੰਤ ਮਹਿ ਭੇਦੁ ਕਿਛੁ ਨਾਹੀ ॥ (ਪੰਨਾ ੨੦੮)**
- **ਨਾਨਕ ਸਾਧ ਪ੍ਰਭ ਭੇਦੁ ਨ ਭਾਈ ॥ (ਪੰਨਾ ੨੭੨)**

ਇਸ ਤਰਾਂ ਹੀ, ਹਜ਼ੂਰ ਕਹਿੰਦੇ ਨੇ ਕਿ ਬ੍ਰਹਮ ਗਿਆਨੀ ਆਪ ਹੀ ਪਰਮੇਸ਼ਰ ਹੁੰਦਾ ਹੈ।

***ਬ੍ਰਹਮ ਗਿਆਨੀ ਕੀ ਕੀਮਤਿ ਨਾਹਿ ॥***

***ਬ੍ਰਹਮ ਗਿਆਨੀ ਕੈ ਸਗਲ ਮਨ ਮਾਹਿ ॥***

ਬ੍ਰਹਮ ਗਿਆਨੀ ਦਾ ਕੋਈ ਮੁੱਲ ਨਹੀਂ ਹੁੰਦਾ। ਉਹ ਅਮੁੱਲ ਹੋ ਜਾਂਦਾ ਹੈ।

ਬ੍ਰਹਮ ਗਿਆਨੀ ਦੇ ਮਨ ਵਿੱਚ ਸਭ ਗਿਆਨ ਆ ਜਾਂਦਾ ਹੈ।

***ਬ੍ਰਹਮ ਗਿਆਨੀ ਕਾ ਕਉਨ ਜਾਨੈ ਭੇਦੁ ॥***

***ਬ੍ਰਹਮ ਗਿਆਨੀ ਕਉ ਸਦਾ ਅਦੇਸੁ ॥***

ਬ੍ਰਹਮ ਗਿਆਨੀ ਦਾ ਭੇਦ (ਉਸ ਦੀ ਅੰਤਤਾਈ) ਕਉਣ ਜਾਣ ਸਕਦਾ ਹੈ ? ਭਾਵਨਾ ਹੈ ਕਿ ਕੋਈ ਵੀ ਨਹੀਂ ਜਾਣ ਸਕਦਾ।

ਬ੍ਰਹਮ ਗਿਆਨੀ ਨੂੰ ਤਾਂ ਸਦਾ ਹੀ ਨਮਸ਼ਕਾਰ ਕਰਨੀ ਹੀ ਫਬਦੀ ਹੈ। ਹੁਕਮ ਹੈ :-

**H ਕਰਿ ਸਾਧੂ ਅੰਜੁਲੀ ਪੁੰਨੁ ਵਡਾ ਹੇ ॥**
**ਕਰਿ ਡੰਡਉਤ ਪੁਨੁ ਵਡਾ ਹੇ ॥੧॥ਰਹਾਉ॥ (ਪੰਨਾ ੧੭੧)**

ਇੱਥੇ ਹਜ਼ੂਰ ਕਹਿੰਦੇ ਨੇ ਕਿ ਭਾਈ, ਤੂੰ ਬ੍ਰਹਮ ਗਿਆਨੀ ਨੂੰ ਨਮਸ਼ਕਾਰ ਕਰਿਆ ਕਰ।

***ਬ੍ਰਹਮ ਗਿਆਨੀ ਕਾ ਕਥਿਆ ਨ ਜਾਇ ਅਧਾਖ੍ਹਰੁ ॥***

***ਬ੍ਰਹਮ ਗਿਆਨੀ ਸਰਬ ਕਾ ਠਾਕੁਰੁ ॥***

ਬ੍ਰਹਮ ਗਿਆਨੀ ਦੀ ਸੋਭਾ ਦਾ ਤਾਂ ਅੱਧਾ ਅੱਖਰ ਵੀ ਬਿਆਨ ਨਹੀਂ ਹੋ ਸਕਦਾ ਕਿਉਂਕਿ ਉਸ ਦੇ ਮਨ ਵਿੱਚ ਨਾਮ ਹੁੰਦਾ ਹੈ। ਹਜ਼ੂਰ ਦਾ ਹੁਕਮ ਹੈ :-

**H ਕਿਨਕਾ ਏਕੁ ਜਿਸੁ ਜੀਅ ਬਸਾਵੈ ॥**
**ਤਾ ਕੀ ਮਹਿਮਾ ਗਨੀ ਨ ਆਵੈ ॥ (ਪੰਨਾ ੨੬੨)**

ਬਿਲਕੁਲ ਉਹੀ ਸਿਧਾਂਤ ਇੱਥੇ ਹੈ ਕਿ ਬ੍ਰਹਮ ਗਿਆਨੀ ਦੀ ਅੱਧੇ ਅੱਖਰ ਦੀ ਸੋਭਾ (ਉਸ ਦੇ ਹਿੱਸੇ ਦੀ ਮਾਮੂਲੀ ਸੋਭਾ) ਵੀ ਪੂਰੀ ਨਹੀਂ ਕੀਤੀ ਜਾ ਸਕਦੀ।

ਬ੍ਰਹਮ ਗਿਆਨੀ ਤਾਂ ਸਭ (ਸਾਰੇ) ਸੰਸਾਰ ਦਾ ਆਪ ਮਾਲਕ ਹੈ।

***ਬ੍ਰਹਮ ਗਿਆਨੀ ਕੀ ਮਿਤਿ ਕਉਨੁ ਬਖਾਨੈ ॥***

***ਬ੍ਰਹਮ ਗਿਆਨੀ ਕੀ ਗਤਿ ਬ੍ਰਹਮ ਗਿਆਨੀ ਜਾਨੈ ॥***

ਬ੍ਰਹਮ ਗਿਆਨੀ ਕੀ ਮਿਤ (ਉਸ ਦੀ ਮਿਣਤੀ, ਉਸ ਦੀ ਅਵਸਥਾ, ਉਹ ਕਿੰਨੀ ਸ਼ਕਤੀ ਦਾ ਮਾਲਕ ਹੈ) ਕਉਣ ਦੱਸ ਸਕਦਾ ਹੈ ? ਭਾਵ, ਕੋਈ ਨਹੀਂ ਦੱਸ ਸਕਦਾ ਹੈ।

ਬ੍ਰਹਮ ਗਿਆਨੀ ਦੀ ਗਤੀ (ਅਵਸਥਾ) ਬ੍ਰਹਮ ਗਿਆਨੀ ਆਪ ਹੀ ਜਾਣਦਾ ਹੈ (ਕਿ ਉਹ ਕੈਸੀ ਹੈ), ਹੋਰ ਕੋਈ ਦੂਸਰਾ ਜਾਣ ਹੀ ਨਹੀਂ ਸਕਦਾ।

***ਬ੍ਰਹਮ ਗਿਆਨੀ ਕਾ ਅੰਤੁ ਨ ਪਾਰੁ ॥***

***ਨਾਨਕ ਬ੍ਰਹਮ ਗਿਆਨੀ ਕਉ ਸਦਾ ਨਮਸਕਾਰੁ ॥੭॥***

ਬ੍ਰਹਮ ਗਿਆਨੀ ਦਾ ਕੋਈ ਅੰਤ ਪਾਰ ਨਹੀਂ ਪੈਂਦਾ। ਉਸ ਦਾ ਅੰਤ ਕੋਈ ਵੀ ਪਾ ਨਹੀਂ ਸਕਦਾ।

ਹੇ ਨਾਨਕ ! ਬ੍ਰਹਮ ਗਿਆਨੀ ਨੂੰ ਸਦਾ ਨਮਸ਼ਕਾਰ ਹੈ, ਸਦਾ ਹੀ ਨਮਸ਼ਕਾਰ ਹੈ, ਸਦਾ ਹੀ ਨਮਸ਼ਕਾਰ ਹੈ।

***ਬ੍ਰਹਮ ਗਿਆਨੀ ਸਭ ਸ੍ਰਿਸਟਿ ਕਾ ਕਰਤਾ ॥***

***ਬ੍ਰਹਮ ਗਿਆਨੀ ਸਦ ਜੀਵੈ ਨਹੀ ਮਰਤਾ ॥***

ਜੋ ਆਤਮਾ ਬ੍ਰਹਮ ਗਿਆਨੀ ਹੋ ਜਾਂਦੀ ਹੈ (ਬ੍ਰਹਮ ਵਿੱਚ ਸਮਾ ਜਾਂਦੀ ਹੈ), ਉਹੀ ਸਿਰਜਣਹਾਰ ਪ੍ਰਭੂ ਆਪ ਬਣ ਜਾਂਦੀ ਹੈ। ਇਹ ਸ੍ਰਿਸ਼ਟੀ ਉਸ ਆਤਮਾ ਦੀ ਹੀ ਬਣਾਈ ਹੋਈ ਹੁੰਦੀ ਹੈ।

ਬ੍ਰਹਮ ਗਿਆਨੀ ਸਦਾ ਹੀ ਜੀਉਂਦਾ ਹੈ, ਉਸ ਦੀ ਕਦੇ ਵੀ ਮੌਤ ਨਹੀਂ ਹੁੰਦੀ।

***ਬ੍ਰਹਮ ਗਿਆਨੀ ਮੁਕਤਿ ਜੁਗਤਿ ਜੀਅ ਕਾ ਦਾਤਾ ॥***

***ਬ੍ਰਹਮ ਗਿਆਨੀ ਪੂਰਨ ਪੁਰਖੁ ਬਿਧਾਤਾ ॥***

ਜੋ ਬ੍ਰਹਮ ਗਿਆਨੀ ਹੈ, ਉਹ ਮੁਕਤੀ ਦੀ ਜੁਗਤੀ ਜੀਅ ਨੂੰ ਦਾਨ ਵਿੱਚ ਦੇਂਦਾ ਹੈ ਕਿ ਭਾਈ, ਇਸ ਤਰਾਂ ਤੇਰਾ ਆਵਾਗਮਣ ਕੱਟਿਆ ਜਾਏਗਾ। ਉਹ ਗੁਰੂ ਦਾ ਹੁਕਮ (ਉਪਦੇਸ਼) ਜੀਅ ਨੂੰ ਦ੍ਰਿੜ ਕਰਵਾ ਦੇਂਦਾ ਹੈ ਤੇ ਜੀਵ ਨੂੰ ਦ੍ਰਿੜ ਹੋ ਜਾਂਦਾ ਹੈ ਕਿ :-

**H ਨਾਨਕ ਭਉਜਲੁ ਪਾਰਿ ਪਰੈ ਜਉ ਗਾਵੈ ਪ੍ਰਭ ਕੇ ਗੀਤ ॥ (ਪੰਨਾ ੫੩੬)**

ਇਹ ਦ੍ਰਿੜਦਾ (faith) ਬ੍ਰਹਮ ਗਿਆਨੀ ਦੀ ਸੰਗਤਿ ਵਿੱਚ ਹੀ ਪੱਕੀ ਹੁੰਦੀ ਹੈ ਕਿ ਕੇਵਲ ਪ੍ਰਭੂ ਦੇ ਗੁਣ ਗਾ ਕੇ ਹੀ ਆਵਾਗਮਣ ਕੱਟਿਆ ਜਾਂਦਾ ਹੈ।

ਬ੍ਰਹਮ ਗਿਆਨੀ ਆਪ ਹੀ ਪੂਰਨ (ਸਰਬ ਸਮਰੱਥ) ਪੁਰਖ (ਹਰ ਥਾਂ ਤੇ ਵਿਆਪਕ) ਬਿਧਾਤਾ (ਸਿਰਜਣਹਾਰ) ਹੈ। ਉਹ ਗਿਆਨ ਸਰੂਪ ਹੋਣ ਕਰਕੇ ਪ੍ਰਭੂ ਰੂਪ ਹੈ।

***ਬ੍ਰਹਮ ਗਿਆਨੀ ਅਨਾਥ ਕਾ ਨਾਥੁ ॥***

***ਬ੍ਰਹਮ ਗਿਆਨੀ ਕਾ ਸਭ ਊਪਰਿ ਹਾਥੁ ॥***

ਬ੍ਰਹਮ ਗਿਆਨੀ ਅਨਾਥਾਂ ਦਾ ਨਾਥ (ਨਿਥਾਵਿਆਂ ਦਾ ਥਾਂ , Lord of Destitudes) ਹੈ।

ਬ੍ਰਹਮ ਗਿਆਨੀ ਦੀ ਜੋ ਰੱਖਿਆ (ਦਇਆ) ਹੈ, ਉਹ ਸਭ ਉਪਰ ਹੀ ਹੁੰਦੀ ਹੈ ਕਿਉਂਕਿ ਸਭ ਜੀਵ ਉਸ ਦੇ ਬੱਚਿਆਂ ਵਾਂਗ ਹਨ ਤੇ ਉਹ ਸਭ ਤੇ ਦਇਆ ਕਰਦਾ ਹੈ।

***ਬ੍ਰਹਮ ਗਿਆਨੀ ਕਾ ਸਗਲ ਅਕਾਰੁ ॥***

***ਬ੍ਰਹਮ ਗਿਆਨੀ ਆਪਿ ਨਿਰੰਕਾਰੁ ॥***

ਇਹ ਜੋ ਸਾਰੀ ਰਚਨਾ ਹੈ, ਸਾਰਾ ਆਕਾਰ ਬਣਿਆ ਹੋਇਆ ਹੈ, ਇਹ ਬ੍ਰਹਮ ਗਿਆਨੀ ਦਾ ਹੀ ਬਣਾਇਆ ਹੋਇਆ ਹੈ। ਉਹੀ ਇਸ ਦਾ ਮਾਲਕ ਹੈ।

ਬ੍ਰਹਮ ਗਿਆਨੀ ਆਪ ਹੀ ਨਿਰੰਕਾਰ (ਆਕਾਰ ਤੋਂ ਰਹਿਤ ਪ੍ਰਭੂ) ਹੈ। ਇੱਥੇ ਸੁਰਤਿ ਦੀ ਗੱਲ ਹੋ ਰਹੀ ਹੈ, ਸਰੀਰ ਦੀ ਨਹੀਂ ਹੋ ਰਹੀ।

***ਬ੍ਰਹਮ ਗਿਆਨੀ ਕੀ ਸੋਭਾ ਬ੍ਰਹਮ ਗਿਆਨੀ ਬਨੀ ॥***

***ਨਾਨਕ ਬ੍ਰਹਮ ਗਿਆਨੀ ਸਰਬ ਕਾ ਧਨੀ ॥੮॥੮॥***

ਬ੍ਰਹਮ ਗਿਆਨੀ ਦੀ ਵਡਿਆਈ ਕਿੱਡੀ ਵੱਡੀ ਹੈ, ਇਹ ਬ੍ਰਹਮ ਗਿਆਨੀ ਨੂੰ ਹੀ ਪਤਾ ਲਗਦਾ ਹੈ। ਜਿਸ ਨੂੰ ਵੀ ਗਿਆਨ ਹੋ ਜਾਵੇ, ਉਸ ਨੂੰ ਹੀ ਸਮਝ ਪੈਂਦੀ ਹੈ ਕਿ ਬ੍ਰਹਮ ਗਿਆਨੀ ਦੀ ਆਤਮਾ ਕੈਸੀ ਹੈ। ਦੂਸਰੇ ਨੂੰ ਸਮਝ ਨਹੀਂ ਪੈ ਸਕਦੀ।

ਹੇ ਨਾਨਕ ! ਜੋ ਬ੍ਰਹਮ ਗਿਆਨੀ ਹੈ, ਉਸ ਤਾਂ ਆਪ ਸਭ ਰਚਨਾ ਦਾ ਮਾਲਕ, ਸਿਰਜਣਹਾਰ, ਪਾਲਣਹਾਰ, ਬਖਸ਼ਣਹਾਰ, ਨਿਰੰਕਾਰ ਰੂਪ ਹੈ।

**H H H H H**

## ***ਅਸਟਪਦੀ ੯ (ਪੰਨਾ ੨੭੪)***

## *ਸਲੋਕੁ ॥*

## *ਉਰਿ ਧਾਰੈ ਜੋ ਅੰਤਰਿ ਨਾਮੁ ॥*

ਜੋ ਅਪਨੇ ਹਿਰਦੇ ਅੰਦਰ ਨਾਮ ਨੂੰ ਧਾਰਨ ਕਰ ਲੈਂਦਾ ਹੈ (ਵਸਾ ਲੈਂਦਾ ਹੈ)।

## *ਸਰਬ ਮੈ ਪੇਖੈ ਭਗਵਾਨੁ ॥*

ਜਿਸ ਆਤਮਾ ਨੂੰ ਸਾਰੇ ਹੀ ਭਗਵਾਨ ਨਦਰੀ ਆਉਂਦਾ ਹੈ (ਅਨੁਭਵ ਵਿੱਚ ਆਉਂਦਾ ਹੈ)।

## *ਨਿਮਖ ਨਿਮਖ ਠਾਕੁਰ ਨਮਸਕਾਰੈ ॥*

ਉਹ ਆਤਮਾ ਹਰ ਪਲ (moment) ਪ੍ਰਭੂ ਨੂੰ ਹੀ ਨਮਸ਼ਕਾਰ ਕਰਦੀ ਰਹਿੰਦੀ ਹੈ (ਪ੍ਰਭੂ ਦੀ ਸ਼ਰਨ ਵਿੱਚ ਹੀ ਰਹਿੰਦੀ ਹੈ)।

## *ਨਾਨਕ ਓਹੁ ਅਪਰਸੁ ਸਗਲ ਨਿਸਤਾਰੈ ॥ ੧ ॥*

ਹੇ ਨਾਨਕ ! ਉਹ ਆਤਮਾ ਅਪਰਸ ਹੈ। 'ਅਪਰਸ' ਉਹ ਹੈ, ਜਿਸ ਨੂੰ ਮਾਇਆ ਛੂ ਨਾ ਸਕੇ (Touch ਨਾ ਕਰੇ), ਜਿਸ ਤੇ ਮਾਇਆ ਦਾ ਕੋਈ ਅਸਰ ਨਾ ਹੋਵੇ। ਉਹ ਅਪਰਸ ਆਤਮਾ ਸਭ ਦਾ ਨਿਸਤਾਰਾ ਕਰਦੀ ਹੈ। ਹਜ਼ੂਰ ਨੇ ਪਹਿਲਾਂ 'ਬ੍ਰਹਮ ਗਿਆਨੀ' ਦੇ ਗੁਣ ਦੱਸੇ ਨੇ। ਹੁਣ 'ਅਪਰਸ' ਦੇ ਗੁਣ ਦਸ ਰਹੇ ਨੇ। ਵੱਖਰੇ ਵੱਖਰੇ ਅੱਖਰਾਂ ਦੁਆਰਾ ਹਜ਼ੂਰ ਕਹਿ ਰਹੇ ਨੇ ਕਿ ਉਹੀ ਆਤਮਾ ਐਸੀ ਹੈ, ਜੋ ਪ੍ਰਭੂ ਵਿੱਚ ਸਮਾ ਗਈ। ਇਹ ਸਭ ਆਤਮਾਵਾਂ ਦੀ ਅਵਸਥਾ ਇੱਕ ਹਨ। ਕੋਈ ਅੱਖਰਾਂ ਮਗਰ ਨਹੀਂ ਜਾਣਾ। ਅੱਖਰ ਜੋ ਅਵਸਥਾ ਬਿਆਨ ਕਰ ਰਹੇ ਹਨ, ਉਹਨਾਂ ਤੋਂ ਗੁਣਾਂ ਦਾ ਪਤਾ ਲਗਦਾ ਹੈ ਕਿ ਉਹ ਆਤਮਾ ਕੈਸੀ ਹੁੰਦੀ ਹੈ, ਤੇ ਉਹ ਸਭ ਆਤਮਾਵਾਂ ਵਿੱਚ ਗੁਣ ਹਜ਼ੂਰ ਨੇ ਇੱਕ ਹੀ ਦੱਸੇ ਹਨ।

## *ਅਸਟਪਦੀ ॥*

## *ਮਿਥਿਆ ਨਾਹੀ ਰਸਨਾ ਪਰਸ ॥*

## *ਮਨ ਮਹਿ ਪ੍ਰੀਤਿ ਨਿਰੰਜਨ ਦਰਸ ॥*

ਜੋ ਅਪਰਸ ਹੈ, ਉਹ ਰਸਨਾ ਦੇ ਨਾਲ ਮਿਥਿਆ (ਕੂੜ) ਦੀਆਂ ਗੱਲਾਂ ਨਹੀਂ ਕਰਦਾ। ਉਹਨੂੰ ਉਹ ਗੱਲਾਂ ਚੰਗੀਆਂ ਹੀ ਨਹੀਂ ਲਗਦੀਆਂ।
ਉਹਦੇ ਮਨ ਵਿੱਚ ਤਾਂ ਪ੍ਰਭੂ ਦੇ ਦਰਸ਼ਨ ਦੀ ਪ੍ਰੀਤਿ ਲੱਗੀ ਹੁੰਦੀ ਹੈ (ਰੀਝ ਬਣੀ ਹੁੰਦੀ ਹੈ) ਕਿ ਮੈਨੂੰ ਨਿਰਲੇਪ ਪ੍ਰਭੂ ਦੇ ਦਰਸ਼ਨ ਹੋਣ।

## *ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ ॥*

## *ਸਾਧ ਕੀ ਟਹਲ ਸੰਤਸੰਗਿ ਹੇਤ ॥*

ਐਸੀ ਆਤਮਾ ਪਰਾਈ ਇਸਤ੍ਰੀ ਦੇ ਰੂਪ ਵੱਲ ਨਹੀਂ ਵੇਖਦੀ। ਨਾ ਹੀ ਉਸਨੂੰ ਕੋਈ ਦੂਜਾ ਰੂਪ ਖਿੱਚ ਸਕਦਾ ਹੈ।
ਉਹ ਤਾਂ ਸਾਧੂ ਦੀ ਸੰਗਤਿ ਵਿੱਚ ਰਹਿ ਕੇ, ਸਾਧੂ ਦੇ ਪ੍ਰੇਮ ਵਿੱਚ ਰਹਿ ਕੇ ਪ੍ਰਸੰਨ ਹੁੰਦੀ ਹੈ। ਸਾਧੂ ਦੀ ਸੇਵਾ ਵਿੱਚ ਹੀ ਉਸ ਦੀ ਪ੍ਰੀਤਿ ਹੁੰਦੀ ਹੈ।

## *ਕਰਨ ਨ ਸੁਨੈ ਕਾਹੂ ਕੀ ਨਿੰਦਾ ॥*

## *ਸਭ ਤੇ ਜਾਨੈ ਆਪਸ ਕਉ ਮੰਦਾ ॥*

ਉਸ ਦੇ ਕੰਨ ਕਿਸੇ ਦੀ ਨਿੰਦਿਆ ਸੁਣ ਕੇ ਖੁਸ਼ ਨਹੀਂ ਹੁੰਦੇ। ਆਮ ਜੀਵ ਦੂਜੇ ਜੀਵ ਦੀ ਕੋਈ ਊਨਤਾਈ ਵੇਖ ਕੇ ਪ੍ਰਸੰਨ ਹੁੰਦੇ ਹਨ। ਪਰ ਅਪਰਸ ਆਤਮਾ ਐਸੀ ਊਨਤਾਈ ਨਾ ਵੇਖਦੀ ਹੈ, ਨਾ ਵੇਖਣ ਦੀ ਰੀਝ ਰਖਦੀ ਹੈ ਤੇ ਨਾ ਹੀ ਉਹ ਕਿਸੇ ਦੀ ਊਨਤਾਈਆਂ ਬਾਰੇ ਸੁਣਦੀ ਹੈ।
ਉਹ ਤਾਂ ਆਪਣੇ ਆਪ ਨੂੰ ਸਭ ਤੋਂ ਨੀਵਾਂ ਜਾਣਦੀ ਹੈ ਕਿਉਂਕਿ ਉਸ ਨੂੰ ਸਾਰੇ ਪ੍ਰਭੂ ਨਜ਼ਰ ਆਉਂਦਾ ਹੈ।

## *ਗੁਰ ਪ੍ਰਸਾਦਿ ਬਿਖਿਆ ਪਰਹਰੈ ॥*

## *ਮਨ ਕੀ ਬਾਸਨਾ ਮਨ ਤੇ ਟਰੈ ॥*

ਗੁਰੂ ਦੀ ਕ੍ਰਿਪਾ ਦੁਆਰਾ ਉਹ ਆਤਮਾ ਮਾਇਆ ਦੇ ਮੋਹ ਦੇ ਜ਼ਹਿਰ ਨੂੰ ਦੂਰ ਕਰ ਲੈਂਦੀ ਹੈ।
ਮਨ ਵਿੱਚੋਂ ਮਾਇਆ ਦੀਆਂ ਸਾਰੀਆਂ ਰੀਝਾਂ ਉਹ ਕੱਢ ਦੇਂਦੀ ਹੈ। ਉਸ ਨੂੰ ਮਾਇਆ ਦੀ ਕੋਈ ਖਿੱਚ ਬਾਕੀ ਨਹੀਂ ਰਹਿੰਦੀ।

## *ਇੰਦ੍ਰੀ ਜਿਤ ਪੰਚ ਦੋਖ ਤੇ ਰਹਤ ॥*

## *ਨਾਨਕ ਕੋਟਿ ਮਧੇ ਕੋ ਐਸਾ ਅਪਰਸ ॥ ੧ ॥*

ਅਪਰਸ ਆਤਮਾ (ਜੋ ਮਾਇਆ ਦੀ ਖਿੱਚ ਵਿੱਚ ਨਹੀਂ ਹੈ, ਜੋ ਮਾਇਆ ਦੇ ਮੋਹ ਵਿੱਚ ਨਹੀਂ ਹੈ) ਆਪਣੀਆਂ ਇੰਦ੍ਰੀਆਂ ਤੇ ਨਿਯੰਤ੍ਰਣ (control) ਕਰ ਲੈਂਦੀ ਹੈ ਤੇ ਪੰਜਾਂ ਦੋਖਾਂ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ) ਤੋਂ ਰਹਿਤ ਹੋ ਜਾਂਦੀ ਹੈ।

ਪਰ ਹੇ ਨਾਨਕ ! ਐਸੀ ਆਤਮਾ ਕੋਈ ਕਰੋੜਾਂ ਵਿੱਚ ਕਿਤੇ ਵਿਰਲੀ ਹੀ ਹੁੰਦੀ ਹੈ। ਹਜ਼ੂਰ ਨੇ 'ਅਪਰਸ' ਦੇ ਗੁਣ ਦੱਸੇ। ਇਹ ਉਹੀ ਗੁਣ ਹਨ, ਜੋ ਸਾਧੂ ਵਿੱਚ ਹਨ, ਜੋ ਸੰਤ ਵਿੱਚ ਹਨ, ਜੋ ਬ੍ਰਹਮ ਗਿਆਨੀ ਵਿੱਚ ਹਨ, ਜੋ ਗੁਰੂ ਵਿੱਚ ਹਨ, ਜੋ ਸਤਿਗੁਰੂ ਵਿੱਚ ਹਨ। ਹੁਣ ਹਜ਼ੂਰ ਵੈਸ਼ਨੋ ਦੇ ਗੁਣ ਦਸਦੇ ਨੇ।

## *ਬੈਸਨੋ ਸੋ ਜਿਸੁ ਊਪਰਿ ਸੁਪ੍ਰਸੰਨ ॥*
## *ਬਿਸਨ ਕੀ ਮਾਇਆ ਤੇ ਹੋਇ ਭਿੰਨ ॥*

ਹਜ਼ੂਰ ਇਹ ਨਹੀਂ ਮੰਨਦੇ ਕਿ ਜੋ ਮੀਟ ਨਾ ਖਾਵੇ ਉਹ ਵੈਸ਼ਨੋ ਹੋ ਜਾਂਦਾ ਹੈ ਯਾ ਜੋ ਅੰਡਾ ਨਾ ਖਾਵੇ, ਉਹ ਵੈਸ਼ਨੋ ਹੁੰਦਾ ਹੈ। ਹਜ਼ੂਰ ਕਹਿੰਦੇ ਨੇ ਕਿ ਵੈਸ਼ਨੋ ਤਾਂ ਉਹ ਹੁੰਦਾ ਹੈ, ਜਿਸ ਤੇ ਉਪਰ ਪ੍ਰਭੂ ਪ੍ਰਸੰਨ ਹੋ ਜਾਵੇ। ਪ੍ਰਭੂ ਦੀ ਪ੍ਰਸੰਨਤਾ ਦੀ ਨਿਸ਼ਾਨੀ ਕੀ ਹੈ ? ਕਉਣ ਵੈਸ਼ਨੋ ਹੈ ?

ਜੋ ਬਿਸ਼ਨ ਜੀ ਦੀ ਮਾਇਆ ਹੈ (ਸਿਰਜਣਹਾਰ ਪ੍ਰਭੂ ਨੇ ਜੋ ਰਚਨਾ ਰਚੀ ਹੈ ਤੇ ਮਾਇਆ ਦਾ ਮੋਹ ਜੀਵਾਂ ਨੂੰ ਲਾਇਆ ਹੈ), ਜੋ ਆਤਮਾ ਇਸ ਤੋਂ ਨਿਰਲੇਪ ਹੋ ਜਾਵੇ, ਉਹ ਵੈਸ਼ਨੋ ਹੈ। ਦੂਜਾ ਕੋਈ ਵੈਸ਼ਨੋ ਨਹੀਂ।

## *ਕਰਮ ਕਰਤ ਹੋਵੈ ਨਿਹਕਰਮ ॥*
## *ਤਿਸੁ ਬੈਸਨੋ ਕਾ ਨਿਰਮਲ ਧਰਮ ॥*

ਉਹ ਕਰਮ ਕਰਦਾ ਹੋਇਆ ਹੀ ਨਿਹਕਰਮ ਰਹਿੰਦਾ ਹੈ ਕਿਉਂਕਿ ਉਸ ਦਾ ਕਰਮ (action) ਨਿਰਮਲ (unattached) ਹੁੰਦਾ ਹੈ। ਉਹ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿ ਦੀ ਅਧੀਨਗੀ ਅਧੀਨ ਕਰਮ ਨਹੀਂ ਕਰਦਾ। ਉਸ ਦਾ ਕਰਮ ਜੋ ਹੈ, ਉਹ ਨਿਰਮਲ ਕਰਮ (unattached action) ਹੈ।

ਜਿਹੜਾ ਵੈਸ਼ਨੋ ਹੈ, ਉਸ ਦਾ ਨਿਰਮਲ ਧਰਮ ਹੋ ਜਾਂਦਾ ਹੈ, ਨਿਰਮਲ ਕਰਮ ਕਰਨ ਕਰਕੇ।

## *ਕਾਹੂ ਫਲ ਕੀ ਇਛਾ ਨਹੀ ਬਾਛੈ ॥*
## *ਕੇਵਲ ਭਗਤਿ ਕੀਰਤਨ ਸੰਗਿ ਰਾਚੈ ॥*

ਵੈਸ਼ਨੋ ਉਹ ਹੈ, ਜਿਸ ਨੂੰ ਕੀਤੇ ਕਰਮ ਦੇ ਫਲ ਦੀ ਇੱਛਾ ਨਹੀਂ ਹੈ (ਕਿ ਮੈਂ ਇਹ ਕਰਮ ਕੀਤਾ, ਮੈਨੂੰ ਇਹ ਫਲ ਮਿਲ ਜਾਵੇ)। ਉਹ ਤਾਂ ਕਰਮ ਇਸ ਲਈ ਕਰਦਾ ਹੈ ਕਿ ਇਹ ਕਰਨਾ ਹੈ ਤੇ ਉਹ ਨਿਰਲੇਪ ਹੋ ਕੇ ਕਰਮ ਕਰਦਾ ਹੈ।

ਉਸ ਨੂੰ ਤਾਂ ਕੇਵਲ ਰੱਬ ਜੀ ਦੀ ਭਗਤੀ ਦੀ ਤੇ ਰੱਬ ਜੀ ਦੇ ਗੁਣ ਗਾਉਣ ਦੀ ਹੀ ਰੀਝ ਲੱਗੀ ਰਹਿੰਦੀ ਹੈ। ਇਹਦੇ ਵਿੱਚ (ਪ੍ਰਭੂ ਪ੍ਰੀਤਿ ਵਿੱਚ) ਹੀ ਉਹ ਹਮੇਸ਼ਾ ਟਿਕਿਆ ਰਹਿੰਦਾ ਹੈ।

## *ਮਨ ਤਨ ਅੰਤਰਿ ਸਿਮਰਨ ਗੋਪਾਲ ॥*
## *ਸਭ ਊਪਰਿ ਹੋਵਤ ਕਿਰਪਾਲ ॥*

ਵੈਸ਼ਨੋ ਮਨ ਕਰਕੇ ਤੇ ਤਨ ਕਰਕੇ ਪਾਲਣਹਾਰ ਪ੍ਰਭੂ ਨੂੰ ਪ੍ਰੇਮ ਨਾਲ ਯਾਦ ਕਰਦਾ ਰਹਿੰਦਾ ਹੈ।

ਸਭ ਤੇ ਉਸ ਦੀ ਕ੍ਰਿਪਾ ਦ੍ਰਿਸ਼ਟੀ ਹੁੰਦੀ ਹੈ।

## *ਆਪਿ ਦ੍ਰਿੜੈ ਅਵਰਹ ਨਾਮੁ ਜਪਾਵੈ ॥*
## *ਨਾਨਕ ਓਹੁ ਬੈਸਨੋ ਪਰਮ ਗਤਿ ਪਾਵੈ ॥ ੨ ॥*

ਇਹ ਵੈਸ਼ਨੋ ਦੀ ਨਿਸ਼ਾਨੀ ਹੈ। 'ਗੁਰਸਿੱਖ' ਦੀ ਨਿਸ਼ਾਨੀ ਵੀ ਹਜ਼ੂਰ ਨੇ ਏਹੀ ਦੱਸੀ ਹੈ ਕਿ :-

**H ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ**
**ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥ (ਪੰਨਾ ੩੦੬)**

ਇੱਥੇ ਬੈਸ਼ਨੋ ਦੀ ਨਿਸ਼ਾਨੀ ਹਜ਼ੂਰ ਦਸ ਰਹੇ ਨੇ ਕਿ ਉਹ ਕੀ ਕਰਦਾ ਹੈ ? ਉਹ ਆਪ ਨਾਮ ਦ੍ਰਿੜ ਕਰਦਾ ਹੈ। ਦੂਜਿਆਂ ਨੂੰ ਨਾਮ ਜਪਣ ਲਈ ਪ੍ਰੇਰਨਾ ਕਰਦਾ ਹੈ।

ਹੇ ਨਾਨਕ ! ਜੋ ਕੋਈ ਐਸਾ ਵੈਸ਼ਨੋ ਹੋ ਜਾਵੇ ਤਾਂ ਉਸਨੂੰ ਪਰਮ ਗਤੀ ਮਿਲਦੀ ਹੈ। ਜਿਹਨੂੰ ਅਸੀਂ ਵੈਸ਼ਨੋ ਕਹਿੰਦੇ ਹਾਂ ਕਿ ਇਹ ਸ਼ਾਕਾਹਾਰੀ (Vegetarian) ਹੈ ਤੇ ਵੈਸ਼ਨੋ ਹੈ, ਹਜ਼ੂਰ ਕਹਿੰਦੇ ਨੇ ਕਿ ਉਹਨੂੰ ਗਤੀ ਨਹੀਂ ਮਿਲਦੀ। ਜੋ ਆਤਮਾ ਉਪਰ ਦੱਸੇ ਗੁਣ ਗ੍ਰਹਿਣ ਕਰਦੀ ਹੈ, ਉਸ ਆਤਮਾ (ਵੈਸ਼ਨੋ) ਨੂੰ ਪਰਮਗਤੀ ਮਿਲਦੀ ਹੈ।

ਹੁਣ ਹਜ਼ੂਰ 'ਭਗਉਤੀ' ਦੇ ਲੱਛਣ ਦਸਦੇ ਨੇ।

## *ਭਗਉਤੀ ਭਗਵੰਤ ਭਗਤਿ ਕਾ ਰੰਗੁ ॥*
## *ਸਗਲ ਤਿਆਗੈ ਦੁਸਟ ਕਾ ਸੰਗੁ ॥*

ਭਗਉਤੀ (ਉਸ ਭਗਵਾਨ ਦੀ ਭਗਤੀ ਕਰਨ ਵਾਲਾ) ਉਹ ਹੈ, ਜਿਸਨੂੰ ਭਗਤੀ ਨਾਲ ਪ੍ਰੀਤਿ ਹੋ ਗਈ। ਜਿਸਨੂੰ ਰੱਬ ਜੀ ਨਾਲ ਹੀ ਪਿਆਰ ਹੋ ਗਇਆ, ਉਹ ਭਗਉਤੀ ਹੈ, ਹੋਰ ਕੋਈ ਭਗਉਤੀ ਨਹੀਂ। ਹਜ਼ੂਰ ਗੁਰੂ ਪਾਤਸ਼ਾਹ ਵੇਲੇ ਰਾਸਾਂ ਪਾਉਣ ਵਾਲੇ (ਜੋ ਦੇਵੀ
ਦੇਵਤਿਆਂ ਦਾ ਰੂਪ ਧਾਰਨ ਕਰਕੇ ਰਾਸਾਂ ਪਾਉਂਦੇ ਤੇ ਪੈਸੇ ਮੰਗਦੇ ਫਿਰਦੇ ਸਨ) ਆਪਣੇ ਆਪ ਨੂੰ ਭਗਉਤੀ ਕਹਿੰਦੇ ਸਨ। ਹਜ਼ੂਰ ਕਹਿੰਦੇ ਨੇ ਕਿ ਇਹ ਭਗਉਤੀ ਨਹੀਂ। 'ਭਗਉਤੀ' ਤਾਂ ਉਹ ਹੈ, ਜਿਹਨੂੰ ਰੱਬ ਜੀ ਦੀ ਭਗਤੀ ਨਾਲ ਹੀ ਪਿਆਰ ਹੋ ਗਇਆ ਹੈ।

ਜੋ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਸਾਰੇ ਸੰਸਾਰ ਨੂੰ ਚੰਬੜੇ ਹੋਏ ਹਨ, ਜਿਹੜਾ ਉਨ੍ਹਾਂ ਦੀ ਸੰਗਤਿ ਛੱਡ ਦੇਂਦਾ ਹੈ, ਉਹ ਭਗਉਤੀ ਹੈ।

## *ਮਨ ਤੇ ਬਿਨਸੈ ਸਗਲਾ ਭਰਮੁ ॥*
## *ਕਰਿ ਪੂਜੈ ਸਗਲ ਪਾਰਬ੍ਰਹਮੁ ॥*

ਜਿਸ ਦਾ ਸਭ ਭਰਮ ਭੁਲੇਖਾ ਦੂਰ ਹੋ ਜਾਵੇ, ਉਹ ਭਗਉਤੀ ਹੈ।

ਜੋ ਸਾਰੇ ਇੱਕ ਪਾਰਬ੍ਰਹਮ ਪਰਮੇਸ਼ਰ ਨੂੰ ਜਾਣ ਕੇ, ਉਸ ਦੀ ਪੂਜਾ ਵਿੱਚ ਰਹੇ, ਉਹ ਭਗਉਤੀ ਹੈ।

## *ਸਾਧਸੰਗਿ ਪਾਪਾ ਮਲੁ ਖੋਵੈ ॥*
## *ਤਿਸੁ ਭਗਉਤੀ ਕੀ ਮਤਿ ਊਤਮ ਹੋਵੈ ॥*

ਜੋ ਸਾਧੂ ਦੀ ਸੰਗਤਿ ਵਿੱਚ ਰਹਿ ਕੇ ਆਪਣੇ ਪਾਪ ਨਸ਼ਟ ਕਰ ਲਵੇ,

ਉਸ ਭਗਉਤੀ ਦੀ ਮੱਤ ਉੱਤਮ (ਨਿਰਮਲ) ਹੋ ਜਾਂਦੀ ਹੈ।

## *ਭਗਵੰਤ ਕੀ ਟਹਲ ਕਰੈ ਨਿਤ ਨੀਤਿ ॥*
## *ਮਨੁ ਤਨੁ ਅਰਪੈ ਬਿਸਨ ਪਰੀਤਿ ॥*

ਭਗਉਤੀ ਭਗਵਾਨ ਦੀ ਟਹਲ (ਸੇਵਾ) ਨਿਤ ਨਿਤ ਕਰਦਾ ਹੈ। ਭਗਵਾਨ ਦੀ ਸੇਵਾ ਉਸ ਦੇ ਗੁਣ ਗਾਉਣੇ ਹਨ। ਭਾਵ ਇਹ ਹੈ ਕਿ, ਭਗਉਤੀ ਅੱਠੇ ਪਹਿਰ ਪ੍ਰਭੂ ਦੇ ਗੁਣ ਗਾਉਂਦਾ ਰਹਿੰਦਾ ਹੈ।

ਬਿਸ਼ਨ (ਰੱਬ) ਜੀ ਦੀ ਪ੍ਰੀਤਿ ਵਿੱਚ ਆਪਣਾ ਮਨ ਤਨ ਪ੍ਰਭੂ ਨੂੰ ਭੇਟਾ ਕਰ ਦੇਂਦਾ ਹੈ। ਉਹ ਮਨ ਦੀ ਸੋਚ ਤੇ ਤਨ ਦੀ ਰਹਿਣੀ ਪ੍ਰਭੂ ਦੇ ਹੁਕਮ ਵਿੱਚ ਲੈ ਆਉਂਦਾ ਹੈ। ਇਹ ਪ੍ਰੀਤਿ ਉਸ ਨੂੰ ਲੱਗ ਜਾਂਦੀ ਹੈ। ਉਹ ਭਗਉਤੀ ਹੈ।

## *ਹਰਿ ਕੇ ਚਰਨ ਹਿਰਦੈ ਬਸਾਵੈ ॥*
## *ਨਾਨਕ ਐਸਾ ਭਗਉਤੀ ਭਗਵੰਤ ਕਉ ਪਾਵੈ ॥ ੩ ॥*

ਜੇ ਕੋਈ ਹਰੀ ਦੇ ਚਰਨ (ਹਰੀ ਦੇ ਸ਼ਬਦ, ਗੁਰਬਾਣੀ) ਨੂੰ ਹਿਰਦੇ ਵਿੱਚ ਵਸਾ ਲਵੇ।

ਹੇ ਨਾਨਕ ! ਉਹ ਅਸਲ ਭਗਉਤੀ ਹੈ। ਐਸਾ ਭਗਉਤੀ (ਗੁਰਬਾਣੀ ਨੂੰ ਹਿਰਦੇ ਵਿੱਚ ਵਸਾਉਣ ਵਾਲਾ) ਉਸ ਪ੍ਰਾਰਬ੍ਰਹਮ ਪਰਮੇਸ਼ਰ ਨੂੰ ਪ੍ਰਾਪਤ ਕਰ ਲੈਂਦਾ ਹੈ।

ਹੁਣ ਪੰਡਿਤ ਦੇ ਗੁਣ ਹਜ਼ੂਰ ਦਸਦੇ ਨੇ :-

## *ਸੋ ਪੰਡਿਤੁ ਜੋ ਮਨੁ ਪਰਬੋਧੈ ॥*
## *ਰਾਮ ਨਾਮੁ ਆਤਮ ਮਹਿ ਸੋਧੈ ॥*

ਗੁਰਮੱਤਿ ਵਿੱਚ ਪੰਡਿਤ ਉਹ ਹੈ, ਜੋ ਆਪਣੇ ਮਨ ਨੂੰ ਗਿਆਨ ਦ੍ਰਿੜ ਕਰਾ ਲਵੇ ਤੇ ਆਪਣੇ ਮਨ ਨੂੰ ਗਿਆਨੀ ਬਣਾ ਲਵੇ (ਜੋ ਬ੍ਰਹਮ ਦੇ ਗਿਆਨ ਨੂੰ ਆਪਣੇ ਮਨ ਵਿੱਚ ਦ੍ਰਿੜ ਕਰ ਲਵੇ)। ਆਪਣੀ ਆਤਮਾ ਨੂੰ ਗਿਆਨ ਦੇਵੇ, ਦੂਜਿਆਂ ਨੂੰ ਨਾ ਵੰਡਦਾ ਫਿਰੇ (ਬਿਨਾਂ ਅਨੁਭਵ ਦੇ)। ਆਪਣੀ ਆਤਮਾ ਨੂੰ ਗਿਆਨ ਦ੍ਰਿੜ ਕਰਾਵੇ।

ਜੋ ਰਾਮ ਦੇ ਨਾਮ ਨੂੰ ਹਿਰਦੇ ਵਿੱਚ ਪੱਕਾ ਕਰੇ (ਰਾਮ ਦੇ ਨਾਮ ਨੂੰ ਪਕਾ ਲਵੇ), ਉਹ ਪੰਡਿਤ ਹੈ।

## *ਰਾਮ ਨਾਮ ਸਾਰੁ ਰਸੁ ਪੀਵੈ ॥*
## *ਉਸੁ ਪੰਡਿਤ ਕੈ ਉਪਦੇਸਿ ਜਗੁ ਜੀਵੈ ॥*

ਰਾਮ ਦੇ ਨਾਮ ਦੇ ਸ੍ਰੇਸ਼ਟ ਰਸ ਨੂੰ ਜੇ ਕੋਈ ਆਤਮਾ ਆਪ ਪੀ ਲਵੇ,

ਉਸ (ਪੰਡਿਤ) ਦੇ ਉਪਦੇਸ਼ ਦੁਆਰਾ ਸੰਸਾਰ ਦੇ ਜੀਵ ਪ੍ਰਫੁਲਿਤ ਹੁੰਦੇ ਹਨ। ਪਹਿਲਾਂ ਵੀ ਆਇਆ ਸੀ :-

**H ਜਿਸ ਕੈ ਅੰਤਰਿ ਬਸੈ ਨਿਰੰਕਾਰੁ ॥**
**ਤਿਸ ਕੀ ਸੀਖ ਤਰੈ ਸੰਸਾਰੁ ॥ (ਪੰਨਾ ੨੬੯)**

ਇੱਥੇ ਅੱਖਰਾਂ ਦਾ ਹੀ ਫਰਕ ਹੈ, ਭਾਵਨਾ ਉਹੀ ਹੈ।

## *ਹਰਿ ਕੀ ਕਥਾ ਹਿਰਦੈ ਬਸਾਵੈ ॥*
## *ਸੋ ਪੰਡਿਤੁ ਫਿਰਿ ਜੋਨਿ ਨ ਆਵੈ ॥*

ਜੋ ਪੰਡਿਤ ਹਰੀ ਦੀ ਕਥਾ (ਸਿਫਤਿ ਸਲਾਹ, ਗੁਣ) ਹਿਰਦੇ ਵਿੱਚ ਵਸਾ ਲਵੇ, ਹਜ਼ੂਰ ਕਹਿੰਦੇ ਨੇ ਕਿ ਉਸ ਪੰਡਿਤ ਦਾ ਆਵਾਗਮਣ ਕੱਟਿਆ ਜਾਂਦਾ ਹੈ। ਜੋ ਜਾਤ ਕਰਕੇ ਪੰਡਿਤ ਨੇ, ਉਨ੍ਹਾਂ ਦਾ ਆਵਾਗਮਣ ਨਹੀਂ ਕੱਟਿਆ ਜਾਂਦਾ। ਉਨ੍ਹਾਂ ਨੂੰ ਤਾਂ ਹਜ਼ੂਰ ਕਹਿੰਦੇ ਨੇ ਕਿ :-

**H ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ ॥**
**ਤਉ ਆਨ ਬਾਟ ਕਾਹੇ ਨਹੀ ਆਇਆ ॥ (ਪੰਨਾ ੩੨੪)**

ਭਾਈ, ਮੈਂ ਜੁਲਾਹਾ ਹਾਂ, ਤੂੰ ਪੰਡਿਤ ਹੈਂ, ਤੂੰ ਹੋਰ ਤਰਾਂ ਕਿਉਂ ਨਾ ਜੰਮ ਪਾਇਆ ? ਤੂੰ ਮੇਰੇ ਵਾਂਗ ਹੀ ਜੰਮਿਆ। ਤੇਰੇ ਵਿੱਚ ਕੀ ਖਾਸ ਗੁਣ ਹੈ, ਜੋ ਮੇਰੇ ਵਿੱਚ ਨਹੀਂ ? ਸੋ ਜਾਤ ਪਾਤ ਵਾਲਾ ਪੰਡਿਤ ਨਹੀਂ। ਪੰਡਿਤ ਉਹ ਹੈ, ਜੋ ਬ੍ਰਹਮ ਦੇ ਗਿਆਨ ਨੂੰ ਹਿਰਦੇ ਵਿੱਚ ਵਸਾ ਲਵੇ। ਉਹ ਫਿਰ ਆਵਾਗਮਣ ਵਿੱਚ ਨਹੀਂ ਆਉਂਦਾ।

## *ਬੇਦ ਪੁਰਾਨ ਸਿਮ੍ਰਿਤਿ ਬੂਝੈ ਮੂਲ ॥*
## *ਸੂਖਮ ਮਹਿ ਜਾਨੈ ਅਸਥੂਲੁ ॥*

ਵੇਦਾਂ, ਪੁਰਾਨਾ ਤੇ ਸਿਮ੍ਰਤੀਆਂ ਦੇ ਤੱਤ ਸਾਰ ਨੂੰ ਜੋ ਬੁੱਝ ਲੈਂਦਾ ਹੈ, ਉਹ ਪੰਡਿਤ ਹੈ। ਉਨ੍ਹਾਂ ਦਾ ਤੱਤ ਸਾਰ ਭਜਨ ਬੰਦਗੀ ਲਈ ਹੀ ਪ੍ਰੇਰਿਤ ਕਰਦਾ ਹੈ, ਮਰਯਾਦਾ ਲਈ ਪ੍ਰੇਰਿਤ ਨਹੀਂ ਕਰਦਾ। ਜੇ ਅਸਲੀਅਤ ਤੇ ਜੀਵ ਪਹੁੰਚੇ, ਤਾਂ ਉਹ ਪੰਡਿਤ ਬਣਦਾ ਹੈ।

ਉਸ ਪੰਡਿਤ ਨੂੰ ਹੀ ਪਤਾ ਲਗਦਾ ਹੈ ਕਿ ਨਿਰੰਕਾਰ ਵਿੱਚ ਹੀ ਸਾਰਾ ਆਕਾਰ ਹੈ। ਪ੍ਰਭੂ ਨਿਰੰਕਾਰ ਹੈ, ਉਸ ਵਿੱਚੋਂ ਹੀ ਸਾਰਾ ਆਕਾਰ ਪ੍ਰਗਟ ਹੋਇਆ ਹੈ ਤੇ ਉਸ ਵਿੱਚ ਸਮਾਇਆ ਹੋਇਆ ਹੈ। ਉਸ ਨਿਰੰਕਾਰ ਤੋਂ ਬਗੈਰ ਇਸ ਆਕਾਰ ਦੀ ਕੋਈ ਆਪਣੀ ਹੋਂਦ (ਹਸਤੀ) ਨਹੀਂ। ਸੂਖਮ (ਨਿਰੰਕਾਰ) ਪ੍ਰਭੂ ਵਿੱਚ ਹੀ ਇਹ ਸਾਰੀ ਅਸਥੂਲ (ਆਕਾਰ ਵਾਲੀ) ਰਚਨਾ ਟਿਕੀ ਹੋਈ ਹੈ।

## *ਚਹੁ ਵਰਨਾ ਕਉ ਦੇ ਉਪਦੇਸੁ ॥*
## *ਨਾਨਕ ਉਸੁ ਪੰਡਿਤ ਕਉ ਸਦਾ ਅਦੇਸੁ ॥ ੪ ॥*

ਜਿਹੜਾ ਸਾਰਿਆਂ ਨੂੰ ਉਪਦੇਸ਼ ਦੇਵੇ, ਉਹ ਪੰਡਿਤ ਹੈ। ਜਿਹਨੂੰ ਗਿਆਨ ਹੋ ਜਾਵੇ ਉਹ ਉਪਦੇਸ਼ ਸਭ ਨੂੰ ਦੇਂਦਾ ਹੈ। ਪੰਡਿਤਾਂ ਨੇ ਇਹ ਬਣਾਇਆ ਹੋਇਆ ਸੀ ਕਿ ਵੇਦ ਸਿਰਫ ਬ੍ਰਾਹਮਣ ਹੀ ਪੜ ਸਕਦਾ ਹੈ, ਹੋਰ ਕਿਸੇ ਨੂੰ ਸਿੱਖਿਆ ਨਹੀਂ ਦੇਣੀ। ਇੱਥੋਂ ਤਕ ਕਿ ਪਡਿੰਤ ਪੰਡਿਤਾਣੀ ਨੂੰ ਵੀ ਵੇਦ ਦੇ ਪਾਠ ਦੀ ਆਗਿਆ ਨਹੀਂ ਸੀ ਦੇਂਦੇ। ਹਜ਼ੂਰ ਗੁਰੂ ਪਾਤਸ਼ਾਹ ਨੇ ਕਹਿਆ ਕਿ ਇਹ ਗਲਤ ਹੈ। ਜਿਹਨੂੰ ਗਿਆਨ ਹੋਏਗਾ, ਉਹਦੇ ਲਈ ਤਾਂ ਭਾਈ ਸਾਰੇ ਜੀਵ ਹੀ ਇੱਕੋ ਜੇਹੇ ਹਨ। ਕੋਈ ਜਾਤ ਪਾਤ ਨਹੀਂ, ਕੋਈ ਵਰਣ ਨਹੀਂ, ਕੋਈ ਉਮਰ ਦਾ ਫਰਕ ਨਹੀਂ ਹੈ। ਐਸਾ ਪੰਡਿਤ ਤਾਂ ਸਭ ਨੂੰ ਉਪਦੇਸ਼ ਦੇਂਦਾ ਹੈ।

ਹੇ ਨਾਨਕ ! ਜੇ ਕੋਈ ਐਸਾ ਪੰਡਿਤ ਬਣ ਜਾਵੇ, ਤਾਂ ਉਸ ਨੂੰ ਸਦਾ ਨਮਸਕਾਰ ਹੈ। ਉਸ ਪੰਡਿਤ ਨੂੰ ਨਮਸਕਾਰ ਕਰਨੀ ਚਾਹੀਦੀ ਹੈ।

## *ਬੀਜ ਮੰਤ੍ਰ ਸਰਬ ਕੋ ਗਿਆਨੁ ॥*
## *ਚਹੁ ਵਰਨਾ ਮਹਿ ਜਪੈ ਕੋਊ ਨਾਮੁ ॥*

ਕਿਆ ਹਜ਼ੂਰ ਖੰਡਨ ਕਰ ਰਹੇ ਨੇ ਵਰਨਾਂ ਦਾ ਤੇ ਜਾਤ ਪਾਤ ਦਾ। ਹਜ਼ੂਰ ਕਹਿੰਦੇ ਨੇ ਕਿ ਜੋ ਅਸਲ ਗਿਆਨ (ਰੱਬ ਜੀ ਦਾ ਗਿਆਨ) ਹੈ, ਏਹੀ ਬੀਜ ਮੰਤ੍ਰ (ਅਸਲੀ ਮੰਤ੍ਰ, ਅਸਲੀ ਉਪਦੇਸ਼) ਹੈ। ਇਸ ਨੂੰ ਦ੍ਰਿੜ ਕਰਨਾ ਹੈ।

ਚੌਹਾਂ ਵਿੱਚੋਂ ਭਾਈ ਕੋਈ ਨਾਮ ਜਪ ਲਵੇ, ਉਹਨੂੰ ਹੀ ਇਹ ਪ੍ਰਾਪਤ ਹੋ ਸਕਦਾ ਹੈ। ਕੋਈ ਜ਼ਾਤ ਪਾਤ ਦੀ ਜਾਂ ਉਮਰਾਂ ਦੀ ਵੰਡ ਨਹੀਂ (ਕੋਈ ਹਿੱਸੇ ਨਹੀਂ ਮਨੁੱਖ ਜਾਤੀ ਦੇ)। ਇਹ ਤਾਂ ਸਾਰੀ ਮਨੁੱਖ ਜਾਤੀ ਲਈ ਗਿਆਨ ਹੈ।

## *ਜੋ ਜੋ ਜਪੈ ਤਿਸ ਕੀ ਗਤਿ ਹੋਇ ॥*
## *ਸਾਧਸੰਗਿ ਪਾਵੈ ਜਨੁ ਕੋਇ ॥*

ਕੋਈ ਇਸ ਨਾਮ ਨੂੰ ਜਪੇ, ਉਸ ਦੀ ਹੀ ਗਤੀ (ਕਲਿਆਣ) ਹੋ ਜਾਂਦੀ ਹੈ।

ਪਰ ਐਸਾ ਨਾਮ ਸਾਧਸੰਗਤਿ ਵਿੱਚ ਹੀ ਜਪਿਆ ਜਾਂਦਾ ਹੈ ਤੇ ਸਾਧ ਸੰਗਤਿ ਵਿਰਲਿਆਂ ਨੂੰ ਹੀ ਪ੍ਰਾਪਤ ਹੁੰਦੀ ਹੈ।

## *ਕਰਿ ਕਿਰਪਾ ਅੰਤਰਿ ਉਰ ਧਾਰੈ ॥*
## *ਪਸੁ ਪ੍ਰੇਤ ਮੁਘਦ ਪਾਥਰ ਕਉ ਤਾਰੈ ॥*

ਜੇ ਮਾਲਕ ਕ੍ਰਿਪਾ ਕਰੇ, ਕੋਈ ਆਤਮਾ ਇਸ ਗਿਆਨ ਨੂੰ (ਜੋ **ਬੀਜ ਮੰਤ੍ਰ ਸਰਬ ਕੋ ਗਿਆਨੁ** ਹੈ) ਹਿਰਦੇ ਵਿੱਚ ਵਸਾ ਲਵੇ,

ਤਾਂ ਇਹ ਗਿਆਨ ਐਸਾ ਸਮਰੱਥ ਹੈ ਕਿ ਪਸ਼ੂਆਂ (ਡੰਗਰਾਂ ਵਰਗੀਆਂ ਬਿਰਤੀਆਂ), ਪ੍ਰੇਤ (ਭੂਤਨਿਆਂ ਵਰਗੀਆਂ ਬਿਰਤੀਆਂ), ਮੁਘਦ (ਮੂਰਖ ਬਿਰਤੀਆਂ) ਤੇ ਪਾਥਰ (ਪੱਥਰ ਦਿੱਲ ਬਿਰਤੀਆਂ) ਨੂੰ ਇਹ ਗਿਆਨ ਤਾਰਨ ਦੇ ਸਮਰੱਥ ਹੈ। ਸੋ ਜੇ ਕੋਈ ਆਤਮਾ ਬਹੁਤ ਨੀਵੀਂ ਵੀ ਹੋਵੇ ਤਾਂ ਘਬਰਾਉਣ ਦੀ ਕੋਈ ਲੋੜ ਨਹੀਂ। ਇਸ ਗਿਆਨ ਨੂੰ ਦ੍ਰਿੜ ਕਰਨ ਨਾਲ ਉਹ ਆਤਮਾ ਉੱਚੀ ਹੋ ਜਾਂਦੀ ਹੈ ਤੇ ਪ੍ਰਭੂ ਵਿੱਚ ਸਮਾ ਜਾਂਦੀ ਹੈ।

## *ਸਰਬ ਰੋਗ ਕਾ ਅਉਖਦੁ ਨਾਮੁ ॥*
## *ਕਲਿਆਣ ਰੂਪ ਮੰਗਲ ਗੁਣ ਗਾਮ ॥*

ਸਭ ਤਕਲੀਫਾਂ ਦਾ ਇਲਾਜ ਹਰੀ ਨਾਮ ਹੈ। ਹਰੀ ਨਾਮ ਕਿਸ ਤਰਾਂ ਪ੍ਰਾਪਤ ਹੁੰਦਾ ਹੈ ? ਕੀ ਕਰਨਾ ਹੈ ?

ਇਹ ਕਲਿਆਣ ਰੂਪ (ਕਲਿਆਣ ਕਰਨ ਵਾਲੀ ਹੋਂਦ) ਹੈ- ਹਰੀ ਦਾ ਨਾਮ। ਕਿਸ ਤਰਾਂ ਇਹ ਹਰੀ ਨਾਮ ਪ੍ਰਾਪਤ ਹੁੰਦਾ ਹੈ (ਆਤਮਾ ਦਾ ਕਲਿਆਣ ਕਿਸ ਤਰਾਂ ਹੁੰਦਾ ਹੈ) ? ਮੰਗਲ ਕਿਸ ਤਰਾਂ ਹੁੰਦਾ ਹੈ (ਖੁਸ਼ੀਆਂ ਕਿਸ ਤਰਾਂ ਹੁੰਦੀਆਂ ਹਨ) ? ਗੁਣ ਗਾਉਣ ਨਾਲ। ਜੇ ਕੋਈ ਆਤਮਾ ਰੱਬ ਜੀ ਦੇ ਗੁਣ ਗਾਉਣ ਲੱਗ ਜਾਵੇ ਤਾਂ ਉਸ ਨੂੰ ਇਹ ਨਾਮ ਪ੍ਰਾਪਤ ਹੋ ਜਾਂਦਾ ਹੈ ਤੇ ਉਸ ਦਾ ਮਨ ਆਨੰਦ ਵਿੱਚ ਚਲਿਆ ਜਾਂਦਾ ਹੈ ਤੇ ਉਸ ਦਾ ਕਲਿਆਣ ਹੋ ਜਾਂਦਾ ਹੈ। ਹੋਰ ਕੋਈ ਸਾਧਨ ਨਹੀਂ।

## *ਕਾਹੂ ਜੁਗਤਿ ਕਿਤੈ ਨ ਪਾਈਐ ਧਰਮਿ ॥*
## *ਨਾਨਕ ਤਿਸੁ ਮਿਲੈ ਜਿਸੁ ਲਿਖਿਆ ਧੁਰਿ ਕਰਮਿ ॥੫॥*

ਪਰ ਇਹ ਜੋ ਗੁਣ ਗਾਉਣੇ ਹਨ, ਇਹ ਧੁਰ ਤੋਂ ਜਿਨ੍ਹਾਂ ਦੇ ਕਰਮਾਂ ਵਿੱਚ ਲਿਖੇ ਹੋਣ, ਇਹ ਧਰਮ (ਗਿਆਨ) ਉਨ੍ਹਾਂ ਨੂੰ ਹੀ ਪ੍ਰਾਪਤ ਹੁੰਦਾ ਹੈ। ਆਪਣੀ ਮਰਜ਼ੀ ਨਾਲ ਕੋਈ ਗੁਣ ਨਹੀਂ ਗਾ ਸਕਦਾ। ਪ੍ਰਭੂ ਦੀ ਜਿਸ ਤੇ ਮੇਹਰ (ਕਿਰਪਾ) ਹੋਵੇ, ਜਿਸ ਦੇ ਭਾਗਾਂ ਵਿੱਚ ਇਹ ਗੱਲ ਲਿਖੀ ਹੋਵੇ, ਉਹਨੂੰ ਹੀ ਇਹ ਗੱਲ ਸਮਝ ਪੈਂਦੀ ਹੈ ਤੇ ਉਹ ਆਤਮਾ ਹੀ ਗੁਣ ਗਾਉਣ ਲਗਦੀ ਹੈ। ਪਹਿਲਾਂ ਵੀ ਸਿਧਾਂਤ ਆ ਚੁੱਕਾ ਹੈ :-

**H ਆਪਿ ਜਪਾਏ ਜਪੈ ਸੋ ਨਾਉ ॥**
**ਆਪਿ ਗਾਵਾਏ ਸੁ ਹਰਿ ਗੁਨ ਗਾਉ ॥ (ਪੰਨਾ ੨੭੦)**

ਮਾਲਕ ਜਿਸ ਨੂੰ ਗੁਣ ਗਵਾਵੇ, ਉਹੀ ਗੁਣ ਗਾਉਣ ਲਗਦਾ ਹੈ।ਇੱਥੇ ਵੀ ਹਜ਼ੂਰ ਉਹੀ ਗੱਲ ਦ੍ਰਿੜ ਕਰਾ ਰਹੇ ਹਨ। ਹੋਰ ਥਾਂ ਵੀ ਹਜ਼ੂਰ ਗੁਰੂ ਪਾਤਸ਼ਾਹ ਦਾ ਹੁਕਮ ਹੈ ਕਿ :-

**H ਗੁਣ ਨਿਧਾਨ ਗੁਣ ਤਿਨ ਹੀ ਗਾਏ**
**ਜਾ ਕਉ ਕਿਰਪਾ ਧਾਰੀ ॥**
**ਸੋ ਸੁਖੀਆ ਧੰਨੁ ਉਸੁ ਜਨਮਾ**

ਨਾਨਕ ਤਿਸੁ ਬਲਿਹਾਰੀ ॥ (ਪੰਨਾ ੨੧੨)

ਪ੍ਰਭੂ ਦੇ ਗੁਣ ਪ੍ਰਭੂ ਦੀ ਕਿਰਪਾ ਦੁਆਰਾ ਹੀ ਗਾਏ ਜਾ ਸਕਦੇ ਹਨ। ਪ੍ਰਭੂ ਦੇ ਗੁਣ ਗਾਉਣ ਵਾਲੀ ਆਤਮਾ ਹੀ ਸੁਖੀ ਹੁੰਦੀ ਹੈ ਤੇ ਉਸ ਦਾ ਜਨਮ ਧੰਨਤਾ ਯੋਗ ਹੋ ਜਾਂਦਾ ਹੈ। ਇੱਥੇ ਵੀ ਹਜ਼ੂਰ ਉਹੀ ਸਿਧਾਂਤ ਦ੍ਰਿੜ ਕਰਾ ਰਹੇ ਹਨ।

***ਜਿਸ ਕੈ ਮਨਿ ਪਾਰਬ੍ਰਹਮ ਕਾ ਨਿਵਾਸੁ ॥***

***ਤਿਸ ਕਾ ਨਾਮੁ ਸਤਿ ਰਾਮਦਾਸੁ ॥***

ਜਿਸ ਦੇ ਮਨ ਵਿੱਚ ਵੀ ਪਾਰਬ੍ਰਹਮ ਪਰਮੇਸ਼ਰ ਦਾ ਨਿਵਾਸ ਹੋ ਜਾਵੇ,

ਉਸ ਦਾ ਨਾਮ ਹੀ ਰਾਮਦਾਸ ਹੈ। ਸੱਚਾ ਰਾਮ ਦਾ ਦਾਸ ਉਹੀ ਹੈ, ਜਿਸ ਦੇ ਹਿਰਦੇ ਵਿੱਚ ਪਾਰਬ੍ਰਹਮ ਪਰਮੇਸ਼ਰ ਦਾ ਨਿਵਾਸ ਹੋ ਜਾਵੇ। 'ਰਾਮਦਾਸ' ਵੀ ਇਨ੍ਹਾਂ ਵਿੱਚ ਇੱਕ ਫਿਰਕਾ ਸੀ ਉਸ ਵੇਲੇ, ਜਿਹੜੇ ਆਪਣੇ ਆਪ ਨੂੰ ਰਾਮ ਦਾ ਦਾਸ ਕਹਿੰਦੇ ਸਨ ਤੇ ਦੂਜਿਆਂ ਨਾਲੋਂ ਆਪਣੇ ਆਪ ਨੂੰ ਚੰਗਾ ਸਮਝਦੇ ਸਨ। ਹਜ਼ੂਰ ਕਹਿੰਦੇ ਨੇ ਕਿ ਭਾਈ ਇਸ ਤਰਾਂ ਜੋ ਤੁਸੀਂ ਆਪੇ ਹੀ 'ਰਾਮ ਦੇ ਦਾਸ' ਬਣੇ ਹੋਏ ਹੋ, ਆਪੇ ਹੀ 'ਭਗਉਤੀ' ਬਣੇ ਹੋਏ ਹੋ, ਆਪੇ ਹੀ 'ਪੰਡਿਤ' ਬਣੇ ਹੋਏ ਹੋ, ਇਹਦੇ ਨਾਲ ਕੰਮ ਨਹੀਂ ਚਲਦਾ। ਇਹ ਗੁਣ ਧਾਰਨ ਕਰੋ। ਤੇ ਗੁਣ ਸਭ ਦੇ ਹਜ਼ੂਰ ਨੇ ਇੱਕ ਹੀ ਦੱਸੇ ਨੇ ਕਿ ਪ੍ਰਭੂ ਪਰਮੇਸ਼ਰ ਪਾਰਬ੍ਰਹਮ ਵਿੱਚ ਤੁਹਾਡੀ ਆਤਮਾ ਸਮਾ ਜਾਵੇਗੀ, ਤਾਂ ਹੀ ਤੁਸੀਂ ਇਹ ਸ਼ਬਦ (ਭਗਉਤੀ, ਪੰਡਿਤ, ਰਾਮਦਾਸ ਆਦਿ) ਇਸਤੇਮਾਲ ਕਰਨ ਦੇ ਯੋਗ ਜੇ। ਨਹੀਂ ਤਾਂ ਤੁਸੀਂ ਅਯੋਗ ਇਸਤੇਮਾਲ ਕਰ ਰਹੇ ਜੇ। ਜਿਸ ਦੇ ਮਨ ਵਿੱਚ ਵੀ ਪਾਰਬ੍ਰਹਮ ਪਰਮੇਸ਼ਰ ਦਾ ਨਿਵਾਸ ਹੋ ਜਾਵੇ, ਉਹੀ ਸੱਚੇ ਰਾਮ ਦਾ ਦਾਸ ਹੈ। ਹੋਰ ਕੋਈ ਆਤਮਾ ਰਾਮ ਦੀ ਦਾਸ ਨਹੀਂ।

***ਆਤਮ ਰਾਮੁ ਤਿਸੁ ਨਦਰੀ ਆਇਆ ॥***

***ਦਾਸ ਦਸੰਤਣ ਭਾਇ ਤਿਨਿ ਪਾਇਆ ॥***

ਜੋ ਆਤਮ ਰਾਮ ਹੈ (ਆਤਮਾ ਵਿੱਚ ਸਮਾਇਆ ਹੋਇਆ ਜੋ ਰਾਮ ਹੈ), ਉਹ ਉਸ ਦੇ ਨਦਰੀ ਹੀ ਆਉਂਦਾ ਹੈ, ਜਿਸ ਆਤਮਾ ਦਾ ਨਿਵਾਸ ਪਾਰਬ੍ਰਹਮ ਪਰਮੇਸ਼ਰ ਵਿੱਚ ਹੋ ਜਾਵੇ। ਉਹ ਕਿਸ ਤਰਾਂ ਪ੍ਰਾਪਤ ਹੁੰਦਾ ਹੈ ?

ਉਹ ਨਮਰਤਾ ਨਾਲ ਸ਼ਰਨ ਪੈਣ ਤੇ ਪ੍ਰਾਪਤ ਹੁੰਦਾ ਹੈ। ਰੱਬ ਜੀ ਦੇ ਦਾਸ ਬਣਿਆਂ, ਰੱਬ ਜੀ ਦੇ ਭਾਣੇ ਵਿੱਚ ਆਇਆਂ ਪ੍ਰਾਪਤ ਹੁੰਦਾ ਹੈ। ਹੁਕਮ ਹੈ :-

H ਭਾਇ ਮਿਲੈ ਮਨਿ ਭਾਣੇ ॥ (ਪੰਨਾ ੪੩੬)

ਪ੍ਰੇਮ ਨਾਲ ਪ੍ਰਭੂ ਦਾ ਹੁਕਮ ਮੰਨਣ ਤੇ ਹੀ ਪ੍ਰਭੂ ਮਿਲਦਾ ਹੈ। ਦਾਸ ਭਾਵਨਾ ਨਾਲ ਉਸ ਦੀ ਸ਼ਰਨ ਪੈਣ ਤੇ ਜਿਨ੍ਹਾਂ ਨੇ ਪਾਇਆ ਹੈ, ਉਨ੍ਹਾਂ ਨੇ ਹੀ ਪਾਇਆ ਹੈ। ਉਹ ਹਉਮੈ ਹੰਕਾਰ ਨਾਲ ਨਹੀਂ ਮਿਲਦਾ।

***ਸਦਾ ਨਿਕਟਿ ਨਿਕਟਿ ਹਰਿ ਜਾਨੁ ॥***

***ਸੋ ਦਾਸੁ ਦਰਗਹ ਪਰਵਾਨੁ ॥***

ਜਿਹੜਾ ਰਾਮ ਦਾ ਦਾਸ ਉਸ ਨੂੰ ਸਦਾ ਅੰਗ ਸੰਗ ਜਾਣਦਾ ਹੈ (ਅਨੁਭਵ ਕਰ ਲੈਂਦਾ ਹੈ ਕਿ ਪ੍ਰਭੂ ਮੇਰੇ ਅੰਗ ਸੰਗ ਹੈ),

ਐਸਾ ਦਾਸ ਹੀ ਪ੍ਰਭੂ ਦੀ ਦਰਗਾਹ ਵਿੱਚ ਪਰਵਾਨ ਹੁੰਦਾ ਹੈ।

***ਅਪੁਨੇ ਦਾਸ ਕਉ ਆਪਿ ਕਿਰਪਾ ਕਰੈ ॥***

***ਤਿਸੁ ਦਾਸ ਕਉ ਸਭ ਸੋਝੀ ਪਰੈ ॥***

ਆਪਣੇ ਸੇਵਕ ਤੇ ਉਹ ਪ੍ਰਭੂ ਜੇ ਆਪ ਹੀ ਕਿਰਪਾ ਕਰ ਦੇਵੇ,

ਤਾਂ ਐਸੇ ਸੇਵਕ ਨੂੰ ਉਹ ਸਾਰਾ ਗਿਆਨ ਬਖਸ਼ ਦੇਂਦਾ ਹੈ ਤੇ ਉਸ ਨੂੰ ਹਰ ਗੱਲ (ਜੋ ਪ੍ਰਭੂ ਦਾ ਹੁਕਮ ਹੈ) ਦੀ ਸਮਝ ਆ ਜਾਂਦੀ ਹੈ।

***ਸਗਲ ਸੰਗਿ ਆਤਮ ਉਦਾਸੁ ॥***

***ਐਸੀ ਜੁਗਤਿ ਨਾਨਕ ਰਾਮਦਾਸੁ ॥ ੬ ॥***

ਹੇ ਨਾਨਕ ! ਜੋ ਰਾਮ (ਪ੍ਰਭੂ) ਦਾ ਦਾਸ ਹੈ। ਇੱਥੇ 'ਰਾਮਦਾਸ' ਗੁਰੂ ਰਾਮਦਾਸ ਅਰਥ ਨਹੀਂ ਹੈ। ਜੋ ਰੱਬ ਜੀ ਦਾ ਦਾਸ ਹੈ, ਉਸ ਦੀ ਜੁਗਤੀ (ਜੀਵਨ ਚਾਲ) ਐਸੀ ਹੁੰਦੀ ਹੈ। ਕੈਸੀ ਹੁੰਦੀ ਹੈ ? ਸਾਰਿਆਂ ਵਿੱਚ ਰਹਿੰਦਿਆਂ ਹੋਇਆਂ ਉਸ ਦੀ ਆਤਮਾ ਮਾਇਆ ਤੋਂ ਉਦਾਸ ਰਹਿੰਦੀ ਹੈ (ਉਸ ਨੂੰ ਕਿਸੇ ਨਾਲ ਮੋਹ ਨਹੀਂ ਉਪਜਦਾ)। ਐਸੀ ਜੀਵਨ ਚਾਲ ਰਾਮ ਦੇ ਦਾਸ ਦੀ ਬਣ ਜਾਂਦੀ ਹੈ। ਉਹ ਆਪਣੇ ਆਪ ਨੂੰ ਸਭ ਤੋਂ ਨਿਰਲੇਪ ਤੇ ਵੱਖਰਾ ਜਾਣਦਾ ਹੈ ਤੇ ਸਮਝਦਾ ਹੈ।

***ਪ੍ਰਭ ਕੀ ਆਗਿਆ ਆਤਮ ਹਿਤਾਵੈ ॥***

***ਜੀਵਨ ਮੁਕਤਿ ਸੋਊ ਕਹਾਵੈ ॥***

ਜਿਹੜਾ ਵੀ ਪ੍ਰਭੂ ਦੇ ਹੁਕਮ ਨੂੰ ਹਿਰਦੇ ਵਿੱਚ ਵਸਾ ਲਵੇ। ਪ੍ਰਭੂ ਦਾ ਹੁਕਮ ਪ੍ਰਭੂ ਦਾ ਸ਼ਬਦ (ਪ੍ਰਭੂ ਦੀ ਬਾਣੀ) ਹੈ।

ਉਹੀ ਜੀਵਨ ਮੁਕਤ ਹੋ ਜਾਂਦਾ ਹੈ। ਹੁਕਮ ਹੈ :-

**H ਜੀਵਨ ਮੁਕਤੁ ਸੋ ਆਖੀਐ ਜਿਸੁ ਵਿਚਹੁ ਹਉਮੈ ਜਾਇ ॥** (ਪੰਨਾ ੧੦੧੦)

ਤੇ ਹਉਮੈ ਜਾਂਦੀ ਹੈ ਗੁਣ ਗਾ ਕੇ। ਸੋ ਗੁਣ ਗਾ ਗਾ ਕੇ, ਗੁਣ ਗਾ ਗਾ ਕੇ, ਗੁਣ ਗਾ ਗਾ ਕੇ ਜਿਸ ਦੀ ਹਉਮੈ ਨਾਸ ਹੋ ਜਾਵੇ, ਉਹ ਪ੍ਰਭੂ ਦੇ ਹੁਕਮ ਨੂੰ ਮੰਨ ਲੈਂਦਾ ਹੈ ਤੇ ਪਭੂ ਨੂੰ ਹੁਕਮ ਮੰਨਣ ਕਰਕੇ ਉਹ ਜੀਵਨ ਮੁਕਤ ਹੋ ਜਾਂਦਾ ਹੈ।

***ਤੈਸਾ ਹਰਖੁ ਤੈਸਾ ਉਸੁ ਸੋਗੁ ॥***

***ਸਦਾ ਅਨੰਦੁ ਤਹ ਨਹੀ ਬਿਓਗੁ ॥***

ਉਹੋ ਜੇਹੀ ਹੀ ਉਸ ਨੂੰ ਖੁਸ਼ੀ ਹੈ ਤੇ ਉਹੋ ਜੇਹੀ ਹੀ ਉਸ ਨੂੰ ਗਮੀ ਹੈ, ਉਹ ਖੁਸ਼ੀ ਤੇ ਗਮੀ ਨੂੰ ਬਰਾਬਰ ਜਾਣਦਾ ਹੈ।

ਉਹ ਸਦਾ ਆਨੰਦ ਵਿੱਚ ਰਹਿੰਦਾ ਹੈ। ਉਹ ਆਤਮਾ ਕਦੀ ਪ੍ਰਭੂ ਤੋਂ ਵਿਛੜਦੀ ਨਹੀਂ।

***ਤੈਸਾ ਸੁਵਰਨੁ ਤੈਸੀ ਉਸੁ ਮਾਟੀ ॥***

***ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ ॥***

ਉਹਨੂੰ ਉਹੋ ਜੇਹਾ ਹੀ ਸੋਨਾ ਹੈ ਤੇ ਉਹੋ ਜੇਹੀ ਹੀ ਮਿੱਟੀ ਹੈ, ਦੋਹਾਂ ਵਿੱਚ ਉਸ ਨੂੰ ਕੋਈ ਅੰਤਰ ਨਹੀਂ ਜਾਪਦਾ।

ਉਸ ਨੂੰ ਅੰਮ੍ਰਿਤ (ਚੰਗੀਆਂ ਚੀਜ਼ਾਂ) ਤੇ ਬਿਖ (ਮਾੜੀਆਂ ਚੀਜ਼ਾਂ) ਇੱਕੋ ਜੇਹੀਆਂ ਹੀ ਲਗਦੀਆਂ ਹਨ ਕਿਉਂਕਿ ਉਹਦੀ ਆਤਮਾ ਮਾਇਆ ਤੋਂ ਨਿਰਲੇਪ ਹੋ ਜਾਂਦੀ ਹੈ ਤੇ ਕਿਤੇ ਵੀ ਮੋਹ (attachment) ਬਾਕੀ ਨਹੀਂ ਰਹਿੰਦਾ।

***ਤੈਸਾ ਮਾਨੁ ਤੈਸਾ ਅਭਿਮਾਨੁ ॥***

***ਤੈਸਾ ਰੰਕੁ ਤੈਸਾ ਰਾਜਾਨੁ ॥***

ਜੇ ਕੋਈ ਉਹਦੀ ਇੱਜ਼ਤ ਕਰੇ ਤੇ ਕੋਈ ਅਭਿਮਾਨੀ ਹੋ ਕੇ ਉਹਦੇ ਨਾਲ ਵਰਤੇ (ਭਾਵ, ਬਹੁਤੀ ਇੱਜ਼ਤ ਨਾ ਕਰੇ), ਉਹਨੂੰ ਉਹ ਦੋਵੇਂ ਇੱਕੋ ਜੇਹੇ ਹੀ ਲਗਦੇ ਹਨ।

ਉਹਨੂੰ ਉਹੋ ਜੇਹਾ ਹੀ ਗਰੀਬ ਲਗਦਾ ਹੈ ਤੇ ਉਸ ਨੂੰ ਉਹੋ ਜੇਹਾ ਹੀ ਬਾਦਸ਼ਾਹ ਲਗਦਾ ਹੈ। ਐਸੀ ਆਤਮਾ ਜੇ ਕੋਈ ਬਣ ਜਾਵੇ।

***ਜੋ ਵਰਤਾਏ ਸਾਈ ਜੁਗਤਿ ॥***

***ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ ॥ ੭ ॥***

ਉਹ ਜੋ ਵੀ ਵਰਤਾਏ (ਜੋ ਵੀ ਹੁਕਮ ਦੱਸੇ), ਉਹੀ ਰੱਬ ਨੂੰ ਮਿਲਣ ਦੀ ਜੁਗਤੀ ਹੈ ਕਿਉਂਕਿ ਉਹ ਰੱਬ ਜੀ ਦੇ ਭਾਣੇ ਵਿੱਚ ਹੁੰਦਾ ਹੈ ਤੇ ਰੱਬ ਜੀ ਦਾ ਹੁਕਮ ਹੀ ਦਸਦਾ ਹੈ, ਕੋਈ ਆਪਣਾ ਹੁਕਮ ਨਹੀਂ ਚਲਾਉਂਦਾ।

ਹੇ ਨਾਨਕ ! ਐਸਾ ਵਿਅਕਤੀ ਜੋ ਹੈ, ਉਹ ਜੀਵਨ ਮੁਕਤ ਹੋ ਜਾਂਦਾ ਹੈ, ਜੋ ਪ੍ਰਭੂ ਦੇ ਭਾਣੇ ਵਿੱਚ ਆ ਕੇ ਪ੍ਰਭੂ ਵਿੱਚ ਸਮਾ ਜਾਂਦਾ ਹੈ।

***ਪਾਰਬ੍ਰਹਮ ਕੇ ਸਗਲੇ ਠਾਉ ॥***

***ਜਿਤੁ ਜਿਤੁ ਘਰਿ ਰਾਖੈ ਤੈਸਾ ਤਿਨ ਨਾਉ ॥***

ਸਭ ਟਿਕਾਣੇ ਪਾਰਬ੍ਰਹਮ ਪਰਮੇਸ਼ਰ ਦੇ ਹਨ।

ਜੈਸੀ ਜੈਸੀ ਅਵਸਥਾ ਵਿੱਚ ਉਹ ਜੀਵ ਆਤਮਾ ਨੂੰ ਰੱਖਦਾ ਹੈ, ਵੈਸੇ ਵੈਸੇ ਜੀਵ ਆਤਮਾ ਦੇ ਕਰਮਾਂ ਮੁਤਾਬਿਕ ਨਾਮ ਹਨ। ਆਤਮਾਵਾਂ ਵਿੱਚ ਕੋਈ ਫਰਕ ਨਹੀਂ। ਆਤਮਾਵਾਂ ਇੱਕ ਹੀ ਹਨ, ਸਭ ਆਤਮਾਵਾਂ ਪ੍ਰਭੂ ਦੇ ਬੱਚੇ ਹੀ ਹਨ। ਕਰਮਾਂ ਕਰਕੇ ਆਤਮਾਵਾਂ ਉਚੀਆਂ ਜਾਂ ਨੀਵੀਆਂ ਹਨ। ਪ੍ਰਭੂ, ਜੀਵ ਦੇ ਪਿਛਲੇ ਕਰਮਾਂ ਕਰਕੇ ਹੀ ਜੀਵ ਨੂੰ ਨਾਚ ਨਚਾਉਂਦਾ ਹੈ (ਉਹਦੇ ਕਰਮਾਂ ਦਾ ਫਲ ਦੇਂਦਾ ਹੈ)।

***ਆਪੇ ਕਰਨ ਕਰਾਵਨ ਜੋਗੁ ॥***

***ਪ੍ਰਭ ਭਾਵੈ ਸੋਈ ਫੁਨਿ ਹੋਗੁ ॥***

ਰੱਬ ਹੀ ਆਪ ਸਭ ਕੁਛ ਕਰਨ ਤੇ ਕਰਾਉਣ ਦੇ ਯੋਗ ਹੈ। ਉਹ ਕਰਦਾ ਵੀ ਆਪ ਹੈ ਤੇ ਜੀਵਾਂ ਕੋਲੋਂ ਕਰਵਾਉਂਦਾ ਵੀ ਆਪ ਹੈ। ਉਸ ਦੀ ਪੂਰਨ ਸਮਰੱਥਾ ਹੈ।

ਜੋ ਪ੍ਰਭੂ ਨੂੰ ਭਾਉਂਦਾ ਹੈ, ਉਹ ਤੱਤ ਛਿਨ ਹੋ ਜਾਂਦਾ ਹੈ। ਉਸ ਦੇ ਹੁਕਮ ਤੋਂ ਬਗੈਰ ਕੁਛ ਵੀ ਨਹੀਂ ਹੁੰਦਾ।

***ਪਸਰਿਓ ਆਪਿ ਹੋਇ ਅਨਤ ਤਰੰਗ ॥***

***ਲਖੇ ਨ ਜਾਹਿ ਪਾਰਬ੍ਰਹਮ ਕੇ ਰੰਗ ॥***

ਉਸ ਪਾਰਬ੍ਰਹਮ ਪਰਮੇਸ਼ਰ ਦੀ ਰਚਨਾ ਦੀ ਲੀਲਾ ਕੈਸੀ ਹੈ ? ਕਿੰਨੇ ਰੰਗਾਂ, ਕਿੰਨੇ ਢੰਗਾ, ਕਿੰਨੇ ਜਿੰਸਾਂ ਦੀ ਹੈ ? ਹਜ਼ੂਰ ਕਹਿੰਦੇ ਨੇ ਕੋਈ ਅੰਤ ਨਹੀਂ। ਉਹ ਪ੍ਰਭੂ ਤਾਂ ਆਪ ਤਰੰਗ ਰੂਪ ਹੋ ਕੇ ਹਰ ਥਾਂ ਤੇ ਸਮਾਇਆ ਹੋਇਆ ਹੈ। ਕਿਉਂਕਿ ਹੁਣ Science ਕਹਿੰਦੀ ਹੈ ਕਿ Energy Waves (ਲਹਿਰਾਂ) ਵਿੱਚ ਚਲਦੀ ਹੈ, ਤੇ ਪ੍ਰਭੂ Energy ਦਾ ਸੋਮਾ ਹੈ। ਹਜ਼ੂਰ ਵੀ ਏਹੀ ਗੱਲ ਕਹਿ ਰਹੇ ਨੇ ਕਿ ਉਹ ਤਰੰਗ ਰੂਪ ਹੋ ਕੇ ਸਾਰੇ ਸਮਾਇਆ ਹੋਇਆ ਹੈ ਤੇ ਅਨੇਕਾਂ ਤਰਾਂ ਦੀਆਂ ਤਰੰਗਾਂ ਉਸ ਵਿੱਚੋਂ ਨਿਕਲ ਰਹੀਆਂ ਹਨ, ਜਿਸ ਦੇ ਆਸਰੇ ਤੇ ਸਾਰੀ ਸ੍ਰਿਸ਼ਟੀ ਕਾਇਮ ਹੈ।

ਉਸ ਦੀ ਕੀਤੀ ਹੋਈ ਰਚਨਾ ਦੇ ਰੰਗ ਕੋਈ ਜਾਣ ਹੀ ਨਹੀਂ ਸਕਦਾ। ਉਸ ਦੀ ਲੀਲਾ ਬੇਅੰਤ, ਬੇਅੰਤ, ਬਹੁਤ ਬੇਅੰਤ ਹੈ।

***ਜੈਸੀ ਮਤਿ ਦੇਇ ਤੈਸਾ ਪਰਗਾਸ ॥***

***ਪਾਰਬ੍ਰਹਮੁ ਕਰਤਾ ਅਬਿਨਾਸ ॥***

ਜੀਵ ਨੂੰ ਉਨ੍ਹਾਂ ਹੀ ਗਿਆਨ ਮਿਲਦਾ ਹੈ, ਜਿੰਨੀ ਉਹ ਪ੍ਰਭੂ ਜੀਵ ਨੂੰ ਅਕਲ ਬਖਸ਼ ਦੇਂਦਾ ਹੈ। ਕਿਉਂਕਿ ਮਾਲਕ ਜੋ ਅਕਲ ਬਖਸ਼ਦਾ ਹੈ, ਉਸ ਅਨੁਸਾਰ ਹੀ ਆਤਮਾ ਕੋਲ ਗਿਆਨ ਹੁੰਦਾ ਹੈ, ਵੱਧ ਨਹੀਂ ਹੋ ਸਕਦਾ।

ਜੋ ਪਾਰਬ੍ਰਹਮ (ਪਾਰਾਵਾਰ ਤੋਂ ਰਹਿਤ ਬ੍ਰਹਮ) ਪਰਮੇਸ਼ਰ ਹੈ, ਜੋ ਸਿਰਜਣਹਾਰ ਹੈ, ਉਹ ਹਮੇਸ਼ਾ ਅਬਿਨਾਸ਼ੀ ਹੈ, ਉਹ ਕਦੇ ਵੀ ਨਾਸ਼ ਨਹੀਂ ਹੁੰਦਾ।

***ਸਦਾ ਸਦਾ ਸਦਾ ਦਇਆਲ ॥***

***ਸਿਮਰਿ ਸਿਮਰਿ ਨਾਨਕ ਭਏ ਨਿਹਾਲ ॥ ੮ ॥ ੯ ॥***

ਉਹ ਤਾਂ ਸਦਾ ਦਇਆਲੂ ਹੈ, ਸਦਾ ਦਇਆਲੂ ਹੈ, ਸਦਾ ਦਇਆਲੂ ਹੈ।

ਹੇ ਨਾਨਕ ! ਉਸ ਦਾ ਸਿਮਰਨ ਕਰ ਕਰ ਕੇ ਹੀ ਜੀਵ ਨਿਹਾਲ ਹੁੰਦੇ ਹਨ। ਨਿਹਾਲ ਹੋਣ ਲਈ ਹੋਰ ਕੋਈ ਵੀ ਸਾਧਨ ਨਹੀਂ ਹੈ।

**H H H H H**

## ***ਅਸਟਪਦੀ ੧੦*** *(ਪੰਨਾ ੨੭੫)*

***ਸਲੋਕੁ ॥***

***ਉਸਤਤਿ ਕਰਹਿ ਅਨੇਕ ਜਨ***

***ਅੰਤੁ ਨ ਪਾਰਾਵਾਰ ॥***

ਹਜ਼ੂਰ ਕਹਿੰਦੇ ਨੇ ਕਿ ਹੇ ਪ੍ਰਭੂ, ਅਨੇਕਾਂ ਹੀ ਤੇਰੇ ਸੇਵਕ ਤੇਰੀ ਸੋਭਾ ਕਰਦੇ ਨੇ, ਪਰ ਉਹ ਤੇਰਾ ਅੰਤ ਨਹੀਂ ਪਾ ਸਕਦੇ।

***ਨਾਨਕ ਰਚਨਾ ਪ੍ਰਭਿ ਰਚੀ***

***ਬਹੁ ਬਿਧਿ ਅਨਿਕ ਪ੍ਰਕਾਰ ॥ ੧ ॥***

ਹਜ਼ੂਰ ਹੁਣ ਸੋਭਾ ਕਰਦੇ ਨੇ ਕਿ ਕੈਸੀ ਰਚਨਾ ਤੂੰ, ਹੇ ਬੇਅੰਤ ਪ੍ਰਭੂ, ਬਣਾਈ ਹੈ। ਹੇ ਨਾਨਕ ! ਉਸ ਪ੍ਰਭੂ ਨੇ ਰਚਨਾ ਰਚੀ ਹੈ। ਅਨੇਕਾਂ ਢੰਗਾਂ ਤੇ ਅਨੇਕਾਂ ਤਰੀਕਿਆਂ ਨਾਲ, ਜਿਨ੍ਹਾਂ ਢੰਗਾ ਤਰੀਕਿਆਂ ਦਾ ਵੀ ਅੰਤ ਨਹੀਂ ਪੈਂਦਾ।

## *ਅਸਟਪਦੀ ॥*

## *ਕਈ ਕੋਟਿ ਹੋਏ ਪੂਜਾਰੀ ॥*

## *ਕਈ ਕੋਟਿ ਆਚਾਰ ਬਿਉਹਾਰੀ ॥*

ਹੇ ਪ੍ਰਭੂ, ਕਈ ਕਰੋੜਾਂ (ਭਾਵ, ਅਣਗਿਣਤ) ਹੋ ਚੁਕੇ ਹਨ, ਜਿਹੜੇ ਤੇਰੀ ਪੂਜਾ ਵਿੱਚ ਰਹਿਣ ਵਾਲੇ ਨੇ।

ਕਈ ਕਰੋੜਾ ਹੀ ਹੋ ਚੁਕੇ ਹਨ, ਜਿਹੜੇ ਚੰਗੇ ਆਚਾਰ ਦਾ ਬਿਉਹਾਰ ਕਰਨ ਵਾਲੇ ਨੇ।

## *ਕਈ ਕੋਟਿ ਭਏ ਤੀਰਥ ਵਾਸੀ ॥*

## *ਕਈ ਕੋਟਿ ਬਨ ਭ੍ਰਮਹਿ ਉਦਾਸੀ ॥*

ਕਈ ਕਰੋੜਾਂ ਹੀ ਹੋਏ ਹਨ, ਜਿਨ੍ਹਾਂ ਨੇ ਤੀਰਥਾਂ ਤੇ ਆਪਣਾ ਨਿਵਾਸ ਸਥਾਨ ਬਣਾਇਆ।

ਕਈ ਕਰੋੜਾਂ ਹੀ ਹੋਏ ਹਨ, ਜਿਹੜੇ ਭਰਮਦੇ (ਭਟਕਦੇ) ਰਹੇ, ਸੰਸਾਰ ਤੋਂ ਉਦਾਸ ਹੋ ਕੇ, ਕਿ ਸ਼ਾਇਦ ਸੰਸਾਰ ਤੋਂ ਵਖਰੇ ਰਹਿਆਂ (ਜੰਗਲਾਂ ਵਿੱਚ ਰਹਿਆਂ) ਸਾਨੂੰ ਪ੍ਰਭੂ ਮਿਲ ਜਾਏਗਾ।

## *ਕਈ ਕੋਟਿ ਬੇਦ ਕੇ ਸ੍ਰੋਤੇ ॥*

## *ਕਈ ਕੋਟਿ ਤਪੀਸੁਰ ਹੋਤੇ ॥*

ਕਈ ਕਰੋੜਾਂ ਹੀ ਹੋਏ, ਜਿਹੜੇ ਗਿਆਨ ਨੂੰ ਸੁਣਦੇ ਰਹੇ।

ਕਈ ਕਰੋੜਾਂ ਹੀ ਹੋਏ, ਜਿਹੜੇ ਤਪ ਕਰਦੇ ਰਹੇ।

## *ਕਈ ਕੋਟਿ ਆਤਮ ਧਿਆਨੁ ਧਾਰਹਿ ॥*

## *ਕਈ ਕੋਟਿ ਕਬਿ ਕਾਬਿ ਬੀਚਾਰਹਿ ॥*

ਕਈ ਕਰੋੜਾਂ ਹੋਏ, ਜਿਹੜੇ ਆਪਣੀ ਆਤਮਾ ਦੇ ਧਿਆਨ ਵਿੱਚ ਟਿਕਣ ਦਾ ਯਤਨ ਕਰਦੇ ਰਹੇ।

ਹੇ ਪ੍ਰਭੂ, ਕਈ ਕਰੋੜਾਂ ਹੋਏ, ਜਿਹੜੇ ਕਵਿਤਾ ਲਿਖ ਕੇ ਤੇਰੀ ਸੋਭਾ ਕਰਦੇ ਰਹੇ ਤੇ ਵੀਚਾਰ ਕਰਦੇ ਰਹੇ।

## *ਕਈ ਕੋਟਿ ਨਵਤਨ ਨਾਮ ਧਿਆਵਹਿ ॥*

## *ਨਾਨਕ ਕਰਤੇ ਕਾ ਅੰਤੁ ਨ ਪਾਵਹਿ ॥ ੧ ॥*

ਕਈ ਕਰੋੜਾਂ ਹੀ ਹਨ, ਜਿਹੜੇ ਸਦਾ ਹੀ ਸੱਜਰੇ ਨਾਮ ਨੂੰ ਧਿਆਉਂਦੇ ਰਹਿੰਦੇ ਹਨ। 'ਨਵਤਨ' ਦਾ ਅਰਥ ਹੈ ਜੋ ਹਮੇਸ਼ਾ ਹੀ ਨਵਾਂ ਹੈ (ਜੋ Ever Fresh ਹੈ)। ਕਈ ਕਰੋੜਾਂ ਹੀ ਹਨ, ਜਿਹੜੇ ਉਸ ਦੇ ਧਿਆਨ ਵਿੱਚ ਰਹਿਣ ਲਈ ਯਤਨ ਕਰਦੇ ਹਨ।

ਪਰ ਹੇ ਨਾਨਕ, ਉਸ ਸਿਰਜਣਹਾਰ ਦਾ ਕੋਈ ਵੀ ਅੰਤ ਨਹੀਂ ਪਾ ਸਕਦਾ।

## *ਕਈ ਕੋਟਿ ਭਏ ਅਭਿਮਾਨੀ ॥*

## *ਕਈ ਕੋਟਿ ਅੰਧ ਅਗਿਆਨੀ ॥*

ਹਜ਼ੂਰ ਗੁਰੂ ਪਾਤਸ਼ਾਹ ਚੰਗਿਆਂ ਨੂੰ ਗਿਣ ਕੇ, ਹੁਣ ਮਾੜਿਆਂ ਦੀ ਗਿਣਤੀ ਕਰਦੇ ਹਨ ਕਿ ਕਈ ਕਰੋੜਾਂ ਹੀ ਹੋਏ, ਜਿਹੜੇ ਅਭਿਮਾਨ ਵਿੱਚ ਹੀ ਰਹੇ।

ਕਈ ਕਰੋੜਾਂ ਹੀ ਹੋਏ, ਜਿਹੜੇ ਅੰਨ੍ਹੇ, ਮੂਰਖ ਤੇ ਅਗਿਆਨੀ ਹਨ।

## *ਕਈ ਕੋਟਿ ਕਿਰਪਨ ਕਠੋਰ ॥*

## *ਕਈ ਕੋਟਿ ਅਭਿਗ ਆਤਮ ਨਿਕੋਰ ॥*

ਕਈ ਕਰੋੜਾਂ ਹੀ ਹੋਏ, ਜਿਹੜੇ ਬਹੁਤ ਕੰਜੂਸ ਤੇ ਪੱਥਰ ਦਿਲ ਹਨ।

ਕਈ ਕਰੋੜਾਂ ਹੀ ਹੋਏ, ਜਿਹੜੇ ਭਿੱਜਦੇ ਹੀ ਨਹੀਂ ਕਿਸੇ ਚੰਗੀ ਗੱਲ ਨਾਲ (ਕੋਈ ਚੰਗਾ ਗੁਣ ਗ੍ਰਹਿਣ ਹੀ ਨਹੀਂ ਕਰਦੇ) ਤੇ ਉਹਨਾਂ ਦੀ ਆਤਮਾ ਨਿਕੋਰ (ਜਿਸ ਤੇ ਕਿਸੀ ਚੰਗੀ ਗੱਲ ਦਾ ਅਸਰ ਹੀ ਨਹੀਂ ਹੁੰਦਾ), ਇਸ ਤਰਾਂ ਹੀ ਰਹਿੰਦੀ ਹੈ।

***ਕਈ ਕੋਟਿ ਪਰ ਦਰਬ ਕਉ ਹਿਰਹਿ ॥***

***ਕਈ ਕੋਟਿ ਪਰ ਦੂਖਨਾ ਕਰਹਿ ॥***

ਕਈ ਕਰੋੜਾਂ ਹੀ ਹੋਏ ਹਨ, ਜਿਹੜੇ ਪਰਾਇਆ ਧਨ (ਦੌਲਤ) ਲੁੱਟ ਮਾਰ ਕੇ ਆਪ ਉਸ ਨੂੰ ਇਸਤੇਮਾਲ ਕਰਨ ਵਾਲੇ ਹੋਏ ਹਨ।

ਕਈ ਕਰੋੜਾਂ ਹੀ ਹੋਏ ਹਨ, ਜਿਹੜੇ ਦੂਜਿਆਂ ਦੀ ਨਿੰਦਾ ਕਰਦੇ ਰਹੇ ਜਾਂ ਦੂਜਿਆਂ ਨੂੰ ਦੁੱਖ ਹੀ ਦੇਂਦੇ ਰਹੇ।

***ਕਈ ਕੋਟਿ ਮਾਇਆ ਸ੍ਰਮ ਮਾਹਿ ॥***

***ਕਈ ਕੋਟਿ ਪਰਦੇਸ ਭ੍ਰਮਾਹਿ ॥***

ਕਈ ਕਰੋੜਾਂ ਹੋਏ, ਜਿਹੜੇ ਮਾਇਆ ਇਕੱਠੀ ਕਰਨ ਲਈ ਹੀ ਯਤਨ ਕਰਦੇ ਰਹੇ।

ਕਈ ਕਰੋੜਾਂ ਹੋਏ, ਜਿਹੜੇ ਮਾਇਆ ਕਮਾਉਣ ਲਈ ਆਪਣਾ ਦੇਸ਼ ਛੱਡ ਕੇ ਪਰਦੇਸ਼ਾਂ ਵਿੱਚ ਭਟਕਦੇ ਰਹੇ।

***ਜਿਤੁ ਜਿਤੁ ਲਾਵਹੁ ਤਿਤੁ ਤਿਤੁ ਲਗਨਾ ॥***

***ਨਾਨਕ ਕਰਤੇ ਕੀ ਜਾਨੈ ਕਰਤਾ ਰਚਨਾ ॥ ੨ ॥***

ਹੇ ਹਜ਼ੂਰ, ਜਿਸ ਤਰਾਂ, ਜਿਸ ਤਰਾਂ ਤੁਸੀਂ ਜੀਵਾਂ ਨੂੰ ਲਾਵਹੁ, ਉਸ ਤਰਾਂ, ਉਸ ਤਰਾਂ ਹੀ ਜੀਵਾਂ ਨੇ ਲਗਣਾ ਹੈ।

ਹੇ ਨਾਨਕ, ਸਿਰਜਣਹਾਰ ਦੀ ਰਚਨਾ ਕਿੰਨੀ ਹੈ, ਕੈਸੀ ਹੈ, ਕਿੰਨੀ ਬੇਅੰਤ ਹੈ, ਉਹ ਸਿਰਜਣਹਾਰ ਹੀ ਜਾਣਦਾ ਹੈ। ਹੋਰ ਕੋਈ ਵੀ ਜਾਣ ਨਹੀਂ ਸਕਦਾ।

***ਕਈ ਕੋਟਿ ਸਿਧ ਜਤੀ ਜੋਗੀ ॥***

***ਕਈ ਕੋਟਿ ਰਾਜੇ ਰਸ ਭੋਗੀ ॥***

ਕਈ ਕਰੋੜਾਂ ਹੋਏ, ਜਿਨ੍ਹਾਂ ਸਿੱਧੀਆਂ ਪ੍ਰਾਪਤ ਕੀਤੀਆਂ। ਕਈ ਕਰੋੜਾਂ ਹੋਏ, ਜਿਹੜੇ ਜਤੀ ਬਣੇ (ਜਿਨ੍ਹਾਂ ਨੇ sex ਤੋਂ ਹਮੇਸ਼ਾ ਹਮੇਸ਼ਾ ਪਰਹੇਜ਼ ਕੀਤਾ)। ਕਈ ਕਰੋੜਾਂ ਹੋਏ ਜਿਨ੍ਹਾਂ ਯੋਗਾ ਦੇ ਸਾਧਨ ਅਪਨਾਏ।

ਕਈ ਕਰੋੜਾਂ ਹੋਏ, ਜਿਹੜੇ ਰਾਜੇ ਬਣੇ ਤੇ ਰਾਜੇ ਬਣ ਕੇ ਮਾਇਆ ਦੇ ਅਨੇਕਾਂ ਰਸ ਭੋਗਦੇ ਰਹੇ।

***ਕਈ ਕੋਟਿ ਪੰਖੀ ਸਰਪ ਉਪਾਏ ॥***

***ਕਈ ਕੋਟਿ ਪਾਥਰ ਬਿਰਖ ਨਿਪਜਾਏ ॥***

ਹੇ ਹਜ਼ੂਰ, ਤੂੰ ਕਈ ਕਰੋੜਾਂ ਹੀ ਪੰਛੀ ਤੇ ਸੱਪ ਪੈਦਾ ਕੀਤੇ।

ਤੂੰ ਕਈ ਕਰੋੜਾਂ ਹੀ ਪੱਥਰ ਤੇ ਬਨਸਪਤੀ ਵਿੱਚ ਬ੍ਰਿਖ ਪੈਦਾ ਕੀਤੇ ਹਨ।

***ਕਈ ਕੋਟਿ ਪਵਣ ਪਾਣੀ ਬੈਸੰਤਰ ॥***

***ਕਈ ਕੋਟਿ ਦੇਸ ਭੂ ਮੰਡਲ ॥***

ਕਈ ਕਰੋੜਾਂ ਤਰਾਂ ਦੀ ਹੈ ਹਵਾ, ਪਾਣੀ ਤੇ ਅਗਨੀ।

ਕਈ ਕਰੋੜਾਂ ਹਨ ਦੇਸ਼, ਭੂਮੀਆਂ ਤੇ ਮੰਡਲ। ‘ਮੰਡਲ’ ਹੁੰਦਾ ਹੈ Galaxy, ਜਿਸ ਵਿੱਚ ਕਈ ਭੂਮੀਆਂ ਹੁੰਦੀਆਂ ਹਨ।

***ਕਈ ਕੋਟਿ ਸਸੀਅਰ ਸੂਰ ਨਖੵਤ੍ਰ ॥***

***ਕਈ ਕੋਟਿ ਦੇਵ ਦਾਨਵ ਇੰਦ੍ਰ ਸਿਰਿ ਛਤ੍ਰ ॥***

ਕਈ ਕਰੋੜਾਂ ਹੀ ਹਨ ਸਸੀਅਰ (ਚੰਦਰਮੇ), ਸੂਰ (ਸੂਰਜ) ਤੇ ਨਖੵਤ੍ਰ (ਤਾਰੇ)।

ਕਈ ਕਰੋੜਾਂ ਹੀ ਹਨ ਦੇਵਤੇ, ਰਾਖਸ਼ਸ ਤੇ ਇੰਦ੍ਰ (ਜੋ ਦੇਵਤਿਆਂ ਦਾ ਸਭ ਤੋਂ ਵੱਡਾ ਰਾਜਾ ਗਿਣਿਆ ਜਾਂਦਾ ਹੈ, ਜਿਨ੍ਹਾਂ ਦੇ ਸਿਰ ਤੇ ਛਤ੍ਰ ਝੂਲਦੇ ਹਨ)।

***ਸਗਲ ਸਮਗ੍ਰੀ ਅਪਨੈ ਸੂਤਿ ਧਾਰੈ ॥***

***ਨਾਨਕ ਜਿਸੁ ਜਿਸੁ ਭਾਵੈ ਤਿਸੁ ਤਿਸੁ ਨਿਸਤਾਰੈ ॥੩॥***

ਹੇ ਪ੍ਰਭੂ, ਸਾਰੀ ਹੀ ਰਚਨਾ, ਜੋ ਤੂੰ ਸਾਮਗ੍ਰੀ ਬਣਾਈ ਹੈ (matter ਪੈਦਾ ਕੀਤਾ ਹੈ), ਇਹ ਤੂੰ ਆਪਣੇ ਸੂਤਰ (control, ਨਿਯੰਤ੍ਰਣ) ਵਿੱਚ ਰੱਖ ਕੇ ਧਾਰਨ ਕੀਤੀ ਹੋਈ ਹੈ

(ਇਸ ਸਾਰੀ ਰਚਨਾ ਵਿੱਚ ਤੂੰ ਵਸ ਰਹਿਆਂ ਹੈਂ।

ਹੇ ਨਾਨਕ ! ਜੋ ਉਸ ਮਾਲਕ ਨੂੰ ਭਾਵੇ (ਜਿਹੜੀ ਆਤਮਾ ਵੀ ਉਸ ਮਾਲਕ ਨੂੰ ਭਾ ਜਾਵੇ), ਉਸ ਨੂੰ ਹੀ ਉਹ ਤਾਰ ਦੇਂਦਾ ਹੈ। ਉਸ ਦੀ ਕਿਰਪਾ ਬਗੈਰ ਕੋਈ ਵੀ ਤਰ ਨਹੀਂ ਸਕਦਾ।

***ਕਈ ਕੋਟਿ ਰਾਜਸ ਤਾਮਸ ਸਾਤਕ ॥***

***ਕਈ ਕੋਟਿ ਬੇਦ ਪੁਰਾਨ ਸਿਮ੍ਰਿਤਿ ਅਰੁ ਸਾਸਤ ॥***

ਕਈ ਕਰੋੜਾਂ ਹੀ ਆਤਮਾਵਾਂ ਹਨ, ਜਿਹੜੀਆਂ ਰਜੋ ਗੁਣ, ਸਤੋ ਗੁਣ, ਤਮੋ ਗੁਣ ਵਿੱਚ ਖੇਡਦੀਆਂ ਹਨ।

ਕਈ ਕਰੋੜਾਂ ਢੰਗਾਂ ਦੇ ਗਿਆਨ ਹਨ, ਗਿਆਨ ਨੂੰ ਵਰਤਾਉਣ ਦੇ ਢੰਗ ਤਰੀਕੇ ਹਨ ਤੇ ਗਿਆਨ ਦੇ ਲਿਖੀਆਂ ਹੋਈਆਂ ਪੁਸਤਕਾਂ ਹਨ, ਜਿਨ੍ਹਾਂ ਦਾ ਕੋਈ ਅੰਤ ਨਹੀਂ ਪੈਂਦਾ।

***ਕਈ ਕੋਟਿ ਕੀਏ ਰਤਨ ਸਮੁਦ ॥***

***ਕਈ ਕੋਟਿ ਨਾਨਾ ਪ੍ਰਕਾਰ ਜੰਤ ॥***

ਕਈ ਕਰੋੜਾਂ ਹੀ ਤੂੰ ਰਤਨ ਪੈਦਾ ਕੀਤੇ ਹਨ ਤੇ ਕਰੋੜਾਂ ਹੀ ਤੂੰ ਸਮੁੰਦਰ ਪੈਦਾ ਕੀਤੇ ਹਨ।

ਕਈ ਕਰੋੜਾਂ ਹੀ ਤਰਾਂ ਦੇ ਤੂੰ ਜੀਵ ਜੰਤ ਬਣਾਏ ਹਨ। ਕਿਸੇ ਵੀ ਪੱਖ ਤੋਂ ਤੇਰੀ ਵੀਚਾਰ ਕਰੀਏ, ਹੇ ਪ੍ਰਭੂ, ਤੇਰੀ ਲੀਲਾ ਬੇਅੰਤ ਹੈ।

**H ਏਹੁ ਅੰਤੁ ਨ ਜਾਣੈ ਕੋਇ ॥**
**ਬਹੁਤਾ ਕਹੀਐ ਬਹੁਤਾ ਹੋਇ ॥** (ਪੰਨਾ ੫)

ਤੇਰੀ ਰਚਨਾ ਨੂੰ ਜਿਨਾਂ ਵੱਧ ਕਹੀਏ, ਹੋਰ ਅੱਗੇ (ਹੋਰ ਵੱਧ) ਹੁੰਦੀ ਹੈ, ਹੋਰ ਕਹੀਏ, ਹੋਰ ਵੱਧ ਹੁੰਦੀ ਹੈ।

***ਕਈ ਕੋਟਿ ਕੀਏ ਚਿਰ ਜੀਵੇ ॥***

***ਕਈ ਕੋਟਿ ਗਿਰੀ ਮੇਰ ਸੁਵਰਨ ਥੀਵੇ ॥***

ਕਈ ਕਰੋੜਾਂ ਹੀ ਤੂੰ ਜੀਵ ਕੀਤੇ ਹਨ, ਜਿਨ੍ਹਾਂ ਨੇ ਬਹੁਤ ਲੰਬੀਆਂ ਉਮਰਾਂ ਭੋਗੀਆਂ।

ਕਈ ਕਰੋੜਾਂ ਹੀ ਤੂੰ ਬਣਾਏ ਪਹਾੜ। 'ਮੇਰ' ਹੁੰਦਾ ਹੈ ਜੋ ਸੋਨੇ ਦਾ ਪਹਾੜ ਹੈ। ਸੋਨੇ ਦੇ ਪਹਾੜ ਵੀ ਤੂੰ ਕਰੋੜਾਂ ਹੀ ਬਣਾਏ ਹੋਏ ਹਨ। ਗੁਰਬਾਣੀ ਵਿੱਚ ਇਹ ਗੱਲ ਲਿਖੀ ਹੋਈ ਹੈ। ਮੈਂ ਇਕ ਦਿਨ ਅਖਬਾਰ ਪੜ੍ਹਦੇ ਹੋਏ ਹੈਰਾਨ ਹੋਇਆ ਕਿ ਵਿਗਿਆਨ (Science) ਨੇ ਹੁਣ ਇਕ ਧਰਤੀ (Planet) ਲੱਭੀ ਹੈ, ਜਿਸ ਬਾਰੇ ਦੁਨੀਆਂ ਦੇ ਸਾਰੇ ਵਿਗਿਆਨਿਕਾਂ (Scientists) ਦਾ ਅੰਦਾਜ਼ਾ ਹੈ ਕਿ ਉਹ ਸਾਰੀ ਧਰਤੀ, ਜਿਸ ਦਾ ਆਕਾਰ ਸਾਡੀ ਧਰਤੀ ਨਾਲੋਂ ਨੌਂ ਗੁਣਾ ਵੱਡਾ ਹੈ, ਤੇ ਉਨ੍ਹਾਂ ਦਾ ਅੰਦਾਜ਼ਾ ਹੈ ਕਿ ਉਹ ਸਾਰੀ ਨਿਰੋਲ (Pure) ਹੀਰਾ (Diamond) ਹੈ (ਉੱਥੇ ਹੋਰ ਕੋਈ ਚੀਜ਼ ਹੈ ਹੀ ਨਹੀਂ) ਤੇ ਉਹ ਬਹੁਤ ਉੱਚੀ Quality ਦਾ ਹੀਰਾ ਹੈ ਤੇ ਇੱਕੋ ਹੀ ਇੱਡਾ ਵੱਡਾ ਹੀਰਾ ਹੈ। ਪਹਿਲਾਂ Science ਇਹ ਨਹੀਂ ਮੰਨਦੀ ਸੀ ਕਿ ਏਹੋ ਜੇਹੀ ਕੋਈ ਚੀਜ਼ ਹੋ ਸਕਦੀ ਹੈ। ਹੁਣ Science ਨੇ ਹੀ ਇਹ ਲੱਭੀ ਹੈ। ਕਦੀ ਸਮਾ ਆ ਜਾਵੇਗਾ ਕਿ ਜਦੋਂ Science ਇਹ ਲੱਭ ਲਵੇਗੀ ਕਿ ਐਸੇ ਪਹਾੜ ਹਨ, ਜੋ ਸੋਨੇ ਦੇ ਹਨ ਤੇ ਉੱਥੇ ਸੋਨਾ ਹੀ ਸੋਨਾ ਹੈ। ਹੀਰਾ ਤਾਂ ਹੁਣ ਲੱਭ ਗਇਆ। ਹਜ਼ੂਰ ਦੱਸ ਰਹੇ ਹਨ ਕਿ ਪ੍ਰਭੂ ਦੀ ਰਚਨਾ ਕੈਸੀ ਹੈ।

***ਕਈ ਕੋਟਿ ਜਖ੍ਹ ਕਿੰਨਰ ਪਿਸਾਚ ॥***

***ਕਈ ਕੋਟਿ ਭੂਤ ਪ੍ਰੇਤ ਸੂਕਰ ਮ੍ਰਿਗਾਚ ॥***

ਕਈ ਕਰੋੜਾਂ ਤਰਾਂ ਦੇ ਹਨ, ਜੋ ਦੇਵਤਿਆਂ ਦੇ ਸੇਵਕ ਹਨ ਜਾਂ ਦੇਵਤਿਆਂ ਦੇ ਰਾਗੀ ਹਨ ਜਾਂ ਦੇਵਤਿਆਂ ਦੀ ਸੇਵਾ ਕਰਨ ਵਾਲੇ ਹਨ। ਇਹ ਜੂਨਾਂ ਦੇ ਨਾਮ ਹਨ, ਜੋ ਹਜ਼ੂਰ ਸਾਨੂੰ ਗਿਣ ਗਿਣ ਕੇ ਦਸ ਰਹੇ ਹਨ।

ਕਈ ਕਰੋੜਾਂ ਹੀ ਹਨ ਭੂਤਨੇ, ਪ੍ਰੇਤ, ਸੂਰ ਤੇ ਮ੍ਰਿਗ। ਜਿਸ ਤਰਾਂ ਸੂਰ ਤੇ ਮ੍ਰਿਗ ਸਾਨੂੰ ਦਿਸਦੇ ਹਨ, ਪਰ ਭੂਤ ਪ੍ਰੇਤ ਸਾਨੂੰ ਨਹੀਂ ਦਿਸਦੇ। ਹਜ਼ੂਰ ਕਹਿੰਦੇ ਨੇ ਕਿ ਇਹ ਜੂਨਾਂ ਨੇ ਤੇ ਇਨ੍ਹਾਂ ਜੂਨਾਂ ਦੀ ਕੋਈ ਗਿਣਤੀ ਨਹੀਂ। ਇਸ ਜੂਨ ਵਿੱਚ ਕਿੰਨੇ ਜੀਵ ਨੇ, ਕੋਈ ਅੰਤ ਨਹੀਂ ਹੈ। ਗੁਰਬਾਣੀ ਇਹ ਕਹਿੰਦੀ ਹੈ ਕਿ :-

**H ਅੰਤਿ ਕਾਲਿ ਜੋ ਮੰਦਰ ਸਿਮਰੈ**
**ਐਸੀ ਚਿੰਤਾ ਮਹਿ ਜੇ ਮਰੈ ॥**

**ਪ੍ਰੇਤ ਜੋਨਿ ਵਲਿ ਵਲਿ ਅਉਤਰੈ ॥ (ਪੰਨਾ ੫੨੬)**

ਜੇ ਕਿਸੇ ਜੀਵ ਨੂੰ ਉਹਦੀ ਮੌਤ ਦੇ ਸਮੇਂ, ਉਹਨੂੰ ਮਹਲ ਮਾੜੀ ਚੇਤੇ ਆਏਗਾ ਤਾਂ ਹਜ਼ੂਰ ਕਹਿੰਦੇ ਨੇ ਕਿ ਭਾਈ ਉਹਨੂੰ ਪ੍ਰੇਤ ਦੀ ਜੂਨ ਮਿਲੇਗੀ (ਅਗਲਾ ਜਨਮ ਉਹਦਾ ਪ੍ਰੇਤ ਦੀ ਜੂਨ ਵਿੱਚ ਹੋਵੇਗਾ)। ਸੋ ਇਹ ਜੂਨਾਂ ਹਨ, ਜਿਹੜੀਆਂ ਸਾਡੇ ਅਨੁਭਵ ਵਿੱਚ ਭਾਵੇਂ ਨਹੀਂ, ਪਰ ਹਜ਼ੂਰ ਨੇ ਵੇਖੀਆਂ ਹਨ ਤੇ ਸਾਨੂੰ ਦਸ ਰਹੇ ਹਨ।

***ਸਭ ਤੇ ਨੇਰੈ ਸਭਹੂ ਤੇ ਦੂਰਿ ॥***

***ਨਾਨਕ ਆਪਿ ਅਲਿਪਤੁ ਰਹਿਆ ਭਰਪੂਰਿ ॥ ੪ ॥***

ਮਾਲਕ ਪ੍ਰਭੂ ਸਭ ਦੇ ਨੇੜੇ ਹੈ ਤੇ ਸਭ ਤੋਂ ਦੂਰ ਹੈ। ਦੂਰ ਤੋਂ ਦੂਰ ਵੀ ਉਹੀ ਹੈ ਤੇ ਨੇੜੇ ਤੋਂ ਨੇੜੇ ਵੀ ਉਹੀ ਹੈ।

ਹੇ ਨਾਨਕ ! ਉਹ ਆਪ ਮਾਇਆ ਤੋਂ ਨਿਰਲੇਪ ਹੈ। ਪਰ ਹਰ ਥਾਂ ਤੇ ਪੂਰੇ ਦਾ ਪੂਰਾ ਸਮਾਇਆ ਹੋਇਆ ਹੈ। ਪ੍ਰਭੂ ਅਕਲ ਕਲਾ ਭਰਪੂਰ ਹੈ, ਟੋਟੇ ਟੋਟੇ ਹੋ ਕੇ ਭਰਪੂਰ ਨਹੀਂ ਹੈ।

***ਕਈ ਕੋਟਿ ਪਾਤਾਲ ਕੇ ਵਾਸੀ ॥***

***ਕਈ ਕੋਟਿ ਨਰਕ ਸੁਰਗ ਨਿਵਾਸੀ ॥***

ਕਈ ਕਰੋੜਾਂ ਜੀਵ ਹਨ, ਜੋ ਪਾਤਾਲਾਂ (Underground, ਹੇਠਾਂ ਦੀ ਦੁਨੀਆਂ) ਵਿੱਚ ਵਸਦੇ ਹਨ।

ਕਈ ਕਰੋੜਾਂ ਜੀਵ ਹਨ, ਜੋ ਨਰਕਾਂ ਤੇ ਸਵਰਗਾਂ ਵਿੱਚ ਨਿਵਾਸ ਕਰਦੇ ਹਨ।

***ਕਈ ਕੋਟਿ ਜਨਮਹਿ ਜੀਵਹਿ ਮਰਹਿ ॥***

***ਕਈ ਕੋਟਿ ਬਹੁ ਜੋਨੀ ਫਿਰਹਿ ॥***

ਕਈ ਕਰੋੜਾਂ ਜੀਵ ਹਨ, ਜੋ ਜੰਮਦੇ ਹਨ, ਜੀਵਨ ਬਤੀਤ ਕਰਦੇ ਹਨ ਤੇ ਮਰ ਜਾਂਦੇ ਹਨ।

ਕਈ ਕਰੋੜਾਂ ਜੂਨਾਂ ਹਨ, ਜਿਨ੍ਹਾਂ ਵਿੱਚ ਜੀਵ ਭਟਕਦੇ ਫਿਰਦੇ ਹਨ। ਮਾਲਕ ਦੀ ਲੀਲਾ ਦਾ ਕੋਈ ਅੰਤ ਨਹੀਂ ਹੈ।

***ਕਈ ਕੋਟਿ ਬੈਠਤ ਹੀ ਖਾਹਿ ॥***

***ਕਈ ਕੋਟਿ ਘਾਲਹਿ ਥਕਿ ਪਾਹਿ ॥***

ਕਈ ਕਰੋੜਾਂ ਜੀਵ ਉਸ ਪ੍ਰਭੂ ਨੇ ਐਸੇ ਬਣਾਏ ਹਨ, ਜਿਹੜੇ ਕੁਛ ਵੀ ਨਹੀਂ ਕਰਦੇ, ਕੇਵਲ ਆਨੰਦ ਹੀ ਕਰਦੇ ਹਨ, ਖਾਂਦੇ ਪੀਂਦੇ ਹੀ ਹਨ, ਕੋਈ ਕੰਮ ਕਰਨ ਦੀ ਲੋੜ ਨਹੀ)।

ਕਈ ਕਰੋੜਾਂ ਜੀਵ ਉਸ ਪ੍ਰਭੂ ਨੇ ਐਸੇ ਬਣਾਏ ਹਨ, ਜਿਹੜੇ ਮੇਹਨਤ ਕਰ ਕਰ ਕੇ ਥੱਕ ਜਾਂਦੇ ਹਨ ਤੇ ਰੋਟੀ ਪੂਰੀ ਨਹੀਂ ਹੁੰਦੀ।

***ਕਈ ਕੋਟਿ ਕੀਏ ਧਨਵੰਤ ॥***

***ਕਈ ਕੋਟਿ ਮਾਇਆ ਮਹਿ ਚਿੰਤ ॥***

ਕਈ ਕਰੋੜਾਂ ਹੀ ਉਸ ਨੇ ਬਣਾਏ ਹਨ, ਜੋ ਬਹੁਤ ਧਨਵਾਨ ਹਨ।

ਕਈ ਕਰੋੜਾਂ ਹੀ ਉਸ ਨੇ ਬਣਾਏ ਹਨ, ਜਿਨ੍ਹਾਂ ਕੋਲ ਮਾਇਆ ਨਹੀਂ ਹੈ ਤੇ ਉਨ੍ਹਾਂ ਨੂੰ ਹਮੇਸ਼ਾ ਚਿੰਤਾ ਹੀ ਲੱਗੀ ਰਹਿੰਦੀ ਹੈ। ਐਸੇ ਵੀ ਕਈ ਕਰੋੜਾਂ ਹੀ ਹਨ।

***ਜਹ ਜਹ ਭਾਣਾ ਤਹ ਤਹ ਰਾਖੇ ॥***

***ਨਾਨਕ ਸਭੁ ਕਿਛੁ ਪ੍ਰਭ ਕੈ ਹਾਥੈ ॥ ੫ ॥***

ਜਿਵੇਂ ਜਿਵੇਂ ਉਸ ਦਾ ਹੁਕਮ ਹੁੰਦਾ ਹੈ, ਵੈਸੇ ਵੈਸੇ ਟਿਕਾਣੇ ਤੇ ਉਹ ਪ੍ਰਭੂ ਜੀਵਾਂ ਨੂੰ ਰਖਦਾ ਹੈ (ਜੀਵਾਂ ਦੇ ਕਰਮਾਂ ਅਨੁਸਾਰ ਰਖਦਾ ਹੈ)।

ਹੇ ਨਾਨਕ, ਸਭ ਕੁਛ ਉਸ ਮਾਲਕ ਪ੍ਰਭੂ ਦੇ ਹੱਥ (Control) ਵਿੱਚ ਹੈ।

***ਕਈ ਕੋਟਿ ਭਏ ਬੈਰਾਗੀ ॥***

***ਰਾਮ ਨਾਮ ਸੰਗਿ ਤਿਨਿ ਲਿਵ ਲਾਗੀ ॥***

ਕਈ ਕਰੋੜਾਂ ਹੀ ਹਨ, ਜਿਹੜੇ ਬੈਰਾਗੀ (ਮਾਇਆ ਤੋਂ ਨਿਰਲੇਪ, detached from creation) ਹੋਏ।

ਉਨ੍ਹਾਂ ਦੀ ਪ੍ਰੀਤਿ ਰਾਮ ਦੇ ਨਾਮ ਨਾਲ ਲੱਗ ਗਈ (ਲਗਾਤਾਰੀ ਧਿਆਨ ਰਾਮ ਦੇ ਨਾਮ ਵਿੱਚ ਚਲਿਆ ਗਇਆ)।

***ਕਈ ਕੋਟਿ ਪ੍ਰਭ ਕਉ ਖੋਜੰਤੇ ॥***

***ਆਤਮ ਮਹਿ ਪਾਰਬ੍ਰਹਮੁ ਲਹੰਤੇ ॥***

ਕਈ ਕਰੋੜਾਂ ਹੀ ਹਨ, ਜਿਹੜੇ ਪ੍ਰਭੂ ਨੂੰ ਪ੍ਰਾਪਤ ਕਰਨ ਲਈ ਯਤਨ (ਖੋਜ) ਕਰ ਰਹੇ ਹਨ।

ਤੇ ਉਹ ਉਹ ਆਪਣੀ ਆਤਮਾ ਵਿੱਚ ਪਾਰਬ੍ਰਹਮ ਦਾ ਨਿਵਾਸ ਕਰ ਲੈਂਦੇ ਹਨ (ਯਤਨ ਕਰਦੇ ਕਰਦੇ)। ਐਸੇ ਵੀ ਕਈ ਕਰੋੜਾਂ ਹੀ ਹਨ।

***ਕਈ ਕੋਟਿ ਦਰਸਨ ਪ੍ਰਭ ਪਿਆਸ ॥***

***ਤਿਨ ਕਉ ਮਿਲਿਓ ਪ੍ਰਭੁ ਅਬਿਨਾਸ ॥***

ਹਜ਼ੂਰ ਦੱਸ ਰਹੇ ਹਨ ਕਿ ਕਈ ਕਰੋੜਾਂ ਹੀ ਹਨ, ਜਿਨ੍ਹਾਂ ਨੂੰ ਪ੍ਰਭੂ ਦਰਸ਼ਨ ਦੀ ਪਿਆਸ ਲੱਗੀ।

ਤੇ ਜਿਨਾਂ ਨੂੰ ਵੀ ਦਿੱਲੋਂ ਪਿਆਸ ਲੱਗੀ, ਉਨ੍ਹਾਂ ਨੂੰ ਹੀ ਉਹ ਅਬਿਨਾਸੀ ਪ੍ਰਭੂ ਮਿਲ ਗਇਆ। ਐਸੇ ਵੀ ਕਈ ਕਰੋੜਾਂ ਹੀ ਹੋਏ ਹਨ।

***ਕਈ ਕੋਟਿ ਮਾਗਹਿ ਸਤਸੰਗੁ ॥***

***ਪਾਰਬ੍ਰਹਮ ਤਿਨ ਲਾਗਾ ਰੰਗੁ ॥***

ਕਰੋੜਾਂ ਹੀ ਹਨ, ਜੋ ਸੱਚੀ ਸੰਗਤਿ (ਸਾਧੂ ਦੀ ਸੰਗਤਿ) ਤੇਰੇ ਕੋਲੋਂ ਮੰਗਦੇ ਹਨ।

ਉਨ੍ਹਾਂ ਨੂੰ, ਹੇ ਪਾਰਬ੍ਰਹਮ ਪਰਮੇਸ਼ਰ ਜੀਉ, ਤੇਰੇ ਨਾਲ ਪ੍ਰੀਤਿ ਉਪਜੀ ਹੈ। ਤਾਂ ਕਰਕੇ ਉਹ ਸਤਸੰਗਿ ਵਿੱਚ ਰਹਿਣਾ ਚਾਹੁੰਦੇ ਹਨ। ਐਸੇ ਵੀ ਕਰੋੜਾਂ ਹੀ ਹਨ।

***ਜਿਨ ਕਉ ਹੋਏ ਆਪਿ ਸੁਪ੍ਰਸੰਨ ॥***

***ਨਾਨਕ ਤੇ ਜਨ ਸਦਾ ਧਨਿ ਧੰਨਿ ॥ ੬ ॥***

ਜਿਸ ਤੇ, ਹੇ ਪ੍ਰਭੂ ! ਤੂੰ ਆਪ ਕ੍ਰਿਪਾ ਕਰੇਂ (ਖੁਸ਼ ਹੋ ਜਾਵੇਂ),

ਹੇ ਨਾਨਕ ! ਉਹ ਸੇਵਕ ਸਦਾ ਲਈ ਧੰਨਤਾ ਯੋਗ ਹੋ ਜਾਂਦਾ ਹੈ, ਧੰਨਤਾ ਯੋਗ ਹੋ ਜਾਂਦਾ ਹੈ।

***ਕਈ ਕੋਟਿ ਖਾਣੀ ਅਰੁ ਖੰਡ ॥***

***ਕਈ ਕੋਟਿ ਅਕਾਸ ਬ੍ਰਹਮੰਡ ॥***

ਅਸੀਂ ਚਾਰ ਖਾਣੀਆਂ ਮੰਨਦੇ ਹਾਂ-ਅੰਡਜ, ਸੇਤਜ, ਜੇਰਜ ਤੇ ਉਤਭੁਜ। ਸੰਸਾਰ ਚੌਰਾਸੀ ਲੱਖ ਜੂਨਾਂ ਮੰਨਦਾ ਹੈ ਤੇ ਇਹ ਮੰਨਦਾ ਹੈ ਕਿ ਹਰ ਖਾਣੀ ਵਿੱਚ 21-21 ਲੱਖ ਜੂਨ ਹੈ। ਹਜ਼ੂਰ ਨੇ ਅਲੰਕਾਰ ਚਾਰ ਖਾਣੀਆਂ ਤੇ ਚੌਰਾਸੀ ਲੱਖ ਜੂਨਾਂ ਦਾ ਹੀ ਵਰਤਿਆ ਹੈ। ਪਰ ਆਪਣਾ ਸਿੱਧਾਂਤ ਦਿੱਤਾ ਹੈ :-

**H ਕੇਤੀਆ ਖਾਣੀ ਕੇਤੀਆ ਬਾਣੀ ਕੇਤੇ ਪਾਤ ਨਰਿੰਦ ॥**

**ਕੇਤੀਆ ਸੁਰਤੀ ਸੇਵਕ ਕੇਤੇ ਨਾਨਕ ਅੰਤੁ ਨ ਅੰਤੁ ॥ (ਪੰਨਾ ੭)**

ਕੋਈ ਅੰਤ ਹੀ ਨਹੀਂ ਹੈ ਖਾਣੀਆਂ ਦਾ ਤੇ ਨਾ ਹੀ ਜੂਨਾਂ ਦਾ ਕੋਈ ਅੰਤ ਹੈ। ਜਦ ਖਾਣੀਆਂ ਹੀ ਅੰਤ ਨਹੀਂ ਹੈ ਤਾਂ ਜੂਨਾਂ ਦਾ ਅੰਤ ਕਿਵੇਂ ਹੋ ਸਕਦਾ ਹੈ। ਹਰ ਪੱਖ ਤੋਂ ਪ੍ਰਭੂ ਦੀ ਰਚਨਾ ਬੇਅੰਤ ਹੈ। ਹਜ਼ੂਰ ਕਹਿੰਦੇ ਨੇ ਕਿ ਖਾਣੀਆਂ ਤੇ ਖੰਡ (ਧਰਤੀਆਂ ਦੇ ਹਿੱਸੇ), ਇਹ ਵੀ ਕਈ ਕਰੋੜਾਂ ਹੀ ਹਨ, ਕੋਈ ਗਿਣਤੀ ਹੋ ਹੀ ਨਹੀਂ ਸਕਦੀ।

ਕਈ ਕਰੋੜਾਂ ਹੀ ਆਕਾਸ਼ ਹਨ ਤੇ ਕਈ ਕਰੋੜਾਂ ਹੀ ਬ੍ਰਹਮੰਡ (Galaxies) ਹਨ ਤੇ ਹਰ ਇੱਕ ਬ੍ਰਹਮੰਡ ਵਿੱਚ ਅਨੇਕਾਂ ਧਰਤੀਆਂ ਤੇ ਅਨੇਕਾਂ ਸੂਰਜ ਹਨ। ਐਸੇ ਬ੍ਰਹਮੰਡ ਵੀ ਕਈ ਕਰੋੜਾਂ ਹੀ ਹਨ।

***ਕਈ ਕੋਟਿ ਹੋਏ ਅਵਤਾਰ ॥***

***ਕਈ ਜੁਗਤਿ ਕੀਨੋ ਬਿਸਥਾਰ ॥***

ਅਵਤਾਰ (ਸਮੇਂ ਦੇ ਹਾਕਮ) ਵੀ ਕਈ ਕਰੋੜਾਂ ਹੀ ਹੋਏ ਹਨ। ਜਿਸ ਤਰਾਂ ਸ੍ਰੀ ਰਾਮ ਚੰਦ੍ਰ ਜੀ, ਸ੍ਰੀ ਕ੍ਰਿਸ਼ਨ ਜੀ ਆਪਣੇ ਸਮੇਂ ਦੇ ਅਵਤਾਰ ਸਨ, ਐਸੇ ਵੀ ਕਈ ਕਰੋੜਾਂ ਹੀ ਹੋਏ ਹਨ।

ਹੇ ਪ੍ਰਭੂ, ਤੂੰ ਇਸ ਰਚਨਾ ਦਾ ਖਲਾਰਾ ਕਈ ਢੰਗਾਂ (ਤਰੀਕਿਆਂ) ਨਾਲ ਕੀਤਾ ਹੋਇਆ ਹੈ। ਰਚਨਾ ਦਾ ਅੰਤ ਤਾਂ ਕਿਸੇ ਨੇ ਕੀ ਪਾਉਣਾ ਹੈ, ਢੰਗਾਂ (ਤਰੀਕਿਆਂ) ਦੀ ਹੀ ਗਿਣਤੀ ਨਹੀਂ ਹੋ ਸਕਦੀ।

***ਕਈ ਬਾਰ ਪਸਰਿਓ ਪਾਸਾਰ ॥***

***ਸਦਾ ਸਦਾ ਇਕੁ ਏਕੰਕਾਰ ॥***

ਐਸੀ ਰਚਨਾ ਤੂੰ ਕਈ ਦਫਾ ਬਣਾਈ ਤੇ ਕਈ ਦਫਾ ਨਾਸ ਕੀਤੀ ਹੈ (ਜਿਵੇਂ ਤੇਰਾ ਹੁਕਮ ਵਰਤਦਾ ਹੈ)।

ਪਰ ਹੇ ਪ੍ਰਭੂ, ਤੂੰ ਆਪ ਸਦਾ ਸਦਾ ਇੱਕ ਹੈਂ (ਤੂੰ ੧ੴ ਹੈਂ) ਤੇ ਸਤ ਹੈਂ। ਤੇਰਾ ਨਾਮ ਹਮੇਸ਼ਾ ਹੀ ਸਤ ਹੈ ਤੇ ਤੂੰ ਹਮੇਸ਼ਾ ਹਮੇਸ਼ਾ ਇੱਕ ਹੈ।

***ਕਈ ਕੋਟਿ ਕੀਨੇ ਬਹੁ ਭਾਤਿ ॥***

***ਪ੍ਰਭ ਤੇ ਹੋਏ ਪ੍ਰਭ ਮਾਹਿ ਸਮਾਤਿ ॥***

ਅਨੇਕਾਂ ਤਰਾਂ (ਭਾਤਾਂ) ਦੀ ਰਚਨਾ ਤੂੰ ਕੀਤੀ ਹੈ।

ਤੇਰੇ ਤੋਂ ਹੀ ਰਚਨਾ ਪੈਦਾ ਹੁੰਦੀ ਹੈ ਤੇ ਤੇਰੇ ਵਿੱਚ ਹੀ ਅੰਤ ਨੂੰ ਸਮਾ ਜਾਂਦੀ ਹੈ। ਤੂੰ ਆਪ ਹਮੇਸ਼ਾ ਬੇਅੰਤ ਰਹਿੰਦਾ ਹੈ।

***ਤਾ ਕਾ ਅੰਤੁ ਨ ਜਾਨੈ ਕੋਇ ॥***

***ਆਪੇ ਆਪਿ ਨਾਨਕ ਪ੍ਰਭੁ ਸੋਇ ॥ ੭ ॥***

ਉਸ ਦਾ ਅੰਤ ਤਾਂ ਕੋਈ ਜਾਣ ਹੀ ਨਹੀਂ ਸਕਦਾ।

ਹੇ ਨਾਨਕ, ਉਹ ਮਾਲਕ ਤਾਂ ਸਦਾ ਬੇਅੰਤ ਹੈ ਤੇ ਆਪਣੇ ਆਪ ਹੈ (ਆਪਣੇ ਸਹਾਰੇ, ਆਪਣੇ ਆਸਰੇ ਤੇ ਹੈ)।

***ਕਈ ਕੋਟਿ ਪਾਰਬ੍ਰਹਮ ਕੇ ਦਾਸ ॥***

***ਤਿਨ ਹੋਵਤ ਆਤਮ ਪਰਗਾਸ ॥***

ਕਈ ਕਰੋੜਾਂ ਹੀ ਹਨ, ਜੋ ਤੇਰੇ ਸੇਵਕ ਬਣਦੇ ਹਨ (ਤੇਰੀ ਸ਼ਰਨ ਪ੍ਰਾਪਤ ਕਰਦੇ ਹਨ)।

ਉਨ੍ਹਾਂ ਦੀ ਆਤਮਾ ਵਿੱਚ ਤੇਰੇ ਗਿਆਨ ਦਾ ਪ੍ਰਕਾਸ਼ ਹੋ ਜਾਂਦਾ ਹੈ।

***ਕਈ ਕੋਟਿ ਤਤ ਕੇ ਬੇਤੇ ॥***

***ਸਦਾ ਨਿਹਾਰਹਿ ਏਕੋ ਨੇਤ੍ਰੇ ॥***

ਕਈ ਕਰੋੜਾਂ ਹੀ ਹਨ, ਜੋ ਤੱਤ ਗਿਆਨ ਨੂੰ ਦ੍ਰਿੜ ਕਰਦੇ ਹਨ।

ਤੇ ਉਹ ਸਦਾ (ਇੱਕ ਰਸ) ਤੇਰੇ ਵੱਲ ਹੀ ਧਿਆਨ ਜੋੜਦੇ ਹਨ (ਤੇਰੇ ਵਿੱਚ ਹੀ ਉਨ੍ਹਾਂ ਦੀ ਲਿਵ ਲੱਗ ਜਾਂਦੀ ਹੈ)।

***ਕਈ ਕੋਟਿ ਨਾਮ ਰਸੁ ਪੀਵਹਿ ॥***

***ਅਮਰ ਭਏ ਸਦ ਸਦ ਹੀ ਜੀਵਹਿ ॥***

ਐਸੇ ਵੀ ਕਈ ਕਰੋੜਾਂ ਹੀ ਹਨ, ਜਿਹੜੇ ਨਾਮ ਦਾ ਰਸ ਮਾਣਦੇ ਹਨ।

ਉਨ੍ਹਾਂ ਦਾ ਮੌਤ ਦਾ ਡਰ ਖਤਮ ਹੋ ਜਾਂਦਾ ਹੈ। ਉਹ ਅਮਰ (ਸਦੀਵੀ) ਹੋ ਜਾਂਦੇ ਹਨ ਤੇ ਸਦਾ ਸਦਾ ਹੀ ਜੀਉਂਦੇ ਹਨ।

***ਕਈ ਕੋਟਿ ਨਾਮ ਗੁਨ ਗਾਵਹਿ ॥***

***ਆਤਮ ਰਸਿ ਸੁਖਿ ਸਹਜਿ ਸਮਾਵਹਿ ॥***

ਕਰੋੜਾਂ ਹੀ ਹਨ, ਜੋ ਤੇਰੇ ਨਾਮ ਦੇ ਗੁਣ ਗਾਉਂਦੇ ਹਨ (ਜੋ ਤੇਰੇ ਗੁਣ ਗਾਉਂਦੇ ਹਨ, ਤੇਰੀ ਸੋਭਾ ਵਡਿਆਈ ਕਰਦੇ ਹਨ)।

ਉਹ ਆਤਮ ਰਸ ਮਾਣਦੇ ਹਨ ਤੇ ਸੁੱਖ ਵਿੱਚ ਸਹਜਿ ਅਵਸਥਾ ਦਵਾਰਾ ਸਮਾ ਜਾਂਦੇ ਹਨ। ਕਿਉਂਕਿ ਗੁਣ ਗਾ ਗਾ ਕੇ ਹੀ ਜੀਵ ਪ੍ਰਭੂ ਵਿੱਚ ਸਮਾ ਸਕਦਾ ਹੈ। ਕਈ ਕਰੋੜਾਂ ਹੀ ਹਨ, ਜਿਹੜੇ ਇਹ ਸਾਧਨ ਅਪਨਾਉਂਦੇ ਹਨ ਤੇ ਤੇਰੇ ਵਿੱਚ ਸਮਾ ਜਾਂਦੇ ਹਨ।

***ਅਪੁਨੇ ਜਨ ਕਉ ਸਾਸਿ ਸਾਸਿ ਸਮਾਰੇ ॥***

## *ਨਾਨਕ ਓਇ ਪਰਮੇਸੁਰ ਕੇ ਪਿਆਰੇ ॥ ੮ ॥ ੧੦ ॥*

ਜੋ ਤੇਰੇ ਦਾਸ ਬਣਦੇ ਹਨ, ਉਨ੍ਹਾਂ ਦੀ ਰੱਖਿਆ ਤੂੰ ਹਮੇਸ਼ਾ ਹਮੇਸ਼ਾ (ਸ੍ਵਾਸ ਸ੍ਵਾਸ) ਕਰਦਾ ਹੈਂ।
ਹੇ ਨਾਨਕ, ਉਹ ਪ੍ਰਭੂ ਦੇ ਪਿਆਰੇ ਬਣਦੇ ਹਨ, ਜੋ ਪ੍ਰਭੂ ਦੀ ਸ਼ਰਨ ਪ੍ਰਾਪਤ ਕਰ ਲੈਂਦੇ ਹਨ। ਉਨ੍ਹਾਂ ਦੀ ਲਿਵ ਪ੍ਰਭੂ ਵਿੱਚ ਲੱਗ ਜਾਂਦੀ ਹੈ।

**H H H H H**

## *ਅਸਟਪਦੀ ੧੧ (ਪੰਨਾ ੨੭੬)*

## *ਸਲੋਕੁ ॥*

## *ਕਰਣ ਕਾਰਣ ਪ੍ਰਭੁ ਏਕੁ ਹੈ*

## *ਦੂਸਰ ਨਾਹੀ ਕੋਇ ॥*

ਰਚਨਾ ਕਰਨ ਵਾਲਾ ਮਾਲਕ ਇੱਕ ਹੈ। ਹੋਰ ਕੋਈ ਦੂਜਾ ਹੈ ਹੀ ਨਹੀਂ। ਉਸ ਸਾਹਿਬ ਨੇ ਹੀ ਸਭ ਕੁਛ ਕੀਤਾ ਹੈ ਤੇ ਉਹ ਸਾਹਿਬ ਹੀ ਸਭ ਕਾਸੇ ਨੂੰ ਚਲਾ ਰਿਹਾ ਹੈ।

## *ਨਾਨਕ ਤਿਸੁ ਬਲਿਹਾਰਣੈ*

## *ਜਲਿ ਥਲਿ ਮਹੀਅਲਿ ਸੋਇ ॥ ੧ ॥*

ਹੇ ਨਾਨਕ ! ਮੈਂ ਉਸ ਤੋਂ ਬਲਿਹਾਰ ਹਾਂ, ਜੋ ਜਲ (ਪਾਣੀ) ਵਿੱਚ, ਥਲ (ਧਰਤੀ) ਵਿੱਚ ਤੇ ਆਕਾਸ਼ ਵਿੱਚ ਸਾਰੇ ਸਮਾਈ ਹੋਈ ਇੱਕ ਹੋਂਦ (ਹਸਤੀ) ਹੈ, ਜਿਸ ਨੇ ਸਾਰੀ ਰਚਨਾ
ਬਣਾਈ ਹੈ ਤੇ ਉਸ ਤੋਂ ਬਗੈਰ ਇੱਥੇ ਕੁਛ ਵੀ ਨਹੀਂ ਹੈ।

## *ਅਸਟਪਦੀ ॥*

## *ਕਰਨ ਕਰਾਵਨ ਕਰਨੈ ਜੋਗੁ ॥*

## *ਜੋ ਤਿਸੁ ਭਾਵੈ ਸੋਈ ਹੋਗੁ ॥*

ਮਾਲਕ ਸਭ ਕੁਛ ਕਰਨ ਵਾਲਾ ਹੈ। ਮਾਲਕ ਹੀ ਜੀਵਾਂ ਤੋਂ ਸਭ ਕੁਛ ਕਰਵਾਉਂਦਾ ਹੈ। ਉਹ ਸਮਰੱਥ ਹੈ।
ਜੋ ਉਸ ਨੂੰ ਭਾਉਂਦਾ ਹੈ, ਉਹੀ ਸੰਸਾਰ ਵਿੱਚ ਵਾਪਰ ਜਾਂਦਾ ਹੈ।

## *ਖਿਨ ਮਹਿ ਥਾਪਿ ਉਥਾਪਨਹਾਰਾ ॥*

## *ਅੰਤੁ ਨਹੀ ਕਿਛੁ ਪਾਰਾਵਾਰਾ ॥*

ਉਹ ਸੈਕੰਡ (moment) ਵਿੱਚ ਬਣਾ ਦੇਂਦਾ ਹੈ, ਸੈਕੰਡ ਵਿੱਚ ਢਾਹ ਦੇਂਦਾ ਹੈ।
ਉਸ ਦਾ ਅੰਤ ਜਾਂ ਪਾਰਾਵਾਰ ਕੋਈ ਪਾ ਨਹੀਂ ਸਕਦਾ।

## *ਹੁਕਮੇ ਧਾਰਿ ਅਧਰ ਰਹਾਵੈ ॥*

## *ਹੁਕਮੇ ਉਪਜੈ ਹੁਕਮਿ ਸਮਾਵੈ ॥*

ਉਹ ਆਪਣੇ ਹੁਕਮ ਵਿੱਚ ਰਚਨਾ ਨੂੰ ਧਾਰ ਕੇ (ਬਣਾ ਕੇ) ਇਸ ਵਿੱਚ ਆਪ ਵੱਸ ਰਹਿਆ ਹੈ। ਪਰ ਉਹ ਰਚਨਾ ਦੇ ਆਸਰੇ ਨਹੀਂ ਹੈ। ਆਪ ਉਹ ਅਧਰ (ਨਿਰ-ਆਸਰਾ, ਨਿਰਾਲੰਬ, ਆਸਰੇ ਤੋਂ ਰਹਿਤ) ਹੈ। ਉਸਨੂੰ ਕਿਸੇ ਦਾ ਆਸਰਾ ਨਹੀਂ ਹੈ। ਰਚਨਾ ਉਸ ਦੇ ਸਹਾਰੇ ਹੈ। ਉਹ ਰਚਨਾ ਦੇ ਸਹਾਰੇ ਨਹੀਂ ਹੈ। ਉਹ ਆਪਣੇ ਸਹਾਰੇ ਆਪ ਹੈ।

ਉਸ ਦੇ ਹੁਕਮ ਵਿੱਚ ਹੀ ਜੀਵ ਉਪਜਦੇ ਹਨ (ਰਚਨਾਵਾਂ ਪੈਦਾ ਹੁੰਦੀਆਂ ਹਨ), ਤੇ ਉਸ ਦੇ ਹੁਕਮ ਵਿੱਚ ਹੀ ਉਸ ਵਿੱਚ ਸਮਾ ਜਾਂਦੀਆਂ ਹਨ। ਉਸ ਦੇ ਹੁਕਮ ਤੋਂ ਬਾਹਰ ਕੁਛ ਵੀ ਨਹੀਂ ਹੈ।

## *ਹੁਕਮੇ ਊਚ ਨੀਚ ਬਿਉਹਾਰ ॥*
## *ਹੁਕਮੇ ਅਨਿਕ ਰੰਗ ਪਰਕਾਰ ॥*

ਉਸ ਦੇ ਹੁਕਮ ਵਿੱਚ ਜੀਵ ਉੱਚੇ ਹਨ, ਹੁਕਮ ਵਿੱਚ ਹੀ ਜੀਵ ਨੀਵੇਂ ਹਨ ਤੇ ਇਹ ਢੰਗ (ਤਰੀਕਾ) ਉਹ ਆਪ ਚਲਾ ਰਹਿਆ ਹੈ।

ਉਸ ਦੇ ਹੁਕਮ ਵਿੱਚ ਹੀ ਅਨੇਕਾਂ ਰੰਗਾਂ ਦੇ ਤੇ ਅਨੇਕਾਂ ਪ੍ਰਕਾਰਾਂ ਦੇ ਜੀਵ ਬਣੇ ਹਨ।

## ਕਰਿ ਕਰਿ ਦੇਖੈ ਅਪਨੀ ਵਡਿਆਈ ॥
## *ਨਾਨਕ ਸਭ ਮਹਿ ਰਹਿਆ ਸਮਾਈ ॥ ੧ ॥*

ਉਹ ਤਾਂ ਆਪਣੀ ਵਡਿਆਈ (ਸੋਭਾ) ਆਪ ਪ੍ਰਗਟ ਕਰ ਕੇ ਆਪ ਵੇਖ ਰਹਿਆ ਹੈ।

ਹੇ ਨਾਨਕ ! ਉਹ ਪ੍ਰਭੂ ਸਾਰਿਆਂ ਵਿੱਚ ਸਮਾਇਆ ਹੋਇਆ ਹੈ। ਕੋਈ ਜੀਵ ਜਾਂ ਕੋਈ ਟਿਕਾਣਾ ਉਸ ਤੋਂ ਬਗੈਰ ਨਹੀਂ ਹੈ।

## *ਪ੍ਰਭ ਭਾਵੈ ਮਾਨੁਖ ਗਤਿ ਪਾਵੈ ॥*
## *ਪ੍ਰਭ ਭਾਵੈ ਤਾ ਪਾਥਰ ਤਰਾਵੈ ॥*

ਮਾਲਕ ਐਸਾ ਬੇਅੰਤ ਹੈ ਕਿ ਜੇ ਉਸ ਨੂੰ ਪਰਵਾਨ ਹੋਵੇ ਤਾਂ ਮਨੁੱਖ ਦਾ ਕਲਿਆਣ ਹੋ ਜਾਦਾ ਹੈ।

ਜੇ ਉਸ ਨੂੰ ਭਾਵੇ ਤਾਂ ਉਹ ਤਾਂ ਪੱਥਰਾਂ (ਪੱਥਰ ਦਿਲ ਜਾਲਮਾਂ) ਨੂੰ ਵੀ ਤਾਰ ਦੇਂਦਾ ਹੈ। ਉਸ ਕੋਲ ਸਾਰੀਆਂ ਹੀ ਤਾਕਤਾਂ ਹਨ। ਕੋਈ ਵੀ ਐਸੀ ਗੱਲ ਨਹੀਂ ਹੈ, ਜੋ ਮੇਰਾ ਪ੍ਰਭੂ ਨਹੀਂ ਕਰ ਸਕਦਾ।

## *ਪ੍ਰਭ ਭਾਵੈ ਬਿਨੁ ਸਾਸ ਤੇ ਰਾਖੈ ॥*
## *ਪ੍ਰਭ ਭਾਵੈ ਤਾ ਹਰਿ ਗੁਣ ਭਾਖੈ ॥*

ਪ੍ਰਭੂ ਨੂੰ ਭਾਵੇ ਤਾਂ ਉਹ ਜੀਵ ਨੂੰ ਬਿਨਾਂ ਸਾਸ ਦੇ ਵੀ ਜੀਉਂਦਾ ਰੱਖ ਸਕਦਾ ਹੈ। ਇਹ ਜ਼ਰੂਰੀ ਨਹੀਂ ਕਿ ਸਵਾਸ ਬੰਦ ਹੋ ਜਾਣ ਤਾਂ ਜੀਵ ਮਰ ਹੀ ਜਾਵੇ। ਜੇ ਮਾਲਕ ਨੂੰ ਭਾਵੇ ਤਾਂ ਉਹ ਰੱਖਿਆ ਕਰ ਸਕਦਾ ਹੈ।

ਜੇ ਮਾਲਕ ਨੂੰ ਭਾਵੇ ਤਾਂ ਹੀ ਕੋਈ ਆਤਮਾ ਹਰੀ ਦੇ ਗੁਣ ਕਹਿਣ ਲਗਦੀ ਹੈ। ਉਸ ਦੀ ਦਇਆ ਬਗੈਰ ਕੋਈ ਆਤਮਾ ਉਸ ਦੇ ਗੁਣ ਗਾ ਨਹੀਂ ਸਕਦੀ।

## *ਪ੍ਰਭ ਭਾਵੈ ਤਾ ਪਤਿਤ ਉਧਾਰੈ ॥*
## *ਆਪਿ ਕਰੈ ਆਪਨ ਬੀਚਾਰੈ ॥*

ਜੇ ਮਾਲਕ ਪ੍ਰਭੂ ਨੂੰ ਭਾਵੇ ਤਾਂ ਉਹ ਪਾਪੀਆਂ ਨੂੰ ਵੀ ਤਾਰ ਦੇਂਦਾ ਹੈ (ਪਾਰ ਉਤਾਰਾ ਕਰ ਦੇਂਦਾ ਹੈ) ਕਿਉਂਕਿ ਉਹ ਪਤਿਤ ਉਧਰਨ ਹੈ।

ਉਹ ਆਪ ਹੀ ਕਰਦਾ ਹੈ ਆਪਨੀ ਵੀਚਾਰ, ਆਪਨੀ ਮਰਜ਼ੀ ਅਨੁਸਾਰ। ਕਿਸੇ ਦਾ ਉਸ ਤੇ ਹੁਕਮ ਨਹੀਂ ਚਲਦਾ।

## *ਦੁਹਾ ਸਿਰਿਆ ਕਾ ਆਪਿ ਸੁਆਮੀ ॥*
## *ਖੇਲੈ ਬਿਗਸੈ ਅੰਤਰਜਾਮੀ ॥*

ਜਨਮ ਮੌਤ ਦਾ ਮਾਲਕ ਉਹ ਆਪ ਹੀ ਹੈ।

ਉਹ ਹੀ ਸਾਰੇ ਖੇਡ ਰਹਿਆ ਹੈ। ਇਹ ਸਾਰੀ ਖੇਡ ਉਹੀ ਚਲਾ ਰਹਿਆ ਹੈ ਤੇ ਉਹ ਆਪ ਆਨੰਦ ਰੂਪ ਹੈ, ਸਭ ਦੇ ਦਿਲਾਂ ਦੀਆਂ ਜਾਣਦਾ ਹੈ। ਕੋਈ ਵੀ ਗੱਲ ਉਸ ਤੋਂ ਲੁਕੀ ਛਿਪੀ ਨਹੀਂ ਹੈ।

***ਜੋ ਭਾਵੈ ਸੋ ਕਾਰ ਕਰਾਵੈ ॥***

***ਨਾਨਕ ਦ੍ਰਿਸਟੀ ਅਵਰੁ ਨ ਆਵੈ ॥ ੨ ॥***

ਜੋ ਉਸਦਾ ਭਾਣਾ (ਹੁਕਮ) ਹੁੰਦਾ ਹੈ, ਵੈਸੀ ਕਾਰ (ਕਿਰਤ, ਕਰਮ) ਉਹ ਜੀਵ ਕੋਲੋਂ ਕਰਾ ਦੇਂਦਾ ਹੈ।

ਨਾਨਕ ਨੂੰ ਤਾਂ ਉਸ ਤੋਂ ਬਗੈਰ ਹੋਰ ਕੋਈ ਵੀ ਕਰਤਾ ਨਜ਼ਰ ਨਹੀਂ ਆਉਂਦਾ। ਉਹ ਇੱਕ ਹੀ ਕਰਤਾ ਪੁਰਖ ਹੈ।

***ਕਹੁ ਮਾਨੁਖ ਤੇ ਕਿਆ ਹੋਇ ਆਵੈ ॥***

***ਜੋ ਤਿਸੁ ਭਾਵੈ ਸੋਈ ਕਰਾਵੈ ॥***

ਹਜ਼ੂਰ ਕਹਿੰਦੇ ਨੇ ਕਿ ਮਨੁੱਖ ਤੋਂ ਕੁਛ ਨਹੀਂ ਹੋ ਸਕਦਾ। ਇਹ ਆਪਣੀ ਮਰਜ਼ੀ ਨਾਲ ਕੁਛ ਨਹੀਂ ਕਰ ਸਕਦਾ।

ਜੈਸਾ ਨਾਚ ਉਹ ਪ੍ਰਭੂ ਨਚਾਉਂਦਾ ਹੈ, ਵੈਸਾ ਹੀ ਜੀਵ ਨੱਚਦਾ ਹੈ। ਉਹੀ ਕਰਮ ਉਹ ਜੀਵ ਕੋਲੋਂ ਕਰਵਾ ਦੇਂਦਾ ਹੈ।

***ਇਸ ਕੈ ਹਾਥਿ ਹੋਇ ਤਾ ਸਭੁ ਕਿਛੁ ਲੇਇ ॥***

***ਜੋ ਤਿਸੁ ਭਾਵੈ ਸੋਈ ਕਰੇਇ ॥***

ਜੇ ਜੀਵ ਦੀ ਮਰਜ਼ੀ ਹੋਵੇ ਤਾਂ ਇਹ ਤਾਂ ਸਾਰਾ ਕੁਛ ਹੀ ਆਪਣੇ ਵੱਸ (control) ਵਿੱਚ ਹੀ ਕਰ ਲਵੇ। ਜੀਵ ਨੂੰ ਤਾਂ ਰੱਜ ਕਦੀ ਆਉਂਦਾ ਹੀ ਨਹੀਂ। ਇਹ ਤਾਂ ਚਾਹੁੰਦਾ ਹੈ ਕਿ ਭਗਵਾਨ ਤੇ ਵੀ ਮੈਂ ਹਾਵੀ ਹੋ ਜਾਵਾਂ। ਹਜ਼ੂਰ ਕਹਿੰਦੇ ਨੇ ਕਿ ਜੀਵ ਦੇ ਵੱਸ ਕੁਛ ਨਹੀਂ। ਇਹਦੇ ਵੱਸ ਹੁੰਦਾ ਤਾਂ ਇਹ ਸਭ ਕੁਛ ਆਪਣੇ ਵੱਸ (Control) ਵਿੱਚ ਕਰਦਾ।

ਜੋ ਮਾਲਕ ਨੂੰ ਭਾਉਂਦਾ ਹੈ, ਉਹੀ ਇਸ ਨੂੰ ਕਰਨਾ ਪੈਂਦਾ ਹੈ।

***ਅਨਜਾਨਤ ਬਿਖਿਆ ਮਹਿ ਰਚੈ ॥***

***ਜੇ ਜਾਨਤ ਆਪਨ ਆਪ ਬਚੈ ॥***

ਇਹ ਜੀਵ ਨਾ-ਸਮਝ ਹੋਣ ਕਰਕੇ ਮਾਇਆ ਦੇ ਮੋਹ ਵਿੱਚ ਖਚਿਤ ਹੋ ਜਾਂਦਾ ਹੈ ਤੇ ਖੱਜਲ ਖੁਆਰ ਹੁੰਦਾ ਹੈ।

ਜੇ ਇਸ ਨੂੰ ਕੋਈ ਆਪੇ ਹੀ ਗਿਆਨ ਹੋਵੇ ਤਾਂ ਇਹ ਮਾਇਆ ਦੇ ਮੋਹ ਕੋਲੋਂ ਬਚ ਜਾਂਦਾ। ਪਰ ਇਹ ਮਾਇਆ ਦੇ ਮੋਹ ਤੋਂ ਨਹੀਂ ਬਚ ਸਕਦਾ।

***ਭਰਮੇ ਭੂਲਾ ਦਹ ਦਿਸਿ ਧਾਵੈ ॥***

***ਨਿਮਖ ਮਾਹਿ ਚਾਰਿ ਕੁੰਟ ਫਿਰਿ ਆਵੈ ॥***

ਇਹ ਭਰਮ (ਭੁਲੇਖੇ) ਵਿੱਚ ਭੁੱਲਿਆ ਹੋਇਆ ਦਸਾਂ ਦਿਸ਼ਾਵਾਂ ਵਿੱਚ ਭੱਜਾ ਫਿਰਦਾ ਹੈ।

ਤੇ ਨਿਮਖ (ਅੱਖ ਝਪਕੱਣ ਵਿੱਚ ਲੱਗਣ ਵਾਲੇ ਸਮੇਂ) ਵਿੱਚ ਚੌਂ ਪਾਸੀ ਫਿਰ ਫੁਰ ਕੇ ਆ ਜਾਂਦਾ ਹੈ ਕਿ ਮੈਨੂੰ ਇਹ ਮਿੱਲ ਜਾਵੇ, ਮੈਨੂੰ ਉਹ ਮਿਲ ਜਾਵੇ। ਇਹਦੀ ਰੀਝ (ਮਾਇਆ ਦੇ ਮੋਹ ਦੀ) ਕਦੀ ਖਤਮ ਹੁੰਦੀ ਹੀ ਨਹੀਂ।

***ਕਰਿ ਕਿਰਪਾ ਜਿਸੁ ਅਪਨੀ ਭਗਤਿ ਦੇਇ ॥***

***ਨਾਨਕ ਤੇ ਜਨ ਨਾਮਿ ਮਿਲੇਇ ॥ ੩ ॥***

ਜਿਸ ਆਤਮਾ ਤੇ ਮਾਲਕ ਕਿਰਪਾ ਕਰੇ, ਉਸ ਆਤਮਾ ਨੂੰ ਆਪਣੀ ਭਗਤੀ (ਪ੍ਰੇਮ) ਬਖਸ਼ ਦੇਂਦਾ ਹੈ।

ਐਸੀ ਆਤਮਾ ਹੀ, ਹੇ ਨਾਨਕ ! ਉਸ ਪ੍ਰਭੂ ਦੇ ਨਾਮ ਵਿੱਚ ਸਮਾਉਂਦੀ ਹੈ, ਜਿਸ ਆਤਮਾ ਤੇ ਉਸ ਦੀ ਮੇਹਰ (ਕਿਰਪਾ) ਹੁੰਦੀ ਹੈ। ਜੀਵ ਆਪਣੇ ਯਤਨ ਨਾਲ ਉਸ ਵਿੱਚ ਨਹੀਂ ਸਮਾ ਸਕਦਾ।

ਉਹ ਪ੍ਰਭੂ ਕਿੱਡਾ ਸਮਰੱਥ ਹੈ ?

***ਖਿਨ ਮਹਿ ਨੀਚ ਕੀਟ ਕਉ ਰਾਜ ॥***

***ਪਾਰਬ੍ਰਹਮ ਗਰੀਬ ਨਿਵਾਜ ॥***

ਜੇ ਉਹਨੂੰ ਭਾਵੇ ਤਾਂ ਇਹ ਖਿਨ (ਸੈਕੰਡ) ਵਿੱਚ ਉਹ ਨੀਵੇਂ ਤੋਂ ਨੀਵੇਂ (ਗਰੀਬ ਤੋਂ ਗਰੀਬ, ਜਿਹੜਾ ਕੁਛ ਵੀ ਨਾ ਹੋਵੇ) ਨੂੰ ਵੀ ਰਾਜਾ ਥਾਪ (ਬਣਾ) ਸਕਦਾ ਹੈ।

ਉਹ ਮੇਰਾ ਮਾਲਕ ਪਾਰਬ੍ਰਹਮ ਗਰੀਬਾਂ ਦੇ ਨਵਾਜ਼ਸ਼ਾਂ ਕਰਨ ਵਾਲਾ ਹੈ।

## *ਜਾ ਕਾ ਦ੍ਰਿਸਟਿ ਕਛੂ ਨ ਆਵੈ ॥*
## *ਤਿਸੁ ਤਤਕਾਲ ਦਹ ਦਿਸ ਪ੍ਰਗਟਾਵੈ ॥*

ਜੇ ਕੋਈ ਜੀਵ ਇੰਨਾ ਮਾੜਾ ਹੋਵੇ ਕਿ ਉਹਨੂੰ ਕੋਈ ਜਾਣਦਾ ਹੀ ਨਾ ਹੋਵੇ,

ਜੇ ਮਾਲਕ ਨੂੰ ਭਾਵੇ ਤਾਂ ਉਹ ਉਹਨੂੰ ਯਕਦਮ ਇੰਨਾ ਵੱਡਾ ਕਰ ਦੇਵੇ ਕਿ ਉਹਨੂੰ ਦਸਾਂ ਦਿਸ਼ਾਵਾਂ ਵਿੱਚ ਪ੍ਰਗਟ ਕਰ ਕੇ ਉਸ ਦੀ ਸੋਭਾ ਫੈਲਾ ਦੇਵੇ।

## *ਜਾ ਕਉ ਅਪੁਨੀ ਕਰੈ ਬਖਸੀਸ ॥*
## *ਤਾ ਕਾ ਲੇਖਾ ਨ ਗਨੈ ਜਗਦੀਸ ॥*

ਮਾਲਕ ਐਸਾ ਦਿਆਲੂ ਹੈ ਕਿ ਜਿਸ ਤੇ ਮੇਹਰਬਾਨ ਹੋਵੇ (ਕਿਰਪਾ ਕਰ ਦੇਵੇ),

ਉਸ ਦੇ ਕਰਮਾਂ ਦਾ ਹਿਸਾਬ ਹੀ ਨਹੀਂ ਵੇਖਦਾ। ਧਰਮਰਾਜ ਨੂੰ ਹੁਕਮ ਦੇਂਦਾ ਹੈ ਕਿ ਭਾਈ, ਇਸ ਦੇ ਕਾਗਜ਼ ਫਾੜ ਦੇ। ਇਹ ਮੇਰਾ ਬੱਚਾ ਹੈ। ਅਸੀਂ ਇਸ ਨੂੰ ਬਖਸ਼ ਲਿਆ ਹੈ।

## *ਜੀਉ ਪਿੰਡੁ ਸਭ ਤਿਸ ਕੀ ਰਾਸਿ ॥*
## *ਘਟਿ ਘਟਿ ਪੂਰਨ ਬ੍ਰਹਮ ਪ੍ਰਗਾਸ ॥*

ਇਹ ਸਾਡੀ ਆਤਮਾ ਤੇ ਸਾਡਾ ਸ਼ਰੀਰ ਉਸ ਪ੍ਰਭੂ ਦੀ ਦਿੱਤੀ ਹੋਈ ਰਾਸ (ਪੂੰਜੀ) ਹੈ। ਇਹਦੇ ਵਿੱਚ ਸਾਡਾ ਕੁਛ ਨਹੀਂ ਹੈ। ਹਜ਼ੂਰ ਕਹਿੰਦੇ ਨੇ ਕਿ ਇਹ ਮਾਲਕ ਦੀ ਹੈ। ਮਾਲਕ ਨੇ ਇਹ ਰਾਸ ਬਖਸ਼ੀ ਹੈ (ਨਾਮ ਦਾ ਵਾਪਾਰ ਕਰਨ ਲਈ)।

ਹਰ ਹਿਰਦੇ ਵਿੱਚ ਉਸ ਪੂਰਨ (ਸਰਬ ਸਮਰੱਥ) ਬ੍ਰਹਮ ਦਾ ਪ੍ਰਕਾਸ਼ (ਗਿਆਨ) ਵਰਤ ਰਹਿਆ ਹੈ। ਉਸ ਗਿਆਨ ਅਨੁਸਾਰ (ਜੈਸੀ ਜੈਸੀ ਬੁਧਿ ਉਸ ਨੇ ਪਾਈ ਹੈ), ਜੀਵ ਕਰਮ ਕਰਦੇ ਨੇ।

## *ਅਪਨੀ ਬਣਤ ਆਪਿ ਬਨਾਈ ॥*
## *ਨਾਨਕ ਜੀਵੈ ਦੇਖਿ ਬਡਾਈ ॥ ੪ ॥*

ਇਹ ਸਭ ਰਚਨਾ ਦੀ ਬਣਤਰ (ਬਨਾਵਟ) ਤੇ ਆਪਣਾ ਆਪ ਮੇਰੇ ਮਾਲਕ ਨੇ ਆਪ ਹੀ ਬਣਾਇਆ ਹੈ।

ਹੇ ਨਾਨਕ ! ਉਸ ਦੀ ਸ਼ੋਭਾ (ਵਡਿਆਈ) ਦੇਖ ਦੇਖ ਕੇ (ਜੋ ਉਹ ਕੌਤਕ ਕਰ ਰਹਿਆ ਹੈ) ਅਸੀਂ ਜੀਉਂਦੇ ਹਾਂ (ਖੁਸ਼ ਹੁੰਦੇ ਹਾਂ)। ਉਹਦੀ ਵਡਿਆਈ ਜਦੋਂ ਵੇਖਦੇ ਹਾਂ ਤਾਂ ਮਨ ਉਸ ਨਾਲ ਜੁੜਦਾ ਹੈ।

## *ਇਸ ਕਾ ਬਲੁ ਨਾਹੀ ਇਸੁ ਹਾਥ ॥*
## *ਕਰਨ ਕਰਾਵਨ ਸਰਬ ਕੋ ਨਾਥ ॥*

ਜੀਵ ਦਾ ਬਲ (ਤਾਕਤ, ਸ਼ਕਤੀ) ਜੀਵ ਦੇ ਵੱਸ (Control) ਵਿੱਚ ਨਹੀਂ ਹੈ। ਮਾਲਕ ਜਿੰਨੀ ਤਾਕਤ ਬਖਸ਼ਦਾ ਹੈ, ਉਨ੍ਹੀ ਤਾਕਤ ਹੀ ਹਰ ਜੀਵ ਕੋਲ ਹੈ। ਉਸ ਤੋਂ ਵੱਧ ਜੀਵ ਕੁਛ ਨਹੀਂ।

ਉਹ ਮਾਲਕ ਹੀ ਸਭ ਕੁਛ ਹੀ ਕਰਨ ਯੋਗ ਹੈ ਤੇ ਉਹੀ ਜੀਵਾਂ ਕੋਲੋਂ ਸਭ ਕਰਵਾਉਣ ਦੇ ਯੋਗ ਹੈ। ਉਹੀ ਸਭ ਦਾ ਮਾਲਕ ਹੈ।

## *ਆਗਿਆਕਾਰੀ ਬਪੁਰਾ ਜੀਉ ॥*
## *ਜੋ ਤਿਸੁ ਭਾਵੈ ਸੋਈ ਫੁਨਿ ਥੀਉ ॥*

ਇਹ ਜੀਵ ਤਾਂ ਬਪੜਾ (ਕਮਜ਼ੋਰ, ਵੀਚਾਰਾ, ਗਰੀਬ) ਤੇ ਆਗਿਆਕਾਰੀ (ਹੁਕਮ ਮੰਨਣ ਵਾਲਾ) ਹੀ ਹੈ।

ਜੋ ਮਾਲਕ ਨੂੰ ਭਾਉਂਦਾ ਹੈ, ਉਹੀ ਜੀਵ ਕੋਲੋਂ ਉਹ ਕਰਵਾ ਦੇਂਦਾ ਹੈ।

## *ਕਬਹੂ ਊਚ ਨੀਚ ਮਹਿ ਬਸੈ ॥*
## *ਕਬਹੂ ਸੋਗ ਹਰਖ ਰੰਗਿ ਹਸੈ ॥*

(ਉਸ ਮਾਲਕ ਦੇ ਹੁਕਮ ਵਿੱਚ) ਕਦੀ ਇਹ ਜੀਵ ਉੱਚਾ ਹੋ ਜਾਂਦਾ ਹੈ, ਕਦੀ ਨੀਵਾਂ ਹੋ ਜਾਂਦਾ ਹੈ।

ਕਦੀ ਦੁਖੀ ਹੋ ਜਾਂਦਾ ਹੈ। ਕਦੀ ਖੁਸ਼ੀ ਵਿੱਚ ਬਹੁਤ ਪ੍ਰਸੰਨ ਹੁੰਦਾ ਹੈ ਤੇ ਹੱਸਦਾ ਹੈ। ਜਿਵੇਂ ਮਾਲਕ ਨਾਚ ਨਚਾਉਂਦਾ ਹੈ, ਉਵੇਂ (ਜੀਵ) ਨਾਚ ਨਚਦਾ ਹੈ।

***ਕਬਹੂ ਨਿੰਦ ਚਿੰਦ ਬਿਉਹਾਰ ॥***

***ਕਬਹੂ ਊਭ ਅਕਾਸ ਪਇਆਲ ॥***

ਕਦੀ ਇਹ ਜੀਵ (ਹੰਕਾਰ ਵਿੱਚ ਆ ਕੇ) ਦੂਸਰਿਆਂ ਦੀ ਨਿੰਦਿਆ ਵਿੱਚ ਲੱਗ ਜਾਦਾ ਹੈ। ਕਦੀ ਇਹ ਆਪ ਚਿੰਤਾ ਵਿੱਚ ਚਲਿਆ ਜਾਂਦਾ ਹੈ (ਆਪਣੀਆਂ ਕਮਜ਼ੋਰੀਆਂ ਤੇ ਆਪਣੀਆਂ ਊਨਤਾਈਆਂ ਵੇਖ ਕੇ)।

ਕਦੀ ਇਹ ਆਕਾਸ਼ੇ (ਅਸਮਾਨੇ) ਚੜ ਜਾਂਦਾ ਹੈ, ਕਦੀ ਇਹ ਪਾਤਾਲ ਵਿੱਚ ਚਲਿਆ ਜਾਂਦਾ ਹੈ। ਪਰ ਇਹ ਉੱਚਾ ਤੇ ਨੀਵਾਂ ਬਣਦਾ ਰਹਿੰਦਾ ਹੈ ਤੇ ਇਸ ਤਰਾਂ ਇਸ ਦਾ ਜੀਵਨ ਅਨੇਕਾਂ ਢੰਗਾਂ ਨਾਲ ਵਿਚਰਦਾ ਰਹਿੰਦਾ ਹੈ (ਵੱਖ ਵੱਖ ਜੀਵਨਾਂ ਵਿੱਚ)।

***ਕਬਹੂ ਬੇਤਾ ਬ੍ਰਹਮ ਬੀਚਾਰ ॥***

***ਨਾਨਕ ਆਪਿ ਮਿਲਾਵਣਹਾਰ ॥ ੫ ॥***

ਕਿਤੇ ਮਾਲਕ ਕ੍ਰਿਪਾ ਕਰੇ ਤਾਂ ਇਹ ਜੀਵ ਬ੍ਰਹਮ ਦੀ ਵੀਚਾਰ ਵਿੱਚ ਟਿਕਦਾ ਹੈ (ਗਿਆਨ ਦੀ ਪਕੜ ਕਰਦਾ ਹੈ)।

ਹੇ ਨਾਨਕ ! ਉਹ ਮਾਲਕ ਆਪ ਹੀ ਇਸ ਨੂੰ ਆਪਣੇ ਨਾਲ ਮਿਲਾਉਣ ਦੇ ਸਮਰੱਥ ਹੈ। ਜੀਵ ਆਪਣੀ ਸ਼ਕਤੀ ਨਾਲ ਉਸ ਮਾਲਕ ਨੂੰ ਨਹੀਂ ਮਿਲ ਸਕਦਾ।

***ਕਬਹੂ ਨਿਰਤਿ ਕਰੈ ਬਹੁ ਭਾਤਿ ॥***

***ਕਬਹੂ ਸੋਇ ਰਹੈ ਦਿਨੁ ਰਾਤਿ ॥***

ਕਦੀ ਇਹ ਜੀਵ ਬਹੁਤ ਮੇਹਨਤ (ਭੱਜ ਨੱਠ) ਕਰਦਾ ਹੈ। ਜਿਸ ਤਰਾਂ ਮਜ਼ਦੂਰ ਸਾਰੀ ਉਮਰ ਮਜ਼ਦੂਰੀ ਕਰਦਾ ਹੈ, ਪਰ ਰੋਟੀ ਪੂਰੀ ਨਹੀਂ ਹੁੰਦੀ। ਇਹ ਆਤਮਾ ਐਸੇ ਜੀਵਨ ਵੀ ਧਾਰਨ ਕਰਦੀ ਹੈ।

ਤੇ ਕਦੀ ਇਹ ਆਤਮਾ ਕੋਈ ਕੰਮ ਵੀ ਨਹੀਂ ਕਰਦੀ (ਦਿਨ ਰਾਤ ਆਰਾਮ ਕਰਦੀ ਹੈ) ਤੇ ਇਹਨੂੰ ਸਾਰੇ ਸਾਧਨ ਮਿਲ ਜਾਂਦੇ ਹੈ। ਐਸੀ ਅਜਬ ਲੀਲਾ ਮਾਲਕ ਦੀ ਬਣਾਈ ਹੋਈ ਹੈ।

***ਕਬਹੂ ਮਹਾ ਕ੍ਰੋਧ ਬਿਕਰਾਲ ॥***

***ਕਬਹੂੰ ਸਰਬ ਕੀ ਹੋਤ ਰਵਾਲ ॥***

ਕਦੀ ਇਹ ਜੀਵ ਬਹੁਤ ਕ੍ਰੋਧੀ ਕੇ, ਬਹੁਤ ਡਰਾਉਣਾ ਹੋ ਕੇ (ਕਰੜਾ ਹੋ ਕੇ) ਸੰਸਾਰ ਨਾਲ ਵਰਤਦਾ ਹੈ।

ਤੇ ਕਦੀ ਆਤਮਾ ਸਭ ਦੇ ਚਰਨਾਂ ਦੀ ਧੂੜ ਹੋ ਕੇ (ਨਮਰਤਾ ਵਿੱਚ ਹੋ ਕੇ) ਵਰਤਦੀ ਹੈ। ਇਹ ਮਾਇਆ ਦੇ ਗੁਣ ਹੀ ਹਨ। ਜੀਵ ਕਦੀ ਇੱਕ ਢੰਗ ਅਪਨਾਉਂਦਾ ਹੈ, ਕਦੀ ਦੂਜਾ ਢੰਗ ਅਪਨਾਉਂਦਾ ਹੈ।

***ਕਬਹੂ ਹੋਇ ਬਹੈ ਬਡ ਰਾਜਾ ॥***

***ਕਬਹੁ ਭੇਖਾਰੀ ਨੀਚ ਕਾ ਸਾਜਾ ॥***

ਕਦੀ ਇਹ ਜੀਵ ਵੱਡਾ ਰਾਜਾ ਬਣ ਜਾਂਦਾ ਹੈ ਤੇ ਹਕੂਮਤ ਕਰਦਾ ਹੈ।

ਕਦੀ ਉਹੀ ਆਤਮਾ ਜੀਵਨ ਧਾਰ ਕੇ ਮੰਗਤਾ ਬਣ ਜਾਂਦੀ ਹੈ। ਤੇ ਆਤਮਾ ਆਪਣੇ ਨੀਚ ਕਰਮਾਂ ਦੇ ਹੋਣ ਕਰਕੇ ਹੀ ਐਸੀ ਸਾਜੀ ਜਾਂਦੀ ਹੈ।

***ਕਬਹੂ ਅਪਕੀਰਤਿ ਮਹਿ ਆਵੈ ॥***

***ਕਬਹੂ ਭਲਾ ਭਲਾ ਕਹਾਵੈ ॥***

ਕਦੀ ਇਹ ਆਤਮਾ ਐਸੇ ਕਰਮ ਕਰਦੀ ਹੈ ਕਿ ਸਾਰਾ ਸੰਸਾਰ ਇਸ ਨੂੰ ਮਾੜਾ ਹੀ ਕਹਿੰਦਾ ਹੈ (ਇਸ ਦੀ ਕੁਸੋਭਾ ਹੀ ਕਰਦਾ ਹੈ)।

ਤੇ ਕਦੀ ਇਹ ਆਤਮਾ ਐਸੇ ਕਰਮ ਕਰਨ ਲੱਗ ਜਾਦੀ ਹੈ ਕਿ ਸਾਰਾ ਸੰਸਾਰ ਜੀਵ ਨੂੰ ਭਲਾ ਹੀ ਕਹਿੰਦਾ ਹੈ ਕਿਉਂਕਿ ਉਹ ਚੰਗੇ ਕਰਮ ਕਰਦਾ ਹੈ।

***ਜਿਉ ਪ੍ਰਭੁ ਰਾਖੈ ਤਿਵ ਹੀ ਰਹੈ ॥***

***ਗੁਰ ਪ੍ਰਸਾਦਿ ਨਾਨਕ ਸਚੁ ਕਹੈ ॥ ੬ ॥***

ਜਿਵੇਂ ਪ੍ਰਭੂ ਰਖਦਾ ਹੈ, ਉਸ ਤਰਾਂ ਹੀ ਜੀਵ ਨੂੰ ਰਹਿਣਾ ਪੈਂਦਾ ਹੈ।

ਕਿਤੇ ਆਤਮਾ ਤੇ ਗੁਰੂ ਦੀ ਕਿਰਪਾ ਹੋ ਜਾਵੇ ਤਾਂ, ਹੇ ਨਾਨਕ, ਉਹ (ਆਤਮਾ) ਉਸ ਸਚੁ (ਆਦਿ ਸਚੁ, ਜੁਗਾਦਿ ਸਚੁ, ਹੈ ਭੀ ਸਚੁ, ਨਾਨਕ ਹੋਸੀ ਭੀ ਸਚੁ) ਨੂੰ ਕਹਿਣ ਲੱਗ ਜਾਂਦੀ ਹੈ (ਉਸ ਪ੍ਰਭੂ ਦੇ ਗੁਣ ਗਾਉਣ ਲਗ ਜਾਂਦੀ ਹੈ)। ਇਹ ਗੁਰ ਪ੍ਰਸਾਦਿ ਹੈ। ਵੈਸੇ ਕੋਈ ਗੁਣ ਗਾ ਨਹੀਂ ਸਕਦਾ।

***ਕਬਹੂ ਹੋਇ ਪੰਡਿਤੁ ਕਰੇ ਬਖ੍ਹਾਨੁ ॥***

***ਕਬਹੂ ਮੋਨਿਧਾਰੀ ਲਾਵੈ ਧਿਆਨੁ ॥***

ਕਈ ਇਹ ਬਹੁਤ ਗਿਆਨੀ ਬਣ ਕੇ ਵਖਿਆਨ (Lecture) ਕਰਨ ਵਾਲਾ ਬਣ ਜਾਂਦਾ ਹੈ।

ਕਦੀ ਮੌਨ ਧਾਰ ਲੈਂਦਾ ਹੈ ਕਿ ਮੈਂ ਆਪਣੇ ਧਿਆਨ ਵਿੱਚ ਹਾਂ, ਮੈਂ ਤਾਂ ਬੋਲਦਾ ਹੀ ਨਹੀਂ।

***ਕਬਹੂ ਤਟ ਤੀਰਥ ਇਸਨਾਨ ॥***

***ਕਬਹੂ ਸਿਧ ਸਾਧਿਕ ਮੁਖਿ ਗਿਆਨ ॥***

ਕਦੀ ਇਹ ਤੀਰਥ ਇਸ਼ਨਾਨੀ ਬਣ ਜਾਂਦਾ ਹੈ ਤੇ ਤੀਰਥਾਂ ਦੇ ਟਿਕਾਣੇ ਤੇ ਨਿਵਾਸ ਕਰ ਲੈਂਦਾ ਹੈ।

ਕਦੀ ਇਹ ਸਿੱਧ ਬਣ ਜਾਂਦਾ ਹੈ, ਕਦੀ ਇਹ ਸਾਧਨਾ ਕਰਦਾ ਹੈ (ਸਿੱਧੀ ਪ੍ਰਾਪਤ ਕਰਨ ਲਈ) ਤੇ ਕਦੀ ਇਹ ਮੁੱਖ ਤੋਂ ਗਿਆਨ ਦੀਆਂ ਗੱਲਾਂ ਕਰਦਾ ਹੈ।

***ਕਬਹੂ ਕੀਟ ਹਸਤਿ ਪਤੰਗ ਹੋਇ ਜੀਆ ॥***

***ਅਨਿਕ ਜੋਨਿ ਭਰਮੈ ਭਰਮੀਆ ॥***

ਇਹ ਆਤਮਾ ਕਦੀ ਕੀੜਾ ਬਣ ਜਾਂਦੀ ਹੈ, ਕਦੀ ਹਾਥੀ ਬਣ ਜਾਂਦੀ ਹੈ, ਕਦੀ ਪਤੰਗਾ ਬਣ ਜਾਂਦੀ ਹੈ।

ਤੇ ਇਸ ਤਰਾਂ ਕਰਦੀ ਇਹ ਆਤਮਾ ਅਨੇਕਾਂ ਜੂਨੀਆਂ ਵਿੱਚ ਭਟਕਦੀ ਰਹਿੰਦੀ ਹੈ।

***ਨਾਨਾ ਰੂਪ ਜਿਉ ਸ੍ਵਾਗੀ ਦਿਖਾਵੈ ॥***

***ਜਿਉ ਪ੍ਰਭ ਭਾਵੈ ਤਿਵੈ ਨਚਾਵੈ ॥***

ਜਿਸ ਤਰਾਂ ਕੋਈ ਐਕਟਰ ਅਨੇਕਾਂ ਰੂਪ ਧਾਰਨ ਕਰਦਾ ਹੈ (ਕਿਸੇ ਡਰਾਮੇ ਵਿੱਚ), ਇਸ ਤਰਾਂ ਹੀ ਇਹ ਆਤਮਾ ਅਨੇਕਾਂ ਰੂਪ ਧਾਰ ਕੇ ਆਵਾਗਮਣ ਵਿੱਚ ਫਸੀ ਰਹਿੰਦੀ ਹੈ।

ਇਸ ਆਤਮਾ ਨੂੰ ਇਸ ਦੇ ਕਰਮਾਂ ਅਨੁਸਾਰ ਹੀ ਪ੍ਰਭੂ ਨਚਾਉਂਦਾ ਹੈ। ਜਿਵੇਂ ਉਸ ਮਾਲਕ ਦਾ ਹੁਕਮ ਹੁੰਦਾ ਹੈ, ਜੀਵ ਆਵਾਗਮਣ ਵਿੱਚ ਤੁਰਿਆ ਫਿਰਦਾ ਹੈ।

***ਜੋ ਤਿਸੁ ਭਾਵੈ ਸੋਈ ਹੋਇ ॥***

***ਨਾਨਕ ਦੂਜਾ ਅਵਰੁ ਨ ਕੋਇ ॥ ੭ ॥***

ਇਹ ਆਤਮਾ ਜੋ ਵੀ ਖੇਡ ਖੇਡਦੀ ਰਹਿੰਦੀ ਹੈ (ਵੱਖ ਵੱਖ ਜੂਨੀਆਂ ਵਿੱਚ), ਉਹ ਮਾਲਕ ਦੇ ਭਾਣੇ ਵਿੱਚ ਹੀ ਹੁੰਦਾ ਹੈ।

ਹੇ ਨਾਨਕ ! ਉਸ ਮਾਲਕ ਤੋਂ ਬਗੈਰ ਦੂਜਾ ਕਰਨ ਵਾਲਾ ਕੋਈ ਹੈ ਹੀ ਨਹੀਂ। ਇਹ ਸਾਰੀ ਲੀਲਾ (ਤਮਾਸ਼ੇ) ਤੇ ਨਿਯੰਤ੍ਰਣ (Control) ਮੇਰੇ ਸਾਹਿਬ ਦਾ ਹੈ ਤੇ ਉਹ ਜੀਵਾਂ ਨੂੰ ਨਚਾ ਰਿਹਾ ਹੈ।

***ਕਬਹੂ ਸਾਧਸੰਗਤਿ ਇਹੁ ਪਾਵੈ ॥***

***ਉਸੁ ਅਸਥਾਨ ਤੇ ਬਹੁਰਿ ਨ ਆਵੈ ॥***

ਇਸ ਤਰਾਂ ਭਟਕਣਾਂ ਵਿੱਚ ਪਇਆਂ ਪਇਆਂ ਕਦੀ ਇਸ ਆਤਮਾ ਨੂੰ ਸਾਧ ਦੀ ਸੰਗਤਿ ਮਿਲ ਜਾਂਦੀ ਹੈ (ਇਸ ਦੇ ਕਰਮਾਂ ਅਨੁਸਾਰ)।

ਫਿਰ ਉਸ ਟਿਕਾਣੇ ਤੋਂ ਇਹ ਆਤਮਾ ਥੱਲੇ ਨਹੀਂ ਡਿਗਦੀ। ਉਸ ਟਿਕਾਣੇ ਤੇ ਹੀ ਪ੍ਰਭੂ ਦੇ ਗੁਣ ਗਾਉਣ ਵਿੱਚ ਹੀ ਟਿਕ ਜਾਦੀ ਹੈ ਤੇ ਮਾਲਕ ਨਾਲ ਜੁੜ ਜਾਂਦੀ ਹੈ।

## *ਅੰਤਰਿ ਹੋਇ ਗਿਆਨ ਪਰਗਾਸੁ ॥*
## *ਉਸੁ ਅਸਥਾਨ ਕਾ ਨਹੀ ਬਿਨਾਸੁ ॥*

ਇਸ ਆਤਮਾ ਦੇ ਅੰਦਰ ਪ੍ਰਭੂ ਦੇ ਗਿਆਨ ਦਾ (ਸ਼ਬਦ ਦੇ ਗਿਆਨ ਦਾ, ਬਾਣੀ ਦੇ ਗਿਆਨ ਦਾ) ਚਾਨਣ ਹੋ ਜਾਂਦਾ ਹੈ।

ਉਸ ਟਿਕਾਣੇ ਤੋਂ ਫਿਰ ਇਸ ਆਤਮਾ ਦਾ ਬਿਨਾਸ ਨਹੀਂ ਹੁੰਦਾ, ਫਿਰ ਇਹ ਥੱਲੇ ਨੂੰ ਨਹੀਂ ਡਿਗਦੀ, ਇਸ ਤੇ ਬਖਸ਼ਿਸ਼ ਹੋ ਜਾਂਦੀ ਹੈ।

## *ਮਨ ਤਨ ਨਾਮਿ ਰਤੇ ਇਕ ਰੰਗਿ ॥*
## *ਸਦਾ ਬਸਹਿ ਪਾਰਬ੍ਰਹਮ ਕੈ ਸੰਗਿ ॥*

ਮਨ ਕਰਕੇ ਤੇ ਤਨ ਕਰਕੇ ਇੱਕ ਨਾਮ ਦੇ ਪਿਆਰ ਵਿੱਚ ਆਤਮਾ ਟਿਕ ਜਾਂਦੀ ਹੈ।

ਤੇ ਪ੍ਰਭੂ ਸਦਾ ਹੀ ਇਸ ਤੇ ਅੰਗ ਸੰਗ ਰਹਿੰਦਾ ਹੈ ਤੇ ਇਹ (ਆਤਮਾ) ਸਦਾ ਪ੍ਰਭੂ ਨਾਲ ਹੀ ਜੁੜੀ ਰਹਿੰਦੀ ਹੈ।

## *ਜਿਉ ਜਲ ਮਹਿ ਜਲੁ ਆਇ ਖਟਾਨਾ ॥*
## *ਤਿਉ ਜੋਤੀ ਸੰਗਿ ਜੋਤਿ ਸਮਾਨਾ ॥*

ਭਾਈ, ਜਿਸ ਤਰਾਂ ਪਾਣੀ ਵਿੱਚ ਪਾਣੀ ਰੱਲ ਕੇ ਇਕ ਮਿਕ ਹੋ ਜਾਂਦੇ ਹਨ,

ਇਸ ਤਰਾਂ ਇਸ ਆਤਮਾ ਦੀ ਜੋਤਿ, ਇਸ ਆਤਮਾ ਦਾ ਗਿਆਨ ਪ੍ਰਭੂ ਦੇ ਗਿਆਨ ਵਿੱਚ ਮਿਲ ਜਾਂਦਾ ਹੈ। ਪ੍ਰਭੂ ਦਾ ਗਿਆਨ ਗੁਰੂ ਦਾ ਸ਼ਬਦ (ਗੁਰਬਾਣੀ) ਹੈ। ਇਹ ਆਤਮਾ ਗੁਰਬਾਣੀ ਰੂਪ ਹੋ ਜਾਂਦੀ ਹੈ। ਗੁਰਬਾਣੀ ਇਸ ਦੀ ਰਹਿਣੀ ਵਿੱਚ ਆ ਜਾਦੀ ਹੈ ਤੇ ਗੁਰਬਾਣੀ ਦੇ ਗਿਆਨ ਅਨੁਸਾਰ ਹੀ ਇਹ ਚਲਦੀ ਹੈ ਤੇ ਦੂਜਿਆਂ ਨੂੰ ਪ੍ਰੇਰਨਾ ਕਰਦੀ ਹੈ।

## *ਮਿਟਿ ਗਏ ਗਵਨ ਪਾਏ ਬਿਸ੍ਰਾਮ ॥*
## *ਨਾਨਕ ਪ੍ਰਭ ਕੈ ਸਦ ਕੁਰਬਾਨ ॥ ੮ ॥ ੧੧ ॥*

ਤਾਂ (ਇਸ ਅਵਸਥਾ ਵਿੱਚ ਜਾ ਕੇ) ਆਤਮਾ ਦਾ ਆਵਾਗਮਣ ਕੱਟਿਆ ਜਾਂਦਾ ਹੈ ਤੇ ਆਤਮਾ ਪ੍ਰਭੂ ਚਰਨਾਂ ਵਿੱਚ ਟਿਕ ਜਾਂਦੀ ਹੈ।

ਹੇ ਨਾਨਕ ! ਐਸੇ ਪ੍ਰਭੂ ਤੋਂ (ਜੋ ਐਸਾ ਸਮਰੱਥ ਹੈ, ਇਸ ਸਭ ਕੁਛ ਕਰਨ ਯੋਗ ਹੈ, ਜੋ ਇੱਡੇ ਵੱਡੇ ਨਾਚ ਵਿੱਚ ਫਸੀ ਹੋਈ ਆਤਮਾ ਨੂੰ ਕੱਢ ਕੇ, ਜਿਹੜਾ ਸਾਧ ਸੰਗਤਿ ਵਿੱਚ ਮਿਲਾ ਕੇ ਆਪਣੇ ਨਾਲ ਜੋੜ ਲੈਂਦਾ ਹੈ), ਉਸ ਤੋਂ ਹਮੇਸ਼ਾ ਬਲਿਹਾਰ ਜਾਂਦੇ ਹਾਂ, ਬਲਿਹਾਰ ਜਾਣਾ ਚਾਹੀਦਾ ਹੈ।

**H H H H H**

# *ਅਸਟਪਦੀ ੧੨ (ਪੰਨਾ ੨੭੮)*

## *ਸਲੋਕੁ ॥*
## *ਸੁਖੀ ਬਸੈ ਮਸਕੀਨੀਆ*
## *ਆਪੁ ਨਿਵਾਰਿ ਤਲੇ ॥*

ਜੋ ਮਸਕੀਨ ਹੈ (ਜੋ ਨਮਰਤਾ ਵਿੱਚ ਹੈ, ਜਿਸ ਨੂੰ ਹੰਕਾਰ ਨਹੀਂ ਹੈ, ਜਿਸ ਦੀ ਹਉਮੈ ਨਾਸ ਹੋ ਗਈ ਹੈ), ਉਹੀ ਆਤਮਾ ਸੁਖੀ ਵਸਦੀ ਹੈ। ਉਹ (ਆਤਮਾ) ਆਪਾ ਭਾਵ (ਹਉਮੈ) ਦੂਰ ਕਰ ਕੇ, ਆਪਣੇ ਆਪ ਨੂੰ ਸਭ ਤੋਂ ਨੀਵਾਂ (ਮਾੜਾ) ਸਮਝਦੀ ਹੋਈ, ਸਭ ਦੇ ਚਰਨਾਂ ਦੀ ਧੂੜ ਹੋਈ ਰਹਿੰਦੀ ਹੈ। ਉਹ ਸੁਖੀ ਵਸਦੀ ਹੈ।

## *ਬਡੇ ਬਡੇ ਅੰਹਕਾਰੀਆ*
## *ਨਾਨਕ ਗਰਬਿ ਗਲੇ ॥ ੧ ॥*

ਜੋ ਵੱਡੇ ਬਣਦੇ ਹਨ, ਜੋ ਆਤਮਾਵਾਂ ਹੰਕਾਰ ਵਿੱਚ ਹਨ, ਹੇ ਨਾਨਕ, ਉਹ ਆਤਮਾਵਾਂ ਤਾਂ ਹੰਕਾਰ ਵਿੱਚ ਹੀ ਗਲਦੀਆਂ ਹਨ ਤੇ ਉਨ੍ਹਾਂ ਦਾ ਆਵਾਗਮਣ ਬਣਿਆ ਰਹਿੰਦਾ ਹੈ।

***ਅਸਟਪਦੀ ॥***

***ਜਿਸ ਕੈ ਅੰਤਰਿ ਰਾਜ ਅਭਿਮਾਨੁ ॥***

***ਸੋ ਨਰਕਪਾਤੀ ਹੋਵਤ ਸੁਆਨੁ ॥***

ਜਿਸ ਨੂੰ ਇਹ ਅਭਿਮਾਨ ਹੈ ਕਿ ਮੈਂ ਵੱਡਾ ਰਾਜਾ ਹਾਂ ਜਾਂ ਮੈਂ ਵੱਡਾ ਧਨ ਦੌਲਤ ਵਾਲਾ ਹਾਂ,
ਉਹ ਤਾਂ ਭਾਈ ਨਰਕਾਂ ਦਾ ਵਾਸੀ ਬਣਦਾ ਹੈ ਤੇ ਨਰਕਾਂ ਵਿੱਚ ਵੀ ਉਹਨੂੰ ਕੁੱਤੇ ਦਾ ਟਿਕਾਣਾ ਮਿਲਦਾ ਹੈ।

***ਜੋ ਜਾਨੈ ਮੈ ਜੋਬਨਵੰਤੁ ॥***

***ਸੋ ਹੋਵਤ ਬਿਸਟਾ ਕਾ ਜੰਤੁ ॥***

ਜਿਸ ਨੂੰ ਆਪਣੇ ਰੂਪ ਤੇ ਸੁੰਦਰਤਾ ਤੇ ਬਹੁਤ ਅਭਿਮਾਨ ਹੋਵੇ,
ਹਜ਼ੂਰ ਕਹਿੰਦੇ ਨੇ ਕਿ ਉਹ ਆਤਮਾ ਤਾਂ ਉਸ ਅਭਿਮਾਨ ਕਾਰਨ ਗੰਦਗੀ ਦਾ ਕੀੜਾ ਬਣ ਜਾਂਦੀ ਹੈ।

***ਆਪਸ ਕਉ ਕਰਮਵੰਤੁ ਕਹਾਵੈ ॥***

***ਜਨਮਿ ਮਰੈ ਬਹੁ ਜੋਨਿ ਭ੍ਰਮਾਵੈ ॥***

ਜਿਹੜੀ ਆਤਮਾ ਇਹ ਸਮਝਦੀ ਹੈ ਕਿ ਮੇਰਾ ਕਰਮ ਬਹੁਤ ਉੱਚਾ ਹੈ ਤੇ ਮੈਂ ਹੀ ਧਰਮ ਦੇ ਕਰਮ ਕਰਦੀ ਹਾਂ (ਮੇਰੇ ਵਰਗਾ ਹੋਰ ਕੋਈ ਨਹੀਂ),
ਉਹ ਆਤਮਾ ਤਾਂ ਆਵਾਗਮਣ ਵਿੱਚ ਬਹੁਤ ਜੂਨਾਂ ਵਿੱਚ ਭਟਕਦੀ ਰਹਿੰਦੀ ਹੈ। ਉਸ ਦਾ ਪਾਰ ਉਤਾਰਾ ਨਹੀਂ ਹੋ ਸਕਦਾ। ਕਿਸੇ ਢੰਗ ਤੋਂ ਵੀ ਜੀਵ ਹਉਮੈਂ ਕਰੇ, ਉਹ ਵਖਤ
ਨੂੰ ਹੀ ਫੜਿਆ ਰਹਿੰਦਾ ਹੈ।

***ਧਨ ਭੂਮਿ ਕਾ ਜੋ ਕਰੈ ਗੁਮਾਨੁ ॥***

***ਸੋ ਮੂਰਖੁ ਅੰਧਾ ਅਗਿਆਨੁ ॥***

ਜੋ ਧਨ ਦੌਲਤ ਦਾ ਜਾਂ ਜਮੀਨਾਂ ਜਾਇਦਾਦਾਂ ਦਾ ਅਭਿਮਾਨ ਕਰਦਾ ਹੈ,
ਹਜ਼ੂਰ ਕਹਿੰਦੇ ਨੇ ਕਿ ਉਹ ਤਾਂ ਮੂਰਖ (ਨਾ-ਸਮਝ) ਹੈ, ਅੰਨਾ ਹੈ (ਉਹਦੇ ਕੋਲ ਤਾਂ ਗਿਆਨ ਹੀ ਅੱਖ ਹੀ ਨਹੀਂ ਹੈ)। ਜੇ ਉਹਦੇ ਕੋਲ ਗਿਆਨ ਦੀ ਅੱਖ ਹੋ ਜਾਵੇ ਤਾਂ ਉਹਨੂੰ ਇਹ ਪਤਾ ਲੱਗ ਜਾਵੇ ਕਿ ਮੇਰਾ ਤਾਂ ਇੱਥੇ ਕੁਛ ਵੀ ਨਹੀਂ, ਮੈਂ ਕਿਸ ਗੱਲ ਦਾ ਹੰਕਾਰ ਕਰਨਾ ਹੈ ?

***ਕਰਿ ਕਿਰਪਾ ਜਿਸ ਕੈ ਹਿਰਦੈ ਗਰੀਬੀ ਬਸਾਵੈ ॥***

***ਨਾਨਕ ਈਹਾ ਮੁਕਤੁ ਆਗੈ ਸੁਖੁ ਪਾਵੈ ॥ ੧ ॥***

ਮਾਲਕ ਕਿਰਪਾ ਕਰੇ ਤੇ ਜਿਸ ਦੇ ਹਿਰਦੇ ਵਿੱਚ ਗਰੀਬੀ ਵੱਸ ਜਾਵੇ। 'ਗਰੀਬੀ' ਦਾ ਭਾਵ ਹੈ-ਨਮਰਤਾ। ਜੋ ਆਪਣੇ ਆਪ ਨੂੰ ਉੱਚਾ ਨਾ ਸਮਝੇ। ਦੂਜਿਆਂ ਨੂੰ ਆਪਣੇ ਬਰਾਬਰ ਸਮਝੇ। ਸਗੋਂ ਆਪਣੇ ਆਪ ਨੂੰ ਹੀ ਦੂਜਿਆਂ ਤੋਂ ਨੀਵਾਂ ਜਾਣੇ। ਆਪਣੇ ਨੁਕਸ ਵੇਖੇ, ਦੂਜਿਆਂ ਦੇ ਨੁਕਸ ਨਾ ਵੇਖੇ। ਜੇ ਕਿਸੇ ਦੀ ਇਹ ਭਾਵਨਾ ਬਣ ਜਾਵੇ,
ਹੇ ਨਾਨਕ ! ਐਸੀ ਆਤਮਾ ਹੀ ਮੁਕਤ ਹੁੰਦੀ ਹੈ। ਉਹ ਇੱਥੇ ਮੁਕਤ ਤੇ ਅੱਗੇ ਸੁਖੀ ਹੋ ਜਾਂਦੀ ਹੈ।

***ਧਨਵੰਤਾ ਹੋਇ ਕਰਿ ਗਰਬਾਵੈ ॥***

***ਤ੍ਰਿਣ ਸਮਾਨਿ ਕਛੁ ਸੰਗਿ ਨ ਜਾਵੈ ॥***

ਜੇ ਕੋਈ ਧਨ ਦੌਲਤ ਦਾ ਅਭਿਮਾਨ ਕਰੇ ਤਾਂ ਉਹਨੂੰ ਇਹ ਸਮਝ ਹੋਣੀ ਚਾਹੀਦੀ ਹੈ ਕਿ,
ਇਕ ਕਿਣਕੇ ਜਿੰਨੀ ਵੀ ਕੋਈ ਚੀਜ਼ ਮੇਰੇ ਨਾਲ ਨਹੀਂ ਜਾਣੀ। ਮੇਰੇ ਨਾਲ ਤਾਂ ਮੇਰੇ ਕੀਤੇ ਕਰਮਾਂ ਦਾ ਫਲ ਜਾਣਾ ਹੈ। ਇਸ ਲਈ ਇਸ ਗੱਲ ਦਾ (ਭਾਵ, ਧਨ ਦੌਲਤ ਦਾ) ਅਭਿਮਾਨ ਨਹੀਂ ਕਰਨਾ ਚਾਹੀਦਾ।

## ਬਹੁ ਲਸਕਰ ਮਾਨੁਖ ਊਪਰਿ ਕਰੇ ਆਸ ॥
## ਪਲ ਭੀਤਰਿ ਤਾ ਕਾ ਹੋਇ ਬਿਨਾਸ ॥

ਜੇ ਕਿਸੇ ਨੇ ਬਹੁਤ ਲਸ਼ਕਰ (ਫੌਜਾਂ) ਰੱਖੀਆਂ ਹੋਣ ਤੇ ਜਿਹੜਾ ਮਨੁੱਖਾਂ ਤੇ ਆਸ ਕਰੇ ਕਿ ਮੇਰੇ ਇੰਨੇ ਸੰਗੀ (ਸਾਥੀ, supporters) ਨੇ,
ਇਹ ਤਾਂ ਭਾਈ ਪਲ ਵਿੱਚ ਹੀ ਸਰੀਰ ਦਾ ਬਿਨਾਸ ਹੋ ਜਾਂਦਾ ਹੈ ਤੇ ਕੋਈ ਵੀ ਸੰਗੀ (ਸਾਥੀ) ਆਤਮਾ ਦੇ ਨਾਲ ਨਹੀਂ ਨਿਭਦਾ।

## ਸਭ ਤੇ ਆਪ ਜਾਨੈ ਬਲਵੰਤੁ ॥
## ਖਿਨ ਮਹਿ ਹੋਇ ਜਾਇ ਭਸਮੰਤੁ ॥

ਜੇ ਕੋਈ ਆਪਣੇ ਆਪ ਨੂੰ ਬਹੁਤ ਸ਼ਕਤੀਸ਼ਾਲੀ (ਤਾਕਤਵਰ) ਸਮਝਦਾ ਹੈ,
ਉਹਨੂੰ ਤਾਂ ਇਹ ਚੇਤੇ ਰੱਖਣਾ ਚਾਹੀਦਾ ਹੈ ਕਿ ਇਕ ਪਲ (ਸੈਕੰਡ) ਵਿੱਚ ਮੈਂ ਭਸਮ ਦੀ ਢੇਰੀ ਹੋ ਜਾਣਾ ਹੈ। ਜਦੋਂ ਆਤਮਾ ਸਰੀਰ ਵਿੱਚੋਂ ਨਿਕਲ ਜਾਦੀ ਹੈ ਤਾਂ ਕੁਛ ਵੀ ਪੱਲੇ ਨਹੀਂ
ਰਹਿੰਦਾ, ਕੋਈ ਬਲ (ਸ਼ਕਤੀ) ਵੀ ਨਾਲ ਨਹੀਂ ਜਾਂਦੀ।

## ਕਿਸੈ ਨ ਬਦੈ ਆਪਿ ਅਹੰਕਾਰੀ ॥
## ਧਰਮ ਰਾਇ ਤਿਸੁ ਕਰੇ ਖੁਆਰੀ ॥

ਜਿਹੜਾ ਕਿਸੇ ਨੂੰ ਵੀ ਕੁਛ ਨਹੀਂ ਸਮਝਦਾ (ਸਭ ਨੂੰ ਟਿੱਚ ਜਾਣਦਾ ਹੈ, ਆਪਣੇ ਹੰਕਾਰ ਵਿੱਚ ਵੀ ਰਹਿੰਦਾ ਹੈ),
ਹਜ਼ੂਰ ਕਹਿੰਦੇ ਨੇ ਕਿ ਧਰਮਰਾਜ ਉਸ ਨੂੰ ਬਹੁਤ ਖੱਜਲ ਖੁਆਰ ਕਰਦਾ ਹੈ।

## ਗੁਰ ਪ੍ਰਸਾਦਿ ਜਾ ਕਾ ਮਿਟੈ ਅਭਿਮਾਨੁ ॥
## ਸੋ ਜਨੁ ਨਾਨਕ ਦਰਗਹ ਪਰਵਾਨੁ ॥ ੨ ॥

ਗੁਰੂ ਦੀ ਕਿਰਪਾ ਦਵਾਰਾ ਜੇ ਕਿਸੇ ਆਤਮਾ ਦਾ ਅਭਿਮਾਨ ਖਤਮ ਹੋ ਜਾਵੇ (ਹਉਮੈ ਨਾਸ਼ ਹੋ ਜਾਵੇ),
ਹੇ ਨਾਨਕ ! ਉਹ ਸੇਵਕ ਦਰਗਾਹ ਵਿੱਚ ਪਰਵਾਨ ਹੁੰਦਾ ਹੈ। ਤੇ ਹਉਮੈਂ ਨਾਸ਼ ਹੁੰਦੀ ਹੈ ਪ੍ਰਭੂ ਦੇ ਗੁਣ ਗਾ ਗਾ ਕੇ ਤੇ ਉਸ ਦੀ ਸ਼ਰਨ ਪਰਾਪਤ ਕਰ ਕੇ ਤੇ ਉਸ ਅੱਗੇ ਬੇਨਤੀਆਂ ਕਰ ਕਰ ਕੇ। ਹੋਰ ਕੋਈ ਢੰਗ ਨਹੀਂ। ਕਿਉਂਕਿ ਹੁਕਮ ਹੈ :-

**H ਵਾਹੁ ਵਾਹੁ ਕਰਤਿਆ ਮਨੁ ਨਿਰਮਲੁ ਹੋਵੈ**
**ਹਉਮੈ ਵਿਚਹੁ ਜਾਇ ॥ (ਪੰਨਾ ੫੧੫)**

**H ਗੁਨ ਗਾਵਤ ਤੇਰੀ ਉਤਰਸਿ ਮੈਲੁ ॥**
**ਬਿਨਸਿ ਜਾਇ ਹਉਮੈ ਬਿਖੁ ਫੈਲੁ ॥ (ਪੰਨਾ ੨੮੯)**

ਏਹੀ ਸਾਧਨ ਹੈ। ਇਹ ਗੁਰੂ ਦੀ ਕਿਰਪਾ ਤੇ ਹੀ ਦ੍ਰਿੜ ਹੁੰਦਾ ਹੈ। ਸਾਧ ਸੰਗਤਿ ਵਿੱਚ ਹੀ ਇਹ ਗੱਲ ਦ੍ਰਿੜਤਾ ਵਿੱਚ ਆਉਂਦੀ ਹੈ ਤੇ ਜੀਵ ਪ੍ਰਭੂ ਦੇ ਗੁਣ ਗਾਉਣ ਲਗਦਾ ਹੈ।

## ਕੋਟਿ ਕਰਮ ਕਰੈ ਹਉ ਧਾਰੇ ॥
## ਸ੍ਰਮੁ ਪਾਵੈ ਸਗਲੇ ਬਿਰਥਾਰੇ ॥

ਕਰੋੜਾਂ ਕਰਮ ਕਰੇ (ਇੱਥੇ ਭਾਵਨਾ ਹੈ ਕਿ ਭਾਵੇਂ ਚੰਗੇ ਤੋਂ ਚੰਗੇ ਕਰਮ ਕਰੇ ਤੇ ਬੇਅੰਤ ਕਰੇ), ਪਰ ਉਨ੍ਹਾਂ ਦਾ ਹੰਕਾਰ (ਹਉਮੈ) ਕਰੇ (ਕਿ ਮੈਂ ਕੀਤੇ ਹਨ),
ਉਸ ਦੀ ਕੀਤੀ ਮੇਹਨਤ ਤਾਂ ਸਾਰੀ ਫਜ਼ੂਲ ਹੀ ਜਾਂਦੀ ਹੈ।

## ਅਨਿਕ ਤਪਸਿਆ ਕਰੇ ਅਹੰਕਾਰ ॥
## ਨਰਕ ਸੁਰਗ ਫਿਰਿ ਫਿਰਿ ਅਵਤਾਰ ॥

ਕੋਈ ਬਹੁਤ ਤਪੱਸਿਆ ਕਰ ਲਵੇ (ਉਹ ਤਪ ਸਾਧ ਲਵੇ, ਜਿਹੜੇ ਧਰਮ ਗ੍ਰੰਥ ਦਸਦੇ ਨੇ) ਤੇ ਉਨ੍ਹਾਂ (ਕੀਤੇ ਤਪਾਂ) ਦਾ ਹੰਕਾਰ ਕਰੇ,

ਉਹ ਆਤਮਾ ਤਾਂ ਨਰਕਾਂ ਤੇ ਸਵਰਗਾਂ ਵਿੱਚ ਆਵਾਗਮਣ ਵਿੱਚ ਹੀ ਰਹਿੰਦੀ ਹੈ ਕਿਉਂਕਿ ਚੰਗੇ ਕਰਮ ਦਾ ਫਲ ਚੰਗਾ ਤੇ ਮਾੜੇ ਕਰਮ ਦਾ ਫਲ ਮਾੜਾ ਭੋਗਣਾ ਪੈਂਦਾ ਹੈ। ਇਹ ਫਲ ਨਹੀਂ ਹੈ ਕਿ ਕੀਤਾ ਹੋਇਆ ਕੋਈ ਚੰਗਾ ਕਰਮ, ਕੀਤੇ ਹੋਏ ਕਿਸੇ ਮਾੜੇ ਕਰਮ ਨੂੰ ਕੱਟ ਦੇਵੇਗਾ। ਸੋ ਚੰਗੇ ਕਰਮ ਦਾ ਆਪਣਾ ਫਲ ਹੈ ਤੇ ਮਾੜੇ ਕਰਮ ਦਾ ਆਪਣਾ ਫਲ ਹੈ। ਇਸ ਲਈ ਉਹ ਆਤਮਾ ਦੁੱਖ ਤੇ ਸੁੱਖ ਵਿੱਚ ਹੀ ਰਹਿੰਦੀ ਹੈ (ਨਰਕਾਂ ਤੇ ਸਵਰਗਾਂ ਵਿੱਚ ਉਹਦਾ ਆਉਣਾ ਜਾਣਾ ਰਹਿੰਦਾ ਹੈ)।

***ਅਨਿਕ ਜਤਨ ਕਰਿ ਆਤਮ ਨਹੀ ਦ੍ਰਵੈ ॥***

***ਹਰਿ ਦਰਗਹ ਕਹੁ ਕੈਸੇ ਗਵੈ ॥***

ਅਨੇਕਾਂ ਹੋਰ ਯਤਨ ਕਰਕੇ ਉਸ ਦੀ ਆਤਮਾ ਪੰਘਰਦੀ ਨਹੀਂ (ਮਾਇਆ ਦੇ ਮੋਹ ਵਿੱਚੋਂ ਪੰਘਰ ਕੇ ਨਿਕਲਦੀ ਨਹੀਂ), ਰੱਬ ਜੀ ਨਾਲ ਜੁੜਦੀ ਨਹੀਂ।

ਦੱਸੋ, ਉਹ ਆਤਮਾ ਹਰੀ ਦਰਗਾਹ ਵਿੱਚ ਕਿਸ ਤਰਾਂ ਜਾ ਸਕਦੀ ਹੈ, ਜਿਹੜੀ ਹੋਰ ਕਮਾਂ ਵਿੱਚ ਫਸੀ ਰਹਿੰਦੀ ਹੈ।

***ਆਪਸ ਕਉ ਜੋ ਭਲਾ ਕਹਾਵੈ ॥***

***ਤਿਸਹਿ ਭਲਾਈ ਨਿਕਟਿ ਨ ਆਵੈ ॥***

ਜਿਹਨੂੰ ਇਹ ਰੀਝ ਹੋਵੇ ਕਿ ਲੋਕੀ ਮੈਨੂੰ ਚੰਗਾ ਚੰਗਾ ਕਹਿਣ,

ਹਜ਼ੂਰ ਕਹਿੰਦੇ ਨੇ ਕਿ ਉਹਦੇ ਕੋਲ ਦਾ ਕੋਈ ਚੰਗਿਆਈ ਹੁੰਦੀ ਕਦੀ ਨਹੀਂ। ਇਹ ਰੀਝ ਰੱਖਣੀ ਕਿ ਲੋਕੀ ਮੇਰੀ ਸੋਭਾ ਕਰਨ, ਇਹ ਬਹੁਤ Negative Point ਹੈ (ਇਹ ਰੀਝ ਵਿਘਨਕਾਰੀ ਹੋ ਜਾਂਦੀ ਹੈ, ਨਾਮ ਦੀ ਪ੍ਰਾਪਤੀ ਵਿੱਚ)।

***ਸਰਬ ਕੀ ਰੇਨ ਜਾ ਕਾ ਮਨੁ ਹੋਇ ॥***

***ਕਹੁ ਨਾਨਕ ਤਾ ਕੀ ਨਿਰਮਲ ਸੋਇ ॥ ੩ ॥***

ਜੋ ਸਭ ਦੇ ਚਰਨਾਂ ਦੀ ਧੂੜ ਹੋ ਜਾਵੇ। ਕਿਉਂਕਿ ਸਭ ਵਿੱਚ ਪ੍ਰਭੂ ਵਰਤ ਰਹਿਆ ਹੈ, ਜਿਸ ਨੂੰ ਸਭ ਵਿੱਚ ਪ੍ਰਭੂ ਵਰਤਦਾ ਨਜ਼ਰ ਆਇਗਾ, ਉਹ ਬਿਰਤੀ ਆਪੇ ਨਮਰਤਾ ਵਿੱਚ ਚਲੀ ਜਾਏਗੀ (ਸਭ ਨੇ ਚਰਨਾਂ ਦੀ ਧੂੜ ਹੋ ਜਾਏਗੀ)।

ਹੇ ਨਾਨਕ ! ਇਹ ਕਹੋ ਕਿ ਐਸੀ ਆਤਮਾ ਜੋ ਹੈ, ਉਹ ਨਿਰਮਲ ਹੋ ਜਾਂਦੀ ਹੈ ਉਸ ਦੀ ਨਿਰਮਲ ਸੋਭਾ ਹੋ ਜਾਂਦੀ ਹੈ, ਜੋ ਨਮਰਤਾ ਵਿੱਚ ਜਾ ਕੇ, ਸਭ ਦੇ ਚਰਨਾਂ ਦੀ ਧੂੜ ਹੋ ਜਾਂਦੀ ਹੈ।

***ਜਬ ਲਗੁ ਜਾਨੈ ਮੁਝ ਤੇ ਕਛੁ ਹੋਇ ॥***

***ਤਬ ਇਸ ਕਉ ਸੁਖੁ ਨਾਹੀ ਕੋਇ ॥***

ਜਦ ਤਕ ਆਤਮਾ ਨੂੰ ਇਹ ਖਿਆਲ ਹੈ ਕਿ ਮੈਂ ਇਹ ਕਰ ਸਕਦੀ ਹਾਂ, ਮੈਂ ਉਹ ਕਰ ਸਕਦੀ ਹਾਂ,

ਹਜ਼ੂਰ ਕਹਿੰਦੇ ਨੇ ਕਿ ਇਹ ਕਦੀ ਸੁਖੀ ਹੋ ਹੀ ਨਹੀਂ ਸਕਦੀ, ਇਹ ਹਮੇਸ਼ਾ ਦੁਖੀ ਹੀ ਰਹੇਗੀ।

***ਜਬ ਇਹ ਜਾਨੈ ਮੈ ਕਿਛੁ ਕਰਤਾ ॥***

***ਤਬ ਲਗੁ ਗਰਭ ਜੋਨਿ ਮਹਿ ਫਿਰਤਾ ॥***

ਜਦ ਤਕ ਇਸ ਆਤਮਾ ਨੂੰ ਹੰਕਾਰ ਹੋਵੇ ਕਿ ਮੈਂ ਇਹ ਕਰਦੀ ਹਾਂ, ਮੈਂ ਉਹ ਕਰਦੀ ਹਾਂ।

ਤਦ ਤਕ ਇਸ ਆਤਮਾ ਦਾ ਆਵਾਗਮਣ ਬਣਿਆ ਰਹਿੰਦਾ ਹੈ (ਇਹ ਗਰਭ ਜੂਨਾਂ ਵਿੱਚ ਪੈਂਦੀ ਰਹਿੰਦੀ ਹੈ)।

***ਜਬ ਧਾਰੈ ਕੋਊ ਬੈਰੀ ਮੀਤੁ ॥***

***ਤਬ ਲਗੁ ਨਿਹਚਲੁ ਨਾਹੀ ਚੀਤੁ ॥***

ਜਦ ਤਕ ਇਸ ਨੂੰ ਮੇਰ ਤੇਰ ਹੈ (ਕੋਈ ਇਸ ਦਾ ਦੁਸ਼ਮਨ ਹੈ, ਕੋਈ ਇਸ ਦਾ ਮ੍ਰਿਤ ਹੈ),

ਤਦ ਤਕ ਇਸਦਾ ਮਨ ਨਿਹਚਲ ਹੀ ਰਹਿੰਦਾ ਹੈ (ਟਿਕ ਨਹੀਂ ਸਕਦਾ) ਕਿਉਂਕਿ ਯਾ ਤਾਂ ਇਹ ਕ੍ਰੋਧ ਵਿੱਚ ਰਹੇਗਾ ਯਾ ਮੋਹ ਵਿੱਚ ਰਹੇਗਾ। ਜਿੰਨ੍ਹਾਂ ਨਾਲ ਪ੍ਰੀਤਿ ਹੈ, ਉਹਨਾਂ ਨੂੰ ਪਿਆਰ ਕਰਦਾ ਰਹੇਗਾ। ਜਿਹੜੇ ਇਸ ਦੇ ਵੈਰੀ ਨੇ, ਉਨ੍ਹਾਂ ਨੂੰ ਕ੍ਰੋਧ੍ਰਿਤ ਹੋ ਕੇ ਨਫਰਤ ਕਰਦਾ ਰਹੇਗਾ। ਮਨ ਟਿੱਕ ਨਹੀਂ ਸਕਦਾ।

## ***ਜਬ ਲਗੁ ਮੋਹ ਮਗਨ ਸੰਗਿ ਮਾਇ ॥***
## ***ਤਬ ਲਗੁ ਧਰਮੁ ਰਾਇ ਦੇਇ ਸਜਾਇ ॥***

ਜਦ ਤਕ ਇਹ ਆਤਮਾ ਮਾਇਆ ਦੇ ਮੋਹ ਵਿੱਚ ਮਗਨ (ਮਸਤ) ਰਹਿੰਦੀ ਹੈ, ਓਦੋਂ ਤਕ ਇਹ (ਆਤਮਾ) ਧਰਮਰਾਜ ਦੇ ਦਰ ਤੇ ਸਜ਼ਾ ਪਾਉਂਦੀ ਰਹਿੰਦੀ ਹੈ (ਮਾਇਆ ਦੇ ਮੋਹ ਦੇ ਕਾਰਨ)।

## ***ਪ੍ਰਭ ਕਿਰਪਾ ਤੇ ਬੰਧਨ ਤੂਟੈ ॥***
## ***ਗੁਰ ਪ੍ਰਸਾਦਿ ਨਾਨਕ ਹਉ ਛੂਟੈ ॥ ੪ ॥***

ਪ੍ਰਭੂ ਕਿਰਪਾ ਕਰੇ ਤਾਂ ਇਸ (ਆਤਮਾ) ਦੇ ਮਾਇਆ ਦੇ ਮੋਹ ਦੇ ਬੰਧਨ ਟੁੱਟਦੇ ਹਨ।
ਗੁਰੂ ਦੀ ਕਿਰਪਾ ਦੁਆਰਾ, ਹੇ ਨਾਨਕ, ਹਉਮੈ ਨਾਸ ਹੁੰਦੀ ਹੈ ਤੇ ਗੁਰੂ ਦੀ ਕਿਰਪਾ ਗੁਰੂ ਦਾ ਹੁਕਮ ਮੰਨਣ ਤੇ ਹੁੰਦੀ ਹੈ ਤੇ ਗੁਰੂ ਦਾ ਹੁਕਮ ਗੁਰੂ ਦਾ ਸ਼ਬਦ ਹੈ।

## ***ਸਹਸ ਖਟੇ ਲਖ ਕਉ ਉਠਿ ਧਾਵੈ ॥***
## ***ਤ੍ਰਿਪਤਿ ਨ ਆਵੈ ਮਾਇਆ ਪਾਛੈ ਪਾਵੈ ॥***

ਹਜ਼ਾਰਾਂ ਕਮਾ ਲਵੇ ਤਾਂ ਲੱਖਾਂ ਵੱਲ ਭੱਜ ਉਠਦਾ ਹੈ।
ਮਨ ਨੂੰ ਕਦੀ ਤ੍ਰਿਪਤੀ (ਰੱਜ) ਨਹੀਂ ਆਉਂਦੀ। ਮਾਇਆ ਜਮਾ ਕਰ ਕਰ ਕੇ ਵੀ ਇਹ ਆਤਮਾ ਕਦੀ ਰੱਜ਼ ਨਹੀਂ ਸਕਦੀ।

## ***ਅਨਿਕ ਭੋਗ ਬਿਖਿਆ ਕੇ ਕਰੈ ॥***
## ***ਨਹ ਤ੍ਰਿਪਤਾਵੈ ਖਪਿ ਖਪਿ ਮਰੈ ॥***

ਰਚਨਾ ਦੇ ਅਨੇਕਾਂ ਭੋਗ ਇਹ ਭੋਗੇ। ਇਹ ਮਾਇਆ ਬਿਖਿਆ (ਜ਼ਹਿਰ) ਰੂਪ ਹੈ। ਇਸ ਦੇ ਜਿੰਨੇ ਮਰਜ਼ੀ ਭੋਗ ਇਹ ਭੋਗ ਲਵੇ।
ਹਜ਼ੂਰ ਕਹਿੰਦੇ ਨੇ ਕਿ ਆਤਮਾ ਨੂੰ ਕਦੀ ਰੱਜ ਨਹੀਂ ਆਉਂਦਾ। ਇਹ ਖੱਪ ਖੱਪ ਕੇ ਖੱਜਲ ਖੁਆਰ ਹੀ ਹੁੰਦੀ ਰਹਿੰਦੀ ਹੈ। ਰੱਜਣ ਦਾ ਇੱਕੋ ਇੱਕ ਢੰਗ ਹੈ।

## ***ਬਿਨਾ ਸੰਤੋਖ ਨਹੀ ਕੋਊ ਰਾਜੈ ॥***
## ***ਸੁਪਨ ਮਨੋਰਥ ਬ੍ਰਿਥੇ ਸਭ ਕਾਜੈ ॥***

ਜਦ ਤਕ ਆਤਮਾ ਨੂੰ ਸੰਤੋਖ ਨਹੀਂ ਆਉਂਦਾ, ਆਤਮਾ ਰੱਜ ਨਹੀਂ ਸਕਦੀ।
ਸੁਪਨੇ ਦੀ ਨਿਆਈਂ ਹਨ ਸਾਰੇ ਮਨੋਰਥ ਤੇ ਸਾਰੇ ਕਾਜ (ਕੰਮ) ਹੀ ਫਜ਼ੂਲ ਹਨ। ਕੇਵਲ ਸੰਤੋਖ ਨਾਲ ਹੀ ਮਨ ਰੱਜਦਾ ਹੈ। ਹੋਰ ਕਿਸੇ ਗੱਲ ਨਾਲ ਰੱਜ ਨਹੀਂ ਸਕਦਾ।

## ***ਨਾਮ ਰੰਗਿ ਸਰਬ ਸੁਖੁ ਹੋਇ ॥***
## ***ਬਡਭਾਗੀ ਕਿਸੈ ਪਰਾਪਤਿ ਹੋਇ ॥***

ਜੇ ਕੋਈ ਆਤਮਾ ਨਾਮ ਦੇ ਪਿਆਰ ਵਿੱਚ ਟਿਕ ਜਾਵੇ ਤਾਂ ਉਹਨੂੰ ਸਾਰੇ ਹੀ ਸੁੱਖ ਪ੍ਰਾਪਤ ਹੋ ਜਾਂਦੇ ਹਨ।
ਵੱਡਿਆਂ ਭਾਗਾਂ ਨਾਲ ਕਿਸੇ ਦੇ ਮਨ ਅੰਦਰ ਨਾਮ ਦੀ ਪ੍ਰੀਤਿ (ਨਾਮ ਦਾ ਪਿਆਰ, ਨਾਮ ਦਾ ਪ੍ਰੇਮ) ਉਪਜਦਾ ਹੈ।

## ***ਕਰਨ ਕਰਾਵਨ ਆਪੇ ਆਪਿ***
## ***ਸਦਾ ਸਦਾ ਨਾਨਕ ਹਰਿ ਜਾਪਿ ॥ ੫ ॥***

ਹੇ ਮਨਾਂ, ਉਹ ਰੱਬ ਜੀ ਆਪ ਹੀ ਸਭ ਕੁਛ ਕਰਨ ਤੇ ਕਰਾਉਣ ਵਾਲਾ ਹੈ। ਤੂੰ ਆਪਣੇ ਮਨ ਦਾ ਆਸਰਾ ਛੱਡ।
ਤੂੰ ਸਦਾ ਸਦਾ, ਹੇ ਨਾਨਕ ! ਉਸ ਪ੍ਰਭੂ ਨੂੰ ਜਪ, ਜਿਹੜਾ ਸਭ ਕੁਛ ਕਰਨ ਦੇ ਸਮਰੱਥ ਹੈ ਤੇ ਜੋ ਆਪ ਹੀ ਸਭ ਕੁਛ ਕਰਦਾ ਹੈ। ਜੇ ਤੂੰ ਉਸ ਦੀ ਸ਼ਰਨ ਲੈ ਲਵੇਂਗਾ ਤਾਂ ਉਹ ਤੈਨੂੰ ਬਖਸ਼ ਕੇ ਆਪਣੇ ਨਾਲ ਮਿਲਾ ਲਏਗਾ। ਹੋਰ ਕੋਈ ਜੀਵ ਕੁਛ ਕਰਨ ਦੇ ਯੋਗ ਨਹੀਂ ਹੈ।

## *ਕਰਨ ਕਰਾਵਨ ਕਰਨੈਹਾਰੁ ॥*
## *ਇਸ ਕੈ ਹਾਥਿ ਕਹਾ ਬੀਚਾਰੁ ॥*

ਮਾਲਕ ਕਰਨ ਵਾਲਾ ਹੈ। ਮਾਲਕ ਜੀਵ ਨੂੰ ਨਚਾਉਂਦਾ ਹੈ।

ਇਸ (ਜੀਵ) ਦੇ ਆਪਣੇ ਹੱਥ ਵਿੱਚ ਕੋਈ ਅਕਲ (ਗਿਆਨ) ਨਹੀਂ ਹੈ।

## *ਜੈਸੀ ਦ੍ਰਿਸਟਿ ਕਰੇ ਤੈਸਾ ਹੋਇ ॥*
## *ਆਪੇ ਆਪਿ ਆਪਿ ਪ੍ਰਭੁ ਸੋਇ ॥*

ਜੈਸੀ ਉਹ ਕ੍ਰਿਪਾ ਦ੍ਰਿਸ਼ਟੀ (ਮੇਹਰ) ਕਰਦਾ ਹੈ (ਨਦਰ ਪਾਉਂਦਾ ਹੈ) ਜੀਵ ਤੇ, ਵੈਸਾ ਹੀ ਜੀਵ ਹੋ ਜਾਂਦਾ ਹੈ। ਇਸ ਲਈ ਐਸੇ ਸਮਰੱਥ ਮਾਲਕ ਦੀ ਸ਼ਰਨ ਪੈਣਾ ਚਾਹੀਦਾ ਹੈ ਤੇ ਉਸ ਕੋਲੋਂ ਦਇਆ ਮੰਗਣੀ ਚਾਹੀਦੀ ਹੈ।

ਉਹ ਮਾਲਕ ਆਪਣੇ ਆਪ ਹੈ। ਉਹ ਕਿਸੇ ਦੇ ਸਹਾਰੇ ਨਹੀਂ ਹੈ। ਉਹ ਮਾਲਕ ਆਪਣੇ ਆਪ ਆਪ ਹੀ ਹੈ ਤੇ ਸਭ ਕੁਛ ਕਰਨ ਦੇ ਸਮਰੱਥ ਹੈ। ਜੀਵ ਆਤਮਾ ਨੂੰ ਐਸੇ ਸਮਰੱਥ ਪ੍ਰਭੂ ਦੀ ਸ਼ਰਨ ਵਿੱਚ ਪੈਣਾ ਚਾਹੀਦਾ ਹੈ।

## *ਜੋ ਕਿਛੁ ਕੀਨੋ ਸੁ ਅਪਨੈ ਰੰਗਿ ॥*
## *ਸਭ ਤੇ ਦੂਰਿ ਸਭਹੂ ਕੈ ਸੰਗਿ ॥*

ਜੋ ਕੁਛ ਵੀ ਰਚਨਾ ਵਿੱਚ ਉਸ ਨੇ ਕੀਤਾ ਹੈ ਤੇ ਕਰ ਰਹਿਆ ਹੈ, ਉਹ ਉਸ ਨੇ ਆਪਣੀ ਮੌਜ ਵਿੱਚ ਕੀਤਾ ਹੈ। ਪਰ ਜੀਵਾਂ ਨਾਲ ਉਹ ਕੋਈ ਵੀ ਬੇਇਨਸਾਫੀ ਨਹੀਂ ਕਰਦਾ। ਸਭ ਜੀਵਾਂ ਨੂੰ ਉਹਨਾਂ ਦੇ ਕਰਮਾਂ ਦੇ ਫਲ ਦੇਂਦਾ ਹੈ ਤੇ ਸਭ ਕਰਮਾਂ ਦੇ ਫਲ ਆਵਾਗਮਣ ਵਿੱਚ ਹੀ ਮਿਲਦੇ ਹਨ। ਕਿਸੇ ਵੀ ਕਰਮ ਦਾ ਫਲ ਪ੍ਰਭੂ ਨਾਲ ਮਿਲਾਪ ਨਹੀਂ ਹੈ। ਮਿਲਾਪ ਲਈ ਪ੍ਰਭੂ ਦੀ ਨਦਰ ਲੈਣੀ ਪੈਂਦੀ ਹੈ। ਹੁਕਮ ਹੈ :-

**H ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ ॥ (ਪੰਨਾ ੨)**

ਜੋ ਵੀ ਮਾਲਕ ਕਰਦਾ ਹੈ, ਉਹ ਆਪਣੇ ਰੰਗ (ਆਪਣੀ ਮੌਜ) ਵਿੱਚ ਕਰਦਾ ਹੈ।

ਉਹ ਸਭ ਦੇ ਅੰਗ ਸੰਗ ਹੈ ਤੇ ਸਭ ਤੋਂ ਦੂਰ ਹੈ। ਦੂਰ ਤੋਂ ਦੂਰ ਵੀ ਸੋਚੀਏ ਤਾਂ ਪ੍ਰਭੂ ਹੈ ਤੇ ਨੇੜੇ ਤੋਂ ਨੇੜੇ ਵੀ ਪ੍ਰਭੂ ਹੈ। ਅੰਤਰ ਆਤਮੇ ਵੀ ਉਸ ਪ੍ਰਭੂ ਦਾ ਨਿਵਾਸ ਹੈ ਤੇ ਜਿੱਥੋਂ ਤਕ ਆਤਮਾ ਦੀ ਪਹੁੰਚ ਨਹੀਂ ਹੈ, ਉੱਥੇ ਵੀ ਉਸ ਮਾਲਕ ਦਾ ਨਿਵਾਸ ਹੈ। ਉਸ ਦੀ ਸ਼ਰਨ ਪੈਣਾ ਚਾਹੀਦਾ ਹੈ।

## *ਬੂਝੈ ਦੇਖੈ ਕਰੈ ਬਿਬੇਕ ॥*
## *ਆਪਹਿ ਏਕ ਆਪਹਿ ਅਨੇਕ ॥*

ਉਹ ਸਭ ਕੁਛ ਜਾਣਦਾ (ਬੁੱਝਦਾ) ਹੈ, ਸਭ ਕੁਛ ਵੇਖਦਾ ਹੈ ਤੇ ਉਸ ਕੋਲ ਸਭ ਪਰਖ ਦੀ ਬੁੱਧੀ ਹੈ। ਹਰ ਇੱਕ ਦੀ ਉਹ ਪਰਖ ਕਰਦਾ ਹੈ।

ਆਪ ਹੀ ਉਹ ਇੱਕ ਹੈ ਤੇ ਆਪ ਹੀ ਉਹ ਅਨੇਕ ਰੂਪ ਹੈ।

## *ਮਰੈ ਨ ਬਿਨਸੈ ਆਵੈ ਨ ਜਾਇ ॥*
## *ਨਾਨਕ ਸਦ ਹੀ ਰਹਿਆ ਸਮਾਇ ॥ ੬ ॥*

ਮੇਰਾ ਪ੍ਰਭੂ ਐਸਾ ਹੈ – ਨਾ ਕਦੀ ਮਰਦਾ ਹੈ, ਨਾ ਕਦੀ ਨਾਸ ਹੁੰਦਾ ਹੈ, ਨਾ ਕਦੀ ਆਉਂਦਾ ਹੈ, ਨਾ ਕਦੀ ਜਾਂਦਾ ਹੈ (ਉਹ ਕਦੀ ਜਨਮ ਨਹੀਂ ਲੈਂਦਾ, ਉਸ ਦੀ ਕਦੀ ਮੌਤ ਨਹੀਂ ਹੁੰਦੀ)।

ਹੇ ਨਾਨਕ ! ਉਹ ਪ੍ਰਭੂ, ਜਿਸ ਦੀ ਸ਼ਰਨ ਲੈ ਕੇ ਆਤਮਾ ਨੇ ਸੁਖੀ ਹੋਣਾ ਹੈ, ਉਹ ਤਾਂ ਸਦਾ ਸਦਾ ਹੀ ਸਾਰੇ ਹੀ ਸਮਾਇਆ ਹੋਇਆ ਇੱਕ ਰਸ ਕਾਇਮ ਹੈ।

## *ਆਪਿ ਉਪਦੇਸੈ ਸਮਝੈ ਆਪਿ ॥*
## *ਆਪੇ ਰਚਿਆ ਸਭ ਕੈ ਸਾਥਿ ॥*

ਆਪ ਹੀ ਉਹ ਉਪਦੇਸ਼ (ਸਿੱਖਿਆ) ਦੇਂਦਾ ਹੈ ਤੇ ਆਪ ਹੀ ਮਨ ਵਿੱਚ ਬੈਠਾ ਸਿੱਖਿਆ ਦੀ ਪਕੜ ਕਰਦਾ ਹੈ ਕਿਉਂਕਿ ਜੇ ਉਹ ਆਪ ਮਨ ਨੂੰ ਸ਼ਕਤੀ ਨਾ ਬਖਸ਼ੇ ਤਾਂ ਉਸ ਦੀ ਸਿੱਖਿਆ ਕਿਸੇ ਦੀ ਸਮਝ ਹੀ ਨਹੀਂ ਆਉਂਦੀ। ਉਹ ਸਿੱਖਿਆ ਨੂੰ ਸਮਝਾਉਣ ਵਾਲਾ ਵੀ ਆਪ ਹੈ, ਉਪਦੇਸ਼ ਦਾਤਾ ਵੀ ਆਪ ਹੈ ਤੇ ਉਪਦੇਸ਼ ਨੂੰ ਸਮਝ ਗੋਚਰਾ ਕਰਾਉਣ ਵਾਲਾ ਵੀ ਆਪ ਹੈ।

ਉਹ ਆਪ ਹੀ ਸਭ ਦੇ ਅੰਗ ਸੰਗ (ਅੰਦਰ ਬਾਹਰ) ਰਚਿਆ ਹੋਇਆ ਹੈ। ਉਸ ਤੋਂ ਬਗੈਰ ਕੋਈ ਵੀ ਹੋਂਦ (ਹਸਤੀ) ਸੰਸਾਰ ਵਿੱਚ ਕਾਇਮ ਨਹੀਂ ਹੈ।

***ਆਪਿ ਕੀਨੋ ਆਪਨ ਬਿਸਥਾਰੁ ॥***

***ਸਭੁ ਕਛੁ ਉਸ ਕਾ ਓਹੁ ਕਰਨੈਹਾਰੁ ॥***

ਮਾਲਕ ਨੇ ਆਪਣੀ ਲੀਲਾ, ਆਪਣਾ ਖਲਾਰਾ ਆਪ ਹੀ ਪਾਇਆ ਹੋਇਆ ਹੈ।

ਸਭ ਰਚਨਾ ਉਸ ਦੀ ਹੈ ਤੇ ਉਸ ਮਾਲਕ ਦੀ ਪੈਦਾ ਕੀਤੀ ਹੋਈ ਹੈ। ਨਿਰੀ ਪੈਦਾ ਹੀ ਨਹੀਂ ਕੀਤੀ ਹੋਈ, (ਉਸ ਮਾਲਕ ਦੁਆਰਾ) ਕਾਇਮ ਰੱਖੀ ਹੋਈ ਹੈ (ਚਲਾ ਉਹ ਰਿਹਾ ਹੈ, ਉਸ ਦਾ ਹੁਕਮ ਵਰਤ ਰਿਹਾ ਹੈ)।

***ਉਸ ਤੇ ਭਿੰਨ ਕਹਹੁ ਕਿਛੁ ਹੋਇ ॥***

***ਥਾਨ ਥਨੰਤਰਿ ਏਕੈ ਸੋਇ ॥***

ਦੱਸੋ ਭਈ, ਉਸ ਤੋਂ ਬਗੈਰ (ਵੱਖਰਾ) ਕੀ ਹੋ ਸਕਦਾ ਹੈ ? ਜੋ ਕੁਛ ਵੀ ਹੁੰਦਾ ਹੈ, ਉਸ ਮਾਲਕ ਦੇ ਭਾਣੇ (ਹੁਕਮ) ਵਿੱਚ ਹੁੰਦਾ ਹੈ।

ਉਹ ਤਾਂ ਹਰ ਥਾਂ ਤੇ ਸਮਾਇਆ ਹੋਇਆ ਇੱਕ ਹੀ ਹੈ। ਇੱਕ ਮਾਲਕ ਹੀ ਕਰਤਾ ਪੁਰਖ ਹੈ, ਉਹੀ ਸਭ ਕੁਛ ਕਰ ਰਿਹਾ ਹੈ।

***ਅਪੁਨੇ ਚਲਿਤ ਆਪਿ ਕਰਣੈਹਾਰ ॥***

***ਕਉਤਕ ਕਰੈ ਰੰਗ ਅਪਾਰ ॥***

ਉਹ ਆਪਣੀ ਲੀਲਾ ਆਪ ਚਲਾਉਣ ਵਾਲਾ ਹੈ। ਸਭ ਚਲਿਤ੍ਰ ਉਹ ਆਪ ਕਰ ਰਿਹਾ ਹੈ। ਸਭ ਚੰਗੀਆਈਆਂ ਬੁਰੀਆਈਆਂ ਜੀਵਾਂ ਕੋਲੋਂ ਉਹ ਆਪ ਕਰਵਾ ਰਿਹਾ ਹੈ।

ਉਹ ਅਨੇਕਾਂ ਕੌਤਕ ਕਰਦਾ ਹੈ। ਉਸ ਦੇ ਰੰਗ ਅਪਾਰ (ਬੇਅੰਤ) ਹਨ। ਉਸ ਦੀਆਂ ਮੌਜਾਂ ਦਾ, ਉਸ ਦੀ ਬਣਾਈ ਲੀਲਾ ਦਾ ਕੋਈ ਅੰਤ ਨਹੀਂ ਪੈ ਸਕਦਾ।

***ਮਨ ਮਹਿ ਆਪਿ ਮਨ ਅਪੁਨੇ ਮਾਹਿ ॥***

***ਨਾਨਕ ਕੀਮਤਿ ਕਹਨੁ ਨ ਜਾਇ ॥ ੭ ॥***

ਮਨ ਵਿੱਚ ਉਹ ਪ੍ਰਭੂ ਹੈ ਤੇ ਉਸ ਪ੍ਰਭੂ ਵਿੱਚ ਹੀ ਇਹ ਮਨ ਹੈ। ਇਹ ਮਨ ਉਸ ਪ੍ਰਭੂ ਤੋਂ ਬਾਹਰ ਨਹੀਂ ਹੈ ਤੇ ਮਨ ਦੇ ਅੰਦਰ ਵੀ ਉਹ ਪ੍ਰਭੂ ਹੀ ਹੈ।

ਹੇ ਨਾਨਕ ! ਉਸ ਦਾ ਮੁੱਲ ਪਾਇਆ ਨਹੀਂ ਜਾ ਸਕਦਾ ਕਿਉਂਕਿ ਉਸ ਦਾ ਅੰਤ ਨਹੀਂ ਪੈ ਸਕਦਾ। ਉਹ ਅਮੁੱਲ ਹੈ, ਅਮੁੱਲ ਹੈ, ਅਮੁੱਲ ਹੈ।

***ਸਤਿ ਸਤਿ ਸਤਿ ਪ੍ਰਭੁ ਸੁਆਮੀ ॥***

***ਗੁਰ ਪਰਸਾਦਿ ਕਿਨੈ ਵਖਿਆਨੀ ॥***

ਉਹ ਮਾਲਕ ਸਤਿ (ਸਦੀਵੀ) ਹੈ, ਸਤਿ (ਸਦੀਵੀ) ਹੈ, ਸਤਿ (ਸਦੀਵੀ) ਹੈ। ਉਹ ਆਪ ਵੀ ਸਦੀਵੀ ਹੈ ਤੇ ਉਸ ਦੇ ਗੁਣ ਵੀ ਸਦੀਵੀ ਹਨ। ਉਹ ਐਸਾ ਮੇਰਾ ਮਾਲਕ ਹੈ।

ਗੁਰੂ ਦੀ ਕਿਰਪਾ ਦੁਆਰਾ ਕੋਈ ਵਿਰਲਾ ਹੀ ਉਸ ਦੀ ਕਥਾ ਵਾਰਤਾ ਕਰਦਾ ਹੈ, ਉਸ ਦੀ ਸੋਭਾ ਕਰਦਾ ਹੈ, ਉਸ ਦੇ ਗੁਣ ਗਾਉਂਦਾ ਹੈ, ਉਸ ਨੂੰ ਸਤਿ, ਸਤਿ, ਸਤਿ, ਸਤਿ, ਸਤਿ, ਸਤਿ ਕਹਿਣ ਲਗਦਾ ਹੈ।

***ਸਚੁ ਸਚੁ ਸਚੁ ਸਭੁ ਕੀਨਾ ॥***

***ਕੋਟਿ ਮਧੇ ਕਿਨੈ ਬਿਰਲੈ ਚੀਨਾ ॥***

ਉਸ ਸਚੁ (ਆਦਿ ਸਚੁ, ਜੁਗਾਦਿ ਸਚੁ, ਹੈ ਭੀ ਸਚੁ, ਨਾਨਕ ਹੋਸੀ ਭੀ ਸਚੁ) ਨੇ ਹੀ ਸਭ ਕੁਛ ਕੀਤਾ ਹੈ। ਹੋਰ ਕਿਸੇ ਨੇ ਕੁਛ ਨਹੀਂ ਕੀਤਾ।

ਕਰੋੜਾਂ ਵਿੱਚੋਂ ਕੋਈ ਵਿਰਲਾ ਜੀਵ ਹੀ ਹੈ, ਜਿਹੜਾ ਉਸ ਨੂੰ ਚੀਨ ਲੈਂਦਾ ਹੈ (ਉਸ ਨੂੰ ਪਛਾਣਦਾ ਹੈ, ਉਸ ਵਿੱਚ ਸਮਾ ਜਾਂਦਾ ਹੈ)।

***ਭਲਾ ਭਲਾ ਭਲਾ ਤੇਰਾ ਰੂਪ ॥***

***ਅਤਿ ਸੁੰਦਰ ਅਪਾਰ ਅਨੂਪ ॥***

ਹੇ ਪ੍ਰਭੂ, ਤੇਰੀ ਹੋਂਦ ਹੀ ਸਭ ਤੋਂ ਭਲੀ ਹੈ, ਸਭ ਤੋਂ ਚੰਗੀ ਹੈ। ਤੇਰੇ ਤੋਂ ਭਲਾ ਕੋਈ ਵੀ ਨਹੀਂ। ਤੇਰੀ ਹਸਤੀ ਹੀ ਭਲੀ ਹੈ।

ਤੇਰੀ ਹੋਂਦ ਅਤੀ ਸੁੰਦਰ, ਅਪਾਰ (ਪਾਰਾਵਾਰ ਤੋਂ ਰਹਿਤ) ਤੇ ਅਨੂਪ (ਅਨੁਪਮ, ਬੇਨਜ਼ੀਰ, Matchless) ਹੈ। ਤੇਰੇ ਵਰਗਾ ਕੋਈ ਹੈ ਹੀ ਨਹੀਂ। ਹਜ਼ੂਰ ਕਬੀਰ ਜੀ ਕਹਿੰਦੇ ਨੇ :-

**H ਜਸ ਓਹੁ ਹੈ ਤਸ ਲਖੈ ਨ ਕੋਈ ॥ (ਪੰਨਾ ੩੪੦)**

**H ਗੁਣੁ ਏਹੋ ਹੋਰੁ ਨਾਹੀ ਕੋਇ ॥**
**ਨਾ ਕੋ ਹੋਆ ਨਾ ਕੋ ਹੋਇ ॥ (ਪੰਨਾ ੯)**

ਤੂੰ ਸੁੰਦਰ ਹੈਂ, ਤੂੰ ਹੀ ਬੇਅੰਤ ਹੈਂ ਤੇ ਤੂੰ ਹੀ ਅਨੁਪਮ ਹੈਂ।

***ਨਿਰਮਲ ਨਿਰਮਲ ਨਿਰਮਲ ਤੇਰੀ ਬਾਣੀ ॥***
***ਘਟਿ ਘਟਿ ਸੁਨੀ ਸ੍ਰਵਨ ਬਖ੍ਹਾਣੀ ॥***

ਤੇਰੀ ਬਾਣੀ (ਤੇਰਾ ਹੁਕਮ, ਤੇਰਾ ਸ਼ਬਦ) ਜੀਵ ਨੂੰ ਨਿਰਮਲ ਕਰਨ ਵਾਲੀ ਹੈ, ਨਿਰਮਲ ਕਰਨ ਵਾਲੀ ਹੈ, ਨਿਰਮਲ ਕਰਨ ਵਾਲੀ ਹੈ। ਇਸ ਸ਼ਬਦ ਤੋਂ ਬਗੈਰ ਕੋਈ ਵੀ ਆਤਮਾ ਨਿਰਮਲ ਨਹੀਂ ਹੋ ਸਕਦੀ। ਇਹ ਉਸ ਦਾ ਹੁਕਮ (ਬਾਣੀ) ਹੀ ਜੀਵ ਨੂੰ ਨਿਰਮਲ ਕਰਦਾ ਹੈ। ਇਹ ਹੁਕਮ ਮੰਨਣਾ ਪੈਂਦਾ ਹੈ। ਹੁਕਮ ਉਸ ਨੇ ਗੁਣ ਗਾਉਣ (ਸਿਫਤਿ ਸਲਾਹ) ਦਾ ਜੀਵਾਂ ਨੂੰ ਲਾਇਆ ਹੈ।

ਹਰ ਹਿਰਦੇ ਵਿੱਚ ਇਹ ਬਾਣੀ ਹੈ। ਜਿਹੜੀ ਜੀਵ ਆਤਮਾ ਇਸ ਬਾਣੀ ਨੂੰ ਸੁਣ ਲੈਂਦੀ ਹੈ, ਉਹੀ ਇਸ ਨੂੰ ਕਹਿੰਦੀ ਹੈ ਤੇ ਸੁਣਦੀ ਹੈ। ਜਿਹੜੀ ਆਤਮਾ ਇਹਨੂੰ ਅੰਦਰੋਂ ਨਹੀਂ ਸੁਣਦੀ, ਉਹ ਬਾਹਰੋਂ ਸੁਣ ਸੁਣ ਕੇ ਇਹਨੂੰ ਸੁਨਣ ਲਗ ਜਾਂਦੀ ਹੈ ਕਿਉਂਕਿ ਪ੍ਰਭੂ ਨਾਲ ਜੁੜਨ ਦਾ ਸਾਧਨ ਉਸ ਨੂੰ ਬਾਰ ਬਾਰ ਸੁਨਣਾ, ਗਾਉਣਾ, ਵੀਚਾਰਨਾ, ਧਿਆਉਣਾ ਹੈ। ਹਜ਼ੂਰ ਦਾ ਹੁਕਮ ਹੈ :-

**H ਸੁਣਿ ਸੁਣਿ ਗੰਢਣੁ ਗੰਢੀਐ ਲਿਖਿ ਪੜਿ ਬੁਝਹਿ ਭਾਰੁ ॥** (ਪੰਨਾ ੨੦)

***ਪਵਿਤ੍ਰ ਪਵਿਤ੍ਰ ਪਵਿਤ੍ਰ ਪੁਨੀਤ ॥***
***ਨਾਮੁ ਜਪੈ ਨਾਨਕ ਮਨਿ ਪ੍ਰੀਤਿ ॥ ੮ ॥ ੧੨ ॥***

ਭਾਈ, ਬਾਣੀ ਨੂੰ ਸੁਣੋ, ਬਾਣੀ ਨੂੰ ਸੁਣਾਉ, ਸੁਣ ਸੁਣ ਕੇ ਹੀ ਉਸ ਪ੍ਰਭੂ ਨਾਲ ਤੁਅਲਕ ਬਣਦਾ ਹੈ। ਉਸ ਦੀ ਸੋਭਾ ਦੇ ਗੀਤ ਗਾ ਗਾ ਕੇ ਹੀ ਉਹ ਪ੍ਰਭੂ ਚੰਗਾ ਲੱਗਣ ਲੱਗ ਜਾਂਦਾ ਹੈ। ਇਹ ਕਰਮ ਜੀਵ ਨੇ ਕਰਨਾ ਹੈ ਕਿਉਂਕਿ ਇਹ ਬਾਣੀ ਜੀਵ ਨੂੰ ਨਿਰਮਲ ਕਰਨ ਵਾਲੀ ਹੈ (ਇਹ ਬਾਣੀ ਜੀਵ ਨੂੰ ਮਾਇਆ ਦੇ ਮੋਹ ਵਿੱਚੋਂ ਕੱਢ ਦੇਂਦੀ ਹੈ)।

ਹੇ ਮਨਾਂ, ਤੂੰ ਪਵਿੱਤ੍ਰ ਹੋ ਜਾਏਂਗਾ, ਪਵਿੱਤ੍ਰ ਹੋ ਜਾਏਂਗਾ, ਪਵਿੱਤ੍ਰ ਹੋ ਜਾਏਂਗਾ, ਪਵਿੱਤ੍ਰ ਹੋ ਜਾਏਂਗਾ। 'ਪੁਨੀਤ' ਦਾ ਅਰਥ ਹੈ ਪਵਿੱਤ੍ਰ। ਚਾਰ ਵਾਰ ਹਜ਼ੂਰ ਨੇ ਕਹਿਆ।

ਹੇ ਨਾਨਕ ! ਤੂੰ ਮਨ ਵਿੱਚ ਪ੍ਰੀਤੀ (ਪ੍ਰੇਮ) ਰੱਖ ਕੇ ਰੱਬ ਜੀ ਦਾ ਨਾਮ ਜਪ, ਮਨ ਵਿੱਚ ਪ੍ਰੀਤੀ ਰੱਖ ਕੇ ਰੱਬ ਜੀ ਦੇ ਗੁਣ ਗਾ। ਤੂੰ ਪਵਿੱਤ੍ਰ ਹੋ ਜਾਏਂਗਾ, ਪਵਿੱਤ੍ਰ ਹੋ ਜਾਏਂਗਾ, ਪਵਿੱਤ੍ਰ ਹੋ ਜਾਏਂਗਾ। ਇਹ ਨਿਰਮਲ ਕਰਨ ਵਾਲੀ ਉਸਦੀ ਬਾਣੀ ਹੈ। ਇਸ ਲਈ ਬਾਣੀ ਨਾਲ ਜੁੜ ਕੇ ਉਸ ਪ੍ਰਭੂ ਦੇ ਗੁਣ ਗਾ। ਪਵਿੱਤ੍ਰ ਹੋਣ ਦਾ ਇਹ ਸਾਧਨ ਹਜ਼ੂਰ ਨੇ ਦੱਸ ਦਿੱਤਾ ਹੈ ਕਿ ਜੋ ਵੀ ਆਤਮਾ ਮਨ ਵਿੱਚ ਪ੍ਰੀਤਿ (ਪ੍ਰੇਮ) ਦੀ ਭਾਵਨਾ ਰੱਖ ਕੇ ਪ੍ਰਭੂ ਦਾ ਨਾਮ ਜਪੇਗੀ, ਉਹ (ਆਤਮਾ) ਪਵਿੱਤ੍ਰ ਹੋ ਜਾਏਗੀ, ਪਵਿੱਤ੍ਰ ਹੋ ਜਾਏਗੀ, ਪਵਿੱਤ੍ਰ ਹੋ ਜਾਏਗੀ।

**H H H H H**

## ਅਸਟਪਦੀ ੧੩ (ਪੰਨਾ ੨੭੯)

## ਸਲੋਕੁ ॥
## ਸੰਤ ਸਰਨਿ ਜੋ ਜਨੁ ਪਰੈ
## ਸੋ ਜਨੁ ਉਧਰਨਹਾਰ ॥

ਹਜ਼ੂਰ ਹੁਕਮ ਕਰਦੇ ਨੇ ਜੋ ਵੀ ਜੀਵ ਸੰਤ ਦੀ ਸੇਵਾ ਕਰਦਾ ਹੈ (ਸ਼ਰਨ ਲੈਂਦਾ ਹੈ) ਉਹੀ ਜੀਵ (ਸੰਤ ਦਾ ਸੇਵਕ) ਤਰ ਜਾਂਦਾ ਹੈ (ਉਸ ਦਾ ਪਾਰ ਉਤਾਰਾ ਹੋ ਜਾਂਦਾ ਹੈ)।

## ਸੰਤ ਕੀ ਨਿੰਦਾ ਨਾਨਕਾ
## ਬਹੁਰਿ ਬਹੁਰਿ ਅਵਤਾਰ ॥੧॥

ਜੇ ਕੋਈ ਜੀਵ, ਸੰਤ ਦੀ ਨਿੰਦਿਆ ਕਰਦਾ ਹੈ, ਤਾਂ ਐਸੀ ਆਤਮਾ ਬਾਰ ਬਾਰ ਜਨਮ ਲੈਂਦੀ ਰਹਿੰਦੀ ਹੈ। 'ਨਿਦਿੰਆ' ਹੁੰਦੀ ਹੈ ਕਿਸੇ ਦੇ ਝੂਠੇ ਦੂਸ਼ਣ (ਦੋਸ਼) ਲਾਉਣੇ, ਉਸ ਦੀ ਬਦਨਾਮੀ ਕਰਨ ਲਈ ਯਾ ਆਪਣਾ ਲਾਭ ਪ੍ਰਾਪਤ ਕਰਨ ਲਈ। ਉਸ ਨੂੰ ਨਿੰਦਾ ਕਹਿੰਦੇ ਹਨ। ਕਿਸੇ ਸੱਚਾਈ ਦਾ ਵਰਨਣ ਕਰਨਾ ਨਿੰਦਾ ਨਹੀਂ ਹੈ। ਜੇ ਕੋਈ ਸੰਤ ਤੇ ਦੂਸ਼ਣ (ਦੋਸ਼) ਲਾਉਂਦਾ ਹੈ (ਉਸ ਦੀ ਨਿੰਦਾ ਕਰਦਾ ਹੈ) ਤਾਂ ਐਸੀ ਆਤਮਾ ਆਵਾਗਮਣ ਵਿੱਚ ਹੀ ਫਸੀ ਰਹਿੰਦੀ ਹੈ ਤੇ ਆਵਾਗਮਣ ਵਿੱਚੋਂ ਨਿਕਲ ਨਹੀਂ ਸਕਦੀ।

## ਅਸਟਪਦੀ ॥
## ਸੰਤ ਕੈ ਦੂਖਨਿ ਆਰਜਾ ਘਟੈ ॥
## ਸੰਤ ਕੈ ਦੂਖਨਿ ਜਮ ਤੇ ਨਹੀ ਛੁਟੈ ॥

ਜੇ ਕੋਈ ਜੀਵ ਸੰਤ ਨਾਲ ਵੈਰ ਵਿਰੋਧ ਦੀ ਭਾਵਨਾ ਰੱਖਦਾ ਹੈ, ਤਾਂ ਉਸ ਦੀ ਆਪਣੀ ਉਮਰ ਹੀ ਘਟਦੀ ਹੈ। ਉਸਦਾ ਆਪਣਾ ਹੀ ਨੁਕਸਾਨ ਹੀ ਹੁੰਦਾ ਹੈ।

ਐਸੀ ਆਤਮਾ ਜਮਾਂ ਤੋਂ ਛੁੱਟ ਨਹੀਂ ਸਕਦੀ।

## ਸੰਤ ਕੈ ਦੂਖਨਿ ਸੁਖੁ ਸਭੁ ਜਾਇ ॥
## ਸੰਤ ਕੈ ਦੂਖਨਿ ਨਰਕ ਮਹਿ ਪਾਇ ॥

ਜੋ ਜੀਵ ਸੰਤ ਦਾ ਦੁਸ਼ਮਨ ਬਣਦਾ ਹੈ (ਸੰਤ ਤੇ ਝੂਠੇ ਦੋਸ਼ ਲਾਉਂਦਾ ਹੈ), ਉਸ ਜੀਵ ਦੇ ਆਪਣੇ ਸੁੱਖ ਖਤਮ ਹੋ ਜਾਂਦੇ ਹਨ।

ਉਸ ਜੀਵ (ਆਤਮਾ) ਦਾ ਨਿਵਾਸ ਨਰਕਾਂ ਵਿੱਚ ਹੁੰਦਾ ਹੈ।

## ਸੰਤ ਕੈ ਦੂਖਨਿ ਮਤਿ ਹੋਇ ਮਲੀਨ ॥
## ਸੰਤ ਕੈ ਦੂਖਨਿ ਸੋਭਾ ਤੇ ਹੀਨ ॥

ਉਸ ਜੀਵ ਦੀ ਮਤਿ ਮੈਲੀ (ਗੰਦੀ) ਹੋ ਜਾਂਦੀ ਹੈ।

ਤੇ ਉਸ ਜੀਵ ਦੀ ਹੀ ਸੋਭਾ ਘਟਦੀ ਹੈ।

## ਸੰਤ ਕੇ ਹਤੇ ਕਉ ਰਖੈ ਨ ਕੋਇ ॥
## ਸੰਤ ਕੈ ਦੂਖਨਿ ਥਾਨ ਭ੍ਰਸਟੁ ਹੋਇ ॥

ਜਿਸ ਨੂੰ ਸੰਤ ਫਿਟਕਾਰ ਦੇਵੇ, ਉਸ ਨੂੰ ਕੋਈ ਬਚਾ ਨਹੀਂ ਸਕਦਾ।

ਜੋ ਜੀਵ ਸੰਤ ਤੇ ਵੈਰ ਭਾਵਨਾ ਨਾਲ ਦੂਸ਼ਨ (ਦੋਸ਼) ਲਾਉਂਦਾ ਹੈ, ਉਹ ਤਾਂ ਆਪਣਾ ਸਥਾਨ (ਆਪਣਾ ਹਿਰਦਾ) ਹੀ ਭ੍ਰਿਸ਼ਟ ਕਰਦਾ ਹੈ।

## ਸੰਤ ਕ੍ਰਿਪਾਲ ਕ੍ਰਿਪਾ ਜੇ ਕਰੈ ॥
## ਨਾਨਕ ਸੰਤਸੰਗਿ ਨਿੰਦਕੁ ਭੀ ਤਰੈ ॥ ੧ ॥

ਸੰਤ ਕ੍ਰਿਪਾਲ ਜੇ ਕ੍ਰਿਪਾ ਕਰ ਦੇਵੇ ਐਸੇ ਜੀਵ ਤੇ ਵੀ,

ਤਾਂ ਹੇ ਨਾਨਕ ! ਉਹ ਨਿੰਦਿਆ ਕਰਨ ਵਾਲਾ ਜੀਵ ਵੀ ਸੰਤ ਦੀ ਸੰਗਤਿ ਵਿੱਚ ਰਹਿ ਕੇ ਮਾਇਆ ਤੋਂ ਪਾਰ ਉਤਰ ਜਾਂਦਾ ਹੈ (ਤਰ ਜਾਂਦਾ ਹੈ)।

***ਸੰਤ ਕੇ ਦੂਖਨ ਤੇ ਮੁਖੁ ਭਵੈ ॥***

***ਸੰਤਨ ਕੈ ਦੂਖਨਿ ਕਾਗ ਜਿਉ ਲਵੈ ॥***

ਜੋ ਜੀਵ ਸੰਤ ਤੇ ਦੂਸ਼ਨ (ਦੋਸ਼) ਲਾਉਣ ਵਾਲਾ ਹੈ (ਸੰਤ ਨਾਲ ਵੈਰ ਭਾਵ ਰੱਖਦਾ ਹੈ), ਉਸ ਦਾ ਆਪਣਾ ਮੁਖ ਹੀ ਬਾਣੀ ਤੋਂ ਉਲਟ ਹੋ ਜਾਂਦਾ ਹੈ (ਉਹ ਮਨਮੁਖ ਬਣ ਜਾਦਾ ਹੈ)।

ਸੰਤ ਤੇ ਦੁਸ਼ਨ (ਦੋਸ਼) ਲਾਉਣ ਵਾਲਾ ਐਵੇਂ ਕਾਂ ਵਾਗੂ ਕਾਂ ਕਾਂ ਕਰਦਾ ਹੈ ਜਾਂ ਕੁੱਤੇ ਵਾਂਗੂ ਭੌਂਕਦਾ ਹੈ। ਭਾਵਨਾ ਇਹ ਹੈ ਕਿ ਜੇ ਕਾਂ ਅਗਰ ਕਾਂ ਕਾਂ ਕਰੇ ਜਾਂ ਕੁੱਤਾ ਜੇ ਭੌਂਕਦਾ ਰਹੇ ਤਾਂ ਉਸ ਨਾਲ ਕਿਸੇ ਦਾ ਕੁਛ ਵੀ ਸਵਰਦਾ ਜਾਂ ਵਿਗੜਦਾ ਨਹੀਂ। ਇਸ ਤਰਾਂ ਹੀ ਉਸ ਜੀਵ ਦੀ ਫਜ਼ੂਲ ਬੋਲਚਾਲ ਹੈ।

***ਸੰਤਨ ਕੈ ਦੂਖਨਿ ਸਰਪ ਜੋਨਿ ਪਾਇ ॥***

***ਸੰਤ ਕੈ ਦੂਖਨਿ ਤ੍ਰਿਗਦ ਜੋਨਿ ਕਿਰਮਾਇ ॥***

ਐਸੀ ਆਤਮਾ ਸੱਪਾਂ ਦੀ ਜੂਨ ਵਿੱਚ ਪੈਂਦੀ ਹੈ।

ਜੋ ਪੇਟ ਦੇ ਬਲ ਚੱਲਣ ਵਾਲੀਆਂ ਜੂਨਾਂ ਹਨ ਜਾਂ ਕੀੜੇ ਕਿਰਮ ਹਨ, ਐਸੀ ਆਤਮਾ ਨੂੰ ਐਸੀਆਂ ਜੂਨਾਂ ਪ੍ਰਾਪਤ ਹੁੰਦੀਆਂ ਹਨ।

***ਸੰਤਨ ਕੈ ਦੂਖਨਿ ਤ੍ਰਿਸਨਾ ਮਹਿ ਜਲੈ ॥***

***ਸੰਤ ਕੈ ਦੂਖਨਿ ਸਭੁ ਕੋ ਛਲੈ ॥***

ਐਸੀ ਆਤਮਾ ਤ੍ਰਿਸ਼ਨਾ ਦੀ ਅੱਗ ਵਿੱਚ ਹੀ ਸੜਦੀ ਰਹਿੰਦੀ ਹੈ।

ਤੇ ਸਭ ਕੁਛ ਉਸ ਦਾ ਛਲਾਵਾ ਹੀ ਹੈ। ਉਹ ਆਪ ਛਲੀ (ਠੱਗੀ) ਜਾਂਦੀ ਹੈ (ਮਾਇਆ ਤੋਂ)।

***ਸੰਤ ਕੈ ਦੂਖਨਿ ਤੇਜੁ ਸਭੁ ਜਾਇ ॥***

***ਸੰਤ ਕੈ ਦੂਖਨਿ ਨੀਚੁ ਨੀਚਾਇ ॥***

ਐਸੀ ਆਤਮਾ ਦਾ ਆਪਣਾ ਪਰਤਾਪ ਹੀ ਘੱਟਦਾ ਹੈ।

ਤੇ ਨੀਚ ਤੋਂ ਨੀਚ ਅਵਸਥਾ ਵਿੱਚ ਉਹ ਆਤਮਾ ਚਲੀ ਜਾਂਦੀ ਹੈ।

***ਸੰਤ ਦੋਖੀ ਕਾ ਥਾਉ ਕੋ ਨਾਹਿ ॥***

***ਨਾਨਕ ਸੰਤ ਭਾਵੈ ਤਾ ਓਇ ਭੀ ਗਤਿ ਪਾਹਿ ॥ ੨ ॥***

ਸੰਤ ਤੇ ਦੋਸ਼ ਲਾਉਣ ਵਾਲੇ ਨੂੰ ਕੋਈ ਟਿਕਾਣਾ ਨਹੀਂ ਲਭਦਾ।

ਪਰ ਹੇ ਨਾਨਕ ! ਜੇ ਸੰਤ ਕ੍ਰਿਪਾ ਕਰੇ (ਸੰਤ ਨੂੰ ਪਰਵਾਨ ਹੋਵੇ) ਤਾਂ ਉਹ ਉਸ ਜੀਵ ਦੀ ਗਤੀ ਕਰਵਾ ਦੇਂਦਾ ਹੈ ਕਿਉਂਕਿ ਉਸ ਨੂੰ ਵੀ ਉਹ ਨਾਮ ਜਪਣ ਲਾ ਦੇਂਦਾ ਹੈ (ਕਿਉਂਕਿ ਸੰਤ ਨੂੰ ਕਿਸੇ ਨਾਲ ਵੀ ਵੈਰ ਵਿਰੋਧ ਨਹੀਂ ਹੁੰਦਾ)।

***ਸੰਤ ਕਾ ਨਿੰਦਕੁ ਮਹਾ ਅਤਤਾਈ ॥***

***ਸੰਤ ਕਾ ਨਿੰਦਕੁ ਖਿਨੁ ਟਿਕਨੁ ਨ ਪਾਈ ॥***

ਸੰਤ ਦਾ ਨਿੰਦਕ ਬਹੁਤ ਹੀ ਅੱਤ ਚੁੱਕਣ ਵਾਲਾ ਹੁੰਦਾ ਹੈ। 'ਅੱਤ ਚੁਕਣੀ ਹੈ'–ਕਿਸੇ ਭੈੜੇ ਕਰਮ ਨੂੰ ਬਾਰ ਬਾਰ ਤੇ ਬਹੁਤ ਜ਼ੋਰ ਨਾਲ ਕਰਨਾ।

ਸੰਤ ਦੇ ਨਿੰਦਕ ਦੀ ਸੁਰਤਿ ਇੱਕ ਪਲ (ਸੈਕੰਡ) ਲਈ ਵੀ ਟਿਕ ਨਹੀਂ ਸਕਦੀ (ਉਹਨੂੰ ਕੋਈ ਟਿਕਾਣਾ ਨਹੀਂ ਲਭਦਾ)।

***ਸੰਤ ਕਾ ਨਿੰਦਕੁ ਮਹਾ ਹਤਿਆਰਾ ॥***

***ਸੰਤ ਕਾ ਨਿੰਦਕੁ ਪਰਮੇਸੁਰਿ ਮਾਰਾ ॥***

ਐਸੀ ਆਤਮਾ ਮਹਾਹਤਿਆਰੀ (ਵੱਡੀ ਪਾਪੀ) ਹੁੰਦੀ ਹੈ।

ਐਸੀ ਆਤਮਾ ਨੂੰ ਪਰਮੇਸ਼ਰ ਤੋਂ ਮਾਰ ਪੈਂਦੀ ਹੈ (ਪਰਮੇਸ਼ਰ ਉਸ ਦਾ ਨੁਕਸਾਨ ਹੀ ਕਰਦਾ ਹੈ) ਕਿਉਂਕਿ ਉਹ ਆਤਮਾ ਸੰਤ ਤੇ ਝੂਠੇ ਦੋਸ਼ ਲਾਉਂਦੀ ਹੈ।

## *ਸੰਤ ਕਾ ਨਿੰਦਕੁ ਰਾਜ ਤੇ ਹੀਨੁ ॥*
## *ਸੰਤ ਕਾ ਨਿੰਦਕੁ ਦੁਖੀਆ ਅਰੁ ਦੀਨੁ ॥*

ਐਸੇ ਜੀਵ ਦਾ ਜੇ ਰਾਜ ਹੋਵ ਵੀ ਤਾਂ ਸੰਤ ਦੀ ਨਿੰਦਾ ਕਰਨ ਕਰਕੇ ਖੁਸ ਜਾਂਦਾ ਹੈ।

ਸੰਤ ਦੀ ਜੋ ਨਿੰਦਾ ਕਰਦਾ ਹੈ, ਉਹ ਦੁਖੀਆ ਤੇ ਬਹੁਤ ਦੁਖੀਆ ਹੀ ਰਹਿੰਦਾ ਹੈ, ਉਸ ਨੂੰ ਸੁੱਖ ਪ੍ਰਾਪਤ ਨਹੀਂ ਹੁੰਦਾ।

## *ਸੰਤ ਕੇ ਨਿੰਦਕ ਕਉ ਸਰਬ ਰੋਗ ॥*
## *ਸੰਤ ਕੇ ਨਿੰਦਕ ਕਉ ਸਦਾ ਬਿਜੋਗ ॥*

ਉਸ ਨੂੰ ਸਾਰੇ ਹੀ ਰੋਗ ਲੱਗ ਜਾਂਦੇ ਹਨ ਕਿਉਂਕਿ ਨਾਮ ਨੂੰ ਭੁੱਲਣ ਕਰਕੇ ਹੀ ਸਭ ਦੁੱਖ ਤਕਲੀਫਾਂ ਹਨ। ਨਾਮ ਨੂੰ ਉਹ ਭੁੱਲ ਜਾਂਦਾ ਹੈ ਤੇ ਸਭ ਰੋਗਾਂ ਦਾ ਭਾਗੀ ਬਣਦਾ ਹੈ।

ਉਸ ਨੂੰ ਸਦਾ ਲਈ ਪ੍ਰਭੂ ਤੋਂ ਵਿਛੋੜਾ ਮਿਲ ਜਾਂਦਾ ਹੈ (ਉਹ ਪ੍ਰਭੂ ਨਾਲ ਕਦੀ ਜੁੜ ਨਹੀਂ ਸਕਦਾ)।

## *ਸੰਤ ਕੀ ਨਿੰਦਾ ਦੋਖ ਮਹਿ ਦੋਖੁ ॥*
## *ਨਾਨਕ ਸੰਤ ਭਾਵੈ ਤਾ ਉਸ ਕਾ ਭੀ ਹੋਇ ਮੋਖੁ ॥ ੩ ॥*

ਸੰਤ ਦੀ ਨਿੰਦਾ ਸਭ ਦੋਸ਼ਾਂ ਵਿੱਚ ਵੱਡਾ ਦੋਸ਼ (ਵੱਡਾ ਅਉਗੁਣ) ਹੈ।

ਪਰ ਹੇ ਨਾਨਕ ! ਜੇ ਸੰਤ ਨੂੰ ਭਾਵੇ (ਪਰਵਾਨ ਹੋਵੇ) ਤਾਂ ਉਹ ਆਤਮਾ ਵੀ ਸੰਤ ਦੀ ਸੰਗਤਿ ਵਿੱਚ ਮੁਕਤਿ ਹੋ ਸਕਦੀ ਹੈ (ਜੇ ਸੰਤ ਕ੍ਰਿਪਾਲ ਕ੍ਰਿਪਾ ਕਰ ਦੇਵੇ)।

## *ਸੰਤ ਕਾ ਦੋਖੀ ਸਦਾ ਅਪਵਿਤੁ ॥*
## *ਸੰਤ ਕਾ ਦੋਖੀ ਕਿਸੈ ਕਾ ਨਹੀ ਮਿਤੁ ॥*

ਐਸੀ ਆਤਮਾ ਸਦਾ ਹੀ ਗੰਦਗੀ ਵਾਲੀ ਹੀ ਰਹਿੰਦੀ ਹੈ, ਮਲ ਭਰੀ ਹੀ ਰਹਿੰਦੀ ਹੈ। ਹਉਮੈ ਦੀ ਮੈਲ ਉਸ ਦੀ ਦੂਰ ਨਹੀਂ ਹੁੰਦੀ ਤੇ ਉਹ ਪਵਿੱਤ੍ਰ ਨਹੀਂ ਹੋ ਸਕਦੀ।

ਤੇ ਉਹ ਆਤਮਾ ਕਿਸੇ ਦੀ ਵੀ ਮਿਤ੍ਰ ਨਹੀਂ ਹੁੰਦੀ ਕਿਉਂਕਿ ਜੋ ਸੰਤ ਦਾ ਮਿਤ੍ਰ ਨਹੀਂ ਉਹ ਕਿਸੇ ਦਾ ਵੀ ਮਿਤ੍ਰ ਨਹੀਂ ਹੁੰਦਾ। ਜਿਸ (ਆਤਮਾ) ਵਿੱਚ ਮਾਇਆ ਦੀ ਕੋਈ ਲੇਸ਼ ਨਹੀਂ, ਜੋ ਆਤਮਾ ਪ੍ਰਭੂ ਰੂਪ ਕੇ ਪ੍ਰਭੂ ਵਿੱਚ ਸਮਾ ਗਈ ਹੈ, ਉਹ (ਆਤਮਾ) ਸੰਤ ਹੈ। ਜੋ ਉਸ (ਸੰਤ) ਦਾ ਵੀ ਮਿਤ੍ਰ ਨਹੀਂ ਹੈ (ਜਿਸ ਨੂੰ ਸੰਤ ਦੀ ਸੋਭਾ ਵੀ ਚੰਗੀ ਨਹੀਂ ਲਗਦੀ), ਉਹ ਕਿਸੇ ਦਾ ਵੀ ਮਿਤ੍ਰ ਨਹੀਂ ਬਣ ਸਕਦਾ।

## *ਸੰਤ ਕੇ ਦੋਖੀ ਕਉ ਡਾਨੁ ਲਾਗੈ ॥*
## *ਸੰਤ ਕੇ ਦੋਖੀ ਕਉ ਸਭ ਤਿਆਗੈ ॥*

ਐਸੀ ਆਤਮਾ ਨੂੰ ਅੱਗੇ ਸਜ਼ਾ ਹੀ ਮਿਲਦੀ ਹੈ।

ਉਸ ਦੇ ਸਭ ਸੰਗੀ ਸਾਥੀ ਹੌਲੀ ਹੌਲੀ ਉਸ ਦਾ ਸਾਥ ਛੱਡ ਜਾਂਦੇ ਨੇ।

## *ਸੰਤ ਕਾ ਦੋਖੀ ਮਹਾ ਅਹੰਕਾਰੀ ॥*
## *ਸੰਤ ਕਾ ਦੋਖੀ ਸਦਾ ਬਿਕਾਰੀ ॥*

ਐਸੀ ਆਤਮਾ ਵੱਡੇ ਹੰਕਾਰ ਵਿੱਚ ਹੀ ਰਹਿੰਦੀ ਹੈ।

ਤੇ ਸਦਾ ਵਿਕਾਰਾਂ ਵਿੱਚ ਹੀ ਰਹਿੰਦੀ ਹੈ। ਰੱਬ ਜੀ ਨੂੰ ਭੁੱਲ ਜਾਣਾ ਤੇ ਮਾਇਆ ਦਾ ਮੋਹ ਉਪਜਨਾ ਪਹਿਲਾ ਵਿਕਾਰ ਹੈ। ਅੱਗੇ ਇਸ ਦੀਆਂ ਅਵਸਥਾ ਹਨ। ਐਸੀ ਆਤਮਾ ਵਿਕਾਰਾਂ ਵਿੱਚ ਹੀ ਫਸੀ ਰਹਿੰਦੀ ਹੈ।

## *ਸੰਤ ਕਾ ਦੋਖੀ ਜਨਮੈ ਮਰੈ ॥*
## *ਸੰਤ ਕੀ ਦੂਖਨਾ ਸੁਖ ਤੇ ਟਰੈ ॥*

ਜੋ ਸੰਤ ਤੇ ਦੋਸ਼ ਲਾਉਣ ਵਾਲਾ ਹੈ, ਉਹ ਤਾਂ ਆਵਾਗਮਣ ਵਿੱਚ ਹੀ ਰਹਿੰਦਾ ਹੈ।

ਤੇ ਉਸ ਦੇ ਸੁੱਖ ਖਤਮ ਹੋ ਜਾਂਦੇ ਹਨ।

## ***ਸੰਤ ਕੇ ਦੋਖੀ ਕਉ ਨਾਹੀ ਠਾਉ ॥***
## ***ਨਾਨਕ ਸੰਤ ਭਾਵੈ ਤਾ ਲਏ ਮਿਲਾਇ ॥ ੪ ॥***

ਐਸੇ (ਸੰਤ ਤੇ ਦੋਸ਼ ਲਾਉਣ ਵਾਲੇ) ਨੂੰ ਕੋਈ ਟਿਕਾਣਾ ਨਹੀਂ ਲੱਭਦਾ।

ਪਰ ਹੇ ਨਾਨਕ ! ਜੇ ਸੰਤ ਕ੍ਰਿਪਾ ਕਰ ਦੇਵੇ ਤਾਂ ਉਹ ਐਸੀ ਆਤਮਾ ਨੂੰ ਵੀ ਆਪਣੇ ਨਾਲ ਮਿਲਾ ਲੈਂਦਾ ਹੈ, ਆਪਣੀ ਸੰਗਤਿ ਵਿੱਚ ਰੱਖ ਲੈਂਦਾ ਹੈ ਤੇ ਨਾਮ ਜਪਾ ਜਪਾ ਕੇ ਪ੍ਰਭੂ ਨਾਲ ਮਿਲਾ ਦੇਂਦਾ ਹੈ।

## ***ਸੰਤ ਕਾ ਦੋਖੀ ਅਧ ਬੀਚ ਤੇ ਟੂਟੈ ॥***
## ***ਸੰਤ ਕਾ ਦੋਖੀ ਕਿਤੈ ਕਾਜਿ ਨ ਪਹੂਚੈ ॥***

ਸੰਤ ਤੇ ਦੋਸ਼ ਲਾਉਣ ਵਾਲੇ ਦੇ ਸਾਰੇ ਹੀ ਕੰਮ ਅੱਧ ਵਿੱਚ ਰਹਿ ਜਾਂਦੇ ਨੇ (ਪੂਰੇ ਕਦੀ ਨਹੀਂ ਹੁੰਦੇ)।

ਸੰਤ ਤੇ ਦੋਸ਼ ਲਾਉਣ ਵਾਲੇ ਦੇ ਕੰਮ ਸਦਾ ਅਧੂਰੇ ਹੀ ਰਹਿੰਦੇ ਨੇ। ਕੋਈ ਵੀ ਸੰਪੂਰਨਤਾ ਉਸ ਨੂੰ ਕਦੀ ਮਿਲ ਨਹੀਂ ਸਕਦੀ।

## ***ਸੰਤ ਕੇ ਦੋਖੀ ਕਉ ਉਦਿਆਨ ਭ੍ਰਮਾਈਐ ॥***
## ***ਸੰਤ ਕਾ ਦੋਖੀ ਉਝੜਿ ਪਾਈਐ ॥***

ਜੋ ਐਸੀ ਆਤਮਾ ਹੈ, ਉਹ ਮਾਇਆ ਦੇ ਜੰਗਲ ਵਿੱਚ ਹੀ ਭਟਕਦੀ ਰਹਿੰਦੀ ਹੈ।

ਉਹ ਮਾਇਆ ਦੇ ਜੰਗਲ ਵਿੱਚੋਂ ਬਾਹਰ ਨਹੀਂ ਨਿਕਲ ਸਕਦੀ (ਕੁਰਾਹੇ ਹੀ ਪਈ ਰਹਿੰਦੀ ਹੈ)।

## ***ਸੰਤ ਕਾ ਦੋਖੀ ਅੰਤਰ ਤੇ ਥੋਥਾ ॥***
## ***ਜਿਉ ਸਾਸ ਬਿਨਾ ਮਿਰਤਕ ਕੀ ਲੋਥਾ ॥***

ਜਿਸ ਤਰਾਂ ਕੋਈ ਜੀਵ ਜੀਉਂਦਾ ਹੋਵੇ (ਸਾਸ ਲੈਂਦਾ ਹੋਵੇ) ਤਾਂ ਸਰੀਰ ਦੀ ਅਵਸਥਾ ਹੋਰ ਹੈ। ਪਰ ਜਦੋਂ ਸਾਸ ਬੰਦ ਹੋ ਜਾਣ (ਮੌਤ ਹੋ ਜਾਵੇ) ਤਾਂ ਸਰੀਰ ਮ੍ਰਿਤਕ ਕਹਿਆ ਜਾਂਦਾ ਹੈ। ਇਸ ਤਰਾਂ ਹੀ ਸੰਤ ਤੇ ਦੋਸ਼ ਲਾਉਣ ਵਾਲਾ ਅੰਦਰੋਂ ਥੋਥਾ ਹੀ ਹੁੰਦਾ ਹੈ। ਉਸ ਦੇ ਅੰਦਰ ਕੋਈ ਗੁਣ ਨਹੀਂ ਹੁੰਦਾ।

## ***ਸੰਤ ਕੇ ਦੋਖੀ ਕੀ ਜੜ ਕਿਛੁ ਨਾਹਿ ॥***
## ***ਆਪਨ ਬੀਜਿ ਆਪੇ ਹੀ ਖਾਹਿ ॥***

ਸੰਤ ਤੇ ਦੋਸ਼ ਲਾਉਣ ਵਾਲਾ ਆਪਣੀ ਜੜ ਆਪ ਹੀ ਪੁੱਟ ਲੈਂਦਾ ਹੈ।

ਉਹ ਆਪ ਹੀ ਕਰਮ ਕਰਦਾ ਹੈ ਤੇ ਆਪ ਹੀ ਉਨ੍ਹਾਂ ਦਾ ਮਾੜਾ ਫਲ ਭੋਗਦਾ ਹੈ।

## ***ਸੰਤ ਕੇ ਦੋਖੀ ਕਉ ਅਵਰੁ ਨ ਰਾਖਨਹਾਰੁ ॥***
## ***ਨਾਨਕ ਸੰਤ ਭਾਵੈ ਤਾ ਲਏ ਉਬਾਰਿ ॥ ੫ ॥***

ਐਸੀ ਆਤਮਾ ਨੂੰ ਹੋਰ ਕੋਈ ਵੀ ਬਖਸ਼ਨਹਾਰ ਨਹੀਂ ਹੈ।

ਹੇ ਨਾਨਕ ! ਕੇਵਲ ਸੰਤ ਨੂੰ ਹੀ ਭਾਵੇ ਤਾਂ ਐਸੀ ਆਤਮਾ ਫਿਰ ਬਖਸ਼ੀ ਜਾ ਸਕਦੀ ਹੈ।

## ***ਸੰਤ ਕਾ ਦੋਖੀ ਇਉ ਬਿਲਲਾਇ ॥***
## ***ਜਿਉ ਜਲ ਬਿਹੂਨ ਮਛੁਲੀ ਤੜਫੜਾਇ ॥***

ਸੰਤ ਦਾ ਦੋਸ਼ੀ ਇਸ ਤਰਾਂ ਵਿਲਕਦਾ ਹੈ (ਤੰਗ ਹੁੰਦਾ ਹੈ),

ਜਿਸ ਤਰਾਂ ਪਾਣੀ ਤੋਂ ਬਗੈਰ ਮੱਛੀ ਤੜਫਦੀ ਹੈ।

## ***ਸੰਤ ਕਾ ਦੋਖੀ ਭੂਖਾ ਨਹੀ ਰਾਜੈ ॥***
## ***ਜਿਉ ਪਾਵਕੁ ਈਧਨਿ ਨਹੀ ਧ੍ਰਾਪੈ ॥***

ਜਿਸ ਤਰਾਂ ਬਾਲਨ (ਈਂਧਨ) ਨਾਲ ਅੱਗ ਕਦੀ ਰੱਜਦੀ ਨਹੀਂ,

ਸੰਤ ਦੇ ਦੋਸ਼ੀ ਦੇ ਮਨ ਦੀ ਭੁੱਖ ਕਦੀ ਵੀ ਦੂਰ ਨਹੀਂ ਹੁੰਦੀ (ਉਹਨੂੰ ਕਦੀ ਵੀ ਸੰਤੋਖ ਨਹੀਂ ਆਉਂਦਾ),

## ਸੰਤ ਕਾ ਦੋਖੀ ਛੁਟੈ ਇਕੇਲਾ ॥

## *ਜਿਉ ਬੂਆੜੁ ਤਿਲੁ ਖੇਤ ਮਾਹਿ ਦੁਹੇਲਾ ॥*

ਸੰਤ ਦਾ ਦੋਸ਼ੀ ਇੱਕਲਾ ਹੀ ਰਹਿ ਜਾਂਦਾ ਹੈ। ਉਸ ਦੇ ਸੰਗੀ ਸਾਥੀ ਉਸ ਦਾ ਸੰਗ (ਸਾਥ) ਛੱਡ ਜਾਂਦੇ ਹਨ (ਉਸ ਦੇ ਨੁਕਸਾਂ ਕਰਕੇ)।

ਜਿਸ ਤਰਾਂ ਬੁਆੜ ਤਿਲੁ ਉਹ ਹੁੰਦਾ ਹੈ, ਜਦੋਂ ਕੋਈ ਜਿੰਮੀਦਾਰ ਤਿਲਾਂ ਦੀ ਫਸਲ ਨੂੰ ਕੱਟਣ ਲੱਗੇ ਤਾਂ ਜਿੰਨਾ ਬੂਟਿਆਂ ਵਿੱਚ ਦਾਣਾ ਨਾ ਪਇਆ ਹੋਵੇ, ਯਾ ਜਿਹੜੇ ਤਿਲ ਕਾਲੇ ਹੋ ਗਏ ਯਾ ਜਿਨ੍ਹਾਂ ਵਿੱਚ ਸੁਆਹ ਬਣ ਜਾਦੀ ਹੈ, ਉਹ ਉਨ੍ਹਾਂ ਬੂਟਿਆਂ ਨੂੰ ਨਹੀਂ ਕੱਟਦਾ ਤੇ ਬਾਕੀ ਬੂਟਿਆਂ ਨੂੰ ਕੱਟ ਲੈਂਦਾ ਹੈ। ਉਹ ਜਿਹੜੇ ਬੂਟੇ ਬਾਕੀ ਰਹਿ ਜਾਂਦੇ ਹਨ, ਉਨ੍ਹਾਂ ਨੂੰ ਬੁਆੜ ਤਿਲ ਕਹਿੰਦੇ ਨੇ। ਇਸ ਤਰਾਂ ਹੀ ਸੰਤ ਦਾ ਦੋਸ਼ੀ ਹੁੰਦਾ ਹੈ ਤੇ ਉਹ ਸਦਾ ਦੁਖੀ ਹੀ ਰਹਿੰਦਾ ਹੈ।

## *ਸੰਤ ਕਾ ਦੋਖੀ ਧਰਮ ਤੇ ਰਹਤ ॥*

## *ਸੰਤ ਕਾ ਦੋਖੀ ਸਦ ਮਿਥਿਆ ਕਹਤ ॥*

ਜੋ ਸੰਤ ਤੇ ਦੋਸ਼ ਲਾਉਂਦਾ ਹੈ ਤੇ ਉਸ ਨਾਲ ਵੈਰ ਭਾਵ ਰੱਖਦਾ ਹੈ, ਉਹ ਧਰਮੀ ਨਹੀਂ ਹੋ ਸਕਦਾ।

ਉਹ ਤਾਂ ਹਮੇਸ਼ਾ ਝੂਠ (ਮਾਇਆ ਦੇ ਮੋਹ) ਵਿੱਚ ਹੀ ਫਸਿਆ ਰਹਿੰਦਾ ਹੈ ਤੇ ਝੂਠ ਕਰਕੇ (ਮਾਇਆ ਦੇ ਮੋਹ ਕਰਕੇ) ਆਵਾਗਮਣ ਵਿੱਚ ਹੀ ਰਹਿੰਦਾ ਹੈ।

## *ਕਿਰਤੁ ਨਿੰਦਕ ਕਾ ਧੁਰਿ ਹੀ ਪਇਆ ॥*

## *ਨਾਨਕ ਜੋ ਤਿਸੁ ਭਾਵੈ ਸੋਈ ਥਿਆ ॥ ੬ ॥*

ਐਸੀ ਆਤਮਾ ਆਪਣੇ ਪਿਛਲੇ ਕਰਮਾਂ ਦਾ ਫਲ ਪਾਉਂਦੀ ਹੈ ਤੇ ਉਹ ਫਲ ਪਾਉਣ ਲਈ ਹੀ ਸੰਤ ਦਾ ਦੋਖੀ ਬਣ ਜਾਂਦੀ ਹੈ।

ਹੇ ਨਾਨਕ ! ਜੋ ਉਸ ਮਾਲਕ ਨੂੰ ਭਾਉਂਦਾ ਹੈ, ਉਹੀ ਸੰਸਾਰ ਵਿੱਚ ਵਰਤਦਾ ਹੈ। ਇਹ ਉਸ ਆਤਮਾ ਦੇ ਪਿਛਲੇ ਕੀਤੇ ਕਰਮਾਂ ਦਾ ਆਪਣਾ ਹੀ ਕਸੂਰ ਹੈ, ਜਿਸ ਕਰਕੇ ਉਹ ਐਸੀ ਬਣ ਗਈ ਹੈ।

## *ਸੰਤ ਕਾ ਦੋਖੀ ਬਿਗੜ ਰੂਪੁ ਹੋਇ ਜਾਇ ॥*

## *ਸੰਤ ਕੇ ਦੋਖੀ ਕਉ ਦਰਗਹ ਮਿਲੈ ਸਜਾਇ ॥*

'ਵਿਗੜ ਰੂਪ' ਹੈ – ਜੋ ਵਿਗੜਿਆ ਹੋਇਆ ਰੂਪ ਹੈ। ਜੋ ਆਮ ਜੀਵ ਦੀ ਸੇਹਤ ਹੈ, ਉਹੋ ਜੇਹੀ ਸੇਹਤ ਨਾ ਹੋਵੇ। ਜਿਸ ਦੇ ਹੱਥ ਪੈਰ ਵਿੰਗੇ ਹੋ ਜਾਣ, ਜਿਸ ਦੇ ਅੰਗ ਠੀਕ ਨਾ ਹੋਣ, ਉਹਨੂੰ ਵਿਗੜ ਰੂਪ ਕਹਿੰਦੇ ਨੇ (ਕਿ ਵਿਗੜਿਆ ਹੋਇਆ ਰੂਪ ਹੈ)। ਸੰਤ ਦੇ ਦੋਸ਼ ਲਾਉਣ ਵਾਲਾ ਐਸਾ ਹੋ ਜਾਂਦਾ ਹੈ।

ਐਸੀ ਆਤਮਾ ਨੂੰ ਦਰਗਾਹ ਵਿੱਚ ਸਜ਼ਾ ਹੀ ਮਿਲਦੀ ਹੈ।

## *ਸੰਤ ਕਾ ਦੋਖੀ ਸਦਾ ਸਹਕਾਈਐ ॥*

## *ਸੰਤ ਕਾ ਦੋਖੀ ਨ ਮਰੈ ਨ ਜੀਵਾਈਐ ॥*

'ਸਹਕਦਾ' ਉਹ ਜੀਵ ਹੁੰਦਾ ਹੈ ਜਿਹਨੂੰ ਇੰਨੀ ਤਕਲੀਫ ਹੋ ਜਾਵੇ ਕਿ ਨਾ ਉਹ ਉਠ ਸਕੇ, ਨਾ ਬੈਠ ਸਕੇ ਤੇ ਨਾ ਹੀ ਉਹ ਮਰੇ, ਲੇਕਿਨ ਸਾਹ ਲੈਂਦਾ ਰਹੇ। ਐਸੀ ਅਵਸਥਾ ਵਿੱਚ ਸੰਤ ਦਾ ਦੋਸ਼ੀ ਰਹਿੰਦਾ ਹੈ। ਉਹ ਤਾਂ ਸਹਕਦਾ ਹੀ ਰਹਿੰਦਾ ਹੈ।

ਨਾ ਉਹ ਮੁਰਦਿਆਂ ਵਿੱਚ ਹੁੰਦਾ ਹੈ ਤੇ ਨਾ ਉਹ ਜੀਉਂਦਿਆਂ ਵਿੱਚ ਹੁੰਦਾ ਹੈ।

## *ਸੰਤ ਕੇ ਦੋਖੀ ਕੀ ਪੁਜੈ ਨ ਆਸਾ ॥*

## *ਸੰਤ ਕਾ ਦੋਖੀ ਉਠਿ ਚਲੈ ਨਿਰਾਸਾ ॥*

ਉਸ ਦੀਆਂ ਰੀਝਾਂ ਕਦੀ ਵੀ ਪੂਰੀਆਂ ਨਹੀਂ ਹੁੰਦੀਆਂ।

ਉਹ ਨਿਰਾਸ ਹੋ ਕੇ ਹੀ ਸੰਸਾਰ ਤੋਂ ਜਾਂਦਾ ਹੈ। ਦੁਖੀ ਜੀਵਨ ਬਤੀਤ ਕਰਦਾ ਹੈ ਤੇ ਦੁਖੀ ਹੀ ਸੰਸਾਰ ਤੋਂ ਚਲਿਆ ਜਾਦਾ ਹੈ।

## *ਸੰਤ ਕੈ ਦੋਖਿ ਨ ਤ੍ਰਿਸਟੈ ਕੋਇ ॥*

## *ਜੈਸਾ ਭਾਵੈ ਤੈਸਾ ਕੋਈ ਹੋਇ ॥*

ਜੋ ਆਤਮਾ ਵੀ ਸੰਤ ਦੀ ਦੋਸ਼ੀ ਹੈ, ਉਸ ਦੀ ਤ੍ਰਿਸ਼ਨਾ ਖਤਮ ਨਹੀਂ ਹੁੰਦੀ, ਉਸ ਦੀ ਭਟਕਨਾ ਨਹੀਂ ਹਟਦੀ ਤੇ ਉਸ ਨੂੰ ਰੱਜ ਦੀ ਅਵਸਥਾ ਨਹੀਂ ਆਉਂਦੀ।

ਜੈਸਾ ਮੇਰੇ ਮਾਲਕ ਨੂੰ ਭਾਉਂਦਾ ਹੈ, ਉਹੋ ਜੇਹਾ ਹੀ ਕੋਈ ਬਣ ਜਾਂਦਾ ਹੈ। ਭਾਵ ਹੈ
ਕਿ ਉਸ (ਆਤਮਾ) ਦੇ ਆਪਣੇ ਪਿਛਲੇ ਕੀਤੇ ਹੋਏ ਕਰਮਾਂ ਦਾ ਹੀ ਕਸੂਰ ਹੈ, ਜਿਸ ਕਰਕੇ ਉਹ ਆਤਮਾ ਐਸੀ ਬਣ ਜਾਂਦੀ ਹੈ।

***ਪਇਆ ਕਿਰਤੁ ਨ ਮੇਟੈ ਕੋਇ ॥***

***ਨਾਨਕ ਜਾਨੈ ਸਚਾ ਸੋਇ ॥ ੭ ॥***

ਪਇਆ ਹੋਇਆ ਕਿਰਤ ਹੈ (ਜੋ ਬਣਿਆ ਹੋਇਆ ਸੁਭਾਅ ਹੈ), ਜੋ ਪਿਛਲੇ ਕਰਮਾਂ ਤੋਂ ਬਣਦਾ ਹੈ। ਹਰ ਇਕ ਜੀਵ ਨੂੰ ਸੁਭਾਅ ਜਨਮ ਵੇਲੇ ਹੀ ਮਿਲ ਜਾਂਦਾ ਹੈ (ਉਸ ਆਤਮਾ ਦੁਆਰਾ ਕੀਤੇ ਹੋਏ ਪਿਛਲੇ ਕਰਮਾਂ ਦਾ ਸੰਗ੍ਰਿਹ ਦਾ ਸਾਰਾ ਅਸਰ ਹੀ ਸੁਭਾਅ ਹੈ)। ਹਜ਼ੂਰ ਕਹਿੰਦੇ ਨੇ ਕਿ ਉਹ ਕਿਰਤ (ਸੁਭਾਅ) ਮੇਟਿਆ ਨਹੀਂ ਜਾ ਸਕਦਾ ਕਿਉਂਕਿ ਜੇ ਉਸ (ਸੁਭਾਅ) ਨੂੰ ਬਦਲਦਾ ਹੋਵੇ ਤਾਂ ਸਾਧਨ ਕੇਵਲ ਨਾਮ ਹੀ ਹੈ। ਪਰ ਸੰਤ ਦਾ ਦੋਸ਼ੀ ਤਾਂ ਨਾਮ ਜਪ ਹੀ ਨਹੀਂ ਸਕਦਾ। ਉਹ ਤਾਂ ਸਗੋਂ ਸੰਤ ਤੇ ਵੀ ਦੋਸ਼ (ਊਜਾ) ਲਾਉਂਦਾ ਹੈ (ਉਸ ਦੀ ਨਿੰਦਿਆ ਕਰਦਾ ਹੈ)। ਇਸ ਕਰਕੇ ਉਸਦਾ ਸੁਭਾਅ ਬਦਲਦਾ ਨਹੀਂ ਤੇ ਉਹ ਆਪਣਾ ਕੀਤਾ ਪਾਉਂਦਾ ਹੈ।

ਹੇ ਨਾਨਕ ! ਇਹ ਲੀਲਾ ਮੇਰੇ ਸੱਚੇ ਮਾਲਕ ਦੀ ਹੈ। ਉਹ ਸੱਚਾ ਮਾਲਕ ਹੀ ਜਾਣਦਾ ਹੈ ਕਿ ਉਹ ਕਿਵੇਂ ਜੀਵਾਂ ਨੂੰ ਉਨ੍ਹਾਂ ਦੇ ਕਿਹੜੇ ਕਰਮ ਦਾ ਕੀ ਫਲ ਬਖਸ਼ਦਾ ਹੈ।

***ਸਭ ਘਟ ਤਿਸ ਕੇ ਓਹੁ ਕਰਨੈਹਾਰੁ ॥***

***ਸਦਾ ਸਦਾ ਤਿਸ ਕਉ ਨਮਸਕਾਰੁ ॥***

ਸਭ ਹਿਰਦੇ (ਸਭ ਟਿਕਾਣੇ) ਮੇਰੇ ਪ੍ਰਭੂ ਦੇ ਹਨ। ਉਹ ਸਭ ਕੁਛ ਕਰਨਹਾਰ ਹੈ।
ਉਸ ਨੂੰ ਸਦਾ ਸਦਾ ਨਮਸਕਾਰ ਕਰਨੀ ਚਾਹੀਦੀ ਹੈ।

***ਪ੍ਰਭ ਕੀ ਉਸਤਤਿ ਕਰਹੁ ਦਿਨੁ ਰਾਤਿ ॥***

***ਤਿਸਹਿ ਧਿਆਵਹੁ ਸਾਸਿ ਗਿਰਾਸਿ ॥***

ਹੇ ਭਾਈ ! ਉਸ ਮਾਲਕ ਦੀ ਦਿਨ ਰਾਤ ਉਸਤਤਿ (ਸੋਭਾ) ਕਰੋ, ਉਸ ਦੇ ਗੁਣ ਗਾਉ।
ਤੇ ਦਿਨ ਰਾਤ (ਸਾਸ ਸਾਸ) ਉਸ ਇੱਕ ਮਾਲਕ ਨੂੰ ਹੀ ਧਿਆਉ। ਇਹ ਸਾਧਨ ਆਵਾਗਮਣ ਵਿੱਚੋਂ ਨਿਕਲਣ ਦਾ ਹੈ।

***ਸਭੁ ਕਛੁ ਵਰਤੈ ਤਿਸ ਕਾ ਕੀਆ ॥***

***ਜੈਸਾ ਕਰੇ ਤੈਸਾ ਕੋ ਥੀਆ ॥***

ਸਭ ਕੁਛ ਜੋ ਹੋ ਰਹਿਆ ਹੈ, ਮਾਲਕ ਦਾ ਕੀਤਾ ਹੋ ਰਹਿਆ ਹੈ।

ਜੈਸੇ ਵੀ ਜੀਵਾਂ ਨੇ ਕਰਮ ਕੀਤੇ ਹਨ, ਵੈਸੇ ਹੀ ਜੀਵ ਬਣ ਗਏ ਹਨ ਤੇ ਉਸ ਸੁਭਾਅ ਅਨੁਸਾਰ ਹੀ ਅੱਗੇ ਕਰਮ ਕਰਦੇ ਹਨ। ਇਸ ਕਰਕੇ ਉਸ ਮਾਲਕ ਦੀ ਸਿਫਤਿ ਸਾਲਾਹ ਕੀਤਿਆਂ ਹੀ ਮਨ ਦੀ ਤਰੱਕੀ ਹੋ ਸਕਦੀ ਹੈ। ਨਹੀਂ ਤਾਂ ਆਪਣੇ ਪਿਛਲੇ ਸੁਭਾਅ ਅਨੁਸਾਰ ਹੀ ਆਦਮੀ ਆਪਣਾ ਜੀਵਨ ਬਤੀਤ ਕਰਕੇ ਚਲਿਆ ਜਾਂਦਾ ਹੈ ਤੇ ਨਵੇਂ ਕਰਮਾਂ ਨਾਲ ਨਵਾਂ ਸੁਭਾਅ ਬਣਾ ਕੇ ਚਲਿਆ ਜਾਦਾ ਹੈ। ਇਹ ਮੇਰੇ ਮਾਲਕ ਦੀ ਲੀਲਾ ਹੀ ਐਸੀ ਹੈ ਕਿ ਜੇਹੋ ਜੇਹਾ ਕੋਈ ਕਰਮ ਕਰਦਾ ਹੈ, ਉਹੋ ਜੇਹਾ ਹੀ ਉਹ ਫਲ ਪਾਉਂਦਾ ਹੈ।

***ਅਪਨਾ ਖੇਲੁ ਆਪਿ ਕਰਨੈਹਾਰੁ ॥***

***ਦੂਸਰ ਕਉਨੁ ਕਹੈ ਬੀਚਾਰੁ ॥***

ਉਹ ਸਾਹਿਬ ਆਪਣਾ ਖੇਲ (ਤਮਾਸ਼ਾ) ਸਭ ਆਪ ਚਲਾਉਣ ਯੋਗ ਹੈ।
ਦੂਸਰਾ ਕਉਣ ਹੈ ਜੋ ਉਸ ਦੀ ਸੰਪੂਰਨ ਵੀਚਾਰ ਕਰ ਸਕੇ ? ਉਸ ਦੀ ਲੀਲਾ ਨੂੰ ਪੂਰਨ ਕੋਈ ਨਹੀਂ ਜਾਣ ਸਕਦਾ।

***ਜਿਸ ਨੋ ਕ੍ਰਿਪਾ ਕਰੈ ਤਿਸੁ ਆਪਨ ਨਾਮੁ ਦੇਇ ॥***

## *ਬਡਭਾਗੀ ਨਾਨਕ ਜਨ ਸੋਇ ॥ ੮ ॥ ੧੩ ॥*

ਜਿਸ ਤੇ ਮਾਲਕ ਮੇਹਰ ਕਰਦਾ ਹੈ ਉਸ ਨੂੰ ਆਪਣੇ ਨਾਮ ਦੀ ਦਾਤ ਬਖਸ਼ ਦੇਂਦਾ ਹੈ।
ਹੇ ਨਾਨਕ ! ਵੱਡਿਆਂ ਭਾਗਾਂ ਵਾਲਾ ਹੈ ਉਸ ਦਾ ਸੇਵਕ, ਜਿਸ ਨੂੰ ਪ੍ਰਭੂ ਦਰ ਤੋਂ ਨਾਮ ਦੀ ਦਾਤ ਪ੍ਰਾਪਤ ਹੋ ਜਾਂਦੀ ਹੈ। ਉਹ ਸੰਤ ਹੈ।

**H H H H H**

## *ਅਸਟਪਦੀ ੧੪ (ਪੰਨਾ ੨੮੧)*

## *ਸਲੋਕੁ ॥*

## *ਤਜਹੁ ਸਿਆਨਪ ਸੁਰਿ ਜਨਹੁ*
## *ਸਿਮਰਹੁ ਹਰਿ ਹਰਿ ਰਾਇ ॥*

ਹੇ ਸੁਰ ਜਨੋ (ਦੇਵਤਾ ਭਾਵਨਾ ਵਾਲੇ ਜੀਵੋ, ਚੰਗੀਆਂ ਬਿਰਤੀਆਂ ਵਾਲੇ ਜੀਵੋ), ਤੁਸੀਂ ਆਪਣੀ ਅਕਲ ਛੱਡ ਦੇਉ। ਕਿਉਂਕਿ ਆਪਣੀ ਅਕਲ ਪ੍ਰਭੂ ਨਾਲ ਮਿਲਾਪ ਵਿੱਚ ਕੰਮ ਨਹੀਂ ਆਉਂਦੀ। ਆਪਣੀ ਸਮਝ ਨੂੰ ਛੱਡ ਕੇ ਕੀ ਕਰੋ ? ਗੁਰੂ ਦੀ ਮੱਤ ਲਵੋ ਤੇ ਗੁਰੂ ਕਹਿੰਦਾ ਹੈ ਕਿ ਜੋ ਹਰੀ (ਪਾਪਾਂ ਦਾ ਨਾਸ ਕਰਨ ਵਾਲਾ) ਰਾਜਾ ਹੈ (ਜੋ ਸਭ ਸੰਸਾਰ ਦਾ ਮਾਲਕ ਹੈ) ਉਸ ਦਾ ਸਿਮਰਨ ਕਰੋ (ਉਸ ਨੂੰ ਪਿਆਰ ਨਾਲ ਯਾਦ ਕਰੋ)।

## *ਏਕ ਆਸ ਹਰਿ ਮਨਿ ਰਖਹੁ*
## *ਨਾਨਕ ਦੂਖੁ ਭਰਮੁ ਭਉ ਜਾਇ ॥ ੧ ॥*

ਉਸ ਇੱਕ ਤੇ ਆਸ ਰੱਖੋ। ਹੋਰ ਸਭ ਆਸਰੇ ਛੱਡ ਦਿਉ। ਹੋਰ ਕਿਸੇ ਦਾ ਵੀ ਓਟ ਆਸਰਾ ਨਹੀਂ ਲੈਣਾ। ਕੇਵਲ ਇੱਕ ਨਿਰੰਕਾਰ ਵਾਹਿਗੁਰੂ ਦਾ ਹੀ ਓਟ ਆਸਰਾ ਲੈਣਾ ਹੈ। ਇਹ ਮਨ ਵਿੱਚ ਰੱਖੋ। ਜੇ ਉਸ ਦਾ ਓਟ ਆਸਰਾ ਲੈ ਕੇ ਪ੍ਰੇਮ ਭਾਵ ਨਾਲ ਉਸ ਦਾ ਨਾਮ ਜਪੋਗੇ ਤਾਂ ਹਜ਼ੂਰ ਦੀ ਗਾਰੰਟੀ ਹੈ ਕਿ ਦੁੱਖ, ਭਰਮ ਤੇ ਡਰ–ਇਹ ਸਭ ਨਾਸ ਹੋ ਜਾਣਗੇ ਤੇ ਮਨ ਨਿਰਮਲ ਹੋ ਜਾਏਗਾ।

## *ਅਸਟਪਦੀ ॥*

## *ਮਾਨੁਖ ਕੀ ਟੇਕ ਬ੍ਰਿਥੀ ਸਭ ਜਾਨੁ ॥*
## *ਦੇਵਨ ਕਉ ਏਕੈ ਭਗਵਾਨੁ ॥*

ਭਾਈ, ਕਦੀ ਵੀ ਕਿਸੇ ਮਨੁੱਖ ਦਾ ਆਸਰਾ ਨਹੀਂ ਲੈਣਾ।
ਦੇਣਵਾਲਾ (ਦਾਤਾਰ) ਉਹ ਇੱਕ ਹੈ, ਜੋ ਸ੍ਰਿਸ਼ਟੀ ਦਾ ਮਾਲਕ ਹੈ ਤੇ ਜੋ ਸਿਰਜਣਹਾਰ ਹੈ। ਸਭ ਕਾਸੇ ਦਾ ਮਾਲਕ ਉਹ ਆਪ ਹੈ।

## *ਜਿਸ ਕੈ ਦੀਐ ਰਹੈ ਅਘਾਇ ॥*
## *ਬਹੁਰਿ ਨ ਤ੍ਰਿਸਨਾ ਲਾਗੈ ਆਇ ॥*

ਜੇ ਉਹ ਪ੍ਰਭੂ ਕਿਸੇ ਜੀਵ ਨੂੰ ਆਪਣੇ ਨਾਮ ਦਾ ਦਾਨ ਦੇ ਦੇਵੇ ਤਾਂ ਜੀਵ ਹਮੇਸ਼ਾ ਹਮੇਸ਼ਾ ਲਈ ਰੱਜ ਜਾਂਦਾ ਹੈ।
ਫਿਰ ਤ੍ਰਿਸ਼ਨਾ ਉਸ (ਜੀਵ) ਦੇ ਲਾਗੇ ਨਹੀਂ ਆਉਂਦੀ (ਉਸ ਨੂੰ ਮਾਇਆ ਦਾ ਮੋਹ ਨਹੀਂ ਉਪਜਦਾ)।

## *ਮਾਰੈ ਰਾਖੈ ਏਕੋ ਆਪਿ ॥*
## *ਮਾਨੁਖ ਕੈ ਕਿਛੁ ਨਾਹੀ ਹਾਥਿ ॥*

ਭਾਈ, ਉਹੀ ਜੀਵਾਂ ਨੂੰ ਮਾਰਦਾ ਹੈ ਤੇ ਉਹੀ ਜੀਵਾਂ ਨੂੰ ਬਚਾਉਂਦਾ ਹੈ।

ਮਨੁੱਖਾਂ ਦੇ ਵੱਸ ਕੁਛ ਨਹੀਂ ਹੈ।

**_ਤਿਸ ਕਾ ਹੁਕਮੁ ਬੂਝਿ ਸੁਖੁ ਹੋਇ ॥_**

**_ਤਿਸ ਕਾ ਨਾਮੁ ਰਖੁ ਕੰਠਿ ਪਰੋਇ ॥_**

ਭਾਈ, ਉਸ ਦੇ ਹੁਕਮ (ਗੁਰਬਾਣੀ) ਨੂੰ ਬੁੱਝ (ਕਮਾ)। ਜੋ ਗੁਰਬਾਣੀ ਕਹਿੰਦੀ ਹੈ, ਉਸ ਅਨੁਸਾਰ ਆਪਣੇ ਜੀਵਨ ਨੂੰ ਢਾਲ।

ਉਸ ਦੇ ਨਾਮ ਨੂੰ ਹਿਰਦੇ ਵਿੱਚ ਪਰੋ ਕੇ ਰੱਖ।

**_ਸਿਮਰਿ ਸਿਮਰਿ ਸਿਮਰਿ ਪ੍ਰਭੁ ਸੋਇ ॥_**

**_ਨਾਨਕ ਬਿਘਨੁ ਨ ਲਾਗੈ ਕੋਇ ॥ ੧ ॥_**

ਭਾਈ, ਤੂੰ ਉਸ ਪ੍ਰਭੂ ਦਾ ਸਿਮਰਨ ਕਰ, ਤੂੰ ਉਸ ਨੂੰ ਪਿਆਰ ਨਾਲ ਯਾਦ ਕਰ, ਤੂੰ ਉਸ ਦਾ ਹੀ ਸਿਮਰਨ ਕਰ।

ਜੇ ਤੂੰ ਇਸ ਕਾਰੇ ਲੱਗ ਜਾਏਂਗਾ ਤਾਂ ਗੁਰੂ ਪਾਤਸ਼ਾਹ ਦੀ ਗਾਰੰਟੀ ਹੈ ਕਿ ਭਾਈ, ਤੇਰੇ ਕਿਸੇ ਵੀ ਕੰਮ ਵਿਚ ਕੋਈ ਵਿਘਨ ਨਹੀਂ ਹੋਊਗਾ (ਤੇਰੇ ਸਾਰੇ ਕੰਮ ਰਾਸ ਆ ਜਾਣਗੇ)।

**_ਉਸਤਤਿ ਮਨ ਮਹਿ ਕਰਿ ਨਿਰੰਕਾਰ ॥_**

**_ਕਰਿ ਮਨ ਮੇਰੇ ਸਤਿ ਬਿਉਹਾਰ ॥_**

ਭਾਈ, ਤੂੰ ਮਨ ਵਿੱਚ ਉਸ ਨਿਰੰਕਾਰ ਦੇ ਗੁਣ ਗਾਉਂਦਾ ਰਹੋ, ਗੁਣ ਧਿਆਉਂਦਾ ਰਹੋ, ਗੁਣ ਵੀਚਾਰਦਾ ਰਹੋ।

ਹੇ ਮਨਾਂ, ਤੂੰ ਇਹ ਸੱਚਾ ਵਿਉਪਾਰ (Business) ਕਰ। ਭਾਈ, ਇਹ ਕਰਮ ਸੱਚਾ ਹੈ। ਇਹ ਸੱਚਾ ਕਰਮ ਕਰ, ਉਸ ਦੀ ਉਸਤਤਿ ਕਰਨ ਦਾ (ਸੋਭਾ ਕਰਨ ਦਾ, ਗੀਤ ਗਾਉਣ ਦਾ, ਗੁਣ ਗਾਉਣ ਦਾ)।

**_ਨਿਰਮਲ ਰਸਨਾ ਅੰਮ੍ਰਿਤੁ ਪੀਉ ॥_**

**_ਸਦਾ ਸੁਹੇਲਾ ਕਰਿ ਲੇਹਿ ਜੀਉ ॥_**

ਹੇ ਰਸਨਾ ! ਤੂੰ ਅੰਮ੍ਰਿਤ ਪੀ। ਫਿਰ ਤੂੰ ਨਿਰਮਲ ਹੋਏਂਗੀ। ਹੋਰ ਕਿਸੇ ਢੰਗ ਨਾਲ ਨਿਰਮਲ ਨਹੀਂ ਹੋ ਸਕਦੀ। 'ਅੰਮ੍ਰਿਤ' ਦਾ ਅਰਥ ਹੈ – ਜਿਸ ਨੂੰ ਕਦੀ ਮੌਤ ਨਹੀਂ ਆਉਂਦੀ। ਉਸ ਪ੍ਰਭੂ ਦੇ ਨਾਮ ਦਾ ਰਸ ਪੀ। ਇਹ ਰਸ ਪੀ ਕੇ ਤੂੰ ਨਿਰਮਲ ਹੋ ਜਾਏਂਗੀ।

ਤੇ ਤੇਰਾ ਮਨ ਸਦਾ ਲਈ ਸੁਖੀ ਹੋ ਜਾਏਗਾ, ਕੋਈ ਵੀ ਦੁਖ ਤਕਲੀਫ ਬਾਕੀ ਨਹੀਂ ਰਹੇਗੀ।

**_ਨੈਨਹੁ ਪੇਖੁ ਠਾਕੁਰ ਕਾ ਰੰਗੁ ॥_**

**_ਸਾਧਸੰਗਿ ਬਿਨਸੈ ਸਭ ਸੰਗੁ ॥_**

ਨੈਨਾਂ (ਅੱਖਾਂ) ਨਾਲ ਦਰਸ਼ਨ ਕਰਿਆ ਕਰ ਕਿ ਪ੍ਰਭੂ ਸਾਰੇ ਵਰਤ ਰਹਿਆ ਹੈ। ਹਰ ਜੀਵ ਵਿੱਚ, ਹਰ ਤੱਤ (element) ਵਿੱਚ ਬਸ ਮਾਲਕ ਹੀ ਮਾਲਕ ਹੈ। ਹੋਰ ਕੁਛ ਨਹੀਂ ਹੈ।

ਸਾਧੂ ਦੀ ਸੰਗਤਿ ਵਿੱਚ ਜਾ ਕੇ ਪ੍ਰਭੂ ਦਾ ਨਾਮ ਦ੍ਰਿੜ ਹੁੰਦਾ ਹੈ ਤੇ ਬਾਕੀ ਸਭ ਦੀ ਪ੍ਰੀਤਿ ਖਤਮ ਹੋ ਜਾਂਦੀ ਹੈ। ਫਿਰ ਕਿਸੇ ਦਾ ਸੰਗ ਨਹੀਂ ਰਹਿੰਦਾ। ਉਸ ਆਤਮਾ ਨੂੰ ਸੰਗ ਪਾਰਬ੍ਰਹਮ ਪਰਮੇਸ਼ਰ ਹੋ ਜਾਂਦਾ ਹੈ।

**_ਚਰਨ ਚਲਉ ਮਾਰਗਿ ਗੋਬਿੰਦ ॥_**

**_ਮਿਟਹਿ ਪਾਪ ਜਪੀਐ ਹਰਿ ਬਿੰਦ ॥_**

ਭਾਈ, ਜੋ ਕਰਮ ਕਰਨੇ ਹਨ, ਉਹ ਹਰੀ ਦੇ ਰਸਤੇ ਵਾਲੇ ਕਰਨੇ ਹਨ। ਤੂੰ ਗੁਰਬਾਣੀ ਅਨੁਸਾਰ ਆਪਣੇ ਜੀਵਨ ਨੂੰ ਢਾਲ। ਜੋ ਤੇਰੇ ਕਰਮ ਇੰਦ੍ਰੇ ਹਨ, ਇਹ ਗੁਰਬਾਣੀ ਅਨੁਸਾਰ ਕਰਮ ਕਰਨ।

ਤੇ ਸਾਰੇ ਪਾਪ ਨਾਸ ਹੋ ਜਾਂਦੇ ਨੇ, ਜੇ ਇਕ ਪਲ (moment) ਲਈ ਵੀ ਪ੍ਰੇਮ ਨਾਲ ਹਰੀ ਦਾ ਨਾਮ ਜਪੀਏ।

**_ਕਰ ਹਰਿ ਕਰਮ ਸ੍ਰਵਨਿ ਹਰਿ ਕਥਾ ॥_**

**_ਹਰਿ ਦਰਗਹ ਨਾਨਕ ਊਜਲ ਮਥਾ ॥ ੨ ॥_**

ਭਾਈ, ਹੱਥਾਂ ਨਾਲ ਤੂੰ ਉਹ ਕਰਮ ਕਰਿਆ ਕਰ, ਜੋ ਪ੍ਰਭੂ ਕਹਿੰਦਾ ਹੈ (ਜੋ ਸ਼ਬਦ ਕਹਿੰਦਾ ਹੈ, ਜੋ ਬਾਣੀ ਕਹਿੰਦੀ ਹੈ)। ਭਾਈ, ਕੰਨਾਂ ਨਾਲ ਪ੍ਰਭੂ ਦੀ ਸੋਭਾ ਸੁਣਿਆ ਕਰ।

ਜੇ ਤੂੰ ਇਹ ਕਰੇਂਗਾ ਤਾਂ ਹਰੀ ਦਰਗਾਹ ਵਿੱਚ ਤੇਰਾ ਮੁਖੜਾ ਉਜਲ ਹੋਏਗਾ (ਤੈਨੂੰ ਸੁੱਖ ਹੋਏਗਾ)।

***ਬਡਭਾਗੀ ਤੇ ਜਨ ਜਗ ਮਾਹਿ ॥***

***ਸਦਾ ਸਦਾ ਹਰਿ ਕੇ ਗੁਨ ਗਾਹਿ ॥***

ਉਹ ਆਤਮਾਵਾਂ ਬਹੁਤ ਵੱਡਿਆਂ ਭਾਗਾਂ ਵਾਲੀਆਂ ਹਨ ਸੰਸਾਰ ਵਿੱਚ,

ਜਿਹੜੀਆਂ ਹਮੇਸ਼ਾ ਹਮੇਸ਼ਾ ਪ੍ਰਭੂ ਦੀ ਸਿਫਤਿ ਸਲਾਹ ਵਿੱਚ ਜੁੜੀਆਂ ਰਹਿੰਦੀਆਂ ਹਨ (ਗੁਣ ਗਾਉਂਦੀਆਂ ਰਹਿੰਦੀਆਂ ਹਨ)।

***ਰਾਮ ਨਾਮ ਜੋ ਕਰਹਿ ਬੀਚਾਰ ॥***

***ਸੇ ਧਨਵੰਤ ਗਨੀ ਸੰਸਾਰ ॥***

ਜੋ ਰਾਮ ਦੇ ਨਾਮ ਦੀ ਵੀਚਾਰ ਕਰਦਾ ਹੈ (ਉਸ ਦੇ ਗੁਣਾਂ ਦੀ ਵੀਚਾਰ ਕਰਦਾ ਹੈ),

ਸੰਸਾਰ ਵਿੱਚ ਧੰਨਵਾਨ (ਅਮੀਰ) ਆਦਮੀ ਉਹੀ ਹੈ।

***ਮਨਿ ਤਨਿ ਮੁਖਿ ਬੋਲਹਿ ਹਰਿ ਮੁਖੀ ॥***

***ਸਦਾ ਸਦਾ ਜਾਨਹੁ ਤੇ ਸੁਖੀ ॥***

ਜੋ ਮਨ ਕਰਕੇ (ਸੋਚ ਕਰਕੇ) ਤੇ ਤਨ ਕਰਕੇ (ਕਰਮ ਕਰਕੇ) ਪ੍ਰਭੂ ਦੇ ਨਾਮ ਵਿੱਚ ਹੀ ਜੁੜਿਆ ਰਹਿੰਦਾ ਹੈ, ਪ੍ਰਭੂ ਦਾ ਨਾਮ ਹੀ ਬੋਲਦਾ ਹੈ,

ਉਹੀ ਸਦਾ ਸੁਖੀ ਹੁੰਦਾ ਹੈ। ਰਸਨਾ ਨਾਲ ਜਪਨਾ ਹੈ, ਪਰ ਆਪਣੇ ਮਨ ਨਾਲ ਉਸ ਨੂੰ ਸੋਚਣਾ ਹੈ (ਅਰਥ ਵਿੱਚ ਟਿਕਣਾ ਹੈ) ਤੇ ਕਰਮ ਆਪਣਾ ਬਦਲਨਾ ਹੈ। ਇਹ ਸੁੱਖ ਪ੍ਰਾਪਤੀ ਦਾ ਸਾਧਨ ਹੈ। ਕਰਮ ਨੂੰ ਗੁਰਬਾਣੀ ਅਨੁਸਾਰ ਢਾਲਣਾ ਹੈ, ਸੋਚ ਨੂੰ ਗੁਰਬਾਣੀ ਅਨੁਸਾਰ ਢਾਲਣਾ ਹੈ ਤੇ ਰਸਨਾ ਨਾਲ ਨਾਮ ਜਪਣਾ ਹੈ।

***ਏਕੋ ਏਕੁ ਏਕੁ ਪਛਾਨੈ ॥***

***ਇਤ ਉਤ ਕੀ ਓਹੁ ਸੋਝੀ ਜਾਨੈ ॥***

ਜੋ ਉਸ ਇਸ ਪ੍ਰਭੂ (ੴ) ਨੂੰ ਪਛਾਣ ਲੈਂਦਾ ਹੈ,

ਉਹਨੂੰ ਸਭ ਲੋਕ ਪਰਲੋਕ ਦੀ ਸੋਝੀ ਹੋ ਜਾਂਦੀ ਹੈ।

***ਨਾਮ ਸੰਗਿ ਜਿਸ ਕਾ ਮਨੁ ਮਾਨਿਆ ॥***

***ਨਾਨਕ ਤਿਨਹਿ ਨਿਰੰਜਨੁ ਜਾਨਿਆ ॥ ੩ ॥***

ਜਿਨ੍ਹਾਂ ਦਾ ਮਨ ਨਾਮ (ਬਾਣੀ) ਵਿੱਚ ਲੀਨ ਹੋ ਗਇਆ। ਲੀਨ ਤਾਂ ਹੀ ਹੋਇਗਾ, ਜੇ ਇਹ ਬਾਣੀ ਕਮਾਈ ਵਿੱਚ ਆਏਗੀ। ਬਾਣੀ ਦੀ ਕਮਾਈ ਨਾਲ ਜਿਨ੍ਹਾਂ ਦਾ ਮਨ ਮੰਨ ਜਾਂਦਾ ਹੈ (ਇਸ ਬਾਣੀ ਵਿੱਚ ਟਿਕ ਜਾਦਾ ਹੈ),

ਹੇ ਨਾਨਕ ! ਐਸੀ ਆਤਮਾ ਉਸ ਨਿਰਲੇਪ ਪ੍ਰਭੂ ਨੂੰ ਜਾਣ ਲੈਂਦੀ ਹੈ। ਹੋਰ ਕੋਈ ਜਾਣ ਨਹੀਂ ਸਕਦਾ।

***ਗੁਰ ਪ੍ਰਸਾਦਿ ਆਪਨ ਆਪੁ ਸੁਝੈ ॥***

***ਤਿਸ ਕੀ ਜਾਨਹੁ ਤ੍ਰਿਸਨਾ ਬੁਝੈ ॥***

ਗੁਰੂ ਦੀ ਕਿਰਪਾ ਦੁਆਰਾ ਜਿਸ ਨੂੰ ਆਪਣੇ ਆਪ ਦਾ ਪਤਾ ਲੱਗ ਜਾਂਦਾ ਹੈ ਕਿ
ਮੈਂ ਕਉਣ ਹਾਂ। ਕਿਉਂਕਿ **"ਮਨ ਤੂੰ ਜੋਤਿ ਸਰੂਪੁ ਹੈ ।।"** (ਪੰਨਾ ੪੪੧)। ਸੋ ਉਸ ਨੂੰ ਪਤਾ ਲਗ ਜਾਂਦਾ ਹੈ ਕਿ ਮੈਂ ਕਉਣ ਹਾਂ, ਮੈਂ ਤਾਂ ਪ੍ਰਭੂ ਦਾ ਰੂਪ ਹਾਂ। ਇਹਨੂੰ ਪ੍ਰਗਟ ਕਰਨ ਲਈ ਹਜ਼ੂਰ ਨੇ ਅੱਖਰ 'ਸੋਹੰ' ਵਰਤਿਆ ਹੈ-ਕਿ ਮੈਂ ਉਹੀ ਹਾਂ, ਜੋ ਮੇਰਾ ਪ੍ਰਭੂ ਹੈ। ਇਹ ਗੁਰੂ ਦੀ ਕਿਰਪਾ ਤੇ ਹੀ ਹੁੰਦਾ ਹੈ ਕਿਉਂਕਿ ਗੁਰੂ ਕਿਰਪਾ ਕਰਕੇ ਨਾਮ ਜਪਣ ਦੀ ਵਿਧੀ (ਢੰਗ, ਤਰੀਕਾ, ਸਾਧਨ) ਦੱਸ ਦੇਂਦਾ ਹੈ (ਸ਼ਬਦ ਨਾਲ ਜੋੜ ਦੇਂਦਾ ਹੈ)। ਤੇ ਉਹ ਗੱਲਾਂ ਜੀਵ ਦੇ ਅਨੁਭਵ ਵਿੱਚ ਆਉਣ ਲੱਗ ਜਾਂਦੀਆਂ ਹਨ, ਜੋ ਗੁਰਬਾਣੀ ਦਸਦੀ ਹੈ। ਇਹ ਸੰਗਤਿ ਵਿੱਚ ਹੀ ਹੁੰਦਾ ਹੈ।

ਐਸੇ ਜੀਵ ਦੀ ਤ੍ਰਿਸ਼ਨਾ ਬੁੱਝ ਜਾਂਦੀ ਹੈ।

ਇਹ ਬਹੁਤ ਚੰਗੀ ਸਾਖੀ ਹੈ। ਸਾਂਈ ਬੁੱਲੇ ਸ਼ਾਹ ਨੂੰ ਜਦੋਂ ਭਗਵਾਨ ਨੂੰ ਮਿਲਣ ਲਈ ਮਨ ਵਿੱਚ ਰੀਝ ਉਪਜੀ ਤੇ ਉਨ੍ਹਾਂ ਨੇ ਪਤਾ ਕੀਤਾ ਤਾਂ ਉਹਨੂੰ ਕਿਸੇ ਨੇ ਦੱਸਿਆ ਕਿ ਤੂੰ ਸਾਂਈ ਉਨੈਤ ਸ਼ਾਹ ਕੋਲ ਜਾ। ਸਾਂਈ ਉਨੈਤ ਸ਼ਾਹ ਦੇ ਉਹ ਚਲੇ ਗਏ-ਦੱਖਿਣਾ ਲੈਣ ਲਈ (ਗੁਰੂ ਧਾਰਨ ਕਰਨ ਲਈ) ਕਿ ਮੈਨੂੰ ਅਲੱਾਹ ਦੇ ਲੜ ਲਾਉ, ਤੇ ਕਿਸੇ ਕਹਿਆ ਕਿ ਉਹ (ਸਾਂਈ ਉਨੈਤ ਸ਼ਾਹ) ਸਵੇਰੇ ਉਠ ਕੇ ਨਾਮ ਜਪਦੇ ਹੁੰਦੇ ਨੇ, ਤੂੰ ਓਦੋਂ ਜਾਂਵੀ (ਜਦੋਂ ਹੋਰ ਰੋਲਾ ਗੋਲਾ ਨਾ ਹੋਵੇ ਤੇ ਉਹ ਕੱਲੇ ਹੋਣ)। ਤੇ ਸਾਂਈ ਬੁੱਲੇ ਸ਼ਾਹ ਉਨ੍ਹਾਂ ਦੇ ਘਰ ਚਲੇ ਗਏ (ਕਿਉਂਕਿ ਸਾਂਈ ਉਨੈਤ ਸ਼ਾਹ ਵੀ ਕਸੂਰ ਦੇ ਹੀ ਰਹਿਣ ਵਾਲੇ ਸਨ ਤੇ ਸਾਂਈ ਬੁੱਲੇ ਸ਼ਾਹ ਵੀ ਓੱਥੋਂ ਦੇ ਹੀ ਰਹਿਣ ਵਾਲੇ ਸਨ)। ਜਦੋਂ ਘਰ ਚਲੇ ਗਏ ਤਾਂ ਉਹਨਾਂ ਕੁੰਡਾ ਖੜਕਾਇਆ। ਸਾਂਈ ਉਨੈਤ ਸ਼ਾਹ ਨੇ ਆਵਾਜ਼ ਦਿੱਤੀ ਕਿ ਭਾਈ, ਕਉਣ ਹੈ ? ਤੇ ਸਾਂਈ ਬੁੱਲੇ ਸ਼ਾਹ ਨੇ ਜਵਾਬ ਦਿੱਤਾ ਕਿ ਜਨਾਬ, ਮੈਂ ਏਹੋ ਪੁੱਛਣ ਆਇਆ ਹਾਂ ਕਿ ਮੈਂ ਕਉਣ ਹਾਂ ? ਮੈਨੂੰ ਇਹ ਪਤਾ ਨਹੀਂ ਹੈ (ਕਿ ਮੈਂ ਕਉਣ ਹਾਂ) ਤੇ ਮੈਂ ਏਹੋ ਸਿੱਖਿਆ ਲੈਣ ਆਇਆ ਹਾਂ। ਸੋ ਆਪਣੇ ਆਪ ਨੂੰ ਅਸੀਂ ਬੁੱਝਦੇ ਨਹੀਂ (ਸਾਨੂੰ ਆਪਣਾ ਆਪ ਹੀ ਨਹੀਂ ਪਤਾ ਕਿ ਅਸੀਂ ਕਉਣ ਹਾਂ)। ਇਹ ਗੁਰੂ ਦੀ ਕਿਰਪਾ ਤੇ ਹੀ ਸੂਝ ਹੁੰਦੀ ਹੈ ਤੇ ਫਿਰ ਬੂਝ ਹੁੰਦੀ ਹੈ। ਤੇ ਜਿਸਨੂੰ ਬੂਝ ਹੋ ਜਾਵੇ, ਉਸ ਜੀਵ ਦੀ ਸਭ ਤ੍ਰਿਸ਼ਨਾ ਦੂਰ ਹੋ ਜਾਂਦੀ ਹੈ।

***ਸਾਧਸੰਗਿ ਹਰਿ ਹਰਿ ਜਸੁ ਕਹਤ ॥***

***ਸਰਬ ਰੋਗ ਤੇ ਓਹੁ ਹਰਿ ਜਨੁ ਰਹਤ ॥***

ਨਿਰਾ ਹਰੀ ਜਸ ਨਹੀਂ ਕਰਨਾ, ਸਾਧ ਸੰਗਤਿ ਵਿੱਚ ਹਰੀ ਜਸ ਕਰਨਾ ਹੈ। ਜੇ ਕੋਈ ਕਰੇ ਤਾਂ,
ਉਸ ਹਰੀ ਦੇ ਸੇਵਕ ਦੇ ਸਾਰੇ ਹੀ ਦੁੱਖ ਦੂਰ ਹੁੰਦੇ ਹਨ।

***ਅਨਦਿਨੁ ਕੀਰਤਨੁ ਕੇਵਲ ਬਖ੍ਯ਼ਾਨੁ ॥***

***ਗ੍ਰਿਹਸਤ ਮਹਿ ਸੋਈ ਨਿਰਬਾਨੁ ॥***

ਜੋ ਆਤਮਾ ਦਿਨ ਰਾਤ ਪ੍ਰਭੂ ਦੀ ਸਿਫਤਿ ਸਲਾਹ ਵਿੱਚ ਟਿਕਦੀ ਹੈ,
ਗ੍ਰਿਹਸਤ ਵਿੱਚ ਰਹਿੰਦੀ ਹੋਈ, ਉਹੋ ਹੀ ਗ੍ਰਿਹਸਤ ਤੋਂ ਨਿਰਲੇਪ ਹੁੰਦੀ ਹੈ।

***ਏਕ ਊਪਰਿ ਜਿਸੁ ਜਨ ਕੀ ਆਸਾ ॥***

***ਤਿਸ ਕੀ ਕਟੀਐ ਜਮ ਕੀ ਫਾਸਾ ॥***

ਜਿਸ ਨੂੰ ਦ੍ਰਿੜਤਾ ਨਾਲ ਇੱਕ ਭਗਵਾਨ ਦਾ ਹੀ ਓਟ ਆਸਰਾ ਹੋ ਜਾਵੇ ਤੇ ਉਸ
ਦੀ ਸ਼ਰਨ ਪ੍ਰਾਪਤ ਹੋ ਜਾਏ,
ਉਸ ਸੇਵਕ ਦੀ ਜਮਾਂ ਦੀ ਫਾਹੀ ਖਤਮ ਹੋ ਜਾਂਦੀ ਹੈ।

***ਪਾਰਬ੍ਰਹਮ ਕੀ ਜਿਸੁ ਮਨਿ ਭੂਖ ॥***

***ਨਾਨਕ ਤਿਸਹਿ ਨ ਲਾਗਹਿ ਦੂਖ ॥ ੪ ॥***

ਜਿਸ ਦੇ ਮਨ ਵਿੱਚ ਪਾਰਬ੍ਰਹਮ ਪਰਮੇਸ਼ਰ ਦੇ ਮਿਲਾਪ ਦੀ ਰੀਝ ਪੈਦਾ ਹੋ ਜਾਵੇ (ਅੰਦਰ ਭੁੱਖ ਪੈਦਾ ਹੋ ਜਾਵੇ) :-

**H ਸਾਚੇ ਨਾਮ ਕੀ ਲਾਗੈ ਭੂਖ ॥**
**ਉਤੁ ਭੂਖੈ ਖਾਇ ਚਲੀਅਹਿ ਦੂਖ ॥ (ਪੰਨਾ ੯)**

ਇੱਥੇ ਵੀ ਬਿਲਕੁਲ ਉਹੀ ਸਿਧਾਂਤ ਹੈ।

ਹੇ ਨਾਨਕ ! ਐਸੀ ਆਤਮਾ ਦੇ ਦੁੱਖ ਖਤਮ ਹੋ ਜਾਂਦੇ ਹਨ। ਹਜ਼ੂਰ ਐਸੀ ਆਤਮਾ ਤੋਂ ਬਲਿਹਾਰ ਜਾਂਦੇ ਹਨ :-

**H ਜਿਸੁ ਜਨ ਕਉ ਪ੍ਰਭ ਦਰਸ ਪਿਆਸਾ ॥**
**ਨਾਨਕ ਤਾ ਕੈ ਬਲਿ ਬਲਿ ਜਾਸਾ ॥ (ਪੰਨਾ ੨੯੬)**

ਇਹ ਰੀਝ ਅਸੀਂ ਆਪਣੇ ਮਨ ਵਿੱਚ ਪੈਦਾ ਕਰਨੀ ਹੈ ਤੇ ਸਾਨੂੰ ਹਮੇਸ਼ਾ ਪ੍ਰਭੂ ਮਿਲਾਪ ਦੀ ਪਿਆਸ ਲੱਗੀ ਰਹੇ, ਰੀਝ (ਇੱਛਾ) ਬਣੀ ਰਹੇ ਤੇ ਉਹ ਬਹੁਤ ਪ੍ਰਬਲ ਇੱਛਾ ਹੋ ਜਾਵੇ।

***ਜਿਸ ਕਉ ਹਰਿ ਪ੍ਰਭੁ ਮਨਿ ਚਿਤਿ ਆਵੈ ॥***

***ਸੋ ਸੰਤੁ ਸੁਹੇਲਾ ਨਹੀ ਡੁਲਾਵੈ ॥***

ਹਰੀ ਪ੍ਰਭੂ ਜਿਸ ਦੇ ਮਨ ਵਿੱਚ ਤੇ ਚਿੱਤ ਵਿੱਚ (ਅੰਤਰ ਆਤਮੇ) ਵੱਸ ਜਾਵੇ,

ਉਹ ਆਤਮਾ ਸੰਤ ਹੈ, ਉਹ ਆਤਮਾ ਸੁਖੀ ਹੈ। ਉਹ ਆਤਮਾ ਕਦੀ ਮਾਇਆ ਤੇ ਡੋਲਾਇਮਾਨ ਨਹੀਂ ਹੁੰਦੀ।

***ਜਿਸੁ ਪ੍ਰਭੁ ਅਪੁਨਾ ਕਿਰਪਾ ਕਰੈ ॥***

***ਸੋ ਸੇਵਕੁ ਕਹੁ ਕਿਸ ਤੇ ਡਰੈ ॥***

ਜਿਸ ਤੇ ਮਾਲਕ ਪ੍ਰਭੂ ਮੇਹਰਵਾਨ ਹੋ ਜਾਵੇ (ਉਹ ਨਿਰਭਉ ਪ੍ਰਭੂ ਜਿਸ ਨੂੰ ਮਿਲ ਜਾਵੇ),
ਉਸ ਸੇਵਕ ਨੂੰ ਕਿਸੇ ਦਾ ਡਰ (ਭਉ) ਨਹੀਂ ਰਹਿੰਦਾ।

***ਜੈਸਾ ਸਾ ਤੈਸਾ ਦ੍ਰਿਸਟਾਇਆ ॥***

***ਅਪੁਨੇ ਕਾਰਜ ਮਹਿ ਆਪਿ ਸਮਾਇਆ ॥***

ਜੈਸਾ ਉਹ ਮਾਲਕ ਹੈ, ਵੈਸਾ ਉਸ ਆਤਮਾ ਨੂੰ ਪ੍ਰਗਟ ਹੋ ਜਾਂਦਾ ਹੈ।

ਤੇ ਉਹ ਨੂੰ ਪਤਾ ਲੱਗ ਜਾਂਦਾ ਹੈ ਕਿ ਸਭ ਕਾਰਜਾਂ ਵਿੱਚ ਉਹ ਮਾਲਕ ਆਪ ਹੀ ਹੈ (ਕਰਤਾ ਪੁਰਖ ਉਹ ਇੱਕ ਹਸਤੀ ਹੀ ਹੈ)। ਹੋਰ ਕੋਈ ਕੁਛ ਨਹੀਂ ਕਰ ਸਕਦਾ। ਇਸ ਲਈ ਉਸ ਮਾਲਕ ਦੇ ਓਟ ਆਸਰੇ ਹੋ ਜਾਂਦਾ ਹੈ।

***ਸੋਧਤ ਸੋਧਤ ਸੋਧਤ ਸੀਝਿਆ ॥***

***ਗੁਰ ਪ੍ਰਸਾਦਿ ਤਤੁ ਸਭੁ ਬੂਝਿਆ ॥***

ਹਜ਼ੂਰ ਆਪਣਾ ਅਨੁਭਵ ਸਾਨੂੰ ਦੱਸ ਰਹੇ ਨੇ ਕਿ ਅਸੀਂ ਫਿਰ ਵੀਚਾਰ ਕੀਤੀ, ਫਿਰ ਵੀਚਾਰ ਕੀਤੀ, ਫਿਰ ਵੀਚਾਰ ਕੀਤੀ (ਆਪਣੇ thought wave ਨੂੰ ਫਿਰ clear ਕੀਤਾ, ਫਿਰ clear ਕੀਤਾ, ਹੋਰ clear ਕੀਤਾ) ਤੇ ਜਦੋਂ ਤੱਤ ਸਾਰ (ਪੂਰੀ clarity) ਸਾਡੇ ਸਾਹਮਣੇ ਆ ਗਇਆ,

ਤੇ ਗੁਰੂ ਦੀ ਕਿਰਪਾ ਦੁਆਰਾ ਅਸੀਂ ਤੱਤ ਸਾਰ ਬੁੱਝ ਲਇਆ ਕਿ ਇਸ ਸੰਸਾਰ ਦੀ ਅਸਲੀਅਤ ਕੀ ਹੈ, ਰਚਨਾ ਕਿਉਂ ਚਲਦੀ ਹੈ, ਕਿਉਂ ਜੀਵ ਆਉਂਦੇ ਹਨ, ਕਿਉਂ ਜਾਂਦੇ ਹਨ, ਕਿਉਂ ਦੁਖੀ ਹਨ, ਕਿਸ ਤਰਾਂ ਪ੍ਰਭੂ ਵਿੱਚ ਸਮਾਉਂਦੇ ਹਨ, ਇਹ ਲੀਲਾ ਮਾਲਕ ਦੀ ਕੈਸੀ ਵਰਤ ਰਹੀ ਹੈ। ਇਹ ਤੱਤ ਸਾਰ ਅਸੀਂ ਗੁਰੂ ਦੀ ਕਿਰਪਾ ਤੇ ਬੁੱਝਿਆ ਹੈ।

***ਜਬ ਦੇਖਉ ਤਬ ਸਭੁ ਕਿਛੁ ਮੂਲੁ ॥***

***ਨਾਨਕ ਸੋ ਸੂਖਮੁ ਸੋਈ ਅਸਥੂਲੁ ॥ ੫ ॥***

ਕੀ ਪ੍ਰਗਟ ਹੋਇਆ ਹੈ ਕਿ ਹੁਣ ਮੈਂ ਜੋ ਕੁਛ ਵੀ ਵੇਖਦਾ ਹਾਂ, ਸਭ ਦੀ ਜੜ ਉਹ ਪ੍ਰਭੂ ਪਰਮਾਤਮਾ ਆਪ ਹੈ।

ਹੇ ਨਾਨਕ ! ਉਹੀ ਮਾਲਕ ਨਿਰੰਕਾਰ ਹੈ, ਉਹੀ ਮਾਲਕ ਆਕਾਰ ਹੋਇਆ ਬੈਠਾ ਹੈ। ਨਿਰੰਕਾਰ ਵਿੱਚ ਆਕਾਰ ਸਮਾਇਆ ਹੋਇਆ ਹੈ, ਆਕਾਰ ਵਿੱਚ ਨਿਰੰਕਾਰ ਸਮਾਇਆ ਹੋਇਆ ਹੈ। ਉਹੀ ਸੂਖਮ (ਅਣਦਿਸਦਾ) ਹੈ, ਉਹੀ ਅਸਥੂਲੁ (ਦਿਸਦਾ) ਹੈ। ਇੱਕ ਮਾਲਕ ਹੀ ਸਾਰੇ ਵਰਤ ਰਹਿਆ ਹੈ।

**H ਏਹ ਨੇਤ੍ਰਹੁ ਮੇਰਿਹੋ ...............................॥**
**ਏਹੁ ਵਿਸੁ ਸੰਸਾਰੁ ਤੁਮ ਦੇਖਦੇ**
**ਏਹੁ ਹਰਿ ਕਾ ਰੂਪੁ ਹੈ**
**ਹਰਿ ਰੂਪੁ ਨਦਰੀ ਆਇਆ ॥** (ਪੰਨਾ ੯੨੨)

ਗੁਰੂ ਪਾਤਸ਼ਾਹ ਨੂੰ ਸਾਰਾ ਕੁਛ ਹਰੀ ਦਾ ਰੂਪ ਹੀ ਦਿੱਸਣ ਲੱਗ ਪਇਆ ਕਿ ਮਾਲਕ ਦੀ ਲੀਲਾ ਹੈ (ਮਾਲਕ ਆਪ ਹੀ ਸਭ ਕੁਛ ਕਰ ਰਹਿਆ ਹੈ)।

***ਨਹ ਕਿਛੁ ਜਨਮੈ ਨਹ ਕਿਛੁ ਮਰੈ ॥***

***ਆਪਨ ਚਲਿਤੁ ਆਪ ਹੀ ਕਰੈ ॥***

ਭਾਈ, ਇੱਥੇ ਨਾ ਕੁਛ ਜਮ ਰਹਿਆ ਹੈ, ਨਾ ਕੁਛ ਮਰ ਰਹਿਆ ਹੈ। ਮਾਲਕ ਹੈ ਤੇ ਉਹ ਹੈ ਤੇ ਉਹ ਇੱਕ ਰੱਸ ਕਾਇਮ ਹੈ।

ਇਹ ਤਾਂ ਤਮਾਸ਼ਾ ਲੱਗਾ ਹੋਇਆ ਹੈ (ਉਸ ਨੇ ਤਮਾਸ਼ਾ ਲਾਇਆ ਹੋਇਆ ਹੈ) ਤੇ ਉਹ ਤਮਾਸ਼ਾ ਕਰ ਕਰ ਕੇ ਆਪ ਹੀ ਵੇਖ ਰਹਿਆ ਹੈ। ਸਾਨੂੰ ਇਹ ਭਰਮ (ਭੁਲੇਖਾ) ਹੈ ਕਿ ਅਸੀਂ ਮਰ ਗਏ (ਚਲੇ ਗਏ) ਜਾਂ ਜੰਮ ਪਏ (ਆ ਗਏ)। ਇਹ ਭਰਮ ਭੁਲੇਖਾ ਮਾਇਆ ਦੇ ਮੋਹ ਕਾਰਨ ਹੈ। ਜੇ ਮਾਇਆ ਦਾ ਮੋਹ ਹੱਟ ਜਾਵੇ ਤਾਂ ਇਹ ਭਰਮ ਭੁਲੇਖਾ ਦੂਰ ਹੋ ਜਾਂਦਾ ਹੈ।

***ਆਵਨੁ ਜਾਵਨੁ ਦ੍ਰਿਸਟਿ ਅਨਦ੍ਰਿਸਟਿ ॥***

## ਆਗਿਆਕਾਰੀ ਧਾਰੀ ਸਭ ਸ੍ਰਿਸਟਿ ॥

ਆਵਾਗਮਣ ਤੇ ਸਾਰੀ ਹੀ ਦੁਨੀਆ (ਦਿਸਦੀ ਤੇ ਅਨਦਿਸਦੀ) ਉਸ ਮਾਲਕ ਦੇ ਹੁਕਮ ਵਿੱਚ ਚਲ ਰਹੀ ਹੈ।

ਉਸ ਮਾਲਕ ਨੇ ਸਾਰੀ ਰਚਨਾ ਨੂੰ ਧਾਰਨ ਕੀਤਾ ਹੋਇਆ ਹੈ ਤੇ ਸਾਰੀ ਰਚਨਾ ਉਸ ਦੇ ਹੁਕਮ ਵਿੱਚ ਹੈ।

## ਆਪੇ ਆਪਿ ਸਗਲ ਮਹਿ ਆਪਿ ॥
## ਅਨਿਕ ਜੁਗਤਿ ਰਚਿ ਥਾਪਿ ਉਥਾਪਿ ॥

ਉਹ ਆਪ ਹੀ ਆਪ ਹੈ ਤੇ ਸਾਰਿਆਂ ਵਿੱਚ ਉਹ ਆਪ ਹੈ।

ਅਨੇਕਾਂ ਢੰਗਾਂ (ਤਰੀਕਿਆਂ, ਜੁਗਤੀਆਂ) ਨਾਲ ਉਹ ਰਚਨਾ ਰਚਦਾ ਹੈ ਤੇ ਰਚਨਾ ਰਚ ਕੇ ਇਸ ਨੂੰ ਨਾਸ਼ ਕਰ ਦੇਂਦਾ ਹੈ। ਆਪਣਾ ਤਮਾਸ਼ਾ ਉਹ ਆਪ ਵੇਖ ਰਹਿਆ ਹੈ।

## ਅਬਿਨਾਸੀ ਨਾਹੀ ਕਿਛੁ ਖੰਡ ॥
## ਧਾਰਣ ਧਾਰਿ ਰਹਿਓ ਬ੍ਰਹਮੰਡ ॥

ਉਹ ਆਪ ਅਬਿਨਾਸ਼ੀ ਹੈ (ਉਹ ਕਦੀ ਨਾਸ਼ ਨਹੀਂ ਹੁੰਦਾ)। ਉਸ ਦੇ ਕਦੀ ਟੋਟੇ ਟੋਟੇ ਨਹੀਂ ਹੁੰਦੇ।

ਉਸ ਨੇ ਆਪ ਸਾਰੇ ਬ੍ਰਹਮੰਡ ਨੂੰ ਆਪ ਧਾਰਨ ਕੀਤਾ ਹੋਇਆ ਹੈ। 'ਧਾਰਨ ਕਰਨਾ' ਹੈ – ਆਪ ਬਣਾ ਕੇ ਵਿੱਚ ਆਪ ਵਸਣਾ। ਮੇਰਾ ਮਾਲਕ ਸਭ ਰਚਨਾ ਆਪ ਰਚ ਕੇ ਸਭ ਰਚਨਾ ਵਿੱਚ ਆਪ ਸਮਾਇਆ ਹੋਇਆ ਹੈ (ਆਪ ਵੱਸ ਰਹਿਆ ਹੈ)।

## ਅਲਖ ਅਭੇਵ ਪੁਰਖ ਪਰਤਾਪ ॥
## ਆਪਿ ਜਪਾਏ ਤ ਨਾਨਕ ਜਾਪ ॥ ੬ ॥

ਉਹ ਕਿਸੇ ਦੀ ਲਖਤਾ (ਭਾਵਨਾ) ਵਿੱਚ ਨਹੀਂ ਆਉਂਦਾ (ਕਿ ਐਸਾ ਹੈ)। ਉਸ ਦਾ ਭੇਦ ਨਹੀਂ ਪਾਇਆ ਜਾਂਦਾ। ਉਸ ਨੂੰ ਪੂਰਨ ਤੌਰ ਤੇ ਕੋਈ ਜਾਣ ਨਹੀਂ ਸਕਦਾ। ਉਸ ਸਮਰੱਥ ਮਾਲਕ ਦਾ ਹੀ ਸਭ ਪਰਤਾਪ ਹੈ, ਜੋ ਉਹ ਅਲੱਖ ਤੇ ਅਭੇਵ ਹੈ।

ਹੇ ਨਾਨਕ ! ਉਹ ਮਾਲਕ ਆਪ ਹੀ ਆਪਣਾ ਨਾਮ ਜਪਾਵੇ ਤਾਂ ਕੋਈ ਨਾਮ ਜਪ ਸਕਦਾ ਹੈ। ਆਪਣੀ ਮਰਜ਼ੀ ਨਾਲ ਕੋਈ ਉਸ ਦਾ ਨਾਮ ਜਪ ਨਹੀਂ ਸਕਦਾ।

## ਜਿਨ ਪ੍ਰਭੁ ਜਾਤਾ ਸੁ ਸੋਭਾਵੰਤ ॥
## ਸਗਲ ਸੰਸਾਰੁ ਉਧਰੈ ਤਿਨ ਮੰਤ ॥

ਜਿਸ ਆਤਮਾ ਨੇ ਪ੍ਰਭੂ ਨੂੰ ਜਾਣ ਲਇਆ ਹੈ, ਉਹ ਆਤਮਾ ਸੋਭਾ ਯੋਗ ਹੈ। ਉਹ ਆਤਮਾ ਗੁਰੂ ਹੈ, ਉਹ ਆਤਮਾ ਸਤਿਗੁਰੂ ਹੈ, ਉਹ ਆਤਮਾ ਸਾਧ ਹੈ, ਉਹ ਆਤਮਾ ਸੰਤ ਹੈ, ਉਹ ਆਤਮਾ ਬ੍ਰਹਮ ਗਿਆਨੀ ਹੈ, ਉਹ ਆਤਮਾ ਅਪਰਸ ਹੈ, ਉਹ ਆਤਮਾ ਹੀ ਭਗਉਤੀ ਹੈ। ਉਹ ਆਤਮਾ ਹੀ ਸਭ ਕੁਛ ਹੈ ਕਿਉਂਕਿ ਉਹ ਆਤਮਾ ਪ੍ਰਭੂ ਰੂਪ ਹੋ ਜਾਂਦੀ ਹੈ।

ਸਾਰਾ ਸੰਸਾਰ ਹੀ ਉਸ (ਆਤਮਾ) ਦੇ ਉਪਦੇਸ਼ ਦੁਆਰਾ ਤਰਦਾ ਹੈ। ਜੋ ਰੱਬੀ ਹੁਕਮ (ਗੁਰਬਾਣੀ) ਹੈ, ਏਹੀ ਉਸ ਦਾ ਉਪਦੇਸ਼ ਹੁੰਦਾ ਹੈ। ਉਹ ਕੋਈ ਨਵਾਂ ਉਪਦੇਸ਼ ਨਹੀਂ ਦੇ ਦੇਂਦਾ। ਇਸ ਬਾਣੀ ਦੇ ਲੜ ਲਾ ਦੇਂਦਾ ਹੈ। ਇਹ ਬਾਣੀ ਰੱਬ ਜੀ ਦਾ ਹੁਕਮ ਹੈ। ਉਨ੍ਹਾਂ ਸੰਤਾਂ, ਮਹਾਂਪੁਰਖਾਂ, ਗੁਰੂਆਂ ਨੂੰ ਆਈ ਹੈ, ਜਿਨ੍ਹਾਂ ਦੀ ਆਤਮਾ ਉਸ ਪ੍ਰਭੂ ਵਿੱਚ ਸਮਾਈ ਹੈ। ਹੁਣ ਕਿਸੇ ਦੀ ਆਤਮਾ ਸਮਾਏਗੀ ਤਾਂ ਉਸ ਨੂੰ ਵੀ ਏਹੀ ਗਿਆਨ ਹੀ ਆਏਗਾ। ਅੱਖਰਾਂ ਦਾ ਫਰਕ ਹੋ ਸਕਦਾ ਹੈ, ਬੋਲੀ ਦਾ ਫਰਕ ਹੋ ਸਕਦਾ ਹੈ। ਸਿਧਾਂਤ ਏਹੀ ਰਹਿਣਗੇ, ਜੋ ਗੁਰਬਾਣੀ ਵਿੱਚ ਦਰਜ ਹਨ। ਇਹਦੇ ਅਨੁਸਾਰ (ਉਸ ਦੇ ਉਪਦੇਸ਼ ਅਨੁਸਾਰ) ਸੰਸਾਰ ਦੇ ਜੀਵ ਤਰਦੇ ਹਨ, ਜਿਹੜੇ ਉਸ ਦੇ ਉਪਦੇਸ਼ ਨੂੰ ਮੰਨਦੇ ਹਨ।

## ਪ੍ਰਭ ਕੇ ਸੇਵਕ ਸਗਲ ਉਧਾਰਨ ॥
## ਪ੍ਰਭ ਕੇ ਸੇਵਕ ਦੂਖ ਬਿਸਾਰਨ ॥

ਜੋ ਪ੍ਰਭੂ ਦੇ ਸੇਵਕ ਹਨ (ਜੋ ਉਸ ਪ੍ਰਭੂ ਨਾਲ ਇੱਕ ਮਿੱਕ ਹੋ ਗਏ ਹਨ), ਉਹ ਤਾਂ ਸਭ ਦਾ ਪਾਰ ਉਤਾਰਾ ਕਰਦੇ ਹਨ।

ਉਹ ਤਾਂ ਸਭ ਦੇ ਦੁੱਖ ਦੂਰ ਕਰਦੇ ਹਨ ਕਿਉਂਕਿ ਉਹ ਇਹ ਸ਼ਬਦ (ਗਿਆਨ) ਦ੍ਰਿੜ ਕਰਵਾਉਂਦੇ ਹਨ, ਜਿਸ ਨਾਲ ਜੀਵਾਂ ਦੇ ਦੁੱਖ ਕੱਟੇ ਜਾਂਦੇ ਹਨ (ਆਵਾਗਮਣ ਕੱਟਿਆ ਜਾਦਾ ਹੈ)।

## ਆਪੇ ਮੇਲਿ ਲਏ ਕਿਰਪਾਲ ॥

## *ਗੁਰ ਕਾ ਸਬਦੁ ਜਪਿ ਭਏ ਨਿਹਾਲ ॥*

ਐਸੀਆਂ ਆਤਮਾਵਾਂ ਨੂੰ ਪ੍ਰਭੂ ਨੇ ਕਿਰਪਾ ਕਰਕੇ ਆਪ ਆਪਣੇ ਨਾਲ ਮੇਲਿਆ ਹੈ।

ਤੇ ਉਹ ਗੁਰੂ ਦੇ ਗਿਆਨ ਨੂੰ ਦ੍ਰਿੜ ਕਰਕੇ ਨਿਹਾਲ ਹੋਏ ਹਨ। ਨਿਰੀਆਂ ਗੱਲਾਂ ਕਰਕੇ ਨਿਹਾਲ ਨਹੀਂ ਹੋਵੇ। ਗੁਰੂ ਦੇ ਗਿਆਨ ਨੂੰ ਉਨ੍ਹਾਂ ਨੇ ਦ੍ਰਿੜ ਕੀਤਾ ਹੈ, ਕਮਾਈ ਵਿੱਚ ਲਿਆਂਦਾ ਹੈ (ਜਪ ਜਪ ਕੇ, ਜਪ ਜਪ ਕੇ, ਜਪ ਜਪ ਕੇ ਪੱਕਾ ਕੀਤਾ ਹੈ ਤੇ ਪੱਕਾ ਕਰਕੇ ਰਹਿਣੀ ਵਿੱਚ ਲਿਆਂਦਾ ਹੈ)।

## *ਉਨ ਕੀ ਸੇਵਾ ਸੋਈ ਲਾਗੈ ॥*

## *ਜਿਸ ਨੋ ਕ੍ਰਿਪਾ ਕਰਹਿ ਬਡਭਾਗੈ ॥*

ਭਾਈ, ਉਨ੍ਹਾਂ ਦੀ ਸੇਵਾ ਵਿੱਚ ਉਹੀ ਜੀਵ ਲਗਦੇ ਹਨ,

ਜਿਨ੍ਹਾਂ ਤੇ ਮਹਾਰਾਜ ਨਿਰੰਕਾਰ ਵਾਹਿਗੁਰੂ ਕ੍ਰਿਪਾ ਕਰਕੇ, ਉਨ੍ਹਾਂ ਨੂੰ ਵੱਡਿਆਂ ਭਾਗਾਂ ਵਾਲਾ ਬਣਾ ਦੇਂਦਾ ਹੈ।

## *ਨਾਮੁ ਜਪਤ ਪਾਵਹਿ ਬਿਸ੍ਰਾਮੁ ॥*

## *ਨਾਨਕ ਤਿਨ ਪੁਰਖ ਕਉ ਊਤਮ ਕਰਿ ਮਾਨੁ ॥ ੭ ॥*

ਜੋ ਨਾਮ ਜਪ ਕੇ ਆਪਣੇ ਟਿਕਾਣੇ ਤੇ ਪਹੁੰਚ ਕੇ ਟਿਕ ਜਾਂਦੇ ਨੇ ਤੇ ਉਸ ਟਿਕਾਣੇ ਤੋਂ ਬਾਹਰ ਨਹੀਂ ਆਉਂਦੇ,

ਹੇ ਨਾਨਕ ! ਉਹੀ ਪੁਰਖ ਉੱਤਮ ਹਨ (ਉਨ੍ਹਾਂ ਨੂੰ ਹੀ ਉੱਤਮ ਮੰਨਣਾ ਚਾਹੀਦਾ ਹੈ), ਜਿਨ੍ਹਾਂ ਦੀ ਆਤਮਾ ਨਾਮ ਵਿੱਚ ਸਮਾ ਜਾਂਦੀ ਹੈ।

## *ਜੋ ਕਿਛੁ ਕਰੈ ਸੁ ਪ੍ਰਭ ਕੈ ਰੰਗਿ ॥*

## *ਸਦਾ ਸਦਾ ਬਸੈ ਹਰਿ ਸੰਗਿ ॥*

ਜੋ ਵੀ ਉਹ ਕਰਦੇ ਹਨ, ਉਹ ਪ੍ਰਭੂ ਦੀ ਪ੍ਰੀਤਿ ਵਿੱਚ ਹੀ ਕਰਦੇ ਹਨ (ਉਨ੍ਹਾਂ ਨੂੰ ਪ੍ਰਭੂ ਦੀ ਪ੍ਰੀਤਿ ਹਮੇਸ਼ਾ ਹੀ ਲੱਗੀ ਰਹਿੰਦੀ ਹੈ)।

ਤੇ ਹਮੇਸ਼ਾ ਹਮੇਸ਼ਾ ਉਹ ਹਰੀ ਦੀ ਹਜ਼ੂਰੀ ਵਿੱਚ ਹੀ ਵਸਦੇ ਹਨ (ਮਾਲਕ ਕਦੀ ਵੀ ਉਨ੍ਹਾਂ ਦੀ ਸੁਰਤਿ ਤੋਂ ਦੂਰ ਨਹੀਂ ਹੁੰਦਾ)।

## *ਸਹਜ ਸੁਭਾਇ ਹੋਵੈ ਸੋ ਹੋਇ ॥*

## *ਕਰਣੈਹਾਰੁ ਪਛਾਣੈ ਸੋਇ ॥*

ਜਿਸ ਦੀ ਆਤਮਾ ਇਸ ਅਵਸਥਾ ਵਿੱਚ ਚਲੀ ਜਾਵੇ ਕਿ ਜੋ ਵੀ ਹੋ ਰਹਿਆ ਹੈ, ਉਹੀ ਭਲਾ ਹੈ ਤੇ (ਆਤਮਾ) ਸਹਿਜ ਅਵਸਥਾ ਵਿੱਚ ਟਿਕੀ ਰਵੇ (ਉਹਨੂੰ ਮਾਇਆ ਦੀ ਕੋਈ ਖਿੱਚ ਨਾ ਰਹੇ),

ਉਹ ਆਤਮਾ ਉਸ ਸਿਰਜਣਹਾਰ ਪ੍ਰਭੂ ਨੂੰ ਪਛਾਣ ਲੈਂਦੀ ਹੈ।

## *ਪ੍ਰਭ ਕਾ ਕੀਆ ਜਨ ਮੀਠ ਲਗਾਨਾ ॥*

## *ਜੈਸਾ ਸਾ ਤੈਸਾ ਦ੍ਰਿਸਟਾਨਾ ॥*

ਉਸ ਪ੍ਰਭੂ ਦਾ ਕੀਤਾ (ਜੋ ਕੁਛ ਵੀ ਉਹ ਪ੍ਰਭੂ ਕਰਦਾ ਹੈ), ਉਸ ਦੇ ਦਾਸਾਂ (ਸੇਵਕਾਂ) ਨੂੰ ਉਹੀ ਚੰਗਾ ਲੱਗਾ ਹੈ।

ਜੈਸਾ ਉਹ ਮਾਲਕ ਹੈ, ਵੈਸਾ ਉਨ੍ਹਾਂ (ਸੇਵਕਾਂ) ਨੂੰ ਦ੍ਰਿਸ਼ਟ (ਨਜ਼ਰ) ਆ ਜਾਂਦਾ ਹੈ ਕਿ ਮਾਲਕ ਤਾਂ ਦਇਆਲ ਹੈ, ਕ੍ਰਿਪਾਲ ਹੈ, ਜੋ ਕੁਛ ਵੀ ਕਰ ਰਹਿਆ ਹੈ, ਜੀਵਾਂ ਦੇ ਭਲੇ ਲਈ ਹੀ ਕਰ ਰਹਿਆ ਹੈ। ਇਸ ਲਈ ਉਨ੍ਹਾਂ (ਦਾਸਾਂ) ਨੂੰ ਪ੍ਰਭੂ ਦਾ ਹੁਕਮ ਚੰਗਾ ਹੀ ਲਗਦਾ ਹੈ।

## *ਜਿਸ ਤੇ ਉਪਜੇ ਤਿਸੁ ਮਾਹਿ ਸਮਾਏ ॥*

## *ਓਇ ਸੁਖ ਨਿਧਾਨ ਉਨਹੂ ਬਨਿ ਆਏ ॥*

ਜਿਸ ਤੋਂ ਆਤਮਾ ਉਪਜੀ ਸੀ, ਉਸ ਵਿੱਚ ਹੀ ਉਨ੍ਹਾਂ ਦੀ ਆਤਮਾ ਵਾਪਸ ਸਮਾ ਜਾਂਦੀ ਹੈ।

ਤੇ ਉਹ ਜੋ ਸੁੱਖਾਂ ਦਾ ਭੰਡਾਰ ਵਾਹਿਗੁਰੂ ਹੈ, ਉਨ੍ਹਾਂ (ਸੇਵਕਾਂ) ਨੂੰ ਹੀ ਬਣ ਆਉਂਦਾ ਹੈ (ਉਹ ਹੀ ਉਸ ਵਿੱਚ ਟਿਕਦੇ ਹਨ, ਜੋ ਉਸ ਦੇ ਭਾਣੇ ਵਿੱਚ ਆ ਜਾਂਦੇ ਹਨ)।

## *ਆਪਸ ਕਉ ਆਪਿ ਦੀਨੋ ਮਾਨੁ ॥*

## *ਨਾਨਕ ਪ੍ਰਭ ਜਨੁ ਏਕੋ ਜਾਨੁ ॥ ੮ ॥ ੧੪ ॥*

ਆਪਣੇ ਆਪ ਨੂੰ ਪ੍ਰਭੂ ਆਪ ਹੀ ਸਤਿਕਾਰ ਬਖਸ਼ਦਾ ਹੈ।

ਹੇ ਨਾਨਕ ! ਪ੍ਰਭੂ ਦਾ ਸੇਵਕ ਤੇ ਪ੍ਰਭੂ ਇੱਕ ਮਿੱਕ ਹੁੰਦੇ ਹਨ। ਉਨ੍ਹਾਂ ਨੂੰ ਇੱਕ ਹੋਂਦ (ਹਸਤੀ) ਮੰਨਣਾ ਹੈ, ਦੋ ਹੋਂਦ ਹਸਤੀਆਂ ਕਰਕੇ ਨਹੀਂ ਮੰਨਣਾ। ਜਦ ਤਕ ਅਸੀਂ ਦੋਹਾਂ ਨੂੰ ਵੱਖਰਾ ਵੱਖਰਾ ਕਰਕੇ ਜਾਣਦੇ ਹਾਂ, ਤਦ ਤਕ ਗੁਰੂ ਦੀ ਕਿਰਪਾ ਨਹੀਂ ਹੁੰਦੀ। ਕੇਵਲ ਪ੍ਰਭੂ ਵਿੱਚ ਧਿਆਨ ਧਰਨਾ ਹੈ ਤੇ ਪ੍ਰਭੂ ਵਿੱਚ ਸਮਾ ਜਾਣਾ ਹੈ। ਕਿਉਂਕਿ ਪ੍ਰਭੂ ਦੇ ਜਨ ਤੇ ਪ੍ਰਭੂ ਇੱਕ ਮਿੱਕ ਹਨ, ਇਸ ਲਈ ਉਨ੍ਹਾਂ (ਜਨਾਂ) ਦੀ ਸੇਵਾ ਨਾਲ ਹੀ ਹੋ ਜਾਂਦੀ ਹੈ। ਹਜ਼ੂਰ ਪੰਜਵੇਂ ਪਾਤਸ਼ਾਹ ਨੂੰ ਪੁੱਛ ਹੋਈ ਕਿ ਤੁਸਾਂ ਨਾਮ ਕਿਵੇਂ ਪ੍ਰਾਪਤ ਕੀਤਾ ? ਹਜ਼ੂਰ ਕਹਿਣ ਲੱਗੇ ਗੁਰੂ ਦੀ ਕਿਰਪਾ ਨਾਲ। ਫਿਰ ਪੁੱਛ ਹੋਈ ਕਿ ਤੁਸੀਂ ਗੁਰੂ ਨੂੰ ਕਿਵੇਂ ਪ੍ਰਸੰਨ ਕੀਤਾ ? ਹਜ਼ੂਰ ਕਹਿੰਦੇ ਨੇ :-

**H ਹਰਿ ਗੁਣ ਗਾਏ ਗੁਰ ਨਾਨਕ ਤੂਠੇ ॥ (ਪੰਨਾ ੧੩੪੧)**

ਹਰੀ ਗੁਣ ਗਾਉ ਭਾਈ, ਗੁਰੂ ਨਾਨਕ ਪ੍ਰਸੰਨ ਹੋ ਜਾਂਦਾ ਹੈ। ਪ੍ਰਭੂ ਦਾ ਬਖਸ਼ਿਆ ਹੋਇਆ ਕੋਈ ਵੀ, ਜੀਵਾਂ ਨੂੰ ਆਪਣੇ ਗੁਣ ਗਾਉਣ ਨਹੀਂ ਲਾਉਂਦਾ। ਉਹ ਤਾਂ ਜੀਵਾਂ ਨੂੰ ਰੱਬ ਜੀ ਦੇ ਗੁਣ ਗਾਉਣ ਹੀ ਲਾਉਂਦਾ ਹੈ। ਉਹਦੀ ਪ੍ਰਸੰਨਤਾ ਇਸ ਵਿੱਚ ਹੀ ਹੈ ਕਿ ਕੋਈ ਜੀਵ ਰੱਬ ਜੀ ਦੇ ਗੁਣ ਗਾਵੇ। ਜੇ ਪ੍ਰਭੂ ਜੀ ਨੂੰ ਖੁਸ਼ ਕਰਨਾ ਹੋਵੇ ਤਾਂ ਵੀ ਏਹੋ ਢੰਗ ਹੈ। ਹਜ਼ੂਰ ਕਹਿੰਦੇ ਨੇ :-

**H ਭਾਈ ਰੇ ਰਾਮੁ ਕਹਹੁ ਚਿਤੁ ਲਾਇ ॥**
**ਹਰਿ ਜਸੁ ਵਖਰੁ ਲੈ ਚਲਹੁ ਸਹੁ ਦੇਖੈ ਪਤੀਆਇ ॥ (ਪੰਨਾ ੨੨)**

ਪ੍ਰਭੂ ਜੀ ਵੀ ਸਿਫਤਿ ਸਲਾਹ ਦਾ ਸੌਦਾ ਵੇਖ ਕੇ ਖੁਸ਼ ਹੁੰਦੇ ਨੇ ਤੇ ਪ੍ਰਭੂ ਦੀ ਬਖਸ਼ੀ ਹੋਈ ਆਤਮਾ (ਪ੍ਰਭੂ ਦਾ ਜਨ, ਦਾਸ, ਸੇਵਕ, ਸਾਧ, ਸੰਤ, ਗੁਰੂ, ਸਤਿਗੁਰੂ) ਵੀ ਉਸ ਆਤਮਾ ਤੇ ਹੀ ਪ੍ਰਸੰਨ ਹੁੰਦੀ ਹੈ, ਜਿਹੜੀ ਆਤਮਾ ਪ੍ਰਭੂ ਦੇ ਗੁਣ ਗਾਉਂਦੀ ਹੈ। ਦੋਹਾਂ ਨੂੰ ਪ੍ਰਸੰਨ ਕਰਨ ਦਾ ਇੱਕੋ ਇੱਕ ਹੀ ਢੰਗ ਹੈ (ਕੋਈ ਵੱਖਰੇ ਵੱਖਰੇ ਢੰਗ ਨਹੀਂ) ਕਿਉਂਕਿ ਦੋਵੇਂ ਇੱਕ ਹਸਤੀ ਹਨ (ਦੋ ਹਸਤੀਆਂ ਨਹੀਂ ਹਨ)।

**H H H H H**

## *ਅਸਟਪਦੀ ੧੫ (ਪੰਨਾ ੨੮੨)*

## *ਸਲੋਕੁ ॥*
## *ਸਰਬ ਕਲਾ ਭਰਪੂਰ ਪ੍ਰਭ*
## *ਬਿਰਥਾ ਜਾਨਨਹਾਰ ॥*

ਸਭ ਕਲਾ ਨਾਲ ਉਹ ਪਰੀਪੂਰਨ ਹੈ (ਸਭ ਸ਼ਕਤੀਆਂ ਉਸ ਮਾਲਕ ਦੇ ਕੋਲ ਹਨ)। ਉਹ ਜੀਵ ਦੇ ਮਨ ਦੀ ਹਾਲਤ ਜਾਣਦਾ ਹੈ। ਜੈਸੀ ਵੀ ਸਾਡੀ ਭਾਵਨਾ ਹੈ, ਉਸ ਨੂੰ ਸਭ ਪਤਾ ਹੈ। ਉਸ ਨੂੰ ਕੋਈ ਦੱਸਣ ਦੀ ਲੋੜ ਨਹੀਂ ਹੈ। ਉਹ ਤਾਂ ਅੰਤਰਜਾਮੀ ਹੈ।

## *ਜਾ ਕੈ ਸਿਮਰਨਿ ਉਧਰੀਐ*
## *ਨਾਨਕ ਤਿਸੁ ਬਲਿਹਾਰ ॥ ੧ ॥*

ਉਸ ਦੇ ਸਿਮਰਨ ਦੁਆਰਾ ਭਾਈ ਤਰੀਦਾ ਹੈ। ਹੇ ਨਾਨਕ ! ਉਸ ਤੋਂ ਬਲਿਹਾਰ ਜਾਉ। ਜੇ ਮਨ ਉਸ ਤੋਂ ਬਲਿਹਾਰ ਜਾਏਗਾ ਤਾਂ ਮਨ ਉਸ ਨੂੰ ਚੇਤੇ ਕਰੇਗਾ ਤੇ ਉਹ ਮਨ ਨੂੰ ਚੰਗਾ ਲਗੇਗਾ। ਜੇ ਮਨ ਉਸ ਨਾਲ ਪਿਆਰ ਨਹੀਂ ਕਰਦਾ (ਜੇ ਮਨ ਨੂੰ ਉਹ ਚੰਗਾ ਨਹੀਂ ਲਗਦਾ) ਤਾਂ ਮਨ ਉਸ ਤੋਂ ਬਲਿਹਾਰ ਕਿਵੇਂ ਜਾ ਸਕਦਾ ਹੈ ? ਭਾਵਨਾ ਏਹੀ ਹੈ ਕਿ ਉਸ ਤੋਂ ਸਦਕੇ ਜਾਉ ਤੇ ਉਸ ਨਾਲ ਪਿਆਰ ਪਾ ਲਉ।

## *ਅਸਟਪਦੀ ॥*

## *ਟੂਟੀ ਗਾਢਨਹਾਰ ਗੁੋਪਾਲ ॥*

## *ਸਰਬ ਜੀਆ ਆਪੇ ਪ੍ਰਤਿਪਾਲ ॥*

ਉਹ ਤਾਂ ਵਿਛੁੜਿਆਂ ਹੋਇਆਂ ਨੂੰ ਵਾਪਸ ਮਿਲਾਉਣ ਵਾਲਾ ਹੈ। ਜਿਨ੍ਹਾਂ ਆਤਮਾਵਾਂ ਨੇ ਉਸ ਨਾਲ ਕੁੱਟਾ ਕਰ ਲਇਆ, ਉਹ ਉਹਨਾਂ ਨੂੰ ਵਾਪਸ ਆਪਣੇ ਨਾਲ ਗੰਢ ਲੈਂਦਾ ਹੈ (ਜੋੜ ਲੈਂਦਾ ਹੈ)। ਐਸਾ ਉਹ ਪਾਲਨਹਾਰ (ਦੁਨੀਆਂ ਨੂੰ ਪਾਲਣ ਵਾਲਾ) ਪ੍ਰਭੂ ਹੈ।

ਸਾਰੇ ਜੀਵਾਂ ਦੀ ਪਾਲਣਾ ਉਹ ਆਪ ਹੀ ਕਰਦਾ ਹੈ।

## *ਸਗਲ ਕੀ ਚਿੰਤਾ ਜਿਸੁ ਮਨ ਮਾਹਿ ॥*

## *ਤਿਸ ਤੇ ਬਿਰਥਾ ਕੋਈ ਨਾਹਿ ॥*

ਸਭ ਜੀਵਾਂ ਦਾ ਫਿਕਰ ਉਸ ਨੂੰ ਹੈ, ਜਿਸ ਨੇ ਸਭ ਜੀਵਾਂ ਨੂੰ ਪੈਦਾ ਕੀਤਾ ਹੈ। ਉਸ ਨੇ ਇਨ੍ਹਾਂ ਜੀਵਾਂ ਦਾ ਖਾਣ ਪੀਣ ਦਾ ਪ੍ਰਬੰਧ, ਜੀਵ ਬਨਾਉਣ ਤੋਂ ਪਹਿਲਾਂ ਹੀ ਕਰ ਦਿੱਤਾ ਹੈ। ਕੀ ਸਾਧਨ ਇਨ੍ਹਾਂ ਜੀਵਾਂ ਨੂੰ ਮਿਲਣੇ ਹਨ, ਇਹ ਨਿਰਣਾ ਵੀ ਉਹਨੇ ਪਹਿਲਾਂ ਹੀ ਕਰ ਦਿੱਤਾ ਹੈ। ਸਭ ਦਾ ਫਿਕਰ ਉਸ ਮਾਲਕ ਨੂੰ ਹੈ।

ਤੇ ਉਸ ਤੋਂ ਖਾਲੀ ਕੋਈ ਨਹੀਂ ਰਹਿੰਦਾ। ਸਭ ਜੀਵ ਉਸ ਪ੍ਰਭੂ ਦੀਆਂ ਦਿੱਤੀਆਂ ਦਾਤਾਂ ਵਰਤਦੇ ਹਨ।

## *ਰੇ ਮਨ ਮੇਰੇ ਸਦਾ ਹਰਿ ਜਾਪਿ ॥*

## *ਅਬਿਨਾਸੀ ਪ੍ਰਭੁ ਆਪੇ ਆਪਿ ॥*

ਹੇ ਮੇਰੇ ਮਨਾਂ, ਤੂੰ ਐਸੇ ਪ੍ਰਭੂ (ਮਾਲਕ) ਨੂੰ ਸਦਾ ਸਦਾ ਜਪ, ਜੋ ਪਾਪਾਂ ਦਾ ਨਾਸ ਕਰਨ ਵਾਲਾ ਹੈ, ਜੋ ਨਾਸ਼ ਤੋਂ ਰਹਿਤ ਹੈ, ਜੋ ਆਪਣੇ ਆਪ ਕਾਇਮ ਹੈ (ਜੋ ਕਿਸੇ ਦੇ ਸਹਾਰੇ ਨਹੀਂ ਹੈ, ਜੋ ਸੈਭੰ ਹੈ)।

## *ਆਪਨ ਕੀਆ ਕਛੂ ਨ ਹੋਇ ॥*

## *ਜੇ ਸਉ ਪ੍ਰਾਨੀ ਲੋਚੈ ਕੋਇ ॥*

ਭਾਈ, ਜੇ ਤੇਰੇ ਮਨ ਦੀਆਂ ਰੀਝਾਂ ਹੋਣਗੀਆਂ (ਕਿ ਇਹ ਹੋ ਜਾਏ, ਉਹ ਹੋ ਜਾਏ), ਤਾਂ ਇਹ ਤਰਾਂ ਕੀਤਾ ਕੁਛ ਨਹੀਂ ਹੁੰਦਾ। ਤੇਰੇ ਯਤਨਾਂ ਨਾਲ ਵੀ ਕੁਛ ਨਹੀਂ ਹੋਣਾ, ਤੇਰੀ ਇੱਛਾ ਨਾਲ ਵੀ ਕੁਛ ਨਹੀਂ ਹੋਣਾ। ਮਾਲਕ ਦਾ ਹੁਕਮ ਵਰਤਦਾ ਹੈ। ਜੇ ਉਸ ਦੇ ਦਰ ਤੋਂ ਤੈਨੂੰ ਖੈਰ ਪੈ ਜਾਵੇ ਤਾਂ ਉਹ ਚੀਜ਼ ਹੀ ਤੈਨੂੰ ਮਿਲਣੀ ਹੈ, ਹੋਰ ਕੁਛ ਨਹੀਂ ਮਿਲਦਾ ਕਿਉਂਕਿ ਜੋ ਵੀ ਦੇਂਦਾ ਹੈ, ਮਾਲਕ ਹੀ ਦੇਂਦਾ ਹੈ (ਉਸ ਪ੍ਰਭੂ ਦੀ ਹੱਟੀ ਹਰ ਇਕ ਹਿਰਦੇ ਵਿੱਚ ਚਲਦੀ ਹੈ)। ਉਹ ਮਾਲਕ ਹੀ ਸਭ ਨੂੰ ਦੇਂਦਾ ਹੈ। ਜੀਵ ਆਪੇ ਕੁਛ ਵੀ ਪ੍ਰਾਪਤ ਨਹੀਂ ਕਰ ਸਕਦੇ।

## *ਤਿਸੁ ਬਿਨੁ ਨਾਹੀ ਤੇਰੈ ਕਿਛੁ ਕਾਮ ॥*

## *ਗਤਿ ਨਾਨਕ ਜਪਿ ਏਕ ਹਰਿ ਨਾਮ ॥ ੧ ॥*

ਭਾਈ, ਉਸ ਤੋਂ ਬਗੈਰ ਤੇਰੇ ਕੰਮ ਦੀ, ਸੰਸਾਰ ਵਿੱਚ ਕੋਈ ਚੀਜ਼ ਵੀ ਨਹੀਂ ਹੈ। ਤੇਰੀ ਗਤੀ ਕੇਵਲ ਉਸ ਇੱਕ ਦਾ ਹਰੀ ਨਾਮ ਜਪ ਕੇ ਹੀ ਹੋਵੇਗੀ। ਹੋਰ ਕੋਈ ਢੰਗ ਤਰੀਕਾ (ਇਸ ਮਾਇਆ ਚੋਂ ਨਿਕਲਣ ਦਾ) ਹੈ ਹੀ ਨਹੀਂ।

## *ਰੂਪਵੰਤੁ ਹੋਇ ਨਾਹੀ ਮੋਹੈ ॥*

## *ਪ੍ਰਭ ਕੀ ਜੋਤਿ ਸਗਲ ਘਟ ਸੋਹੈ ॥*

ਜੇ ਕੋਈ ਰੂਪਵੰਤ (ਸੁੰਦਰ) ਹੈ ਤਾਂ ਉਹ ਨਹੀਂ ਕਿਸੇ ਨੂੰ ਮੋਹੰਦਾ।

ਜੋ ਪ੍ਰਭੂ ਦੀ ਜੋਤਿ ਉਸ ਦੇ ਅੰਦਰ ਹੈ, ਉਸ (ਜੋਤਿ) ਕਰਕੇ ਉਹ ਰੂਪ ਹੈ। ਅਸਲ ਵਿੱਚ ਸੁੰਦਰਤਾ ਪ੍ਰਭੂ ਦੀ ਬਖਸ਼ੀ ਹੋਈ ਹੈ ਤੇ ਪ੍ਰਭੂ ਹੀ ਸਭ ਨੂੰ ਆਪਣੇ ਵੱਲ ਖਿੱਚਦਾ ਹੈ।

## *ਧਨਵੰਤਾ ਹੋਇ ਕਿਆ ਕੋ ਗਰਬੈ ॥*

## *ਜਾ ਸਭੁ ਕਿਛੁ ਤਿਸ ਕਾ ਦੀਆ ਦਰਬੈ ॥*

ਜੇ ਕੋਈ ਧੰਨਵਾਨ ਹੈ ਤਾਂ ਕਾਹਦਾ ਹੰਕਾਰ ਹੈ ? ਜੇ ਕੋਈ ਹੰਕਾਰ ਕਰਦਾ ਹੈ ਤਾਂ ਉਹ ਮੂਰਖ ਹੈ।

ਇਹ ਜੋ ਧਨ (ਦੌਲਤ) ਹੈ, ਇਹ ਮਾਲਕ ਦਾ ਦਿੱਤਾ ਹੋਇਆ ਹੈ, ਉਸ ਜੀਵ ਦਾ ਆਪਨਾ ਪੈਦਾ ਕੀਤਾ ਹੋਇਆ ਨਹੀਂ ਹੈ। ਇਹ ਤਾਂ ਮਾਲਕ ਦੁਆਰਾ ਬਖਸ਼ਿਆ ਹੋਇਆ ਫਲ ਹੈ। ਉਸ ਮਾਲਕ ਦੀ ਸ਼ਰਨ ਵਿੱਚ ਰਹਿਣਾ ਚਾਹੀਦਾ ਹੈ।

## *ਅਤਿ ਸੂਰਾ ਜੇ ਕੋਊ ਕਹਾਵੈ ॥*
## *ਪ੍ਰਭ ਕੀ ਕਲਾ ਬਿਨਾ ਕਹ ਧਾਵੈ ॥*

ਜੇ ਕੋਈ ਬਹੁਤ ਵੱਡਾ ਸੂਰਮਾ (ਯੋਧਾ) ਹੋਵੇ ਤੇ ਉਸ ਸੂਰਮਤਾਈ ਤੇ ਮਾਨ ਕਰੇ ਤਾਂ ਉਹ ਬਹੁਤ ਵੱਡਾ ਮੂਰਖ ਹੈ।

ਜੇ ਪ੍ਰਭੂ ਆਪਣੀ ਸ਼ਕਤੀ ਖਿੱਚ ਲਵੇ (ਸਵਾਸ ਹੀ ਖਿੱਚ ਲਏ) ਤਾਂ ਉਹ ਜੀਵ ਕੀ ਕਰ ਸਕਦਾ ਹੈ ? ਉਸ (ਜੀਵ) ਦੇ ਵੱਸ ਤਾਂ ਕੁਛ ਵੀ ਨਹੀਂ ਹੈ। ਜੈਸੇ ਜੈਸੇ ਗੁਣ ਉਸ ਪ੍ਰਭੂ ਨੇ ਵੱਖ ਵੱਖ ਜੀਵਾਂ ਵਿੱਚ ਪਾਏ ਹੋਏ ਹਨ, ਵੈਸੇ ਵੈਸੇ ਗੁਣ ਹੀ ਜੀਵਾਂ ਕੋਲ ਹਨ ਤੇ ਇਹ ਸਭ ਗੁਣ ਉਸ (ਪ੍ਰਭੂ) ਦੇ ਹਨ, ਜੀਵਾਂ ਦੇ ਗੁਣ ਨਹੀਂ ਹਨ। ਇਹ ਗੁਣ ਤਾਂ ਮਾਲਕ ਦੀ ਦਾਤ ਹੈ। ਇਸ ਲਈ ਮਾਲਕ ਦੀ ਸ਼ਰਨ ਵਿੱਚ ਰਹਿਣਾ ਚਾਹੀਦਾ ਹੈ। ਤੇ ਜੋ ਵੀ ਸੁਖ ਸਾਧਨ (ਸਹੂਲਤਾਂ) ਜਾਂ ਗੁਣ ਉਸ ਪ੍ਰਭੂ ਨੇ ਬਖਸ਼ੇ ਹਨ, ਉਹਨਾਂ ਦਾ ਹੰਕਾਰ ਨਹੀਂ ਕਰਨਾ ਚਾਹੀਦਾ।

## *ਜੇ ਕੋ ਹੋਇ ਬਹੈ ਦਾਤਾਰੁ ॥*
## *ਤਿਸੁ ਦੇਨਹਾਰੁ ਜਾਨੈ ਗਾਵਾਰੁ ॥*

ਜੇ ਕੋਈ ਦਾਨ ਕਰਨ ਵਾਲਾ ਜੀਵ ਆਪਣੇ ਆਪ ਨੂੰ ਹੀ ਦਾਤਾ ਸਮਝਦਾ ਹੈ, ਹਜ਼ੂਰ ਕਹਿੰਦੇ ਨੇ ਕਿ ਉਹ ਜੀਵ ਬਹੁਤ ਹੀ ਵੱਡਾ ਮੂਰਖ ਹੈ।

ਇਹ ਤਾਂ ਦੇਨਹਾਰ (ਪ੍ਰਭ) ਨੇ ਉਸ ਨੂੰ ਚੀਜ਼ਾ ਦਿੱਤੀਆਂ ਹੋਈਆ ਹਨ, ਤਾਂ ਹੀ ਉਹ ਚੀਜ਼ਾਂ ਦਾਨ ਦੇ ਸਕਦਾ ਹੈ। ਜੇ ਉਹ ਪ੍ਰਭੂ ਜੀਵ ਕੋਲੋਂ ਚੀਜ਼ਾਂ ਲੈ ਲਵੇ ਤਾਂ ਉਹ ਜੀਵ ਕਿਸੇ ਨੂੰ ਕੀ ਦੇ ਸਕਦਾ ਹੈ ? ਇਹ ਭਾਵਨਾ ਮਨ ਵਿੱਚ ਰੱਖਣੀ ਚਾਹੀਦੀ ਹੈ।

## *ਜਿਸੁ ਗੁਰ ਪ੍ਰਸਾਦਿ ਤੂਟੈ ਹਉ ਰੋਗੁ ॥*
## *ਨਾਨਕ ਸੋ ਜਨੁ ਸਦਾ ਅਰੋਗੁ ॥ ੨ ॥*

ਭਾਈ, ਜਿਸ ਜੀਵ ਦਾ ਹਉਮੈ ਦਾ ਰੋਗ ਗੁਰੂ ਦੀ ਕਿਰਪਾ ਦੁਆਰਾ ਦੂਰ ਹੋਵੇ। ਕਿਉਂਕਿ ਹਉਮੈ ਦੀ ਬੀਮਾਰੀ ਦਾ, ਗੁਰੂ ਦੀ ਕਿਰਪਾ ਬਗੈਰ ਹੋਰ ਕੋਈ ਵੀ ਇਲਾਜ ਹੈ ਹੀ ਨਹੀਂ। ਕੋਈ ਜੀਵ ਆਪਣੇ ਆਪ ਇਸ ਰੋਗ ਦਾ ਇਲਾਜ ਨਹੀਂ ਕਰ ਸਕਦਾ। ਇਸ ਦਾ ਇਲਾਜ ਸਾਧੂ (ਸੰਤ, ਗੁਰੂ, ਸਤਿਗੁਰੂ) ਦੀ ਕਿਰਪਾ ਤੇ ਹੀ ਹੁੰਦਾ ਹੈ ਤੇ ਉਹੀ ਸਹੀ ਰਸਤੇ ਤੇ ਆਤਮਾ ਨੂੰ ਤੋਰਦਾ ਹੈ।

ਜਿਸ ਤੇ ਗੁਰੂ ਦੀ ਕਿਰਪਾ ਦੀ ਹੋਵੇ, ਜਿਸ ਦਾ ਹਉਮੈ ਦਾ ਰੋਗ ਖਤਮ ਹੋ ਜਾਵੇ, ਉਹ ਪ੍ਰਭੂ ਦਾ ਦਾਸ ਹਉਮੈ ਦੇ ਰੋਗ ਤੋਂ ਰਹਿਤ (ਅਰੋਗ) ਹੋ ਜਾਂਦਾ ਹੈ (ਨਿਰਮਲ ਹੋ ਜਾਂਦਾ ਹੈ)।

## *ਜਿਉ ਮੰਦਰ ਕਉ ਥਾਮੈ ਥੰਮਨੁ ॥*
## *ਤਿਉ ਗੁਰ ਕਾ ਸਬਦੁ ਮਨਹਿ ਅਸਥੰਮਨੁ ॥*

ਜਿਵੇਂ ਕੋਈ ਮੰਦਰ (ਭਵਨ, Building) ਬਣਿਆ ਹੋਵੇ ਤਾਂ ਉਹਨੂੰ ਥੰਮ (Pillars) ਟਿਕਾ ਕੇ ਰੱਖਦੇ ਹਨ,

ਇਸੇ ਤਰਾਂ ਮਨ ਲਈ ਥੰਮ (Pillar) ਗੁਰੂ ਦਾ ਸ਼ਬਦ ਹੈ। ਗੁਰੂ ਦਾ ਸ਼ਬਦ ਹੀ ਮਨ ਨੂੰ ਟਿਕਾਣੇ ਤੇ ਰੱਖਦਾ ਹੈ। ਹੋਰ ਕਿਸੇ ਢੰਗ ਨਾਲ (ਭਾਵ, ਬਿਨਾਂ ਗੁਰੂ ਸ਼ਬਦ ਨਾਲ ਜੁੜਿਆਂ) ਇਹ ਮਨ ਆਪਣੇ ਟਿਕਾਣੇ ਤੇ ਨਹੀਂ ਟਿਕ ਸਕਦਾ, (ਰੱਬ ਜੀ ਨਾਲ ਜੁੜ ਸਕਦਾ, ਅੰਤਰ ਆਤਮੇ ਨਹੀਂ ਜਾ ਸਕਦਾ)। ਗੁਰੂ ਦਾ ਸ਼ਬਦ ਹੀ ਮਨ ਨੂੰ ਅੰਤਰ ਆਤਮੇ ਲੈ ਜਾਂਦਾ ਹੈ ਤੇ ਮਨ ਨੂੰ ਇਸਦਾ ਅਸਲਾ ਪ੍ਰਗਟ ਕਰ ਦੇਂਦਾ ਹੈ ਕਿ ਮਨਾਂ, ਤੂੰ ਕੈਸਾ ਹੈਂ ਤੇ ਇਹਨੂੰ ਪ੍ਰਭੂ ਨਾਲ ਜੋੜ ਦੇਂਦਾ ਹੈ। ਓਟ ਆਸਰਾ ਕੇਵਲ ਸ਼ਬਦ (ਗਿਆਨ) ਦਾ ਹੈ। ਜੋ ਰੱਬੀ ਗਿਆਨ ਹੈ, ਇਹ ਇੱਕ ਹੈ। ਜਿਸ ਤਰਾਂ ਕਿਸੇ ਮੁਲਕ ਦੀ ਸੰਵਿਧਾਨ (Constitution) ਇੱਕ ਹੀ ਹੁੰਦਾ ਹੈ। ਉਸ ਸੰਵਿਧਾਨ ਦੇ ਅੰਗ (articles) ਅਨੇਕਾਂ ਹੋ ਸਕਦੇ ਨੇ, ਪਰ ਸੰਵਿਧਾਨ ਇੱਕ ਹੀ ਹੁੰਦਾ ਹੈ। ਇਸੇ ਤਰਾਂ ਇਹ ਸ਼ਬਦ ਜੋ ਹੈ, ਇਹ ਇੱਕ ਗਿਆਨ ਹੈ ਤੇ ਇਹਦੇ ਵੱਖਰੇ ਵੱਖਰੇ ਅੰਗ ਨੇ, ਜੋ ਸਾਰੇ ਹੀ ਗ੍ਰਹਿਣ ਕਰਨੇ ਪੈਂਦੇ ਹਨ। ਇਸ ਸ਼ਬਦ ਦਾ ਆਸਰਾ ਲੈਣਾ ਹੈ।

## *ਜਿਉ ਪਾਖਾਣੁ ਨਾਵ ਚੜਿ ਤਰੈ ॥*
## *ਪ੍ਰਾਣੀ ਗੁਰ ਚਰਣ ਲਗਤੁ ਨਿਸਤਰੈ ॥*

ਭਾਈ, ਜਿਸ ਤਰਾਂ ਪੱਥਰ ਆਪਣੇ ਆਪ ਤਾਂ ਪਾਣੀ ਵਿੱਚ ਡੁੱਬ ਜਾਂਦਾ ਹੈ (ਆਪ ਤਾਂ ਤਰ ਨਹੀਂ ਸਕਦਾ)। ਪਰ ਜੇ ਪੱਥਰ ਨੂੰ ਕਿਸੇ ਬੇੜੀ ਜਾਂ ਜਹਾਜ ਵਿੱਚ ਲੱਦ ਲਈਏ ਤਾਂ ਉਹ ਜਹਾਜ ਤਰਦਾ ਹੈ ਤੇ ਨਾਲ ਪੱਥਰ ਵੀ ਤਰ ਜਾਂਦਾ ਹੈ।

ਇਸ ਤਰਾਂ ਜੋ ਜੀਵ ਆਤਮਾ ਹੈ, ਇਹ ਗੁਰੂ ਦੇ ਚਰਨੀ ਲੱਗ ਕੇ (ਗੁਰੂ ਦੀ ਸ਼ਰਨ ਪ੍ਰਾਪਤ ਕਰ ਕੇ) ਹੀ ਤਰਦੀ ਹੈ, ਆਪਣੇ ਆਪ ਨਹੀਂ ਤਰਦੀ (ਆਪਣੇ ਆਪ ਤਾਂ ਡੁੱਬ ਜਾਂਦੀ ਹੈ)। ਜੇ ਗੁਰੂ ਦੇ ਆਖੇ ਲੱਗ ਕੇ, ਆਤਮਾ ਨਾਮ ਦੇ ਜਹਾਜ਼ ਤੇ ਚੜੇ ਤਾਂ ਫਿਰ ਇਹ ਤਰ ਜਾਂਦੀ ਹੈ। ਨਾਮ ਦੇ ਜਹਾਜ਼ ਤੇ ਚੜਨ ਦਾ ਕੋਈ ਢੰਗ (ਤਰੀਕਾ) ਹੈ। ਉਹ ਢੰਗ (ਤਰੀਕਾ) ਇਹ ਹੈ ਕਿ :-

**H ਸਤਿਗੁਰ ਕੈ ਭਾਣੈ ਜੋ ਚਲੈ ਵਿਚਿ ਬੋਹਿਥ ਬੈਠਾ ਆਇ ॥ (ਪੰਨਾ ੪੦)**

ਜਿਹੜਾ ਸਤਿਗੁਰੂ ਦੇ ਹੁਕਮ ਅਨੁਸਾਰ ਆਪਣੇ ਜੀਵਨ ਨੂੰ ਢਾਲ ਲਵੇ, ਉਹ ਨਾਮ ਦੇ ਜਹਾਜ਼ ਤੇ ਚੜ ਜਾਂਦਾ ਹੈ। ਹਜ਼ੂਰ ਕਹਿੰਦੇ ਨੇ ਕਿ ਸਤਿਗੁਰੂ ਹਰੀ ਨਾਮ ਦਾ ਜਹਾਜ਼ ਹੈ, ਜੀਵਾਂ ਨੂੰ ਤਾਰਨ ਵਾਸਤੇ ਤੇ ਹਰੀ ਨਾਮ ਦੇ ਜਹਾਜ ਵਿੱਚ ਚੜਨਾ ਪੈਂਦਾ ਹੈ (ਜਿਸ ਤਰਾਂ ਪੱਥਰ ਬੇੜੀ ਵਿੱਚ ਰੱਖਣਾ ਪੈਂਦਾ ਹੈ, ਤਾਂ ਹੀ ਉਹ ਤਰਦਾ ਹੈ) ਤੇ ਹਰੀ ਨਾਮ ਦੇ ਜਹਾਜ਼ ਵਿੱਚ ਚੜਨ ਦਾ ਢੰਗ (ਤਰੀਕਾ) ਇਹ ਹੈ ਕਿ :-

**H ਸਤਿਗੁਰੁ ਬੋਹਿਥੁ ਹਰਿ ਨਾਵ ਹੈ ਕਿਤੁ ਬਿਧਿ ਚੜਿਆ ਜਾਇ ॥ (ਪੰਨਾ ੪੦)**

ਸਤਿਗੁਰੂ ਹਰੀ ਨਾਮ ਦਾ ਜਹਾਜ਼ ਹੈ (ਤਰਨ ਲਈ)। ਦੱਸੋ ਹਜ਼ੂਰ, ਕਿ ਕਿਸ ਤਰਾਂ ਇਸ ਜਹਾਜ਼ ਤੇ ਚੜੀਏ ? ਤੇ ਗੁਰੂ ਪਾਤਸ਼ਾਹ ਦਾ ਉੱਤਰ ਹੈ :-

**H ਸਤਿਗੁਰ ਕੈ ਭਾਣੈ ਜੋ ਚਲੈ ਵਿਚਿ ਬੋਹਿਥ ਬੈਠਾ ਆਇ ॥ (ਪੰਨਾ ੪੦)**

ਭਾਈ ਇਸ ਸ਼ਬਦ ਨੂੰ ਮੰਨੋ, ਇਸ ਦਾ ਆਸਰਾ ਲਉ, ਇਸ ਅਨੁਸਾਰ ਆਪਣੀ ਸੋਚ ਨੂੰ ਤੇ ਆਪਣੇ ਕਰਮ ਨੂੰ ਢਾਲੋ। ਜੇ ਇਹ ਕਰੋਗੇ ਤਾਂ ਤੁਸੀਂ ਹਰੀ ਨਾਮ ਦੇ ਜਹਾਜ਼ ਵਿੱਚ ਚੜ ਜਾਉਗੇ। ਇਹ ਗੁਰੂ ਦੀ ਸ਼ਰਨ ਲੈਣੀ ਹੈ। ਜਿਹੜਾ ਲੈਂਦਾ ਹੈ, ਉਹੀ ਤਰ ਜਾਂਦਾ ਹੈ।

***ਜਿਉ ਅੰਧਕਾਰ ਦੀਪਕ ਪਰਗਾਸੁ ॥***

***ਗੁਰ ਦਰਸਨੁ ਦੇਖਿ ਮਨਿ ਹੋਇ ਬਿਗਾਸੁ ॥***

ਜਿਸ ਤਰਾਂ ਭਾਈ ਹਨੇਰਾ ਹੋਵੇ, ਉੱਥੇ ਜੇ ਚਾਨਣ ਕਰ ਦਿਉ, ਤਾਂ ਉਹ ਹਨੇਰਾ ਆਪੇ ਹੀ ਖਤਮ ਹੋ ਜਾਂਦਾ ਹੈ ਕਿਉਂਕਿ ਹਨੇਰੇ ਦੀ ਆਪਣੀ ਕੋਈ ਹੋਂਦ (ਹਸਦੀ) ਨਹੀਂ ਹੈ। ਉਹ (ਹਨੇਰਾ) ਤਾਂ ਪ੍ਰਕਾਸ਼ (ਚਾਨਣ) ਦੇ ਨਾ ਹੋਣ ਕਰਕੇ ਹੈ। ਜਿਸ ਤਰਾਂ ਹਨੇਰੇ ਵਿੱਚ ਚਾਨਣ ਹੋ ਜਾਂਦਾ ਹੈ,

ਇਸ ਤਰਾਂ ਗੁਰੂ ਦੇ ਦਰਸ਼ਨ ਨਾਲ ਮਨ ਵਿੱਚ ਗਿਆਨ ਦਾ ਖੇੜਾ ਆਉਂਦਾ ਹੈ। ਗੁਰੂ ਦਾ ਦਰਸ਼ਨ ਕੀ ਹੈ ਕਿ ਗੁਰੂ ਦੀ ਆਤਮਾ ਨਾਲ ਆਤਮਾ ਇੱਕ ਮਿੱਕ ਹੋ ਜਾਵੇ। ਜੇ ਗੁਰੂ ਦੇ ਸ਼ਬਦ ਨੂੰ ਮਨ ਮੰਨੇ ਤਾਂ ਹੀ ਆਤਮਾ ਗੁਰੂ ਦੀ ਆਤਮਾ ਨਾਲ ਇੱਕ ਮਿੱਕ ਹੋ ਸਕਦੀ ਹੈ। ਗੁਰੂ ਦੇ ਸਿਧਾਂਤ (Philosphy) ਨੂੰ ਗ੍ਰਹਿਣ ਕਰਨ ਤੇ ਹੀ ਆਤਮਾ ਗੁਰੂ ਦੀ ਆਤਮਾ ਨਾਲ ਇੱਕ ਮਿੱਕ ਹੁੰਦੀ ਹੈ। ਇਸ ਤਰਾਂ ਮਨ ਖੇੜੇ ਵਿੱਚ ਜਾਂਦਾ ਹੈ।

***ਜਿਉ ਮਹਾ ਉਦਿਆਨ ਮਹਿ ਮਾਰਗੁ ਪਾਵੈ ॥***

***ਤਿਉ ਸਾਧੂ ਸੰਗਿ ਮਿਲਿ ਜੋਤਿ ਪ੍ਰਗਟਾਵੈ ॥***

ਜਿਸ ਤਰਾਂ ਭਾਈ ਕੋਈ ਜੀਵ ਬਹੁਤ ਵੱਡੇ ਜੰਗਲ ਵਿੱਚ ਫਸਿਆ ਹੋਵੇ ਤੇ ਉਸ ਨੂੰ ਨਿਕਲਣ ਦਾ ਰਾਹ ਪਤਾ ਲੱਗ ਜਾਵੇ ਤਾਂ ਉਹ ਰਾਹੇ ਚਲ ਕੇ ਉਹ ਨਿਕਲ ਸਕਦਾ ਹੈ।

ਇਸ ਤਰਾਂ ਸਾਧ ਦੀ ਸੰਗਤਿ ਵਿੱਚ ਗਿਆਨ ਦ੍ਰਿੜ ਹੁੰਦਾ ਹੈ ਤੇ ਉਹ ਗਿਆਨ ਦ੍ਰਿੜ ਕਰ ਕੇ ਹੀ ਜੀਵ ਆਤਮਾ ਮਾਇਆ ਦੇ ਜੰਗਲ ਵਿੱਚੋਂ ਨਿਕਲਦੀ ਹੈ। ਇਸ (ਮਾਇਆ ਦੇ) ਜੰਗਲ ਵਿੱਚੋਂ ਨਿਕਲਣ ਦਾ ਹੋਰ ਕੋਈ ਢੰਗ (ਤਰੀਕਾ) ਨਹੀਂ। ਇਹ (ਆਤਮਾ) ਸਾਧੂ ਦੀ ਸੰਗਤਿ ਵਿੱਚ ਗਿਆਨ ਦਾ ਪੱਲਾ ਫੜ ਕੇ ਹੀ ਨਿਕਲ ਸਕਦੀ ਹੈ (ਹੋਰ ਕਿਸੇ ਢੰਗ ਨਾਲ ਨਹੀਂ ਨਿਕਲ ਸਕਦੀ)। ਗਿਆਨ ਦਾ ਪੱਲਾ ਫੜਨਾ ਵੀ ਜ਼ਰੂਰੀ ਹੈ ਤੇ ਨਾਲ ਸਾਧ ਦੀ ਸੰਗਤਿ ਵੀ ਜ਼ਰੂਰੀ ਹੈ ਕਿਉਂਕਿ ਸੰਗਤਿ ਬਗੈਰ ਗਿਆਨ ਦਾ ਪੱਲਾ ਫੜਿਆ ਨਹੀਂ ਜਾਂਦਾ। ਜੇ ਸੰਗਤਿ ਮਿਲ ਜਾਏ, ਪਰ ਗਿਆਨ ਦਾ ਪੱਲਾ ਨਾ ਫੜੇ, ਤਾਂ ਵੀ ਪਾਰ ਨਹੀਂ ਪੈ ਸਕਦਾ। ਦੋਵੇਂ ਅੰਗ ਹੀ ਪੂਰੇ ਕਰਨੇ ਪੈਂਦੇ ਨੇ, ਤਾਂ ਹੀ ਜੀਵ ਆਤਮਾ ਦਾ ਪਾਰ ਉਤਾਰਾ ਹੁੰਦਾ ਹੈ। ਸਾਨੂੰ ਹੁਕਮ ਹੈ :-

**H ਕਰਿ ਸਾਧਸੰਗਤਿ ਸਿਮਰੁ ਮਾਧੋ ਹੋਹਿ ਪਤਿਤ ਪੁਨੀਤ ॥ (ਪੰਨਾ ੬੩੧)**

ਇਹ ਦੋ ਅੰਗ ਨਾਮ ਦੇ ਨੇ ਤੇ ਇਹ ਦੋਵੇਂ ਹੀ ਪੂਰੇ ਕਰਨੇ ਪੈਂਦੇ ਨੇ। ਇਸ ਤਰਾਂ ਉਹ ਜੋਤਿ (ਗਿਆਨ) ਪ੍ਰਗਟ ਹੁੰਦੀ ਹੈ।

***ਤਿਨ ਸੰਤਨ ਕੀ ਬਾਛਉ ਧੂਰਿ ॥***

***ਨਾਨਕ ਕੀ ਹਰਿ ਲੋਚਾ ਪੂਰਿ ॥ ੩ ॥***

ਜੋ ਐਸੇ ਸੰਤ ਹਨ, ਜਿਹੜੇ ਤੇਰੇ ਵਿੱਚ ਸਮਾਏ ਹੋਏ ਹਨ ਤੇ ਆਈ ਜੀਵ ਆਤਮਾਵਾਂ ਨੂੰ ਤੇਰੇ ਲੜ ਲਾ ਦੇਂਦੇ ਹਨ (ਤੇਰਾ ਗਿਆਨ ਦ੍ਰਿੜ ਕਰਾ ਦੇਂਦੇ ਹਨ),

ਮੈਂ ਐਸੇ ਸੰਤਾਂ ਦੀ, ਹੇ ਹਜ਼ੂਰ, ਤੇਰੇ ਕੋਲੋਂ ਚਰਨ ਧੂੜ ਮੰਗਦਾ ਹਾਂ। ਹੇ ਪ੍ਰਭੂ, ਮੇਰੇ ਮਨ ਦੀ ਇਹ ਰੀਝ ਪੂਰੀ ਕਰੋ।

## *ਮਨ ਮੂਰਖ ਕਾਹੇ ਬਿਲਲਾਈਐ ॥*
## *ਪੁਰਬ ਲਿਖੇ ਕਾ ਲਿਖਿਆ ਪਾਈਐ ॥*

ਹੇ ਮਨਾਂ, ਤੂੰ ਕਿਉਂ ਬਿਲਲਾਉਂਦਾ ਹੈ (ਕਿਉਂ ਤਰਲੇ ਲੈਂਦਾ ਹੈ)?

ਜੋ ਤੇਰੇ ਭਾਗਾਂ ਵਿੱਚ ਹੈ, ਉਹ ਤੈਨੂੰ ਮਿਲ ਜਾਣਾ ਹੈ। ਭਾਗਾਂ ਤੋਂ ਵੱਧ ਕੁਛ ਨਹੀਂ ਮਿਲਣਾ। ਸਾਡੀਆਂ ਇੱਛਾਵਾਂ ਨਾਲ ਸਾਨੂੰ ਚੀਜ਼ਾਂ ਪ੍ਰਾਪਤ ਨਹੀਂ ਹੁੰਦੀਆਂ। ਜੈਸੇ ਸਾਡੇ ਪਿਛਲੇ ਕਰਮ ਹਨ, ਉਹਦੇ ਮੁਤਾਬਿਕ ਪ੍ਰਾਪਤ ਹੁੰਦੀਆਂ ਹਨ। ਇਸ ਕਰਕੇ ਵਿਲਕਣਾ (ਬਿਲਲਾਉਣਾ, ਤਰਲੇ ਲੈਣਾ) ਫਜ਼ੂਲ ਹੈ। ਕਿਉਂਕਿ :-

**H ਸੰਪੈ ਪੁਰਬਿ ਲਿਖੇ ਕੀ ਪਾਈਐ ॥ (ਪੰਨਾ ੯੩੭)**

ਦਾ ਹੁਕਮ ਹੈ। ਜੈਸੇ ਜੈਸੇ ਸੰਸਕਾਰ ਜੀਵ ਲੈ ਕੇ ਆਏ ਹਨ, ਵੈਸੇ ਵੈਸੇ ਫਲ ਸਾਨੂੰ (ਜੀਵਾਂ ਨੂੰ) ਭੋਗਣੇ ਪੈਂਦੇ ਹਨ।

## *ਦੂਖ ਸੂਖ ਪ੍ਰਭ ਦੇਵਨਹਾਰੁ ॥*
## *ਅਵਰ ਤਿਆਗਿ ਤੂ ਤਿਸਹਿ ਚਿਤਾਰੁ ॥*

ਭਾਈ, ਜੋ ਵੀ ਦੁੱਖ ਸੁੱਖ ਹਨ, ਉਹ ਪ੍ਰਭੂ ਹੀ ਦੇ ਰਹਿਆ ਹੈ ਤੇ ਜੀਵ ਦੇ ਕਰਮਾਂ ਕਰਕੇ ਹੀ ਦੇ ਰਹਿਆ ਹੈ।

ਜੇ ਤੂੰ ਆਪਣੇ ਕਰਮ ਬਦਲਣੇ ਨੇ, ਤਾਂ ਤੂੰ ਉਸ ਪ੍ਰਭੂ ਦੀ ਭਜਨ ਬੰਦਗੀ ਕਰ (ਉਸ ਨੂੰ ਚੇਤਾ ਕਰ)। ਉਹ ਦਇਆ ਕਰੇ ਤਾਂ ਤੇਰੇ ਕਰਮ ਬਦਲ ਜਾਣਗੇ ਤੇ ਤੇਰੇ ਦੁੱਖ ਖਤਮ ਹੋ ਜਾਣਗੇ ਤੇ ਤੈਨੂੰ ਸੁੱਖ ਪ੍ਰਾਪਤ ਹੋ ਜਾਣਗੇ।

## *ਜੋ ਕਛੁ ਕਰੈ ਸੋਈ ਸੁਖੁ ਮਾਨੁ ॥*
## *ਭੂਲਾ ਕਾਹੇ ਫਿਰਹਿ ਅਜਾਨ ॥*

ਭਾਈ, ਤੂੰ ਉਸ ਪ੍ਰਭ ਦੇ ਭਾਣੇ (ਹੁਕਮ) ਵਿੱਚ ਆ। ਜੋ ਉਹ ਕਰ ਰਹਿਆ ਹੈ, ਉਹਨੂੰ ਹੀ ਸਮਝ ਕਿ ਇਹ ਮੇਰੇ ਕਰਮਾਂ ਦਾ ਫਲ ਹੈ ਤੇ ਏਹੀ ਮੈਨੂੰ ਮਿਲਣਾ ਹੈ।

ਕਿਉਂ ਤੂੰ ਭਟਕਨਾ ਵਿੱਚ ਪਇਆ ਫਿਰਦਾ ਹੈ, ਹੇ ਨਾ-ਸਮਝ ਮਨ। ਤੂੰ ਕੇਵਲ ਨਾਮ ਦਾ ਆਸਰਾ ਲੈ ਤੇ ਨਾਮ ਜਪਣ ਲੱਗ ਜਾ। ਇਹਦੇ ਨਾਲ ਤੇਰੇ ਭਾਗ ਬਦਲਣਗੇ।

## *ਕਉਨ ਬਸਤੁ ਆਈ ਤੇਰੈ ਸੰਗ ॥*
## *ਲਪਟਿ ਰਹਿਓ ਰਸਿ ਲੋਭੀ ਪਤੰਗ ॥*

ਹੇ ਮਨਾਂ, ਤੂੰ ਸੋਚ ਕਿ ਜਦੋਂ ਤੂੰ ਸੰਸਾਰ ਵਿੱਚ ਆਇਆ ਸੀ, ਤਾਂ ਕਿਹੜੀ ਵਸਤੂ ਸੀ, ਜਿਹੜੀ ਤੇਰੇ ਨਾਲ ਆਈ ਸੀ।

ਤੂੰ ਹੁਣ ਇਨ੍ਹਾਂ ਵਸਤੂਆਂ ਨਾਲ ਮੋਹ ਲਾਇਆ ਹੋਇਆ ਹੈ ਤੇ ਹੋਰ ਮਾਇਆ ਦੇ ਸਾਧਨਾਂ (ਮਾਇਆ ਦੀਆਂ ਵਸਤੂਆਂ) ਵਿੱਚ ਹੀ ਚੰਬੜਿਆ ਹੋਇਆ ਹੈਂ ਤੇ ਹੋਰ ਮੰਗੀ ਜਾਂਦਾ ਹੈ (ਤੇਰੀ ਰੀਝਾਂ ਕਦੀ ਮੁਕਦੀਆਂ ਹੀ ਨਹੀਂ)। ਤੂੰ ਇਹ ਛੱਡ ਤੇ ਪ੍ਰਭੂ ਦੀ ਭਜਨ ਬੰਦਗੀ ਕਰ।

## *ਰਾਮ ਨਾਮ ਜਪਿ ਹਿਰਦੇ ਮਾਹਿ ॥*
## *ਨਾਨਕ ਪਤਿ ਸੇਤੀ ਘਰਿ ਜਾਹਿ ॥ ੪ ॥*

ਰਾਮ ਨਾਮ (ਰੱਬ ਜੀ ਦਾ ਨਾਮ) ਹਿਰਦੇ ਵਿੱਚ ਜਪ। ਹਿਰਦੇ ਵਿੱਚ ਉਹ ਗੱਲ ਜਾਂਦੀ ਹੈ, ਜਿਹੜੀ ਕਰਮ ਵਿੱਚ ਆਉਂਦੀ ਹੈ (ਕਰਮ ਕਰਨ ਨਾਲ ਸੰਸਕਾਰ ਬਣ ਕੇ ਗੱਲ ਹਿਰਦੇ ਵਿੱਚ ਜਾਂਦੀ ਹੈ)। ਇਹ ਨਾਮ ਨੂੰ ਹਿਰਦੇ ਵਿੱਚ ਵਸਾ। ਇਹ ਤਾਂ ਵਸੇਗਾ ਜੇ ਤੂੰ ਇਹਦੇ ਅਨੁਸਾਰ ਆਪਣਾ ਜੀਵਨ ਢਾਲੇਗਾਂ।

ਜੇ ਢਾਲ ਲਵੇਂਗਾ ਤਾਂ, ਹੇ ਨਾਨਕ, ਤੂੰ ਆਪਣੀ ਇੱਜ਼ਤ ਨਾਲ ਆਪਣੇ ਘਰ ਵਿੱਚ ਵਾਪਸ ਚਲਿਆ ਜਾਵੇਂਗਾ।

## *ਜਿਸੁ ਵਖਰ ਕਉ ਲੈਨਿ ਤੂ ਆਇਆ ॥*
## *ਰਾਮ ਨਾਮੁ ਸੰਤਨ ਘਰਿ ਪਾਇਆ ॥*

ਭਾਈ, ਜਿਸ ਸੌਦੇ (ਨਾਮ) ਨੂੰ ਲੈਣ ਲਈ ਤੂੰ ਇਸ ਜੀਵਨ ਵਿੱਚ ਆਇਆ ਹੈ (ਕਿਉਂਕਿ ਇਸ ਜਨਮ ਦਾ ਮਨੋਰਥ ਹੀ ਰਾਮ ਦੇ ਨਾਮ ਨੂੰ ਪ੍ਰਾਪਤ ਕਰਨਾ ਹੈ),

ਉਹ ਰਾਮ ਦਾ ਨਾਮ ਭਾਈ, ਸੰਤਾ ਦੇ ਘਰ ਵਿੱਚ ਹੀ ਮਿਲਦਾ ਹੈ, ਸੰਤਾ ਦੇ ਸਿਧਾਂਤ (Philosphy) ਨੂੰ ਗ੍ਰਹਿਣ ਕਰਨ ਤੇ ਹੀ ਮਿਲਦਾ ਹੈ, ਸੰਤਾ ਦੀ ਸੰਗਤਿ ਵਿੱਚ ਹੀ ਮਿਲਦਾ ਹੈ (ਵੈਸੇ ਨਹੀਂ ਮਿਲਦਾ)।

## *ਤਜਿ ਅਭਿਮਾਨੁ ਲੇਹੁ ਮਨ ਮੋਲਿ ॥*
## *ਰਾਮ ਨਾਮੁ ਹਿਰਦੇ ਮਹਿ ਤੋਲਿ ॥*

ਤੂੰ ਆਪਣਾ ਹੰਕਾਰ (ਹਉਮੈ) ਛੱਡ। ਤੇ ਮਨ ਦੇ ਮੁੱਲ ਨਾਲ ਇਹ (ਰਾਮ ਨਾਮ) ਮਿਲਦਾ ਹੈ।

**H ਮਨੁ ਦੇ ਰਾਮੁ ਲੀਆ ਹੈ ਮੋਲਿ ॥ (ਪੰਨਾ ੩੨੭)**

ਹਜ਼ੂਰ ਕਹਿੰਦੇ ਨੇ ਕਿ ਭਾਈ, ਤੂੰ ਆਪਣਾ ਮਨ ਉਸ ਪ੍ਰਭੂ ਨੂੰ ਭੇਟਾ ਕਰ। ਮਨ ਭੇਟਾ ਕਰਨਾ ਕੀ ਹੈ ? ਮਨ ਦੀ ਸੋਚ ਉਸ ਦੇ ਭਾਣੇ ਵਿੱਚ ਲਇਆ (ਕਿਉਂਕਿ ਮਨ ਦੀ ਸੋਚ ਤੋਂ ਹੀ ਸਰੀਰ ਦੇ ਕਰਮ ਹੁੰਦੇ ਨੇ)। ਜੇ ਤੂੰ ਆਪਣੇ ਮਨ ਦੀ ਸੋਚ ਨੂੰ ਉਸ ਹੁਕਮ ਵਿੱਚ ਲਿਆਏਗਾਂ ਤਾਂ ਰਾਮ ਨਾਮ ਤੇਰੇ ਹਿਰਦੇ ਵਿੱਚ ਆਏਗਾ,

ਤੇ ਫਿਰ ਤੂੰ ਉਸ (ਰਾਮ ਨਾਮ) ਨੂੰ ਤੋਲ (ਕਿ ਮੈਨੂੰ ਕੀ ਪ੍ਰਾਪਤੀ ਹੋਈ ਹੈ), ਉਸ ਦਾ ਗੁਣਵਾਦ ਕਰ ਤੇ ਉਸ ਦੇ ਗੁਣਾਂ ਵਿੱਚ ਟਿਕ। ਇਸ ਤਰਾਂ ਪ੍ਰਭੂ ਨਾਲ ਤੇਰਾ ਮਨ ਜੁੜੇਗਾ।

## *ਲਾਦਿ ਖੇਪ ਸੰਤਹ ਸੰਗਿ ਚਾਲੁ ॥*
## *ਅਵਰ ਤਿਆਗਿ ਬਿਖਿਆ ਜੰਜਾਲ ॥*

ਭਾਈ, ਸੌਦਾ ਇਹ ਲੱਦ ਕਿ ਸੰਤਾ ਦੀ ਸੰਗਤਿ ਵਿੱਚ ਨਾਮ ਨੂੰ ਇਕੱਠਾ ਕਰ। ਵੈਸੇ ਇਹ ਨਹੀਂ ਹੋ ਸਕਦਾ।

ਹੋਰ ਤੂੰ ਸਭ ਕੁਛ ਛੱਡ। ਇਹ ਜੋ ਮਾਇਆ ਦੇ ਮੋਹ ਦੇ ਜੰਜਾਲ ਹਨ, ਇਹ ਜ਼ਹਿਰ ਰੂਪ ਹਨ। ਇਨ੍ਹਾਂ ਜ਼ੰਜਾਲਾਂ ਵਿੱਚੋਂ ਤੂੰ ਨਿਕਲ (ਮਾਇਆ ਦਾ ਮੋਹ ਤਿਆਗ)। ਸੰਤਾਂ ਦੀ ਸੰਗਤਿ ਵਿੱਚ ਰੱਬ ਜੀ ਪ੍ਰੀਤਿ ਮਨ ਵਿੱਚ ਇਕੱਠੀ ਕਰ। ਇਹ ਢੰਗ (ਤਰੀਕਾ) ਹੈ।

## *ਧੰਨਿ ਧੰਨਿ ਕਹੈ ਸਭੁ ਕੋਇ ॥*
## *ਮੁਖ ਊਜਲ ਹਰਿ ਦਰਗਹ ਸੋਇ ॥*

ਜੇ ਤੂੰ ਇਹ ਕਰੇਂਗਾ ਤਾਂ ਤੂੰ ਧੰਨਤਾ ਯੋਗ ਹੋ ਜਾਏਗਾ (ਸੰਸਾਰ ਦੇ ਸਭ ਲੋਕ ਤੈਨੂੰ ਧੰਨ ਧੰਨ ਕਹਿਣ ਲਗ ਜਾਣਗੇ)।

ਦਰਗਾਹ ਵਿੱਚ ਤੇਰਾ ਮੁਖੜਾ ਉਜਲਾ ਹੋਇਗਾ।

## *ਇਹੁ ਵਾਪਾਰੁ ਵਿਰਲਾ ਵਾਪਾਰੈ ॥*
## *ਨਾਨਕ ਤਾ ਕੈ ਸਦ ਬਲਿਹਾਰੈ ॥ ੫ ॥*

ਐਸਾ ਵਾਪਾਰ (ਜੋ ਉਪਰ ਦੱਸਿਆ ਹੈ) ਕੋਈ ਵਿਰਲੀਆਂ ਜੀਵ ਆਤਮਾਵਾਂ ਹੀ ਕਰਦੀਆਂ ਹਨ।

ਹੇ ਨਾਨਕ ! ਉਨ੍ਹਾਂ (ਆਤਮਾਵਾਂ) ਤੋਂ ਸਦਾ ਬਲਿਹਾਰ ਜਾਣਾ ਚਾਹੀਦਾ ਹੈ, ਜੋ ਇਹ ਵਾਪਾਰ ਕਰਦੀਆਂ ਹਨ।

## *ਚਰਨ ਸਾਧ ਕੇ ਧੋਇ ਧੋਇ ਪੀਉ ॥*
## *ਅਰਪਿ ਸਾਧ ਕਉ ਅਪਨਾ ਜੀਉ ॥*

ਭਾਈ, ਸਾਧੂ ਦੇ ਚਰਨ ਧੋ ਧੋ ਕੇ ਪੀ। ਸਾਧੂ ਦੇ ਚਰਨ ਧੋਣਾ ਕੀ ਹੈ ? ਆਪਣਾ ਮਨ ਸਾਧੂ ਨੂੰ ਭੇਟ ਕਰ ਦੇ (ਸਾਧੂ ਦੀ ਸ਼ਰਨ ਲੈ ਲੈ), ਇਹ ਸਾਧੂ ਦੇ ਚਰਨ ਧੋ ਧੋ ਕੇ ਪੀਣੇ ਹਨ। ਦੇਹ ਦੇ ਚਰਨ ਧੋ ਕੇ ਪੀਤਿਆਂ ਕੁਛ ਨਹੀਂ ਬਣਦਾ, ਜਦ ਤਕ ਮਨ ਵਿੱਚ ਪ੍ਰੇਮ ਦੀ ਭਾਵਨਾ ਤੇ ਅੰਦਰੋਂ ਰੀਝ ਨਹੀਂ ਉਪਜਦੀ। ਤੇ ਅੰਦਰੋਂ ਰੀਝ ਨਾਮ ਜਪ ਜਪ ਕੇ ਉਪਜਦੀ ਹੈ, ਜਦੋਂ ਸਾਧੂ ਨੂੰ ਮਨ ਭੇਟਾ ਕਰ ਦੇਈਏ। ਮਨ ਭੇਟਾ ਕਰਨਾ ਕੀ ਹੈ ? ਸਾਧੂ ਦਾ ਹੁਕਮ ਮੰਨ ਲੈਣਾ ਹੈ। ਸਾਧੂ ਦਾ ਹੁਕਮ ਕੀ ਹੈ ? ਇਹ ਸ਼ਬਦ (ਗਿਆਨ) ਹੈ। ਸਾਧੂਆਂ ਨੂੰ ਇਹ ਹੁਕਮ ਆਇਆ ਹੈ ਤੇ ਉਨ੍ਹਾਂ ਨੇ ਸਾਨੂੰ ਲਿਖ ਕੇ ਦੱਸ ਦਿੱਤਾ ਹੈ। ਇਹਦੀ ਕਮਾਈ ਕਰਨੀ ਪਏਗੀ। ਵੈਸੇ ਜੀਵ ਕਦੀ ਪੂਰਾ ਨਹੀਂ ਹੋ ਸਕਦਾ।

## *ਸਾਧ ਕੀ ਧੂਰਿ ਕਰਹੁ ਇਸਨਾਨੁ ॥*
## *ਸਾਧ ਊਪਰਿ ਜਾਈਐ ਕੁਰਬਾਨੁ ॥*

ਭਾਈ, ਸਾਧੂ ਦੀ ਧੂੜੀ ਵਿੱਚ ਇਸ਼ਨਾਨ ਕਰ। ਭਾਵਨਾ ਇਹ ਹੈ ਸਾਧੂ ਦੀ ਸੰਗਤਿ ਵਿੱਚ ਬਹੁਤ ਨਿਮਰਤਾ ਵਿੱਚ ਰਹੋ। ਉੱਥੇ ਕੋਈ ਆਪਣਾ ਅਧੀਕਾਰ ਨਾ ਸਮਝ (ਕਿ ਮੈਨੂੰ ਇਹ ਪ੍ਰਾਪਤ ਹੋਣਾ ਚਾਹੀਦਾ ਹੈ, ਮੈਨੂੰ ਉਹ ਪ੍ਰਾਪਤ ਹੋਣਾ ਚਾਹੀਦਾ ਹੈ)। ਇਹ ਤਾਂ ਕਿਰਪਾ ਦਾ ਰਸਤਾ ਹੈ। ਤੂੰ ਸਾਧੂ ਦੀ ਸੰਗਤਿ ਵਿੱਚ ਬਹੁਤ ਹੀ (ਅਤੀ) ਨਿਮਰਤਾ ਤੇ ਸਤਿਕਾਰ ਨਾਲ ਰਹੋ,

ਤੇ ਸਾਧੂ ਤੋਂ ਬਲਿਹਾਰ ਜਾਂਦਾ ਰਹੋ (ਕਿ ਮੈਨੂੰ ਸਾਧੂ ਦੀ ਸੰਗਤਿ ਨੇ ਪਾਰ ਪਾਉਣਾ ਹੈ) ਤੇ ਉਸ ਸੰਗਤਿ ਵਿੱਚ ਵਿਚਰ।

***ਸਾਧ ਸੇਵਾ ਵਡਭਾਗੀ ਪਾਈਐ ॥***

***ਸਾਧਸੰਗਿ ਹਰਿ ਕੀਰਤਨੁ ਗਾਈਐ ॥***

ਸਾਧੂ ਦੀ ਸੇਵਾ ਵੱਡਿਆਂ ਭਾਗਾਂ ਨਾਲ ਮਿਲਦੀ ਹੈ। ਕੀ ਹੈ ਸਾਧੂ ਦੀ ਸੇਵਾ ?

ਸਾਧੂ ਦੀ ਸੰਗਤਿ ਵਿੱਚ ਰੱਲ ਕੇ ਰੱਬ ਜੀ ਦੇ ਗੁਣ ਗਾਈਏ। ਏਹੀ ਸਾਧੂ ਦੀ ਸੇਵਾ ਹੈ। ਉੱਥੇ ਪ੍ਰਭੂ ਦਾ ਗੁਣਵਾਦ ਕਰਨਾ ਹੈ।

***ਅਨਿਕ ਬਿਘਨ ਤੇ ਸਾਧੂ ਰਾਖੈ ॥***

***ਹਰਿ ਗੁਨ ਗਾਇ ਅੰਮ੍ਰਿਤ ਰਸੁ ਚਾਖੈ ॥***

ਅਨੇਕਾਂ ਵਿਘਨਾਂ (ਰੁਕਾਵਟਾਂ) ਤੋਂ ਬਚਾਉਣ ਵਿੱਚ ਸਾਧੂ ਸਹਾਇਕ ਹੋ ਜਾਂਦਾ ਹੈ। ਹਰੀ ਗੁਣ ਗਾ ਗਾ ਕੇ ਭਾਈ, ਉਸ ਸੰਗਤਿ ਵਿੱਚ ਅੰਮ੍ਰਿਤ ਦਾ ਰਸ ਪ੍ਰਾਪਤ ਹੁੰਦਾ ਹੈ। ਹੋਰ ਕਿਤੋਂ ਪ੍ਰਾਪਤ ਨਹੀਂ ਹੁੰਦਾ। ਮਹਾਰਾਜ ਨੇ ਦੱਸਿਆ ਹੈ ਕਿ ਉਸ ਸੰਗਤਿ ਵਿੱਚ ਜਾ ਕੇ ਵੀ ਹਰੀ ਦਾ ਗੁਣਵਾਦ ਕਰਨ ਨਾਲ ਨਾਮ ਰਸ ਪ੍ਰਾਪਤ ਹੁੰਦਾ ਹੈ। ਜੇ ਸੰਗਤਿ ਵਿੱਚ ਰਹਿਆ ਜਾਵੇ, ਪਰ ਬੈਹ ਕੇ ਗੁਣ ਨਾ ਗਾਏ ਜਾਣ ਤਾਂ ਫਿਰ ਕਦੀ (ਨਾਮ ਰਸ) ਪ੍ਰਾਪਤ ਨਹੀਂ ਹੁੰਦਾ। ਹਜ਼ੂਰ ਦਾ ਆਉਂਦਾ ਵੀ ਹੈ ਕਿ ਮੈਂ ਸੰਤਾਂ ਦੀ ਸੰਗਤਿ ਵਿੱਚ ਰਹਾਂ ਤੇ ਅੱਗੇ ਆਉਂਦਾ ਹੈ :-

**H ਜਬ ਭਗਤਿ ਕਰਹਿ ਸੰਤ ਮੰਡਲੀ ਤਿਨ੍ ਮਿਲਿ ਹਰਿ ਗਾਵਉ ॥ (ਪੰਨਾ ੮੧੩)**

ਮੈਂ ਉਨ੍ਹਾਂ (ਸੰਤਾਂ) ਨਾਲ ਮਿਲ ਕੇ ਹਰੀ ਦੇ ਗੁਣ ਗਾਵਾਂ। ਤਾਂ ਹੀ ਨਾਮ ਦਾ ਰਸ ਕੋਈ ਚੱਖ ਸਕਦਾ ਹੈ।

***ਓਟ ਗਹੀ ਸੰਤਹ ਦਰਿ ਆਇਆ ॥***

***ਸਰਬ ਸੂਖ ਨਾਨਕ ਤਿਹ ਪਾਇਆ ॥ ੬ ॥***

ਸੰਤਾਂ ਦੇ ਦਰ ਤੇ ਮੈਂ ਢਹਿ ਪਇਆ (ਉਨ੍ਹਾਂ ਦਾ ਓਟ ਆਸਰਾ ਲੈ ਲਇਆ),

ਤੇ ਸਾਰੇ ਸੁੱਖ, ਹੇ ਨਾਨਕ ! ਇਸ ਤਰਾਂ ਪ੍ਰਾਪਤ ਹੋਏ। ਉਨ੍ਹਾਂ ਸੰਤਾਂ ਦੀ ਸੰਗਤਿ ਵਿੱਚ ਉਨ੍ਹਾਂ ਦਾ ਹੁਕਮ ਮੰਨਦਿਆਂ ਹੋਇਆਂ, ਨਮਰਤਾ ਵਿੱਚ ਵਿਚਰਦਿਆਂ ਹੋਇਆਂ, ਸੇਵਾ ਭਾਵ ਵਿੱਚ ਰਹਿੰਦਿਆਂ ਹੋਇਆਂ, ਰੱਬ ਜੀ ਦੇ ਗੁਣ ਗਾਉਂਦਿਆਂ ਹੋਇਆਂ, ਪ੍ਰਭੂ ਦਾ ਨਾਮ ਪ੍ਰਾਪਤ ਹੁੰਦਾ ਹੈ।

***ਮਿਰਤਕ ਕਉ ਜੀਵਾਲਨਹਾਰ ॥***

***ਭੂਖੇ ਕਉ ਦੇਵਤ ਅਧਾਰ ॥***

ਹਜ਼ੂਰ ਰੱਬ ਜੀ ਦੀ ਸੋਭਾ ਕਰਨ ਲੱਗ ਪਏ (ਕਿ ਕੈਸਾ ਮੇਰਾ ਮਾਲਕ ਹੈ)। ਮਾਇਆ ਵਿੱਚ ਗਲਤਾਨ ਹੋਈਆਂ (ਮਰੀਆਂ ਹੋਈਆਂ) ਜੀਵ ਆਤਮਾਵਾਂ ਨੂੰ ਫਿਰ ਜੀਵਾਲਨਹਾਰ (ਆਪਣੇ ਨਾਲ ਜੋੜਨ ਦੇ ਸਮਰੱਥ) ਹੈ।

ਭੁੱਖਿਆਂ ਨੂੰ ਉਹ ਆਸਰਾ ਦੇਣ ਦੇ ਸਮਰੱਥ ਹੈ। ਉਹ ਐਸਾ ਸਮਰੱਥ ਮਾਲਕ ਹੈ।

***ਸਰਬ ਨਿਧਾਨ ਜਾ ਕੀ ਦ੍ਰਿਸਟੀ ਮਾਹਿ ॥***

***ਪੁਰਬ ਲਿਖੇ ਕਾ ਲਹਣਾ ਪਾਹਿ ॥***

ਸਭ ਭੰਡਾਰੇ ਉਸ ਦੀ ਦ੍ਰਿਸ਼ਟੀ (ਉਸ ਦੀ ਦਇਆ) ਵਿੱਚ ਹਨ।

ਪਰ ਮਿਲਦਾ ਉਨ੍ਹਾਂ ਨੂੰ ਹੈ, ਜਿਨ੍ਹਾਂ ਦੇ ਸੰਸਾਕਾਰਾਂ ਵਿੱਚ ਹੋਵੇ। ਅਸੀਂ ਆਮ ਵੇਖਿਆ ਹੈ ਕਿ ਸੰਸਾਰ ਵਿੱਚ ਜਦੋਂ ਕਿਤੇ ਭੁਖਮਰੀ ਪੈ ਜਾਏ ਤਾਂ ਜੀਵ ਭੁੱਖੇ ਮਰ ਜਾਂਦੇ ਹਨ। ਪਰ ਆਪਣੇ ਕਰਮਾਂ ਕਰਕੇ ਭੁੱਖੇ ਮਰਦੇ ਹਨ, ਮਾਲਕ ਦੇ ਖਜਾਨੇ ਨਹੀਂ ਮੁਕਦੇ। ਇਹ ਨਹੀਂ ਹੈ ਕਿ ਸੰਸਾਰ ਤੋਂ ਕਣਕ ਮੁੱਕ ਗਈ ਹੈ ਜਾਂ ਖੁਰਾਕ ਮੁੱਕ ਗਈ ਹੈ। ਉਨ੍ਹਾਂ ਦੇ ਭਾਗਾਂ ਵਿੱਚ ਨਹੀਂ ਤੇ ਉਨ੍ਹਾਂ ਨੂੰ ਨਹੀਂ ਮਿਲਦੀ। ਕਿਉਂਕਿ ਅਸੀਂ ਜੋ ਆਪਣੇ ਪਿਛਲੇ ਸੰਸਕਾਰ ਲੈ ਕੇ ਆਏ ਹਾਂ, ਉਨ੍ਹਾਂ ਮੁਤਾਬਿਕ ਪ੍ਰਭੂ ਦੀਆਂ ਦਾਤਾਂ ਮਿਲਦੀਆਂ ਹਨ।

***ਸਭੁ ਕਿਛੁ ਤਿਸ ਕਾ ਓਹੁ ਕਰਨੈ ਜੋਗੁ ॥***

***ਤਿਸੁ ਬਿਨੁ ਦੂਸਰ ਹੋਆ ਨ ਹੋਗੁ ॥***

ਇਹ ਜੋ ਸਾਰੀ ਰਚਨਾ ਹੈ, ਇਹ ਸਭ ਉਸਦੀ ਹੈ ਤੇ ਸਭ ਕਰਨ ਦੇ ਉਹ ਸਮਰੱਥ ਹੈ।

ਹਜ਼ੂਰ ਕਹਿੰਦੇ ਨੇ ਕਿ ਨਾ ਕੋਈ ਅਜੇ ਤੱਕ ਉਸ ਪ੍ਰਭੂ ਵਰਗਾ ਹੋਇਆ ਹੈ, ਨਾ ਕੋਈ ਹੁਣ ਹੈ ਤੇ ਨਾ ਹੀ ਕੋਈ ਅਗਾਂਹ ਨੂੰ ਹੋਏਗਾ। ਉਹ ਮਾਲਕ ਇਕੱਲਾ ਹੀ ਹੈ ਤੇ ਉਹ ਇੱਕ ਰਸ ਆਪ ਹੀ ਹੈ ਤੇ ਉਸ ਵਰਗਾ ਕੋਈ ਨਹੀਂ।

## *ਜਪਿ ਜਨ ਸਦਾ ਸਦਾ ਦਿਨੁ ਰੈਣੀ ॥*
## *ਸਭ ਤੇ ਊਚ ਨਿਰਮਲ ਇਹ ਕਰਣੀ ॥*

ਐਸੇ ਮਾਲਕ ਨੂੰ ਜਪਣਾ ਹੈ (ਜਿਸ ਦੇ ਗੁਣ ਉਪਰ ਦੱਸੇ ਹਨ) ਤੇ ਸਦਾ ਸਦਾ ਦਿਨ ਰਾਤ ਜਪਣਾ ਹੈ।

ਸਭ ਤੋਂ ਸ੍ਰੇਸ਼ਟ ਕਰਮ ਮਨੁੱਖਾ ਜਨਮ ਵਿੱਚ ਏਹੀ ਹੈ (ਜੇ ਕੋਈ ਜੀਵ ਕਰ ਸਕਦਾ ਹੈ) ਕਿ ਪ੍ਰਭੂ ਦਾ ਨਾਮ ਜਪੇ। ਤੇ ਪ੍ਰਭੂ ਦਾ ਨਾਮ ਜਪਣ ਦਾ ਢੰਗ (ਤਰੀਕਾ) ਪਹਿਲਾਂ ਦੱਸ ਆਏ ਹਨ ਕਿ ਪ੍ਰਭੂ ਦੇ ਗੁਣ ਗਾਉਣੇ ਹਨ ਤੇ ਦੱਸ ਆਏ ਹਨ ਕਿ ਉਹ ਗੁਣ ਸਾਧ ਦੀ ਸੰਗਤਿ ਵਿੱਚ ਗਾਏ ਜਾਂਦੇ ਨੇ।

## *ਕਰਿ ਕਿਰਪਾ ਜਿਸ ਕਉ ਨਾਮੁ ਦੀਆ ॥*
## *ਨਾਨਕ ਸੋ ਜਨੁ ਨਿਰਮਲੁ ਥੀਆ ॥ ੭ ॥*

ਮਾਲਕ ਕਿਰਪਾ (ਮੇਹਰ) ਕਰਕੇ ਜਿਸ ਨੂੰ ਆਪਣੇ ਨਾਮ ਦੀ ਖੈਰ ਪਾ ਦੇਂਦਾ ਹੈ, ਹੇ ਨਾਨਕ ! ਉਹ ਉਸ ਦਾ ਦਾਸ ਨਿਰਮਲ (ਮਾਇਆ ਦੇ ਮੋਹ ਦੀ ਮੈਲ ਤੋਂ ਰਹਿਤ) ਹੋ ਜਾਂਦਾ ਹੈ। ਹੋਰ ਕੋਈ ਨਿਰਮਲ ਨਹੀਂ ਹੋ ਸਕਦਾ।

## *ਜਾ ਕੈ ਮਨਿ ਗੁਰ ਕੀ ਪਰਤੀਤਿ ॥*
## *ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ ॥*

ਜਿਸ ਆਤਮਾ ਨੂੰ ਗੁਰੂ ਦੇ ਸ਼ਰਧਾ (ਦ੍ਰਿੜਤਾ) ਉਪਜਦੀ ਹੈ ਕਿ ਜੋ ਸਤਿਗੁਰੂ ਦੱਸ ਰਹੇ ਨੇ, ਏਹ ਸਹੀ ਹੈ ਤੇ ਏਹੀ ਢੰਗ ਤਰੀਕਾ ਹੇ ਤੇ ਏਹੀ ਅਪਨਾਉਣਾ ਹੈ, ਉਸ ਆਦਮੀ ਨੂੰ ਹੀ ਹਰੀ ਦਾ ਨਾਮ ਚੇਤੇ ਆਉਂਦਾ ਹੈ (ਉਹੀ ਜਪ ਸਕਦਾ ਹੈ)। ਜਿਸ ਨੂੰ ਗੁਰੂ ਦੇ ਹੁਕਮ ਤੇ ਸ਼ੰਕਾ ਰਹਿੰਦਾ ਹੈ, ਉਹ ਹਰੀ ਦਾ ਨਾਮ ਨਹੀਂ ਜਪ ਸਕਦਾ ਕਿਉਂਕਿ ਉਸ ਦਾ ਦ੍ਵੈਤ ਭਾਵ (ਦੁਚਿੱਤਾਪਨ) ਬਣਿਆ ਰਹਿੰਦਾ ਹੈ (ਕਿ ਸ਼ਾਇਦ ਇਸ ਤਰਾਂ ਨਹੀਂ ਇਸ ਤਰਾਂ ਹੋਵੇ, ਇਸ ਨਹੀਂ ਇਸ ਤਰਾਂ ਹੋਵੇ), ਉਹ ਆਪਣੀਆਂ ਉਕਤੀਆਂ ਜੁਗਤੀਆਂ ਸੋਚਦਾ ਰਹਿੰਦਾ ਹੈ। ਜਿਸ ਨੂੰ ਗੁਰੂ ਦੇ ਪੂਰਾ ਯਕੀਨ (Total faith) ਆ ਜਾਂਦਾ ਹੈ, ਉਹ ਗੁਰੂ ਦੇ ਭਾਣੇ ਨੂੰ ਮੰਨਦਾ ਹੈ। ਗੁਰੂ ਦੀ ਦੱਸੀ ਵਿਧੀ (ਢੰਗ, ਤਰੀਕਾ) ਤੇ ਗੁਣ ਗਾਉਣ ਦਾ ਸਾਧਨ ਤੇ ਅਰਦਾਸਿ ਬੇਨਤੀ ਦਾ ਸਾਧਨ ਉਹੀ ਅਪਨਾਉਂਦਾ ਹੈ, ਜਿਸ ਨੂੰ ਇਹ ਦ੍ਰਿੜ ਹੋ ਜਾਂਦਾ ਹੈ ਤੇ ਗੁਰੂ ਦੇ ਪੂਰਨ ਭਰੋਸਾ ਹੁੰਦਾ ਹੈ।

## *ਭਗਤੁ ਭਗਤੁ ਸੁਨੀਐ ਤਿਹੁ ਲੋਇ ॥*
## *ਜਾ ਕੈ ਹਿਰਦੈ ਏਕੋ ਹੋਇ ॥*

ਤਿੰਨਾਂ ਲੋਕਾਂ ਵਿੱਚ ਉਸ ਨੂੰ ਭਗਤ ਭਗਤ ਕਹਿਆ ਜਾਂਦਾ ਹੈ। ਕਿਸ ਨੂੰ ਕਹਿਆ ਜਾਂਦਾ ਹੈ ?

ਜਿਸ ਦੇ ਹਿਰਦੇ ਉਹ ਇੱਕ ਪ੍ਰਭੂ ਪ੍ਰਗਟ ਹੋ ਜਾਂਦਾ ਹੈ। ਹੋਰ ਕੋਈ ਭਗਤ ਨਹੀਂ ਹੈ ਜਿਸ ਦੇ ਮਨ ਅੰਦਰ ਉਹ ਇੱਕ ਪ੍ਰਭੂ ਪ੍ਰਗਟ ਨਹੀਂ ਹੋਇਆ, ਉਹ ਨਾ ਭਗਤ ਹੈ, ਨਾ ਸਾਧੂ ਹੈ, ਨਾ ਸੰਤ ਹੈ, ਨਾ ਗੁਰੂ ਹੈ, ਨਾ ਸਤਿਗੁਰੂ ਹੈ। ਉਹ ਤਾਂ ਆਮ ਜੀਵ ਆਤਮਾ ਹੈ।

ਜਦੋਂ ਪ੍ਰਭੂ ਪ੍ਰਗਟ ਹੋ ਜਾਵੇ ਤਾਂ ਹੀ ਉਹ ਆਤਮਾ ਭਗਤ ਹੈ (ਉਹੀ ਗੁਰੂ ਹੈ)। ਉਸ ਦਾ ਹੀ ਹੁਕਮ ਮੰਨਣਾ ਹੈ ਤੇ ਉਸ ਤੇ ਹੀ ਯਕੀਨ ਕਰਨਾ ਹੈ ਤੇ ਸਾਨੂੰ ਦ੍ਰਿੜਤਾ ਹੈ ਕਿ ਗੁਰੂ ਮਹਾਰਾਜ ਰੱਬ ਜੀ ਵਿੱਚ ਸਮਾਏ ਹਨ ਤੇ ਉਹ ਸਾਨੂੰ ਇਹ ਜੋ ਢੰਗ (ਤਰੀਕਾ) ਸਾਨੂੰ ਦੱਸ ਰਹੇ ਹਨ, ਅਸੀਂ ਉਹੀ ਅਪਨਾਉਣਾ ਹੈ।

## *ਸਚੁ ਕਰਣੀ ਸਚੁ ਤਾ ਕੀ ਰਹਤ ॥*
## *ਸਚੁ ਹਿਰਦੈ ਸਤਿ ਮੁਖਿ ਕਹਤ ॥*

ਸਚੁ (ਆਦਿ ਸਚੁ, ਜੁਗਾਦਿ ਸਚੁ, ਹੈ ਭੀ ਸਚੁ, ਨਾਨਕ ਹੋਸੀ ਭੀ ਸਚੁ) ਦੇ ਹੁਕਮ ਅਨੁਸਾਰ ਉਨ੍ਹਾਂ ਦੀ ਕਰਨੀ (ਜੀਵਨ ਚਾਲ) ਹੁੰਦੀ ਹੈ (ਇਸ ਗੁਰਬਾਣੀ ਅਨੁਸਾਰ ਹੁੰਦੀ ਹੈ)। ਉਹ ਸਚੁ (ਆਦਿ ਸਚੁ, ਜੁਗਾਦਿ ਸਚੁ, ਹੈ ਭੀ ਸਚੁ, ਨਾਨਕ ਹੋਸੀ ਭੀ ਸਚੁ) ਉਨ੍ਹਾ ਦੇ ਹਿਰਦੇ ਵਿੱਚ ਵਸਿਆ ਹੁੰਦਾ ਹੈ ਤੇ ਉਹ ਉਸ ਨੂੰ ਹੀ ਮੁੱਖ ਤੋਂ ਕਹਿੰਦੇ ਹਨ (ਉਸ ਦਾ ਹੀ ਨਾਮ ਕਹਿੰਦੇ ਰਹਿੰਦੇ ਹਨ।

## *ਸਾਚੀ ਦ੍ਰਿਸਟਿ ਸਾਚਾ ਆਕਾਰੁ ॥*
## *ਸਚੁ ਵਰਤੈ ਸਾਚਾ ਪਾਸਾਰੁ ॥*

ਉਨ੍ਹਾਂ ਦੀ ਕ੍ਰਿਪਾ ਦ੍ਰਿਸ਼ਟੀ ਸੱਚੀ ਹੁੰਦੀ ਹੈ। ਉਹ ਇੰਨੇ ਸੱਚੇ ਹੋ ਜਾਂਦੇ ਹਨ ਉਨ੍ਹਾਂ ਦਾ ਸ਼ਰੀਰ ਵੀ ਸੱਚਾ ਹੋ ਜਾਂਦਾ ਹੈ ਕਿਉਂਕਿ ਸਚ ਅਨੁਸਾਰ (ਬਾਣੀ ਅਨੁਸਾਰ) ਹੀ ਉਹ ਕਰਮ ਕਰਦੇ ਨੇ, ਹੋਰ ਕੋਈ ਕਰਮ ਨਹੀਂ ਕਰਦੇ।

ਉਨ੍ਹਾਂ ਨੂੰ ਇਹ ਪ੍ਰਗਟ ਹੋ ਜਾਂਦਾ ਹੈ ਕਿ ਸਭ ਪਸਾਰੇ (ਰਚਨਾ) ਵਿੱਚ ਉਹ ਸਚੁ (ਆਦਿ ਸਚੁ, ਜੁਗਾਦਿ ਸਚੁ, ਹੈ ਭੀ ਸਚੁ, ਨਾਨਕ ਹੋਸੀ ਭੀ ਸਚੁ) ਹੀ ਵਰਤ ਰਹਿਆ ਹੈ। ਤੇ ਇਸ ਲਈ ਜੋ ਵੀ ਹੁੰਦਾ ਹੈ, ਉਨ੍ਹਾਂ ਨੂੰ ਉਹ ਭਲਾ (ਚੰਗਾ) ਹੀ ਲਗਦਾ ਹੈ।

***ਪਾਰਬ੍ਰਹਮੁ ਜਿਨਿ ਸਚੁ ਕਰਿ ਜਾਤਾ ॥***

***ਨਾਨਕ ਸੋ ਜਨੁ ਸਚਿ ਸਮਾਤਾ ॥ ੮ ॥ ੧੫ ॥***

ਉਸ ਸਚੁ (ਆਦਿ ਸਚੁ, ਜੁਗਾਦਿ ਸਚੁ, ਹੈ ਭੀ ਸਚੁ, ਨਾਨਕ ਹੋਸੀ ਭੀ ਸਚੁ) ਪਾਰਬ੍ਰਹਮ ਪਰਮੇਸ਼ਰ ਨੂੰ ਜਿਸਨੇ ਸਦਾ ਰਹਿਣ ਵਾਲਾ ਕਰਕੇ ਜਾਣ ਲਇਆ ਹੈ (ਜਿਸ ਦੇ ਅੰਤਰ ਆਤਮੇ ਉਹ ਸਚੁ ਪ੍ਰਗਟ ਹੋ ਗਇਆ ਹੈ),

ਹੇ ਨਾਨਕ ! ਐਸਾ ਦਾਸ ਹੀ ਉਸ ਸਚੁ (ਆਦਿ ਸਚੁ, ਜੁਗਾਦਿ ਸਚੁ, ਹੈ ਭੀ ਸਚੁ, ਨਾਨਕ ਹੋਸੀ ਭੀ ਸਚੁ) ਵਿੱਚ ਸਮਾਉਂਦਾ ਹੈ। ਹੋਰ ਕੋਈ ਉਸ ਵਿੱਚ ਸਮਾ ਨਹੀਂ ਸਕਦਾ।

**H H H H H**

## *ਅਸਟਪਦੀ ੧੬ (ਪੰਨਾ ੨੮੩)*

***ਸਲੋਕੁ ॥***

***ਰੂਪੁ ਨ ਰੇਖ ਨ ਰੰਗੁ ਕਿਛੁ***

***ਤ੍ਰਿਹੁ ਗੁਣ ਤੇ ਪ੍ਰਭ ਭਿੰਨ ॥***

ਨਾ ਹੀ ਪ੍ਰਭੂ ਦੀ ਕੋਈ ਸ਼ਕਲ ਹੈ ਤੇ ਨਾ ਹੀ ਉਸ ਦੀ ਕੋਈ ਰੇਖਾ ਹੈ ਕਿਉਂਕਿ ਰੇਖਾ ਤਾਂ ਆਕਾਰ ਦੇ ਚਾਰ ਚੁਫੇਰੇ ਹੁੰਦੀ ਹੈ। ਪਰ ਪ੍ਰਭੂ ਨਿਰੰਕਾਰ ਹੈ। ਨਾ ਹੀ ਪ੍ਰਭੂ ਦਾ ਕੋਈ ਰੰਗ ਹੈ। ਪ੍ਰਭੂ ਮਾਇਆ ਦੇ ਤਿੰਨਾਂ ਗੁਣਾਂ ਤੋਂ ਵੱਖਰਾ (ਨਿਰਲੇਪ) ਹੈ।

***ਤਿਸਹਿ ਬੁਝਾਏ ਨਾਨਕਾ***

***ਜਿਸੁ ਹੋਵੈ ਸੁਪ੍ਰਸੰਨ ॥ ੧ ॥***

ਉਹ ਉਸ ਦੀ ਬੁੱਝਣ ਵਿੱਚ ਆਉਂਦਾ ਹੈ, ਜਿਸ ਤੇ ਮਾਲਕ ਆਪ ਕ੍ਰਿਪਾ ਕਰਕੇ ਆਪਣਾ ਗਿਆਨ ਜਿਸ ਆਤਮਾ ਨੂੰ ਬਖਸ਼ ਦੇਵੇ। ਕੋਈ ਵੀ ਆਤਮਾ ਆਪਣੇ ਆਪ ਉਸਨੂੰ ਬੁੱਝ ਨਹੀਂ ਸਕਦੀ (ਜਾਣ ਨਹੀਂ ਸਕਦੀ)।

***ਅਸਟਪਦੀ ॥***

***ਅਬਿਨਾਸੀ ਪ੍ਰਭੁ ਮਨ ਮਹਿ ਰਾਖੁ ॥***

***ਮਾਨੁਖ ਕੀ ਤੂ ਪ੍ਰੀਤਿ ਤਿਆਗੁ ॥***

ਹਜ਼ੂਰ ਸਿਖਿਆ ਦੇਂਦੇ ਨੇ ਕਿ ਜੇ ਤੂੰ ਐਸੇ ਪ੍ਰਭੂ ਨੂੰ ਮਿਲਣਾ ਹੈ ਭਾਈ, ਤਾਂ ਉਸ ਅਬਿਨਾਸ਼ੀ (ਨਾ-ਨਾਸ਼ ਹੋਣ ਵਾਲੇ) ਮਾਲਕ ਨੂੰ ਮਨ ਵਿੱਚ ਚੇਤੇ ਰੱਖ।

ਤੂੰ ਕਿਸੇ ਮਨੁੱਖ ਦੀ ਆਸ ਨਾ ਰੱਖ (ਕਿਸੇ ਵੀ ਮਨੁੱਖ ਦੀ ਆਸ ਨਹੀਂ ਰਖਣੀ)।

## *ਤਿਸ ਤੇ ਪਰੈ ਨਾਹੀ ਕਿਛੁ ਕੋਇ ॥*
## *ਸਰਬ ਨਿਰੰਤਰਿ ਏਕੋ ਸੋਇ ॥*

ਉਸ ਮਾਲਕ ਤੋਂ ਵੱਡਾ ਕੋਈ ਹੈ ਹੀ ਨਹੀਂ।

ਸਾਰੇ ਇਕ ਰੱਸ ਸਮਾਇਆ ਹੋਇਆ, ਉਹ ਮਾਲਕ ਇੱਕ ਹੀ ਹੈ (ਉਹ ਹਰ ਥਾਂ ਤੇ ਵਿਆਪਕ ਹੈ)।

## *ਆਪੇ ਬੀਨਾ ਆਪੇ ਦਾਨਾ ॥*
## *ਗਹਿਰ ਗੰਭੀਰੁ ਗਹੀਰੁ ਸੁਜਾਨਾ ॥*

ਉਹ ਆਪ ਹੀ ਸਭ ਕੁਝ ਵੇਖਣਹਾਰ ਹੈ, ਤੇ ਆਪ ਹੀ ਸਭ ਕੁਝ ਜਾਨਣਹਾਰ ਹੈ। ਉਹ ਅਥਾਹ ਡੂੰਘਾ ਹੈ, ਉਸ ਦਾ ਕੋਈ ਅੰਤ ਨਹੀਂ ਪੈਂਦਾ। ਉਹ ਸਭ ਕਾਸੇ ਦਾ ਭੰਡਾਰ ਹੈ ਤੇ ਸਭ ਕੁਝ ਜਾਨਣਹਾਰ ਹੈ।

## *ਪਾਰਬ੍ਰਹਮ ਪਰਮੇਸੁਰ ਗੋਬਿੰਦ ॥*
## *ਕ੍ਰਿਪਾ ਨਿਧਾਨ ਦਇਆਲ ਬਖਸੰਦ ॥*

ਉਹ ਰੱਬ ਜੀ ਪਾਰਾਵਾਰ ਤੋਂ ਰਹਿਤ ਹੈ, ਸਭ ਤੋਂ ਵੱਡਾ ਮਾਲਕ ਹੈ। ਦੁਨੀਆ ਬਨਾਉਣ ਵਾਲਾ ਹੈ, ਕ੍ਰਿਪਾ ਦਾ ਭੰਡਾਰ ਹੈ, ਦਇਆ ਦਾ ਘਰ ਹੈ ਤੇ ਬਖਸ਼ਨਹਾਰ ਹੈ।

## *ਸਾਧ ਤੇਰੇ ਕੀ ਚਰਨੀ ਪਾਉ ॥*
## *ਨਾਨਕ ਕੈ ਮਨਿ ਇਹੁ ਅਨਰਾਉ ॥ ੧ ॥*

ਹੇ ਹਜ਼ੂਰ ਸੱਚੇ ਪਾਤਸ਼ਾਹ ! ਮੈਨੂੰ ਆਪਣੇ ਸਾਧ ਦੀ ਸ਼ਰਨ ਬਖਸ਼ (ਮੈਂ ਤੇਰੇ ਸਾਧੂ ਦੀ ਸ਼ਰਨ ਪਵਾਂ)।

ਹੇ ਨਾਨਕ ! ਮੇਰੇ ਮਨ ਵਿੱਚ ਇਹ ਪ੍ਰੀਤਿ ਲੱਗੀ ਹੈ। ਪ੍ਰਭੂ ਅੱਗੇ ਇਹ ਅਰਦਾਸਿ ਮਨ ਦੀ ਪ੍ਰੀਤੀ ਦੀ ਭਾਵਨਾ ਨਾਲ ਕਰਨੀ ਹੈ ਕਿ ਹੇ ਪ੍ਰਭੂ, ਤੂੰ ਮੈਨੂੰ ਆਪਣੇ ਸਾਧੂ ਦੀ ਸੰਗਤਿ ਸ਼ਰਨ ਬਖਸ਼ ।

## *ਮਨਸਾ ਪੂਰਨ ਸਰਨਾ ਜੋਗ ॥*
## *ਜੋ ਕਰਿ ਪਾਇਆ ਸੋਈ ਹੋਗੁ ॥*

ਉਹ ਮਨ ਦੀਆਂ ਰੀਝਾਂ ਪੂਰੀਆਂ ਕਰਨ ਵਾਲਾ, ਸ਼ਰਨ ਦੇਣ ਦੇ ਸਮਰੱਥ ਹੈ।

ਜੋ ਕੁਝ ਉਸ ਨੇ ਹੁਕਮ ਕਰ ਦਿੱਤਾ ਹੈ, ਉਹੀ ਕੁਛ ਸੰਸਾਰ ਵਿੱਚ ਵਰਤ ਰਿਹਾ ਹੈ।

## *ਹਰਨ ਭਰਨ ਜਾ ਕਾ ਨੇਤ੍ਰ ਫੋਰੁ ॥*
## *ਤਿਸ ਕਾ ਮੰਤ੍ਰੁ ਨ ਜਾਨੈ ਹੋਰੁ ॥*

ਜੀਵਾਂ ਨੂੰ ਯਾ ਰਚਨਾ ਨੂੰ ਨਾਸ਼ ਕਰ ਦੇਣਾ ਤੇ ਫਿਰ ਬਣਾ ਦੇਣਾ, ਉਹ ਪ੍ਰਭੂ ਅੱਖ ਦੇ ਇਕ ਫੁਲਕਾਰੇ ਜਿੰਨੇ ਸਮੇਂ ਵਿੱਚ ਕਰ ਸਕਦਾ ਹੈ। ਉਹ ਕਰੋੜਾਂ ਖੰਡ ਬ੍ਰਹਮੰਡ ਇੱਕ ਅੱਖ ਝਪਕਣ ਦੇ ਸਮੇਂ ਵਿੱਚ ਬਣਾ ਸਕਦਾ ਹੈ ਤੇ ਢਾਹ ਸਕਦਾ ਹੈ। ਇਹ ਉਹ ਮਾਲਕ ਦੀ ਸਮਰੱਥਾ ਹੈ।

ਉਸ ਦੇ ਉਪਦੇਸ਼ (ਗਿਆਨ) ਨੂੰ ਸੰਪੂਰਨ ਤੌਰ ਤੇ ਉਹੀ ਜਾਣਦਾ ਹੈ ਜਾਂ ਜਿਸ ਤੇ ਕਿਰਪਾ ਕਰਕੇ ਉਹ ਬੁਝਾ ਦੇਵੇ, ਉਸ ਦੇ ਅਨੁਭਵ ਵਿਚ ਹੀ ਗੱਲ ਆਉਂਦੀ ਹੈ। ਹੋਰ ਕੋਈ ਉਸ ਦੇ ਗਿਆਨ ਨੂੰ ਪੂਰਨ ਤੌਰ ਤੇ ਜਾਣ ਨਹੀਂ ਸਕਦਾ।

## *ਅਨਦ ਰੂਪ ਮੰਗਲ ਸਦ ਜਾ ਕੈ ॥*
## *ਸਰਬ ਥੋਕ ਸੁਨੀਅਹਿ ਘਰਿ ਤਾ ਕੈ ॥*

ਉਹ ਆਨੰਦ ਰੂਪ ਹੈ। ਉਸ ਦੇ ਘਰ ਵਿੱਚ ਹਮੇਸ਼ਾ ਹੀ ਖੁਸ਼ੀਆਂ-ਖੇੜੇ, ਆਨੰਦ ਹੀ ਆਨੰਦ, ਆਨੰਦ ਹੀ ਆਨੰਦ ਹੈ।

ਸਾਰੇ ਹੀ ਭੰਡਾਰ ਉਸ ਮਾਲਕ ਦੇ ਘਰ ਵਿੱਚ ਹਨ।

## *ਰਾਜ ਮਹਿ ਰਾਜੁ ਜੋਗ ਮਹਿ ਜੋਗੀ ॥*
## *ਤਪ ਮਹਿ ਤਪੀਸਰੁ ਗ੍ਰਿਹਸਤ ਮਹਿ ਭੋਗੀ ॥*

ਰਾਜਾ ਬਣ ਕੇ ਉਹ ਰਾਜ ਕਰਦਾ ਹੈ। ਯੋਗੀ ਬਣ ਕੇ ਉਹ ਯੋਗਾ ਦੇ ਆਸਨ   ਕਰਦਾ ਹੈ।

ਤਪੀ ਬਣ ਕੇ ਉਹ ਤਪ ਸਾਧਦਾ ਹੈ। ਗ੍ਰਿਹਸਤੀ ਬਣ ਕੇ ਉਹ ਮਾਇਆ ਦੇ ਰੰਗ ਮਾਣਦਾ ਹੈ। ਉਹ ਮਾਲਕ ਆਪ ਹੀ ਸਭ ਕੁਝ ਕਰਦਾ ਹੈ।

## *ਧਿਆਇ ਧਿਆਇ ਭਗਤਹ ਸੁਖੁ ਪਾਇਆ ॥*
## *ਨਾਨਕ ਤਿਸੁ ਪੁਰਖ ਕਾ ਕਿਨੈ ਅੰਤੁ ਨ ਪਾਇਆ ॥੨॥*

ਜੋ ਉਸ ਦੇ ਭਗਤ ਹਨ, ਉਹ ਉਸ ਦੇ ਧਿਆਨ ਵਿੱਚ ਟਿਕ ਗਏ ਤੇ ਉਸ ਨੂੰ ਧਿਆ ਧਿਆ ਕੇ ਸੁਖੀ ਹੋ ਗਏ।

ਨਾਮ ਜਪਣ ਨਾਲ ਆਤਮਾ ਸੁਖੀ ਹੋ ਜਾਂਦੀ ਹੈ, ਉਸ ਪ੍ਰਭੂ ਦਾ ਅੰਤ ਨਹੀਂ ਪਾਉਂਦੀ। ਹੇ ਨਾਨਕ, ਉਸ ਸਰਬ ਸਮਰੱਥ ਦਾ ਅੰਤ ਕਦੀ ਕਿਸੇ ਨੇ ਨਹੀਂ ਪਾਇਆ।

## *ਜਾ ਕੀ ਲੀਲਾ ਕੀ ਮਿਤਿ ਨਾਹਿ ॥*
## *ਸਗਲ ਦੇਵ ਹਾਰੇ ਅਵਗਾਹਿ ॥*

ਉਸ ਨੇ ਜੋ ਲੀਲਾ ਰਚੀ ਹੈ (ਜੋ ਤਮਾਸ਼ਾ ਰਚਿਆ ਹੈ), ਇਸ ਦੀ ਹੀ ਮਿਣਤੀ ਨਹੀਂ ਹੁੰਦੀ, ਉਸ ਨੂੰ ਤਾਂ ਕਿਸੇ ਨੇ ਕੀ ਜਾਣਨਾ ਹੈ। ਉਸ ਨੇ ਜੋ ਖੇਡ (ਤਮਾਸ਼ਾ) ਬਣਾ ਦਿੱਤੀ, ਇਸ ਦਾ ਹੀ ਅੰਤ ਨਹੀਂ ਪੈਂਦਾ।

ਸਾਰੇ ਦੇਵਤੇ ਪੁਰਸ਼ (ਜੋ ਵੱਡੇ ਗਿਆਨਵਾਨ ਹੋਏ ਹਨ), ਉਹ ਸਾਰੇ ਉਸ ਦਾ ਅੰਤ
ਲਭਦੇ ਲਭਦੇ ਥੱਕ ਗਏ, ਪਰ ਕਿਸੇ ਅੰਤ ਨਹੀਂ ਪਾਇਆ।

## *ਪਿਤਾ ਕਾ ਜਨਮੁ ਕਿ ਜਾਨੈ ਪੂਤੁ ॥*
## *ਸਗਲ ਪਰੋਈ ਅਪੁਨੈ ਸੂਤਿ ॥*

ਭਾਈ, ਜਿਸ ਤਰਾਂ ਪਿਤਾ ਦਾ ਜਨਮ ਪੁੱਤਰ ਨਹੀਂ ਜਾਣ ਸਕਦਾ ਕਿ ਪਿਤਾ ਕਦੋਂ ਜੰਮਿਆ ਸੀ। ਜੈਸੀ ਉਸਨੂੰ ਗੱਲ ਦਸੀ ਜਾਵੇ ਉਨ੍ਹੀ ਹੀ ਮੰਨ ਸਕਦਾ ਹੈ (ਅਸਲੀਅਤ ਨੂੰ ਨਹੀਂ ਜਾਣ ਸਕਦਾ)। ਉਸ ਮਾਲਕ ਦਾ ਅੰਤ ਕੋਈ ਪਾ ਹੀ ਨਹੀਂ ਸਕਦਾ। ਕਿਉਂਕਿ ਅਸੀਂ ਉਸ ਦੇ ਬੱਚੇ ਅੰਤਕੀ ਜੀਵ ਹਾਂ ਤੇ ਮਾਲਕ ਸਿਰਜਣਹਾਰ ਬੇਅੰਤ ਹੈ। ਬੇਅੰਤ ਦੀ ਬੇਅੰਤਤਾਈ ਦਾ ਅੰਤ ਅੰਤਕੀ ਜੀਵ ਨਹੀਂ ਪਾ ਸਕਦੇ।

ਸਾਰੀ ਹੀ ਰਚਨਾ ਉਸ ਨੇ ਆਪਣੇ ਸੂਤਰ (ਨਿਯੰਤ੍ਰਣ, Control) ਵਿੱਚ ਰਖੀ ਹੋਈ ਹੈ ਤੇ ਇੱਕ ਹੁਕਮ ਦੇ ਧਾਗੇ ਵਿੱਚ ਪਰੋਈ ਹੋਈ ਹੈ। ਉਸ ਅਨੁਸਾਰ ਸਭ ਕਾਰ ਵਿਹਾਰ ਚਲਦਾ ਹੈ।

## *ਸੁਮਤਿ ਗਿਆਨੁ ਧਿਆਨੁ ਜਿਨ ਦੇਇ ॥*
## *ਜਨ ਦਾਸ ਨਾਮੁ ਧਿਆਵਹਿ ਸੇਇ ॥*

ਜਿਸ ਨੂੰ ਸੋਹਣੀ ਮੱਤ, ਆਪਣਾ ਗਿਆਨ ਤੇ ਆਪਣਾ ਧਿਆਨ ਮਾਲਕ ਬਖਸ਼     ਦੇਵੇ, ਉਹੀ ਉਸ ਦੇ ਦਾਸ ਬਣਕੇ ਉਸ ਨੂੰ ਧਿਆਉਂਦੇ ਹਨ।

## *ਤਿਹੁ ਗੁਣ ਮਹਿ ਜਾ ਕਉ ਭਰਮਾਏ ॥*
## *ਜਨਮਿ ਮਰੈ ਫਿਰਿ ਆਵੈ ਜਾਏ ॥*

ਜੇ ਮਾਲਕ ਕਿਸੇ ਆਤਮਾ ਨੂੰ ਮਾਇਆ ਦੇ ਤਿੰਨਾ ਗੁਣਾਂ ਦੀ ਭਟਕਣਾ ਵਿੱਚ ਪਾ ਦੇਵੇ,

ਤਾਂ ਉਹ ਆਤਮਾ ਤਿੰਨਾ ਗੁਣਾਂ ਦੇ ਮੋਹ (Attachment) ਕਰਕੇ ਜੰਮਦੀ ਮਰਦੀ ਰਹਿੰਦੀ ਹੈ। ਜਿਨ੍ਹਾਂ ਤੇ ਉਹ ਦਇਆ ਕਰ ਦੇਵੇ, ਉਹਨਾਂ ਨੂੰ ਆਪਣੇ ਧਿਆਨ ਵਿੱਚ ਜੋੜ ਲੈਂਦਾ ਹੈ।

## *ਊਚ ਨੀਚ ਤਿਸ ਕੇ ਅਸਥਾਨ ॥*
## *ਜੈਸਾ ਜਨਾਵੈ ਤੈਸਾ ਨਾਨਕ ਜਾਨ ॥ ੩ ॥*

ਕੋਈ ਮਨ ਉੱਚਾ ਹੈ, ਕੋਈ ਮਨ ਨੀਵਾਂ ਹੈ (ਕੋਈ ਮਨ ਚੰਗਾ ਹੈ, ਕੋਈ ਮਨ ਮਾੜਾ ਹੈ)। ਵੱਖਰੀਆ ਵੱਖਰੀਆਂ ਅਵਸਥਾਵਾਂ ਵਿੱਚ ਸਾਰੀਆਂ ਜੀਵ ਆਤਮਾਵਾਂ ਹਨ। ਪਰ ਉਹ ਪ੍ਰਭੂ ਸਾਰਿਆਂ ਵਿੱਚ ਵਸਦਾ ਹੈ। ਇਹ ਸਭ ਟਿਕਾਣੇ ਉਸ ਦੇ ਹੀ ਹਨ।

ਜੈਸੀ ਸਮਝ ਉਹ ਜੀਵ ਨੂੰ ਬਖਸ਼ਦਾ ਹੈ ਉਨਾਂ ਹੀ ਗਿਆਨ ਜੀਵ ਉਸ ਪ੍ਰਥਾਏ ਪ੍ਰਾਪਤ ਕਰ ਸਕਦਾ ਹੈ। ਉਸ ਤੋਂ ਵੱਧ ਉਸ ਪ੍ਰਥਾਏ ਜਾਣ ਨਹੀਂ ਸਕਦਾ।

***ਨਾਨਾ ਰੂਪ ਨਾਨਾ ਜਾ ਕੇ ਰੰਗ ॥***

***ਨਾਨਾ ਭੇਖ ਕਰਹਿ ਇਕ ਰੰਗ ॥***

ਅਨੇਕ ਹੀ ਉਸ ਦੇ ਰੂਪ ਹਨ। ਬੇਅੰਤ ਹੀ ਉਸ ਦੇ ਰੂਪ (ਸ਼ਕਲਾਂ) ਹਨ, ਤੇ ਬੇਅੰਤ ਹੀ ਉਸ ਦੇ ਰੰਗ ਹਨ,

ਤੇ ਬੇਅੰਤ ਹੀ ਉਸ ਦੇ ਚੋਜ (ਤਮਾਸ਼ੇ) ਹਨ। ਬੇਅੰਤ ਉਸ ਦੇ ਪਹਿਰਾਵੇ ਹਨ (ਹਰ ਜੀਵ ਦਾ ਪਹਿਰਾਵਾ ਵੱਖਰਾ ਵੱਖਰਾ ਹੈ)। ਪਰ ਉਹ ਇੱਕ ਰੰਗ (ਇਕ ਰਸ) ਆਪ ਹੀ ਹਰ ਥਾਂ ਤੇ ਵਰਤ ਰਿਹਾ ਹੈ।

***ਨਾਨਾ ਬਿਧਿ ਕੀਨੋ ਬਿਸਥਾਰੁ ॥***

***ਪ੍ਰਭੁ ਅਬਿਨਾਸੀ ਏਕੰਕਾਰੁ ॥***

ਅਨੇਕ ਢੰਗਾਂ ਨਾਲ ਉਸ ਨੇ ਰਚਨਾ ਰਚੀ ਹੋਈ ਹੈ ਤੇ ਖਲਾਰਾ ਪਾਇਆ ਹੋਇਆ ਹੈ।

ਪਰ ਮੇਰਾ ਉਹ ਮਾਲਕ ਨਾਸ਼ ਤੋਂ ਰਹਿਤ ਹੈ ਤੇ ਕੇਵਲ ਇੱਕ ਹੈ ਤੇ ਸਦਾ ਸਦਾ ਇੱਕ ਹੀ ਹੈ। ਇਹ ਤਮਾਸ਼ਾ (ਵੱਡੀ ਰਚਨਾ) ਅਨੇਕਾਂ ਢੰਗਾਂ ਦੀ ਉਸ ਨੇ ਰਚੀ ਹੋਈ ਹੈ, ਪਰ ਸਭ ਦੇ ਵਿੱਚ ਇਕ ਹੀ ਵਿਆਪ ਰਿਹਾ ਹੈ।

***ਨਾਨਾ ਚਲਿਤ ਕਰੇ ਖਿਨ ਮਾਹਿ ॥***

***ਪੂਰਿ ਰਹਿਓ ਪੂਰਨੁ ਸਭ ਠਾਇ ॥***

ਅਨੇਕਾਂ ਚਲਿਤ੍ਰ (ਕੌਤਕ) ਉਹ ਇਕ ਸੈਕੰਡ ਵਿੱਚ ਕਰ ਦਿੰਦਾ ਹੈ। ਹਜ਼ੂਰ ਕਹਿੰਦੇ ਨੇ :-

**H ਖਿਨ ਮਹਿ ਅਵਰੁ ਖਿਨੇ ਮਹਿ ਅਵਰਾ ਅਚਰਜ ਚਲਤ ਤੁਮਾਰੇ ॥**
**ਰੂੜੋ ਗੂੜੋ ਗਹਿਰ ਗੰਭੀਰੋ ਊਚੌ ਅਗਮ ਅਪਾਰੇ ॥ (ਅੰਗ ੬੧੩-੧੪)**

ਤੂੰ ਐਸਾ ਸੁੰਦਰ ਹੈ, ਐਸੇ ਅਜਬ ਤਮਾਸ਼ੇ ਲਾਉਂਦਾ ਹੈ, ਐਸਾ ਮਨ ਬੁੱਧੀ ਤੋਂ ਉੱਚਾ ਹੈ, ਘੜੀ ਵਿੱਚ ਖੁਸ਼ੀਆਂ ਤੇ ਘੜੀ ਵਿੱਚ ਗਮੀਆਂ ਤੂੰ ਕਰ ਦਿੰਦਾ ਹੈ। ਅਜਬ ਤੇਰੇ ਚੋਜ ਹਨ, ਹਰ ਪਲ (moment) ਵਿੱਚ ਤੇਰੀ ਲੀਲਾ ਥਾਂ ਪਰ ਥਾਂ ਵਖਰੀ ਵੱਖਰੀ ਵਰਤ ਰਹੀ ਹੈ ਤੇ ਤੂੰ ਕੱਲਾ ਹੀ ਸਭ ਕੁਝ ਕਰ ਰਿਹਾ ਹੈ।

ਪ੍ਰਭੂ, ਤੂੰ ਸਾਰੇ ਸਮਾਇਆ ਹੋਇਆ ਹੈ ਤੇ ਤੂੰ ਸਰਬ ਸਮਰੱਥ ਹੈ ਤੇ ਹਰ ਥਾਂ ਤੇ ਤੂੰ ਪੂਰੇ ਦਾ ਪੂਰਾ ਹੈਂ।

***ਨਾਨਾ ਬਿਧਿ ਕਰਿ ਬਨਤ ਬਨਾਈ ॥***

***ਅਪਨੀ ਕੀਮਤਿ ਆਪੇ ਪਾਈ ॥***

ਇਹ ਰਚਨਾ ਦੀ ਬਨਾਵਟ ਅਨੇਕਾਂ ਢੰਗਾਂ (ਤਰੀਕਿਆਂ) ਕਰ ਕੇ ਤੂੰ ਬਣਾਈ ਹੈ। ਤੂੰ ਆਪਣਾ ਮੁੱਲ ਆਪ ਹੀ ਜਾਣਦਾ ਹੈ। ਜੀਵ ਤੇਰਾ ਮੁੱਲ ਨਹੀਂ ਪਾ ਸਕਦੇ। ਸਾਡੇ ਲਈ ਤੂੰ ਅਮੁੱਲ ਹੈ। ਤੂੰ ਕਿੱਡਾ ਹੈ ਤੂੰ ਆਪ ਹੀ ਜਾਣਦਾ ਹੈ। ਹੋਰ ਕੋਈ ਜਾਣ ਨਹੀਂ ਸਕਦਾ।

***ਸਭ ਘਟ ਤਿਸ ਕੇ ਸਭ ਤਿਸ ਕੇ ਠਾਉ ॥***

***ਜਪਿ ਜਪਿ ਜੀਵੈ ਨਾਨਕ ਹਰਿ ਨਾਉ ॥ ੪ ॥***

ਸਭ ਹਿਰਦੇ ਉਸ ਦੇ ਹਨ, ਸਭ ਟਿਕਾਣੇ ਉਸ ਦੇ ਹਨ। ਚੰਗੇ ਹਨ ਜਾਂ ਮਾੜੇ ਹਨ, ਉੱਚੇ ਹਨ ਜਾਂ ਨੀਂਵੇ ਹਨ, ਭਲੇ ਹਨ ਜਾਂ ਬੁਰੇ ਹਨ, ਸਾਰਿਆਂ ਵਿੱਚ ਉਹ ਪ੍ਰਭੂ ਵਿਆਪਕ ਹੈ। ਹੇ ਨਾਨਕ, ਉਸ ਹਰੀ ਦਾ ਨਾਮ ਜਪ ਜਪ ਕੇ ਹੀ ਜੀਣਾ ਜੀਵ ਨੂੰ ਫਬਦਾ ਹੈ।

***ਨਾਮ ਕੇ ਧਾਰੇ ਸਗਲੇ ਜੰਤ ॥***

***ਨਾਮ ਕੇ ਧਾਰੇ ਖੰਡ ਬ੍ਰਹਮੰਡ ॥***

ਰੱਬ ਜੀ ਨੇ ਬਣਾਏ ਹਨ ਤੇ ਰੱਬ ਜੀ ਸਾਰਿਆਂ ਜੰਤਾਂ ਵਿੱਚ ਵਿਆਪਕ ਹੈ (ਧਾਰਨ ਕਰ ਕੇ ਬੈਠਾ ਹੋਇਆ ਹੈ)। 'ਧਾਰਨਾ' ਹੁੰਦਾ ਹੈ ਆਪ ਬਣਾਉਣਾ ਤੇ ਆਪ ਵਿੱਚ ਰਹਿਣਾ। ਸਾਹਿਬ ਪ੍ਰਭੂ ਜੀ ਨੇ ਬਣਾਏ ਹਨ ਸਭ ਜੀਵ ਜੰਤ ਤੇ ਉਹ ਪ੍ਰਭੂ ਆਪ ਹੀ ਸਭ ਵਿੱਚ ਵਰਤ ਰਿਹਾ ਹੈ। ਨਾਮ ਨੇ ਹੀ ਬਣਾਏ ਹਨ ਸਭ ਖੰਡ ਤੇ ਬ੍ਰਹਮੰਡ ਤੇ ਰੱਬ ਜੀ ਹੀ ਉਨ੍ਹਾਂ ਸਾਰਿਆਂ ਵਿੱਚ ਵਰਤ ਰਿਹਾ ਹੈ।

***ਨਾਮ ਕੇ ਧਾਰੇ ਸਿਮ੍ਰਿਤਿ ਬੇਦ ਪੁਰਾਨ ॥***

***ਨਾਮ ਕੇ ਧਾਰੇ ਸੁਨਨ ਗਿਆਨ ਧਿਆਨ ॥***

ਧਰਮ ਪੁਸਤਕਾਂ ਵਿੱਚ ਜੋ ਗਿਆਨ ਆਇਆ ਹੈ, ਇਹ ਸਾਰਾ ਨਾਮ ਤੋਂ ਹੀ ਆਇਆ ਹੈ ਤੇ ਨਾਮ ਸਾਰਿਆਂ ਵਿੱਚ ਪ੍ਰਵੇਸ਼ ਕਰ ਰਿਹਾ ਹੈ। ਮਾੜਿਆਂ ਵਿੱਚ ਵੀ ਨਾਮ ਹੈ ਤੇ ਚੰਗਿਆਂ ਵਿੱਚ ਵੀ ਨਾਮ ਹੈ। ਪ੍ਰਭੂ ਤੋਂ ਬਗੈਰ ਕੋਈ ਥਾਂ ਹੈ ਹੀ ਨਹੀਂ।

ਜਿਹੜੇ ਇਸ ਗਿਆਨ (ਰੱਬ ਜੀ ਦੇ ਗਿਆਨ) ਨੂੰ ਸੁਣਦੇ ਹਨ ਤੇ ਰੱਬ ਜੀ ਵਿੱਚ ਧਿਆਨ ਜੋੜਦੇ ਹਨ, ਉਨ੍ਹਾਂ ਵਿੱਚ ਵੀ ਨਾਮ ਹੈ।

***ਨਾਮ ਕੇ ਧਾਰੇ ਆਗਾਸ ਪਾਤਾਲ ॥***

***ਨਾਮ ਕੇ ਧਾਰੇ ਸਗਲ ਆਕਾਰ ॥***

ਆਕਾਸ਼ (ਅਸਮਾਨ) ਤੇ ਪਾਤਾਲ (underground), ਉਨ੍ਹਾਂ ਵਿੱਚ ਵੀ ਨਾਮ ਹੈ।

ਜਿੰਨ੍ਹੇ ਵੀ ਜੀਵਾਂ ਦੇ ਆਕਾਰ ਹਨ, ਉਨ੍ਹਾਂ ਸਭ ਸਰੀਰਾਂ ਵਿੱਚ ਉਹ ਪ੍ਰਭੂ ਵਰਤ ਰਿਹਾ ਹੈ।

***ਨਾਮ ਕੇ ਧਾਰੇ ਪੁਰੀਆ ਸਭ ਭਵਨ ॥***

***ਨਾਮ ਕੈ ਸੰਗਿ ਉਧਰੇ ਸੁਨਿ ਸ੍ਰਵਨ ॥***

ਨਾਮ ਨੇ ਹੀ ਧਾਰਨ ਕੀਤੇ ਹੋਏ ਹਨ ਸਭ ਖੰਡ, ਬ੍ਰਹਮਡ ਤੇ ਟਿਕਾਣੇ।

ਨਾਮ ਦੇ ਨਾਲ ਹੀ ਜੀਵ ਤਰਦੇ ਹਨ, ਕੰਨਾਂ ਦੁਆਰਾ ਨਾਮ ਨੂੰ ਸੁਣ ਸੁਣ ਕੇ ਕਿਉਂਕਿ ਸੁਣ ਸੁਣ ਕੇ ਉਸ ਨਾਲ ਗੰਡ ਬਨਦੀ ਹੈ (ਤੁਅਲਕ ਬਣਦਾ ਹੈ, ਰਿਸ਼ਤਾ ਬਣਦਾ ਹੈ)।

***ਕਰਿ ਕਿਰਪਾ ਜਿਸੁ ਆਪਨੈ ਨਾਮਿ ਲਾਏ ॥***

***ਨਾਨਕ ਚਉਥੇ ਪਦ ਮਹਿ ਸੋ ਜਨੁ ਗਤਿ ਪਾਏ ॥ ੫ ॥***

ਜਿਸ ਤੇ ਮਿਹਰ ਕਰ ਕੇ ਉਸ ਨੂੰ ਆਪਣੇ ਨਾਮ ਵਿੱਚ ਜੋੜ ਲਵੇ, ਉਸ ਨੂੰ ਆਪਣੇ ਨਾਮ ਦੀ ਲਿਵ ਬਖਸ਼ ਦੇਵੇ,

ਹੇ ਨਾਨਕ, ਉਹ ਜੀਵ ਚੌਥੀ ਅਵਸਥਾ ਵਿੱਚ ਜਾ ਕੇ (ਮਾਇਆ ਦੇ ਤਿੰਨ ਗੁਣ ਹਨ, ਐਨਾਂ ਤੋਂ ਉਪਰ ਜਾ ਕੇ), ਪਰਮ-ਪਦ ਵਿੱਚ ਜਾ ਕੇ ਉਸ ਜੀਵ ਦੀ ਗਤੀ ਹੋ ਜਾਂਦੀ ਹੈ।

***ਰੂਪੁ ਸਤਿ ਜਾ ਕਾ ਸਤਿ ਅਸਥਾਨੁ ॥***

***ਪੁਰਖੁ ਸਤਿ ਕੇਵਲ ਪਰਧਾਨੁ ॥***

ਉਸ ਦੀ ਹੋਂਦ ਸੱਤ ਹੈ, ਉਸ ਦਾ ਟਿਕਾਣਾ ਸੱਚਾ ਹੈ, ਉਹ ਆਉਂਦਾ ਜਾਉਂਦਾ ਨਹੀਂ ਉਹ ਅਹਿੱਲ ਹੈ। ਉਹ ਨਿੱਜ ਰੂਪ ਵਿੱਚ ਆਪ ਹੀ ਹੈ :-

**H** ਸਾਚਾ ਨਿਰੰਕਾਰੁ ਨਿਜ ਥਾਇ ॥ (ਪੰਨਾ ੧੪)

ਉਹ ਆਪਣੇ ਥਾ ਤੇ ਆਪ ਹੀ ਹੈ। ਉਹ ਆਪ ਵੀ ਸੱਚਾ ਹੈ, ਉਸ ਦਾ ਟਿਕਾਣਾ ਵੀ ਸੱਚਾ ਹੈ।

ਉਹ ਸਰਬ ਸਮਰੱਥ, ਜੋ ਸੱਤ ਹੈ, ਕੇਵਲ ਉਹੀ ਪ੍ਰਧਾਨ (ਆਗੂ, ਸਭ ਤੋਂ ਵੱਡਾ, ਸਭ ਤੋਂ ਸ੍ਰੇਸ਼ਟ ਹੈ)।

***ਕਰਤੂਤਿ ਸਤਿ ਸਤਿ ਜਾ ਕੀ ਬਾਣੀ ॥***

***ਸਤਿ ਪੁਰਖ ਸਭ ਮਾਹਿ ਸਮਾਣੀ ॥***

ਉਸ ਦੀ ਕਰਤੂਤ (ਉਸ ਦਾ ਕਰਮ, ਉਸ ਦਾ ਕੀਤਾ ਹੋਇਆ) ਸੱਚ ਹੈ (ਉਹ ਜੋ ਵੀ ਕਰਦਾ ਹੈ, ਸੱਚ ਹੀ ਕਰਦਾ ਹੈ)।

ਉਸ ਦੀ ਬਾਣੀ ਵੀ ਸੱਤ ਹੈ (ਉਸ ਦਾ ਹੁਕਮ ਸਦਾ ਕਾਇਮ ਹੈ)।

ਉਹ ਸੱਚਾ ਸਮਰੱਥ ਸਾਰਿਆਂ ਵਿੱਚ ਹੀ ਸਮਾਇਆ ਹੋਇਆ ਹੈ।

***ਸਤਿ ਕਰਮੁ ਜਾ ਕੀ ਰਚਨਾ ਸਤਿ ॥***

***ਮੂਲੁ ਸਤਿ ਸਤਿ ਉਤਪਤਿ ॥***

ਉਸਦੀ ਕੀਤੀ ਹੋਈ ਰਚਨਾ ਕਾਇਮ ਹੈ। ਐਥੇ 'ਸੱਤ' ਦਾ ਅਰਥ ਹੈ-ਹੈ। ਜਦੋਂ ਮਾਲਕ ਨਾਸ਼ ਕਰੇਗਾ ਓਦੋਂ ਨਾਸ਼ ਹੋ ਜਾਏਗੀ। ਉਸ ਦੀ ਬਖਸ਼ਿਸ਼ ਵੀ ਸੱਤ ਹੈ (ਸਦੀਵੀ ਹੈ, ਕਾਇਮ ਹੈ)।

ਸਭ ਦੀ ਜੜ੍ਹ ਉਹ ਆਪ ਹੈ। ਉਹ ਆਪ ਸੱਤ ਹੈ ਤੇ ਉਸ ਤੋਂ ਪੈਦਾ ਹੋਈ (ਕੀਤੀ ਹੋਈ) ਕਾਇਮ ਹੈ। ਜਦ ਤਕ ਉਹ ਚਾਹੁੰਦਾ ਹੈ ਇਹ ਕਾਇਮ (ਸੱਤ ਰਹਿੰਦੀ ਹੈ)। ਪਰ ਜਦੋਂ ਉਹ ਚਾਹੁੰਦਾ ਹੈ, ਇਹਨੂੰ ਅਸੱਤ (ਨਾਸ਼) ਕਰ ਦਿੰਦਾ ਹੈ।

***ਸਤਿ ਕਰਣੀ ਨਿਰਮਲ ਨਿਰਮਲੀ ॥***

***ਜਿਸਹਿ ਬੁਝਾਏ ਤਿਸਹਿ ਸਭ ਭਲੀ ॥***

ਜੋ ਉਸ ਦੀ ਕਰਣੀ ਹੈ, ਜੋ ਉਹ ਕਰਮ ਕਰਦਾ ਹੈ, ਉਹ ਸੱਚਾਈ ਤੇ ਹੀ ਕਰਦਾ ਹੈ ਤੇ ਸਹੀ ਹੀ ਕਰਦਾ ਹੈ। ਤੇ ਉਹ ਸਾਰੀ ਰਚਨਾ ਤੋਂ ਨਿਰਲੇਪ (Detached) ਹੈ, ਉਹ ਨਿਰਮਲ ਤੋਂ ਨਿਰਮਲ ਹੈ (ਹਉਮੈ ਦੀ ਮੈਲ ਉਸ ਵਿੱਚ ਨਹੀਂ ਹੈ)।

ਉਹ ਜਿਸਨੂੰ ਆਪਣਾ ਗਿਆਨ ਬੁਝਾ ਦਿੰਦਾ ਹੈ, ਜੋ ਵੀ ਹੁੰਦਾ ਹੈ ਉਹੀ ਉਸ ਨੂੰ ਭਲਾ (ਮਿੱਠਾ, ਚੰਗਾ) ਲਗਦਾ ਹੈ।

***ਸਤਿ ਨਾਮੁ ਪ੍ਰਭ ਕਾ ਸੁਖਦਾਈ ॥***

***ਬਿਸ੍ਵਾਸੁ ਸਤਿ ਨਾਨਕ ਗੁਰ ਤੇ ਪਾਈ ॥ ੬ ॥***

ਉਸ ਦਾ ਨਾਮ ਸੱਤ ਹੈ। ਜੇ ਕੋਈ ਉਸ ਦੇ ਸੱਤ ਨਾਮ (ਜੋ ਨਾਮ ਸਦੀਵੀ ਹੈ) ਨੂੰ ਜਪੇ ਤਾਂ ਉਹ ਨਾਮ ਸਦਾ ਦੇ ਸੁੱਖ ਬਖਸ਼ਦਾ ਹੈ।

ਇਹ ਸੱਚਾ ਵਿਸ਼ਵਾਸ ਕਿ ਉਹ ਹੈ, ਉਹ ਹੈ, ਉਹ ਹੈ, ਹੇ ਨਾਨਕ ! ਇਹ ਸੱਚਾ ਵਿਸ਼ਵਾਸ ਗੁਰੂ ਦੀ ਕ੍ਰਿਪਾ ਤੇ (ਗੁਰੂ ਦੇ ਰਾਹੀਂ) ਦ੍ਰਿੜ ਹੁੰਦਾ ਹੈ। ਵੈਸੇ ਜੀਵ ਨੂੰ ਉਸ ਦੇ ਬਾਰੇ ਦ੍ਰਿੜਤਾ ਨਹੀਂ ਆਉਂਦੀ ਕਿ ਪ੍ਰਭੂ ਹੈ। ਇਹ ਸਾਧੂ ਦੀ ਸੰਗਤਿ ਵਿੱਚ ਹੀ ਦ੍ਰਿੜ ਹੁੰਦਾ ਹੈ ਕਿ ਮਾਲਕ ਹੈ।

***ਸਤਿ ਬਚਨ ਸਾਧੂ ਉਪਦੇਸ ॥***

***ਸਤਿ ਤੇ ਜਨ ਜਾ ਕੈ ਰਿਦੈ ਪ੍ਰਵੇਸ ॥***

ਸਾਧੂ ਜੋ ਉਪਦੇਸ਼ ਦਿੰਦੇ ਹਨ, ਉਹ ਸੱਤ ਤੋਂ ਜੋ ਉਨਾਂ ਨੂੰ ਬਚਨ ਆਇਆ ਹੈ (ਸੱਚਾ ਉਪਦੇਸ਼ ਆਇਆ ਹੈ), ਉਹ ਸੱਚਾ ਉਪਦੇਸ਼ ਹੀ ਦਿੰਦੇ ਹਨ, ਝੂਠਾ ਉਪਦੇਸ਼ ਨਹੀਂ ਦਿੰਦੇ। ਉਹ ਰੱਬ ਜੀ ਦੀ ਬਾਣੀ, ਜੋ ਸੱਚੀ ਹੈ, ਇਹੀ ਦ੍ਰਿੜ ਕਰਾਉਂਦੇ ਹਨ।

ਜਿਨ੍ਹਾਂ ਦੇ ਹਿਰਦੇ ਵਿੱਚ ਉਹ ਸੱਚਾ ਪਾਤਸ਼ਾਹ ਨਿਵਾਸ ਕਰ ਲਵੇ, ਉਹ ਜੀਵ ਸੱਤ ਹੋ ਜਾਂਦੇ ਹਨ (ਉਨ੍ਹਾਂ ਦਾ ਆਵਾਗਮਨ ਕੱਟਿਆ ਜਾਂਦਾ ਹੈ)।

***ਸਤਿ ਨਿਰਤਿ ਬੂਝੈ ਜੇ ਕੋਇ ॥***

***ਨਾਮੁ ਜਪਤ ਤਾ ਕੀ ਗਤਿ ਹੋਇ ॥***

ਜੇ ਕੋਈ ਸੱਚ ਦੀ ਚਾਲ ਨੂੰ (ਜੋ ਡਰਾਮਾ ਚਲ ਰਿਹਾ ਹੈ, ਜੋ ਨਾਚ ਚਲ ਰਿਹਾ ਹੈ) ਬੁੱਝ ਲਵੇ (ਉਸ ਦੇ ਅਨੁਭਵ ਵਿੱਚ ਆ ਜਾਵੇ) ਕਿ ਮਾਲਕ ਸਭ ਕੁਝ ਚਲਾ ਰਿਹਾ ਹੈ,

ਤੇ ਨਾਮ ਜਪ ਕੇ ਉਸ ਦੀ ਹੀ ਗਤੀ ਹੁੰਦੀ ਹੈ, ਜਿਸ ਨੂੰ ਇਹ ਅਵਸਥਾ ਪ੍ਰਾਪਤ ਹੋ ਜਾਂਦੀ ਹੈ।

***ਆਪਿ ਸਤਿ ਕੀਆ ਸਭੁ ਸਤਿ ॥***

***ਆਪੇ ਜਾਨੈ ਅਪਨੀ ਮਿਤਿ ਗਤਿ ॥***

ਉਹ ਆਪ ਸੱਚਾ ਹੈ ਤੇ ਸਭ ਕੁਝ ਉਸ ਸੱਚ ਨੇ ਹੀ ਕੀਤਾ ਹੈ। ਆਪੇ ਕੁਝ ਵੀ ਨਹੀਂ ਬਣਿਆ, ਸਭ ਕੁਝ ਮਾਲਕ ਦਾ ਬਣਾਇਆ ਹੀ ਬਣਿਆ ਹੈ।

ਉਹ ਆਪ ਹੀ ਆਪਣੀ ਮਿਣਤੀ ਤੇ ਆਪਣੀ ਗਤੀ (ਅਵਸਥਾ, speed) ਜਾਣਦਾ ਹੈ (ਉਹ ਕੈਸੀ ਅਵਸਥਾ ਵਿੱਚ ਹੈ ਤੇ ਉਹ ਕਿੱਡਾ ਵੱਡਾ ਹੈ, ਇਹ ਉਹ ਆਪ ਹੀ ਜਾਣਦਾ ਹੈ, ਹੋਰ ਕੋਈ ਜਾਣ ਨਹੀਂ ਸਕਦਾ)।

***ਜਿਸ ਕੀ ਸ੍ਰਿਸਟਿ ਸੁ ਕਰਣੈਹਾਰੁ ॥***

***ਅਵਰ ਨ ਬੂਝਿ ਕਰਤ ਬੀਚਾਰੁ ॥***

ਜਿਸ ਦੀ ਇਹ ਰਚਨਾ ਹੈ, ਉਹੀ ਕਰਨਹਾਰ ਹੈ ਤੇ ਉਹੀ ਇਸ ਰਚਨਾ ਦੀ ਤੱਤ ਸਾਰ ਜਾਣਦਾ ਹੈ।

ਹੋਰ ਕੋਈ ਇਸਨੂੰ ਬੂਝ ਨਹੀਂ ਸਕਦਾ ਆਪਣੀ ਵੀਚਾਰ ਅਨੁਸਾਰ (ਕਿ ਮੈਂ ਇਸਨੂੰ ਆਪਣੇ ਗਿਆਨ ਨਾਲ ਜਾਂ ਅਪਣੀ ਅਕਲ ਨਾਲ ਜਾਣ ਲਵਾਂ)। ਹਜ਼ੂਰ ਕਹਿੰਦੇ ਨੇ ਕਿ ਇਹ ਨਹੀਂ ਹੋ ਸਕਦਾ।

***ਕਰਤੇ ਕੀ ਮਿਤਿ ਨ ਜਾਨੈ ਕੀਆ ॥***

***ਨਾਨਕ ਜੋ ਤਿਸੁ ਭਾਵੈ ਸੋ ਵਰਤੀਆ ॥ ੭ ॥***

ਕਿਉਂ ਨਹੀਂ ਹੋ ਸਕਦਾ ? ਕਿਉਂਕਿ ਉਸ ਸਿਰਜਣਹਾਰ ਦੀ ਮਿੱਤ, ਉਸ ਦੇ ਕੀਤੇ ਹੋਏ ਦਾ ਅੰਦਾਜ਼ਾ ਜੀਵ ਨਹੀਂ ਲਾ ਸਕਦਾ।

ਹੇ ਨਾਨਕ ! ਜੋ ਮੇਰੇ ਮਾਲਕ ਨੂੰ ਭਾਉਂਦਾ ਹੈ, ਉਹ ਸੰਸਾਰ ਵਿੱਚ ਹੋ ਜਾਂਦਾ ਹੈ। ਉਸ ਤਰਾਂ ਹੀ ਉਸ ਦਾ ਭਾਣਾ (ਹੁਕਮ) ਵਰਤ ਜਾਂਦਾ ਹੈ। ਜੋ ਉਹ ਚਾਹੁੰਦਾ ਹੈ ਉਹੋ ਚੀਜ਼ ਸੰਸਾਰ ਵਿੱਚ ਵਾਪਰਦੀ ਹੈ, ਹੋਰ ਕੋਈ ਚੀਜ਼ ਵਾਪਰ ਨਹੀਂ ਸਕਦੀ।

***ਬਿਸਮਨ ਬਿਸਮ ਭਏ ਬਿਸਮਾਦ ॥***

***ਜਿਨਿ ਬੂਝਿਆ ਤਿਸੁ ਆਇਆ ਸ੍ਵਾਦ ॥***

ਆਨੰਦ ਵਿੱਚ ਚਲੇ ਗਏ, ਹੈਰਾਨ ਹੋ ਗਏ, ਹੈਰਾਨ ਹੋ ਗਏ, ਵਿਸਮਾਦ ਵਿੱਚ ਚਲੇ ਗਏ, ਉਹ ਮਨ, ਜਿਨਾਂ ਨੇ ਰੱਬ ਜੀ ਨੂੰ ਬੁੱਝ ਲਿਆ (ਜਿਨਾਂ ਦੇ ਅਨੁਭਵ ਵਿੱਚ ਉਹ ਹੋਂਦ ਹਸਤੀ ਆ ਗਈ, ਉਨ੍ਹਾਂ ਨੂੰ ਉਸ ਦਾ ਸਵਾਦ ਆਇਆ)। ਵੈਸੇ ਵੀ ਕੋਈ ਵਸਤੂ ਜਦ ਮਾਣੀ ਜਾਵੇ ਤਦ ਹੀ ਉਸਦਾ ਸਵਾਦ ਆਉਂਦਾ ਹੈ। ਜਦ ਜੀਵ ਨਾਮ ਨੂੰ ਮਾਣਦਾ ਹੈ ਤਾਂ ਉਸਨੂੰ ਨਾਮ ਦਾ ਸੁਆਦ ਆਉਂਦਾ ਹੈ। ਨਾਮ ਨੂੰ ਮਾਣਦਾ ਹੈ ਨਾਮ ਨੂੰ ਬੁੱਝਣ ਕਰਕੇ (ਜੀਵਨ ਵਿੱਚ ਘਟਾਉਣ ਕਰਕੇ)। ਜਦੋਂ ਪ੍ਰਭੂ ਅਨੁਭਵ ਵਿੱਚ ਆ ਜਾਵੇ ਤਾਂ ਆਤਮਾ ਉਸ ਪ੍ਰਭੂ ਨੂੰ ਮਾਣਦੀ ਹੈ ਤੇ ਉਸ ਨੂੰ ਪ੍ਰਭੂ ਦਾ ਰਸ (ਸੁਆਦ) ਆਉਂਦਾ ਹੈ।

***ਪ੍ਰਭ ਕੈ ਰੰਗਿ ਰਾਚਿ ਜਨ ਰਹੇ ॥***

***ਗੁਰ ਕੈ ਬਚਨਿ ਪਦਾਰਥ ਲਹੇ ॥***

ਜੋ ਪ੍ਰਭੂ ਦਾ ਸੇਵਕ ਹੈ, ਉਹ ਉਸ ਦੇ ਪਿਆਰ ਵਿੱਚ ਰਚਿਆ ਰਹਿੰਦਾ ਹੈ (ਟਿਕ ਜਾਂਦਾ ਹੈ)। ਉਸ ਦਾ ਮਨ ਤੇ ਤਨ ਪ੍ਰਭੂ ਪ੍ਰੀਤਿ ਵਿੱਚ ਭਿੱਜ ਜਾਂਦਾ ਹੈ। ਕਿਸ ਤਰਾਂ ਭਿੱਜਦਾ ਹੈ ?

ਗੁਰੂ ਦੇ ਬਚਨ ਦੁਆਰਾ (ਗੁਰੂ ਦੀ ਬਾਣੀ ਦੁਆਰਾ, ਗੁਰੂ ਦੇ ਸ਼ਬਦ ਦੁਆਰਾ) ਉਸ ਨੂੰ ਨਾਮ ਦਾ ਪਦਾਰਥ ਮਿਲਦਾ ਹੈ।

***ਓਇ ਦਾਤੇ ਦੁਖ ਕਾਟਨਹਾਰ ॥***

***ਜਾ ਕੈ ਸੰਗਿ ਤਰੈ ਸੰਸਾਰ ॥***

ਉਹ ਜੀਵ, ਜਿਨ੍ਹਾਂ ਨੂੰ ਨਾਮ ਦਾ ਰਸ ਪ੍ਰਾਪਤ ਹੋ ਜਾਂਦਾ ਹੈ (ਗੁਰੂ ਦੇ ਬਚਨ ਦਵਾਰਾ), ਜਿਹੜੇ ਸਦਾ ਉਸਦੇ ਪ੍ਰੇਮ (ਪ੍ਰੀਤਿ) ਵਿੱਚ ਭਿੱਜੇ ਰਹਿੰਦੇ ਹਨ,

ਉਹ ਦਾਤੇ ਹਨ, ਸੰਸਾਰ ਦੇ ਦੁੱਖ ਕੱਟਣ ਵਾਸਤੇ ਉਹ ਦਾਤੇ ਹਨ। ਉਹ ਦਾਤਾਂ ਬਖਸ਼ਦੇ ਹਨ। ਉਨ੍ਹਾਂ ਦੀ ਸੰਗਤਿ ਵਿੱਚ ਸੰਸਾਰ ਦੇ ਜੀਵ ਤਰਦੇ ਹਨ।

***ਜਨ ਕਾ ਸੇਵਕੁ ਸੋ ਵਡਭਾਗੀ ॥***

***ਜਨ ਕੈ ਸੰਗਿ ਏਕ ਲਿਵ ਲਾਗੀ ॥***

ਜੇ ਕੋਈ ਆਤਮਾ ਐਸੇ ਜਨ ਦੀ ਸੇਵਾ ਵਿੱਚ ਜਾਂਦੀ ਹੈ ਤਾਂ ਉਹ ਵੱਡਿਆਂ ਭਾਗਾਂ ਵਾਲੀ ਹੈ। ਕਿਉਂਕਿ ਉੱਥੇ ਉਸ ਦੇ ਭਾਗ ਬਦਲ ਜਾਂਦੇ ਹਨ।

ਉਸ ਜਨ ਦੀ ਸੰਗਤਿ ਵਿੱਚ ਉਸ ਆਤਮਾ ਦੀ ਇੱਕ ਪ੍ਰਭੂ ਨਾਲ ਲਿਵ (ਲਗਾਤਾਰੀ ਪ੍ਰੀਤਿ, ਪ੍ਰੇਮ ਦੀ ਭਾਵਨਾ) ਲੱਗ ਜਾਂਦੀ ਹੈ ਤੇ ਪ੍ਰਭੂ ਦੇ ਪਿਆਰ ਵਿੱਚ ਟਿਕ ਕੇ ਉਹ ਆਤਮਾ ਆਪ ਜਨ ਬਣ ਜਾਂਦੀ ਹੈ।

***ਗੁਨ ਗੋਬਿਦ ਕੀਰਤਨੁ ਜਨੁ ਗਾਵੈ ॥***

***ਗੁਰ ਪ੍ਰਸਾਦਿ ਨਾਨਕ ਫਲੁ ਪਾਵੈ ॥ ੮ ॥ ੧੬ ॥***

ਜਨ ਕੀ ਕਰਦਾ ਹੈ ? ਜਨ ਉਸ ਸਿਰਜਣਹਾਰ ਪ੍ਰਭੂ ਦੇ ਗੁਣ (ਜਸ) ਗਾਉਂਦਾ ਹੈ। 'ਕੀਰਤਨ' ਹੁੰਦਾ ਹੈ ਕੀਰਤੀ ਕਰਨੀ। ਕੀਰਤੀ ਹੁੰਦੀ ਹੈ – ਸੋਭਾ ਕਰਨੀ, ਵਡਿਆਈ ਕਰਨੀ, ਯਸ਼ ਕਰਨਾ, ਗੁਣ ਗਾਉਂਣੇ। ਜੋ ਉਸ ਪ੍ਰਭੂ ਦਾ ਸੇਵਕ ਹੈ ਉਹ ਗੋਬਿੰਦ ਦੇ ਗੁਣ ਗਾਉਂਦਾ ਹੈ।

ਗੁਰੂ ਦੀ ਕਿਰਪਾ ਦੁਆਰਾ ਹੇ ਨਾਨਕ ! ਉਸ ਨੂੰ ਸਭ ਫਲ ਪ੍ਰਾਪਤ ਹੁੰਦੇ ਹਨ, ਜੋ ਗੋਬਿੰਦ ਦੇ ਗੁਣ ਗਾਉਂਦਾ ਹੈ।

**H H H H H**

## *ਅਸਟਪਦੀ ੧੭ (ਪੰਨਾ ੨੮੫)*

## *ਸਲੋਕੁ ॥*
## *ਆਦਿ ਸਚੁ ਜੁਗਾਦਿ ਸਚੁ ॥*
## *ਹੈ ਭਿ ਸਚੁ ਨਾਨਕ ਹੋਸੀ ਭਿ ਸਚੁ ॥ ੧ ॥*

ਉਹ ਪ੍ਰਭੂ ਰਚਨਾ ਰਚਾਉਣ ਤੋਂ ਪਹਿਲਾਂ ਸਚ ਸੀ, ਜਗਤ ਰਚਨਾ ਕਰਨ ਵੇਲੇ ਸਚ ਸੀ, ਹੁਣ ਵੀ ਉਹ ਮਾਲਕ ਸਚ ਹੈ ਤੇ ਹੇ ਨਾਨਕ, ਉਸ ਨੇ ਅਗਾਂਹ ਨੂੰ ਵੀ ਸਚ ਰਹਿਣਾ ਹੈ (ਉਸ ਨੇ ਕਦੀ ਨਾਸ਼ ਨਹੀਂ ਹੋਣਾ)।

## *ਅਸਟਪਦੀ ॥*
## *ਚਰਨ ਸਤਿ ਸਤਿ ਪਰਸਨਹਾਰ ॥*
## *ਪੂਜਾ ਸਤਿ ਸਤਿ ਸੇਵਦਾਰ ॥*

ਉਸ ਦਾ ਸ਼ਬਦ ਸਤ ਹੈ ਤੇ ਸਤ ਉਹ ਆਤਮਾ ਹੋ ਜਾਂਦੀ ਹੈ, ਜਿਸਦੀ ਸੁਰਤਿ ਇਸ ਸ਼ਬਦ ਨਾਲ ਜੁੜ ਜਾਂਦੀ ਹੈ। ਉਹ ਆਤਮਾ ਵੀ ਸਦਾ ਕਾਇਮ ਹੋ ਜਾਂਦੀ ਹੈ, ਆਵਾਗਮਣ ਵਿੱਚ ਨਹੀਂ ਰਹਿੰਦੀ, ਪ੍ਰਭੂ ਵਿੱਚ ਸਮਾ ਜਾਂਦੀ ਹੈ।

ਉਸ ਪ੍ਰਭੂ ਦੀ ਪੂਜਾ ਸੱਚੀ ਹੈ। ਕੀ ਹੈ ਉਸ ਦੀ ਪੂਜਾ ? ਕਿ ਨਾਮ ਧਿਆਉਣਾ ਹੈ।

**H ਪੂਜਾ ਕੀਚੈ ਨਾਮੁ ਧਿਆਈਐ**
**ਬਿਨੁ ਨਾਵੈ ਪੂਜ ਨ ਹੋਇ ॥ ੧ ॥ ਰਹਾਉ ॥ (ਪੰਨਾ ੪੮੯)**

ਪੂਜਾ ਦਾ ਇਹ ਢੰਗ ਗੁਰਮੱਤਿ ਵਿੱਚ ਹੈ। ਨਾਮ ਦੇ ਧਿਆਨ ਵਿੱਚ ਜੋ ਆਤਮਾ ਚਲੀ ਜਾਵੇ, ਉਹ ਸਤ ਹੋ ਜਾਂਦੀ ਹੈ। ਜੋ ਆਤਮਾ ਉਸ ਪ੍ਰਭੂ ਦੀ ਸੇਵਾ ਵਿੱਚ ਟਿਕ ਜਾਵੇ, ਉਹ ਸਚ ਹੋ ਜਾਂਦੀ ਹੈ।

## *ਦਰਸਨੁ ਸਤਿ ਸਤਿ ਪੇਖਨਹਾਰ ॥*
## *ਨਾਮੁ ਸਤਿ ਸਤਿ ਧਿਆਵਨਹਾਰ ॥*

ਉਸ ਪ੍ਰਭੂ ਦਾ ਦਰਸ਼ਨ ਸਤ ਹੈ ਤੇ ਜੋ ਆਤਮਾ ਉਸ ਦਾ ਦਰਸ਼ਨ ਕਰ ਲੈਂਦੀ ਹੈ, ਉਹ ਆਤਮਾ ਵੀ ਸਤ (ਸਦੀਵੀ) ਹੋ ਜਾਂਦੀ ਹੈ।

ਰੱਬ ਜੀ ਦਾ ਨਾਮ (ਬਾਣੀ, ਸ਼ਬਦ) ਸਤ ਹੈ ਤੇ ਜੋ ਆਤਮਾ ਇਸ ਨੂੰ ਧਿਆਉਂਦੀ ਹੈ (ਜਿਸਦੀ ਲਿਵ ਇਸ ਵਿੱਚ ਲਗ ਜਾਂਦੀ ਹੈ), ਉਹ ਆਤਮਾ ਵੀ ਸਤ ਹੋ ਜਾਂਦੀ ਹੈ।

## *ਆਪਿ ਸਤਿ ਸਤਿ ਸਭ ਧਾਰੀ ॥*
## *ਆਪੇ ਗੁਣ ਆਪੇ ਗੁਣਕਾਰੀ ॥*

ਮਾਲਕ ਆਪ ਸੱਚਾ ਹੈ। ਉਸ ਸੱਚੇ ਨੇ ਹੀ ਸਭ ਰਚਨਾ ਨੂੰ ਧਾਰਨ ਕੀਤਾ ਹੋਇਆ ਹੈ (ਇਸ ਰਚਨਾ ਨੂੰ ਬਣਾ ਕੇ ਉਹ ਸੱਚਾ ਪਾਤਸ਼ਾਹ ਆਪ ਇਸ ਵਿੱਚ ਵਰਤ ਰਿਹਾ ਹੈ)।

ਗੁਣਾਂ ਦਾ ਮਾਲਕ (ਗੁਣਾਂ ਨੂੰ ਵਰਤਣ ਵਾਲਾ) ਵੀ ਉਹ ਹੈ ਤੇ ਗੁਣ ਵੀ ਉਸ ਦੇ ਹੀ ਹਨ। ਉਹ ਕਿਸੇ ਕੋਲੋਂ ਗੁਣ ਨਹੀਂ ਪ੍ਰਾਪਤ ਕਰਦਾ। ਉਹ ਸਭ ਜੀਵਾਂ ਨੂੰ ਗੁਣ ਦੇਣ ਦੇ ਸਮਰੱਥ ਹੈ। ਕੋਈ ਉਸ ਨੂੰ ਗੁਣ ਦੇ ਨਹੀਂ ਸਕਦਾ ਕਿਉਂਕਿ ਸਾਰੇ ਗੁਣ ਉਸ ਦੇ ਆਪਣੇ ਹਨ।

## *ਸਬਦੁ ਸਤਿ ਸਤਿ ਪ੍ਰਭੁ ਬਕਤਾ ॥*
## *ਸੁਰਤਿ ਸਤਿ ਸਤਿ ਜਸੁ ਸੁਨਤਾ ॥*

ਉਸ ਦਾ ਗਿਆਨ ਸਤ ਹੈ ਤੇ ਜੋ ਪ੍ਰਭੂ ਦੇ ਗਿਆਨ ਨੂੰ ਕਹਿੰਦਾ ਹੈ, ਦ੍ਰਿੜ ਕਰਦਾ ਹੈ, ਇਸ ਨੂੰ ਗਾਉਂਦਾ ਹੈ, ਸੁਣਦਾ ਹੈ, ਇਹਦੀ ਵੀਚਾਰ ਕਰਦਾ ਹੈ, ਉਹ ਵੀ ਸਤ ਹੋ ਜਾਂਦਾ ਹੈ।

ਸੋਝੀ ਉਹਦੀ ਸਤ ਹੋ ਜਾਂਦੀ ਹੈ, ਜਿਹੜਾ ਪ੍ਰਭੂ ਦਾ ਜਸ ਸੁਣਦਾ ਹੈ (ਜਸ ਵਿੱਚ ਲਿਵ ਲਾ ਲੈਂਦਾ ਹੈ) ਕਿਉਂਕਿ ਉਸ ਪ੍ਰਭੂ ਦਾ ਜਸ ਸਤ ਹੈ ਤੇ ਜੋ ਆਤਮਾ ਉਸ ਦੇ ਜਸ ਵਿੱਚ ਸਮਾ ਜਾਵੇ, ਉਹ ਸਤ ਹੋ ਜਾਂਦੀ ਹੈ।

## *ਬੁਝਨਹਾਰ ਕਉ ਸਤਿ ਸਭ ਹੋਇ ॥*
## *ਨਾਨਕ ਸਤਿ ਸਤਿ ਪ੍ਰਭੁ ਸੋਇ ॥ ੧ ॥*

ਜੋ ਉਸ ਨੂੰ ਬੁੱਝ ਲੈਂਦਾ ਹੈ (ਜਿਸ ਨੂੰ ਉਹ ਪ੍ਰਗਟ ਹੋ ਜਾਂਦਾ ਹੈ), ਉਸ ਨੂੰ ਸਭ ਥਾਂਈ ਉਹ ਸਤ ਹੀ ਨਜ਼ਰ ਆਉਂਦਾ ਹੈ। ਉਸ ਨੂੰ ਕੋਈ ਚੀਜ਼ ਵੀ ਉਸ ਸਤ ਤੋਂ ਬਗੈਰ ਨਜ਼ਰ ਨਹੀਂ ਆਉਂਦੀ। ਜਦੋਂ ਗੁਰੂ ਪਾਤਸ਼ਾਹ ਤੀਸਰੇ ਪਾਤਸ਼ਾਹ ਨੂੰ ਪ੍ਰਭੂ ਦੇ ਦਰਸ਼ਨ ਹੋਏ ਤਾਂ ਹਜ਼ੂਰ ਕਹਿੰਦੇ ਨੇ :-

**H ਏ ਨੇਤ੍ਰਹੁ ਮੇਰਿਹੋ ...........॥**
**ਏਹੁ ਵਿਸੁ ਸੰਸਾਰੁ ਤੁਮ ਦੇਖਦੇ**
**ਏਹੁ ਹਰਿ ਕਾ ਰੂਪੁ ਹੈ**
**ਹਰਿ ਰੂਪੁ ਨਦਰੀ ਆਇਆ ॥ (ਪੰਨਾ ੯੨੨)**

ਉਹਨੂੰ ਹਰੀ ਹੀ ਸਾਰੇ ਵਸਦਾ ਨਜ਼ਰ ਆਉਂਦਾ ਹੈ। ਫਿਰ ਗੁਰੂ ਪਾਤਸ਼ਾਹ ਕਹਿੰਦੇ ਨੇ :-

**H ਨਾਨਕ ਦ੍ਰਿਸਟੀ ਅਵਰੁ ਨ ਆਵੈ ॥ (ਪੰਨਾ ੨੭੭)**

ਭਾਈ, ਸਨੂੰ ਤਾਂ ਰੱਬ ਜੀ ਤੋਂ ਬਗੈਰ ਕੁਛ ਦਿਸਦਾ ਹੀ ਨਹੀਂ।

ਹੇ ਨਾਨਕ ! ਉਹ ਪ੍ਰਭੂ ਸਤ ਹੈ, ਉਹ ਸਤ ਹੈ, ਉਹ ਮਾਲਕ ਹੀ ਸਤ ਹੈ। ਤੇ ਜੋ ਆਤਮਾ ਉਸ ਸਤ ਵਿੱਚ ਸਮਾ ਜਾਵੇ ਤਾਂ ਉਹਨੂੰ ਹਰ ਥਾਂ ਤੇ ਸਤ ਹੀ ਦਿਸਦਾ ਹੈ ਤੇ ਉਹ ਆਤਮਾ ਆਪ ਸਤ ਹੋ ਜਾਂਦੀ ਹੈ।

## *ਸਤਿ ਸਰੂਪੁ ਰਿਦੈ ਜਿਨਿ ਮਾਨਿਆ ॥*
## *ਕਰਨ ਕਰਾਵਨ ਤਿਨਿ ਮੂਲੁ ਪਛਾਨਿਆ ॥*

ਉਸ ਹੋਂਦ (ਹਸਤੀ) ਨੂੰ (ਜਿਸ ਦੀ ਹਸਤੀ ਹੈ, Entity ਹੈ ਤੇ ਜੋ ਸਦਾ ਕਾਇਮ ਹੈ), ਜਿਸ ਨੇ ਉਸ ਹੋਂਦ (ਹਸਤੀ) ਨੂੰ ਮੰਨ ਲਇਆ,
ਉਹਨੂੰ ਜੜ ਪਤਾ ਲਗ ਗਈ ਕਿ ਸਾਰੀ ਰਚਨਾ ਕਿਉਂ ਹੋਈ, ਕਿਵੇਂ ਹੋਈ ਤੇ ਕਿਸ ਤਰਾਂ ਚਲ ਰਹੀ ਹੈ। ਉਹਨੂੰ ਪੂਰਨ ਗਿਆਨ ਹੋ ਜਾਂਦਾ ਹੈ।

## *ਜਾ ਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ ॥*
## *ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ ॥*

ਜਿਸ ਨੂੰ ਪ੍ਰਭੂ ਤੇ ਸੌ ਫੀਸਦੀ ਭਰੋਸਾ ਹੋ ਗਇਆ ਕਿ ਰੱਬ ਜੀ ਹੈ ਤੇ ਰੱਬ ਜੀ ਦੀ ਦ੍ਰਿੜਤਾ ਵਿੱਚ ਉਹ ਟਿਕ ਗਇਆ,
ਉਸ ਨੂੰ ਤੱਤ ਗਿਆਨ, ਜੋ ਅਸਲੀਅਤ ਹੈ (ਜੋ ਗਿਆਨ ਦਾ essence ਹੈ), ਉਸ ਦੇ ਮਨ ਵਿੱਚ ਪ੍ਰਗਟ ਹੋ ਜਾਂਦਾ ਹੈ।

## *ਭੈ ਤੇ ਨਿਰਭਉ ਹੋਇ ਬਸਾਨਾ ॥*
## *ਜਿਸ ਤੇ ਉਪਜਿਆ ਤਿਸੁ ਮਾਹਿ ਸਮਾਨਾ ॥*

ਪਹਿਲਾਂ ਇਹ ਆਤਮਾ ਭੈ ਵਿੱਚ ਸੀ। ਸਭ ਆਤਮਾਵਾਂ ਭੈ ਵਿੱਚ ਹਨ। ਨਿਰਭਉ ਤਾਂ ਕੇਵਲ ਇੱਕ ਪ੍ਰਭੂ ਹੀ ਹੈ। ਜੋ ਆਤਮਾ ਭੈ ਵਿੱਚ ਸੀ, ਜਦੋਂ ਉਹ ਨਿਰਭਉ ਪ੍ਰਭੂ ਵਿੱਚ ਸਮਾ ਗਈ,
ਜਿਸ ਤੋਂ ਆਤਮਾ ਉਪਜੀ ਸੀ, ਜਦੋਂ ਉਸ ਵਿੱਚ ਸਮਾ ਗਈ ਤਾਂ ਨਿਰਭਉ ਰੂਪ ਹੋ ਜਾਂਦੀ ਹੈ।

## *ਬਸਤੁ ਮਾਹਿ ਲੇ ਬਸਤੁ ਗਡਾਈ ॥*
## *ਤਾ ਕਉ ਭਿੰਨ ਨ ਕਹਨਾ ਜਾਈ ॥*

ਜਿਸ ਤਰਾਂ ਪਾਣੀ ਵਿੱਚ ਪਾਣੀ ਰੱਲ ਜਾਏ, ਹਵਾ ਵਿੱਚ ਹਵਾ ਰੱਲ ਜਾਵੇ ਤਾਂ ਇੱਕ ਮਿੱਕ ਹੋ ਜਾਂਦੀਆਂ ਹਨ। ਕੋਈ ਚੀਜ਼ (ਵਸਤੂ) ਉਸੇ ਵਰਗੀ ਚੀਜ਼ ਵਿੱਚ ਮਿਲਾ ਦਿੱਤੀ ਜਾਵੇ ਤਾਂ ਫਿਰ ਵੱਖਰੀ ਨਹੀਂ ਕੀਤੀ ਜਾ ਸਕਦੀ।

ਹਜ਼ੂਰ ਕਹਿੰਦੇ ਨੇ ਕਿ ਜੋ ਆਤਮਾ ਰੱਬ ਜੀ ਵਿੱਚ ਸਮਾ ਜਾਵੇ ਤਾਂ ਉਸ ਆਤਮਾ ਤੇ ਰੱਬ ਜੀ ਨੂੰ ਵੱਖਰਾ ਨਹੀਂ ਗਿਣਿਆ ਜਾ ਸਕਦਾ (ਕੋਈ ਵੱਖਰਾ ਨਹੀਂ ਕਹਿਆ ਜਾ ਸਕਦਾ ਕਿ ਇਹ ਉਹ ਆਤਮਾ ਹੈ ਤੇ ਇਹ ਰੱਬ ਜੀ ਹੈ)। ਹਜ਼ੂਰ ਕਬੀਰ ਜੀ ਕਹਿੰਦੇ ਨੇ :-

**H ਅਬ ਤਉ ਜਾਇ ਚਢੇ ਸਿੰਘਾਸਨਿ ਮਿਲੇ ਹੈ ਸਾਰਿੰਗਪਾਨੀ ॥**
**ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ ॥ (ਪੰਨਾ ੯੬੯)**

ਪਛਾਣ ਤੇ ਤਾਂ ਹੋਵੇ ਜੇ ਕੋਈ ਵੱਖਰੇਂਵਾ (ਭਿੰਨਤਾ) ਹੋਵੇ। ਹਜ਼ੂਰ ਕਹਿੰਦੇ ਨੇ ਕਿ ਕੋਈ ਵੱਖਰਾਪਨ ਰਹਿੰਦਾ ਹੀ ਨਹੀਂ।

## *ਬੂਝੈ ਬੂਝਨਹਾਰੁ ਬਿਬੇਕ ॥*

## *ਨਾਰਾਇਨ ਮਿਲੇ ਨਾਨਕ ਏਕ ॥ ੨ ॥*

ਉਸ ਰੱਬ ਜੀ ਨੂੰ ਜੋ ਬੁੱਝ ਲੈਂਦਾ ਹੈ, ਉਸ ਦੀ ਬਿਰਤੀ ਬਿਬੇਕ ਬੁੱਧ ਹੋ ਜਾਂਦੀ ਹੈ। ਸਹੀ ਪਰਖ ਦੀ ਬੁੱਧੀ (ਰੱਬ ਜੀ ਦਾ ਗਿਆਨ) ਉਸ ਦੇ ਅੰਦਰ ਪ੍ਰਗਟ ਹੋ ਜਾਂਦੀ ਹੈ।

ਉਹ ਨਾਰਾਇਣ, ਜੋ ਇੱਕ ਹੈ, ਹੇ ਨਾਨਕ, ਜਦੋਂ ਮਿਲ ਜਾਂਦਾ ਹੈ, ਤਾਂ ਆਤਮਾ ਉਸ ਦਾ ਰੂਪ ਹੋ ਜਾਂਦੀ ਹੈ (ਉਸ ਤੋਂ ਵਖਰੀ ਨਹੀਂ ਰਹਿੰਦੀ)।

## *ਠਾਕੁਰ ਕਾ ਸੇਵਕੁ ਆਗਿਆਕਾਰੀ ॥*

## *ਠਾਕੁਰ ਕਾ ਸੇਵਕੁ ਸਦਾ ਪੂਜਾਰੀ ॥*

ਜੋ ਆਤਮਾ ਮਾਲਕ ਦੀ ਸੇਵਕ ਬਣ ਜਾਂਦੀ ਹੈ (ਉਸ ਮਾਲਕ ਵਿੱਚ ਸਮਾ ਜਾਂਦੀ ਹੈ), ਉਹ ਹਮੇਸ਼ਾ ਉਸ ਦੇ ਭਾਣੇ ਵਿੱਚ ਚਲਦੀ ਹੈ।

ਉਹ ਆਤਮਾ ਸਦਾ ਉਸ ਦੀ ਪੂਜਾ ਵਿੱਚ ਰਹਿੰਦੀ ਹੈ। ਉਸ ਦੀ ਪੂਜਾ ਹੈ - ਉਸ ਦੇ ਨਾਮ ਦੇ ਧਿਆਨ ਵਿੱਚ ਰਹਿਣਾ। ਉਸ ਨੂੰ ਨਾਮ ਦੀ ਲਿਵ (ਪ੍ਰੀਤਿ) ਲੱਗੀ ਰਹਿੰਦੀ ਹੈ।

## *ਠਾਕੁਰ ਕੇ ਸੇਵਕ ਕੈ ਮਨਿ ਪਰਤੀਤਿ ॥*

## *ਠਾਕੁਰ ਕੇ ਸੇਵਕ ਕੀ ਨਿਰਮਲ ਰੀਤਿ ॥*

ਕਿਉਂਕਿ ਉਸਨੂੰ ਪ੍ਰਗਟ ਹੋ ਜਾਂਦਾ ਹੈ ਪ੍ਰਭੂ ਦਾ ਗਿਆਨ ਤੇ ਰੱਬ ਜੀ, ਇਸ ਲਈ ਉਸ ਨੂੰ ਸੌ ਫੀਸਦੀ ਦ੍ਰਿੜਤਾ (ਯਕੀਨ, ਅਮੰਨਾ, faith) ਆ ਜਾਂਦੀ ਹੈ (ਕੋਈ ਵੀ ਸ਼ੰਕਾ ਬਾਕੀ ਨਹੀਂ ਰਹਿੰਦਾ)।

ਉਸ ਦੀ ਜੀਵਨ ਚਾਲ ਨਿਰਮਲ ਹੋ ਜਾਂਦੀ ਹੈ। ਉਸ ਦਾ ਕਰਮ ਨਿਰਲੇਪ (ਹਉਮੈ ਦੀ ਮੈਲ ਤੋਂ ਰਹਿਤ) ਹੋ ਜਾਦਾ ਹੈ।

## *ਠਾਕੁਰ ਕਉ ਸੇਵਕੁ ਜਾਨੈ ਸੰਗਿ ॥*

## *ਪ੍ਰਭ ਕਾ ਸੇਵਕੁ ਨਾਮ ਕੈ ਰੰਗਿ ॥*

ਜੋ ਠਾਕੁਰ ਦਾ ਸੇਵਕ ਹੈ, ਉਹ ਉਸਨੂੰ ਹਮੇਸ਼ਾ ਅੰਗ ਸੰਗ ਜਾਣਦਾ ਹੈ।

ਉਹ ਨਾਮ ਦੇ ਪਿਆਰ ਵਿੱਚ ਹੀ ਹਮੇਸ਼ਾ ਟਿਕਿਆ ਰਹਿੰਦਾ ਹੈ।

## *ਸੇਵਕ ਕਉ ਪ੍ਰਭ ਪਾਲਨਹਾਰਾ ॥*

## *ਸੇਵਕ ਕੀ ਰਾਖੈ ਨਿਰੰਕਾਰਾ ॥*

ਮਾਲਕ ਆਪਣੇ ਸੇਵਕ ਦੀ ਪਾਲਣਾ ਕਰਦਾ ਹੈ।

ਹਰ ਢੰਗ ਨਾਲ ਉਸ ਨੂੰ ਹਰ ਉਸ ਚੀਜ਼ ਤੋਂ ਬਚਾਉਂਦਾ ਹੈ, ਜੋ ਚੀਜ਼ ਦੁਖਦਾਇਕ ਹੋਵੇ। ਉਹ ਪ੍ਰਭੂ ਪਾਲਣਾ ਕਰਦਾ ਹੈ ਤੇ ਉਸ (ਸੇਵਕ) ਦੀ ਲਾਜ ਉਹ ਨਿਰੰਕਾਰ ਪ੍ਰਭੂ ਰੱਖਦਾ ਹੈ।

## *ਸੋ ਸੇਵਕੁ ਜਿਸੁ ਦਇਆ ਪ੍ਰਭੁ ਧਾਰੈ ॥*

## *ਨਾਨਕ ਸੋ ਸੇਵਕੁ ਸਾਸਿ ਸਾਸਿ ਸਮਾਰੈ ॥ ੩ ॥*

ਸੇਵਕ ਉਹ ਹੈ, ਜਿਸ ਤੇ ਮਾਲਕ ਦਇਆ ਕਰ ਦੇਵੇ।

ਉਸ ਤੇ ਪ੍ਰਭੂ ਦਇਆ ਕਰ ਦੇਵੇ ਤਾਂ ਉਹ ਸੇਵਕ ਸਾਸ ਸਾਸ ਉਸ ਮਾਲਕ ਨੂੰ ਪ੍ਰੇਮ ਨਾਲ ਚੇਤੇ ਕਰਦਾ ਰਹਿੰਦਾ ਹੈ। ਉਹ ਰੱਬ ਜੀ ਨੂੰ ਕਦੀ ਨਹੀਂ ਭੁੱਲਦਾ।

## *ਅਪੁਨੇ ਜਨ ਕਾ ਪਰਦਾ ਢਾਕੈ ॥*

## *ਅਪਨੇ ਸੇਵਕ ਕੀ ਸਰਪਰ ਰਾਖੈ ॥*

ਪ੍ਰਭੂ ਆਪਣੇ ਦਾਸ ਦਾ ਪੜਦਾ ਢੱਕ ਲੈਂਦਾ ਹੈ, ਉਸ ਦੇ ਅਉਗਣ ਨਹੀਂ ਚਿਤਾਰਦਾ, ਉਸ ਨੂੰ ਕਰਮਾਂ ਦਾ ਫਲ ਨਹੀਂ ਬਖਸ਼ਦਾ।

ਪ੍ਰਭੂ ਆਪਣੇ ਸੇਵਕ ਦੀ ਅਵੱਸ਼ ਹੀ ਲਾਜ ਰੱਖਦਾ ਹੈ।

***ਅਪਨੇ ਦਾਸ ਕਉ ਦੇਇ ਵਡਾਈ ॥***

***ਅਪਨੇ ਸੇਵਕ ਕਉ ਨਾਮੁ ਜਪਾਈ ॥***

ਪ੍ਰਭੂ ਆਪਣੇ ਦਾਸ ਨੂੰ ਸੋਭਾ ਬਖਸ਼ਦਾ ਹੈ।
ਉਹ ਆਪਣੇ ਸੇਵਕ ਨੂੰ ਆਪਨਾ ਨਾਮ ਜਪਾਉਂਦਾ ਹੈ।

***ਅਪਨੇ ਸੇਵਕ ਕੀ ਆਪਿ ਪਤਿ ਰਾਖੈ ॥***

***ਤਾ ਕੀ ਗਤਿ ਮਿਤਿ ਕੋਇ ਨ ਲਾਖੈ ॥***

ਪ੍ਰਭੂ ਅਪਨੇ ਸੇਵਕ ਦੀ ਲਾਜ ਆਪ ਰੱਖਦਾ ਹੈ।

ਉਸ ਦਾ ਸੇਵਕ ਕਿੱਡਾ ਵੱਡਾ ਹੋ ਜਾਂਦਾ ਹੈ ਤੇ ਉਸਦੀ ਗਤੀ (ਅਵਸਥਾ) ਤੇ ਮਿਣਤੀ (ਵਡਿਆਈ) ਕਿੱਡੀ ਹੈ (ਕਿ ਉਹ ਕਿਸ ਅਵਸਥਾ ਵਿੱਚ ਪਹੁੰਚ ਜਾਂਦਾ ਹੈ ਤੇ ਉਸ ਦੀ ਵਡਿਆਈ ਕਿੱਡੀ ਹੈ), ਹਜ਼ੂਰ ਕਹਿੰਦੇ ਨੇ ਕਿ ਕੋਈ ਲਖ (ਜਾਣ) ਨਹੀਂ ਸਕਦਾ। ਹੁਕਮ ਹੈ :-

**H ਕਿਨਕਾ ਏਕ ਜਿਸੁ ਜੀਅ ਬਸਾਵੈ ॥**
**ਤਾ ਕੀ ਮਹਿਮਾ ਗਨੀ ਨ ਆਵੈ ॥** (ਪੰਨਾ ੨੬੨)

ਐਸਾ ਪ੍ਰਭੂ ਦਾ ਨਾਮ ਹੈ।

***ਪ੍ਰਭ ਕੇ ਸੇਵਕ ਕਉ ਕੋ ਨ ਪਹੂਚੈ ॥***

***ਪ੍ਰਭ ਕੇ ਸੇਵਕ ਊਚ ਤੇ ਊਚੇ ॥***

ਰੱਬ ਜੀ ਦੇ ਸੇਵਕ ਦੀ ਬਰਾਬਰਤਾ ਤਾਂ ਕੋਈ ਕਰ ਹੀ ਨਹੀਂ ਸਕਦਾ।
ਪ੍ਰਭੂ ਦਾ ਸੇਵਕ ਤਾਂ ਸਭ ਤੋਂ ਉੱਚਾ, ਸਭ ਤੋਂ ਉੱਚਾ, ਸਭ ਤੋਂ ਉੱਚਾ ਹੋ ਜਾਂਦਾ ਹੈ ਕਿਉਂਕਿ ਭਗਵਾਨ ਰੂਪ ਹੋ ਜਾਂਦਾ ਹੈ।

***ਜੋ ਪ੍ਰਭਿ ਅਪਨੀ ਸੇਵਾ ਲਾਇਆ ॥***

***ਨਾਨਕ ਸੋ ਸੇਵਕੁ ਦਹ ਦਿਸਿ ਪ੍ਰਗਟਾਇਆ ॥ ੪ ॥***

ਜਿਸ ਨੂੰ ਪ੍ਰਭੂ ਆਪਣੀ ਸੇਵਾ ਵਿੱਚ ਲਾ ਲੈਂਦਾ ਹੈ,
ਹੇ ਨਾਨਕ, ਉਸ ਸੇਵਕ ਦੀ ਸੋਭਾ ਸੰਸਾਰ ਵਿੱਚ ਫੈਲ ਜਾਂਦੀ ਹੈ।

***ਨੀਕੀ ਕੀਰੀ ਮਹਿ ਕਲ ਰਾਖੈ ॥***

***ਭਸਮ ਕਰੈ ਲਸਕਰ ਕੋਟਿ ਲਾਖੈ ॥***

ਮਾਲਕ ਇੱਡਾ ਸਮਰੱਥ ਹੈ ਕਿ ਜੇ ਉਹ ਨਿੱਕੀ ਜੇਹੀ ਕੀੜੀ ਵਿੱਚ ਆਪਣੀ ਸ਼ਕਤੀ ਰੱਖ ਦੇਵੇ ਤਾਂ ਇੰਨੀ ਸ਼ਕਤੀ ਰੱਖ ਸਕਦਾ ਹੈ ਕਿ ਉਹ ਕੀੜੀ ਲੱਖਾਂ ਕਰੋੜਾਂ ਫੌਜਾਂ ਨੂੰ ਨਾਸ਼ ਕਰਨ ਦੇ ਸਮਰੱਥ ਹੋ ਜਾਂਦੀ ਹੈ ਕਿਉਂਕਿ ਬਲ ਸਾਰਾ ਪ੍ਰਭੂ ਦਾ ਹੈ। ਚੀਜ਼ਾਂ ਵਿੱਚ ਕੋਈ ਬਲ ਨਹੀਂ। ਜਿਹੜਾ ਬਲ ਉਹ ਪਾ ਦੇਵੇ, ਉਹ ਬਲ ਹੀ ਜੀਵ ਇਸਤੇਮਾਲ ਕਰ ਸਕਦਾ ਹੈ। ਜੇ ਨਿੱਕੀ ਤੋਂ ਨਿੱਕੀ ਕੀੜੀ ਵਰਗੀ ਆਤਮਾ ਨੂੰ ਵੀ ਉਹ ਆਪਣਾ ਬਲ ਬਖਸ਼ ਦੇਵੇ ਤਾਂ ਉਸ ਦੀ ਸਮਰੱਥਾ ਇੱਡੀ ਵੱਡੀ ਹੋ ਜਾਂਦੀ ਹੈ ਕਿ ਲੱਖਾ ਕਰੋੜਾਂ ਫੌਜਾਂ ਵੀ ਉਸ ਨੂੰ ਹਰਾ ਨਹੀਂ ਸਕਦੀਆਂ। ਉਹ ਸਭ ਫੌਜਾਂ ਨੂੰ ਨਾਸ ਕਰ ਸਕਦੀ ਹੈ।

***ਜਿਸ ਕਾ ਸਾਸੁ ਨ ਕਾਢਤ ਆਪਿ ॥***

***ਤਾ ਕਉ ਰਾਖਤ ਦੇ ਕਰਿ ਹਾਥ ॥***

ਜਿਸ ਨੂੰ ਮਾਲਕ ਬਚਾਵੇ (ਨਾ ਮਾਰੇ), ਉਹਨੂੰ ਉਹ ਹੱਥ ਦੇ ਕੇ ਰੱਖ ਲੈਂਦਾ ਹੈ। ਉਹਨੂੰ ਕੋਈ ਮਾਰ ਨਹੀਂ ਸਕਦਾ। ਜਦੋਂ ਮੁਗਲਾਂ ਤੇ ਪਠਾਨਾਂ ਦੀ ਲੜਾਈ ਹੋਈ ਤੇ ਹਜ਼ੂਰ ਨੇ ਉਹ ਵੇਖੀ, ਤਾਂ ਹਜ਼ੂਰ ਆਪਣਾ ਅਨੁਭਵ ਦਸਦੇ ਨੇ :-

**H ਮੁਗਲ ਪਠਾਨਾ ਭਈ ਲੜਾਈ ॥**
**ਉਨਾਂ ਤੁਪਕ ਤਾਣਿ ਚਲਾਈ ਉਨਾਂ ਹਸਤ ਚੜਾਈ ॥**

ਹਜ਼ੂਰ ਕਹਿੰਦੇ ਨੇ ਕਿ ਮੁਗਲਾਂ ਨੇ ਤੋਪਾਂ ਚਲਾਈਆਂ, ਤੀਰ ਚਲਾਏ ਤੇ ਪਠਾਨਾਂ ਨੇ ਇਧਰੋਂ ਹਾਥੀ ਚੜਾਏ। ਤੇ ਅੱਗੇ ਆਪਣਾ ਸਿੱਧਾਂਤ ਦੇ ਦਿੱਤਾ (ਰੱਬ ਜੀ ਦੇ ਹੁਕਮ ਦਾ) :-

**H ਜਿਨ ਕੀ ਕੀਰੀ ਦਰਗਹ ਫਾਟੀ ਤਿਨ੍ਾ ਮਰਨਾ ਭਾਈ ॥**

ਭਾਈ, ਮਰੇ ਤਾਂ ਉਹ, ਜਿਨ੍ਹਾਂ ਦੀ ਮੌਤ ਦਾ ਹੁਕਮ ਹੋ ਗਇਆ ਸੀ। ਇਹ ਜੋ ਕਾਰਨਾਮਾ ਹੋਇਆ, ਇਹਦੇ ਵਿੱਚ ਕਰਨ ਵਾਲੇ ਕੁਛ ਨਹੀਂ ਕਰ ਰਹੇ। ਜਿਸ ਤਰਾਂ ਮਾਲਕ ਦਾ ਹੁਕਮ ਹੋਇਆ, ਉਹ ਲੀਲਾ ਵਰਤ ਰਹੀ ਹੈ। ਸੋ ਮਾਲਕ ਜਿਹਨੂੰ ਬਚਾਉਣਾ ਚਾਹਵੇ ਤਾਂ ਹਰ ਥਾਂ ਤੇ ਬਚਾ ਸਕਦਾ ਹੈ, ਜੇ ਉਹ ਆਪ ਦਇਆ ਕਰੇ (ਫਿਰ ਉਹ ਉਹਦਾ ਸਾਸ ਨਹੀਂ ਕੱਢਦਾ)।

***ਮਾਨਸ ਜਤਨ ਕਰਤ ਬਹੁ ਭਾਤਿ ॥***

***ਤਿਸ ਕੇ ਕਰਤਬ ਬਿਰਥੇ ਜਾਤਿ ॥***

ਜੇ ਐਸੀ ਆਤਮਾ ਦਾ ਨੁਕਸਾਨ ਕਰਨ ਲਈ ਮਨੁੱਖ ਅਨੇਕਾਂ ਯਤਨ ਕਰਨ,

ਤਾਂ ਉਹਨਾਂ ਦੀ ਕੀਤੀ ਹੋਈ ਮੇਹਨਤ ਐਵੇਂ ਅਜਾਂਈ ਹੀ ਜਾਂਦੀ ਹੈ ਕਿਉਂਕਿ ਜਿਹਨੂੰ ਮਾਲਕ ਬਚਾਵੇ, ਉਹਦਾ ਕੋਈ ਨੁਕਸਾਨ ਨਹੀਂ ਕਰ ਸਕਦਾ।

***ਮਾਰੈ ਨ ਰਾਖੈ ਅਵਰੁ ਨ ਕੋਇ ॥***

***ਸਰਬ ਜੀਆ ਕਾ ਰਾਖਾ ਸੋਇ ॥***

ਮਾਰਨ ਵਾਲਾ ਤੇ ਰੱਖਣ ਵਾਲਾ ਉਹ ੧ੳੱਹੀ ਹੈ।

ਸਭ ਦੀ ਰੱਖਿਆ ਕਰਨ ਵਾਲਾ ਉਹੀ ਹੈ (ਉਸ ਦਾ ਹੀ ਹੁਕਮ ਵਰਤਦਾ ਹੈ)।

***ਕਾਹੇ ਸੋਚ ਕਰਹਿ ਰੇ ਪ੍ਰਾਣੀ ॥***

***ਜਪਿ ਨਾਨਕ ਪ੍ਰਭ ਅਲਖ ਵਿਡਾਣੀ ॥ ੫ ॥***

ਹਜ਼ੂਰ ਕਹਿੰਦੇ ਨੇ ਕਿ ਮਨਾਂ, ਤੂੰ ਕਿਉਂ ਹੋਰ ਸੋਚਾਂ ਸੋਚਦਾ ਰਹਿੰਦਾ ਹੈ ? ਅਸਲ ਕੰਮ (ਜਿਸ ਕੰਮ ਲਈ ਤੂੰ ਆਇਆ ਹੈਂ) ਤੂੰ ਕਰ।

ਹੇ ਨਾਨਕ ! ਜੋ ਅਲਖ ਹੈ (ਜੋ ਲਖਤਾ ਵਿੱਚ ਨਹੀਂ ਆਉਂਦਾ, ਸਮਝ ਤੋਂ ਪਰੇ ਹੈ), ਜੋ ਵਡਾਣੀ (ਅਸਚਰਜ ਰੂਪ) ਹੈ, ਤੂੰ ਉਸ ਪ੍ਰਭੂ ਨੂੰ ਜਪ। ਇਸ ਕੰਮ ਤੂੰ ਆਇਆ ਹੈਂ। ਹਜ਼ੂਰ ਨੇ ਪਹਿਲਾਂ ਉਸ ਪ੍ਰਭੂ ਦੀ ਸਮਰੱਥਾ ਦੱਸੀ ਹੈ ਕਿ ਉਹ ਕਿੱਡਾ ਵੱਡਾ ਹੈ ਤੇ ਕਹਿੰਦੇ ਨੇ ਕਿ ਤੂੰ ਉਸ ਪ੍ਰਭੂ ਨਾਲ ਜੁੜ, ਜਿਹਦੀ ਇਤਨੀ ਸ਼ਕਤੀ ਹੈ। ਜਿਹੜਾ ਨਿੱਕੀ ਕੀੜੀ ਵਿੱਚ ਸ਼ਕਤੀ ਰੱਖ ਦੇਵੇ ਤਾਂ ਉਹ ਕੀੜੀ ਕਰੋੜਾਂ ਅਰਬਾਂ ਫੌਜਾਂ ਨਾਸ ਕਰ ਸਕਦੀ ਹੈ। ਜਿਹੜੀ ਉਹ ਰੱਖਿਆ ਕਰੇ, ਉਹਨੂੰ ਭਾਈ ਕੋਈ ਮਾਰ ਨਹੀਂ ਸਕਦਾ। ਜੇ ਸੰਸਾਰ ਦੇ ਸਾਰੇ ਜੀਵ ਰੱਲ ਕੇ ਵੀ ਉਹਦਾ ਨੁਕਸਾਨ ਕਰਨ ਦਾ ਯਤਨ ਕਰਨ ਤਾਂ ਵੀ ਉਹਨਾਂ ਦਾ ਕੰਮ ਸਿਰੇ ਨਹੀਂ ਲਗਦਾ (ਉਨ੍ਹਾਂ ਦੀ ਮੇਹਨਤ ਫਜ਼ੂਲ ਜਾਂਦੀ ਹੈ) ਕਿਉਂਕਿ ਮਾਰਨ ਤੇ ਰੱਖਣ ਵਾਲਾ ਉਹ ਪ੍ਰਭੂ ਆਪ ਹੀ ਹੈ। ਮਨਾਂ, ਤੂੰ ਹੋਰ ਸੋਚਾਂ ਵਿੱਚ ਨਾ ਪਉ। ਤੂੰ ਉਸ ਅਜਬ ਤੇ ਲਖਤਾ (ਸਮਝ) ਤੋਂ ਰਹਿਤ ਪ੍ਰਭੂ ਨੂੰ ਜਪ, ਉਸ ਨੂੰ ਜਾਣ, ਉਸ ਦੀ ਚਰਨ ਸ਼ਰਨ ਲੈ।

***ਬਾਰੰ ਬਾਰ ਬਾਰ ਪ੍ਰਭੁ ਜਪੀਐ ॥***

***ਪੀ ਅੰਮ੍ਰਿਤੁ ਇਹੁ ਮਨੁ ਤਨੁ ਧ੍ਰਪੀਐ ॥***

ਤੂੰ ਪ੍ਰਭੂ ਦਾ ਨਾਮ ਬਾਰ ਬਾਰ ਜਪ, ਬਾਰ ਬਾਰ ਜਪ, ਬਾਰ ਬਾਰ ਜਪ।

ਇਹ ਨਾਮ ਅੰਮ੍ਰਿਤ ਪੀ। ਇਹ ਪੀਣ ਨਾਲ ਤੇਰਾ ਮਨ ਵੀ ਰੱਜ ਜਾਉ, ਭਾਈ, ਤੇਰਾ ਤਨ ਵੀ ਰੱਜ ਜਾਉ। ਤੇਰੀ ਕੋਈ ਇੱਛਾ ਬਾਕੀ ਨਾ ਰਹੂ।

***ਨਾਮ ਰਤਨੁ ਜਿਨਿ ਗੁਰਮੁਖਿ ਪਾਇਆ ॥***

***ਤਿਸੁ ਕਿਛੁ ਅਵਰੁ ਨਾਹੀ ਦ੍ਰਿਸਟਾਇਆ ॥***

ਜਿਸ ਕਿਸੇ ਨੂੰ ਗੁਰਮੁਖਿ ਬਣ ਕੇ ਪ੍ਰਭੂ ਦਾ ਨਾਮ ਹੀਰਾ ਮਿਲ ਜਾਵੇ,

ਉਸ ਨੂੰ ਕੋਈ ਵੀ ਹੋਰ ਗੱਲ ਚੰਗੀ ਨਹੀਂ ਲਗਦੀ। ਉਹ ਫਿਰ ਪ੍ਰਭੂ ਨਾਮ ਵਿੱਚ ਹੀ ਜੁੜਿਆ ਰਹਿੰਦਾ ਹੈ।

***ਨਾਮੁ ਧਨੁ ਨਾਮੋ ਰੂਪੁ ਰੰਗੁ ॥***

***ਨਾਮੋ ਸੁਖੁ ਹਰਿ ਨਾਮ ਕਾ ਸੰਗੁ ॥***

ਨਾਮ ਹੀ ਉਸਦਾ ਧਨ (ਦੌਲਤ) ਬਣ ਜਾਂਦਾ ਹੈ, ਨਾਮ ਹੀ ਉਸ ਦਾ ਰੂਪ ਰੰਗ (Personality) ਹੋ ਜਾਂਦਾ ਹੈ। ਨਾਮ ਹੀ ਉਸਦੀ ਆਭਾ ਹੋ ਜਾਂਦਾ ਹੈ।

ਨਾਮ ਤੋਂ ਹੀ ਉਹ ਸੁੱਖ ਪ੍ਰਾਪਤ ਕਰਦਾ ਹੈ ਤੇ ਨਾਮ ਨਾਲ ਹੀ ਹਮੇਸ਼ਾ ਜੁੜਿਆ ਰਹਿੰਦਾ ਹੈ।

## *ਨਾਮ ਰਸਿ ਜੋ ਜਨ ਤ੍ਰਿਪਤਾਨੇ ॥*
## *ਮਨ ਤਨ ਨਾਮਹਿ ਨਾਮਿ ਸਮਾਨੇ ॥*

ਨਾਮ ਦੇ ਰਸ ਵਿੱਚ ਜੋ ਜੀਵ ਤ੍ਰਿਪਤ ਹੋ ਜਾਂਦੇ ਹਨ,
ਉਹ ਮਨ ਕਰਕੇ ਤੇ ਤਨ ਕਰਕੇ ਨਾਮ ਵਿੱਚ ਹੀ ਸਮਾਏ ਰਹਿੰਦੇ ਹਨ।

## *ਊਠਤ ਬੈਠਤ ਸੋਵਤ ਨਾਮ ॥*
## *ਕਹੁ ਨਾਨਕ ਜਨ ਕੈ ਸਦ ਕਾਮ ॥ ੬ ॥*

ਐਸੇ ਜੀਵ, ਜੋ ਨਾਮ ਵਿੱਚ ਲੀਨ ਹੋ ਜਾਂਦੇ ਹਨ, ਹਮੇਸ਼ਾ ਹਮੇਸ਼ਾ ਨਾਮ ਵਿੱਚ ਹੀ ਜੁੜੇ ਰਹਿੰਦੇ ਹਨ।
ਤੇ ਨਾਮ ਹੀ ਉਹਨਾਂ ਦੇ ਕੰਮ ਦੀ ਵਸਤੂ ਹੈ। ਉਹ ਨਾਮ ਵਿੱਚ ਹੀ ਲੀਨ ਰਹਿੰਦੇ ਹਨ, ਨਾਮ ਵਿੱਚ ਹੀ ਸਮਾਏ ਰਹਿੰਦੇ ਹਨ।

## *ਬੋਲਹੁ ਜਸੁ ਜਿਹਬਾ ਦਿਨੁ ਰਾਤਿ ॥*
## *ਪ੍ਰਭਿ ਅਪਨੈ ਜਨ ਕੀਨੀ ਦਾਤਿ ॥*

ਹੇ ਮੇਰੀ ਜਿਹਬਾ (ਰਸਨਾ), ਤੂੰ ਦਿਨ ਰਾਤ ਉਸ ਪ੍ਰਭੂ ਦਾ ਜਸ ਕਰਦੀ ਰਹੋ, ਉਸ ਦੇ ਗੁਣ ਵੀਚਾਰਦੀ, ਗਾਉਂਦੀ, ਧਿਆਉਂਦੀ ਰਹੋ (ਉਸ ਦੇ ਗੁਣਾਂ ਵਿੱਚ ਟਿਕੀ ਰਹੋ)।

ਪ੍ਰਭੂ ਨੇ ਅਪਨੇ ਦਾਸ ਨੂੰ ਇਹ ਦਾਨ ਦਿੱਤਾ ਹੁੰਦਾ ਹੈ (ਆਪਣੀ ਸਿਫਤਿ ਸਲਾਹ ਦਾ) ਤੇ ਉਸ ਦਾ ਦਾਸ ਪ੍ਰਭੂ ਦੀ ਸਿਫਤਿ ਸਲਾਹ ਵਿੱਚ ਹੀ ਟਿੱਕਿਆ ਰਹਿੰਦਾ ਹੈ।

## *ਕਰਹਿ ਭਗਤਿ ਆਤਮ ਕੈ ਚਾਇ ॥*
## *ਪ੍ਰਭ ਅਪਨੇ ਸਿਉ ਰਹਹਿ ਸਮਾਇ ॥*

ਉਸ ਪ੍ਰਭੂ ਦੇ ਸੇਵਕ ਉਸ ਪ੍ਰਭੂ ਦੀ ਭਗਤੀ (ਉਸ ਨੂੰ ਪਿਆਰ ਨਾਲ ਯਾਦ) ਅਪਨੀ ਆਤਮਾ ਦੇ ਚਾਅ (ਰੀਝ) ਨਾਲ ਕਰਦੇ ਹਨ, ਕਿਸੇ ਮਜਬੂਰੀ ਲਈ ਯਾਦ ਨਹੀਂ ਕਰਦੇ। ਉਨ੍ਹਾਂ ਨੂੰ ਉਸ ਨਾਲ ਇੰਨੀ ਪ੍ਰੀਤਿ ਹੋ ਜਾਂਦੀ ਹੈ ਕਿ ਉਸ ਪਿਆਰ ਦੇ ਚਾਅ ਵਿੱਚ (ਚੰਗੀ ਭਾਵਨਾ ਵਿੱਚ) ਉਸ ਨੂੰ ਯਾਦ ਕਰਦੇ ਹਨ ਤੇ ਪ੍ਰਭੂ ਨਾਲ ਉਸਦੇ ਸੇਵਕ ਜੁੜੇ ਰਹਿੰਦੇ ਹਨ।

## *ਜੋ ਹੋਆ ਹੋਵਤ ਸੋ ਜਾਨੈ ॥*
## *ਪ੍ਰਭ ਅਪਨੇ ਕਾ ਹੁਕਮੁ ਪਛਾਨੈ ॥*

ਜੋ ਵੀ ਹੁੰਦਾ ਹੈ, ਉਸ ਦੇ ਸੇਵਕ ਏਹੀ ਮੰਨਦੇ ਹਨ ਕਿ ਇਹ ਪ੍ਰਭੂ ਦਾ ਹੁਕਮ ਹੈ, ਤਾਂ ਹੋਇਆ ਹੈ।

ਉਹ ਪ੍ਰਭੂ ਦੇ ਹੁਕਮ ਨੂੰ ਪਛਾਣਦੇ ਹਨ। ਜੋ ਕੁਛ ਵੀ ਰਚਨਾ ਹੋ ਰਹਿਆ ਹੈ, ਉਹ ਮਾਲਕ  ਦਾ ਹੁਕਮ ਵਰਤਦਾ ਵੇਖ ਕੇ ਉਸ ਦੇ ਭਾਣੇ ਵਿੱਚ ਹੀ ਰਹਿੰਦੇ ਹਨ।

## *ਤਿਸ ਕੀ ਮਹਿਮਾ ਕਉਨ ਬਖਾਨਉ ॥*
## *ਤਿਸ ਕਾ ਗੁਨੁ ਕਹਿ ਏਕ ਨ ਜਾਨਉ ॥*

ਹਜ਼ੂਰ ਗੁਰੂ ਪਾਤਸ਼ਾਹ ਕਹਿੰਦੇ ਨੇ ਕਿ ਐਸੀ ਜੀਵ ਆਤਮਾ ਦੀ ਸੋਭਾ ਮੈਂ ਕਰ ਨਹੀਂ ਸਕਦਾ ਕਿਉਂਕਿ ਉਹ ਆਤਮਾ ਬੇਅੰਤ ਹੋ ਜਾਂਦੀ ਹੈ।

ਉਸ ਆਤਮਾ ਦਾ ਤਾਂ ਮੈਂ ਇੱਕ ਗੁਣ ਵੀ ਨਹੀਂ ਜਾਣ ਸਕਦਾ, ਭਾਵ ਇਹ ਹੈ ਕਿ ਮੈਂ ਉਹਦੇ ਇੱਕ ਗੁਣ ਦੀ ਵੀ ਗਿਣਤੀ ਮਿਣਤੀ ਨਹੀਂ ਕਰ ਸਕਦਾ। ਉਹ ਆਤਮਾ ਤਾਂ ਬੇਅੰਤ ਗੁਣਾਂ ਦਾ ਬੇਅੰਤ ਭੰਡਾਰਾ ਹੋ ਜਾਂਦੀ ਹੈ।

## *ਆਠ ਪਹਰ ਪ੍ਰਭ ਬਸਹਿ ਹਜੂਰੇ ॥*
## *ਕਹੁ ਨਾਨਕ ਸੇਈ ਜਨ ਪੂਰੇ ॥ ੭ ॥*

ਅੱਠੇ ਪਹਿਰ (ਲਗਾਤਾਰ, ਹਮੇਸ਼ਾ ਹਮੇਸ਼ਾ) ਜੋ ਪ੍ਰਭੂ ਦੀ ਹਜ਼ੂਰੀ ਵਿੱਚ ਵਸਦੇ ਹਨ (ਜਿਨ੍ਹਾਂ ਦੇ ਪ੍ਰਭੂ ਅੰਗ ਸੰਗ ਰਹਿੰਦਾ ਹੈ),
ਹੇ ਨਾਨਕ ! ਉਹੀ ਉਸ ਦੇ ਪੂਰੇ ਸੇਵਕ (ਦਾਸ) ਹਨ।

## *ਮਨ ਮੇਰੇ ਤਿਨ ਕੀ ਓਟ ਲੇਹਿ ॥*
## *ਮਨੁ ਤਨੁ ਅਪਨਾ ਤਿਨ ਜਨ ਦੇਹਿ ॥*

ਹੇ ਮੇਰੇ ਮਨਾਂ, ਤੂੰ ਐਸੇ ਜਨਾਂ ਦਾ ਆਸਰਾ ਲੈ।

ਆਪਣਾ ਤਨ ਤੇ ਮਨ ਉਹਨਾਂ ਨੂੰ ਭੇਟਾ ਕਰਦੇ। ਮਨ ਭੇਟਾ ਕਰਨਾ ਕੀ ਹੈ, ਕਿ ਆਪਣੇ ਮਨ ਦੀ ਸੋਚ ਉਨ੍ਹਾਂ ਦੇ ਹੁਕਮ ਅਨੁਸਾਰ ਕਰ ਲੈ ਤੇ ਤਨ ਭੇਟਾ ਕਰਨਾ ਕੀ ਹੈ – ਕਿ ਆਪਣੇ ਤਨ ਦੀ ਰਹਿਣੀ (ਤਨ ਦੇ ਕਰਮ) ਉਨ੍ਹਾਂ ਦੇ ਹੁਕਮ ਅਨੁਸਾਰ ਕਰ ਲੈ। ਇਹ ਮਨ ਤੇ ਤਨ ਭੇਟਾ ਕਰਨਾ ਹੈ। ਹੁਕਮ ਉਹਨਾਂ ਦਾ ਏਹੀ ਹੁੰਦਾ ਹੈ, ਜੋ ਗੁਰੂ ਦਾ ਸ਼ਬਦ ਕਹਿੰਦਾ ਹੈ। ਇਸ ਤੋਂ ਉਲਟ ਉਹ ਕੋਈ ਹੁਕਮ ਨਹੀਂ ਦੇਂਦੇ। ਜੇ ਕੋਈ ਇਸ ਸ਼ਬਦ ਦੇ ਉਲਟ ਕੋਈ ਗੱਲ ਕਹਿੰਦਾ ਹੈ, ਉਹ ਤਾਂ ਗੁਰੂ ਹੀ ਸਿੱਖ ਹੀ ਨਹੀਂ। ਨਾ ਉਹ ਜਨ ਹੈ, ਨਾ ਉਹ ਦਾਸ ਹੈ, ਨਾ ਉਹ ਸਾਧੂ ਹੈ, ਨਾ ਉਹ ਸੰਤ ਹੈ। ਉਹਦੀ ਤਾਂ ਸੰਗਤਿ ਹੀ ਨਹੀਂ ਕਰਨੀ ਚਾਹੀਦੀ। ਉਨ੍ਹਾਂ (ਪ੍ਰਭੂ ਦੇ ਸੇਵਕਾਂ) ਦਾ ਹੁਕਮ ਗੁਰਬਾਣੀ ਅਨੁਸਾਰ ਹੀ ਹੁੰਦਾ ਹੈ ਤੇ ਹੇ ਮੇਰੇ ਮਨ, ਤੂੰ ਉਨ੍ਹਾਂ ਦਾ ਆਸਰਾ ਲੈ ਤੇ ਉਨ੍ਹਾਂ ਦੇ ਹੁਕਮ ਵਿੱਚ ਤੂੰ ਆਪਣੇ ਜੀਵਨ ਨੂੰ ਤੇ ਸੋਚ ਨੂੰ ਲੈ ਆ।

## *ਜਿਨਿ ਜਨਿ ਅਪਨਾ ਪ੍ਰਭੂ ਪਛਾਤਾ ॥*
## *ਸੋ ਜਨੁ ਸਰਬ ਥੋਕ ਕਾ ਦਾਤਾ ॥*

ਜਿਸ ਸੇਵਕ ਨੇ ਆਪਣੇ ਰੱਬ ਜੀ ਨੂੰ ਪਛਾਣ ਲਇਆ ਹੈ ਭਾਈ, ਉਹ ਤਾਂ ਆਪ ਭਗਵਾਨ ਹੋ ਗਇਆ।

ਉਹ ਸਭ ਦਾਤਾਂ ਦੇਣ ਦੇ ਸਰਬ ਸਮਰੱਥ ਹੈ। ਉਸ ਦੀ ਸ਼ਕਤੀ ਤੇ ਪ੍ਰਭੂ ਦੀ ਸ਼ਕਤੀ ਵਿੱਚ ਕੋਈ ਫਰਕ ਨਹੀਂ ਰਹਿ ਜਾਂਦਾ। ਤੂੰ ਉਨ੍ਹਾਂ ਦੀ ਸ਼ਰਨ ਲੈ।

## *ਤਿਸ ਕੀ ਸਰਨਿ ਸਰਬ ਸੁਖ ਪਾਵਹਿ ॥*
## *ਤਿਸ ਕੈ ਦਰਸਿ ਸਭ ਪਾਪ ਮਿਟਾਵਹਿ ॥*

ਜੇ ਉਸ ਦੀ ਸ਼ਰਨ ਪਏਂਗਾ ਮਨਾਂ, ਤਾਂ ਤੈਨੂੰ ਸਾਰੇ ਸੁੱਖ ਮਿਲਣਗੇ।

ਉਨ੍ਹਾਂ ਦੇ ਦਰਸ਼ਨ (Philosphy) ਦੁਆਰਾ ਤੇਰੇ ਸਾਰੇ ਪਾਪ ਮਿਟ ਜਾਣਗੇ। ਹੋਰ ਕਿਸੇ Philosphy ਨੂੰ ਗ੍ਰਹਿਣ ਕੀਤਿਆਂ ਪਾਪ ਨਹੀਂ ਮਿਟਨੇ। ਤੂੰ ਉਨ੍ਹਾਂ ਦੇ ਹੁਕਮ ਵਿੱਚ ਆਪਣੀ ਜੀਵਨ ਚਾਲ ਲਇਆ। ਤੇਰੇ ਕੀਤੇ ਹੋਏ ਸਭ ਪਾਪ ਨਸ਼ਟ ਹੋ ਜਾਣਗੇ ਤੇ ਤੈਨੂੰ ਸਾਰੇ ਸੁੱਖ ਪ੍ਰਾਪਤ ਹੋਣਗੇ।

## *ਅਵਰ ਸਿਆਨਪ ਸਗਲੀ ਛਾਡੁ ॥*
## *ਤਿਸੁ ਜਨ ਕੀ ਤੂ ਸੇਵਾ ਲਾਗੁ ॥*

ਭਾਈ, ਤੂੰ ਬਾਕੀ ਅਕਲਾਂ ਛੱਡ ਦੇ (ਉਹ ਕੰਮ ਨਹੀਂ ਆਉਣੀਆਂ) ਕਿਉਂਕਿ ਹਜ਼ੂਰ ਕਹਿੰਦੇ ਨੇ :-

**H ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ ॥ (ਪੰਨਾ ੧)**

ਉਹ ਅਕਲਾਂ ਕੰਮ ਨਹੀਂ ਆਉਣੀਆਂ (ਜੋ ਦੁਨਿਆਵੀ ਅਕਲਾਂ ਹਨ)। ਤੂੰ ਉਸ ਜਨ ਦੀ ਸੇਵਾ ਵਿੱਚ ਲਗ। ਉਸ ਦੀ ਸੇਵਾ ਵਿੱਚ ਜੇ ਤੂੰ ਲਗੇਂਗਾ (ਉਸ ਦਾ ਹੁਕਮ ਜੇ ਤੂੰ ਮੰਨੇਗਾ), ਉਸ ਨੂੰ ਹੁਕਮ ਧੁਰ ਤੋਂ ਆ ਰਹਿਆ ਹੈ। ਉਹ ਤੈਨੂੰ ਰੱਬ ਜੀ ਦੇ ਹੁਕਮ ਦੇ ਲੜ ਲਾ ਦੇਵੇਗਾ। ਉਸਦੀ ਸੰਗਤਿ ਵਿੱਚ ਰੱਬ ਜੀ ਦਾ ਹੁਕਮ ਤੈਨੂੰ ਦ੍ਰਿੜ ਹੋ ਜਾਵੇਗਾ ਤੇ ਉਹ ਹੁਕਮ ਮੰਨ ਕੇ ਤੂੰ ਵੀ ਪਰਵਾਣ ਹੋ ਜਾਵੇਂਗਾ। ਬਾਕੀ ਅਕਲਾਂ ਛੱਡ ਦੇ ਤੇ ਉਸ ਜਨ ਦੀ ਸੇਵਾ ਵਿੱਚ ਲੱਗ।

## *ਆਵਨੁ ਜਾਨੁ ਨ ਹੋਵੀ ਤੇਰਾ ॥*
## *ਨਾਨਕ ਤਿਸੁ ਜਨ ਕੇ ਪੂਜਹੁ ਸਦ ਪੈਰਾ ॥੮॥੧੭॥*

ਹੇ ਭਾਈ, ਜੇ ਤੂੰ ਉਨ੍ਹਾਂ ਦਾ ਹੁਕਮ ਮੰਨੇਗਾ, ਉਨ੍ਹਾਂ ਦੀ ਚਰਨ ਸ਼ਰਨ ਰਹੇਂਗਾ, ਉਨ੍ਹਾਂ ਦੀ ਪੂਜਾ ਸੇਵਾ ਵਿੱਚ ਰਹੇਂਗਾ ਤਾਂ ਤੇਰਾ ਆਵਾਗਮਣ ਕੱਟਿਆ ਜਾਏਗਾ।

ਹੇ ਨਾਨਕ ! ਉਨ੍ਹਾਂ ਜਨਾਂ ਦੀ ਹਮੇਸ਼ਾ ਪੂਜਾ ਕਰਨੀ ਚਾਹੀਦੀ ਹੈ। 'ਪੂਜਾ' ਹੁੰਦੀ ਹੈ – ਹੁਕਮ ਮੰਨਣਾ। ਉਨ੍ਹਾਂ ਦਾ ਹਮੇਸ਼ਾ ਹੁਕਮ ਮੰਨਣਾ ਚਾਹੀਦਾ ਹੈ।

**H H H H H**

## *ਅਸਟਪਦੀ ੧੮   (ਪੰਨਾ ੨੮੬)*

## *ਸਲੋਕੁ ॥*
## *ਸਤਿ ਪੁਰਖੁ ਜਿਨਿ ਜਾਨਿਆ*
## *ਸਤਿਗੁਰੁ ਤਿਸ ਕਾ ਨਾਉ ॥*

ਜੋ ਸਤ ਹੈ (ਜੋ ਆਦਿ ਸਚੁ ਹੈ, ਜੁਗਾਦਿ ਸਚੁ ਹੈ, ਹੈ ਭੀ ਸਚੁ, ਨਾਨਕ ਹੋਸੀ ਭੀ ਸਚੁ ਹੈ), ਜੋ ਪੁਰਖ (ਸਰਬ ਸਮਰੱਥ) ਹੈ, ਜਿਸ ਨੇ ਉਸ ਹੋਂਦ (ਹਸਤੀ, Entity) ਨੂੰ, ਉਸ ਪ੍ਰਭੂ ਨੂੰ (ਜੋ ਸਦਾ ਕਾਇਮ ਤੇ ਸਰਬ ਸਮਰੱਥ ਹੈ) ਜਾਣ ਲਇਆ, ਉਸ ਜੀਵ ਦਾ ਨਾਮ ਸਤਿਗੁਰ ਹੈ। ਸਤਿਗੁਰ ਆਤਮਾ ਹੈ, ਸਰੀਰ ਸਤਿਗੁਰ ਨਹੀਂ ਹੈ। ਉਹ ਆਤਮਾ ਸਤਿਗੁਰ ਹੈ, ਜਿਸ ਆਤਮਾ ਨੇ ਉਸ ਪਾਰਬ੍ਰਹਮ ਪਰਮੇਸ਼ਰ ਨੂੰ ਜਾਣ ਲਇਆ (ਅਨੁਭਵ  ਕਰ ਲਇਆ)।

## *ਤਿਸ ਕੈ ਸੰਗਿ ਸਿਖੁ ਉਧਰੈ*
## *ਨਾਨਕ ਹਰਿ ਗੁਨ ਗਾਉ ॥ ੧ ॥*

ਉਸ (ਸਤਿਗੁਰ) ਦੀ ਸੰਗਤਿ ਵਿੱਚ ਸਿੱਖ ਦਾ ਪਾਰ ਉਤਾਰਾ ਹੁੰਦਾ ਹੈ। ਆਪੇ ਨਹੀਂ ਕੋਈ ਤਰ ਸਕਦਾ। ਉਸ ਸਤਿਗੁਰ ਦੀ ਸੰਗਤਿ ਵਿੱਚ ਹੀ ਤਰਦਾ ਹੈ। ਕਿਸ ਤਰਾਂ ਤਰਦਾ ਹੈ ?

**ਨਾਨਕ ਹਰਿ ਗੁਨ ਗਾਉ**।। ਹੇ ਨਾਨਕ ! ਉਸ ਦੀ ਸੰਗਤਿ ਵਿੱਚ ਹਰੀ ਦੇ ਗੁਣ ਗਾ ਕੇ, ਉਸ ਦਾ ਸਿੱਖ ਤਰ ਜਾਂਦਾ ਹੈ। ਹਜ਼ੂਰ ਦਾ ਹੁਕਮ ਵੀ ਹੈ :-

**H  ਮੰਨੈ ਤਰੈ ਤਾਰੇ ਗੁਰੁ ਸਿਖ ॥ (ਪੰਨਾ ੩)**

ਪਹਿਲਾਂ ਜੀਵ ਹੁਕਮ ਨੂੰ ਮੰਨਦਾ ਹੈ। ਹੁਕਮ ਨੂੰ ਮੰਨ ਕੇ ਤਰ ਜਾਂਦਾ ਹੈ। ਫਿਰ ਤਾਰਦਾ ਹੈ, ਗੁਰੂ ਬਣ ਕੇ (ਗੁਰੂ ਇੱਕ ਵਚਨ ਹੈ), ਸਿੱਖਾ ਨੂੰ (ਸਿੱਖ ਬਹੁਵਚਨ ਹੈ)। ਉਹ ਗੁਰੂ ਬਣ ਕੇ ਸਿੱਖਾਂ ਨੂੰ ਤਾਰਦਾ ਹੈ। ਕਿਸ ਤਰਾਂ ਤਾਰਦਾ ਹੈ ? ਇੱਥੇ ਸਪਸ਼ੱਟ (clear) ਕਰ ਦਿੱਤਾ ਕਿ :-

**H  ਤਿਸ ਕੈ ਸੰਗਿ ਸਿਖੁ ਉਧਰੈ ਨਾਨਕ ਹਰਿ ਗੁਨ ਗਾਉ ॥ (ਪੰਨਾ ੨੮੬)**

ਹੇ ਨਾਨਕ ! ਹਰੀ ਦੇ ਗੁਣ ਉਸ ਦੀ ਸੰਗਤਿ ਵਿੱਚ ਗਾ ਕੇ ਜੀਵ ਤਰਦੇ ਨੇ। ਇਸ ਲਈ ਐਸੇ ਸਤਿਗੁਰ ਦੀ ਸੰਗਤਿ ਵਿੱਚ ਰਹੋ, ਜਿਸ ਨੇ ਅਪਨੇ ਪ੍ਰਭੂ ਨੂੰ ਪਛਾਣ ਲਇਆ ਹੈ (ਜਿਸ ਨੂੰ ਪ੍ਰਭੂ ਦਾ ਅਨੁਭਵ ਹੋ ਗਇਆ ਹੈ)।

## *ਅਸਟਪਦੀ ॥*
## *ਸਤਿਗੁਰੁ ਸਿਖ ਕੀ ਕਰੈ ਪ੍ਰਤਿਪਾਲ ॥*
## *ਸੇਵਕ ਕਉ ਗੁਰੁ ਸਦਾ ਦਇਆਲ ॥*

ਐਸਾ ਸਤਿਗੁਰ ਜੇ ਮਿਲ ਜਾਏ ਤਾਂ ਉਹ ਆਪਣੇ ਸੇਵਕ ਦੀ ਪਾਲਣਾ ਕਰਦਾ ਹੈ (ਉਸਦੀ ਰੱਖਿਆ ਕਰਦਾ ਹੈ)।
ਐਸਾ ਸਤਿਗੁਰ ਸੇਵਕ ਤੇ ਸਦਾ ਦਇਆ ਕਰਦਾ ਹੈ (ਉਸ ਨੂੰ ਸਿੱਧੇ ਰਾਹ ਲਾਉਂਦਾ ਹੈ)।

## *ਸਿਖ ਕੀ ਗੁਰੁ ਦੁਰਮਤਿ ਮਲੁ ਹਿਰੈ ॥*
## *ਗੁਰ ਬਚਨੀ ਹਰਿ ਨਾਮੁ ਉਚਰੈ ॥*

ਸਿੱਖ ਦੀ ਭੈੜੀ ਮੱਤ ਗੁਰੂ ਨਾਸ਼ ਕਰ ਦੇਂਦਾ ਹੈ।

ਗੁਰੂ ਦੇ ਬਚਨ ਦੁਆਰਾ ਉਸ ਨੂੰ ਹਰੀ ਨਾਮ ਦ੍ਰਿੜ ਕਰਵਾ ਦੇਂਦਾ ਹੈ ਤੇ ਜੀਵ ਹਰੀ ਨਾਮ ਜਪਣ ਲੱਗ ਜਾਂਦਾ ਹੈ। ਜੋ ਗੁਰੂ ਬਚਨ ਦੁਆਰਾ ਉਹ (ਸਤਿਗੁਰ) ਆਪ ਨਾਮ ਜਪਦਾ ਹੈ, ਦੂੱਜੇ ਨੂੰ ਗੁਰੂ ਬਚਨ ਦੁਆਰਾ ਉਹ ਨਾਮ ਜਪਣ ਲਾ ਦੇਂਦਾ ਹੈ।

## *ਸਤਿਗੁਰੁ ਸਿਖ ਕੇ ਬੰਧਨ ਕਾਟੈ ॥*
## *ਗੁਰ ਕਾ ਸਿਖੁ ਬਿਕਾਰ ਤੇ ਹਾਟੈ ॥*

ਜੋ ਆਤਮਾ ਸਤਿਗੁਰ ਹੈ, ਉਹ ਸੇਵਕ ਦੇ ਮਾਇਆ ਦੇ ਮੋਹ ਦੇ ਬੰਧਨ ਕੱਟ ਦੇਂਦੀ ਹੈ।

ਗੁਰੂ ਦਾ ਸਿੱਖ, ਗੁਰੂ ਦੀ ਸਿੱਖਿਆ ਲੈ ਕੇ (ਗੁਰੂ ਦੀ ਸਿੱਖਿਆ ਨੂੰ ਮੰਨ ਕੇ), ਐਬਾਂ ਤੋਂ ਛੁਟਕਾਰਾ ਪਾ ਲੈਂਦਾ ਹੈ ਕਿਉਂਕਿ ਉਹਦਾ ਮਾਇਆ ਦਾ ਮੋਹ ਘਟਦਾ ਹੈ (ਹਰੀ ਗੁਣ ਗਾ ਗਾ ਕੇ) ਤੇ ਉਸਦੇ ਐਬ ਘਟਣੇ ਸ਼ੁਰੂ ਹੋ ਜਾਂਦੇ ਹਨ ਤੇ ਹੋਲੀ ਹੋਲੀ ਖਤਮ ਹੋ ਜਾਂਦੇ ਹਨ।

## *ਸਤਿਗੁਰੁ ਸਿਖ ਕਉ ਨਾਮ ਧਨੁ ਦੇਇ ॥*
## *ਗੁਰ ਕਾ ਸਿਖੁ ਵਡਭਾਗੀ ਹੇ ॥*

ਐਸਾ ਸਤਿਗੁਰ ਆਪਣੇ ਸਿੱਖ ਨੂੰ ਨਾਮ ਦਾ ਧਨ ਬਖਸ਼ਦਾ ਹੈ, ਕਿਉਂਕਿ ਉਹ ਨਾਮ
ਦ੍ਰਿੜ ਕਰਾ ਦੇਂਦਾ ਹੈ, ਨਾਮ ਜਪਾਉਂਦਾ ਹੈ, ਨਾਮ ਦੇ ਲੜ ਲਾਉਂਦਾ ਹੈ। ਹੋਰ ਕਰਮ ਕਾਂਡ ਵਿੱਚ ਉਹ ਸਿੱਖ ਨੂੰ ਨਹੀਂ ਪੈਣ ਦੇਂਦਾ। ਉਹਨੂੰ ਕਹਿੰਦਾ ਹੈ ਕਿ ਭਾਈ, ਕੇਵਲ ਨਾਮ ਜਪਣਾ ਹੈ।

**H ਨਾਨਕ ਕੈ ਘਰਿ ਕੇਵਲ ਨਾਮੁ ॥ (ਪੰਨਾ ੧੧੩੬)**

ਹੁਕਮ ਹੈ :-

**H ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥ (ਪੰਨਾ ੧੨)**

ਉਹਨੂੰ ਕੇਵਲ ਨਾਮ ਦੇ ਆਸਰੇ ਕਰ ਦੇਂਦਾ ਹੈ ਤੇ ਜੀਵ ਨੂੰ ਨਾਮ ਦਾ ਧਨ ਪ੍ਰਾਪਤ ਕਰਵਾ ਦੇਂਦਾ ਹੈ।

ਐਸੇ ਗੁਰੂ ਦਾ ਸਿੱਖ ਵੱਡਿਆ ਭਾਗਾਂ ਵਾਲਾ ਹੈ।

## *ਸਤਿਗੁਰੁ ਸਿਖ ਕਾ ਹਲਤੁ ਪਲਤੁ ਸਵਾਰੈ ॥*
## *ਨਾਨਕ ਸਤਿਗੁਰੁ ਸਿਖ ਕਉ ਜੀਅ ਨਾਲਿ ਸਮਾਰੈ ॥੧॥*

ਸਤਿਗੁਰ ਆਪਣੇ ਸਿੱਖ ਦਾ ਲੋਕ ਪਰਲੋਕ ਸਵਾਰ ਦੇਂਦਾ ਹੈ।

ਹੇ ਨਾਨਕ ! ਸਤਿਗੁਰ ਜੋ ਹੈ, ਉਹ ਆਪਣੇ ਸੱਚੇ ਸਿੱਖ ਨੂੰ ਆਪਣੀ ਆਤਮਾ ਨਾਲ ਜੋੜ ਕੇ ਰੱਖਦਾ ਹੈ ਤਾਂ ਕਿ ਉਹ ਕਿਧਰੇ ਕੁਰਾਹੇ ਨਾ ਪੈ ਜਾਵੇ। ਉਸ ਨੂੰ ਗਿਆਨ ਦਾ ਪੱਲਾ ਦ੍ਰਿੜ ਕਰਾ ਦੇਂਦਾ ਹੈ (ਗਿਆਨ ਦੇ ਲੜ ਲਾ ਦੇਂਦਾ ਹੈ) ਤੇ ਉਹ ਜੀਵ ਤਰ ਜਾਂਦਾ ਹੈ। ਸਤਿਗੁਰ ਦੀ ਸੰਗਤਿ ਵਿੱਜ ਤਰਦਾ ਹੈ।

ਪਰ ਕਉਣ ਤਰਦਾ ਹੈ ? ਉਹ ਸਿੱਖ ਤਰਦਾ ਹੈ, ਜੋ ਸਿੱਖ ਇਸ ਅਸ਼ਟਪਦੀ ਦੇ ਅਗਲੇ ਅੰਗ ਵਿੱਚ ਦਸੇ ਹੋਏ ਗੁਣ ਗ੍ਰਹਿਣ ਕਰ ਲੈਂਦਾ ਹੈ। ਇਸ ਅੰਗ ਵਿੱਚ ਤਾਂ ਮਹਾਰਾਜ ਨੇ ਸਤਿਗੁਰ ਦੇ ਗੁਣ ਦੱਸੇ ਨੇ ਕਿ ਸਤਿਗੁਰ ਸਿੱਖਾਂ ਲਈ ਕੀ ਕਰਦਾ ਹੈ। ਪਰ ਸਿੱਖ ਕਉਣ ਹੈ ? ਅਗਲੇ ਅੰਗ ਵਿੱਚ ਸਿੱਖ ਦੀ ਵਿਆਖਿਆ (definition) ਦਸਦੇ ਨੇ ਕਿ ਸਿੱਖ ਉਹੀ ਹੈ, ਜੋ ਉਹ ਗੁਣ ਧਾਰਨ ਕਰ ਲਏ।

## *ਗੁਰ ਕੈ ਗ੍ਰਿਹਿ ਸੇਵਕੁ ਜੋ ਰਹੈ ॥*
## *ਗੁਰ ਕੀ ਆਗਿਆ ਮਨ ਮਹਿ ਸਹੈ ॥*

ਗੁਰੂ ਦੇ ਘਰ ਵਿੱਚ (ਗੁਰੂ ਦੇ ਟਿਕਾਣੇ ਵਿੱਚ, ਗੁਰੂ ਦੀ ਸੰਗਤਿ ਵਿੱਚ) ਜੇ ਕੋਈ ਸੇਵਕ ਸਿੱਖ ਬਣ ਕੇ ਰਹਿੰਦਾ ਹੈ,

ਉਹ (ਸਿੱਖ) ਗੁਰੂ ਦੇ ਹੁਕਮ ਨੂੰ ਮਨ ਵਿੱਚ ਮੰਨਦਾ ਹੈ। ਨਿਰਾ ਕੰਨਾਂ ਨਾਲ ਨਹੀਂ ਸੁਣਦਾ, ਉਸ ਹੁਕਮ ਨੂੰ ਮਨ ਵਿੱਚ ਦ੍ਰਿੜ ਕਰਦਾ ਹੈ (ਪੱਕਾ ਕਰਦਾ ਹੈ), ਮਨ ਵਿੱਚ ਮੰਨਦਾ ਹੈ। ਗੁਰੂ ਦਾ ਹੁਕਮ ਗੁਰੂ ਸ਼ਬਦ (ਗੁਰੂ ਦੀ ਬਾਣੀ) ਹੈ। ਗੁਰੂ ਦਾ ਸਿੱਖ ਗੁਰਬਾਣੀ ਨੂੰ ਸੱਚੀ ਜਾਣ ਕੇ ਇਹਨੂੰ ਮਨਣ ਲੱਗ ਜਾਂਦਾ ਹੈ ਕਿ ਜੋ ਪਹਿਲਾਂ ਦ੍ਰਿੜ ਕੀਤਾ ਸੀ, ਉਹ ਸਭ ਝੂਠ ਸੀ। ਸਤਿਗੁਰ ਹੁਣ ਜੋ ਇਹ ਬਾਣੀ ਮੈਨੂੰ ਦ੍ਰਿੜ ਕਰਵਾ ਰਹੇ ਹਨ, ਇਹ ਬਾਣੀ ਸਾਰੀ ਸੱਚੀ ਹੈ। ਉਹ ਸਿੱਖ ਇਸ ਬਾਣੀ ਨੂੰ ਮੰਨਣ ਲਗ ਜਾਂਦਾ ਹੈ।

## *ਆਪਸ ਕਉ ਕਰਿ ਕਛੁ ਨ ਜਨਾਵੈ ॥*
## *ਹਰਿ ਹਰਿ ਨਾਮੁ ਰਿਦੈ ਸਦ ਧਿਆਵੈ ॥*

ਉਸ ਦੀ ਹਉਮੈ ਨਾਸ਼ ਹੁੰਦੀ ਹੈ। ਉਹਨੂੰ ਪਤਾ ਹੈ ਕਿ ਮੇਰਾ ਕੀਤਾ ਕੁਛ ਨਹੀਂ ਹੋਣਾ। ਇਹ ਗੱਲ ਉਸਨੂੰ ਦ੍ਰਿੜ ਹੋ ਜਾਂਦੀ ਹੈ। ਉਹ ਜੋ ਵੀ ਕਰਦਾ ਹੈ, ਉਹ ਕਹਿੰਦਾ ਹੈ ਕਿ ਮੈਂ ਤਾਂ ਗੁਰੂ ਦੇ ਭਾਣੇ (ਹੁਕਮ) ਅਨੁਸਾਰ ਕਰ ਰਹਿਆਂ ਹਾਂ। ਮੈਂ ਨਹੀਂ ਕਰ ਰਹਿਆ, ਮੇਰਾ ਸਤਿਗੁਰੂ ਮੇਰੇ ਕੋਲੋਂ ਕਰਵਾ ਰਹਿਆ ਹੈ। ਉਹ ਹਉਮੈ ਦੇ ਬਚਨ ਨਹੀਂ ਕਰਦਾ।

ਉਹ ਸਦਾ ਹਰੀ ਨਾਮ ਨੂੰ ਹਿਰਦੇ ਵਿੱਚ ਧਿਆਉਂਦਾ ਰਹਿੰਦਾ ਹੈ (ਗੁਰੂ ਤੋਂ ਸਿੱਖਿਆ ਲੈ ਕੇ)। ਉਸ ਦਾ ਕੋਈ ਪਲ ਵੀ ਹਰੀ ਨਾਮ ਤੋਂ ਬਗੈਰ ਨਹੀਂ ਗੁਜ਼ਰਦਾ।

***ਮਨੁ ਬੇਚੈ ਸਤਿਗੁਰ ਕੈ ਪਾਸਿ ॥***

***ਤਿਸੁ ਸੇਵਕ ਕੇ ਕਾਰਜ ਰਾਸਿ ॥***

ਜੋ ਆਪਣਾ ਮਨ ਸਤਿਗੁਰੂ ਦੇ ਹਵਾਲੇ ਕਰ ਦੇਂਦਾ ਹੈ, ਮਨ ਦੀਆਂ ਸਭ ਰੀਝਾਂ ਛੱਡ ਦੇਂਦਾ ਹੈ ਤੇ ਗੁਰੂ ਦੇ ਭਾਣੇ ਨੂੰ ਮਿੱਠਾ ਤੇ ਚੰਗਾ ਕਰ ਕੇ ਮੰਨਣ ਲੱਗ ਜਾਂਦਾ ਹੈ। ਜਦੋਂ ਮਨ ਸਤਿਗੁਰੂ ਨੂੰ ਭੇਟਾ ਕਰ ਦਿੱਤਾ ਤਾਂ ਕੋਈ ਫੁਰਨਾ ਆ ਹੀ ਨਹੀਂ ਸਕਦਾ ਕਿਉਂਕਿ ਮਨ ਦੀ ਮਰਜ਼ੀ ਤਾਂ ਤਿਆਗ ਦਿੱਤੀ ਹੈ। ਮਨ ਦੀ ਮੱਤ ਛੱਡ ਕੇ ਹੀ ਗੁਰੂ ਦੀ ਮੱਤ ਗ੍ਰਹਿਣ ਹੁੰਦੀ ਹੈ।

ਐਸੇ ਸੇਵਕ ਦੇ ਸਭ ਕਾਰਜ, ਹਜ਼ੂਰ ਕਹਿੰਦੇ ਨੇ ਕਿ, ਸਤਿਗੁਰੂ ਰਾਸ (ਪੂਰੇ) ਕਰ ਦੇਂਦੇ ਨੇ।

***ਸੇਵਾ ਕਰਤ ਹੋਇ ਨਿਹਕਾਮੀ ॥***

***ਤਿਸ ਕਉ ਹੋਤ ਪਰਾਪਤਿ ਸੁਆਮੀ ॥***

ਗੁਰੂ ਦੀ ਸੰਗਤਿ ਵਿੱਚ ਗੁਰੂ ਦੀ ਸੇਵਾ ਕਰਦਾ ਹੋਇਆ (ਗੁਰੂ ਦੇ ਹੁਕਮ ਨੂੰ ਮੰਨਦਾ ਹੋਇਆ) ਜਦੋਂ ਮਾਇਆ ਦੀ ਕੋਈ ਵੀ ਕਾਮਨਾ ਬਾਕੀ ਨਾ ਰਹੇ,

ਤਾਂ ਪ੍ਰਭੂ ਜੀ ਪ੍ਰਾਪਤ ਹੁੰਦੇ ਹਨ। ਜਦ ਤਕ ਸਿੱਖ ਦਾ ਮਨ ਮਾਇਆ ਦੀ ਕਾਮਨਾ (ਇੱਛਾ) ਵਿੱਚ ਰਹਿੰਦਾ ਹੈ (ਮਾਇਆ ਮੰਗਦਾ ਰਹਿੰਦਾ ਹੈ) ਤਾਂ ਮਾਇਆ ਹੀ ਮਿਲਦੀ ਹੈ, ਨਾਮ ਨਹੀਂ ਮਿਲਦਾ। ਜਦੋਂ ਮਾਇਆ ਦੀ ਕੋਈ ਵੀ ਮੰਗ ਬਾਕੀ ਨਹੀਂ ਰਹਿੰਦੀ (ਗੁਰੂ ਦੀ ਸੰਗਤਿ ਵਿੱਚ ਨਾਮ ਜਪਦਿਆਂ ਜਪਦਿਆਂ), ਤਾਂ ਐਸੀ ਆਤਮਾ ਨੂੰ ਉਹ ਪ੍ਰਭੂ ਪਰਮੇਸ਼ਰ ਮਿਲਦਾ ਹੈ।

***ਅਪਨੀ ਕ੍ਰਿਪਾ ਜਿਸੁ ਆਪਿ ਕਰੇਇ ॥***

***ਨਾਨਕ ਸੋ ਸੇਵਕੁ ਗੁਰ ਕੀ ਮਤਿ ਲੇਇ ॥ ੨ ॥***

ਇਹ ਨਿਰੰਕਾਰ ਵਾਹਿਗੁਰੂ ਦੀ ਲੀਲਾ ਹੈ। ਜਿਸ ਤੇ ਮਾਲਕ ਕ੍ਰਿਪਾ ਕਰ ਦੇਵੇ, ਉਹੀ ਸੇਵਕ ਗੁਰੂ ਦੀ ਮੱਤ ਨੂੰ ਦ੍ਰਿੜ ਕਰਦਾ ਹੈ। ਦੂਸਰਾ ਗੁਰੂ ਦੀ ਮੱਤ ਨੂੰ ਦ੍ਰਿੜ ਨਹੀਂ ਕਰਦਾ ਆਪਣੀ ਮੱਤ ਦੇ ਮਗਰ ਹੀ ਲੱਗਾ ਰਹਿੰਦਾ ਹੈ।

ਸੋ ਐਸੇ ਸਿੱਖ ਦੀ, ਜਿਹੜਾ ਇਹ ਗੁਣ ਧਾਰਨ ਕਰ ਲਵੇ (ਜੋ ਗੁਣ ਇਸ ਅੰਗ ਵਿੱਚ ਦੱਸੇ ਹੋਏ ਹਨ), ਐਸੇ ਸਿੱਖ ਦੀ ਸਤਿਗੁਰੂ ਪ੍ਰਤਿਪਾਲ ਕਰਦਾ ਹੈ, ਐਸੇ ਸਿੱਖ ਦਾ ਲੋਕ ਪਰਲੋਕ ਸਵਾਰ ਦੇਂਦਾ ਹੈ, ਐਸੇ ਸਿੱਖ ਦੇ ਬੰਧਨ ਕੱਟ ਦੇਂਦਾ ਹੈ, ਐਸੇ ਸਿੱਖ ਦੇ ਵਿਕਾਰ ਹੁੰਦੇ ਹਨ।

***ਬੀਸ ਬਿਸਵੇ ਗੁਰ ਕਾ ਮਨੁ ਮਾਨੈ ॥***

***ਸੋ ਸੇਵਕੁ ਪਰਮੇਸੁਰ ਕੀ ਗਤਿ ਜਾਨੈ ॥***

ਸੌ ਫੀਸਦੀ ਜਦੋਂ ਗੁਰੂ ਦਾ ਮਨ ਮੰਨ ਜਾਵੇ ਕਿ ਇਹ ਅਸਲੀ ਸਿੱਖ ਹੈ (ਗੁਰੂ ਦੇ ਹਰ ਹੁਕਮ ਨੂੰ ਮੰਨਦਾ ਹੈ) ਤਾਂ ਉਸ ਸੇਵਕ ਦੇ ਅਨੁਭਵ ਵਿੱਚ ਉਸ ਪਰਮੇਸ਼ਰ ਦੀ ਗਤੀ ਆ ਜਾਂਦੀ ਹੈ। ਉਹ ਗਤੀ ਬਿਆਨ ਨਹੀਂ ਕੀਤੀ ਜਾ ਸਕਦੀ, ਪਰ ਜੀਵ (ਆਤਮਾ) ਦੇ ਅਨੁਭਵ
ਵਿੱਚ ਆ ਜਾਂਦੀ ਹੈ।ਓਹ ਸਿੱਖ ਗੁਰੂ ਰੂਪ ਹੋ ਜਾਂਦਾ ਹੈ। ਹਜ਼ੂਰ ਕਹਿੰਦੇ ਨੇ :-

**H ਗੁਰੂ ਸਿਖੁ ਸਿਖੁ ਗੁਰੂ ਹੈ ਏਕੋ ਗੁਰ ਉਪਦੇਸੁ ਚਲਾਏ ॥ (ਪੰਨਾ ੪੪੪)**

ਉਹ ਸਿੱਖ ਗੁਰੂ ਰੂਪ ਹੋ ਜਾਂਦਾ ਹੈ ਕਿਉਂਕਿ ਦੋਵੇਂ ਰੱਬ ਜੀ ਦਾ ਉਪਦੇਸ਼ (ਬਾਣੀ) ਹੀ ਚਲਾਉਂਦੇ ਹਨ। ਆਪਣਾ ਉਪਦੇਸ਼ ਨਾ ਗੁਰੂ ਚਲਾਉਂਦਾ ਹੈ, ਨਾ ਉਸ ਦਾ ਸੇਵਕ ਚਲਾਉਂਦਾ ਹੈ। ਉਹ ਪ੍ਰਭੂ ਦਾ ਉਪਦੇਸ਼ ਹੀ ਚਲਾਉਂਦੇ ਹਨ ਕਿਉਂਕਿ ਪ੍ਰਭੂ ਦਾ ਉਪਦੇਸ਼ ਉਨ੍ਹਾਂ ਨੂੰ ਧੁਰ ਤੋਂ ਆ ਰਹਿਆ ਹੁੰਦਾ ਹੈ। ਕਉਣ ਹੈ ਸਤਿਗੁਰ ?

***ਸੋ ਸਤਿਗੁਰੁ ਜਿਸੁ ਰਿਦੈ ਹਰਿ ਨਾਉ ॥***

***ਅਨਿਕ ਬਾਰ ਗੁਰ ਕਉ ਬਲਿ ਜਾਉ ॥***

ਜਿਸ ਦੇ ਹਿਰਦੇ ਵਿੱਚ ਹਰੀ ਨਾਮ ਪ੍ਰਗਟ ਹੋ ਗਇਆ (ਜਿਸ ਆਤਮਾ ਵਿੱਚ ਹਰੀ ਨਾਮ ਦਾ ਨਿਵਾਸ ਹੋ ਗਇਆ), ਉਹ ਆਤਮਾ ਸਤਿਗੁਰ ਹੈ।

ਐਸੇ ਸਤਿਗੁਰ ਤੋਂ ਮੈਂ ਅਨੇਕਾਂ ਵਾਰ ਬਲਿਹਾਰ ਜਾਂਦਾ ਹਾਂ।

***ਸਰਬ ਨਿਧਾਨ ਜੀਅ ਕਾ ਦਾਤਾ ॥***

***ਆਠ ਪਹਰ ਪਾਰਬ੍ਰਹਮ ਰੰਗਿ ਰਾਤਾ ॥***

ਸਾਰੇ ਭੰਡਾਰੇ ਉਸ (ਸਤਿਗੁਰ) ਦੇ ਕੋਲ ਹਨ। ਉਹ ਆਤਮਾ ਜੀਵਾਂ ਨੂੰ ਦਾਤਾਂ ਦੇਣ ਦੇ ਸਮਰੱਥ ਹੈ।

ਉਹ ਆਤਮਾ ਅੱਠੇ ਪਹਰ ਪ੍ਰਭੂ ਪਾਰਬ੍ਰਹਮ ਪਰਮੇਸ਼ਰ ਦੇ ਪਿਆਰ ਵਿੱਚ ਰੱਤੀ ਰਹਿੰਦੀ ਹੈ, ਪਿਆਰ ਵਿੱਚ ਭਿੱਜੀ ਰਹਿੰਦੀ ਹੈ, ਪਿਆਰ ਵਿੱਚ ਸਮਾਈ ਰਹਿੰਦੀ ਹੈ।

***ਬ੍ਰਹਮ ਮਹਿ ਜਨੁ ਜਨ ਮਹਿ ਪਾਰਬ੍ਰਹਮੁ ॥***

***ਏਕਹਿ ਆਪਿ ਨਹੀ ਕਛੁ ਭਰਮੁ ॥***

ਉਸ ਬ੍ਰਹਮ ਵਿੱਚ ਉਹ ਜਨ (ਸੇਵਕ) ਸਮਾਇਆ ਹੁੰਦਾ ਹੈ ਤੇ ਉਸ ਜਨ ਵਿੱਚ ਉਹ ਬ੍ਰਹਮ ਸਮਾਇਆ ਹੁੰਦਾ ਹੈ।

ਦੋਵੇਂ ਇੱਕ ਮਿੱਕ ਹੋਏ ਹੋਏ ਹੁੰਦੇ ਹਨ। ਦੋਵਾਂ ਵਿੱਚ ਕੋਈ ਵਿੱਥ, ਫਰਕ ਯਾ ਭਰਮ (ਭੁਲੇਖਾ) ਬਾਕੀ ਨਹੀਂ ਰਹਿੰਦਾ ਹੈ। ਉਹ ਇੱਕ ਰੂਪ ਹੋ ਜਾਂਦੇ ਹਨ। ਇੱਕ ਦੂਜੇ ਤੋਂ ਕੋਈ ਭਿੰਨਤਾ ਨਹੀਂ ਰਹਿੰਦੀ।

***ਸਹਸ ਸਿਆਨਪ ਲਇਆ ਨ ਜਾਈਐ ॥***

***ਨਾਨਕ ਐਸਾ ਗੁਰੁ ਬਡਭਾਗੀ ਪਾਈਐ ॥ ੩ ॥***

ਭਾਈ, ਆਪਣੀ ਅਕਲ ਨਾਲ ਐਸਾ ਸਤਿਗੁਰ ਨਹੀਂ ਲੱਭਦਾ, ਜਿਸ ਦੇ ਹਿਰਦੇ ਵਿੱਚ ਹਰੀ ਨਾਮ ਹੋਵੇ।

ਹੇ ਨਾਨਕ, ਐਸਾ ਸਤਿਗੁਰ ਤਾਂ ਵੱਡਿਆਂ ਭਾਗਾਂ ਨਾਲ ਲੱਭਦਾ ਹੈ। ਹੁਕਮ ਹੈ :-

**H ਸਾਧੁ ਮਿਲੈ ਪੂਰਬ ਸੰਜੋਗ ॥**
**ਸਚਿ ਰਹਸੇ ਪੂਰੇ ਹਰਿ ਲੋਗ ॥ (ਪੰਨਾ ੧੫੩)**

ਸਚ ਦੇ ਅਨੰਦ ਵਿੱਚ ਹਰੀ ਦੇ ਪੂਰੇ ਲੋਗ ਹੁੰਦੇ ਹਨ ਤੇ ਭਾਗਾਂ ਨਾਲ ਐਸੇ ਸਤਿਗੁਰ ਦਾ ਮਿਲਾਪ ਹੈ। ਨਹੀਂ ਤਾਂ ਸਤਿਗੁਰ ਕੋਲ ਬੈਠਾ ਹੋਵੇ ਤਾਂ ਜੀਵ ਨੂੰ ਸਮਝ ਨਹੀਂ ਪੈਂਦੀ, ਜਿਵੇਂ ਸਾਡੇ ਕੋਲ ਇਤਿਹਾਸ ਹੈ ਕਿ ਸਾਡੇ ਗੁਰੂ ਮਹਾਰਾਜ ਦੇ ਬੱਚਿਆਂ ਨੂੰ ਵੀ ਗੁਰੂ ਮਹਾਰਾਜ ਬਾਰੇ ਪਤਾ ਨਹੀਂ ਲੱਗਾ ਕਿ ਉਹ ਸਾਧੂ ਹਨ ਜਾਂ ਉਹ ਸੰਤ ਹਨ, ਜਾਂ ਉਨ੍ਹਾਂ ਵਿੱਚ ਕੀ ਗੁਣ ਹਨ। ਉਹ ਉਨ੍ਹਾਂ ਨੂੰ ਆਮ ਆਦਮੀ ਹੀ ਸਮਝਦੇ ਰਹੇ।

***ਸਫਲ ਦਰਸਨੁ ਪੇਖਤ ਪੁਨੀਤ ॥***

***ਪਰਸਤ ਚਰਨ ਗਤਿ ਨਿਰਮਲ ਰੀਤਿ ॥***

ਜੇ ਐਸੇ ਸਤਿਗੁਰੂ ਦਾ ਦਰਸ਼ਨ ਕੀਤਾ ਜਾਵੇ ਤਾਂ ਉਹਨੂੰ ਵੇਖਦਿਆਂ ਹੀ ਮਨ ਪਵਿੱਤ੍ਰ ਹੁੰਦਾ ਹੈ ਤੇ ਨਾਮ ਜਪਣ ਦੀ ਰੀਝ ਜੀਵ ਦੇ ਅੰਦਰੋਂ ਪੈਦਾ ਹੁੰਦੀ ਹੈ।

ਉਸ ਦੇ ਚਰਨ ਪਰਸ ਕੇ, ਉਸ ਦੀ ਸ਼ਰਨ ਪ੍ਰਾਪਤ ਕਰਕੇ, ਨਮਰਤਾ ਵਿੱਚ ਰਹਿ ਕੇ, ਉਸ ਦੀ ਸ਼ਰਨ ਵਿੱਚ ਰਹਿ ਕੇ ਮਨ ਦੀ ਗਤੀ (ਅਵਸਥਾ) ਨਿਰਮਲ ਹੋ ਜਾਂਦੀ ਹੈ।

***ਭੇਟਤ ਸੰਗਿ ਰਾਮ ਗੁਨ ਰਵੇ ॥***

***ਪਾਰਬ੍ਰਹਮ ਕੀ ਦਰਗਹ ਗਵੇ ॥***

ਜਿਹੜੇ ਉਨ੍ਹਾਂ ਦੀ ਸੰਗਤਿ ਵਿੱਚ ਰਹਿੰਦੇ ਨੇ, ਉਹ ਪ੍ਰਭੂ ਦੇ ਗੁਣ ਕਹਿਣ ਲਗ ਜਾਂਦੇ ਹਨ,

ਤੇ ਗੁਣ ਕਹਿੰਦੇ ਕਹਿੰਦੇ ਪਾਰਬ੍ਰਹਮ ਦੀ ਦਰਗਾਹ ਵਿੱਚ ਪਹੁੰਚ ਜਾਂਦੇ ਹਨ। ਇਹ ਗੱਲ ਸੰਤ (ਸਤਿਗੁਰੂ) ਦ੍ਰਿੜ ਕਰਾ ਦੇਂਦੇ ਨੇ ਕਿ ਭਾਈ, ਕੇਵਲ ਗੁਣ ਗਾਉਣੇ ਨੇ ਤੇ ਇੱਕ ਪਾਰਬ੍ਰਹਮ ਪਰਮੇਸ਼ਰ ਦੇ ਹੀ ਗਾਉਣੇ ਨੇ ਤੇ ਉਹਦੀ ਸ਼ਰਨ ਲੈਣੀ ਹੈ। ਸੰਤਾਂ (ਸਤਿਗੁਰੂ) ਦਾ ਹੁਕਮ ਜੋ ਮੰਨਦਾ ਹੈ, ਉਹ ਇਹ ਕੰਮ ਕਰਨ ਲੱਗ ਜਾਂਦਾ ਹੈ ਤੇ ਰੱਬ ਦੀ ਸ਼ਰਨ ਪ੍ਰਾਪਤ ਕਰਦਾ ਹੈ।

***ਸੁਨਿ ਕਰਿ ਬਚਨ ਕਰਨ ਆਘਾਨੇ ॥***

***ਮਨਿ ਸੰਤੋਖੁ ਆਤਮ ਪਤੀਆਨੇ ॥***

ਉਨ੍ਹਾਂ (ਸੰਤਾਂ) ਦੇ ਬਚਨ ਸੁਣ ਕੇ ਕੰਨ ਰਜਦੇ ਹਨ। ਉਹ (ਗੁਰੂ ਦੇ ਬਖਸ਼ੇ ਹੋਏ) ਪ੍ਰਭੂ ਦੇ ਗੁਣ ਦਸਦੇ ਹਨ, ਜੋ (ਗੁਣ) ਜੀਵ ਨੂੰ ਚੰਗੇ ਲਗਦੇ ਹਨ। ਉਸ ਨੂੰ ਉਹ (ਗੁਣ) ਸੁਣ ਕੇ ਹੀ ਪ੍ਰਸੰਨਤਾ ਆਉਂਦੀ ਹੈ।

ਉਸ ਦਾ ਮਨ ਸੰਤੋਖ ਵਿੱਚ ਆ ਜਾਂਦਾ ਹੈ। ਉਸ ਦਾ ਮਨ ਸਤਿਗੁਰੂ ਦੀ ਸੰਗਤਿ ਵਿੱਚ ਰੱਬ ਜੀ ਨਾਲ ਪਤੀਜ ਜਾਂਦਾ ਹੈ।

## *ਪੂਰਾ ਗੁਰੁ ਅਖੵਓ ਜਾ ਕਾ ਮੰਤ੍ਰ ॥*
## *ਅੰਮ੍ਰਿਤ ਦ੍ਰਿਸਟਿ ਪੇਖੈ ਹੋਇ ਸੰਤ ॥*

ਪੂਰਾ ਗੁਰੂ ਉਹ ਹੈ, ਜਿਸਦਾ ਮੰਤ੍ਰ (ਉਪਦੇਸ਼) ਕੱਟਿਆ ਨਹੀਂ ਜਾ ਸਕਦਾ, ਜਿਸ ਦਾ ਉਪਦੇਸ਼ Final ਹੈ ਤੇ ਸਦੀਵੀ ਹੈ। ਕੋਈ ਹੋਰ ਉਪਦੇਸ਼ ਉਸ ਦੀ ਬਰਾਬਰਤਾ ਨਹੀਂ ਰੱਖਦਾ। ਕੋਈ ਹੋਰ ਉਪਦੇਸ਼ ਉਸ ਨੂੰ ਕੱਟ ਨਹੀਂ ਸਕਦਾ।

ਜਦੋਂ ਉਹ ਕਿਰਪਾ ਕਰਦਾ ਹੈ ਤਾਂ ਜੀਵ ਨੂੰ ਨਾਮ ਜਪਣ ਲਾ ਦੇਂਦਾ ਹੈ (ਪ੍ਰਭੂ ਦੇ ਗੁਣ ਗਾਉਣ ਲਾ ਦੇਂਦਾ ਹੈ)। ਉਹ ਆਤਮਾ ਸੰਤ ਬਣ ਜਾਂਦੀ ਹੈ।

## *ਗੁਣ ਬਿਅੰਤ ਕੀਮਤਿ ਨਹੀ ਪਾਇ ॥*
## *ਨਾਨਕ ਜਿਸੁ ਭਾਵੈ ਤਿਸੁ ਲਏ ਮਿਲਾਇ ॥ ੪ ॥*

ਉਸ ਪਾਰਬ੍ਰਹਮ ਪਰਮੇਸ਼ਰ ਦੇ ਗੁਣ ਬਹੁਤ ਬੇਅੰਤ ਹਨ (ਉਨ੍ਹਾਂ ਦਾ ਅੰਤ ਨਹੀਂ ਪੈਂਦਾ)। ਕਿਉਂਕਿ ਸਤਿਗੁਰ ਆਤਮਾ ਉਸ (ਪ੍ਰਭੂ) ਵਿੱਚ ਸਮਾਈ ਹੋਈ ਹੁੰਦੀ ਹੈ, ਇਸ ਲਈ ਸਤਿਗੁਰ ਆਤਮਾ ਦੇ ਗੁਣ ਵੀ ਬੇਅੰਤ ਹਨ (ਉਨ੍ਹਾਂ ਦਾ ਵੀ ਅੰਤ ਨਹੀਂ ਪੈਂਦਾ)।

ਹੇ ਨਾਨਕ ! ਜੇ ਉਸ (ਸਤਿਗੁਰ) ਦੇ ਮਨ ਵਿੱਚ ਕ੍ਰਿਪਾ ਆਵੇ ਤਾਂ ਉਹ ਕਿਸੇ ਨੂੰ ਆਪਣੇ ਨਾਲ ਮਿਲਾ ਲੈਂਦਾ ਹੈ। ਉਸ ਨੂੰ ਸੰਗਤਿ ਵਿੱਚ ਰੱਖ ਕੇ ਨਾਮ ਦ੍ਰਿੜ ਕਰਾ ਦੇਂਦਾ ਹੈ। ਇਹ ਗੁਰੂ ਦੀ ਕ੍ਰਿਪਾ ਹੈ।

## *ਜਿਹਬਾ ਏਕ ਉਸਤਤਿ ਅਨੇਕ ॥*
## *ਸਤਿ ਪੁਰਖ ਪੂਰਨ ਬਿਬੇਕ ॥*

ਸਾਡੀ ਜੀਭ ਇੱਕ ਹੈ। ਉਸ ਪ੍ਰਭੂ ਦੀ ਸ਼ੋਭਾ ਬੇਅੰਤ ਹੈ (ਅਨੇਕਾਂ ਗੁਣ ਉਸ ਵਿੱਚ ਹਨ)। ਉਹ ਸਦਾ ਕਾਇਮ ਰਹਿਣ ਵਾਲਾ ਸਰਬ ਸਮਰੱਥ ਪ੍ਰਭੂ ਸਾਰੇ (ਹਰ ਥਾਂ) ਹੈ ਤੇ ਉਸ ਦੀ ਪਰਖ ਦੀ ਬੁੱਧੀ ਹਮੇਸ਼ਾ ਸਹੀ ਹੈ (ਉਹ ਸਭ ਜਾਣੀਜਾਣ ਹੈ)। ਜੋ ਵੀ ਉਹ ਕਰਦਾ ਹੈ, ਉਹ ਆਪਣੇ ਨਿਰਨੇ ਮੁਤਾਬਿਕ ਕਰਦਾ ਹੈ ਤੇ ਸਹੀ ਹੀ ਕਰਦਾ ਹੈ।

## *ਕਾਹੂ ਬੋਲ ਨ ਪਹੁਚਤ ਪ੍ਰਾਨੀ ॥*
## *ਅਗਮ ਅਗੋਚਰ ਪ੍ਰਭ ਨਿਰਬਾਨੀ ॥*

ਕੋਈ ਵੀ ਬੋਲ (ਉਸ ਦੀ ਸੋਭਾ ਦੇ ਕੋਈ ਗੀਤ) ਉਸ ਨੂੰ ਨਹੀਂ ਪਹੁੰਚ ਸਕਦੇ ਕਿਉਂਕਿ ਜੀਵ ਉਸ ਦੀ ਕਿੰਨੀ ਵੀ ਸੋਭਾ ਕਰੇ, ਉਸ ਦੀ ਪੂਰੀ ਸੋਭਾ ਤਾਂ ਹੋ ਹੀ ਨਹੀਂ ਸਕਦੀ। ਗੁਰੂ ਨਾਨਕ ਪਾਤਸ਼ਾਹ ਕਹਿੰਦੇ ਨੇ :-

**H ਕਿਵ ਕਰਿ ਆਖਾ ਕਿਵ ਸਾਲਾਹੀ ਕਿਉ ਵਰਨੀ ਕਿਵ ਜਾਣਾ ॥ (ਪੰਨਾ ੪-੫)**

ਹਜ਼ੂਰ, ਕਿਵੇਂ ਮੈਂ ਤੇਰੀ ਸੋਭਾ ਕਰਾਂ ? ਕਿਵੇਂ ਮੈਂ ਤੈਨੂੰ ਜਾਣਾ ? ਕਿਵੇਂ ਮੈਂ ਤੇਰੀ ਸਲਾਹੁਤਾ ਕਰਾ ? ਕਿਵੇਂ ਮੈਂ ਤੈਨੂੰ ਬਿਆਨ ਕਰਾਂ ? ਕਿਉਂਕਿ ਤੂੰ ਬਿਆਨ ਤੋਂ ਪਰੇ ਹੈ। ਕੋਈ ਬੋਲ, ਕੋਈ ਬਚਨ, ਕੋਈ ਗਿਆਨ ਉਸ ਦੀ ਬਰਾਬਰਤਾ ਤਕ ਨਹੀਂ ਪਹੁੰਚ ਸਕਦਾ।

ਉਹ ਮਨ ਬੁੱਧੀ ਦੀ ਗਮਤਾ ਤੋਂ ਪਰੇ, ਗਿਆਨ ਇੰਦ੍ਰੀਆਂ ਦੀ ਪਕੜ ਤੋਂ ਪਰੇ, ਉਹ ਮੇਰਾ ਮਾਲਕ ਸਭ ਰਚਨਾ ਤੋਂ ਨਿਰਲੇਪ ਹੈ। ਉਸ ਮਾਲਕ ਦੇ ਗੀਤ ਗਾਉਣੇ ਨੇ, ਜਿਸਦਾ ਅੰਤ ਨਹੀਂ ਪੈਂਦਾ।

## *ਨਿਰਾਹਾਰ ਨਿਰਵੈਰ ਸੁਖਦਾਈ ॥*
## *ਤਾ ਕੀ ਕੀਮਤਿ ਕਿਨੈ ਨ ਪਾਈ ॥*

ਕਿਉਂਕਿ ਉਸ ਦਾ ਆਕਾਰ ਕੋਈ ਨਹੀਂ, ਇਸ ਲਈ ਉਸ ਦਾ ਆਹਾਰ ਵੀ ਕੋਈ ਨਹੀਂ (ਉਹ ਖਾਂਦਾ ਪੀਂਦਾ ਕੁਛ ਨਹੀਂ)। ਉਸ ਨੂੰ ਕਿਸੇ ਨਾਲ ਵੀ ਵੈਰ ਨਹੀਂ। ਉਹ ਤਾਂ ਸਭ ਨੂੰ ਸੁੱਖ ਦੇਣ ਵਾਲਾ ਦਾਤਾ ਹੈ।

ਉਸ ਦਾ ਮੁੱਲ ਕਿਸੇ ਨੇ ਵੀ ਨਹੀਂ ਪਾਇਆ।

## *ਅਨਿਕ ਭਗਤ ਬੰਦਨ ਨਿਤ ਕਰਹਿ ॥*
## *ਚਰਨ ਕਮਲ ਹਿਰਦੈ ਸਿਮਰਹਿ ॥*

ਅਨੇਕਾਂ ਉਸ ਦੇ ਭਗਤ ਉਸ ਨੂੰ ਸਦਾ ਹਮੇਸ਼ਾ ਹੀ ਨਮਸਕਾਰ ਕਰਦੇ ਹਨ।

ਉਸ ਦੇ ਗਿਆਨ (ਸ਼ਬਦ) ਨੂੰ ਹਿਰਦੇ ਵਿੱਚ ਪ੍ਰੇਮ ਨਾਲ ਯਾਦ ਕਰਦੇ ਹਨ, ਉਸ ਦਾ ਅੰਤ ਨਹੀਂ ਪਾਉਂਦੇ।

**H ਧਿਆਇ ਧਿਆਇ ਭਗਤਹ ਸੁਖੁ ਪਾਇਆ ॥**
**ਨਾਨਕ ਤਿਸੁ ਪੁਰਖ ਕਾ ਕਿਨੈ ਅੰਤੁ ਨ ਪਾਇਆ ॥** (ਪੰਨਾ ੨੮੪)

ਉਸ ਦੇ ਭਗਤ ਉਸ ਨੂੰ ਧਿਆ ਕੇ ਸੁੱਖ ਪਾਉਂਦੇ ਹਨ। ਪਰ ਉਸ ਸਰਬ ਸਮਰੱਥ ਦਾ ਅੰਤ ਨਹੀਂ ਪਾਉਂਦੇ।

***ਸਦ ਬਲਿਹਾਰੀ ਸਤਿਗੁਰ ਅਪਨੇ ॥***
***ਨਾਨਕ ਜਿਸੁ ਪ੍ਰਸਾਦਿ ਐਸਾ ਪ੍ਰਭੁ ਜਪਨੇ ॥ ੫ ॥***

ਹਜ਼ੂਰ ਕਹਿੰਦੇ ਨੇ ਕਿ ਮੈਂ ਆਪਣੇ ਸਤਿਗੁਰੂ (ਗੁਰੂ ਰਾਮਦਾਸ ਜੀ) ਤੋਂ ਸਦਾ ਸਦਾ ਬਲਿਹਾਰ ਜਾਂਦਾ ਹਾਂ,
ਜਿਨ੍ਹਾਂ ਦੀ ਕ੍ਰਿਪਾ ਸਦਕਾ ਮੈਂ ਐਸੇ ਪ੍ਰਭੂ ਨੂੰ ਜਪਣ ਲੱਗਾ ਤੇ ਮੈਂ ਐਸੇ ਪ੍ਰਭੂ ਵਿੱਚ ਸਮਾ ਗਇਆ (ਜਿਸ ਦੇ ਗੁਣ ਹਜ਼ੂਰ ਨੇ ਉਪਰ ਦੱਸੇ ਨੇ)।

***ਇਹੁ ਹਰਿ ਰਸੁ ਪਾਵੈ ਜਨੁ ਕੋਇ ॥***
***ਅੰਮ੍ਰਿਤੁ ਪੀਵੈ ਅਮਰੁ ਸੋ ਹੋਇ ॥***

ਇਹ ਹਰੀ ਦਾ ਰਸ ਐਸਾ ਹੈ, ਇਹਨੂੰ ਕੋਈ ਵੀ ਪ੍ਰਾਪਤ ਕਰ ਲਵੇ (ਉਸ ਦਾ ਦਾਸ)।
ਉਹੀ ਅੰਮ੍ਰਿਤ ਪੀਂਦਾ ਹੈ ਤੇ ਅਮਰ ਹੋ ਜਾਂਦਾ ਹੈ।

***ਉਸੁ ਪੁਰਖ ਕਾ ਨਾਹੀ ਕਦੇ ਬਿਨਾਸ ॥***
***ਜਾ ਕੈ ਮਨਿ ਪ੍ਰਗਟੇ ਗੁਨ ਤਾਸ ॥***

ਫਿਰ ਉਸ ਵਿਅਕਤੀ (ਆਦਮੀ) ਕਦੀ ਨਾਸ ਨਹੀਂ ਹੁੰਦਾ। ਉਹ ਅਟੱਲ (ਅਮਰ) ਹੋ ਜਾਂਦਾ ਹੈ। ਉਸ ਦੀ ਹੋਂਦ (ਹਸਤੀ) ਹਮੇਸ਼ਾ ਕਾਇਮ ਰਹਿੰਦੀ ਹੈ, ਜਿਸ ਦੇ ਮਨ ਵਿੱਚ ਗੁਣਾਂ ਦਾ ਸਮੁੰਦਰ (ਗੁਣਾਂ ਦਾ ਭੰਡਾਰ) ਪ੍ਰਭੂ ਪ੍ਰਗਟ ਹੋ ਜਾਂਦਾ ਹੈ।

***ਆਠ ਪਹਰ ਹਰਿ ਕਾ ਨਾਮੁ ਲੇਇ ॥***
***ਸਚੁ ਉਪਦੇਸੁ ਸੇਵਕ ਕਉ ਦੇਇ ॥***

ਉਹ ਆਪ ਅੱਠੇ ਪਹਿਰ ਹਰੀ ਦਾ ਨਾਮ ਜਪਦਾ ਹੈ,
ਤੇ ਸਚੁ (ਆਦਿ ਸਚੁ, ਜੁਗਾਦਿ ਸਚੁ, ਹੈ ਭੀ ਸਚੁ, ਨਾਨਕ ਹੋਸੀ ਭੀ ਸਚੁ) ਦਾ ਉਪਦੇਸ਼ ਹੀ ਅਪਣੇ ਸੇਵਕ ਨੂੰ ਦ੍ਰਿੜ ਕਰਾਉਂਦਾ ਹੈ। ਉਹ ਆਪਣਾ ਉਪਦੇਸ਼ ਨਹੀਂ ਚਲਾਉਂਦਾ, ਉਹ ਰੱਬ ਜੀ ਦਾ ਹੀ ਉਪਦੇਸ਼ ਚਲਾਉਂਦਾ ਹੈ।

***ਮੋਹ ਮਾਇਆ ਕੈ ਸੰਗਿ ਨ ਲੇਪੁ ॥***
***ਮਨ ਮਹਿ ਰਾਖੈ ਹਰਿ ਹਰਿ ਏਕੁ ॥***

ਉਸ ਦਾ ਰਚਨਾ ਨਾਲ ਕੋਈ ਮੋਹ ਬਾਕੀ ਨਹੀਂ ਰਹਿੰਦਾ। ਉਹ ਲਿਪਾਇਮਾਨ ਨਹੀਂ ਹੁੰਦਾ, ਮਾਇਆ ਦੀਆਂ ਸਹੂਲਤਾਂ ਵੇਖ ਕੇ (ਇਨ੍ਹਾਂ ਵਿੱਚ ਨਹੀਂ ਰੀਝਦਾ)।
ਉਹ ਆਪਣੇ ਮਨ ਵਿੱਚ ਇਕ ਹਰੀ ਨੂੰ ਹੀ ਟਿਕਾ ਕੇ ਰੱਖਦਾ ਹੈ ਤੇ ਉਸ ਇੱਕ ਹਰੀ ਦੀ ਪ੍ਰੀਤਿ ਵਿੱਚ ਹੀ ਉਹ ਆਤਮਾ ਟਿਕੀ ਰਹਿੰਦੀ ਹੈ।

***ਅੰਧਕਾਰ ਦੀਪਕ ਪਰਗਾਸੇ ॥***
***ਨਾਨਕ ਭਰਮ ਮੋਹ ਦੁਖ ਤਹ ਤੇ ਨਾਸੇ ॥ ੬ ॥***

ਜਿਸ ਤਰਾਂ ਹਨੇਰੇ ਵਿੱਚ ਦੀਵੇ ਦਾ ਪ੍ਰਕਾਸ਼ ਹੋ ਜਾਵੇ ਤਾਂ ਹਨੇਰਾ ਖਤਮ ਹੋ ਜਾਦਾ ਹੈ, ਇਸ ਤਰਾਂ ਨਾਮ ਪ੍ਰਗਟ ਹੋਣ ਨਾਲ ਭਰਮ ਭੁਲੇਖਾ, ਮਾਇਆ ਦਾ ਮੋਹ ਤੇ ਮਾਇਆ ਦੇ ਮੋਹ ਤੋਂ ਉਪਜਦੇ ਸਾਰੇ ਦੁੱਖ, ਹਜ਼ੂਰ ਕਹਿੰਦੇ ਨੇ ਕਿ, ਉਸ ਦੇ ਨਾਸ਼ ਹੋ ਜਾਂਦੇ ਨੇ।

***ਤਪਤਿ ਮਾਹਿ ਠਾਢਿ ਵਰਤਾਈ ॥***
***ਅਨਦੁ ਭਇਆ ਦੁਖ ਨਾਠੇ ਭਾਈ ॥***

ਇਹ ਨਾਮ ਰਸ ਪ੍ਰਾਪਤ ਹੋਣ ਨਾਲ ਤਪਦੇ ਹਿਰਦੇ ਵਿੱਚ ਠੰਡਕ ਵਰਤ ਜਾਂਦੀ ਹੈ, ਸ਼ਾਂਤੀ ਹੋ ਜਾਂਦੀ ਹੈ, ਤ੍ਰਿਸ਼ਨਾ ਮੁੱਕ ਜਾਂਦੀ ਹੈ, ਆਨੰਦ ਹੋ ਜਾਦਾ ਹੈ, ਸਾਰੇ ਦੁੱਖ ਨਸ਼ਟ ਹੋ ਜਾਂਦੇ ਹਨ।

***ਜਨਮ ਮਰਨ ਕੇ ਮਿਟੇ ਅੰਦੇਸੇ ॥***

***ਸਾਧੂ ਕੇ ਪੂਰਨ ਉਪਦੇਸੇ ॥***

ਜੀਵ ਦਾ ਆਵਾਗਮਣ ਕੱਟਿਆ ਜਾਦਾ ਹੈ ਤੇ ਫਿਕਰ ਹੱਟ ਜਾਂਦਾ ਹੈ ਆਵਾਗਮਣ ਦਾ। ਕਿਸ ਤਰਾਂ ਹਟਦਾ ਹੈ ?

ਸਾਧੂ ਦੇ ਪੂਰਨ ਉਪਦੇਸ਼ ਸਦਕਾ (ਸਾਧੂ ਦੀ ਪੂਰੀ ਕ੍ਰਿਪਾ ਸਦਕਾ), ਜੋ ਉਸਨੇ ਉਪਦੇਸ਼ ਦਿੱਤਾ (ਜੋ ਉਸਨੇ ਗਿਆਨ ਦ੍ਰਿੜ ਕਰਾਇਆ), ਉਹਦੇ ਨਾਲ ਇਹ ਲੀਲਾ ਵਰਤਦੀ ਹੈ।

***ਭਉ ਚੂਕਾ ਨਿਰਭਉ ਹੋਇ ਬਸੇ ॥***

***ਸਗਲ ਬਿਆਧਿ ਮਨ ਤੇ ਖੈ ਨਸੇ ॥***

ਹਜ਼ੂਰ ਕਹਿੰਦੇ ਨੇ ਕਿ ਡਰ ਖਤਮ ਹੋ ਗਇਆ। ਜੀਵ ਆਤਮਾ ਨਿਰਭਉ ਹੋ ਜਾਂਦੀ ਹੈ, ਨਾਮ ਰਸ ਪਾ ਕੇ।

ਸਾਰੇ ਹੀ ਅਉਗਣ ਉਸ ਦੇ ਖਤਮ ਹੋ ਜਾਂਦੇ ਨੇ। ਸਿਆਣਿਆਂ ਨੇ ਤਿੰਨ ਤਰਾਂ ਦੇ ਅਉਗਣ ਗਿਣੇ ਨੇ – ਆਧ, ਬਿਆਧ ਤੇ ਉਪਾਧ। ਹਜ਼ੂਰ ਕਹਿੰਦੇ ਨੇ ਕਿ ਉਹਦੇ ਸਾਰੇ ਹੀ ਅਉਗਣ ਖਤਮ ਹੋ ਜਾਂਦੇ ਨੇ ਮਨ ਵਿੱਚੋਂ ਨਸ਼ਟ ਹੀ ਹੋ ਜਾਂਦੇ ਨੇ।

***ਜਿਸ ਕਾ ਸਾ ਤਿਨਿ ਕਿਰਪਾ ਧਾਰੀ ॥***

***ਸਾਧਸੰਗਿ ਜਪਿ ਨਾਮੁ ਮੁਰਾਰੀ ॥***

ਐਸਿਆਂ ਤੇ ਉਹ ਪ੍ਰਭੂ ਕਿਰਪਾ ਕਰਦਾ ਹੈ, ਜਿਸ ਪ੍ਰਭੂ ਦੇ ਸਾਰੇ ਜੀਵ ਹਨ। ਉਹ ਪ੍ਰਭੂ ਕ੍ਰਿਪਾ ਕਰਦਾ ਹੈ। ਕਿੰਨ੍ਹਾ ਤੇ ਕਿਰਪਾ ਕਰਦਾ ਹੈ ?

ਜਿਹੜੇ ਸਾਧ ਦੀ ਸੰਗਤਿ ਵਿੱਚ ਮੁਰਾਰੀ ਦਾ ਨਾਮ ਜਪਦੇ ਨੇ। 'ਮੁਰ'–ਹੰਕਾਰ, 'ਅਰ' ਉਸ ਦਾ ਦੁਸ਼ਮਨ। ਹਉਮੈ ਦਾ ਨਾਸ਼ ਕਰਨ ਵਾਲੇ ਦਾ ਨਾਮ, ਜਿਹੜੇ ਸਾਧੂ ਦੀ ਸੰਗਤਿ ਵਿੱਚ ਜਪਦੇ ਨੇ, ਉਨ੍ਹਾਂ ਤੇ ਕ੍ਰਿਪਾ ਕਰਕੇ ਪ੍ਰਭੂ ਉਨ੍ਹਾਂ ਨੂੰ ਆਪਣੇ ਨਾਲ ਮਿਲਾ ਲੈਂਦਾ ਹੈ।

***ਥਿਤਿ ਪਾਈ ਚੂਕੇ ਭ੍ਰਮ ਗਵਨ ॥***

***ਸੁਨਿ ਨਾਨਕ ਹਰਿ ਹਰਿ ਜਸੁ ਸ੍ਰਵਨ ॥ ੭ ॥***

ਉਨ੍ਹਾਂ ਨੂੰ ਟਿਕਾਣਾ ਮਿਲ ਜਾਂਦਾ ਹੈ। ਉਨ੍ਹਾਂ ਦੀ ਭਰਮ ਭਟਕਨਾ ਤੇ ਗਵਨ (ਆਉਣਾ ਜਾਣਾ) ਸਾਰਾ ਮਿੱਟ ਜਾਂਦਾ ਹੈ। ਹੁਣ ਕੋਈ ਸਫਰ ਬਾਕੀ ਨਹੀਂ। ਹੁਣ ਕੋਈ ਇਹ ਨਹੀਂ ਕਿ ਉਨ੍ਹਾਂ ਨੇ ਆਉਣਾ ਹੈ, ਜਾਣਾ ਹੈ। ਉਹ ਤਾਂ ਇੱਕ ਟਿਕਾਣੇ ਤੇ ਟਿੱਕ ਜਾਂਦੇ ਨੇ। ਕਿਸ ਤਰਾਂ ਟਿਕਦੇ ਨੇ ?

ਹੇ ਨਾਨਕ, ਉਹ ਹਰੀ ਦਾ ਜਸ (ਸੋਭਾ, ਵਡਿਆਈ) ਆਪਣੇ ਕੰਨਾਂ ਨਾਲ ਸੁਣ ਸੁਣ ਕੇ (ਤੇ ਪੱਕੀ ਕਰ ਕੇ) ਉਸ ਟਿਕਾਣੇ ਤੇ ਪਹੁੰਚ ਜਾਂਦੇ ਨੇ। ਹੋਰ ਕੋਈ ਰਸਤਾ ਉਸ ਟਿਕਾਣੇ ਤੇ ਲੈ ਕੇ ਨਹੀਂ ਜਾਂਦਾ। ਕੇਵਲ ਸਿਫਤਿ ਸਲਾਹ ਦਾ ਹੀ ਰਸਤਾ ਹੈ, ਜੋ ਉਸ ਟਿਕਾਣੇ ਤੇ ਲੈ ਕੇ ਜਾਂਦਾ ਹੈ। ਅਰਦਾਸਿ ਤੇ ਤਾਂ ਕਰਨੀ ਹੈ, ਜੇ ਸਿਫਤਿ ਸਲਾਹ ਕੀਤੀ ਨਾ ਜਾਵੇ। ਕਿਉਂਕਿ ਅਸੀਂ ਆਪ ਸਿਫਤਿ ਸਲਾਹ ਕਰ ਨਹੀਂ ਸਕਦੇ, ਇਸ ਲਈ ਪ੍ਰਭੂ ਅੱਗੇ ਅਰਦਾਸਿ ਹੈ ਕਿ ਪ੍ਰਭੂ ਜੀ, ਦਇਆ ਕਰੋ, ਮੈਂ ਤੇਰੇ ਗੁਣ ਗਾਉਣ ਲੱਗ ਜਾਵਾਂ। ਇਹ ਅਰਦਾਸਿ ਹੈ ਤੇ ਸਾਡਾ ਇੰਦੀਆ (Target) ਕੀ ਹੈ ? ਅਸੀਂ ਕਰਨਾ ਕੀ ਹੈ ? ਗੁਣ ਗਾਉਣੇ ਨੇ। ਤੇ ਕਿੰਨਾ ਚਿਰ ਗਾਉਣੇ ਨੇ ? ਅਠੇ ਪਹਿਰ ਗਾਉਣੇ ਨੇ ਤੇ ਲਗਾਤਾਰ ਗਾਉਣੇ ਨੇ। ਇਹ Target ਹੈ। ਇਹ ਗੁਣ ਗਾ ਗਾ ਕੇ ਹੀ ਆਤਮਾ ਇਸ ਅਵਸਥਾ ਵਿੱਚ ਪਹੁੰਚਦੀ ਹੈ।

***ਨਿਰਗੁਨੁ ਆਪਿ ਸਰਗੁਨੁ ਭੀ ਓਹੀ ॥***

***ਕਲਾ ਧਾਰਿ ਜਿਨਿ ਸਗਲੀ ਮੋਹੀ ॥***

ਜੋ ਨਿਰਗੁਣ ਹੈ – ਜੋ ਦਿਸਦਾ ਨਹੀਂ ਹੈ, ਉਹ ਵੀ ਉਹ ਆਪ ਹੈ। ਜੋ ਸਰਗੁਣ ਹੈ – ਜੋ ਦਿਸਦੀ ਰਚਨਾ ਹੈ, ਉਹ ਵੀ ਮੇਰਾ ਮਾਲਕ ਆਪ ਹੈ।

ਜਿਸ ਨੇ ਆਪਨੀ ਸ਼ਕਤੀ ਧਾਰਨ ਕਰਕੇ ਸਭ ਰਚਨਾ ਨੂੰ ਮੋਹਿਆ ਹੋਇਆ ਹੈ ਤੇ ਉਸ ਤੋਂ ਬਾਹਰ ਰਚਨਾ ਜਾ ਨਹੀਂ ਸਕਦੀ, ਉਹ ਮੇਰਾ ਨਿਰੰਕਾਰ ਵਾਹਿਗੁਰੂ ਹੈ।

***ਅਪਨੇ ਚਰਿਤ ਪ੍ਰਭਿ ਆਪਿ ਬਨਾਏ ॥***

***ਅਪੁਨੀ ਕੀਮਤਿ ਆਪੇ ਪਾਏ ॥***

ਇਹ ਸਭ ਚਲਿਤ੍ਰ (ਘਟਨਾਵਾਂ), ਜੋ ਉਹ ਚਲਿਤ੍ਰ (ਅਜਬ ਕੌਤਕ) ਕਰ ਕਰ ਕੇ ਵੇਖ ਰਿਹਾ ਹੈ, ਇਹ ਸਭ ਪ੍ਰਭੂ ਆਪ ਕਰਦਾ ਹੈ। ਉਸ ਨੇ ਆਪ ਬਣਾਏ ਹੋਏ ਹਨ – ਅਜਬ ਲੀਲਾ ਤੇ ਅਜਬ ਟਿਕਾਣੇ।

ਉਹ ਬੇਅੰਤ ਪ੍ਰਭੂ ਆਪਣੀ ਕੀਮਤਿ ਆਪ ਹੀ ਜਾਣਦਾ ਹੈ।

## *ਹਰਿ ਬਿਨੁ ਦੂਜਾ ਨਾਹੀ ਕੋਇ ॥*
## *ਸਰਬ ਨਿਰੰਤਰਿ ਏਕੋ ਸੋਇ ॥*

ਹਜ਼ੂਰ ਕਹਿੰਦੇ ਨੇ ਕਿ ਉਸ ਰੱਬ ਜੀ ਤੋਂ ਬਗੈਰ ਦੂਜਾ ਇੱਥੇ ਕੋਈ ਹੈ ਹੀ ਨਹੀਂ ਕਿਉਂਕਿ ਇੱਕ ਪ੍ਰਭੂ ਤੋਂ ਬਗੈਰ ਗੁਰੂ ਮਹਾਰਾਜ ਨੂੰ ਹੋਰ ਕੁਛ ਵੀ ਨਜ਼ਰ ਨਹੀਂ ਆਉਂਦਾ।

ਹਜ਼ੂਰ ਕਹਿੰਦੇ ਨੇ ਕਿ ਸਾਰੇ ਉਹ ਇੱਕ ਹੀ ਸਮਾਇਆ ਹੋਇਆ ਹੈ ਤੇ ਉਸ ਦੇ ਹੀ ਚੋਜ ਵਰਤ ਰਹੇ ਹਨ।

## *ਓਤਿ ਪੋਤਿ ਰਵਿਆ ਰੂਪ ਰੰਗ ॥*
## *ਭਏ ਪ੍ਰਗਾਸ ਸਾਧ ਕੈ ਸੰਗ ॥*

ਉਹ ਪ੍ਰਭੂ ਤਾਂ ਤਾਣੇ ਪੇਟੇ ਵਿੱਚ ਸਾਰੇ ਸਮਾਇਆ ਹੋਇਆ ਹੈ। ਹਰ ਹੋਂਦ (ਹਸਤੀ) ਤੇ ਹਰ ਰੰਗ ਵਿੱਚ (ਸਾਰੀ ਰਚਨਾ ਦੇ ਹਰ ਅਣੂ ਵਿੱਚ) ਮੇਰਾ ਮਾਲਕ ਸਮਾਇਆ ਹੋਇਆ ਹੈ।

ਉਸ ਦਾ ਪ੍ਰਕਾਸ਼ (ਅਨੁਭਵ) ਜੀਵ ਨੂੰ ਸਾਧੂ ਦੀ ਸੰਗਤਿ ਵਿੱਚ ਹੀ ਹੁੰਦਾ ਹੈ (ਵੈਸੇ ਨਹੀਂ ਹੁੰਦਾ)।

## *ਰਚਿ ਰਚਨਾ ਅਪਨੀ ਕਲ ਧਾਰੀ ॥*
## *ਅਨਿਕ ਬਾਰ ਨਾਨਕ ਬਲਿਹਾਰੀ ॥ ੮ ॥ ੧੮ ॥*

ਉਸ ਨੇ ਸਭ ਰਚਨਾ ਰਚ ਕੇ ਆਪਣੀ ਕਲਾ ਇਸ ਵਿੱਚ ਧਾਰਨ ਕੀਤੀ ਹੋਈ ਹੈ (ਆਪਣੀ ਸ਼ਕਤੀ ਪਾਈ ਹੋਈ ਹੈ) ਤੇ ਸਭ ਕਾਸੇ ਨੂੰ ਆਪਣੀ ਤਾਕਤ ਨਾਲ ਚਲਾ ਰਹਿਆ ਹੈ।

ਐਸੇ ਨਿਰੰਕਾਰ ਵਾਹਿਗੁਰੂ ਤੋਂ, ਹਜ਼ੂਰ ਕਹਿੰਦੇ ਨੇ ਕਿ, ਮੈਂ ਅਨੇਕਾਂ ਵਾਰ ਬਲਿਹਾਰ ਜਾਂਦਾ ਹਾਂ, ਬਲਿਹਾਰ ਜਾਂਦਾ ਹਾਂ, ਬਲਿਹਾਰ ਜਾਂਦਾ ਹਾਂ।

**H H H H H**

## *ਅਸਟਪਦੀ ੧੯ (ਪੰਨਾ ੨੮੮)*

## *ਸਲੋਕੁ ॥*
## *ਸਾਥਿ ਨ ਚਾਲੈ ਬਿਨੁ ਭਜਨ*
## *ਬਿਖਿਆ ਸਗਲੀ ਛਾਰੁ ॥*

ਹਜ਼ੂਰ ਸੱਚੇ ਪਾਤਸ਼ਾਹ ਕਹਿੰਦੇ ਨੇ ਕਿ ਨਾਮ ਦੇ ਭਜਨ ਤੋਂ ਬਗੈਰ ਕੋਈ ਵੀ ਚੀਜ਼ ਜੀਵ ਦੇ ਨਾਲ ਨਹੀਂ ਜਾਂਦੀ (ਜਦੋਂ ਜੀਵ ਸੰਸਾਰ ਤੋਂ ਜਾਂਦਾ ਹੈ)। ਇਹ ਜੋ ਜ਼ਹਿਰ ਰੂਪ ਮਾਇਆ ਹੈ, ਇਹ ਤਾਂ ਸਾਰੀ ਸਵਾਹ ਹੈ।

## *ਹਰਿ ਹਰਿ ਨਾਮੁ ਕਮਾਵਨਾ*
## *ਨਾਨਕ ਇਹੁ ਧਨੁ ਸਾਰੁ ॥ ੧ ॥*

ਹੇ ਨਾਨਕ ! ਉਸ ਹਰੀ ਦੇ ਨਾਮ ਦੀ ਕਮਾਈ ਕਰਨੀ (ਪ੍ਰਭੂ ਦੇ ਹੁਕਮ ਨੂੰ ਮੰਨਣਾ), ਏਹੀ ਸ੍ਰੇਸ਼ਟ (ਸਭ ਤੋਂ ਚੰਗਾ) ਧਨ ਹੈ, ਜੋ ਆਤਮਾ ਦੇ ਨਾਲ ਜਾਂਦਾ ਹੈ।

## *ਅਸਟਪਦੀ ॥*

## *ਸੰਤ ਜਨਾ ਮਿਲਿ ਕਰਹੁ ਬੀਚਾਰੁ ॥*
## *ਏਕੁ ਸਿਮਰਿ ਨਾਮ ਆਧਾਰੁ ॥*

ਹੇ ਸੰਤ ਜਨੋਂ, ਮਿਲ ਕੇ ਇਸ ਗੱਲ ਦੀ ਵੀਚਾਰ ਕਰੋ (ਇਸ ਵੀਚਾਰ ਨੂੰ ਗ੍ਰਹਿਣ ਕਰੋ) ਕਿ ਇੱਕ ਨਾਮ ਦਾ ਸਿਮਰਨ ਹੀ ਆਸਰਾ ਹੈ। ਹੋਰ ਕੋਈ ਆਤਮਾ ਦਾ ਆਸਰਾ ਨਹੀਂ।

## *ਅਵਰਿ ਉਪਾਵ ਸਭਿ ਮੀਤ ਬਿਸਾਰਹੁ ॥*
## *ਚਰਨ ਕਮਲ ਰਿਦ ਮਹਿ ਉਰਿ ਧਾਰਹੁ ॥*

ਹੇ ਮੇਰੇ ਮਿਤ੍ਰ ਗੁਰਸਿੱਖਹ, ਹੋਰ ਸਾਰੇ ਉਪਾਵ (ਯਤਨ) ਛੱਡ ਦੇਉ। ਉਹ ਕੰਮ ਨਹੀਂ ਆਉਂਣੇ ਪ੍ਰਭੂ ਦਾ ਜੋ ਸ਼ਬਦ ਹੈ, ਜੋ ਮਾਇਆ ਤੋਂ ਨਿਰਲੇਪ ਹੈ, ਇਸ (ਸ਼ਬਦ) ਨੂੰ ਆਪਣੇ ਹਿਰਦੇ ਵਿੱਚ ਵਸਾਉ।

## *ਕਰਨ ਕਾਰਨ ਸੋ ਪ੍ਰਭੁ ਸਮਰਥੁ ॥*
## *ਦ੍ਰਿੜੁ ਕਰਿ ਗਹਹੁ ਨਾਮੁ ਹਰਿ ਵਥੁ ॥*

ਸਭ ਕੁਛ ਕਰਨ ਦੇ ਸਮਰੱਥ ਤੇ ਯੋਗ ਉਹ ਇੱਕ ਮਾਲਕ ਹੀ ਹੈ।
ਉਸ ਦਾ ਨਾਮ ਦ੍ਰਿੜ ਕਰਕੇ, ਹਰੀ ਨਾਮ ਦੇ ਸੌਦੇ ਨੂੰ ਇਕੱਠਾ ਕਰੋ।

## *ਇਹੁ ਧਨੁ ਸੰਚਹੁ ਹੋਵਹੁ ਭਗਵੰਤ ॥*
## *ਸੰਤ ਜਨਾ ਕਾ ਨਿਰਮਲ ਮੰਤ ॥*

ਜੇ ਤੁਸੀਂ ਇਹ ਧਨ ਇਕੱਠਾ ਕਰੋਗੇ (ਨਾਮ ਦੀ ਧਨ ਦੌਲਤ ਇਕੱਠੀ ਕਰੋਗੇ), ਤਾਂ ਹਜ਼ੂਰ ਕਹਿੰਦੇ ਨੇ ਕਿ ਤੁਸੀਂ ਭਾਗਾਂ ਵਾਲੇ ਹੋ ਜਾਉਗੇ।
ਸੰਸਾਰ ਦੇ ਸਾਰੇ ਸੰਤਾ ਦਾ ਏਹੀ ਨਿਰਮਲ ਉਪਦੇਸ਼ ਹੈ, ਕਿ ਅਪਣੇ ਅੰਦਰ ਪ੍ਰਭੂ ਨਾਮ ਨੂੰ ਇਕੱਠਾ ਕਰੋ।

## *ਏਕ ਆਸ ਰਾਖਹੁ ਮਨ ਮਾਹਿ ॥*
## *ਸਰਬ ਰੋਗ ਨਾਨਕ ਮਿਟਿ ਜਾਹਿ ॥ ੧ ॥*

ਹਜ਼ੂਰ ਗਾਰੰਟੀ ਦੇਂਦੇ ਨੇ ਕਿ ਕੇਵਲ ਇੱਕ ਭਗਵਾਨ ਦੀ ਹੀ ਆਸ ਮਨ ਵਿੱਚ ਰੱਖੋ। ਉਸ ਇੱਕ ਭਗਵਾਨ ਦੇ ਨਾਮ ਨੂੰ ਇਕੱਠਾ ਕਰੋ, ਉਸ ਇੱਕ ਭਗਵਾਨ ਨੂੰ ਪਿਆਰ ਨਾਲ ਯਾਦ ਕਰੋ।

ਜੇ ਕਰੋਗੇ ਤਾਂ ਤੁਹਾਡੇ ਸਾਰੇ ਹੀ ਰੋਗ ਮਿੱਟ ਜਾਣਗੇ। ਇਲਾਜ ਇੱਕ ਹੈ (ਦਵਾਈ ਇੱਕ ਹੈ), ਦੁੱਖ ਸਾਰੇ ਦੂਰ ਹੋ ਜਾਣਗੇ।

## *ਜਿਸੁ ਧਨ ਕਉ ਚਾਰਿ ਕੁੰਟ ਉਠਿ ਧਾਵਹਿ ॥*
## *ਸੋ ਧਨੁ ਹਰਿ ਸੇਵਾ ਤੇ ਪਾਵਹਿ ॥*

ਹੇ ਮਨਾਂ, ਜੋ ਧਨ (ਦੌਲਤ) ਇਕੱਠੀ ਕਰਨ ਲਈ (ਕਮਾਉਣ ਲਈ) ਤੂੰ ਸੰਸਾਰ ਵਿੱਚ ਚਾਰੇ ਪਾਸੇ ਭੱਜਾ ਫਿਰਦਾ ਹੈਂ ਤੇ ਹਰ ਯਤਨ (ਹੀਲਾ, effort) ਕਰਦਾ ਹੈਂ,

ਇਹ ਧਨ ਤੈਨੂੰ ਮਿਲ ਜਾਵੇਗਾ ਜੇ ਤੂੰ ਹਰੀ ਦੀ ਸੇਵਾ ਵਿੱਚ ਲਗੇਂਗਾ। ਹਰੀ ਦੀ ਸੇਵਾ ਹਰੀ ਦਾ ਹੁਕਮ ਮੰਨਣਾ ਹੈ। ਹਰੀ ਦਾ ਹੁਕਮ ਗੁਰੂ ਦੀ ਬਾਣੀ ਵਿੱਚ ਦਰਜ ਹੈ। ਜੇ ਤੂੰ ਇਸ ਨੂੰ ਮੰਨੇਗਾ ਤਾਂ ਤੈਨੂੰ ਹਰ ਧਨ ਦੌਲਤ, ਜਿਸ ਨੂੰ ਇਕੱਠਾ ਕਰਨ ਲਈ ਤੂੰ ਹੋਰ ਕਰਮ ਕਰਕੇ ਯਤਨ ਕਰ ਰਹਿਆ ਹੈਂ, ਉਹ ਮਿਲ ਜਾਏਗੀ।

## *ਜਿਸੁ ਸੁਖ ਕਉ ਨਿਤ ਬਾਛਹਿ ਮੀਤ ॥*
## *ਸੋ ਸੁਖੁ ਸਾਧੂ ਸੰਗਿ ਪਰੀਤਿ ॥*

ਹੇ ਮਿਤ੍ਰਾ, ਜਿਸ ਸੁੱਖ ਨੂੰ ਤੂੰ ਰੋਜ਼ ਲੱਭਦਾ ਫਿਰਦਾ ਹੈਂ (ਤੇ ਚਾਹੁੰਦਾ ਹੈ ਕਿ ਮੈਨੂੰ ਇਹ ਸੁੱਖ ਪ੍ਰਾਪਤ ਹੋਵੇ, ਉਹ ਸੁੱਖ ਪ੍ਰਾਪਤ ਹੋਵੇ),
ਤੈਨੂੰ ਮਨ ਦੀ ਇੱਛਾ ਮੁਤਾਬਿਕ ਸੁੱਖ ਮਿਲ ਜਾਣਗੇ, ਜੇ ਤੂੰ ਸਾਧੂ ਦੀ ਸੰਗਤਿ ਵਿੱਚ ਮਨ ਦੀ ਪ੍ਰੀਤੀ ਲਾ ਲਵੇਂਗਾ।

## *ਜਿਸੁ ਸੋਭਾ ਕਉ ਕਰਹਿ ਭਲੀ ਕਰਨੀ ॥*
## *ਸਾ ਸੋਭਾ ਭਜੁ ਹਰਿ ਕੀ ਸਰਨੀ ॥*

ਭਾਈ, ਸੰਸਾਰ ਵਿੱਚ ਤੂੰ ਨੇਕ ਕਰਮ ਕਰਦਾ ਹੈਂ ਤਾਂ ਕਿ ਸੰਸਾਰ ਤੇਰੀ ਸੋਭਾ ਕਰੇ (ਲੋਕ ਤੈਨੂੰ ਚੰਗਾ ਕਹਿਣ)।

ਜੇ ਤੂੰ ਹਰੀ ਦੀ ਸ਼ਰਨ ਪੈ ਕੇ ਉਸ ਦੀ ਭਜਨ ਬੰਦਗੀ ਕਰੇਂਗਾ ਤਾਂ ਤੇਨੂੰ ਉਹ ਸੋਭਾ ਮਿਲ ਜਾਏਗੀ। ਹੋਰ ਨੇਕ ਕਰਮ ਕਰਨ ਦੀ ਤੈਨੂੰ ਲੋੜ ਨਹੀਂ ਪਏਗੀ ਤੇ ਉਸ ਦੇ ਬਗੈਰ ਹੀ ਤੈਨੂੰ ਬਹੁਤ ਸੋਭਾ ਮਿਲ ਜਾਏਗੀ।

## *ਅਨਿਕ ਉਪਾਵੀ ਰੋਗੁ ਨ ਜਾਇ ॥*
## *ਰੋਗੁ ਮਿਟੈ ਹਰਿ ਅਵਖਧੁ ਲਾਇ ॥*

ਅਨੇਕਾਂ ਹੀ ਉਪਾਵ (ਯਤਨ) ਜੇ ਤੂੰ ਕਰਦਾ ਰਹੇਂਗਾ ਤਾਂ ਹਉਮੈ ਦਾ ਰੋਗ ਕਦੀ ਵੀ ਦੂਰ ਨਹੀਂ ਹੋਣਾ।

ਹਉਮੈ ਦੇ ਰੋਗ ਦੀ ਦਵਾਈ ਕੇਵਲ ਇੱਕ ਹੈ ਤੇ ਉਹ ਹੈ – ਹਰੀ ਨਾਮ ਦੀ ਦਵਾਈ। ਜੇ ਤੂੰ ਹਰੀ ਨਾਮ ਦੀ ਦਵਾਈ ਖਾਏਂਗਾ (ਗੁਰਬਾਣੀ ਨੂੰ ਜੀਵਨ ਵਿੱਚ ਘਟਾਏਂਗਾ, ਇਸ ਨੂੰ ਮੰਨੇਗਾ, ਇਸ ਨੂੰ ਦ੍ਰਿੜ ਕਰੇਂਗਾ) ਤਾਂ ਤੇਰਾ ਇਹ ਰੋਗ ਮਿਟ ਜਾਏਗਾ ਕਿਉਂਕਿ ਹਉਮੈ ਦੀ ਬੀਮਾਰੀ ਦਾ ਇਲਾਜ ਹੋਰ ਕੋਈ ਹੈ ਹੀ ਨਹੀਂ। ਸਾਰੇ ਸੰਸਾਰ ਨੂੰ ਹਉਮੈ ਦਾ ਰੋਗ ਲੱਗਾ ਹੈ ਤੇ ਇਸ ਦਾ ਇਲਾਜ ਕੇਵਲ ਹਰੀ ਨਾਮ ਹੀ ਹੈ।

## *ਸਰਬ ਨਿਧਾਨ ਮਹਿ ਹਰਿ ਨਾਮੁ ਨਿਧਾਨੁ ॥*
## *ਜਪਿ ਨਾਨਕ ਦਰਗਹਿ ਪਰਵਾਨੁ ॥ ੨ ॥*

ਸਭ ਭੰਡਾਰਿਆਂ (ਖਜਾਨਿਆਂ) ਵਿੱਚੋਂ ਹਰੀ ਨਾਮ ਦਾ ਖਜਾਨਾ ਹੀ ਸ੍ਰੇਸ਼ਟ ਹੈ। ਏਹੀ ਕੰਮ ਆਉਂਦਾ ਹੈ।

ਜੇ ਹਰੀ ਨਾਮ ਨੂੰ ਜਪੇਂਗਾ ਤਾਂ ਹੇ ਨਾਨਕ ! ਤੂੰ ਹਰੀ ਦਰਗਾਰ ਵਿੱਚ ਪਰਵਾਨ ਹੋ
ਜਾਵੇਂਗਾ। ਪ੍ਰਭੂ ਦੀ ਦਰਗਾਹ ਵਿੱਚ ਤੇਨੂੰ ਸਤਿਕਾਰ ਮਿਲੇਗਾ। ਹੋਰ ਕਿਸੇ ਢੰਗ ਨਾਲ ਨਹੀਂ ਮਿਲ ਸਕਦਾ।

## *ਮਨੁ ਪਰਬੋਧਹੁ ਹਰਿ ਕੈ ਨਾਇ ॥*
## *ਦਹ ਦਿਸਿ ਧਾਵਤ ਆਵੈ ਠਾਇ ॥*

ਭਾਈ, ਇਸ ਮਨ ਨੂੰ ਗਿਆਨ ਦੇਉ (ਇਸ ਮਨ ਨੂੰ ਸਮਝਾਉ)। ਇਹ ਹਰੀ ਨਾਮ ਦਾ ਗਿਆਨ ਦ੍ਰਿੜ ਕਰੋ।

ਇਹ ਮਨ ਜਦੋਂ ਇਸ ਗੱਲ ਨੂੰ ਮੰਨ ਜਾਵੇ ਤੇ ਹਰੀ ਨਾਮ ਵਿੱਚ ਜੁੜ ਜਾਵੇ ਤਾਂ ਦਸਾਂ ਦਿਸ਼ਾਵਾਂ ਵਿੱਚ ਧਉਂਦਾ ਹੋਇਆ ਮਨ ਟਿਕ ਕੇ ਬੈਠ ਜਾਂਦਾ ਹੈ ਤੇ ਫਿਰ ਮਾਇਆ ਦਾ ਫੁਰਨਾ ਰੁਕਦਾ ਹੈ।

## *ਤਾ ਕਉ ਬਿਘਨੁ ਨ ਲਾਗੈ ਕੋਇ ॥*
## *ਜਾ ਕੈ ਰਿਦੈ ਬਸੈ ਹਰਿ ਸੋਇ ॥*

ਭਾਈ, ਜਿਸ ਦੇ ਹਿਰਦੇ ਵਿੱਚ ਹਰੀ ਵੱਸ ਜਾਵੇ, ਉਸ ਨੂੰ ਕਿਸੇ ਕੰਮ ਵਿੱਚ ਕਦੀ ਵੀ ਕੋਈ ਵਿਘਨ (ਰੁਕਾਵਟ) ਨਹੀਂ ਲਗਦਾ। ਇਸ ਲਈ ਹਰੀ ਨੂੰ ਹਿਰਦੇ ਵਿੱਚ ਵਸਾਉ। ਹਰੀ ਕੀ ਹੈ ? ਹਰੀ ਤੇ ਹਰੀ ਦਾ ਹੁਕਮ ਇੱਕ ਮਿੱਕ ਹਨ। ਹਰੀ ਦੇ ਹੁਕਮ (ਬਾਣੀ) ਨੂੰ ਹਿਰਦੇ ਵਿੱਚ ਵਸਾਉਣਾ ਹੈ, ਤਾਂ ਉਹ (ਹਰੀ) ਹਿਰਦੇ ਵਿੱਚ ਵੱਸੇਗਾ ਤੇ ਹਿਰਦੇ ਵਿੱਚ ਉਹ ਗੱਲ ਵਸਦੀ ਹੈ, ਜਿਹੜੀ ਕਰਮ (ਰਹਿਣੀ) ਵਿੱਚ ਆਉਂਦੀ ਹੈ।

## *ਕਲਿ ਤਾਤੀ ਠਾਂਢਾ ਹਰਿ ਨਾਉ ॥*
## *ਸਿਮਰਿ ਸਿਮਰਿ ਸਦਾ ਸੁਖ ਪਾਉ ॥*

ਭਾਈ, ਇਸ ਸੰਸਾਰ (ਰਚਨਾ) ਵਿੱਚ ਤ੍ਰਿਸ਼ਨਾ ਦੀ ਅੱਗ ਹੈ ਤੇ ਸਭ ਜੀਵ ਉਸ ਵਿੱਚ ਸੜ ਰਹੇ ਹਨ। ਉਸ ਅੱਗ ਨੂੰ ਠੰਡਾ ਕਰਨ ਲਈ (ਬੁਝਾਉਣ ਲਈ) ਕੇਵਲ ਹਰੀ ਦਾ ਨਾਮ ਹੈ। ਹੋਰ ਕਿਸੇ ਯਤਨ ਨਾਲ ਉਹ ਅੱਗ ਨਹੀਂ ਬੁੱਝ ਸਕਦੀ। ਇਹ ਸਮਝ ਨਾਲ ਨਹੀਂ ਬੁੱਝਦੀ, ਇਹ ਯਤਨ ਨਾਲ ਨਹੀਂ ਬੁੱਝਦੀ। ਇਹ ਹਰੀ ਨਾਮ ਜੇ ਜੀਵ ਦੇ ਅੰਦਰ ਵੱਸੇ, ਤਾਂ ਇਹ ਅੱਗ ਬੁੱਝਦੀ ਹੈ।

ਇਸ ਲਈ ਉਸ ਮਾਲਕ ਦਾ ਸਿਮਰਨ ਕਰੋ। 'ਸਿਮਰਨ' ਦਾ ਅਰਥ ਹੈ – ਪਿਆਰ ਭਰੀ ਯਾਦ। ਉਸ ਨੂੰ ਪਿਆਰ ਨਾਲ ਯਾਦ ਕਰੋ ਤੇ ਸੁਖੀ ਹੋ ਜਾਉਗੇ।

## *ਭਉ ਬਿਨਸੈ ਪੂਰਨ ਹੋਇ ਆਸ ॥*

## *ਭਗਤਿ ਭਾਇ ਆਤਮ ਪਰਗਾਸ ॥*

ਜੇ ਤੁਸੀਂ ਹਰੀ ਨਾਮ ਨੂੰ ਪਿਆਰ ਨਾਲ ਯਾਦ ਕਰੋਗੇ ਤਾਂ ਡਰ ਨਾਸ਼ ਹੋ ਜਾਏਗਾ ਤੇ ਤੁਹਾਡੀਆਂ ਰੀਝਾਂ ਪੂਰੀਆਂ ਹੋਣਗੀਆਂ।

ਪ੍ਰੇਮਾ ਭਗਤੀ ਦੁਆਰਾ ਹੀ ਆਤਾਮਾ ਵਿੱਚ ਨਾਮ ਦਾ ਪ੍ਰਕਾਸ਼ (ਚਾਨਣ) ਹੁੰਦਾ ਹੈ। ਪ੍ਰੇਮਾ ਭਗਤੀ ਤੋਂ ਬਗੈਰ ਹੋਰ ਕੋਈ ਢੰਗ (ਤਰੀਕਾ) ਨਹੀਂ।

## *ਤਿਤੁ ਘਰਿ ਜਾਇ ਬਸੈ ਅਬਿਨਾਸੀ ॥*

## *ਕਹੁ ਨਾਨਕ ਕਾਟੀ ਜਮ ਫਾਸੀ ॥ ੩ ॥*

ਇਸ ਤਰਾਂ ਜੇ ਤੁਸੀਂ ਪ੍ਰੇਮਾ ਭਗਤੀ ਵਿੱਚ ਟਿਕੋਗੇ ਤਾਂ ਤੁਸੀ ਪ੍ਰਭੂ ਦੇ ਦਰ ਤੇ ਪਰਵਾਨ ਹੋਵੋਗੇ ਤੇ ਉਸ ਟਿਕਾਣੇ ਤੇ ਜਾ ਪਹੁੰਚੋਗੇ, ਜਿੱਥੇ ਜਾ ਕੇ ਆਤਮਾ ਅਬਿਨਾਸੀ ਹੋ ਜਾਂਦੀ ਹੈ (ਆਵਾਗਮਣ ਕੱਟਿਆ ਜਾਦਾ ਹੈ)।

ਹੇ ਨਾਨਕ ! ਇਸ ਤਰਾਂ ਕਰਦਿਆਂ ਕਰਦਿਆਂ ਤੁਹਾਡੀ ਜਮਾਂ ਦੀ ਫਾਹੀ ਕੱਟੀ ਜਾਏਗੀ। ਹੋਰ ਕਿਸੇ ਢੰਗ ਨਾਲ ਨਹੀਂ ਕੱਟੀ ਜਾ ਸਕਦੀ।

## *ਤਤੁ ਬੀਚਾਰੁ ਕਹੈ ਜਨੁ ਸਾਚਾ ॥*

## *ਜਨਮਿ ਮਰੈ ਸੋ ਕਾਚੋ ਕਾਚਾ ॥*

ਹੇ ਗੁਰਸਿੱਖਹੁ, ਦਾਸ ਇਹ ਸੱਚੀ ਤੱਤ ਵੀਚਾਰ ਤੁਹਾਨੂੰ ਦਸਦਾ ਹੈ ਕਿ ਜੋ ਆਤਮਾ ਆਵਾਗਮਣ ਵਿੱਚ ਹੈ (ਜੋ ਜੰਮਦੀ ਮਰਦੀ ਰਹਿੰਦੀ ਹੈ), ਉਹ ਕੱਚੀ ਹੈ, ਉਹ ਸੱਚੀ ਨਹੀਂ ਹੋਈ। ਜੇ ਪ੍ਰਭੂ ਵਿੱਚ ਸਮਾਵੇ ਤਾਂ ਸੱਚੀ ਹੋਵੇ ਤੇ ਆਵਾਗਮਣ ਕੱਟਿਆ ਜਾਵੇ, ਨਹੀਂ ਤਾਂ ਆਤਮਾ ਕੱਚੀ ਹੀ ਰਹਿੰਦੀ ਹੈ।

## *ਆਵਾ ਗਵਨੁ ਮਿਟੈ ਪ੍ਰਭ ਸੇਵ ॥*

## *ਆਪੁ ਤਿਆਗਿ ਸਰਨਿ ਗੁਰਦੇਵ ॥*

ਭਾਈ, ਆਉਣਾ ਜਾਣਾ (ਜਨਮ ਮਰਨ) ਪ੍ਰਭੂ ਦੀ ਸੇਵਾ ਤੇ ਹੀ ਖਤਮ ਹੁੰਦਾ ਹੈ। ਪ੍ਰਭ ਦੀ ਸੇਵਾ ਹੈ :-

**H ਜਿਨਿ ਸੇਵਿਆ ਤਿਨਿ ਪਾਇਆ ਮਾਨੁ ॥**
**ਨਾਨਕ ਗਾਵੀਐ ਗੁਣੀ ਨਿਧਾਨੁ ॥** (ਪੰਨਾ ੨)

ਪ੍ਰਭੂ ਦੇ ਗੁਣ ਗਾ ਕੇ, ਪ੍ਰਭੂ ਦੀ ਸ਼ਰਨ ਲੈ ਕੇ, ਪ੍ਰਭੂ ਦਾ ਹੁਕਮ ਮੰਨ ਕੇਹੀ ਆਵਾਗਮਣ ਕੱਟਿਆ ਜਾਂਦਾ ਹੈ।

ਆਪਣੀ ਅਪਣਤ ਤਿਆਗਣੀ ਪੈਂਦੀ ਹੈ ਤੇ ਉਸ ਮਾਲਕ ਦੀ ਸ਼ਰਨ ਪੈਣਾ ਪੈਂਦਾ ਹੈ, ਜੋ ਪ੍ਰਭੂ ਗਿਆਨ ਸਰੂਪ ਹੈ।

## *ਇਉ ਰਤਨ ਜਨਮ ਕਾ ਹੋਇ ਉਧਾਰੁ ॥*

## *ਹਰਿ ਹਰਿ ਸਿਮਰਿ ਪ੍ਰਾਨ ਆਧਾਰੁ ॥*

ਇੱਕੋ ਇੱਕ ਤਰੀਕਾ ਹੈ, ਇਸ ਹੀਰੇ ਵਰਗੇ ਜਨਮ ਨੂੰ ਲੇਖੇ ਲਾਉਣ ਦਾ ਤੇ ਆਵਾਗਮਣ ਵਿੱਚੋਂ ਨਿਕਲਣ ਦਾ। ਉਹ ਕੀ ਹੈ ?

ਕਿ ਪਾਪਾਂ ਦਾ ਨਾਸ਼ ਕਰਨ ਵਾਲਾ ਜੋ ਭਗਵਾਨ ਹੈ, ਉਸ ਨੂੰ ਪਿਆਰ ਨਾਲ ਯਾਦ ਕਰੋ। ਜੋ ਰੱਬ ਜੀ ਪ੍ਰਾਣਾਂ ਦਾ ਆਸਰਾ ਹੈ, ਕੇਵਲ ਉਸ ਨੂੰ ਹੀ ਪ੍ਰੇਮ ਨਾਲ ਯਾਦ ਕਰਨਾ ਹੈ। ਹੋਰ ਕੋਈ ਢੰਗ (ਤਰੀਕਾ) ਹੈ ਹੀ ਨਹੀਂ।

## *ਅਨਿਕ ਉਪਾਵ ਨ ਛੂਟਨਹਾਰੇ ॥*

## *ਸਿੰਮ੍ਰਿਤਿ ਸਾਸਤ ਬੇਦ ਬੀਚਾਰੇ ॥*

ਜੇ ਕੋਈ ਹੋਰ ਢੰਗ ਅਪਨਾਵੇਗਾ ਤਾਂ ਆਵਾਗਮਣ ਵਿੱਚੋਂ ਕਦੀ ਨਹੀਂ ਨਿਕਲ ਸਕਦਾ। ਉਹ ਮਾਇਆ ਦੇ ਮੋਹ ਵਿੱਚ ਹੀ ਫਸਿਆ ਰਹੇਗਾ।

ਹਜ਼ੂਰ ਕਹਿੰਦੇ ਨੇ ਕਿ ਮੈਂ ਸਿੰਮ੍ਰਤੀਆਂ, ਸ਼ਾਸਤ੍ਰ ਤੇ ਵੇਦ (ਜੋ ਧਰਮ ਗ੍ਰੰਥ ਹਨ – ਹਿੰਦੂ ਭਾਈਚਾਰੇ ਦੇ), ਉਨ੍ਹਾਂ ਦੀ ਵੀਚਾਰ ਵੀ ਕਰ ਲਈ ਹੈ। ਉਹ ਵੀ ਏਹੋ ਇੱਕੋ ਹੀ ਢੰਗ (ਤਰੀਕਾ) ਦਸਦੇ ਹਨ। ਹੋਰ ਕੋਈ ਢੰਗ (ਤਰੀਕਾ) ਨਹੀਂ ਦਸਦੇ।

## *ਹਰਿ ਕੀ ਭਗਤਿ ਕਰਹੁ ਮਨੁ ਲਾਇ ॥*

## *ਮਨਿ ਬੰਛਤ ਨਾਨਕ ਫਲ ਪਾਇ ॥ ੪ ॥*

ਹੇ ਭਾਈ, ਹਰੀ ਦੀ ਭਗਤੀ ਕਰੋ। ਕਿਸ ਤਰਾਂ ਕਰੋ ? ਮਨ ਲਾ ਕੇ ਕਰੋ। ਸੁਰਤਿ ਜੋੜ ਕੇ, ਪ੍ਰੇਮ ਭਾਵਨਾ ਨਾਲ ਉਸ ਦੇ ਸ਼ਬਦ ਨਾਲ ਜੁੜੋ। ਏਹੀ ਢੰਗ ਤਰੀਕਾ ਹੈ।

ਇਸ ਢੰਗ ਤਰੀਕੇ ਨਾਲ ਮਨ ਦੀਆਂ ਮੁਰਾਦਾਂ, ਹੇ ਨਾਨਕ, ਜੀਵ ਆਤਮਾ ਪਾ ਲੈਂਦੀ ਹੈ।

***ਸੰਗਿ ਨ ਚਾਲਸਿ ਤੇਰੈ ਧਨਾ ॥***

***ਤੂੰ ਕਿਆ ਲਪਟਾਵਹਿ ਮੂਰਖ ਮਨਾ ॥***

ਇਹ ਜੋ ਧਨ (ਦੌਲਤ) ਹੈ, ਮਾਇਆ ਦੇ ਜੋ ਸੁੱਖ ਸਾਧਨ ਹਨ, ਮਨਾਂ, ਇਹ ਤੇਰੇ ਨਾਲ ਨਹੀਂ ਜਾਣੇ।

ਮੂਰਖਾ, ਤੂੰ ਕਿਉਂ ਇਨ੍ਹਾਂ ਨਾਲ ਚੰਬੜਿਆ ਹੋਇਆਂ ਹੈਂ।

***ਸੁਤ ਮੀਤ ਕੁਟੰਬ ਅਰੁ ਬਨਿਤਾ ॥***

***ਇਨ ਤੇ ਕਹਹੁ ਤੁਮ ਕਵਨ ਸਨਾਥਾ ॥***

ਪੁਤ੍ਰ, ਮਿਤ੍ਰ, ਕੁਟੰਬ (ਪਰਿਵਾਰ ਦੇ ਸਾਰੇ ਜੀਵ) ਤੇ ਪਤਨੀ (ਪਤੀ),

ਇਨ੍ਹਾਂ ਵਿੱਚੋਂ ਦੱਸ ਤੇਰਾ ਕਉਣ ਸਾਥੀ ਹੋਏਗਾ ? ਮਨਾਂ, ਇਨ੍ਹਾਂ ਵਿੱਚੋਂ ਤੇਰਾ ਕੋਈ ਵੀ ਸਾਥੀ ਨਹੀਂ ਹੋਣਾ।

***ਰਾਜ ਰੰਗ ਮਾਇਆ ਬਿਸਥਾਰ ॥***

***ਇਨ ਤੇ ਕਹਹੁ ਕਵਨ ਛੁਟਕਾਰ ॥***

ਜੇ ਤੂੰ ਰਾਜ ਪੈਦਾ ਕਰ ਲਵੇਂਗਾ, ਮਾਇਆ ਦੀਆਂ ਮੌਜਾਂ ਮਾਣੇਗਾਂ, ਹੋਰ ਖਲਾਰੇ ਮਾਇਆ ਦੇ ਬਹੁਤ ਵਧਾ ਕੇ ਦੁਨੀਆਵੀ ਤੌਰ ਤੇ ਬਹੁਤ ਵੱਡਾ ਆਦਮੀ ਵੀ ਬਣ ਜਾਵੇਂਗਾ।

ਇਨ੍ਹਾਂ ਨਾਲ ਤੂੰ ਦੱਸ ਤੇਰਾ ਕਿਵੇਂ ਛੁਟਕਾਰਾ ਹੋਏਗਾ ? ਭਾਵ ਹੈ ਕਿ ਨਹੀਂ ਹੋ ਸਕਦਾ।

***ਅਸੁ ਹਸਤੀ ਰਥ ਅਸਵਾਰੀ ॥***

***ਝੂਠਾ ਡੰਫੁ ਝੂਠੁ ਪਾਸਾਰੀ ॥***

ਇਹ ਹਾਥੀ, ਘੋੜੇ ਜਾਂ ਰੱਥਾਂ ਦੀ ਸਵਾਰੀ (ਜੋ ਚੰਗੀਆਂ ਸਵਾਰੀਆਂ ਹਨ), ਜੇ ਤੂੰ ਉਹ ਵੀ ਪੈਦਾ ਕਰ ਲਵੇਂਗਾ,

ਤਾਂ ਇਹ ਸਾਰਾ ਝੂਠਾ ਵਖਾਵਾ ਹੈ। ਇਹ ਸਾਰਾ ਝੂਠ ਪਸਾਰਾ ਹੈ ਕਿਉਂਕਿ ਇਨ੍ਹਾਂ ਵਿੱਚੋਂ ਆਤਮਾ ਦੇ ਨਾਲ ਜਾਣ ਵਾਲੀ ਕੋਈ ਚੀਜ਼ ਵੀ ਨਹੀਂ।

***ਜਿਨਿ ਦੀਏ ਤਿਸੁ ਬੁਝੈ ਨ ਬਿਗਾਨਾ ॥***

***ਨਾਮੁ ਬਿਸਾਰਿ ਨਾਨਕ ਪਛੁਤਾਨਾ ॥ ੫ ॥***

ਜਿਹਨੇ ਇਹ ਦਾਤਾਂ ਬਖਸ਼ੀਆਂ ਹਨ, ਹੇ ਨਾ-ਸਮਝ (ਗਿਆਨ ਤੋਂ ਸੱਖਣੇ) ਜੀਵ, ਤੂੰ ਉਸ ਨੂੰ ਬੁੱਝਦਾ ਨਹੀਂ (ਆਪਣੇ ਅੰਤਰ ਆਤਮੇ ਜੇ ਪ੍ਰਗਟ ਨਹੀਂ ਕਰਦਾ)।

ਤਾਂ ਨਾਮ ਨੂੰ ਵਿਸਾਰ ਕੇ, ਹੇ ਨਾਨਕ, ਤੈਨੂੰ ਪਛਤਾਉਣਾ ਹੀ ਪਏਗਾ।

***ਗੁਰ ਕੀ ਮਤਿ ਤੂੰ ਲੇਹਿ ਇਆਨੇ ॥***

***ਭਗਤਿ ਬਿਨਾ ਬਹੁ ਡੂਬੇ ਸਿਆਨੇ ॥***

ਹੇ ਨਾ-ਸਮਝ (ਮੂਰਖ) ਮਨਾਂ, ਤੂੰ ਗੁਰੂ ਦੀ ਮੱਤ ਨੂੰ ਗ੍ਰਹਿਣ ਕਰ।

ਗੁਰੂ ਦੀ ਮੱਤ ਇਹ ਦਸਦੀ ਹੈ ਕਿ ਭਗਤੀ ਤੋਂ ਬਿਨਾਂ (ਰੱਬ ਜੀ ਨਾਲ ਪਿਆਰ ਪਾਏ ਬਿਨਾਂ) ਬਹੁਤ ਸਿਆਣੇ (scholar, ਗਿਆਨੀ) ਵੀ ਡੁੱਬ ਜਾਂਦੇ ਹਨ ਕਿਉਂਕਿ ਅਕਲ ਨਾਲ ਜੀਵ ਮਾਇਆ ਦੇ ਸਮੁੰਦਰ ਨੂੰ ਤਰ ਨਹੀਂ ਸਕਦਾ।

***ਹਰਿ ਕੀ ਭਗਤਿ ਕਰਹੁ ਮਨ ਮੀਤ ॥***

***ਨਿਰਮਲ ਹੋਇ ਤੁਮ੍ਹਾਰੋ ਚੀਤ ॥***

ਮਨਾਂ, ਜੇ ਤੂੰ ਹਰੀ ਦੀ ਭਗਤੀ ਕਰੇਂਗਾ। ਹਰੀ ਦੀ ਭਗਤੀ ਕੀ ਹੈ ?

**H ਹਰਿ ਭਗਤਿ ਹਰਿ ਕਾ ਪਿਆਰੁ ਹੈ ਜੇ ਗੁਰਮੁਖਿ ਕਰੇ ਬੀਚਾਰੁ ॥** (ਪੰਨਾ ੨੮)

ਜੇ ਰੱਬ ਜੀ ਨਾਲ ਪਿਆਰ ਪਾ ਲਵੇਂਗਾ,

ਤਾਂ ਇਹ ਢੰਗ (ਤਰੀਕਾ) ਹੈ, ਜਿਸ ਨਾਲ ਤੇਰਾ ਮਨ ਨਿਰਮਲ ਹੋ ਜਾਏਗਾ (ਹਉਮੈ ਦੀ ਮੈਲ ਨਾਸ ਹੋਏਗੀ)। ਹੋਰ ਕਿਸੇ ਢੰਗ (ਤਰੀਕੇ) ਨਾਲ ਹਉਮੈ ਦੀ ਮੈਲ ਖਤਮ ਨਹੀਂ ਹੋ ਸਕਦੀ। ਕੇਵਲ ਪ੍ਰਭੂ ਨਾਲ ਪਿਆਰ ਪੈਣ ਤੇ ਹੀ ਖਤਮ ਹੁੰਦੀ ਹੈ।

***ਚਰਨ ਕਮਲ ਰਾਖਹੁ ਮਨ ਮਾਹਿ ॥***

***ਜਨਮ ਜਨਮ ਕੇ ਕਿਲਬਿਖ ਜਾਹਿ ॥***

ਜੇ ਤੂੰ ਪ੍ਰਭੂ ਦੇ ਚਰਨ ਕਮਲ, ਪ੍ਰਭੂ ਦਾ ਸ਼ਬਦ, ਜੋ ਮਾਇਆ ਤੋਂ ਨਿਰਲੇਪ ਹੈ, ਜੇ ਤੂੰ ਇਸ ਨੂੰ ਹਿਰਦੇ ਵਿੱਚ ਵਸਾਏਂਗਾ,

ਤਾਂ ਤੇਰੇ ਜਨਮਾਂ ਜਨਮਾਂ ਦੇ ਕੀਤੇ ਹੋਏ ਪਾਪ ਸਾਰੇ ਨਸ਼ਟ ਹੋ ਜਾਣਗੇ।

***ਆਪਿ ਜਪਹੁ ਅਵਰਾ ਨਾਮੁ ਜਪਾਵਹੁ ॥***

***ਸੁਨਤ ਕਹਤ ਰਹਤ ਗਤਿ ਪਾਵਹੁ ॥***

ਭਾਈ, ਇੱਕੋ ਢੰਗ (ਤਰੀਕਾ) ਮਾਇਆ ਤੋਂ ਬਚਣ ਦਾ (ਹਉਮੈ ਨੂੰ ਨਾਸ ਕਰਨ ਦਾ) ਹੈ ਕਿ ਆਪ ਨਾਮ ਜਪੋ, ਦੂਜਿਆਂ ਨੂੰ ਨਾਮ ਜਪਣ ਲਈ ਪ੍ਰੇਰਨਾ ਕਰੋ।

ਨਾਮ ਸੁਣੋ, ਨਾਮ ਕਹੋ, ਨਾਮ ਅਨੁਸਾਰ ਜੀਵਨ ਨੂੰ ਢਾਲੋ, ਤਾਂ ਤੁਹਾਡਾ ਕਲਿਆਣ ਹੋ ਜਾਵੇਗਾ।

***ਸਾਰ ਭੂਤ ਸਤਿ ਹਰਿ ਕੋ ਨਾਉ ॥***

***ਸਹਜਿ ਸੁਭਾਇ ਨਾਨਕ ਗੁਨ ਗਾਉ ॥ ੬ ॥***

ਤੱਤਸਾਰ, ਸਭ ਤੋਂ ਉੱਤਮ ਜੋ ਪਦਾਰਥ ਹੈ, ਜੋ ਸੱਚਾ ਪਦਾਰਥ ਹੈ, ਉਹ ਹਰੀ ਦਾ ਨਾਮ ਹੈ।

ਸਹਿਜ ਅਵਸਥਾ ਵਿੱਚ ਟਿਕ ਕੇ ਪ੍ਰੇਮ ਨਾਲ ਇਸ ਨਾਲ ਜੁੜ ਕੇ, ਹੇ ਨਾਨਕ, ਉਸ ਪ੍ਰਭੂ ਦੇ ਗੁਣ ਗਾਉ। ਇਹ ਢੰਗ (ਤਰੀਕਾ) ਨਾਮ ਜਪਣ ਦਾ ਹੈ। ਹੋਰ ਕੋਈ ਢੰਗ (ਤਰੀਕਾ) ਨਾਮ ਨੂੰ ਜਪਣ ਦਾ ਨਹੀਂ ਹੈ। ਪ੍ਰੇਮ ਭਾਵ ਨਾਲ ਮਨ (ਸੁਰਤਿ) ਨੂੰ ਸ਼ਬਦ ਨਾਲ ਜੋੜ ਕੇ, ਉਸ ਅਵਸਥਾ ਵਿੱਚ ਟਿਕ ਕੇ ਉਸ ਪ੍ਰਭੂ ਦੇ ਗੁਣ ਗਾਉ। ਇਹ ਢੰਗ ਨਾਲ ਪਾਰ ਪਾਉਗੇ।

***ਗੁਨ ਗਾਵਤ ਤੇਰੀ ਉਤਰਸਿ ਮੈਲੁ ॥***

***ਬਿਨਸਿ ਜਾਇ ਹਉਮੈ ਬਿਖੁ ਫੈਲੁ ॥***

ਭਾਈ, ਜੇ ਤੂੰ ਗੁਣ ਗਾਵੇਂਗਾ ਤਾਂ ਤੇਰੇ ਮਨ ਨੂੰ ਜੋ ਹਉਮੈ (ਮਾਇਆ ਦੇ ਮੋਹ) ਦੀ ਮੈਲ ਲੱਗੀ ਹੋਈ ਹੈ, ਉਹ ਹੋਲੀ ਹੋਲੀ ਉਤਰ ਜਾਏਗੀ।

ਤੇ ਨਾਸ ਹੋ ਜਾਏਗੀ ਹਉਮੈ ਦੀ ਜ਼ਹਿਰ, ਜੋ ਫੈਲੀ ਹੋਈ ਹੈ ਤੇ ਤੇਰਾ ਮਨ ਉਸ ਵਿੱਚ ਫਸਿਆ ਹੋਇਆ ਹੈ।

***ਹੋਹਿ ਅਚਿੰਤੁ ਬਸੈ ਸੁਖ ਨਾਲਿ ॥***

***ਸਾਸਿ ਗ੍ਰਾਸਿ ਹਰਿ ਨਾਮੁ ਸਮਾਲਿ ॥***

ਇੱਕੋ ਤਰੀਕਾ ਹੈ ਚਿੰਤਾ ਤੋਂ ਛੁੱਟਣ ਦਾ (ਨਹੀਂ ਤਾਂ ਚਿੰਤਾ ਤੇਰੀ ਜਾਨ ਨਹੀਂ ਛੱਡੇਗੀ)। ਜੇ ਤੂੰ ਅਚਿੰਤ ਹੋਣਾ ਚਾਹੁੰਦਾ ਹੈ, ਸੁੱਖ ਨਾਲ ਰਹਿਣਾ ਚਾਹੁੰਦਾ ਹੈ ਤਾਂ ਇੱਕੋ ਇੱਕ ਇਲਾਜ ਹੈ ਕਿ,

ਹਰ ਸਮੇਂ (ਹਰ ਸ੍ਵਾਸ ਸ੍ਵਾਸ ਨਾਲ) ਉਸ ਪ੍ਰਭੂ ਨਾਮ ਨਾਲ ਜੁੜਿਆ ਰਹੋ। ਸ੍ਵਾਸ ਲੈਂਦੇ ਹੋਏ ਤੇ ਗਰਾਹੀ ਖਾਂਦੇ ਹੋਏ ਹਰੀ ਨਾਮ ਨੂੰ ਕਦੇ ਨਾ ਭੁਲਾ। ਇਹ ਤਰੀਕਾ ਚਿੰਤਾ ਤੋਂ ਬਚਣ ਦਾ ਹੈ।

***ਛਾਡਿ ਸਿਆਨਪ ਸਗਲੀ ਮਨਾ ॥***

***ਸਾਧਸੰਗਿ ਪਾਵਹਿ ਸਚੁ ਧਨਾ ॥***

ਹੇ ਮਨਾਂ, ਤੂੰ ਆਪਣਾ ਅਕਲ ਛੱਡ ਦੇ। ਤੂੰ (ਮਾਇਆ ਦੀ) ਬਹੁਤ ਅਕਲ ਗ੍ਰਹਿਣ ਕੀਤੀ ਹੋਈ ਹੈ। ਉਹ ਅਕਲ ਇਸ ਰਸਤੇ ਵਿੱਚ ਕੰਮ ਨਹੀਂ ਆਉਣੀ।

ਤੂੰ ਸਾਧੂ ਦੀ ਸੰਗਤਿ ਵਿੱਚ ਜਾ।ਉੱਥੇ ਤੈਨੂੰ ਸੱਚਾ ਧਨ ਪ੍ਰਾਪਤ ਹੋਏਗਾ ਕਿਉਂਕਿ ਸਾਧੂ ਦੀ ਸੰਗਤਿ ਵਿੱਚ ਤੈਨੂੰ ਸਹੀ ਢੰਗ ਤਰੀਕੇ ਨਾਲ ਨਾਮ ਜਪਣ ਦਾ ਪਤਾ ਲਗੇਗਾ। ਤੈਨੂੰ ਇਹ ਦ੍ਰਿੜ ਹੋ ਜਾਏਗਾ ਕਿ :-

**H ਨਾਨਕ ਕੈ ਘਰਿ ਕੇਵਲ ਨਾਮੁ ॥ (ਪੰਨਾ ੧੧੩੬)**

ਹੋਰ ਕਰਮ ਕਾਂਡ ਕੰਮ ਨਹੀਂ ਆਉਂਦੇ। ਇੱਕ ਨਾਮ ਹੀ ਕੰਮ ਆਉਂਦਾ ਹੈ। ਤੇ ਨਾਮ ਜਪਣ ਦਾ ਢੰਗ ਤਰੀਕਾ ਉਸ ਪ੍ਰਭੂ ਦੇ ਗੁਣ ਗਾਉਣੇ ਹਨ ਤੇ ਜੇ ਨਾ ਗਾਏ ਜਾਣ ਤਾਂ ਉਸ ਅੱਗੇ ਅਰਦਾਸਿ ਬੇਨਤੀ ਕਰਨੀ ਹੈ। ਇਹ ਗੱਲ ਤੈਨੂੰ ਸਾਧੂ ਦੀ ਸੰਗਤਿ ਵਿੱਚ ਦ੍ਰਿੜ ਹੋਵੇਗੀ।

## *ਹਰਿ ਪੂੰਜੀ ਸੰਚਿ ਕਰਹੁ ਬਿਉਹਾਰੁ ॥*
## *ਈਹਾ ਸੁਖੁ ਦਰਗਹ ਜੈਕਾਰੁ ॥*

ਤੁਸੀ ਹਰੀ ਪੂੰਜੀ ਇਕੱਠੀ ਕਰੋ, ਨਾਮ ਨੂੰ ਇਕੱਠਾ ਕਰੋ, ਸਿਫਤਿ ਸਲਾਹ ਇਕੱਠੀ ਕਰੋ। ਮਨਾਂ, ਤੂੰ ਇਹ ਵਾਪਾਰ ਕਰ।

ਜੇ ਤੂੰ ਇਹ ਵਪਾਰ ਕਰੇਂਗਾ ਤਾਂ ਤੂੰ ਇੱਥੇ ਸੁਖੀ ਹੋ ਜਾਏਂਗਾ ਤੇ ਦਰਗਾਹ ਵਿੱਚ ਵੀ ਤੈਨੂੰ ਆਦਰ ਸਤਿਕਾਰ ਮਿਲੇਗਾ।

## *ਸਰਬ ਨਿਰੰਤਰਿ ਏਕੋ ਦੇਖੁ ॥*
## *ਕਹੁ ਨਾਨਕ ਜਾ ਕੈ ਮਸਤਕਿ ਲੇਖੁ ॥ ੭ ॥*

ਹਜ਼ੂਰ ਕਹਿੰਦੇ ਨੇ ਕਿ ਸਾਰੇ ਸਮਾਇਆ ਹੋਇਆ (ਬਿਨਾਂ ਵਿੱਥ ਦੇ) ਹਰ ਥਾਂ ਤੇ ਭਗਵਾਨ ਪੂਰੇ ਦਾ ਪੂਰਾ ਹੈ ਕਿਉਕਿ ਉਹ ਆਕਾਰ ਰੂਪ ਨਹੀਂ ਹੈ, ਨਿਰੰਕਾਰ ਰੂਪ ਹੈ ਤੇ ਨਿਰੰਕਾਰ ਹਰ ਥਾਂ ਤੇ ਸਮਾਇਆ ਹੋਇਆ ਹੈ। ਉਸ ਇੱਕ ਨੂੰ ਹਰ ਥਾਂ ਤੇ ਸਮਾਇਆ ਹੋਇਆ ਦੇਖ। ਉਹ ਕਿਸੇ ਤਰਾਂ ਦੇਖੇਗਾਂ ? ਜੇ ਤੂੰ ਨਾਮ ਦਾ ਭਜਨ ਕਰੇਂਗਾ, ਜੇ ਤੂੰ ਉਹਦੀ ਪ੍ਰੀਤਿ ਵਿੱਚ ਟਿਕ ਕੇ ਉਹਦੇ ਸ਼ਬਦ ਨਾਲ ਸਹਿਜ ਸੁਭਾਇ ਜੁੜ ਕੇ ਉਹਦੇ ਗੁਣ ਗਾਵੇਂਗਾ। ਇਸ ਤਰਾਂ ਉਹ ਪ੍ਰਗਟ ਹੋਵੇਗਾ।

ਹਜ਼ੂਰ ਕਹਿੰਦੇ ਨੇ ਕਿ ਹੇ ਨਾਨਕ ! ਇਹ ਉਹੀ ਕਰ ਸਕਦਾ ਹੈ, ਜਿਸ ਦੇ ਮੱਥੇ ਤੇ ਭਾਗ ਹੋਣ।

## *ਏਕੋ ਜਪਿ ਏਕੋ ਸਾਲਾਹਿ ॥*
## *ਏਕੁ ਸਿਮਰਿ ਏਕੋ ਮਨ ਆਹਿ ॥*

ਤੂੰ ਉਹ ਇੱਕ ਭਗਵਾਨ (ਰੱਬ ਜੀ ਇੱਕ ਹੈ) ਨੂੰ ਜਪ, ਉਸ ਨੂੰ ਬਾਰ ਬਾਰ ਜਪ, ਉਸ ਦਾ ਗੁਣਵਾਦ ਕਰ, ਉਸ ਦੀ ਸੋਭਾ ਕਰ।

ਜੇ ਤੂੰ ਉਸ ਇੱਕ ਨੂੰ ਪਿਆਰ ਨਾਲ ਜਪਦਾ ਰਹੇਂਗਾ ਤਾਂ ਉਹ ਇੱਕ ਤੇਰੇ ਮਨ ਵਿੱਚ ਵੱਸ ਜਾਵੇਗਾ। ਹੋਰ ਕੋਈ ਢੰਗ ਤਰੀਕਾ ਨਹੀਂ ਹੈ। ਭਾਈ, ਹਰ ਪਾਸਿਓਂ ਸੁਰਤਿ ਨੂੰ ਤੋੜ ਕੇ, ਉਸ ਇੱਕ ਪ੍ਰਭੂ ਨਾਲ ਜੋੜ।

## *ਏਕਸ ਕੇ ਗੁਨ ਗਾਉ ਅਨੰਤ ॥*
## *ਮਨਿ ਤਨਿ ਜਾਪਿ ਏਕ ਭਗਵੰਤ ॥*

ਉਸ ਇੱਕ ਨਾਲ ਜੁੜਨ ਦਾ ਏਹੀ ਸਾਧਨ ਹੈ ਕਿ ਉਸ ਇੱਕ ਦੇ ਗੁਣ ਗਾ। ਉਹਦੇ ਅਨੰਤ (ਬੇਅੰਤ) ਗੁਣ ਹਨ (ਗੁਣਾਂ ਦਾ ਕੋਈ ਅੰਤ ਨਹੀਂ)। ਉਸ ਇੱਕ ਦੇ ਗੁਣ ਗਾ।

ਮਨ ਕਰਕੇ ਤੇ ਤਨ ਕਰਕੇ ਤੂੰ ਜਪ ਉਸ ਇੱਕ ਭਗਵੰਤ ਨੂੰ। 'ਮਨ ਕਰਕੇ' ਦੀ
ਭਾਵਨਾ ਹੈ – ਸੋਚ ਕਰਕੇ। 'ਤਨ ਕਰਕੇ' ਦੀ ਭਾਵਨਾ ਹੈ – ਕਰਮ ਕਰਕੇ। ਤੈਨੂੰ ਦ੍ਰਿੜਤਾ (ਅਮੰਨਾ, ਯਕੀਨ, faith) ਹੋ ਜਾਵੇ ਕਿ ਉਹ ਇੱਕ ਹੀ ਹੈ ਤੇ ਇੱਕ ਹੀ ਕਰਤਾ ਪੁਰਖ ਹੈ ਉਹੀ ਸਭ ਕੁਛ ਕਰ ਰਹਿਆ ਹੈ। ਜੇ ਮੇਰਾ ਕੋਈ ਸਵਾਰੇਗਾ ਤਾਂ ਉਹ ਇੱਕ ਹੀ ਸਵਾਰੇਗਾ, ਹੋਰ ਸਭ ਮੇਰਾ ਵਿਗਾੜਨਗੇ ਹੀ। ਤੂੰ ਹੋਰ ਕਿਸੇ ਨਾਲ ਸੁਰਤਿ ਨਾ ਜੋੜ। ਉਸ ਇੱਕ ਮਾਲਕ ਦੀ ਚਰਨ ਸ਼ਰਨ ਲਉ।

## *ਏਕੋ ਏਕੁ ਏਕੁ ਹਰਿ ਆਪਿ ॥*
## *ਪੂਰਨ ਪੂਰਿ ਰਹਿਓ ਪ੍ਰਭੁ ਬਿਆਪਿ ॥*

ਉਹ ਇੱਕ ਹੀ ਹੈ ਮਾਲਕ, ਕੇਵਲ ਇੱਕ ਹੀ ਹੈ, ਜੋ ਪਾਪਾਂ ਦਾ ਨਾਸ ਕਰਨ ਵਾਲਾ ਹੈ।

ਉਹ ਹਰ ਥਾਂ ਤੇ ਪੂਰੇ ਦਾ ਪੂਰਾ ਸਮਾਇਆ ਹੈ। ਉਹ ਸਰਬ ਸ਼ਕਤੀਮਾਨ ਹੈ। ਉਸ ਦੀਆਂ ਸਾਰੀਆਂ ਤਾਕਤਾਂ ਹਰ ਥਾਂ ਤੇ ਮੌਜੂਦ (available) ਹਨ। ਉਹ ਪ੍ਰਭੂ ਸਾਰੇ ਵਿਆਪ ਰਹਿਆ ਹੈ। ਉਸ ਇੱਕ ਪ੍ਰਭੂ ਦੀ ਸ਼ਰਨ ਲਉ।

## *ਅਨਿਕ ਬਿਸਥਾਰ ਏਕ ਤੇ ਭਏ ॥*
## *ਏਕੁ ਅਰਾਧਿ ਪਰਾਛਤ ਗਏ ॥*

ਜੋ ਸਾਰਾ ਖਲਾਰਾ ਰਚਨਾ ਦਾ ਹੋਇਆ ਹੈ, ਉਸ ਇੱਕ ਤੋਂ ਹੀ ਹੋਇਆ ਹੈ।

H ਜਬ ਉਦਕਰਖ ਕਰਾ ਕਰਤਾਰਾ ॥

ਪ੍ਰਜਾ ਧਰਤ ਤਬ ਦੇਹ ਅਪਾਰਾ ॥ (ਕਬਿ. ਬੇ. ਚੌਪਈ ਪਾ.-੧੦)

ਜਦੋਂ ਉਸ ਮਾਲਕ ਨੇ ਖਲਾਰਾ ਪਾਇਆ ਤਾਂ ਅਨੇਕਾਂ ਢੰਗਾਂ ਦੇ ਜੀਵ, ਅਨੇਕਾਂ ਧਰਤੀਆਂ ਤੇ ਅਨੇਕਾਂ ਸ਼ਰੀਰ ਬਣ ਗਏ।

H ਜਬ ਆਕਰਖ ਕਰਤ ਹੋ ਕਬਹੂੰ ॥

ਹੇ ਸੱਚੇ ਪਾਤਸ਼ਾਹ, ਜਦੋਂ ਕਦੀ ਤੂੰ ਆਪਣੇ ਵਿੱਚ ਸਭ ਨੂੰ ਖਿੱਚ ਲੈਂਦਾ ਹੈ

ਤੁਮ ਮੈ ਮਿਲਤ ਦੇਹ ਧਰ ਸਬਹੂੰ ॥ (ਕਬਿ. ਬੇ. ਚੌਪਈ ਪਾ.-੧੦)

ਸਾਰੇ ਸਰੀਰ ਤੇ ਸਾਰੀਆਂ ਧਰਤੀਆਂ ਓਦੋਂ ਤੇਰੇ ਵਿੱਚ ਹੀ ਮਿਲ ਜਾਂਦੇ ਹਨ ਤੇ ਤੂੰ ਇੱਕ ਦਾ ਇੱਕ ਹੀ ਰਹਿ ਜਾਂਦਾ ਹੈ। ਉਸ ਇੱਕ ਨੂੰ ਜਪਨਾ ਹੈ।

ਹਜ਼ੂਰ ਕਹਿੰਦੇ ਨੇ ਕਿ ਉਸ ਇੱਕ ਨੂੰ ਅਰਾਧਨ (ਜਪਣ) ਨਾਲ ਕੀਤੇ ਹੋਏ ਸਾਰੇ ਪਾਪ ਨਾਸ ਹੋ ਗਏ।

***ਮਨ ਤਨ ਅੰਤਰਿ ਏਕੁ ਪ੍ਰਭੁ ਰਾਤਾ ॥***

***ਗੁਰ ਪ੍ਰਸਾਦਿ ਨਾਨਕ ਇਕੁ ਜਾਤਾ ॥ ੮ ॥ ੧੯ ॥***

ਮਨ ਤੇ ਤਨ ਅੰਦਰ ਜਦੋਂ ਉਸ ਇੱਕ ਪ੍ਰਭੂ ਵਿੱਚ ਇਹ ਮਨ ਰੱਤਿਆ (ਰੰਗਿਆ) ਜਾਂਦਾ ਹੈ ਤਾਂ ਇਸਨੂੰ ਸਮਝ ਆਉਂਦੀ ਹੈ ਕਿ ਉਹ ਜੋ ਇੱਕ ਹੈ, ਉਹ ਮੈਂ ਗੁਰੂ ਦੀ ਕ੍ਰਿਪਾ ਦੁਆਰਾ ਜਾਣਿਆ ਹੈ ਕਿਉਂਕਿ ਆਪੇ ਤਾਂ ਉਹਨੂੰ ਕੋਈ ਜਾਣ ਹੀ ਨਹੀਂ ਸਕਦਾ। ਨਾਮ ਗੁਰਪ੍ਰਸਾਦਿ ਹੈ। ਗੁਰੂ ਦੀ ਕਿਰਪਾ ਦੁਆਰਾ ਨਾਮ ਦ੍ਰਿੜ ਹੁੰਦਾ ਹੈ। ਗੁਰੂ ਇਹ ਕ੍ਰਿਪਾ ਕਰਦਾ ਹੈ ਕਿ ਹਰ ਪਾਸੇ ਤੋਂ ਆਤਮਾ ਨੂੰ ਤੋੜ ਕੇ ਇੱਕ ਪ੍ਰਭੂ ਨਾਲ ਜੋੜ ਦੇਂਦਾ ਹੈ।

H H H H H

## *ਅਸਟਪਦੀ ੨੦ (ਪੰਨਾ ੨੮੯)*

***ਸਲੋਕੁ ॥***

***ਫਿਰਤ ਫਿਰਤ ਪ੍ਰਭ ਆਇਆ***

***ਪਰਿਆ ਤਉ ਸਰਨਾਇ ॥***

ਹਜ਼ੂਰ ਕਹਿੰਦੇ ਨੇ ਕਿ ਇਸ ਤਰਾਂ ਅਰਦਾਸਿ ਕਰਿਆ ਕਰੋ ਕਿ ਹੇ ਪ੍ਰਭੂ, ਮੈਂ ਜਨਮਾਂ ਜਨਮਾਂ ਦੇ ਧੱਕੇ ਖਾ ਕੇ ਹੁਣ ਤੇਰੀ ਸ਼ਰਨ ਵਿੱਚ ਆ ਗਿਆ ਹਾਂ ਤੇ ਤੇਰੀ ਸ਼ਰਨ ਪੈ ਗਇਆ ਹਾਂ।

***ਨਾਨਕ ਕੀ ਪ੍ਰਭ ਬੇਨਤੀ***

***ਅਪਨੀ ਭਗਤੀ ਲਾਇ ॥ ੧ ॥***

ਮੇਰੀ ਇਹ ਹਜ਼ੂਰ ਅੱਗੇ ਬੇਨਤੀ ਹੈ ਕਿ ਮੈਨੂੰ ਅਪਣੀ ਭਗਤੀ ਬਖਸ਼ੋ ਤਾਂ ਕਿ ਮੇਰਾ ਮਨ ਤੇਰੀ ਭਗਤੀ ਵਿੱਚ ਟਿਕ ਜਾਵੇ ਤੇ ਟਿਕ ਕੇ ਤੇਰੇ ਨਾਲ ਜੁੜ ਜਾਵੇ।

***ਅਸਟਪਦੀ ॥***

***ਜਾਚਕ ਜਨੁ ਜਾਚੈ ਪ੍ਰਭ ਦਾਨੁ ॥***

***ਕਰਿ ਕਿਰਪਾ ਦੇਵਹੁ ਹਰਿ ਨਾਮੁ ॥***

ਹਜ਼ੂਰ ਸਾਨੂੰ ਅਰਦਾਸਿ ਕਰਨ ਦਾ ਵੱਲ ਦਸ ਰਹੇ ਨੇ ਕਿ ਹਜ਼ੂਰ ਪ੍ਰਭੂ, ਮੈਂ ਮੰਗਤਾ ਤੇਰੇ ਦਰ ਆਇਆ ਹਾਂ ਤੇ ਤੇਰੇ ਕੋਲੋਂ ਇਹ ਖੈਰ ਮੰਗਦਾ ਹਾਂ,

ਕਿ ਕਿਰਪਾ ਕਰ ਕੇ ਮੈਨੂੰ ਆਪਣਾ ਹਰੀ ਨਾਮ ਬਖਸ਼ੋ।

***ਸਾਧ ਜਨਾ ਕੀ ਮਾਗਉ ਧੂਰਿ ॥***

***ਪਾਰਬ੍ਰਹਮ ਮੇਰੀ ਸਰਧਾ ਪੂਰਿ ॥***

ਅਸੀਂ ਪ੍ਰਭੂ ਪਰਮੇਸ਼ਰ ਕੋਲੋਂ ਮੰਗਣੀ ਹੈ, ਉਸ ਦੇ ਬਖਸ਼ਿਆਂ ਹੋਇਆ ਦੀ ਚਰਣ ਧੂੜ ਤੇ ਬੇਨਤੀ ਕਰਨੀ ਹੈ,

ਹੇ ਪਾਰਾਵਾਰ ਤੋਂ ਰਹਿਤ ਪ੍ਰਭੂ ਜੀਉ, ਮੇਰੀ ਇਹ ਰੀਝ ਪੂਰੀ ਕਰੋ।

***ਸਦਾ ਸਦਾ ਪ੍ਰਭ ਕੇ ਗੁਨ ਗਾਵਉ ॥***

***ਸਾਸਿ ਸਾਸਿ ਪ੍ਰਭ ਤੁਮਹਿ ਧਿਆਵਉ ॥***

ਹੇ ਪ੍ਰਭੂ, ਮੈਂ ਸਦਾ ਸਦਾ ਤੇਰੇ ਗੁਣ ਗਾਉਂਦਾ ਰਹਾਂ।

ਤੇ ਹਰ ਸ੍ਵਾਸ ਵਿੱਚ ਮੈਂ ਤੈਨੂੰ ਹੀ ਯਾਦ ਕਰਾਂ। ਤੂੰ ਮੈਨੂੰ ਕਦੀ ਵੀ ਭੁੱਲੇ ਹੀ ਨਾਂ।

***ਚਰਨ ਕਮਲ ਸਿਉ ਲਾਗੈ ਪ੍ਰੀਤਿ ॥***

***ਭਗਤਿ ਕਰਉ ਪ੍ਰਭ ਕੀ ਨਿਤ ਨੀਤਿ ॥***

ਹੇ ਮਾਲਕ ਜੀ, ਮੇਰੇ ਮਨ ਦੀ ਪ੍ਰੀਤੀ ਤੇਰੇ ਸ਼ਬਦ (ਬਾਣੀ) ਨਾਲ, ਜੋ (ਸ਼ਬਦ) ਮਾਇਆ ਤੋਂ ਨਿਰਲੇਪ ਹੈ, ਇਸ (ਬਾਣੀ) ਨਾਲ ਲੱਗ ਜਾਵੇ।

ਤੇ ਮੈਂ ਹਰ ਪਲ ਤੇਰੀ ਭਗਤੀ ਕਰਾਂ (ਤੈਨੂੰ ਪਿਆਰ ਨਾਲ ਸਦਾ ਸਦਾ, ਸਦਾ ਸਦਾ ਹੀ ਯਾਦ ਕਰਦਾ ਰਹਾਂ), ਮੇਰੀ ਪ੍ਰੇਮ ਦੀ ਲਿਵ ਕਦੀ ਟੁੱਟੇ ਹੀ ਨਾ।

***ਏਕ ਓਟ ਏਕੋ ਆਧਾਰੁ ॥***

***ਨਾਨਕੁ ਮਾਗੈ ਨਾਮੁ ਪ੍ਰਭ ਸਾਰੁ ॥ ੧ ॥***

ਹੇ ਪ੍ਰਭੂ, ਮੈਨੂੰ ਤੇਰਾ ਇੱਕ ਦਾ ਹੀ ਆਸਰਾ ਹੈ। ਹੋਰ ਮੇਰਾ ਕੋਈ ਸਹਾਰਾ ਨਹੀਂ। ਮੈਂ ਤੇਰੀ ਸ਼ਰਨ ਆਇਆ ਹਾਂ।

ਨਾਨਕ ਤੇਰੇ ਕੋਲੋਂ ਨਾਮ ਮੰਗਦਾ ਹੈ। ਇੱਥੇ Nominative Case ਵਿੱਚ ਪੰਜਵੇਂ ਪਾਤਸ਼ਾਹ ਅਰਦਾਸਿ ਕਰ ਰਹੇ ਨੇ ਕਿ ਤੇਰਾ ਦਾਸ ਨਾਨਕ, ਤੇਰੇ ਕੋਲੋਂ ਨਾਮ ਮੰਗਦਾ ਹੈ। ਹੇ ਪ੍ਰਭੂ, ਮੇਰੀ ਇਹ ਬੇਨਤੀ ਪ੍ਰਵਾਨ ਕਰ।

***ਪ੍ਰਭ ਕੀ ਦ੍ਰਿਸਟਿ ਮਹਾ ਸੁਖੁ ਹੋਇ ॥***

***ਹਰਿ ਰਸੁ ਪਾਵੈ ਬਿਰਲਾ ਕੋਇ ॥***

ਇਹ ਅਰਦਾਸਿ ਕਿਉਂ ਕਰਨੀ ਹੈ ? ਕਿਉਂਕਿ ਜੇ ਪ੍ਰਭੂ ਨਦਰ (ਮੇਹਰ) ਕਰ ਦੇਵੇ ਤਾਂ ਬਹੁਤ ਵੱਡਾ ਸੁੱਖ ਆਤਮਾ ਨੂੰ ਪ੍ਰਾਪਤ ਹੋ ਜਾਂਦਾ ਹੈ।

ਇਹ ਹਰੀ ਦਾ ਰਸ ਕਿਸੀ ਵਿਰਲੀ ਆਤਮਾ ਨੂੰ ਪ੍ਰਾਪਤ ਹੁੰਦਾ ਹੈ (ਪ੍ਰਭੂ ਦੀ ਸ਼ਰਨ ਪੈ ਕੇ, ਉਹਦੀ ਮੇਹਰ ਦਾ ਸਦਕਾ)।

***ਜਿਨ ਚਾਖਿਆ ਸੇ ਜਨ ਤ੍ਰਿਪਤਾਨੇ ॥***

***ਪੂਰਨ ਪੁਰਖ ਨਹੀ ਡੋਲਾਨੇ ॥***

ਜਿਹੜੇ ਵੀ ਹਰੀ ਰਸ ਨੂੰ ਚੱਖ ਲੈਂਦੇ ਹਨ, ਉਹ ਆਤਮਾਵਾਂ ਤ੍ਰਿਪਤ ਹੋ ਜਾਂਦੀਆਂ ਹਨ। ਉਨ੍ਹਾਂ ਦੀ ਕੋਈ ਇੱਛਾ (Desire) ਬਾਕੀ ਨਹੀਂ ਰਹਿੰਦੀ। ਉਹ ਨਿਰਇੱਛਤ ਹੋ ਜਾਂਦੀਆਂ ਹਨ। ਕੋਈ ਇੱਛਾ ਮਾਇਆ ਦੀ ਉਨ੍ਹਾਂ ਨੂੰ ਮੁੜ ਕੇ ਨਹੀਂ ਰਹਿੰਦੀ।

ਉਹ ਵਿਅਕਤੀ ਪੂਰਨ (ਸਮਰੱਥ) ਹੋ ਜਾਂਦੇ ਹਨ ਤੇ ਕਦੀ ਡੋਲਾਇਮਾਨ ਨਹੀਂ ਹੁੰਦੇ, ਜਿੰਨ੍ਹਾਂ ਨੂੰ ਨਾਮ ਰਸ ਮਿਲ ਜਾਂਦਾ ਹੈ।

***ਸੁਭਰ ਭਰੇ ਪ੍ਰੇਮ ਰਸ ਰੰਗਿ ॥***

***ਉਪਜੈ ਚਾਉ ਸਾਧ ਕੈ ਸੰਗਿ ॥***

ਉਹ ਚੰਗੀ ਤਰਾਂ ਪ੍ਰੇਮ ਦੇ ਰਸ ਨਾਲ ਲਬਾਲਬ ਭਰ ਜਾਂਦੇ ਹਨ ਤੇ ਐਸੇ ਪ੍ਰੇਮ ਦੇ ਰਸ ਨਾਲ ਭਰੀਆਂ ਹੋਇਆਂ ਸੁਰਤਾਂ ਹਨ (ਜੋ ਰੱਬ ਜੀ ਦੀ ਪ੍ਰੀਤਿ ਵਿੱਚ ਟਿਕੀਆਂ ਹੋਈਆਂ ਹਨ), ਉਨ੍ਹਾਂ ਦੀ ਸੰਗਤਿ ਵਿੱਚ ਨਾਮ ਜਪਣ ਦੀ ਰੀਝ ਪੈਦਾ ਹੁੰਦੀ ਹੈ ਤੇ ਨਾਮ ਜਪਣ ਲਈ ਪ੍ਰੇਰਨਾ ਮਿਲਦੀ ਹੈ।

## *ਪਰੇ ਸਰਨਿ ਆਨ ਸਭ ਤਿਆਗਿ ॥*
## *ਅੰਤਰਿ ਪ੍ਰਗਾਸ ਅਨਦਿਨੁ ਲਿਵ ਲਾਗਿ ॥*

ਉਹ ਆਤਮਾਵਾਂ ਹੋਰ ਸਭ ਕੁਛ ਤਿਆਗ ਕੇ ਇੱਕ ਰੱਬ ਜੀ ਦੀ ਸ਼ਰਨ ਵਿੱਚ ਟਿਕ ਜਾਂਦੀਆਂ ਹਨ।

ਉਨ੍ਹਾਂ ਦੇ ਅੰਦਰ ਗਿਆਨ ਦਾ ਪ੍ਰਕਾਸ਼ ਹੋ ਜਾਂਦਾ ਹੈ ਤੇ ਦਿਨ ਰਾਤ ਉਨ੍ਹਾਂ ਦੀ ਪ੍ਰੇਮ ਲਿਵ ਪ੍ਰਭੂ ਨਾਲ ਜੁੜ ਜਾਂਦੀ ਹੈ।

## *ਬਡਭਾਗੀ ਜਪਿਆ ਪ੍ਰਭੁ ਸੋਇ ॥*
## *ਨਾਨਕ ਨਾਮਿ ਰਤੇ ਸੁਖੁ ਹੋਇ ॥ ੨ ॥*

ਉਹ ਵੱਡਿਆਂ ਭਾਗਾਂ ਵਾਲੇ ਹਨ, ਜਿਹੜੇ ਉਸ ਪ੍ਰਭੂ ਨੂੰ ਜਪਦੇ ਹਨ।

ਹੇ ਨਾਨਕ ! ਜੇ ਕੋਈ ਆਤਮਾ ਨਾਮ ਦੇ ਪਿਆਰ ਵਿੱਚ ਰੰਗੀ ਜਾਵੇ, ਤਾਂ ਉਹ ਆਤਮਾ ਹੀ ਸੁਖੀ ਹੁੰਦੀ ਹੈ। ਹੋਰ ਸਭ ਆਤਮਾਵਾਂ ਦੁਖੀ ਹੀ ਰਹਿੰਦੀਆਂ ਹਨ।

## *ਸੇਵਕ ਕੀ ਮਨਸਾ ਪੂਰੀ ਭਈ ॥*
## *ਸਤਿਗੁਰ ਤੇ ਨਿਰਮਲ ਮਤਿ ਲਈ ॥*

ਜੋ ਪ੍ਰਭੂ ਦਾ ਸੇਵਕ ਹੈ, ਉਸ ਦੀਆਂ ਰੀਝਾਂ ਪੂਰੀਆਂ ਹੁੰਦੀਆਂ ਹਨ।

ਕਿਉਂਕਿ ਉਹ ਸਤਿਗੁਰ ਦੀ ਜੋ ਨਿਰਮਲ ਮੱਤ ਹੈ, ਉਸ (ਮੱਤ) ਨੂੰ ਦ੍ਰਿੜ ਕਰਦਾ ਹੈ (ਉਸ ਨੂੰ ਗ੍ਰਹਿਣ ਕਰਦਾ ਹੈ। ਆਪਨੀ ਅਕਲ ਛੱਡ ਦੇਂਦਾ ਹੈ। ਹੋਰ ਕਿਸੇ ਤੋਂ ਵੀ ਮੱਤ ਨਹੀਂ ਲੈਂਦਾ। ਕੇਵਲ ਸਤਿਗੁਰ ਤੋਂ ਹੀ ਮੱਤ ਲੈਂਦਾ ਹੈ ਤੇ ਸਤਿਗੁਰ ਸ਼ਬਦ ਦੁਆਰਾ ਉਸ ਨੂੰ ਨਾਮ ਨਾਲ ਜੋੜ ਦੇਂਦੇ ਹਨ।

## *ਜਨ ਕਉ ਪ੍ਰਭੁ ਹੋਇਓ ਦਇਆਲੁ ॥*
## *ਸੇਵਕੁ ਕੀਨੋ ਸਦਾ ਨਿਹਾਲੁ ॥*

ਜੋ ਪ੍ਰਭੂ ਦਾ ਦਾਸ ਬਣ ਜਾਂਦਾ ਹੈ, ਉਸ ਤੇ ਪ੍ਰਭੂ ਜੀ ਦਇਆ ਕਰਦੇ ਹਨ।

ਪ੍ਰਭੂ ਜੀ ਆਪਣੇ ਸੇਵਕ ਨੂੰ ਨਾਮ ਦੀ ਖੈਰ ਪਾ ਕੇ ਹਮੇਸ਼ਾ ਹਮੇਸ਼ਾ ਲਈ ਪ੍ਰਸੰਨ (ਆਨੰਦਚਿੱਤ) ਕਰ ਦੇਂਦੇ ਹਨ।

## *ਬੰਧਨ ਕਾਟਿ ਮੁਕਤਿ ਜਨੁ ਭਇਆ ॥*
## *ਜਨਮ ਮਰਨ ਦੂਖੁ ਭ੍ਰਮੁ ਗਇਆ ॥*

ਹਜ਼ੂਰ ਆਪਣੇ ਸੇਵਕ ਦੇ ਮਾਇਆ ਦੇ ਮੋਹ ਦੇ ਬੰਧਨ ਕੱਟ ਦੇਂਦੇ ਹਨ ਤੇ ਉਹ ਆਤਮਾ ਮੁਕਤ ਹੋ ਜਾਂਦੀ ਹੈ।

ਉਸ ਦਾ ਆਵਾਗਮਣ ਕੱਟਿਆ ਜਾਂਦਾ ਹੈ ਕਿਉਂਕਿ ਉਸ ਦਾ ਭਰਮ ਭੁਲੇਖਾ ਨਾਸ਼ ਹੋ ਜਾਂਦਾ ਹੈ।

## *ਇਛ ਪੁਨੀ ਸਰਧਾ ਸਭ ਪੂਰੀ ॥*
## *ਰਵਿ ਰਹਿਆ ਸਦ ਸੰਗਿ ਹਜੂਰੀ ॥*

ਐਸੀ ਆਤਮਾ ਦੀਆਂ ਇੱਛਾਵਾਂ (ਹਰ ਤਰਾਂ ਦੀਆਂ) ਖਤਮ ਹੋ ਜਾਂਦੀਆਂ ਹਨ।

ਤੇ ਉਸ ਨੂੰ ਪ੍ਰਭੂ ਸਮਾਇਆ ਹੋਇਆ ਹਮੇਸ਼ਾ ਹਮੇਸ਼ਾ ਅੰਗ ਸੰਗ ਪ੍ਰਗਟ ਰਹਿੰਦਾ ਹੈ।

## *ਜਿਸ ਕਾ ਸਾ ਤਿਨਿ ਲੀਆ ਮਿਲਾਇ ॥*
## *ਨਾਨਕ ਭਗਤੀ ਨਾਮਿ ਸਮਾਇ ॥ ੩ ॥*

ਇਹ ਆਤਮਾ ਜਿਸ ਦੀ ਸੀ, ਉਸ ਨੇ ਵਾਪਸ ਇਸ ਆਤਮਾ ਨੂੰ ਆਪਣੇ ਨਾਲ ਹੀ ਮਿਲਾ ਲਿਆ।

ਹੇ ਨਾਨਕ, ਉਸ (ਪ੍ਰਭੂ) ਦੀ ਭਗਤੀ (ਪ੍ਰੇਮ) ਦੁਆਰਾ (ਉਸ ਦੇ ਪ੍ਰੇਮ ਵਿੱਚ ਟਿਕ ਕੇ) ਉਸ ਦੇ ਨਾਮ ਵਿੱਚ ਜੁੜ ਕੇ ਉਹ ਆਤਮਾ ਵਾਪਸ ਉਸ ਵਿੱਚ ਸਮਾ ਜਾਂਦੀ ਹੈ।

## *ਸੋ ਕਿਉ ਬਿਸਰੈ ਜਿ ਘਾਲ ਨ ਭਾਨੈ ॥*
## *ਸੋ ਕਿਉ ਬਿਸਰੈ ਜਿ ਕੀਆ ਜਾਨੈ ॥*

ਹੇ ਮਨਾਂ, ਤੂੰ ਉਸ ਪ੍ਰਭੂ ਨੂੰ ਕਿਉਂ ਵਿਸਾਰਦਾ ਹੈਂ, ਜਿਹੜਾ ਕਿਸੇ ਦੀ ਮੇਹਨਤ ਦਾ ਫਲ ਨਹੀਂ ਮਾਰਦਾ, ਹਰ ਇੱਕ ਨੂੰ ਕੀਤੇ ਦਾ ਫਲ ਬਖਸ਼ਦਾ ਹੈ।

ਤੂੰ ਉਸ ਨੂੰ ਕਿਉਂ ਵਿਸਾਰਦਾ ਹੈਂ, ਜੋ ਕੀਤਾ ਸਭ ਕੁਛ ਜਾਣਦਾ ਹੈ (ਜੋ ਅੰਤਰਜਾਮੀ ਹੈ)।

***ਸੋ ਕਿਉ ਬਿਸਰੈ ਜਿਨਿ ਸਭੁ ਕਿਛੁ ਦੀਆ ॥***

***ਸੋ ਕਿਉ ਬਿਸਰੈ ਜਿ ਜੀਵਨ ਜੀਆ ॥***

ਉਸ ਮਾਲਕ ਨੂੰ ਮਨਾਂ ਕਿਉਂ ਭੁਲਾਉਂਦਾ ਹੈਂ, ਜਿਹਨੇ ਤੈਨੂੰ ਸਭ ਕੁਛ ਬਖਸ਼ਿਆ ਹੈ। ਜਿਸ ਨੇ ਤੈਨੂੰ ਜੀਵਨ ਬਖਸ਼ਿਆ ਹੈ। ਉਸ ਦੇ ਬਗੈਰ ਤਾਂ ਜੀਵਨ ਹੀ ਨਹੀਂ ਹੈ।

***ਸੋ ਕਿਉ ਬਿਸਰੈ ਜਿ ਅਗਨਿ ਮਹਿ ਰਾਖੈ ॥***

***ਗੁਰ ਪ੍ਰਸਾਦਿ ਕੋ ਬਿਰਲਾ ਲਾਖੈ ॥***

ਮਨਾਂ, ਤੂੰ ਉਸ ਨੂੰ ਕਿਉਂ ਭੁਲਾਉਂਦਾ ਹੈ, ਜੋ ਤੈਨੂੰ ਤ੍ਰਿਸ਼ਨਾ ਦੀ ਅਗਨੀ ਤੋਂ ਰੱਖਣ ਯੋਗ ਹੈ (ਰੱਖ ਸਕਦਾ ਹੈ) ਯਾ ਜਿਸ ਨੇ ਤੈਨੂੰ ਮਾਤਾ ਦੇ ਗਰਭ ਵਿੱਚ ਉਸ ਅਗਨੀ ਤੋਂ ਵੀ ਬਚਾਇਆ ਹੈ। ਤੂੰ ਉਸ ਨੂੰ ਕਿਉਂ ਵਿਸਾਰਦਾ ਹੈਂ ?

ਗੁਰੂ ਦੀ ਕ੍ਰਿਪਾ ਦੁਆਰਾ ਕੋਈ ਵਿਰਲਾ ਹੀ ਉਸ ਨੂੰ ਲਖਦਾ ਹੈ (ਅਨੁਭਵ ਕਰਦਾ ਹੈ)।

***ਸੋ ਕਿਉ ਬਿਸਰੈ ਜਿ ਬਿਖੁ ਤੇ ਕਾਢੈ ॥***

***ਜਨਮ ਜਨਮ ਕਾ ਟੂਟਾ ਗਾਢੈ ॥***

ਭਾਈ, ਉਸ ਨੂੰ ਕਿਉਂ ਵਿਸਾਰਦਾ ਹੈਂ, ਜੋ ਮਾਇਆ ਵਿੱਚ ਫਸੀ ਹੋਈ ਆਤਮਾ ਨੂੰ ਕੱਢ ਲੈਂਦਾ ਹੈ।

ਤੇ ਜਨਮਾਂ ਜਨਮਾਂ ਤੋਂ ਜੋ ਆਤਮਾ ਉਸ ਨਾਲੋਂ ਵਿਛੁੜੀ ਹੋਈ ਹੈ, ਉਸ ਨੂੰ ਵਾਪਸ ਆਪਣੇ ਨਾਲ ਜੋੜਨ ਦੇ ਸਮਰੱਥ ਹੈ।

***ਗੁਰਿ ਪੂਰੈ ਤਤੁ ਇਹੈ ਬੁਝਾਇਆ ॥***

***ਪ੍ਰਭੁ ਅਪਨਾ ਨਾਨਕ ਜਨ ਧਿਆਇਆ ॥ ੪ ॥***

ਸਾਨੂੰ ਪੂਰਾ ਗੁਰੂ ਮਿਲਿਆ। ਗੁਰੂ ਰਾਮਦਾਸ ਜੀ ਨੇ ਸਾਨੂੰ ਇਹ ਨਾਮ ਦਾ ਤੱਤ ਸਾਰ ਸਾਨੂੰ ਦ੍ਰਿੜ ਕਰਾ ਦਿੱਤਾ ਕਿ ਉਸ ਪ੍ਰਭੂ ਨੂੰ ਕਦੀ ਨਹੀਂ ਭੁੱਲਣਾ।

ਤੇ ਤਾਂ ਹੇ ਨਾਨਕ, ਅਸੀਂ ਆਪਣੇ ਪ੍ਰਭੂ ਨੂੰ ਧਿਆਇਆ ਹੈ। ਗੁਰੂ ਦੀ ਕ੍ਰਿਪਾ (ਗੁਰੂ ਦੀ ਸਿਖਿਆ) ਦੁਆਰਾ ਧਿਆਇਆ ਹੈ। ਆਪਣੇ ਯਤਨ ਨਾਲ ਨਹੀਂ ਧਿਆਇਆ।

***ਸਾਜਨ ਸੰਤ ਕਰਹੁ ਇਹੁ ਕਾਮੁ ॥***

***ਆਨ ਤਿਆਗਿ ਜਪਹੁ ਹਰਿ ਨਾਮੁ ॥***

ਹੇ ਮੇਰੇ ਗੁਰਮੁਖਿ ਮਿਤ੍ਰੋ, ਤੁਸੀਂ ਇਹ ਕੰਮ ਕਰੋ।

ਬਾਕੀ ਸਭ ਕੁਛ ਛੱਡ ਦਿਉ। ਹੋਰ ਸਭ ਯਤਨ (ਹੀਲੇ, ਉਪਰਾਲੇ) ਛੱਡ ਦੇਉ ਕੇਵਲ ਨਾਮ ਜਪੋ (ਉਸ ਨਾਮ ਦੇ ਲੜ ਲੱਗੋ)।

***ਸਿਮਰਿ ਸਿਮਰਿ ਸਿਮਰਿ ਸੁਖ ਪਾਵਹੁ ॥***

***ਆਪਿ ਜਪਹੁ ਅਵਰਹ ਨਾਮੁ ਜਪਾਵਹੁ ॥***

ਉਸ ਨੂੰ ਪਿਆਰ ਨਾਲ ਯਾਦ ਕਰੋ। ਉਸ ਦੇ ਪਿਆਰ ਵਿੱਚ ਹੀ ਟਿਕ ਜਾਉ।

ਆਪ ਨਾਮ ਜਪੋ, ਦੂੱਜਿਆਂ ਨੂੰ ਨਾਮ ਜਪਣ ਲਈ ਪ੍ਰੇਰਨਾ ਕਰੋ। ਇਹ ਕੰਮ ਕਰੋ।

***ਭਗਤਿ ਭਾਇ ਤਰੀਐ ਸੰਸਾਰੁ ॥***

***ਬਿਨੁ ਭਗਤੀ ਤਨੁ ਹੋਸੀ ਛਾਰੁ ॥***

ਭਾਈ, ਜੇ ਤੁਸੀਂ ਪ੍ਰੇਮਾ ਭਗਤੀ ਵਿੱਚ ਟਿਕੋਗੇ, ਤਾਂ ਹੀ ਸੰਸਾਰ ਸਮੁੰਦਰ ਤੋਂ ਤਰ ਸਕੋਗੇ।

ਜੇ ਭਗਤੀ ਨਹੀਂ ਕਰੋਗੇ ਤਾਂ ਇਹ ਸਰੀਰ ਤਾਂ ਨਾਸ ਹੋ ਜਾਏਗਾ ਤੇ ਆਤਮਾ ਆਵਾਗਮਣ ਵਿੱਚ ਹੀ ਫਸੀ ਰਹੇਗੀ (ਕਦੀ ਨਿਕਲ ਨਹੀਂ ਸਕੇਗੀ)।

**ਸਰਬ ਕਲਿਆਣ ਸੂਖ ਨਿਧਿ ਨਾਮੁ ॥**

**ਬੂਡਤ ਜਾਤ ਪਾਏ ਬਿਸ੍ਰਾਮੁ ॥**

ਸਾਰਾ ਹੀ ਕਲਿਆਣ, ਹਰ ਤਰਾਂ ਦੀ ਖਲਾਸੀ ਹੋ ਜਾਵੇਗੀ। ਮਾਇਆ ਦੇ ਮੋਹ ਵਿੱਚ ਅਨੇਕਾਂ ਢੰਗਾ ਨਾਲ ਆਤਮਾ ਫਸੀ (ਜਕੜੀ) ਹੋਈ ਹੈ। ਉਨ੍ਹਾਂ ਸਭ ਪਕੜਾਂ ਤੋਂ ਖਲਾਸੀ ਹੋ ਜਾਏਗੀ ਤੇ ਸੁੱਖ ਮਿਲ ਜਾਏਗਾ। ਨਾਮ ਹੀ ਭੰਡਾਰ ਹੈ, ਜੋ ਇਹ ਸਭ ਕੁਛ ਕਰ ਸਕਦਾ ਹੈ। ਹੋਰ ਕੋਈ ਢੰਗ (ਤਰੀਕਾ) ਨਹੀਂ।

ਡੁਬਦੀ ਜਾਂਦੀ ਆਤਮਾ ਇਸ (ਸਮੁੰਦਰ) ਵਿੱਚੋਂ ਨਿਕਲ ਕੇ ਪ੍ਰਭੂ ਚਰਨਾਂ ਵਿੱਚ ਬ੍ਰਿਸਾਮ ਪਾ ਲੈਂਦੀ ਹੈ।

**ਸਗਲ ਦੂਖ ਕਾ ਹੋਵਤ ਨਾਸੁ ॥**

**ਨਾਨਕ ਨਾਮੁ ਜਪਹੁ ਗੁਨਤਾਸੁ ॥ ੫ ॥**

ਹੇ ਭਾਈ, ਤੁਹਾਡੇ ਸਾਰੇ ਹੀ ਦੁੱਖ ਨਾਸ ਹੋ ਜਾਣਗੇ,

ਜੇ ਤੁਸੀਂ ਗੁਣਾਂ ਦੇ ਭੰਡਾਰ (ਗੁਣਾਂ ਦੇ ਸਮੁੰਦਰ) ਵਾਹਿਗੁਰੂ ਦੇ ਨਾਮ ਨੂੰ ਜਪੋਗੇ। ਦੁੱਖਾਂ ਤੋਂ ਬਚਣ ਦਾ ਹੋਰ ਕੋਈ ਚੰਗਾ (ਤਰੀਕਾ) ਨਹੀਂ ਹੈ।

**ਉਪਜੀ ਪ੍ਰੀਤਿ ਪ੍ਰੇਮ ਰਸੁ ਚਾਉ ॥**

**ਮਨ ਤਨ ਅੰਤਰਿ ਇਹੀ ਸੁਆਉ ॥**

ਉਸ (ਪ੍ਰਭੂ) ਦੀਆਂ ਇਹ ਗੱਲਾਂ ਸੁਣ ਸੁਣ ਕੇ (ਕਿਉਂਕਿ ਪ੍ਰਭੂ ਦੀ ਸੋਭਾ ਸੁਣ ਸੁਣ ਕੇ ਕਿ ਪ੍ਰਭੂ ਐਸਾ ਹੈ, ਐਸਾ ਹੈ, ਐਸਾ ਹੈ ਤੇ ਉਹਦੇ ਨਾਮ ਜਪਣ ਦੇ ਇਹ ਫਾਇਦੇ ਹਨ), ਮਨ ਵਿੱਚ ਪ੍ਰੇਮ ਭਾਵਨਾ (ਪ੍ਰੀਤਿ) ਉਪਜਦੀ ਹੈ ਕਿ ਮੈਂ ਵੀ ਉਸ ਪ੍ਰਭੂ ਦਾ ਨਾਮ ਜਪ ਲਵਾਂ।

ਤੇ ਮਨ ਤੇ ਤਨ ਅੰਦਰ ਏਹੀ ਰੀਝ ਪੈਦਾ ਹੋ ਜਾਂਦੀ ਹੈ ਕਿ ਮੈਂ ਐਸੇ ਪ੍ਰਭੂ ਨੂੰ ਮਿਲ ਲਵਾਂ, ਜੋ ਇੰਨਾ ਕੁਛ ਕਰਨ ਦੇ ਯੋਗ ਹੈ।

**ਨੇਤ੍ਰਹੁ ਪੇਖਿ ਦਰਸੁ ਸੁਖੁ ਹੋਇ ॥**

**ਮਨੁ ਬਿਗਸੈ ਸਾਧ ਚਰਨ ਧੋਇ ॥**

ਹੇ ਮੇਰੇ ਨੇਤ੍ਰੋ (ਅੱਖੋ), ਉਸ ਮਾਲਕ ਦੇ ਦਰਸ਼ਨ ਕਰੋਗੇ ਤਾਂ ਸੁਖੀ ਹੋ ਜਾਉਗੇ।

ਮਾਲਕ ਨੂੰ ਆਕਾਰ ਰੂਪ ਵਿੱਚ ਦਸਦੇ ਨੇ ਕਿ ਉਹ ਗੁਰਮੁਖਿ ਵਿੱਚ ਸਮਾਇਆ ਹੋਇਆ ਹੈ (ਸਾਧੂ ਵਿੱਚ ਪ੍ਰਗਟ ਹੈ)। ਹੁਕਮ ਹੈ :-

H ਪ੍ਰਗਟੇ ਗੁਪਾਲ ਮਹਾਂਤ ਕੈ ਮਾਥੇ ॥
ਨਾਨਕ ਉਧਰੇ ਤਿਨ ਕੈ ਸਾਥੇ ॥ (ਪੰਨਾ ੨੯੫)

ਸਾਧੂ ਦੀ ਸੰਗਤਿ ਵਿੱਚ ਹੀ ਤਰਿਆ ਜਾਂਦਾ ਹੈ। ਸੰਗਤਿ ਵਿੱਚ ਜਾਣ ਦੀ ਮਨ ਵਿੰਚ ਰੀਝ ਪੈਦਾ ਹੋ ਜਾਏਗੀ।

**ਭਗਤ ਜਨਾ ਕੈ ਮਨਿ ਤਨਿ ਰੰਗੁ ॥**

**ਬਿਰਲਾ ਕੋਊ ਪਾਵੈ ਸੰਗੁ ॥**

ਜਿਹੜੇ ਰੱਬ ਜੀ ਦੇ ਭਗਤ ਹਨ, ਉਨ੍ਹਾਂ ਦੇ ਮਨ ਤੇ ਤਨ ਵਿੱਚ ਪ੍ਰਭੂ ਦੀ ਪ੍ਰੀਤਿ ਸਮਾਈ ਹੋਈ ਹੁੰਦੀ ਹੈ (ਉਹ ਉਸ ਦੀ ਪ੍ਰੀਤਿ ਵਿੱਚ ਹੁੰਦੇ ਹਨ)।
ਕੋਈ ਵਿਰਲਾ ਹੀ ਉਨ੍ਹਾਂ (ਭਗਤਾਂ) ਦੀ ਸੰਗਤਿ ਕਰਦਾ ਹੈ।

**ਏਕ ਬਸਤੁ ਦੀਜੈ ਕਰਿ ਮਇਆ ॥**

**ਗੁਰ ਪ੍ਰਸਾਦਿ ਨਾਮੁ ਜਪਿ ਲਇਆ ॥**

ਹੇ ਹਜ਼ੂਰ, ਮੈਨੂੰ ਇੱਕ ਵਸਤੂ ਬਖਸ਼ ਆਪਣੀ ਮੇਹਰ ਕਰਕੇ,

ਕਿ ਮੈਂ ਗੁਰੂ ਦੀ ਕਿਰਪਾ ਦੁਆਰਾ ਤੇਰੇ ਨਾਮ ਨੂੰ ਜਪਣ ਦੇ ਯੋਗ ਹੋ ਜਾਵਾਂ (ਤੇਰਾ ਨਾਮ ਜਪ ਲਵਾਂ)।

**ਤਾ ਕੀ ਉਪਮਾ ਕਹੀ ਨ ਜਾਇ ॥**

**ਨਾਨਕ ਰਹਿਆ ਸਰਬ ਸਮਾਇ ॥ ੬ ॥**

ਕਿਸ ਦਾ ਨਾਮ ਜਪਨਾ ਹੈ ? ਹਜ਼ੂਰ ਉਸ ਨੂੰ ਵਰਨਣ (define) ਕਰਦੇ ਹਨ ਕਿ ਉਹ ਐਸਾ ਮਾਲਕ ਹੈ, ਜਿਸ ਦੀ ਸੋਭਾ ਬਿਆਨ ਕੀਤੀ ਹੀ ਨਹੀਂ ਜਾ ਸਕਦੀ।

ਹੇ ਨਾਨਕ, ਉਹ ਹਰ ਥਾਂ ਤੇ ਸਮਾਇਆ ਹੋਇਆ ਹੈ (ਹਰ ਥਾਂ ਤੇ ਉਹ ਪੂਰੇ ਦਾ ਪੂਰਾ ਹੈ)।

***ਪ੍ਰਭ ਬਖਸੰਦ ਦੀਨ ਦਇਆਲ ॥***

***ਭਗਤਿ ਵਛਲ ਸਦਾ ਕਿਰਪਾਲ ॥***

ਹੇ ਬਖਸ਼ਨਹਾਰ ਪ੍ਰਭੂ, ਹੇ ਦੁਖੀਆਂ ਤੇ ਦਇਆ ਕਰਨ ਵਾਲੇ,

ਹੇ ਭਗਤੀ ਤੇ ਪ੍ਰਸੰਨ ਹੋਣ ਵਾਲੇ। ਹਰੀ ਜੀ ਹੋਰ ਕਿਸੇ ਚੀਜ਼ ਤੇ ਵੀ ਨਹੀਂ ਰੀਝਦੇ, ਕੇਵਲ ਭਗਤੀ ਤੇ ਹੀ ਰੀਝਦੇ ਹਨ। ਤੇ ਉਸ ਦੀ ਭਗਤੀ ਹੈ – ਉਸ ਨਾਲ ਪਿਆਰ ਪਾ ਲੈਣਾ। ਹੇ ਭਗਤੀ ਤੇ ਪ੍ਰਸੰਨ ਹੋਣ ਵਾਲੇ, ਹੇ ਸਦਾ ਕ੍ਰਿਪਾਲ ਜੀਉ।

***ਅਨਾਥ ਨਾਥ ਗੋਬਿੰਦ ਗੁਪਾਲ ॥***

***ਸਰਬ ਘਟਾ ਕਰਤ ਪ੍ਰਤਿਪਾਲ ॥***

ਹੇ ਅਨਾਥਾਂ ਦੇ ਨਾਮ (ਯਤੀਮਾਂ ਦੇ ਮਾਲਕ) ਜੀਓ, ਹੇ ਸਿਰਜਣਹਾਰ (ਦੁਨੀਆ ਬਨਾਉਣ ਵਾਲੇ) ਜੀਓ, ਹੇ ਪਾਲਨਹਾਰ (ਦੁਨੀਆ ਪਾਲਣ ਵਾਲੇ) ਜੀਓ।

ਹੇ ਸਭ ਹਿਰਦਿਆਂ ਨੂੰ ਪਦਾਰਥ ਬਖਸ਼ਨ ਵਾਲੇ (ਪਾਲਨ ਵਾਲੇ) ਜੀਓ।

***ਆਦਿ ਪੁਰਖ ਕਾਰਣ ਕਰਤਾਰ ॥***

***ਭਗਤ ਜਨਾ ਕੇ ਪ੍ਰਾਨ ਅਧਾਰ ॥***

ਹੇ ਮੁੱਢ ਕਦੀਮਾਂ ਤੋਂ ਸਰਬ ਸਮਰੱਥ ਜੀਓ (ਰਚਨਾ ਰਚਾਉਣ ਤੋਂ ਵੀ ਪਹਿਲਾਂ ਦਾ ਤੂੰ ਸਮਰੱਥ ਹੈਂ), ਹੇ ਦੁਨੀਆ ਬਨਾਉਣ ਵਾਲੇ ਜੀਓ।

ਹੇ ਭਗਤ ਜਨਾਂ ਦੇ ਪ੍ਰਾਣਾਂ ਦੇ ਆਸਰੇ ਜੀਓ। ਤੂੰ ਐਸਾ ਹੈਂ।

***ਜੋ ਜੋ ਜਪੈ ਸੁ ਹੋਇ ਪੁਨੀਤ ॥***

***ਭਗਤਿ ਭਾਇ ਲਾਵੈ ਮਨ ਹੀਤ ॥***

ਜਿਹੜਾ ਵੀ ਤੈਨੂੰ ਜਪਦਾ ਹੈ। ਕੋਈ ਹੋਵੇ – ਕੋਈ ਦੇਸ਼ ਦੀ ਵੰਡ ਨਹੀਂ, ਕੋਈ ਧਰਮ ਦੀ ਵੰਡ ਨਹੀਂ, ਕੋਈ ਉਮਰ ਦੀ ਵੰਡ ਨਹੀਂ, ਕੋਈ ਨਸਲ ਦੀ ਵੰਡ ਨਹੀਂ, ਕੋਈ ਜਾਤ ਦੀ ਵੰਡ ਨਹੀਂ। ਜਿਹੜਾ ਵੀ ਹਜ਼ੂਰ ਤੈਨੂੰ ਜਪੇ (ਜਿਸ ਦੇ ਗੁਣ ਹਜ਼ੂਰ ਸੱਚੇ ਪਾਤਸ਼ਾਹ ਉਪਰ ਦੱਸ ਆਏ ਨੇ ਕਿ ਭਗਵਾਨ ਐਸਾ ਹੈ), ਉਹੀ ਪਵਿਤ੍ਰ ਹੋ ਜਾਂਦਾ ਹੈ।

ਤੇ ਆਪਣੇ ਮਨ ਦੀ ਪ੍ਰੀਤੀ ਉਹ ਪ੍ਰੇਮਾ ਭਗਤੀ ਵਿੱਚ ਜੋੜ ਲੈਂਦਾ ਹੈ।

***ਹਮ ਨਿਰਗੁਨੀਆਰ ਨੀਚ ਅਜਾਨ ॥***

***ਨਾਨਕ ਤੁਮਰੀ ਸਰਨਿ ਪੁਰਖ ਭਗਵਾਨ ॥ ੨ ॥***

ਅਸੀਂ ਤਾਂ ਹਜ਼ੂਰ, ਗੁਣਹੀਨ ਹਾਂ, ਨੀਵੇਂ ਹਾਂ, ਨਾ-ਸਮਝ ਹਾਂ।

ਹੇ ਪ੍ਰਭੂ, ਤੇਰੀ ਸ਼ਰਨ ਆਏ ਹਾਂ। ਤੂੰ ਬਖਸ਼ਨਯੋਗ ਹੈ। ਹੇ ਸਮਰੱਥ ਭਗਵਾਨ ਜੀਉ, ਤੂੰ ਸਾਨੂੰ ਬਖਸ਼ ਲੈ।

***ਸਰਬ ਬੈਕੁੰਠ ਮੁਕਤਿ ਮੋਖ ਪਾਏ ॥***

***ਏਕ ਨਿਮਖ ਹਰਿ ਕੇ ਗੁਨ ਗਾਏ ॥***

ਜੇ ਕੋਈ ਜੀਵ ਨਿਮਖ ਨਿਮਖ ਹਰੀ ਦੇ ਗੁਣ ਗਾਉਣ ਲੱਗ ਜਾਵੇ ਤਾਂ ਉਹਨੂੰ ਸਾਰੇ ਹੀ ਸਵਰਗ, ਸੁੱਖ, ਮੁਕਤੀਆਂ ਪ੍ਰਾਪਤ ਹੋ ਜਾਂਦੀਆਂ ਹਨ। ਜਿਨੇ ਤਰਾਂ ਵੀ ਵੰਡਾ ਸਿਆਣਿਆਂ ਨੇ ਕੀਤੀਆਂ ਹੋਈਆਂ ਹਨ ਕਿ ਇਨੇ ਤਰਾਂ ਦੇ ਸੁੱਖ ਹਨ, ਇਨੇ ਢੰਗਾਂ ਨਾਲ ਇਹ ਖਲਾਸੀਆਂ ਹੁੰਦੀਆਂ ਹਨ, ਹਜ਼ੂਰ ਕਹਿੰਦੇ ਨੇ ਕਿ ਉਹ ਸਾਰੀਆਂ ਹੀ ਹੋ ਜਾਂਦੀਆਂ ਹਨ (ਹਜ਼ੂਰ ਗਿਣਤੀ ਮਿਣਤੀ ਵਿੱਚ ਨਹੀਂ ਪੈਂਦੇ)।

***ਅਨਿਕ ਰਾਜ ਭੋਗ ਬਡਿਆਈ ॥***

***ਹਰਿ ਕੇ ਨਾਮ ਕੀ ਕਥਾ ਮਨਿ ਭਾਈ ॥***

ਅਨੇਕਾਂ ਹੀ ਰਾਜ ਦੀਆਂ ਸ਼ਕਤੀਆਂ, ਅਨੇਕਾਂ ਹੀ ਪਦਾਰਥਾਂ ਦੇ ਭੋਗ ਤੇ ਅਨੇਕਾਂ ਤਰਾਂ ਦੀ ਸੋਭਾ ਉਸ ਨੂੰ ਪ੍ਰਾਪਤ ਹੋ ਜਾਂਦੀ ਹੈ, ਜਿਸ ਨੂੰ ਹਰੀ ਨਾਮ ਦੀ ਕਥਾ ਨਾਲ ਪ੍ਰੀਤਿ ਉਪਜਦੀ ਹੈ (ਹਰੀ ਦੇ ਗੁਣਾਂ ਨਾਲ ਪ੍ਰੀਤਿ ਉਪਜਦੀ ਹੈ)।

***ਬਹੁ ਭੋਜਨ ਕਾਪਰ ਸੰਗੀਤ ॥***

***ਰਸਨਾ ਜਪਤੀ ਹਰਿ ਹਰਿ ਨੀਤ ॥***

ਜਿਸ ਦੀ ਰਸਨਾ ਸਦਾ ਸਦਾ ਹਰ ਹਰ ਜਪਦੀ ਹੈ, ਉਸ ਰੱਬ ਜੀ ਨੂੰ ਜਪਦੀ ਹੈ, ਉਹਨੂੰ ਬਹੁਤ ਭੋਜਨ, ਪਾਉਣ ਲਈ ਕਪੜੇ ਤੇ ਹੋਰ ਚੰਗੀਆਂ ਚੀਜ਼ਾਂ, ਹਜ਼ੂਰ ਕਹਿੰਦੇ ਨੇ ਕਿ, ਸਭ ਪ੍ਰਾਪਤ ਹੋ ਜਾਂਦੀਆਂ ਹਨ। ਸਭ ਸੁਖਾਂ ਨੂੰ ਪ੍ਰਾਪਤ ਕਰਨ ਲਈ ਸਾਧਨ ਕੇਵਲ ਹਰੀ ਨਾਮ ਹੈ।

***ਭਲੀ ਸੁ ਕਰਨੀ ਸੋਭਾ ਧਨਵੰਤ ॥***

***ਹਿਰਦੈ ਬਸੇ ਪੂਰਨ ਗੁਰ ਮੰਤ ॥***

ਜਿਸ ਦੇ ਹਿਰਦੇ ਵਿੱਚ ਗੁਰੂ ਦਾ ਉਪਦੇਸ਼ ਵੱਸ ਜਾਵੇ, ਉਸ ਦੀ ਜੀਵਨ ਚਾਲ ਭਲੀ ਹੋ ਜਾਂਦੀ ਹੈ, ਉਸ ਦੇ ਕਰਮ ਸ਼ੁਭ ਹੋ ਜਾਂਦੇ ਹਨ, ਉਹ ਸੋਭਾ ਯੋਗ ਹੋ ਜਾਂਦਾ ਹੈ ਤੇ ਉਸ ਨੂੰ ਧਨ ਦੌਲਤ ਪ੍ਰਾਪਤ ਹੁੰਦੀ ਹੈ (ਜਿਸ ਦੇ ਹਿਰਦੇ ਵਿੱਚ ਗੁਰੂ ਦਾ ਉਪਦੇਸ਼ ਵੱਸ ਜਾਂਦਾ ਹੈ)।

***ਸਾਧਸੰਗਿ ਪ੍ਰਭ ਦੇਹੁ ਨਿਵਾਸ ॥***

***ਸਰਬ ਸੂਖ ਨਾਨਕ ਪਰਗਾਸ ॥ ੮ ॥ ੨੦ ॥***

ਕਿਉਂਕਿ ਪ੍ਰਭੂ ਦਾ ਨਾਮ (ਪ੍ਰਭੂ ਦਾ ਉਪਦੇਸ਼, ਗੁਰੂ ਦਾ ਉਪਦੇਸ਼) ਸਾਧੂ ਦੀ ਸੰਗਤਿ ਵਿੱਚ ਦ੍ਰਿੜ ਹੁੰਦਾ ਹੈ। ਇਸ ਲਈ ਅਰਦਾਸਿ ਕਰਨੀ ਹੈ ਕਿ ਹੇ ਸੱਚੇ ਪਾਤਸ਼ਾਹ, ਮੈਨੂੰ ਆਪਣੇ ਬਖਸ਼ੇ ਹੋਏ (ਜਨ, ਦਾਸ, ਸੇਵਕ, ਸਾਧ, ਸੰਤ) ਦੀ ਸੰਗਤਿ ਵਿੱਚ ਰੱਖ, ਜਿੱਥੇ ਮੈਨੂੰ ਸਾਰੇ ਸੁੱਖ ਪ੍ਰਾਪਤ ਹੋ ਜਾਣ।

**H H H H H**

## *ਅਸਟਪਦੀ ੨੧ (ਪੰਨਾ ੨੯੦)*

***ਸਲੋਕੁ ॥***

***ਸਰਗੁਨ ਨਿਰਗੁਨ ਨਿਰੰਕਾਰ***

***ਸੁੰਨ ਸਮਾਧੀ ਆਪਿ ॥***

ਸਰਗੁਨ ਰੂਪ ਵਿੱਚ (ਜੋ ਦਿਸਦੀ ਦੁਨੀਆ ਹੈ), ਨਿਰਗੁਨ ਰੂਪ ਵਿੱਚ (ਜੋ ਅਨਦਿਸਦੀ ਦੁਨੀਆ ਹੈ) ਤੇ ਉਹ ਨਿਰੰਕਾਰ ਸੁੰਨ ਸਮਾਧੀ ਵਿੱਚ ਆਪ ਹੀ ਹੈ। ਜਦੋਂ ਨਾ ਸਰਗੁਨ (ਦਿਸਦੀ ਦੁਨੀਆ) ਸੀ, ਨਾ ਨਿਰਗੁਨ (ਅਨਦਿਸਦੀ ਦੁਨੀਆ) ਸੀ, ਓਦੋਂ ਸਾਹਿਬ ਜੀ ਸੁੰਨ ਸਮਾਧ ਵਿੱਚ ਸਨ (ਫੁਰਨਾ ਰਹਿਤ ਅਵਸਥਾ ਵਿੱਚ ਆਪਣੇ ਆਪ ਵਿੱਚ ਆਪ ਹੀ ਸਨ)।

**ਆਪਨ ਕੀਆ ਨਾਨਕਾ**

***ਆਪੇ ਹੀ ਫਿਰਿ ਜਾਪਿ ॥੧॥***

ਉਸ ਮਾਲਕ ਨੇ ਆਪ ਹੀ ਸਭ ਖਲਾਰਾ ਕੀਤਾ ਹੈ ਤੇ ਅਜਬ ਉਸ ਦੀ ਲੀਲਾ ਹੈ ਕਿ ਆਪ ਹੀ ਜੀਵਾਂ ਵਿੱਚ ਸਮਾ ਕੇ ਉਹ ਆਪਣਾ ਹੀ ਨਾਮ ਜਪ ਰਹਿਆ ਹੈ।

## *ਅਸਟਪਦੀ ॥*

## *ਜਬ ਅਕਾਰੁ ਇਹੁ ਕਛੁ ਨ ਦ੍ਰਿਸਟੇਤਾ ॥*

## *ਪਾਪ ਪੁੰਨ ਤਬ ਕਹ ਤੇ ਹੋਤਾ ॥*

ਹਜ਼ੂਰ ਕਹਿੰਦੇ ਨੇ ਕਿ ਹੇ ਸੱਚੇ ਪਾਤਸ਼ਾਹ, ਜਦੋਂ ਇਹ ਆਕਾਰ ਹੈ ਹੀ ਨਹੀਂ ਸੀ। ਰਚਨਾ, ਜੋ ਨਿਰਗੁਨ (ਨਿਰੰਕਾਰ) ਵੀ ਹੈ ਤੇ ਸਰਗੁਨ (ਆਕਾਰ ਵਾਲੀ) ਵੀ ਹੈ, ਜਦੋਂ ਇਹ ਰਚਨਾ ਹੀ ਨਹੀਂ ਸੀ (ਕੁਛ ਵੀ ਨਹੀਂ ਸੀ) ਦਿਸਦਾ,

ਓਦੋਂ ਹਜ਼ੂਰ ਪਾਪ ਕਉਣ ਕਰਦਾ ਸੀ ਤੇ ਪੁੰਨ ਕਉਣ ਕਰਦਾ ਸੀ ? ਇਸੇ ਲਈ ਹਜ਼ੂਰ ਪਾਪ, ਪੁੰਨ ਜਾਂ ਕਰਮਾਂ ਵਿੱਚ ਜੀਵਾਂ ਨੂੰ ਨਹੀਂ ਪਾਉਂਦੇ। ਹਜ਼ੂਰ ਕਹਿੰਦੇ ਨੇ ਕਿ ਸਿੱਧਾ ਪ੍ਰਭੂ ਦਾ ਨਾਮ ਜਪੋ ਤੇ ਉਹਦੇ ਵਿੱਚ ਸਮਾ ਜਾਉ। ਜੇ ਪਾਪ, ਪੁੰਨਾਂ ਦੀ ਗਿਣਤੀ ਵਿੱਚ ਰਹੋਗੇ ਤਾਂ ਆਵਾਗਮਣ ਵਿੱਚ ਰਹੋਗੇ। ਉਸ ਅਵਸਥਾ ਵਿੱਚ ਜਾਣਾ ਹੈ, ਜਦੋਂ ਇਹ ਚੀਜ਼ਾਂ ਹੈ ਹੀ ਨਹੀਂ ਸਨ। ਓਦੋਂ ਕੇਵਲ ਨਿਰੰਕਾਰ ਆਪ ਹੀ ਸੁੰਨ ਸਮਾਧੀ ਵਿੱਚ ਸੀ। ਉਹਦੇ ਨਾਲ ਜੁੜਨਾ ਹੈ।

## *ਜਬ ਧਾਰੀ ਆਪਨ ਸੁੰਨ ਸਮਾਧਿ ॥*

## *ਤਬ ਬੈਰ ਬਿਰੋਧ ਕਿਸੁ ਸੰਗਿ ਕਮਾਤਿ ॥*

ਜਦੋਂ ਹਜ਼ੂਰ ਤੁਸੀਂ ਸੁੰਨ ਸਮਾਧਿ ਵਿੱਚ ਇਕੱਲੇ ਹੀ ਸੀ,

ਓਦੋਂ ਕਉਣ ਕਿਸੇ ਨਾਲ ਵੈਰ ਕਰਦਾ ਸੀ ਤੇ ਕਉਣ ਕਿਸੇ ਦਾ ਵਿਰੋਧ ਕਰਦਾ ਸੀ ? ਓਦੋਂ ਤਾਂ ਇਹ ਚੀਜ਼ਾਂ ਹੈ ਹੀ ਨਹੀਂ ਸੀ।

## *ਜਬ ਇਸ ਕਾ ਬਰਨੁ ਚਿਹਨੁ ਨ ਜਾਪਤ ॥*

## *ਤਬ ਹਰਖ ਸੋਗ ਕਹੁ ਕਿਸਹਿ ਬਿਆਪਤ ॥*

ਜਦੋਂ ਆਤਮਾ ਰੱਬ ਜੀ ਨਾਲੋਂ ਵੱਖਰੀ ਹੀ ਨਹੀਂ ਸੀ, ਇਸਦਾ ਦਿਸਦਾ ਰੂਪ ਹੀ ਨਹੀਂ ਸੀ, ਇਸ ਦਾ ਚਿਹਨ ਚਕ੍ਰ ਹੀ ਨਹੀਂ ਸੀ,

ਓਦੋਂ ਇਹਨੂੰ ਖੁਸ਼ੀ ਤੇ ਗਮੀ ਕਿਵੇਂ ਹੋ ਸਕਦੀ ਸੀ ? ਓਦੋਂ ਤਾਂ ਨਾ ਖੁਸ਼ੀ ਹੀ ਨੇ ਨਾ ਗਮੀ ਸੀ। ਇਹ ਸਭ ਚੀਜ਼ਾਂ ਰਚਨਾਂ ਨਾਲ ਸੰਬਧਿਤ ਨੇ ਤੇ ਰਚਨਾ ਵਿੱਚੋਂ ਜੀਵ (ਆਤਮਾ) ਨੇ ਬਾਹਰ ਨਿਕਲਨਾ ਹੈ, ਜੋ ਰੱਬ ਜੀ ਦਾ ਨਾਮ ਹੀ ਕੱਢੇਗਾ (ਰਚਨਾ ਨਾਲ ਸਬੰਧਿਤ ਚੀਜ਼ਾਂ ਆਤਮਾ ਨੂੰ ਰਚਨਾ ਵਿੱਚੋਂ ਨਹੀਂ ਕੱਢ ਸਕਦੀਆਂ)।

## *ਜਬ ਆਪਨ ਆਪ ਆਪਿ ਪਾਰਬ੍ਰਹਮ ॥*

## *ਤਬ ਮੋਹ ਕਹਾ ਕਿਸੁ ਹੋਵਤ ਭਰਮ ॥*

ਜਦੋਂ ਪਾਰਬ੍ਰਹਮ ਪਰਮੇਸ਼ਰ ਆਪ ਹੀ ਸੀ, ਆਪ ਹੀ ਸੀ, ਹੋਰ ਕੁਛ ਨਹੀਂ ਸੀ, ਤਦ ਮੋਹ ਕਿਹਨੂੰ ਉਪਜਦਾ ਸੀ ਮਾਇਆ ਦਾ (ਕਿਉਂਕਿ ਮਾਇਆ ਹੀ ਨਹੀਂ ਸੀ) ਤੇ ਭਰਮ ਭੁਲੇਖਾ ਕਿਸਨੂੰ ਲਗਦਾ ਸੀ ? ਓਦੋਂ ਇਹ ਚੀਜ਼ਾਂ ਨਹੀਂ ਸਨ।

## *ਆਪਨ ਖੇਲੁ ਆਪਿ ਵਰਤੀਜਾ ॥*

## *ਨਾਨਕ ਕਰਨੈਹਾਰੁ ਨ ਦੂਜਾ ॥ ੧ ॥*

ਉਹ ਇਹ ਤਮਾਸ਼ਾ ਲਾਇਆ ਹੈ ਤੇ ਇਹ ਚੀਜ਼ਾਂ ਤਮਾਸ਼ੇ ਵਿੱਚ ਉਸ ਨੇ ਪੈਦਾ ਕੀਤੀਆਂ ਹਨ।

ਉਹ ਮਾਲਕ ਹੀ ਕਰਨ ਵਾਲਾ ਹੈ, ਜਿਹੜੀ ਸਾਰੀ ਖੇਡ ਨੂੰ ਵਰਤਾ ਕੇ ਆਪ ਚਲਾ ਰਿਹਾ ਹੈ। ਦੂਜਾ ਕੋਈ ਕਰਨਹਾਰ (ਕਰਤਾ ਪੁਰਖ) ਨਹੀਂ। ਕਰਤਾ ਪੁਰਖ ਇੱਕ ਹੀ ਹੈ।

## *ਜਬ ਹੋਵਤ ਪ੍ਰਭ ਕੇਵਲ ਧਨੀ ॥*

## *ਤਬ ਬੰਧ ਮੁਕਤਿ ਕਹੁ ਕਿਸ ਕਉ ਗਨੀ ॥*

ਜਦੋਂ ਇਕੱਲਾ ਮਾਲਕ ਹੀ ਸੀ (ਹੋਰ ਕੋਈ ਹੈ ਹੀ ਨਹੀਂ ਸੀ)

ਓਦੋਂ ਬੰਨਿਆ ਹੋਇਆ ਕਉਣ ਸੀ ਤੇ ਮੁਕਤਿ ਕਉਣ ਸੀ ? ਨਾ ਜੀਵ ਆਤਮਾਵਾਂ ਰਚਨਾ ਵਿੱਚ ਬੰਨੀਆਂ ਹੋਈਆਂ ਸਨ ਤੇ ਨਾ ਰਚਨਾ ਚੋਂ ਖਲਾਸ ਹੁੰਦੀਆਂ ਸਨ।

## *ਜਬ ਏਕਹਿ ਹਰਿ ਅਗਮ ਅਪਾਰ ॥*

## *ਤਬ ਨਰਕ ਸੁਰਗ ਕਹੁ ਕਉਨ ਅਉਤਾਰ ॥*

ਜਦੋਂ ਇੱਕ ਪ੍ਰਭੂ ਹੀ ਸੀ, ਜਿਸਦੀ ਗਮਤਾ ਇਹ ਮਨ ਬੁੱਧੀ ਨਹੀਂ ਕਰ ਸਕਦੀ ਤੇ ਜੋ ਪਾਰਾਵਾਰ ਤੋਂ ਰਹਿਤ ਹੈ,

ਇਹ ਮਨ ਸੋਚੇ ਭਾਈ ਕਿ ਓਦੋਂ ਨਰਕਾਂ ਵਿੱਚ ਕਉਣ ਜਾਂਦਾ ਸੀ ਤੇ ਸਵਰਗਾਂ ਵਿੱਚ ਕਉਣ ਜਾਂਦਾ ਸੀ ? ਨਾ ਓਦੋਂ ਆਤਮਾਵਾਂ ਸਨ (ਨਰਕਾਂ, ਸਵਰਗਾਂ ਵਿੱਚ ਜਾਣ ਵਾਲੀਆਂ) ਤੇ ਨਾ ਓਦੋਂ ਨਰਕ, ਸਵਰਗ ਸਨ।

***ਜਬ ਨਿਰਗੁਨ ਪ੍ਰਭ ਸਹਜ ਸੁਭਾਇ ॥***

***ਤਬ ਸਿਵ ਸਕਤਿ ਕਹਹੁ ਕਿਤੁ ਠਾਇ ॥***

ਜਦੋਂ ਉਹ ਨਿਰਗੁਣ ਪ੍ਰਭੂ, ਜਿਸਨੇ ਅਜੇ ਆਪਣੇ ਗੁਣ ਵੀ ਪ੍ਰਗਟ ਨਹੀਂ ਸੀ ਕੀਤੇ ਤੇ ਦਿਸਦੀ ਅਨ-ਦਿਸਦੀ ਦੁਨੀਆਂ ਵੀ ਨਹੀਂ ਸੀ ਤੇ ਉਹ (ਪ੍ਰਭੂ) ਆਪਣੇ ਸਹਿਜ ਪ੍ਰੇਮ ਵਿੱਚ ਆਪ ਹੀ ਸੀ,

ਓਦੋਂ ਸ਼ਿਵ ਸ਼ਕਤੀ, ਜੋ ਮਾਇਆ ਦਾ ਮੋਹ ਹੈ, ਇਹ ਓਦੋਂ ਕਿੱਥੇ ਸੀ ?

***ਜਬ ਆਪਹਿ ਆਪਿ ਅਪਨੀ ਜੋਤਿ ਧਰੈ ॥***

***ਤਬ ਕਵਨ ਨਿਡਰੁ ਕਵਨ ਕਤ ਡਰੈ ॥***

ਜਦੋਂ ਮਾਲਕ ਇੱਕ ਹੀ ਸੀ ਜੋਤਿ ਸਰੂਪ (ਹੋਰ ਦੂਜਾ ਹੈ ਹੀ ਨਹੀਂ),

ਓਦੋਂ ਭੈ ਵਿੱਚ ਕਉਣ ਸੀ ਤੇ ਨਿਰਭਉ ਕਉਣ ਸੀ ? ਓਦੋਂ ਇਹ ਚੀਜ਼ਾਂ ਨਹੀਂ ਸੀ। ਓਦੋਂ ਨਾ ਕੋਈ ਡਰਨ ਵਾਲਾ ਸੀ ਤੇ ਨਾ ਕੋਈ ਡਰਾਉਣ ਵਾਲਾ ਸੀ।

***ਆਪਨ ਚਲਿਤ ਆਪਿ ਕਰਨੈਹਾਰ ॥***

***ਨਾਨਕ ਠਾਕੁਰ ਅਗਮ ਅਪਾਰ ॥ ੨ ॥***

ਇਹ ਚਲਿਤ੍ਰ (ਤਮਾਸ਼ਾ, ਲੀਲਾ) ਕਰਨ ਵਾਲਾ ਤਾਂ ਉਹ ਮਾਲਕ ਆਪ ਹੈ, ਜਿਸ ਨੇ ਇਹ ਸਭ ਕੁਛ ਬਣਾਇਆ ਹੈ।
ਹੇ ਨਾਨਕ, ਉਹ ਜੋ ਮਾਲਕ ਹੈ, ਉਹ ਮਨ ਬੁੱਧੀ ਦੀ ਗਮਤਾ ਤੋਂ ਪਰੇ ਹੈ ਤੇ ਪਾਰਾਵਾਰ ਤੋਂ ਰਹਿਤ ਹੈ। ਉਹ ਇਨ੍ਹਾਂ ਚੀਜ਼ਾਂ ਤੋਂ ਨਿਰਲੇਪ ਹੈ। ਜੇ ਕੋਈ ਜੀਵ ਕਿੰਨੇ ਵੀ ਮਾੜੇ ਕਰਮ ਕਰਕੇ ਉਸ ਦੀ ਸ਼ਰਨ ਵਿੱਚ ਜਾਵੇ ਤਾਂ ਉਹ ਉਸ ਨੂੰ ਵੀ ਬਖਸ਼ ਲੈਂਦਾ ਹੈ, ਕਿਉਂਕਿ ਇਨ੍ਹਾਂ ਕਰਮਾਂ ਦਾ ਉਸ ਦੇ ਕੋਈ ਅਸਰ ਹੀ ਨਹੀਂ (ਇਹ ਕਰਮ ਉਸ ਨੂੰ affect ਨਹੀਂ ਕਰਦੇ)। ਇਹ ਤਾਂ ਓਦੋਂ ਤਕ ਹੀ ਅਸਰ ਕਰਦੇ ਹਨ, ਜਦ ਤਕ ਆਤਮਾ ਆਵਾਗਮਣ ਵਿੱਚ ਹੈ। ਜਿਸ ਨੂੰ ਉਹ ਆਪਣੇ ਚਰਣੀ ਲਾ ਲਵੇ, ਉਸ (ਆਤਮਾ) ਦੇ ਸਭ ਕਰਮ ਨਸ਼ਟ ਹੋ ਜਾਂਦੇ ਹਨ।

***ਅਬਿਨਾਸੀ ਸੁਖ ਆਪਨ ਆਸਨ ॥***

***ਤਹ ਜਨਮ ਮਰਨ ਕਹੁ ਕਹਾ ਬਿਨਾਸਨ ॥***

ਜਦੋਂ ਅਬਿਨਾਸੀ ਪ੍ਰਭੂ ਸੁੱਖ ਨਿਧਾਨ ਆਪਣੇ ਆਸਨ ਤੇ ਆਪ ਹੀ ਸੀ (ਤੇ ਦੂਜੀ ਕੋਈ ਆਤਮਾ ਹੀ ਕੋਈ ਨਹੀਂ ਸੀ),

ਓਦੋਂ ਜੰਮਦਾ ਕਉਣ ਸੀ ਤੇ ਮਰਦਾ ਕਉਣ ਸੀ ?

***ਜਬ ਪੂਰਨ ਕਰਤਾ ਪ੍ਰਭੁ ਸੋਇ ॥***

***ਤਬ ਜਮ ਕੀ ਤ੍ਰਾਸ ਕਹਹੁ ਕਿਸੁ ਹੋਇ ॥***

ਜਦੋਂ ਪੂਰਨ (ਸਮਰੱਥ) ਕਰਤਾ ਇੱਕ ਹੀ ਸੀ ਮਾਲਕ (ਤੇ ਹੋਰ ਦੂਜੀ ਕੋਈ ਆਤਮਾ ਹੀ ਨਹੀਂ ਸੀ),

ਓਦੋਂ ਜਮਾਂ ਦਾ ਡਰ ਕਿਸ ਨੂੰ ਲਗਦਾ ਸੀ ? ਭਾਵ ਇਹ ਹੈ ਕਿ ਕਿਸੇ ਨੂੰ ਨਹੀਂ ਸੀ ਲਗਦਾ। ਓਦੋਂ ਨਾ ਜਮ ਸੀ, ਨਾ ਜਮਾਂ ਦਾ ਡਰ ਸੀ, ਨਾ ਜਮਾਂ ਤੋਂ ਡਰਨ ਵਾਲੀਆਂ ਆਤਮਾਵਾਂ ਸਨ।

***ਜਬ ਅਬਿਗਤ ਅਗੋਚਰ ਪ੍ਰਭ ਏਕਾ ॥***

***ਤਬ ਚਿਤ੍ਰ ਗੁਪਤ ਕਿਸੁ ਪੂਛਤ ਲੇਖਾ ॥***

ਜਦੋਂ ਉਹ ਅਬਿਗਤ (ਜੋ ਵਿਅਕਤੀ ਰਹਿਤ ਹੈ, ਜਿਸ ਦੀ ਕੋਈ ਮੁਕਰੱਰ Personality ਨਹੀਂ ਹੈ), ਅਗੋਚਰ (ਜੋ ਗਿਆਨ ਇੰਦ੍ਰੀਆਂ ਦੀ ਪਕੜ ਵਿੱਚ ਨਹੀਂ ਆਉਂਦਾ) ਮਾਲਕ ਇੱਕ ਹੀ ਸੀ,

ਓਦੋਂ ਚਿਤ੍ਰ ਤੇ ਗੁਪਤ, ਜੋ ਜੀਵਾਂ ਦੇ ਚੰਗੇ ਤੇ ਮਾੜੇ ਕਰਮ ਲਿਖਦੇ ਤੇ ਧਰਮਰਾਜ ਅੱਗੇ ਪੇਸ਼ ਕਰਦੇ ਨੇ, ਇਹ ਕਿਸ ਦਾ ਲੇਖਾ ਪੁਛਦੇ ਸਨ ? ਇਹ (ਚਿਤ੍ਰ ਤੇ ਗੁਪਤ) ਆਪ ਵੀ ਨਹੀਂ ਸਨ।

***ਜਬ ਨਾਥ ਨਿਰੰਜਨ ਅਗੋਚਰ ਅਗਾਧੇ ॥***

***ਤਬ ਕਉਨ ਛੁਟੇ ਕਉਨ ਬੰਧਨ ਬਾਧੇ ॥***

ਜਦੋਂ ਉਹ ਮਾਲਕ, ਜੋ ਮਾਇਆ ਤੋਂ ਨਿਰਲੇਪ ਹੈ, ਜੋ ਗਿਆਨ ਇੰਦ੍ਰੀਆਂ ਦੀ ਪਕੜ ਤੋਂ ਪਰੇ ਹੈ, ਜੋ ਅਥਾਹ ਹੈ (ਜਿਸ ਦਾ ਹਥਾੜਾ ਨਹੀਂ ਲੱਭਦਾ), ਜਦੋਂ ਉਹ ਕੱਲਾ ਹੀ ਸੀ,

ਓਦੋਂ ਛੁੱਟਿਆ ਹੋਇਆ ਕਉਣ ਸੀ ਤੇ ਬੰਧਨਾਂ ਵਿੱਚ ਬੰਨਿਆ ਹੋਇਆ ਕਉਣ ਸੀ ?

***ਆਪਨ ਆਪ ਆਪ ਹੀ ਅਚਰਜਾ ॥***

***ਨਾਨਕ ਆਪਨ ਰੂਪ ਆਪ ਹੀ ਉਪਰਜਾ ॥ ੩ ॥***

ਉਹ ਤਾਂ ਆਪਣੇ ਆਪ ਹੀ ਅਸਚਰਜ ਪ੍ਰਭੂ ਸੀ

ਤੇ ਆਪਣੇ ਰੂਪ (ਆਪਣੀ ਹੋਂਦ) ਤੋਂ ਉਹ ਆਪ ਹੀ ਉਪਜਿਆ ਹੋਇਆ ਆਪ ਹੀ ਆਪ ਸੀ ਤੇ ਹੋਰ ਓਦੋਂ ਕੁਛ ਵੀ ਨਹੀਂ ਸੀ।

***ਜਹ ਨਿਰਮਲ ਪੁਰਖੁ ਪੁਰਖ ਪਤਿ ਹੋਤਾ ॥***

***ਤਹ ਬਿਨੁ ਮੈਲੁ ਕਹਹੁ ਕਿਆ ਧੋਤਾ ॥***

ਜਦੋਂ ਉਹ ਨਿਰਮਲ (ਹਉਮੈਂ ਦੀ ਮੈਲ ਤੋਂ ਰਹਿਤ) ਪੁਰਖ (ਸਰਬ ਸਮਰੱਥ) ਪ੍ਰਭੂ ਕੱਲਾ ਹੀ ਸੀ, ਉਹ ਆਪ ਹੀ ਸਭ ਕਾਸੇ ਦਾ ਮਾਲਕ ਕੱਲਾ ਹੀ ਸੀ,

ਓਦੋਂ ਮੈਲ ਕਿਸ ਨੂੰ ਲਗਦੀ ਸੀ ਤੇ ਉਹ ਨਿਰਮਲ (ਬਿਨਾਂ ਮੈਲ ਦੇ) ਪ੍ਰਭੂ ਕਿਸ ਨੂੰ ਧੋਂਦਾ ਸੀ ? ਹੁਣ ਅਸੀਂ ਮਨ ਨੂੰ ਲੱਗੀ ਹੋਈ ਹਉਮੈ ਦੀ ਮੈਲ ਨੂੰ ਉਸ (ਪ੍ਰਭੂ) ਦੇ ਗੁਣ ਗਾ ਕੇ ਧੋਂਣਾ ਹੈ। ਤੇ ਹਜ਼ੂਰ ਕਹਿੰਦੇ ਨੇ ਕਿ ਓਦੋਂ ਤਾਂ ਨਾ ਇਹ ਹਉਮੈ ਦੀ ਮੈਲ ਨਾਲ ਲਿਬੜੇ ਹੋਏ ਮਨ ਸਨ ਤੇ ਧੋਂਣਾ ਕਿਹਨੇ ਕਿਸ ਨੂੰ ਸੀ ?

***ਜਹ ਨਿਰੰਜਨ ਨਿਰੰਕਾਰ ਨਿਰਬਾਨ ॥***

***ਤਹ ਕਉਨ ਕਉ ਮਾਨ ਕਉਨ ਅਭਿਮਾਨ ॥***

ਜਦੋਂ ਉਹ ਨਿਰੰਜਨ (ਮਾਇਆ ਤੋਂ ਨਿਰਲੇਪ) ਨਿਰੰਕਾਰ (ਆਕਾਰ ਤੋਂ ਰਹਿਤ)ਨਿਰਬਾਨ (ਮਾਇਆ ਤੋਂ ਨਿਰਲੇਪ) ਪ੍ਰਭੂ ਕੱਲਾ ਹੀ ਸੀ,

ਓਦੋਂ ਕਿਸ ਨੂੰ ਮਾਣ ਮਿਲਦਾ ਸੀ ਤੇ ਕਿਸ ਵਿੱਚ ਅਭਿਮਾਨ ਸੀ ? ਓਦੋਂ ਇਹ ਚੀਜ਼ਾਂ ਨਹੀਂ ਸਨ।

***ਜਹ ਸਰੂਪ ਕੇਵਲ ਜਗਦੀਸ ॥***

***ਤਹ ਛਲ ਛਿਦ੍ਰ ਲਗਤ ਕਹੁ ਕੀਸ ॥***

ਜਦੋਂ ਹੋਂਦ (ਹਸਤੀ, ਸਰੂਪ) ਕੇਵਲ ਇਕ ਜਗਦੀਸ਼ (ਜਗਤ ਦੇ ਮਾਲਕ) ਦੀ ਸੀ, ਓਦੋਂ ਇਹ ਛਲ ਛਲਾਵਾ (ਮਾਇਆ ਦਾ ਭਰਮ ਭੁਲੇਖਾ) ਤੇ ਪਾਪ ਕਿਸ ਨੂੰ ਲਗਦੇ ਸਨ ? ਇਹ ਕਿਸੇ ਨੂੰ ਵੀ ਨਹੀਂ ਸਨ ਲਗਦੇ।

***ਜਹ ਜੋਤਿ ਸਰੂਪੀ ਜੋਤਿ ਸੰਗਿ ਸਮਾਵੈ ॥***

***ਤਹ ਕਿਸਹਿ ਭੂਖ ਕਵਨੁ ਤ੍ਰਿਪਤਾਵੈ ॥***

ਜਦੋਂ ਉਹ ਕੱਲਾ ਹੀ ਆਪਣੀ ਜੋਤਿ ਵਿੱਚ ਆਪ ਸਮਾਇਆ ਹੋਇਆ ਇੱਕ ਨਿਰੰਕਾਰ ਸੀ,

ਓਦੋਂ ਤ੍ਰਿਸ਼ਨਾ ਦੀ ਭੁੱਖ ਕਿਸ ਨੂੰ ਲਗਦੀ ਸੀ ਤੇ ਤ੍ਰਿਸ਼ਨਾ ਤੋਂ ਮੁਕਤ ਕਉਣ ਹੁੰਦਾ ਸੀ ? ਇਹ ਚੀਜ਼ਾਂ ਲਾਗੂ ਨਹੀਂ ਸਨ।

***ਕਰਨ ਕਰਾਵਨ ਕਰਨੈਹਾਰੁ ॥***

***ਨਾਨਕ ਕਰਤੇ ਕਾ ਨਾਹਿ ਸੁਮਾਰੁ ॥ ੪ ॥***

ਸਭ ਕੁਛ ਕਰਨ ਵਾਲਾ ਤੇ ਜੀਵਾਂ ਕੋਲੋਂ ਸਭ ਕੁਛ ਕਰਵਾਉਣ ਵਾਲਾ ਉਹ ਮੇਰਾ ਭਗਵਾਨ ਇੱਕ ਹੀ ਹੈ।

ਹੇ ਨਾਨਕ ! ਉਹ ਸਿਰਜਣਹਾਰ ਦਾ ਕੋਈ ਅੰਤ ਨਹੀਂ, ਕੋਈ ਅੰਤ ਨਹੀਂ, ਕੋਈ ਅੰਤ ਨਹੀਂ। ਉਹ ਹਰ ਪੱਖ (ਪਹਲੂ) ਤੋਂ ਬੇਅੰਤ, ਬੇਅੰਤ, ਬੇਅੰਤ ਹੈ ਤੇ ਸਦਾ ਬੇਅੰਤ ਹੈ।

## ਜਬ ਅਪਨੀ ਸੋਭਾ ਆਪਨ ਸੰਗਿ ਬਨਾਈ ॥
## ਤਬ ਕਵਨ ਮਾਇ ਬਾਪ ਮਿਤ੍ਰ ਸੁਤ ਭਾਈ ॥

ਜਦੋਂ ਉਹ ਨਿਰੰਕਾਰ ਪ੍ਰਭੂ ਕੱਲਾ ਸੀ ਤੇ ਆਪਨੇ ਆਸਨ ਤੇ ਆਪ ਹੀ ਸੀ ਤੇ ਆਪਣੇ ਵਿੱਚ ਹੀ ਆਪ ਸਮਾਇਆ ਹੋਇਆ ਸੀ,

ਤਾਂ ਦਸੋਂ ਭਾਈ ਓਦੋਂ ਕਿਸੇ ਦੀ ਕਉਣ ਮਾਤਾ ਸੀ, ਕਉਣ ਪਿਤਾ ਸੀ, ਕਉਣ ਮਿਤ੍ਰ ਸੀ, ਕਉਣ ਪੁਤ੍ਰ ਸੀ, ਕਉਣ ਭੈਣ-ਭਰਾ ਸੀ, ਜਿਨ੍ਹਾਂ ਨਾਲ ਮਨਾਂ ਹੁਣ ਤੂੰ ਮੋਹ ਲਾਇਆ ਹੋਇਆ ਹੈ। ਨਾ ਤੂੰ ਸੀ (ਤੇਰੀ ਆਤਮਾ ਸੀ) ਤੇ ਨਾ ਕੁਛ ਹੋਰ ਸੀ। ਓਦੋਂ ਤਾਂ ਉਹ ਆਨੰਦ ਰੂਪ ਪ੍ਰਭੂ ਆਨੰਦ ਵਿੱਚ ਆਪ ਹੀ ਸੀ। ਤੂੰ ਉਸ ਪ੍ਰਭੂ ਵਿੱਚ ਜਾ। ਜੇ ਤੂੰ ਉਸ ਵਿੱਚ ਜਾਏਂਗਾ ਤਾਂ ਤੂੰ ਆਨੰਦ ਰੂਪ ਹੋਏਂਗਾ। ਜੋ ਇਹ ਲੀਲਾ ਉਸ ਨੇ ਬਣਾਈ ਹੈ, ਜੇ ਤੂੰ ਇਸ ਨਾਲ ਜੁੜਿਆਂ ਰਹੇਂਗਾ ਤਾਂ ਭਾਈ, ਤੂੰ ਸਦਾ ਦੁਖੀ ਰਹੇਂਗਾ।

## ਜਹ ਸਰਬ ਕਲਾ ਆਪਹਿ ਪਰਬੀਨ ॥
## ਤਹ ਬੇਦ ਕਤੇਬ ਕਹਾ ਕੋਊ ਚੀਨ ॥

ਜਦੋਂ ਸਰਬ ਸਮਰੱਥ (ਸਭ ਸ਼ਕਤੀਆਂ ਦਾ ਮਾਲਕ) ਸਭ ਕੁਛ ਵੇਖਣ ਯੋਗ ਮਾਲਕ ਕੱਲਾ ਆਪ ਹੀ ਸੀ,

ਓਦੋਂ ਇਨ੍ਹਾਂ ਧਰਮ ਗ੍ਰੰਥਾਂ (ਬੇਦ, ਕਤੇਬ) ਨੂੰ ਕਉਣ ਪੜਦਾ ਸੀ ? ਕੋਈ ਇਨ੍ਹਾਂ ਦਾ ਪਾਠ ਨਹੀਂ ਸੀ ਕਰਦਾ। ਕਿਸੇ ਨੂੰ ਇਸ ਗਿਆਨ ਦੀ ਲੋੜ ਨਹੀਂ ਸੀ ਕਿਉਂਕਿ ਹੋਰ ਕੋਈ ਹੈ ਹੀ ਨਹੀਂ ਸੀ। ਮਨਾਂ, ਤੂੰ ਉਸ ਪ੍ਰਭੂ ਨਾਲ ਜੁੜ ਤੇ ਇਹ ਸਾਰੀ ਲੀਲਾ ਤੇਰੇ ਅਨੁਭਵ ਵਿੱਚ ਆ ਜਾਵੇਗੀ ਤੇ ਤੈਨੂੰ ਅੰਤਰ ਆਤਮੇ ਤੱਤ ਗਿਆਨ ਹੋ ਜਾਵੇਗਾ।

## ਜਬ ਆਪਨ ਆਪੁ ਆਪਿ ਉਰਿ ਧਾਰੈ ॥
## ਤਉ ਸਗਨ ਅਪਸਗਨ ਕਹਾ ਬੀਚਾਰੈ ॥

ਜਦੋਂ ਆਪਣੇ ਵਿੱਚ ਉਹ ਇੱਕ ਪ੍ਰਭੂ ਆਪ ਹੀ ਸੀ,

ਓਦੋਂ ਸਗਨ ਤੇ ਅਪਸਗਨ (ਜੋ ਗਿਣਦੇ ਹਾਂ ਅਸੀਂ ਕਿ ਇਹ ਚੰਗਾ ਸਗਨ ਹੈ ਤੇ ਇਹ ਮਾੜੀ ਗੱਲ ਹੈ), ਇਹ ਓਦੋਂ ਕਿੱਥੇ ਸੀ ? ਤੂੰ ਇਨ੍ਹਾਂ ਵਿੱਚ ਨਾ ਫਸ। ਤੂੰ ੴ ਦੀ ਸ਼ਰਨ ਲੈ, ਜੋ ਸਭ ਕੁਛ ਕਰਨ ਦੇ ਯੋਗ ਤੇ ਸਭ ਕੁਛ ਆਪੇ ਆਪ ਹੈ।

## ਜਹ ਆਪਨ ਊਚ ਆਪਨ ਆਪਿ ਨੇਰਾ ॥
## ਤਹ ਕਉਨ ਠਾਕੁਰੁ ਕਉਨੁ ਕਹੀਐ ਚੇਰਾ ॥

ਜਦੋਂ ਉਹ ਇੱਕ ਪ੍ਰਭ ਹੀ ਸੀ, ਆਪ ਹੀ ਉੱਚਾ ਸੀ, ਆਪ ਹੀ ਨੇੜੇ ਤੋਂ ਨੇੜੇ ਸੀ ਤੇ ਆਪਣੇ ਆਪ ਵਿੱਚ ਸੀ,

ਓਦੋਂ ਸੇਵਕ ਕਉਣ ਸੀ ਤੇ ਮਾਲਕ ਕਉਣ ਸੀ। ਮਾਲਕ ਤੇ ਸੇਵਕ ਨੇ ਇੱਕ ਮਿੱਕ ਹੋ ਜਾਂਣਾ ਹੈ, ਤਾਂ ਪ੍ਰਭੂ ਵਿੱਚ ਆਤਮਾ ਸਮਾਉਂਦੀ ਹੈ।ਸਿੱਖ ਨੇ ਗੁਰੂ ਬਣ ਕੇ ਹੀ ਪ੍ਰਭੂ ਵਿੱਚ ਸਮਾਉਣਾ ਹੈ, ਵੈਸੇ ਕਦੀ ਸਮਾ ਨਹੀਂ ਸਕਦਾ। ਉਸ ਇੱਕ ਨਾਲ ਹੀ ਜੁੜਨਾ ਹੈ ਤੇ ਇੱਕ ਨਾਲ ਜੁੜ ਕੇ ਉਸ ਇੱਕ ਦਾ ਰੂਪ ਹੋਣਾ ਹੈ, ਇਹ ਮਨ ਵਿੱਚ ਰੀਝ (ਤਮੰਨਾ, desire) ਰੱਖਣੀ ਹੈ, ਤਾਂ ਉਸ ਪ੍ਰਭੂ ਦੇ ਚਰਨੀ ਜੀਵ ਆਤਮਾ ਲੱਗਦੀ ਹੈ।

## ਬਿਸਮਨ ਬਿਸਮ ਰਹੇ ਬਿਸਮਾਦ ॥
## ਨਾਨਕ ਅਪਨੀ ਗਤਿ ਜਾਨਹੁ ਆਪਿ ॥ ੫ ॥

ਹੇ ਪ੍ਰਭੂ, ਤੂੰ ਅਜਬ ਹੈਂ, ਅਜਬ ਹੈਂ, ਅਜਬ ਹੈਂ, ਤੇ ਤੂੰ ਅਜਬ ਕਰ ਦੇਂਦਾ ਹੈ ਉਸ ਆਤਮਾ ਨੂੰ, ਜਿਹੜੀ ਆਤਮਾ ਤੇਰੇ ਨਾਲ ਜੁੜਦੀ ਹੈ। ਤੂੰ ਅਸਚਰਜ ਹੈਂ।

ਹੇ ਪ੍ਰਭੂ, ਤੂੰ ਆਪਣੀ ਗਤੀ (ਅਵਸਥਾ) ਨੂੰ ਆਪ ਹੀ ਜਾਣਦਾ ਹੈ। ਉਹੀ ਆਤਮਾ ਤੇਰੀ ਅਵਸਥਾ ਨੂੰ ਸਮਝਦੀ ਹੈ, ਜੋ ਤੇਰੇ ਵਿੱਚ ਸਮਾ ਜਾਂਦੀ ਹੈ, ਤੇਰਾ ਅੰਤ ਨਹੀਂ ਪਾਉਂਦੀ। ਉਸ ਦੇ ਅਨੁਭਵ ਵਿੱਚ ਤੂੰ ਆਉਂਦਾ ਹੈ। ਹੋਰ ਕੋਈ ਢੰਗ ਤਰੀਕਾ ਤੈਨੂੰ ਮਿਲਣ ਦਾ ਹੈ ਹੀ ਨਹੀਂ।

## ਜਹ ਅਛਲ ਅਛੇਦ ਅਭੇਦ ਸਮਾਇਆ ॥
## ਊਹਾ ਕਿਸਹਿ ਬਿਆਪਤ ਮਾਇਆ ॥

ਹਜ਼ੂਰ, ਜਦੋਂ ਤੂੰ, ਜੋ ਅਛੱਲ ਹੈਂ (ਜਿਸਨੂੰ ਛਲਿਆ ਨਹੀਂ ਜਾ ਸਕਦਾ), ਜੋ ਅਛੇਦ ਹੈ (ਜਿਸ ਵਿੱਚ ਛੇਦ ਨਹੀਂ ਹੋ ਸਕਦਾ), ਜੋ ਅਭੇਦ ਹੈਂ (ਜਿਸ ਦਾ ਭੇਦ ਨਹੀਂ ਪਾਇਆ ਜਾ ਸਕਦਾ), ਤੂੰ ਕੱਲਾ ਆਪ ਹੀ ਸਮਾਇਆ ਹੋਇਆ ਸੀ,

ਓਦੋਂ ਇਹ ਮਾਇਆ ਦਾ ਮੋਹ ਕਿਸ ਨੂੰ ਵਿਆਪਦਾ ਸੀ ? ਕਿਸੇ ਨੂੰ ਨਹੀਂ ਸੀ ਵਿਆਪਦਾ।

## *ਆਪਸ ਕਉ ਆਪਹਿ ਆਦੇਸੁ ॥*

## *ਤਿਹੁ ਗੁਣ ਕਾ ਨਾਹੀ ਪਰਵੇਸੁ ॥*

ਹਜ਼ੂਰ ਪ੍ਰਭੂ, ਜਦੋਂ ਤੂੰ ਆਪਣੇ ਆਪ ਵਿੱਚ ਆਪ ਹੀ ਸੀ ਤੇ ਆਪਣੇ ਆਪ ਨੂੰ ਆਪ ਹੀ ਨਮਸ਼ਕਾਰ ਕਰਨ ਵਾਲਾ ਤੇ ਆਪਣੇ ਆਪ ਨੂੰ ਆਪ ਹੀ ਪ੍ਰੀਤਿ ਕਰਨ ਵਾਲਾ ਤੂੰ ਕੱਲਾ ਹੀ ਸੀ,

ਓਦੋਂ ਮਾਇਆ ਦੇ ਤਿਨਾਂ ਗੁਣਾਂ (ਰਜੋ, ਸਤੋ, ਤਮੋ) ਦਾ ਪ੍ਰਵੇਸ਼ ਹੀ ਨਹੀਂ ਸੀ (ਇਹ ਰਚਨਾ ਹੀ ਨਹੀਂ ਸੀ)।

## *ਜਹ ਏਕਹਿ ਏਕ ਏਕ ਭਗਵੰਤਾ ॥*

## *ਤਹ ਕਉਨੁ ਅਚਿੰਤੁ ਕਿਸੁ ਲਾਗੈ ਚਿੰਤਾ ॥*

ਹਜ਼ੂਰ ਜਦੋਂ ਤੂੰ ਇਕੱਲਾ ਕੇਵਲ ਇੱਕ ਹੀ ਸੀ, ਹੇ ਭਗਵਾਨ,

ਓਦੋਂ ਚਿੰਤਾ ਕਿਹਨੂੰ ਲਗਦੀ ਸੀ ਤੇ ਅਚਿੰਤ ਕਉਣ ਹੁੰਦਾ ਸੀ ? ਇਹ ਤਾਂ ਚਿੰਤਾ ਤੇ ਅਚਿੰਤ ਹੋਣਾ, ਇਹ ਤਾਂ ਰਚਨਾ ਨਾਲ ਸੰਬਧਿਤ ਚੀਜ਼ਾਂ ਨੇ, ਹੇ ਪ੍ਰਭੂ, ਤੇਰੇ ਨਾਲ ਸੰਬਧਿਤ ਨਹੀਂ।

## *ਜਹ ਆਪਨ ਆਪੁ ਆਪਿ ਪਤੀਆਰਾ ॥*

## *ਤਹ ਕਉਨੁ ਕਥੈ ਕਉਨੁ ਸੁਨਨੈਹਾਰਾ ॥*

ਹਜ਼ੂਰ, ਜਦੋਂ ਤੂੰ ਆਪ ਹੀ ਆਪਣੇ ਨਾਲ ਪਤੀਜਦਾ ਸੀ,

ਓਦੋਂ ਤੇਰੀ ਕਥਾ (ਤੇਰੇ ਗੁਣ) ਕਉਣ ਕਹਿੰਦਾ ਸੀ, ਕਉਣ ਵੀਚਾਰਦਾ ਸੀ, ਤੇ ਕਉਣ ਸੁਣਦਾ ਸੀ ? ਓਦੋਂ ਨਾ ਗੁਣ ਗਾਉਣ ਵਾਲੇ ਸਨ ਤੇ ਨਾ ਗੁਣ ਸੁਨਣ ਵਾਲੇ ਸਨ)। ਓਦੋਂ ਤਾਂ ਤੂੰ ਆਪਣੇ ਆਪ ਵਿੱਚ ਆਪ ਹੀ ਸੀ।

## *ਬਹੁ ਬੇਅੰਤ ਊਚ ਤੇ ਊਚਾ ॥*

## *ਨਾਨਕ ਆਪਸ ਕਉ ਆਪਹਿ ਪਹੂਚਾ ॥ ੬ ॥*

ਹੇ ਹਜ਼ੂਰ, ਤੂੰ ਬੇਅੰਤ ਹੈਂ, ਬੇਅੰਤ ਹੈਂ, ਬੇਅੰਤ ਹੈਂ, ਉੱਚੇ ਤੋਂ ਉੱਚਾ ਹੈਂ।

ਤੂੰ ਹੀ ਜਾਣਦਾ ਹੈਂ ਕਿ ਤੂੰ ਕਿਡਾ ਵੱਡਾ ਹੈ। ਕਿਸੇ ਸੁਰਤਿ (ਆਤਮਾ) ਦੀ ਪਹੁੰਚ ਤੇਰੇ ਤੱਕ ਨਹੀਂ ਹੈ ਕਿਉਂਕਿ ਤੂੰ ਸਭ ਆਤਮਾਵਾਂ ਅੰਤਕੀ ਜੀਵ ਬਣਾਈਆਂ ਹੋਈਆਂ ਹਨ ਤੇ ਤੂੰ ਬੇਅੰਤ ਹੈ ਤੇ ਅੰਤਕੀ ਜੀਵ ਬੇਅੰਤ ਦੀ ਬੇਅੰਤਤਾਈ ਨੂੰ ਕਦੀ ਵੀ ਜਾਣ ਹੀ ਨਹੀਂ ਸਕਦਾ।

## *ਜਹ ਆਪਿ ਰਚਿਓ ਪਰਪੰਚੁ ਅਕਾਰੁ ॥*

## *ਤਿਹੁ ਗੁਣ ਮਹਿ ਕੀਨੋ ਬਿਸਥਾਰੁ ॥*

ਹਜ਼ੂਰ, ਜਦੋਂ ਤੂੰ ਆਪ ਇਹ ਰਚਨਾ ਰਚ ਦਿੱਤੀ ਤੇ ਇਹ ਪੰਜਾਂ ਤੱਤਾਂ ਦੀ ਖੇਡ ਬਣਾ ਦਿੱਤੀ ਤੇ ਆਕਾਰ (ਸਰੀਰ) ਬਣਾ ਦਿੱਤੇ ਤੇ ਇਹ ਡ੍ਰਾਮਾ ਤੂੰ ਜਦੋਂ ਚਲਾ ਦਿੱਤਾ,

ਤੇ ਤਿੰਨਾਂ ਗੁਣਾਂ ਦਾ ਮਾਇਆ ਵਿੱਚ ਤੂੰ ਵਿਸਥਾਰ ਕਰ ਦਿੱਤਾ ਤੇ ਜੀਵ ਇਨ੍ਹਾਂ ਤਿੰਨਾ ਗੁਣਾਂ (ਰਜੋ, ਤਮੋ, ਸਤੋ) ਦੀ ਪਕੜ ਵਿੱਚ ਆ ਗਏ।

## *ਪਾਪੁ ਪੁੰਨੁ ਤਹ ਭਈ ਕਹਾਵਤ ॥*

## *ਕੋਊ ਨਰਕ ਕੋਊ ਸੁਰਗ ਬੰਛਾਵਤ ॥*

ਤਾਂ ਇਹ ਪਾਪ, ਪੁੰਨ ਸ਼ੁਰੂ ਹੋਏ, ਕਰਮਾਂ ਦੀ ਵੀਚਾਰ ਸ਼ੁਰੂ ਹੋ ਗਈ, ਚੰਗੇ ਤੇ ਮਾੜੇ ਕਰਮਾਂ ਦੇ ਫਲ ਦੀ ਵੀਚਾਰ ਸ਼ੁਰੂ ਹੋ ਗਈ,

ਤੇ ਆਤਮਾਵਾਂ, ਕੋਈ ਨਰਕਾਂ ਵਿੱਚ ਤੇ ਕੋਈ ਸੁਰਗਾਂ ਵਿੱਚ (ਆਪਣੇ ਕੀਤੇ ਅਨੁਸਾਰ) ਜਾਣ ਲੱਗ ਗਈਆਂ ਕਿਉਂਕਿ ਤੂੰ ਸਭ ਨੂੰ ਕਰਮ ਫਲ ਬਖਸ਼ਦਾ ਹੈਂ, ਕਿਸੇ ਨਾਲ ਵੀ ਜ਼ਿਆਦਤੀ ਨਹੀਂ ਕਰਦਾ। ਜੇ ਕਿਸੇ ਤੇ ਦਇਆ ਕਰ ਦੇਵੇਂ ਤਾਂ ਉਹਦੇ ਕਰਮ ਬਖਸ਼ ਦਿੰਦਾ ਹੈ। ਜੇ ਨਾ ਦਇਆ ਕਰੇਂ ਤਾਂ ਜੀਵ ਨੂੰ ਕਰਮ ਦਾ ਫਲ ਪਾਉਣਾ ਹੀ ਪੈਂਦਾ ਹੈ। ਕੋਈ ਵੀ ਜੀਵ ਆਪਣੇ ਕਿਸੇ ਕਰਮ ਦੇ ਫਲ ਤੋਂ ਨਹੀਂ ਬਚ ਸਕਦਾ।

## *ਆਲ ਜਾਲ ਮਾਇਆ ਜੰਜਾਲ ॥*

## *ਹਉਮੈ ਮੋਹ ਭਰਮ ਭੈ ਭਾਰ ॥*

ਰਚਨਾ ਦੇ ਨਾਲ ਇਹ ਸ਼ੁਰੂ ਹੋ ਗਿਆ, ਮਾਇਆ ਦੇ ਜੰਜਾਲਾਂ ਦਾ ਕੰਮ ਤੇ ਉਸ ਆਵਾਗਮਣ ਵਿੱਚ ਜੀਵ ਫਸ ਗਏ,

ਤੇ ਹਉਮੈ ਕਰਕੇ ਮੋਹ ਪ੍ਰਗਟ ਹੋ ਗਇਆ, ਭੁਲੇਖਾ ਪ੍ਰਗਟ ਹੋ ਗਿਆ ਤੇ ਡਰ ਦਾ ਭਾਰ ਸ਼ੁਰੂ ਹੋ ਗਿਆ ਕਿਉਂਕਿ ਜੀਵ ਉਸ ਪ੍ਰਭੂ ਨਾਲੋਂ ਟੁੱਟ ਗਏ, ਜੋ (ਪ੍ਰਭੂ) ਅਚਿੰਤ ਹੈ (ਜਿਸ ਨੂੰ ਕੋਈ ਚਿੰਤਾ ਨਹੀ), ਜਿਸ ਦਾ ਕੋਈ ਕਰਮ ਨਹੀਂ (ਜੋ ਕਰਮਾਂ ਦਾ ਬੱਧਾ ਹੋਇਆ ਨਹੀ) ਤੇ ਅਸੀਂ ਜੀਵ ਮਾਇਆ ਦੇ ਜੰਜਾਲਾਂ ਵਿੱਚ ਬੱਧੇ ਹੋਏ, ਕਰਮਾਂ ਦੇ ਬੱਧੇ ਹੋਏ, ਆਪਣੀ ਕੀਤੀ ਅਨੁਸਾਰ ਆਵਾਗਮਣ ਵਿੱਚ ਆਉਂਦੇ ਰਹਿੰਦੇ ਹਾਂ, ਜਾਂਦੇ ਰਹਿੰਦੇ ਹਾਂ। ਸਾਨੂੰ ਮਾਇਆ ਦਾ ਮੋਹ ਲੱਗਾ ਹੋਇਆ ਹੈ, ਭੁਲੇਖਾ ਲੱਗਾ ਹੋਇਆ ਹੈ ਤੇ ਭੈ ਵਿੱਚ ਹਾਂ। ਜੇ ਇਹ ਮਾਇਆ ਦਾ ਮੋਹ ਨਾਸ਼ ਹੋ ਜਾਏ, ਇਹ ਭੈ ਦੂਰ ਹੋ ਜਾਵੇ, ਤਾਂ ਆਤਮਾ ਨਿਰਭਉ ਹੋ ਕੇ ਪ੍ਰਭੂ ਵਿੱਚ ਸਮਾਉਂਦੀ ਹੈ।

***ਦੂਖ ਸੂਖ ਮਾਨ ਅਪਮਾਨ ॥***
***ਅਨਿਕ ਪ੍ਰਕਾਰ ਕੀਓ ਬਖ੍ਯ੍ਯਾਨ ॥***

ਇਹ ਦੁੱਖ ਤੇ ਸੁੱਖ, ਇਹ ਮਾਨ ਤੇ ਨਿਰਾਦਰੀ, ਇਹ ਮਾਇਆ ਦੇ ਕਰਮਾਂ ਤੋਂ ਪ੍ਰਗਟ ਹੋਈ, ਜਦੋਂ ਜੀਵ ਮਾਇਆ ਨਾਲ ਜੁੜ ਗਏ (ਪ੍ਰਭੂ ਨਾਲੋਂ ਟੁੱਟ ਗਏ)।

ਅਨੇਕਾਂ ਤਰੀਕਿਆਂ ਨਾਲ, ਹਜ਼ੂਰ, ਸਾਰਾ ਤੂੰ ਇਹ ਪਸਾਰਾ ਕੀਤਾ ਤੇ ਜੀਵ ਇਸ ਵਿੱਚ ਫਸੇ ਹੋਏ ਹਨ।

***ਆਪਨ ਖੇਲੁ ਆਪਿ ਕਰਿ ਦੇਖੈ ॥***
***ਖੇਲੁ ਸੰਕੋਚੈ ਤਉ ਨਾਨਕ ਏਕੈ ॥ ੭ ॥***

ਇਹ ਸਾਰੀ ਇੱਡੀ ਵੱਡੀ ਰਚਨਾ ਕਰ ਕੇ, ਹਜ਼ੂਰ, ਤੂੰ ਆਪਣਾ ਤਮਾਸ਼ਾ (ਖੇਡ) ਆਪ ਹੀ ਵੇਖ ਰਿਹਾ ਹੈਂ। ਜਦੋਂ ਕਦੀ ਇਹ ਖੇਡ ਨੂੰ ਇਕੱਠੀ ਕਰ ਲੈਂਦਾ ਹੈ ਤਾਂ ਸਭ ਕੁਛ ਤੇਰੇ ਵਿੱਚ ਸਮਾ ਜਾਂਦਾ ਹੈ ਤੇ ਤੂੰ ਫਿਰ ਇੱਕ ਦਾ ਇੱਕ ਹੀ ਰਹਿ ਜਾਂਦਾ ਹੈਂ। ਤੂੰ ਇਹ ਤਮਾਸ਼ਾ ਜਿੰਨਾਂ ਚਿਰ ਮਰਜੀ ਨਾ ਲਾਵੇਂ ਤਾਂ ਇਹ ਲੀਲਾ ਨਹੀਂ ਚਲਦੀ ਤੇ ਜਦੋਂ ਮਰਜ਼ੀ ਲਾ ਲਵੇਂ ਤਾਂ ਇਹ ਤਮਾਸ਼ਾ ਐਸਾ ਫਿਰ ਸ਼ੁਰੂ ਹੋ ਜਾਂਦਾ ਹੈ। ਹਜ਼ੂਰ ਕਹਿੰਦੇ ਨੇ :-

**H ਕਈ ਬਾਰ ਪਸਰਿਓ ਪਾਸਾਰ ॥**
**ਸਦਾ ਸਦਾ ਇਕੁ ਏਕੰਕਾਰ ॥ (ਪੰਨਾ ੨੭੬)**

ਉਹ ਮੇਰਾ ੧ਓੁ ਪ੍ਰਭੂ ਸਦਾ ਸਦਾ ਹੈ, ਸਦਾ ਸਦਾ ਹੈ, ਸਦਾ ਸਦਾ ਇੱਕ ਹੈ। ਐਸੇ ਪਸਾਰੇ ਉਸ ਨੇ ਕਈ ਦਫਾ ਕੀਤੇ ਤੇ ਕਈ ਦਫਾ ਸੰਕੋਚੇ ਹਨ। ਇਹ ਪਸਾਰੇ ਦੇ ਮੋਹ ਵਿੱਚੋਂ ਜੀਵ ਦਾ ਨਿਕਲ ਜਾਣਾ, ਉਸ (ਪ੍ਰਭੂ) ਨਾਲ ਜੁੜ ਜਾਣਾ, ਏਹੀ ਸੁੱਖਾਂ ਦਾ ਇੱਕੋ ਇੱਕ ਸਾਧਨ ਹੈ।

***ਜਹ ਅਬਿਗਤੁ ਭਗਤੁ ਤਹ ਆਪਿ ॥***
***ਜਹ ਪਸਰੈ ਪਾਸਾਰੁ ਸੰਤ ਪਰਤਾਪਿ ॥***

ਜਿੱਥੇ ਤੂੰ ਅਬਿਗਤ (ਵਿਅਕਤੀ ਤੋਂ ਰਹਿਤ) ਆਪ ਹੈਂ, ਉਥੇ ਤੂੰ ਭਗਤ ਆਪ ਹੈਂ (ਵਿਅਕਤੀ ਵਾਲਾ ਵੀ ਆਪ ਤੂੰ ਹੈਂ)। ਤੂੰ ਵਿਅਕਤੀ ਵਿੱਚ ਵੀ ਹੈਂ ਤੇ ਵਿਅਕਤੀ ਤੋਂ ਬਾਹਰ ਵੀ ਹੈਂ, ਤੂੰ ਜੀਵ ਆਤਮਾ ਵਿੱਚ ਵੀ ਹੈਂ ਤੇ ਜੀਵ ਆਤਮਾ ਤੋਂ ਬਾਹਰ ਵੀ ਹੈਂ।

ਤੂੰ ਜੋ ਸਾਰਾ ਪਸਾਰਾ ਕੀਤਾ ਹੈ, ਇਹ ਸੰਤ ਦੇ ਪ੍ਰਤਾਪ (ਵੱਡਪਣ) ਨੂੰ ਪ੍ਰਗਟ ਕਰਨ ਲਈ ਕੀਤਾ ਹੈ। ਜੋ ਆਤਮਾ ਤੇਰੇ ਨਾਲ ਜੁੜ ਜਾਂਦੀ ਹੈ, ਉਹ ਬਹੁਤ ਪ੍ਰਤਾਪ ਵਾਲੀ ਹੋ ਜਾਂਦੀ ਹੈ। ਜੋ ਆਤਮਾ ਤੇਰੇ ਤੋਂ ਟੁੱਟ ਜਾਂਦੀ ਹੈ, ਉਹ ਬਹੁਤ ਨੀਵੀਂ ਚਲੀ ਜਾਂਦੀ ਹੈ।

***ਦੁਹੂ ਪਾਖ ਕਾ ਆਪਹਿ ਧਨੀ ॥***
***ਉਨ ਕੀ ਸੋਭਾ ਉਨਹੂ ਬਨੀ ॥***

ਜੋ ਸੰਤ ਆਤਮਾਵਾਂ ਹਨ, ਉਹ ਦੋਵਾਂ ਪਾਸਿਆਂ ਦੀਆਂ ਆਪ ਮਾਲਕ ਹੋ ਜਾਂਦੀਆਂ ਹਨ।

ਉਨ੍ਹਾਂ ਦੀ ਸੋਭਾ ਉਨ੍ਹਾਂ ਨੂੰ ਹੀ ਪ੍ਰਗਟ ਹੁੰਦੀ ਹੈ ਕਿਉਂਕਿ :-

**H ਨਾਨਕ ਸਾਧ ਕੀ ਸੋਭਾ ਪ੍ਰਭ ਮਾਹਿ ਸਮਾਨੀ ॥ (ਪੰਨਾ ੨੭੧)**

**H ਰਾਮ ਸੰਤ ਮਹਿ ਭੇਦੁ ਕਿਛੁ ਨਾਹੀ ॥ (ਪੰਨਾ ੨੦੮)**

ਉਹ ਆਤਮਾਵਾਂ ਪ੍ਰਭੂ ਦਾ ਰੂਪ ਹੋਣ ਕਰਕੇ ਬੇਅੰਤ ਹੋ ਜਾਂਦੀਆਂ ਹਨ ਤੇ ਸੋਭਾ ਤੋਂ ਪਰੇ ਹਨ (ਸਾਡੀ ਸਮਝ ਵਿੱਚ ਉਨ੍ਹਾਂ ਦੀ ਲੀਲਾ ਨਹੀਂ ਆਉਂਦੀ)।

***ਆਪਹਿ ਕਉਤਕ ਕਰੈ ਅਨਦ ਚੋਜ ॥***
***ਆਪਹਿ ਰਸ ਭੋਗਨ ਨਿਰਜੋਗ ॥***

ਆਪ ਹੀ ਮਾਲਕ ਅਜਬ ਕੌਤਕ ਕਰਕੇ ਆਨੰਦ ਕਰ ਰਹਿਆ ਹੈ। ਇਹ ਚੋਜ ਵਿਡਾਣ ਹੈ ਉਸ ਦਾ। ਕਿੱਡੀ ਵੱਡੀ ਲੀਲਾ ਹੈ ਤੇ ਉਹ ਕੱਲਾ ਹੀ ਸਭ ਕੁਛ ਕਰ ਰਿਹਾ ਹੈ। ਉਸ ਨੂੰ ਕਿਸੇ ਦੇ ਸਹਾਰੇ (ਸਹਾਇਤਾ, supprot) ਦੀ ਲੋੜ ਨਹੀਂ ਹੈ।ਇੱਕ ਘਰ ਚਲਾਉਣਾ ਹੋਵੇ ਤਾਂ ਘਰ ਦੇ ਆਗੂ (Head of the family) ਨੂੰ ਹਰ ਤਰਾਂ ਦੀ ਸਹਾਇਤਾ ਚਾਹੀਦੀ ਹੈ। ਪਰ ਮੇਰਾ ਮਾਲਕ ਅਰਬਾਂ, ਖਰਬਾਂ ਖੰਡ ਬ੍ਰਹਮੰਡ ਤੇ ਜੀਵ ਆਤਮਾਵਾਂ ਬਣਾ ਕੇ ਸਭ ਨੂੰ ਵੇਖ ਰਹਿਆ ਹੈ, ਆਨੰਦ ਰੂਪ ਹੈ ਤੇ ਇਹ ਤਮਾਸ਼ਾ ਵੇਖਦਾ ਹੋਇਆ ਪ੍ਰਸੰਨ ਚਿੱਤ ਹੈ।

ਆਪੇ ਹੀ ਉਹ ਸਾਰੇ ਰਸ ਭੋਗ ਰਹਿਆ ਹੈ ਤੇ ਆਪ ਹੀ ਉਹ ਸਾਰਿਆਂ ਰਸਾਂ ਤੋਂ ਨਿਰਲੇਪ ਹੈ।

***ਜਿਸੁ ਭਾਵੈ ਤਿਸੁ ਆਪਨ ਨਾਇ ਲਾਵੈ ॥***

***ਜਿਸੁ ਭਾਵੈ ਤਿਸੁ ਖੇਲ ਖਿਲਾਵੈ ॥***

ਜਿਸ ਤੇ ਕ੍ਰਿਪਾ ਕਰੇ, ਉਸ ਨੂੰ ਆਪਣੇ ਨਾਮ ਵਾਲੇ ਪਾਸੇ ਲਾ ਲੈਂਦਾ ਹੈ ਤੇ ਜੀਵ ਨਾਮ ਜਪਦਾ ਜਪਦਾ ਉਸ ਵਿੱਚ ਸਮਾ ਜਾਂਦਾ ਹੈ।

ਜਿਸ ਨੂੰ ਉਹ ਭਾਵੇ ਇਸ ਤਮਾਸ਼ੇ ਵਿੱਚ ਰੁਝਾ ਛੱਡਦਾ ਹੈ ਤੇ ਮਾਇਆ ਦੇ ਮੋਹ ਵਿੱਚ ਪਾ ਛੱਡਦਾ ਹੈ ਤੇ ਜੀਵ ਮਾਇਆ ਦੇ ਮੋਹ ਵਿੱਚ ਫਸਿਆ ਹੋਇਆ, ਹਮੇਸ਼ਾ ਹਮੇਸ਼ਾ ਆਵਾਗਮਣ ਵਿੱਚ ਫਸਿਆ ਰਹਿੰਦਾ ਹੈ।

***ਬੇਸੁਮਾਰ ਅਥਾਹ ਅਗਨਤ ਅਤੋਲੈ ॥***

***ਜਿਉ ਬੁਲਾਵਹੁ ਤਿਉ ਨਾਨਕ ਦਾਸ ਬੋਲੈ ॥੮॥੨੧॥***

ਹੇ ਗਿਣਤੀ ਮਿਣਤੀ ਤੋਂ ਪਰੇ ਮਾਲਕ ਜੀ, ਹੇ ਹਥਾੜੇ ਤੋਂ ਰਹਿਤ ਪ੍ਰਭੂ ਜੀ, ਹੇ ਅਗਨਤ ਜੀ (ਜਿਸ ਨੂੰ ਕੋਈ ਗਿਣ ਹੀ ਨਹੀਂ ਸਕਦਾ ਕਿ ਤੂੰ ਕਿੱਡਾ ਵੱਡਾ ਹੈ), ਹੇ ਅਤੋਲੇ ਜੀ (ਜਿਸ ਨੂੰ ਤੋਲਿਆ ਨਹੀਂ ਜਾ ਸਕਦਾ। ਉਹ ਮਾਲਕ ਹਰ ਪੱਖ ਤੋਂ ਬੇਅੰਤ ਹੈ),

ਜਿਵੇਂ ਤੂੰ ਹਜ਼ੂਰ ਬੁਲਾਉਂਦਾ ਹੈ, ਹੇ ਨਾਨਕ, ਤੇਰੇ ਦਾਸ ਤਾਂ ਉਸ ਤਰਾਂ ਬੋਲਦੇ ਹਨ। ਜਿੰਨਾਂ ਤੂੰ ਗੁਣਾਂ ਦਾ ਗਿਆਨ ਉਨ੍ਹਾਂ ਨੂੰ ਬਖਸ਼ਦਾ ਹੈਂ, ਉਨ੍ਹੇ ਹੀ ਉਹ ਤੇਰੇ ਗੁਣ ਕਹਿ ਸਕਦੇ ਹਨ। ਉਸ ਤੋਂ ਵੱਧ ਨਹੀਂ ਕਹਿ ਸਕਦੇ। ਕਰਨ ਕਰਾਉਣ ਵਾਲਾ ਤਾਂ ਤੂੰ ਇੱਕ ਹੀ ਹੈਂ, ਤੂੰ ਇੱਕ ਹੀ ਹੈਂ, ਤੂੰ ਇੱਕ ਹੀ ਹੈਂ।

**H H H H H**

## ***ਅਸਟਪਦੀ ੨੨*** *(ਪੰਨਾ ੨੯੨)*

***ਸਲੋਕੁ ॥***

***ਜੀਅ ਜੰਤ ਕੇ ਠਾਕੁਰਾ***

***ਆਪੇ ਵਰਤਣਹਾਰ ॥***

ਹੇ ਪ੍ਰਭੂ, ਸਭ ਜੀਵਾਂ ਜੰਤਾਂ ਦੇ ਮਾਲਕ ਜੀਉ, ਤੁਸੀਂ ਆਪ ਹੀ ਸਭ ਥਾਂ ਤੇ ਵਰਤ ਰਹੇ ਹੋ।

***ਨਾਨਕ ਏਕੋ ਪਸਰਿਆ***

***ਦੂਜਾ ਕਹ ਦ੍ਰਿਸਟਾਰ ॥ ੧ ॥***

ਹੇ ਨਾਨਕ, ਉਹ ਇੱਕ ਪ੍ਰਭੂ ਹੀ ਹਰ ਥਾਂ ਤੇ ਪਸਰਿਆ ਹੋਇਆ ਹੈ (ਸਮਾਇਆ ਹੋਇਆ ਹੈ)। ਦੂਜਾ ਹੋਰ ਕੋਈ, ਹਜ਼ੂਰ ਕਹਿੰਦੇ ਨੇ ਕਿ, ਕੋਈ ਦਿਸਦਾ ਨਹੀਂ, ਜੋ ਉਸ ਤੋਂ ਬਗੈਰ ਹੋਵੇ, ਕਿਉਂਕਿ :-

**H ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ ॥ ਗੋਬਿੰਦ ਬਿਨੁ ਨਹੀ ਕੋਈ ॥ ...**
**ਜਲ ਤਰੰਗ ਅਰੁ ਫੇਨ ਬੁਦਬੁਦਾ ਜਲ ਤੇ ਭਿੰਨ ਨ ਹੋਈ ॥ (ਪੰਨਾ ੪੮੫)**

ਜਿਸ ਤਰਾਂ ਪਾਣੀ ਦੀਆਂ ਲਹਿਰਾਂ, ਲਹਿਰਾਂ ਤੋਂ ਬਣੀ ਝੱਗ ਤੇ ਬੁਲਬੁਲੇ, ਇਹ ਸਭ ਪਾਣੀ ਹੀ ਹੁੰਦਾ ਹੈ। ਪਾਣੀ ਤੋਂ ਬਗੈਰ ਨਾ ਕੋਈ ਲਹਿਰ ਦੀ ਹਸਤੀ ਹੈ, ਨਾ ਝੱਗ ਦੀ ਹੋਂਦ ਹੈ ਤੇ ਨਾ ਹੀ ਬੁਲਬੁਲਿਆਂ ਦੀ ਹਸਤੀ ਰਹਿੰਦੀ ਹੈ। ਇਸੇ ਤਰਾਂ ਹੀ ਜੋ ਕੁਛ ਵੀ ਹੈ, ਉਸ ਵਿੱਚ ਮੇਰਾ ਮਾਲਕ ਹੀ ਹੈ ਤੇ ਉਹ ਹੀ ਹਰ ਥਾਂ ਤੇ, ਹਜ਼ੂਰ ਕਹਿੰਦੇ ਨੇ ਕਿ, ਨਜ਼ਰੀ ਆਉਂਦਾ ਹੈ।

## *ਅਸਟਪਦੀ ॥*

## *ਆਪਿ ਕਥੈ ਆਪਿ ਸੁਨਨੈਹਾਰੁ ॥*

## *ਆਪਹਿ ਏਕੁ ਆਪਿ ਬਿਸਥਾਰੁ ॥*

ਮੇਰਾ ਮਾਲਕ ਆਪ ਹੀ ਸਭ ਕਥਾਵਾਂ ਕਰਦਾ ਹੈ ਤੇ ਆਪ ਹੀ ਸਭ ਕੁਛ ਸੁਣਦਾ ਹੈ (ਕਹਿਣ ਵਾਲਾ ਵੀ ਆਪ ਹੀ ਹੈ ਤੇ ਸੁਨਣ ਵਾਲਾ ਵੀ ਆਪ ਹੀ ਹੈ)।

ਉਹ ਆਪ ਇੱਕ ਹੈ ਤੇ ਆਪ ਹੀ ਬਹੁਤ ਵੱਡਾ ਉਸ ਦਾ ਖਲਾਰਾ ਹੈ। ਉਹ ਅਨੇਕ ਰੂਪ ਹੋ ਕੇ ਪਸਰਿਆ ਹੋਇਆ ਹੈ।

## *ਜਾ ਤਿਸੁ ਭਾਵੈ ਤਾ ਸ੍ਰਿਸਟਿ ਉਪਾਏ ॥*

## *ਆਪਨੈ ਭਾਣੈ ਲਏ ਸਮਾਏ ॥*

ਜਦੋਂ ਵੀ ਉਸ ਨੂੰ ਚੰਗਾ ਲਗਦਾ ਹੈ, ਉਹ ਰਚਨਾ ਪੈਦਾ ਕਰ ਲੈਂਦਾ ਹੈ।

ਤੇ ਜਦੋਂ ਵੀ ਉਸ ਦਾ ਭਾਣਾ (ਹੁਕਮ) ਹੁੰਦਾ ਹੈ, ਇਹ ਸਾਰੀ ਰਚਨਾ ਉਸ ਵਿੱਚ ਹੀ ਸਮਾ ਜਾਂਦੀ ਹੈ।

## *ਤੁਮ ਤੇ ਭਿੰਨ ਨਹੀ ਕਿਛੁ ਹੋਇ ॥*

## *ਆਪਨ ਸੂਤਿ ਸਭੁ ਜਗਤੁ ਪਰੋਇ ॥*

ਹੇ ਹਜ਼ੂਰ, ਤੇਰੇ ਤੋਂ ਵੱਖਰਾ ਕੁਛ ਵੀ ਨਹੀਂ ਹੁੰਦਾ। ਜੋ ਕੁਛ ਵੀ ਹੁੰਦਾ ਹੈ, ਤੇਰੇ ਹੁਕਮ ਵਿੱਚ ਹੀ ਹੁੰਦਾ ਹੈ।

ਤੂੰ ਆਪਣੇ ਸੂਤਰ (ਨਿਯੰਤ੍ਰਣ, Control) ਵਿੱਚ ਸਾਰੇ ਸੰਸਾਰ ਨੂੰ ਪਰੋਇਆ ਹੋਇਆ ਹੈ ਤੇ ਉਸ ਹੁਕਮ ਅਨੁਸਾਰ ਹੀ ਸਾਰੀ ਲੀਲਾ ਚਲਦੀ ਹੈ।

## *ਜਾ ਕਉ ਪ੍ਰਭ ਜੀਉ ਆਪਿ ਬੁਝਾਏ ॥*

## *ਸਚੁ ਨਾਮੁ ਸੋਈ ਜਨੁ ਪਾਏ ॥*

ਜਿਸ ਤੇ ਮਾਲਕ ਕ੍ਰਿਪਾ ਕਰੇ ਤੇ ਬੂਝ ਬਖਸ਼ ਦੇਵੇ ਆਪਣੇ ਨਾਮ ਦੀ,

ਸੱਚਾ ਨਾਮ ਉਸ ਸੇਵਕ ਨੂੰ ਹੀ ਪ੍ਰਾਪਤ ਹੁੰਦਾ ਹੈ।

## *ਸੋ ਸਮਦਰਸੀ ਤਤ ਕਾ ਬੇਤਾ ॥*

## *ਨਾਨਕ ਸਗਲ ਸ੍ਰਿਸਟਿ ਕਾ ਜੇਤਾ ॥ ੧ ॥*

ਉਹ ਆਤਮਾ ਸਮਦਰਸੀ ਹੋ ਜਾਂਦੀ ਹੈ (ਇੱਕੋ ਨਦਰ ਨਾਲ ਸਭ ਨੂੰ ਵੇਖਦੀ ਹੈ), ਉਸ ਨੂੰ ਕੋਈ ਵਿਤਕਰਾ ਬਾਕੀ ਨਹੀਂ ਰਹਿੰਦਾ। ਤੱਤ ਗਿਆਨ ਉਸ ਆਤਮਾ ਦੇ ਅੰਦਰ ਪ੍ਰਗਟ ਹੋ ਜਾਂਦਾ ਹੈ ਤੇ ਉਸ (ਗਿਆਨ) ਵਿੱਚ ਉਹ ਆਤਮਾ ਲੀਨ ਹੋ ਜਾਂਦੀ ਹੈ।

ਹੇ ਨਾਨਕ, ਐਸੀ ਆਤਮਾ ਸਾਰੀ ਸ੍ਰਿਸ਼ਟੀ ਦੀ ਜੇਤੂ ਹੁੰਦੀ ਹੈ, ਉਸ ਦਾ ਸਭ ਸ੍ਰਿਸ਼ਟੀ ਤੇ ਨਿਯੰਤ੍ਰਣ (Control) ਹੋ ਜਾਂਦਾ ਹੈ ਕਿਉਂਕਿ ਉਹ ਮਾਲਕ ਨਾਲ ਇੱਕ ਮਿੱਕ ਹੋ ਜਾਂਦੀ ਹੈ।

## *ਜੀਅ ਜੰਤ੍ਰ ਸਭ ਤਾ ਕੈ ਹਾਥ ॥*

## *ਦੀਨ ਦਇਆਲ ਅਨਾਥ ਕੋ ਨਾਥੁ ॥*

ਸਭ ਜੀਵ ਜੰਤੂ ਉਸ ਦੇ ਹੁਕਮ (control) ਵਿੱਚ ਹਨ।

ਦੁਖੀਆਂ ਤੇ ਦਇਆ ਕਰਨ ਵਾਲਾ, ਉਹ ਨਿਆਸਰਿਆਂ ਦਾ ਆਸਰਾ ਪ੍ਰਭੂ ਆਪ ਹੈ।

## *ਜਿਸੁ ਰਾਖੈ ਤਿਸੁ ਕੋਇ ਨ ਮਾਰੈ ॥*

## *ਸੋ ਮੂਆ ਜਿਸੁ ਮਨਹੁ ਬਿਸਾਰੈ ॥*

ਜਿਸ ਦੀ ਮਾਲਕ ਰੱਖਿਆ ਕਰਦਾ ਹੈ, ਉਸ ਨੂੰ ਕੋਈ ਮਾਰ ਨਹੀਂ ਸਕਦਾ (ਉਸ ਦਾ ਕੋਈ ਨੁਕਸਾਨ ਨਹੀਂ ਕਰ ਸਕਦਾ)।

ਜਿਸ ਦੀ ਮਾਲਕ ਰੱਖਿਆ ਨਾ ਕਰੇ, ਉਸ ਨੇ ਮਰ ਹੀ ਜਾਣਾ ਹੈ (ਉਸ ਦਾ ਨੁਕਸਾਨ ਹੋਣਾ ਹੀ ਹੋਣਾ ਹੈ)। ਉਸ ਨੂੰ ਕੋਈ ਬਚਾ ਨਹੀਂ ਸਕਦਾ।

***ਤਿਸੁ ਤਜਿ ਅਵਰ ਕਹਾ ਕੋ ਜਾਇ ॥***

***ਸਭ ਸਿਰਿ ਏਕੁ ਨਿਰੰਜਨ ਰਾਇ ॥***

ਉਸ ਮਾਲਕ ਨੂੰ ਛੱਡ ਕੇ ਕੋਈ ਆਤਮਾ ਕਿੱਥੇ ਜਾਵੇ ? ਹੋਰ ਕਿਤੇ ਕੋਈ ਟਿਕਾਣਾ ਨਹੀਂ ਹੈ। ਜੇ ਟਿਕਾਣਾ ਹੈ ਤਾਂ ਉਸ ਦੀ ਸ਼ਰਨ ਵਿੱਚ ਹੀ ਹੈ।

ਸਾਰਿਆਂ ਦੇ ਸਿਰ ਤੇ ਹੁਕਮ ਉਸ ਇੱਕ ਨਿਰਲੇਪ ਰਾਜੇ (ਪ੍ਰਭੂ) ਦਾ ਹੀ ਵਰਤਦਾ ਹੈ।

***ਜੀਅ ਕੀ ਜੁਗਤਿ ਜਾ ਕੈ ਸਭ ਹਾਥਿ ॥***

***ਅੰਤਰਿ ਬਾਹਰਿ ਜਾਨਹੁ ਸਾਥਿ ॥***

ਜੀਵਾਂ ਦੀ ਜੁਗਤੀ (ਢੰਗ, ਤਰੀਕਾ), ਜਿਸ ਢੰਗ ਨਾਲ ਜੀਵਾਂ ਨੇ ਜੀਵਨ ਵਿੱਚ ਚਲਣਾ ਹੈ (ਜਿਸ ਢੰਗ ਨਾਲ ਉਸ ਨੇ ਜੀਵਾਂ ਦਾ ਆਵਾਗਮਣ ਬਣਾਇਆ ਹੋਇਆ ਹੈ), ਇਹ ਸਭ ਕੁਛ ਉਸ ਦੇ ਹੁਕਮ (Control) ਵਿੱਚ ਹੈ।

ਅੰਦਰ ਬਾਹਰ ਉਹ ਹਰ ਥਾਂ ਤੇ ਜੀਵ ਦਾ ਸੰਗੀ (ਸਾਥੀ) ਹੈ।

***ਗੁਨ ਨਿਧਾਨ ਬੇਅੰਤ ਅਪਾਰ ॥***

***ਨਾਨਕ ਦਾਸ ਸਦਾ ਬਲਿਹਾਰ ॥ ੨ ॥***

ਉਹ ਗੁਣਾਂ ਦਾ ਭੰਡਾਰ ਹੈ, ਅੰਤ ਤੋਂ ਪਰੇ ਹੈ, ਪਾਰਾਵਾਰ ਤੋਂ ਰਹਿਤ ਹੈ।

ਹੇ ਨਾਨਕ ! ਉਸ ਦੇ ਦਾਸ ਸਦਾ ਉਸ ਤੋਂ ਬਲਿਹਾਰ (ਵਾਰਨੇ, ਘੋਲ ਘੁਮਾਈ) ਜਾਂਦੇ ਹਨ।

***ਪੂਰਨ ਪੂਰਿ ਰਹੇ ਦਇਆਲ ॥***

***ਸਭ ਊਪਰਿ ਹੋਵਤ ਕਿਰਪਾਲ ॥***

ਉਹ ਸਮਰੱਥ ਪ੍ਰਭੂ ਸਾਰੇ ਸਮਾਇਆ ਹੋਇਆ ਹੈ ਤੇ ਦਇਆਲੂ ਹੈ।

ਸਭ ਉੱਤੇ ਉਹ ਕ੍ਰਿਪਾ ਹੀ ਕਰਦਾ ਹੈ।

***ਅਪਨੇ ਕਰਤਬ ਜਾਨੈ ਆਪਿ ॥***

***ਅੰਤਰਜਾਮੀ ਰਹਿਓ ਬਿਆਪਿ ॥***

ਜੋ ਉਹ ਰਚਨਾ ਰਚ ਕੇ ਕੌਤਕ ਕਰ ਰਹਿਆ ਹੈ, ਉਨ੍ਹਾਂ ਨੂੰ ਉਹ ਆਪ ਹੀ ਜਾਣਦਾ ਹੈ (ਹੋਰ ਕੋਈ ਜੀਵ ਜਾਣ ਨਹੀਂ ਸਕਦਾ)।

ਉਹ ਸਭ ਦੇ ਅੰਦਰ ਦੀਆਂ ਜਾਣਨ ਵਾਲਾ, ਹਰ ਥਾਂ ਤੇ ਆਪ ਸਮਾਇਆ ਹੋਇਆ ਹੈ।

***ਪ੍ਰਤਿਪਾਲੈ ਜੀਅਨ ਬਹੁ ਭਾਤਿ ॥***

***ਜੋ ਜੋ ਰਚਿਓ ਸੁ ਤਿਸਹਿ ਧਿਆਤਿ ॥***

ਉਸ ਮਾਲਕ ਨੇ ਜੋ ਜੀਵ ਜੰਤੂ ਪੈਦਾ ਕੀਤੇ ਹਨ, ਉਹ ਮਾਲਕ ਉਨ੍ਹਾਂ ਸਭ ਨੂੰ ਅਨੇਕਾਂ ਢੰਗ ਤਰੀਕਿਆਂ ਨਾਲ ਪਾਲ ਰਿਹਾ ਹੈ, ਕਿਉਂਕਿ ਉਸ ਨੇ ਸਭ ਦੀ ਖੁਰਾਕ ਵੱਖਰੀ ਵੱਖਰੀ ਬਣਾਈ ਹੋਈ ਹੈ। ਉਸ ਦੇ ਅਜਬ ਕੌਤਕ ਹਨ।

ਜੋ ਵੀ ਉਸ ਨੇ ਰਚਿਆ ਹੈ, ਇਹ ਉਸ ਪ੍ਰਭੂ ਦੀ ਸ਼ਰਨ ਵਿੱਚ ਹੀ ਹੈ (ਉਸ ਨੂੰ ਹੀ ਧਿਆਉਂਦਾ ਹੈ)। ਉਸ ਤੋਂ ਬਗੈਰ ਕਿਸੇ ਜੀਵ ਜੰਤੂ ਨੂੰ ਕੋਈ ਟਿਕਾਣਾ ਨਹੀਂ ਹੈ।

***ਜਿਸੁ ਭਾਵੈ ਤਿਸੁ ਲਏ ਮਿਲਾਇ ॥***

***ਭਗਤਿ ਕਰਹਿ ਹਰਿ ਕੇ ਗੁਣ ਗਾਇ ॥***

ਜੋ ਆਤਮਾ ਵੀ ਉਸ ਨੂੰ ਚੰਗੀ ਲਗਦੀ ਹੈ (ਪ੍ਰਵਾਨ ਹੁੰਦੀ ਹੈ), ਉਸ ਨੂੰ ਉਹ ਆਪਣੇ ਨਾਲ ਮਿਲਾ ਲੈਂਦਾ ਹੈ।

ਉਸ ਨੂੰ ਉਹ ਆਪਣੀ ਭਗਤੀ (ਪ੍ਰੀਤਿ) ਬਖਸ਼ ਦੇਂਦਾ ਹੈ ਤੇ ਉਹ ਆਤਮਾ ਹੀ ਹਰੀ ਦੇ ਗੁਣ ਗਾਉਣ ਲਗਦੀ ਹੈ। ਹੋਰ ਕੋਈ ਆਤਮਾ ਹਰੀ ਦੇ ਗੁਣ ਗਾ ਨਹੀਂ ਸਕਦੀ।

***ਮਨ ਅੰਤਰਿ ਬਿਸ੍ਵਾਸੁ ਕਰਿ ਮਾਨਿਆ ॥***

***ਕਰਨਹਾਰੁ ਨਾਨਕ ਇਕੁ ਜਾਨਿਆ ॥ ੩ ॥***

ਜਿਸ ਨੇ ਮਨ ਦੇ ਅੰਦਰ ਦ੍ਰਿੜਤਾ (ਯਕੀਨ) ਕਰਕੇ ਉਸ ਇੱਕ ਪ੍ਰਭੂ ਨੂੰ ਮੰਨਿਆ ਹੈ ਕਿ ਉਹ ਹੈ,

ਕਰਨਹਾਰ ਇੱਕ ਪ੍ਰਭੂ ਨੂੰ, ਹੇ ਨਾਨਕ, ਉਸ ਨੇ ਹੀ ਜਾਣਿਆ ਹੈ। ਜਿਸ ਨੂੰ ਉਸ ਦੀ ਹਸਤੀ ਤੇ ਯਕੀਨ (ਦ੍ਰਿੜਤਾ) ਨਹੀਂ ਆਈ, ਉਹ ਉਸ ਨੂੰ ਜਾਣ ਨਹੀਂ ਸਕਦਾ।

***ਜਨੁ ਲਾਗਾ ਹਰਿ ਏਕੈ ਨਾਇ ॥***

***ਤਿਸ ਕੀ ਆਸ ਨ ਬਿਰਥੀ ਜਾਇ ॥***

ਕੋਈ ਉਸ ਦਾ ਸੇਵਕ ਬਣ ਕੇ, ਉਸ ਹਰੀ ਦੇ ਇੱਕ ਨਾਮ ਦੀ ਜੇ ਸ਼ਰਨ ਲਵੇ,
ਤਾਂ ਉਸ ਦੀਆਂ ਰੀਝਾਂ ਪੂਰੀਆਂ ਹੁੰਦੀਆਂ ਹਨ (ਉਸ ਦੀਆਂ ਰੀਝਾਂ ਅਜਾਂਈ ਨਹੀਂ ਜਾਂਦੀਆਂ)।

***ਸੇਵਕ ਕਉ ਸੇਵਾ ਬਨਿ ਆਈ ॥***

***ਹੁਕਮੁ ਬੂਝਿ ਪਰਮ ਪਦੁ ਪਾਈ ॥***

ਜਿਹੜਾ ਉਸ ਦਾ ਸੇਵਕ ਹੈ, ਉਸ ਨੂੰ ਉਸ ਪ੍ਰਭੂ ਦੀ ਸੇਵਾ ਕਰਨੀ ਹੀ ਚੰਗੀ ਲਗਦੀ ਹੈ।

ਉਹ ਉਸ ਪ੍ਰਭੂ ਦੇ ਹੁਕਮ ਨੂੰ ਬੁੱਝ ਲੈਂਦਾ ਹੈ ਕਿ ਹੁਕਮ ਕੀ ਹੈ। ਉਸ ਦਾ ਹੁਕਮ ਹੈ ਜੀਵਾਂ ਨੂੰ ਕਿ ਭਾਈ, ਸਿਫਤਿ ਸਲਾਹ ਕਰੋ।

**H ਸਿਫਤਿ ਸਾਲਾਹਣੁ ਤੇਰਾ ਹੁਕਮੁ ਰਜਾਈ ॥ (ਪੰਨਾ ੧੦੦)**

ਹੇ ਰਜਾ ਵਾਲੇ, ਤੂੰ ਹੁਕਮ ਲਾਇਆ ਹੈ ਸਿਫਤਿ ਸਲਾਹ ਦਾ। ਇਸ ਹੁਕਮ ਦੀ ਬੁੱਝ ਉਸ ਵਿਅਕਤੀ ਨੂੰ ਆ ਜਾਂਦੀ ਹੈ, ਜੋ ਉਸ ਪ੍ਰਭੂ ਦੀ ਸੇਵਾ ਵਿੱਚ ਜੁੜਦਾ ਹੈ। ਦੂੱਜੇ ਨੂੰ ਇਹ ਸਮਝ ਨਹੀਂ ਆਉਂਦੀ।

***ਇਸ ਤੇ ਊਪਰਿ ਨਹੀ ਬੀਚਾਰੁ ॥***

***ਜਾ ਕੈ ਮਨਿ ਬਸਿਆ ਨਿਰੰਕਾਰੁ ॥***

ਇਸ ਨਾਲੋਂ ਵੱਡੀ ਕੋਈ ਪ੍ਰਾਪਤੀ ਹੋ ਹੀ ਨਹੀਂ ਸਕਦੀ,

ਜੇ ਕਿਸੇ ਦੇ ਮਨ ਵਿੱਚ ਨਿਰੰਕਾਰ ਵਾਹਿਗੁਰੂ ਵੱਸ ਜਾਵੇ (ਸਮਾ ਜਾਵੇ, ਪ੍ਰਗਟ ਹੋ ਜਾਵੇ), ਤਾਂ ਇਹ ਜੀਵ ਲਈ ਸਭ ਤੋਂ ਉੱਤਮ ਅਵਸਥਾ ਹੈ (ਸਭ ਤੋਂ ਉੱਚੀ ਪ੍ਰਾਪਤੀ ਹੈ)।

***ਬੰਧਨ ਤੋਰਿ ਭਏ ਨਿਰਵੈਰ ॥***

***ਅਨਦਿਨੁ ਪੂਜਹਿ ਗੁਰ ਕੇ ਪੈਰ ॥***

ਐਸੀ ਆਤਮਾ ਦੇ ਮਾਇਆ ਦੇ ਬੰਧਨ ਟੁੱਟ ਜਾਂਦੇ ਹਨ ਤੇ ਉਹ ਮਾਇਆ ਤੋਂ ਨਿਰਲੇਪ ਹੋਣ ਕਰਕੇ ਨਿਰਵੈਰ ਹੋ ਜਾਂਦੀ ਹੈ।

ਤੇ ਉਹ ਆਤਮਾ ਦਿਨ ਰਾਤ ਗੁਰੂ ਦੀ ਸ਼ਰਨ ਵਿੱਚ ਰਹਿਣ ਲੱਗ ਜਾਂਦੀ ਹੈ (ਉਸ ਪ੍ਰਭੂ ਨਾਲ ਜੁੜੀ ਰਹਿੰਦੀ ਹੈ)।

***ਇਹ ਲੋਕ ਸੁਖੀਏ ਪਰਲੋਕ ਸੁਹੇਲੇ ॥***

***ਨਾਨਕ ਹਰਿ ਪ੍ਰਭਿ ਆਪਹਿ ਮੇਲੇ ॥ ੪ ॥***

ਐਸੀ ਆਤਮਾ ਸੰਸਾਰ ਵਿੱਚ ਵੀ ਸੁਖੀ ਰਹਿੰਦੀ ਹੈ ਤੇ ਅਗਲੇ ਸੰਸਾਰ ਵਿੱਚ ਜਦੋਂ ਜਾਂਦੀ ਹੈ, ਤਾਂ ਵੀ ਸੁਖੀ ਰਹਿੰਦੀ ਹੈ।

ਹੇ ਨਾਨਕ, ਹਰੀ ਪ੍ਰਭੂ ਨੇ ਕ੍ਰਿਪਾ ਕਰਕੇ ਐਸੀ ਆਤਮਾ ਨੂੰ ਆਪਣੇ ਨਾਲ ਮੇਲ ਲਇਆ ਹੁੰਦਾ ਹੈ।

***ਸਾਧਸੰਗਿ ਮਿਲਿ ਕਰਹੁ ਅਨੰਦ ॥***

***ਗੁਨ ਗਾਵਹੁ ਪ੍ਰਭ ਪਰਮਾਨੰਦ ॥***

ਭਾਈ, ਜੇ ਆਨੰਦ ਪ੍ਰਾਪਤ ਕਰਨਾ ਹੈ ਤਾਂ ਇੱਕੋ ਇੱਕ ਢੰਗ ਹੈ ਕਿ ਸਾਧੂ ਦੀ ਸੰਗਤਿ ਵਿੱਚ ਜਾਵੋ,

ਤੇ ਉੱਥੇ ਉਸ (ਪ੍ਰਭੂ) ਦੇ ਗੁਣ ਗਾਵੋ, ਜੋ ਪਰਮ ਆਨੰਦ ਹੋਂਦ (ਹਸਤੀ) ਹੈ (ਜਿਸ ਦੇ ਆਨੰਦ ਦਾ ਕੋਈ ਅੰਤ ਹੀ ਨਹੀਂ ਹੈ, ਉੱਤਮ ਤੋਂ ਉੱਤਮ ਆਨੰਦ ਰੂਪ ਜੋ ਪ੍ਰਭੂ ਹੈ)। ਇਹ ਢੰਗ (ਤਰੀਕਾ) ਉਸ ਨਾਲ ਜੁੜਨ ਦਾ (ਉਸ ਦਾ ਨਾਮ ਜਪਣ ਦਾ) ਹੈ।

**ਰਾਮ ਨਾਮ ਤਤੁ ਕਰਹੁ ਬੀਚਾਰੁ ॥**

**ਦ੍ਰੁਲਭ ਦੇਹ ਕਾ ਕਰਹੁ ਉਧਾਰੁ ॥**

ਰਾਮ ਨਾਮ ਦੇ ਤੱਤ ਗਿਆਨ ਦੀ (ਜੋ essence of everything ਹੈ), ਉਸ ਦੀ ਵੀਚਾਰ ਕਰੋ। ਰੱਬ ਦਾ ਨਾਮ ਹੀ ਹਰ ਥਾਂ ਤੇ ਸਮਾਇਆ ਹੋਇਆ ਹੈ।

ਇਸ ਤਰਾਂ ਇਸ ਦੁਲੱਭ ਦੇਹ (ਮਨੁੱਖਾ ਜਨਮ) ਦਾ ਉਧਾਰ (ਪਾਰ ਉਤਾਰਾ) ਹੋਵੇਗਾ। ਹੋਰ ਕੋਈ ਢੰਗ ਤਰੀਕਾ ਨਹੀਂ।

**ਅੰਮ੍ਰਿਤ ਬਚਨ ਹਰਿ ਕੇ ਗੁਨ ਗਾਉ ॥**

**ਪ੍ਰਾਨ ਤਰਨ ਕਾ ਇਹੈ ਸੁਆਉ ॥**

ਏਹੀ ਇੱਕ ਢੰਗ ਤਰੀਕਾ ਹੈ ਕਿ ਗੁਰਬਾਣੀ ਨਾਲ ਜੁੜ ਕੇ ਉਸ ਪ੍ਰਭੂ ਦੇ ਗੁਣ ਗਾਉ।

ਇਸ ਢੰਗ ਤਰੀਕੇ ਨਾਲ ਇਹ ਮਨੋਰਥ ਪੂਰਾ ਹੋਵੇਗਾ ਤੇ ਜੀਵ ਆਤਮਾ ਦਾ ਪਾਰ ਉਤਾਰਾ ਹੋਏਗਾ।

**ਆਠ ਪਹਰ ਪ੍ਰਭ ਪੇਖਹੁ ਨੇਰਾ ॥**

**ਮਿਟੈ ਅਗਿਆਨੁ ਬਿਨਸੈ ਅੰਧੇਰਾ ॥**

ਅੱਠੇ ਪਹਿਰ ਉਸ ਪ੍ਰਭੂ ਨੂੰ ਅੰਗ ਸੰਗ ਜਾਣੋ। ਅੱਠੇ ਪਹਿਰ ਹੀ ਇਹ ਭਾਵਨਾ (feeling) ਮਨ ਵਿੱਚ ਰਹੇ ਕਿ ਮੇਰਾ ਮਾਲਕ ਮੇਰੇ ਹਰ ਕਰਮ ਕਰਤੂਤ ਨੂੰ ਵੇਖ ਰਿਹਾ ਹੈ ਤੇ ਮੇਰੇ ਅੰਗ ਸੰਗ ਹੈ।

ਇਸ ਤਰਾਂ ਅਗਿਆਨਤਾ ਖਤਮ ਹੋਏਗੀ ਤੇ ਅਗਿਆਨਤਾ (ਮਾਇਆ ਦੇ ਮੋਹ) ਦਾ ਹਨੇਰਾ ਖਤਮ ਹੋਏਗਾ।

**ਸੁਨਿ ਉਪਦੇਸੁ ਹਿਰਦੈ ਬਸਾਵਹੁ ॥**

**ਮਨ ਇਛੇ ਨਾਨਕ ਫਲ ਪਾਵਹੁ ॥ ੫ ॥**

ਮਾਲਕ ਦੇ ਉਪਦੇਸ਼, ਸਤਿਗੁਰੂ ਦੇ ਉਪਦੇਸ਼ (ਸਤਿਗੁਰੂ ਦੇ ਸ਼ਬਦ, ਸਤਿਗੁਰੂ ਦੇ ਗਿਆਨ) ਨੂੰ ਹਿਰਦੇ ਵਿੱਚ ਵਸਾਵੋ। ਉਪਦੇਸ਼ ਹਜ਼ੂਰ ਨੇ ਦੱਸ ਦਿੱਤਾ ਹੈ ਕਿ ਹਮੇਸ਼ਾ ਪ੍ਰਭੂ ਦੇ ਗੁਣ ਗਾਵੋ (ਗੁਰਮੁਖਾਂ ਦੀ ਸੰਗਤਿ ਵਿੱਚ ਮਿਲ ਕੇ)।

ਜੇ ਕੋਈ ਆਤਮਾ ਇਸ ਉਪਦੇਸ਼ ਨੂੰ ਹਿਰਦੇ ਵਿੱਚ ਵਸਾ ਲਵੇਗੀ ਤਾਂ ਐਸੀ ਆਤਮਾ ਨੂੰ ਮਨ ਦੀਆਂ ਮੁਰਾਦਾਂ ਪ੍ਰਾਪਤ ਹੋ ਜਾਣਗੀਆਂ।

**ਹਲਤੁ ਪਲਤੁ ਦੁਇ ਲੇਹੁ ਸਵਾਰਿ ॥**

**ਰਾਮ ਨਾਮੁ ਅੰਤਰਿ ਉਰਿ ਧਾਰਿ ॥**

ਲੋਕ ਪਰਲੋਕ ਆਪਣਾ ਸਵਾਰ ਲਉ ਭਾਈ।

ਸਵਾਰਨ ਦਾ ਢੰਗ ਤਰੀਕਾ ਏਹੀ ਹੈ ਕਿ ਰੱਬ ਜੀ ਦੇ ਨਾਮ ਨੂੰ ਆਪਣੇ ਹਿਰਦੇ ਵਿੱਚ ਵਸਾਵੋ।

**ਪੂਰੇ ਗੁਰ ਕੀ ਪੂਰੀ ਦੀਖਿਆ ॥**

**ਜਿਸੁ ਮਨਿ ਬਸੈ ਤਿਸੁ ਸਾਚੁ ਪਰੀਖਿਆ ॥**

ਪੂਰੇ ਗੁਰੂ ਨੇ ਪੂਰੀ ਸਿਖਿਆ ਦੇ ਦਿੱਤੀ ਹੈ ਕਿ ਹਰੀ ਨਾਮ ਨੂੰ ਹਿਰਦੇ ਵਿੱਚ ਵਸਾਉ। ਗੁਰਮੁੱਖਾਂ ਦੀ ਸੰਗਤਿ ਵਿੱਚ ਰੱਬ ਜੀ ਦੇ ਗੁਣ ਗਾ ਕੇ ਹੀ ਹਰੀ ਨਾਮ ਹਿਰਦੇ ਵਿੱਚ ਵਸਦਾ ਹੈ।

ਇਸ ਪੂਰੀ ਸਿੱਖਿਆ ਨੂੰ ਜੇ ਕੋਈ ਦ੍ਰਿੜ (ਗ੍ਰਹਿਣ) ਕਰੇ ਤਾਂ ਉਹ ਸਚੁ ਵਿੱਚ ਪਤੀਜ ਜਾਂਦਾ ਹੈ। ਹੋਰ ਕੋਈ ਢੰਗ ਤਰੀਕਾ ਉਸ ਪ੍ਰਭੂ ਵਿੱਚ ਸਮਾਉਣ ਦਾ ਹੈ ਹੀ ਨਹੀਂ।

**ਮਨਿ ਤਨਿ ਨਾਮੁ ਜਪਹੁ ਲਿਵ ਲਾਇ ॥**

**ਦੂਖੁ ਦਰਦੁ ਮਨ ਤੇ ਭਉ ਜਾਇ ॥**

ਭਾਈ, ਮਨ ਕਰਕੇ (ਮਨ ਦੀ ਸੋਚ ਕਰਕੇ), ਤਨ ਕਰਕੇ (ਤਨ ਦੇ ਕਰਮ ਕਰਕੇ) ਉਸ ਮਾਲਕ ਦਾ ਨਾਮ ਜਪੋ, ਉਸ ਨਾਲ ਲਿਵ ਲਾ ਕੇ। 'ਲਿਵ' ਹੁੰਦੀ ਹੈ – ਪ੍ਰੇਮ ਭਰੀ ਲਗਾਤਾਰੀ ਯਾਦ। ਇਹ ਪ੍ਰਗਟ ਕਰੋ।

ਇਸ ਤਰਾਂ ਦੁੱਖ, ਦਰਦ ਤੇ ਮਨ ਤੋਂ ਡਰ ਨਾਸ ਹੋ ਜਾਏਗਾ।

## *ਸਚੁ ਵਾਪਾਰੁ ਕਰਹੁ ਵਾਪਾਰੀ ॥*
## *ਦਰਗਹ ਨਿਬਹੈ ਖੇਪ ਤੁਮਾਰੀ ॥*

ਹੇ ਭਾਈ, ਜੋ ਵਾਪਾਰ ਕਰਨ ਆਏ ਹੋ, ਉਸ ਸਚੁ ਦਾ ਵਾਪਾਰ ਕਰੋ, ਉਸ ਸਚੁ (ਆਦਿ ਸਚੁ, ਜੁਗਾਦਿ ਸਚੁ, ਹੈ ਭੀ ਸਚੁ, ਨਾਨਕ ਹੋਸੀ ਭੀ ਸਚੁ) ਨਾਲ ਜੁੜੋ।

ਦਰਗਾਹ ਵਿੱਚ ਇਹ ਸੌਦਾ ਲੈ ਕੇ ਜਾਉਗੇ ਤਾਂ ਉੱਥੇ ਇਹ ਸੌਦਾ ਪ੍ਰਵਾਨ ਹੋਵੇਗਾ।

## *ਏਕਾ ਟੇਕ ਰਖਹੁ ਮਨ ਮਾਹਿ ॥*
## *ਨਾਨਕ ਬਹੁਰਿ ਨ ਆਵਹਿ ਜਾਹਿ ॥ ੬ ॥*

ਜੇ ਤੂੰ ਉਸ ਇੱਕ ਪ੍ਰਭੂ ਨੂੰ, ਮਨ ਵਿੱਚ ਵਸਾ ਲਵੇਂਗਾ ਤਾਂ ਮੁੜ ਕੇ ਤੇਰਾ ਆਉਣ ਜਾਣਾ ਨਹੀਂ ਹੋਏਗਾ। ਤੂੰ ਉਸ ਇੱਕ ਪ੍ਰਭੂ ਨਾਲ ਜੁੜ ਕੇ ਉਸ ਇੱਕ ਪ੍ਰਭੂ ਵਿੱਚ ਹੀ ਟਿਕ ਜਾਵੇਂਗਾ।

## *ਤਿਸ ਤੇ ਦੂਰਿ ਕਹਾ ਕੋ ਜਾਇ ॥*
## *ਉਬਰੈ ਰਾਖਨਹਾਰੁ ਧਿਆਇ ॥*

ਭਾਈ, ਉਸ ਤੋਂ ਬਗੈਰ ਜੇ ਦੂਰ ਜਾਏਂਗਾ ਤਾਂ ਕਿੱਥੇ ਜਾਏਂਗਾ ? ਮਾਲਕ ਤਾਂ ਹਰ ਥਾਂ ਤੇ ਤੇਰੇ ਹਰ ਕਰਮ ਨੂੰ ਵੇਖ ਰਹਿਆ ਹੈ।
ਜੇ ਤੂੰ ਤਰਨਾ ਹੈ ਸੰਸਾਰ ਸਮੁੰਦਰ ਨੂੰ, ਤਾਂ ਤੂੰ ਉਸ ਬਖਸ਼ਨਹਾਰ ਦੇ ਧਿਆਨ ਵਿੱਚ ਜਾਏਂਗਾ, ਤਾਂ ਹੀ ਤਰ ਸਕੇਂਗਾ (ਵੈਸੇ ਤਰ ਨਹੀਂ ਸਕੇਂਗਾ)।

## *ਨਿਰਭਉ ਜਪੈ ਸਗਲ ਭਉ ਮਿਟੈ ॥*
## *ਪ੍ਰਭ ਕਿਰਪਾ ਤੇ ਪ੍ਰਾਣੀ ਛੁਟੈ ॥*

ਉਹ ਨਿਰਭਉ ਪ੍ਰਭੂ ਹੈ। ਉਸ ਨੂੰ ਜਪ। ਜੇ ਉਸ ਨਿਰਭਉ ਨੂੰ ਜਪੇਂਗਾ ਤਾਂ ਤੇਰੇ ਸਗਲ (ਸਾਰੇ) ਭੈ (ਡਰ) ਨਾਸ ਹੋ ਜਾਣਗੇ।
ਪ੍ਰਭੂ ਦੀ ਕ੍ਰਿਪਾ ਤੇ, ਹੇ ਪ੍ਰਾਣੀ, ਤੂੰ ਮਾਇਆ ਦੇ ਮੋਹ ਤੋਂ ਛੁੱਟ ਜਾਵੇਂਗਾ।

## *ਜਿਸੁ ਪ੍ਰਭੁ ਰਾਖੈ ਤਿਸੁ ਨਾਹੀ ਦੂਖ ॥*
## *ਨਾਮੁ ਜਪਤ ਮਨਿ ਹੋਵਤ ਸੂਖ ॥*

ਜਿਸ ਦੀ ਪ੍ਰਭੂ ਰੱਖਿਆ ਕਰੇ, ਉਸ ਨੂੰ ਕੋਈ ਦੁੱਖ ਬਾਕੀ ਨਹੀਂ ਰਹਿੰਦਾ।
ਨਾਮ ਜਪ ਕੇ ਉਸ ਨੂੰ ਸਾਰੇ ਸੁੱਖ ਪ੍ਰਾਪਤ ਹੋ ਜਾਂਦੇ ਹਨ।

## *ਚਿੰਤਾ ਜਾਇ ਮਿਟੈ ਅਹੰਕਾਰੁ ॥*
## *ਤਿਸੁ ਜਨ ਕਉ ਕੋਇ ਨ ਪਹੁਚਨਹਾਰੁ ॥*

ਜਿਸ ਸੇਵਕ ਦੀ ਚਿੰਤਾ ਖਤਮ ਹੋ ਜਾਵੇ, ਜਿਸ ਦੀ ਹਉਮੈ ਨਾਸ ਹੋ ਜਾਵੇ,
ਉਸ ਜਨ ਦੀ ਬਰਾਬਰਤਾ ਕੋਈ ਜੀਵ ਵੀ ਨਹੀਂ ਕਰ ਸਕਦਾ।

## *ਸਿਰ ਊਪਰਿ ਠਾਢਾ ਗੁਰੁ ਸੂਰਾ ॥*
## *ਨਾਨਕ ਤਾ ਕੇ ਕਾਰਜ ਪੂਰਾ ॥ ੭ ॥*

'ਠਾਢਾ' ਹੁੰਦਾ ਹੈ – ਖੜਾ ਹੋ ਜਾਵੇ ਰੱਖਿਆ ਕਰਨ ਲਈ। ਜਿਨ੍ਹਾਂ ਦੇ ਸਿਰ ਤੇ ਪ੍ਰਭੂ ਸੂਰਮਾ ਆਪ ਖਲੋ ਜਾਵੇ,
ਹੇ ਨਾਨਕ, ਉਨ੍ਹਾਂ ਦੇ ਸਾਰੇ ਕਾਰਜ ਉਹ ਪ੍ਰਭੂ ਆਪ ਪੂਰੇ ਕਰ ਦੇਂਦਾ ਹੈ।

## *ਮਤਿ ਪੂਰੀ ਅੰਮ੍ਰਿਤੁ ਜਾ ਕੀ ਦ੍ਰਿਸਟਿ ॥*
## *ਦਰਸਨੁ ਪੇਖਤ ਉਧਰਤ ਸ੍ਰਿਸਟਿ ॥*

ਜਿਸ ਦੀ ਮੱਤ ਵੀ ਪੂਰੀ ਹੈ, ਜਿਸ ਦੀ ਸ੍ਰਿਸ਼ਟੀ ਚੋਂ ਅੰਮ੍ਰਿਤ ਵਰਸਦਾ ਹੈ (ਜੋ ਨਦਰ ਕਰਦਾ ਹੈ ਤਾਂ ਦੂਜਿਆਂ ਨੂੰ ਨਾਮ ਜਪਣ ਲਾ ਦੇਂਦਾ ਹੈ),
ਉਸ ਦੇ ਦਰਸ਼ਨ ਕਰਕੇ (ਉਸ ਦੀ Philosphy ਨੂੰ ਗ੍ਰਹਿਣ ਕਰਕੇ), ਉਸ ਦੀ ਸੰਗਤਿ ਵਿੱਚ ਸ੍ਰਿਸ਼ਟੀ ਦੇ ਜੀਵ ਤਰਦੇ ਹਨ।

## *ਚਰਨ ਕਮਲ ਜਾ ਕੇ ਅਨੂਪ ॥*
## *ਸਫਲ ਦਰਸਨੁ ਸੁੰਦਰ ਹਰਿ ਰੂਪ ॥*

ਜਿਸ ਦਾ ਸ਼ਬਦ ਅਨੁਪਮ (ਬੇਨਜ਼ੀਰ, ਬੇਮਿਸਾਲ) ਹੈ (ਜਿਸ ਦੇ ਸ਼ਬਦ ਵਰਗਾ ਗਿਆਨ ਕੋਈ ਹੋਰ ਕਿਧਰੇ ਹੈ ਹੀ ਨਹੀਂ),
ਉਸ (ਹਰੀ) ਦੇ ਦਰਸ਼ਨ ਸਫਲ ਹਨ। ਉਹ ਸੁੰਦਰ ਹੈ। ਉਸ ਹਰੀ ਦੀ ਦੋਂਦ (ਹਸਤੀ) ਸਭ ਤੋਂ ਸੁੰਦਰ ਹੈ।

## *ਧੰਨੁ ਸੇਵਾ ਸੇਵਕੁ ਪਰਵਾਨੁ ॥*
## *ਅੰਤਰਜਾਮੀ ਪੁਰਖੁ ਪ੍ਰਧਾਨੁ ॥*

ਧੰਨ ਹਨ, ਜੋ ਉਸ ਦੀ ਸੇਵਾ ਵਿੱਚ ਲਗਦੇ ਹਨ। ਉਹ ਸੇਵਕ ਪਰਵਾਨ ਹੁੰਦੇ ਹਨ।

ਉਹ ਅੰਦਰ ਦੀਆਂ ਜਾਨਣ ਵਾਲਾ, ਸਰਬ ਸਮਰੱਥ, ਸਭ ਤੋਂ ਵੱਡਾ ਹੈ।

## *ਜਿਸੁ ਮਨਿ ਬਸੈ ਸੁ ਹੋਤ ਨਿਹਾਲੁ ॥*
## *ਤਾ ਕੈ ਨਿਕਟਿ ਨ ਆਵਤ ਕਾਲੁ ॥*

ਜਿਸ ਦੇ ਮਨ ਵਿੱਚ ਉਹ ਨਿਰੰਕਾਰ ਵਾਹਿਗੁਰੂ ਵੱਸ ਜਾਵੇ, ਉਹੀ ਆਤਮਾ ਆਨੰਦ ਰੂਪ ਹੋ ਜਾਂਦੀ ਹੈ।
ਉਸ ਦੇ ਨੇੜੇ ਆਤਮਿਕ ਮੌਤ ਕਦੀ ਆਉਂਦੀ ਹੀ ਨਹੀਂ।

## *ਅਮਰ ਭਏ ਅਮਰਾ ਪਦੁ ਪਾਇਆ ॥*
## *ਸਾਧਸੰਗਿ ਨਾਨਕ ਹਰਿ ਧਿਆਇਆ ॥ ੮ ॥ ੨੨ ॥*

ਐਸੀ ਜੀਵ ਆਤਮਾ ਅਮਰ ਹੋ ਜਾਂਦੀ ਹੈ। ਉਸ ਨੂੰ ਅਮਰ ਪਦਵੀ (ਅਵਸਥਾ) ਮਿਲ ਜਾਂਦੀ ਹੈ।

ਕਿਸ ਨੂੰ ਮਿਲਦੀ ਹੈ ? ਹੇ ਨਾਨਕ, ਜਿਸ ਨੇ ਸਾਧ ਦੀ ਸੰਗਤਿ ਵਿੱਚ ਹਰੀ ਦਾ ਧਿਆਨ ਪਕਾ ਲਇਆ ਹੈ। ਵੈਸੇ ਇਹ ਅਵਸਥਾ ਨਹੀਂ ਮਿਲਦੀ।

**H H H H H**

## *ਅਸਟਪਦੀ ੨੩ (ਪੰਨਾ ੨੯੩)*

## *ਸਲੋਕੁ ॥*
## *ਗਿਆਨ ਅੰਜਨੁ ਗੁਰਿ ਦੀਆ*
## *ਅਗਿਆਨ ਅੰਧੇਰ ਬਿਨਾਸੁ ॥*

ਗਿਆਨ ਦਾ ਸੁਰਮਾ ਗੁਰੂ ਨੇ ਬਖਸ਼ਿਆ ਹੈ, ਜਿਸ ਨਾਲ ਅਗਿਆਨਤਾ ਦਾ ਹਨੇਰਾ ਦੂਰ ਹੋ ਗਇਆ ਹੈ।

## *ਹਰਿ ਕਿਰਪਾ ਤੇ ਸੰਤ ਭੇਟਿਆ*
## *ਨਾਨਕ ਮਨਿ ਪਰਗਾਸੁ ॥ ੧ ॥*

ਹਰੀ ਦੀ ਕ੍ਰਿਪਾ ਤੇ ਸੰਤ ਨਾਲ ਮਿਲਾਪ ਹੋਇਆ ਹੈ ਤੇ ਹੇ ਨਾਨਕ, ਉਸ ਸੰਤ ਦੀ ਸੰਗਤਿ ਵਿੱਚ ਮਨ ਵਿੱਚ ਗਿਆਨ ਦਾ ਪ੍ਰਕਾਸ਼ ਹੋਇਆ ਹੈ।

ਅਜਬ ਸਾਧਨ ਹਜ਼ੂਰ ਨੇ ਬਣਾਇਆ ਹੋਇਆ ਹੈ ਕਿ ਹਰੀ ਕ੍ਰਿਪਾ ਕਰਦਾ ਹੈ ਤਾਂ ਕਿਸੇ ਸਾਧੂ ਨਾਲ ਮੇਲ ਦੇਂਦਾ ਹੈ। ਸਾਧੂ ਕ੍ਰਿਪਾ ਕਰਦਾ ਹੈ ਤਾਂ ਜੀਵ ਨੂੰ ਨਾਮ ਜਪਾ ਜਪਾ ਕੇ ਹਰੀ ਨਾਲ ਮੇਲ ਦੇਂਦਾ ਹੈ।

## *ਅਸਟਪਦੀ ॥*
## *ਸੰਤਸੰਗਿ ਅੰਤਰਿ ਪ੍ਰਭੁ ਡੀਠਾ ॥*
## *ਨਾਮੁ ਪ੍ਰਭੂ ਕਾ ਲਾਗਾ ਮੀਠਾ ॥*

ਹਜ਼ੂਰ ਆਪਣਾ ਤਜੁਰਬਾ ਦੱਸ ਰਹੇ ਨੇ ਕਿ ਸੰਤ (ਗੁਰੂ ਰਾਮਦਾਸ ਜੀ) ਦੀ ਸੰਗਤਿ ਵਿੱਚ ਸਾਨੂੰ ਅੰਤਰ ਆਤਮੇ ਪ੍ਰਭੂ ਦੇ ਦਰਸ਼ਨ ਹੋਏ ਹਨ।
ਪ੍ਰਭੂ ਦਾ ਨਾਮ ਸੰਤ ਸੰਗਤਿ ਵਿੱਚ ਮਿੱਠਾ ਲੱਗਣ ਲੱਗਾ ਹੈ।

## *ਸਗਲ ਸਮਿਗ੍ਰੀ ਏਕਸੁ ਘਟ ਮਾਹਿ ॥*
## *ਅਨਿਕ ਰੰਗ ਨਾਨਾ ਦ੍ਰਿਸਟਾਹਿ ॥*

ਤੇ ਅਨੁਭਵ ਵਿੱਚ ਇਹ ਗੱਲ ਆਈ ਹੈ ਕਿ ਸਾਰੀ ਹੀ ਰਚਨਾ ਉਸ ਇੱਕ ਦੇ ਵਿੱਚ ਹੀ ਹੈ। ਉਸ ਇੱਕ ਪ੍ਰਭੂ ਤੋਂ ਬਾਹਰ ਕੁਛ ਵੀ ਨਹੀਂ ਹੈ।

ਤੇ ਅਨੇਕਾਂ ਰੰਗਾਂ ਤੇ ਅਨੇਕਾਂ ਰੂਪਾਂ ਵਿੱਚ ਉਹ ਪ੍ਰਗਟ ਹੋਇਆ ਹੋਇਆ ਉਹ ਇੱਕ ਹੈ। ਇੱਕ ਤੋਂ ਹੀ ਉਹ ਅਨੇਕ ਹੋਇਆ ਹੈ। ਅਨੇਕ ਵਿੱਚ ਹੁੰਦਾ ਹੋਇਆ ਉਹ ਫਿਰ ਇੱਕ ਹੀ ਇੱਕ ਹੈ।

## *ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥*
## *ਦੇਹੀ ਮਹਿ ਇਸ ਕਾ ਬਿਸ੍ਰਾਮੁ ॥*

ਨੌਂ ਹੀ ਖਜਾਨੇ (ਭਾਵ, ਸਭ ਭੰਡਾਰੇ) ਪ੍ਰਭੂ ਦੇ ਅੰਮ੍ਰਿਤ ਨਾਮ ਵਿੱਚ ਹਨ। ਪ੍ਰਭੂ ਦੇ ਨਾਮ ਤੋਂ ਬਗੈਰ ਕੋਈ ਖਜਾਨਾ ਹੈ ਹੀ ਨਹੀਂ (ਕੋਈ ਹੋਂਦ, ਹਸਤੀ ਹੈ ਹੀ ਨਹੀਂ)।

ਉਹ ਪ੍ਰਭੂ ਦਾ ਨਾਮ ਐਸਾ ਹੈ ਕਿ ਉਹ ਦੇਹੀ ਵਿੱਚ ਵਸਦਾ ਹੈ (ਦੇਹੀ ਵਿੱਚ ਟਿਕਿਆ ਹੋਇਆ ਹੈ)। ਉਹ ਹਰ ਇੱਕ ਨੂੰ ਅੰਦਰੋਂ ਹੀ ਲਭਦਾ ਹੈ।

## *ਸੁੰਨ ਸਮਾਧਿ ਅਨਹਤ ਤਹ ਨਾਦ ॥*
## *ਕਹਨੁ ਨ ਜਾਈ ਅਚਰਜ ਬਿਸਮਾਦ ॥*

ਉਹ ਫੁਰਨਾ ਰਹਿਤ ਅਵਸਥਾ ਵਿੱਚ ਅਨਹਦ ਨਾਦ ਵਾਜੇ, ਆਵਾਜ਼ਾਂ ਨਿਕਲ ਰਹੀਆਂ ਹਨ, ਜਿਨ੍ਹਾਂ ਦੀ ਕੋਈ ਗਿਣਤੀ ਨਹੀਂ ਹੈ। ਹਜ਼ੂਰ ਨੇ ਜਪੁਜੀ ਸਾਹਿਬ ਵਿੱਚ ਹੀ ਗਿਣ ਦਿੱਤਾ ਕਿ ਕਿੰਨੀਆਂ ਆਵਾਜ਼ਾਂ ਨਿਕਲ ਰਹੀਆਂ ਹਨ, ਕੋਈ ਗਿਣ ਨਹੀਂ ਸਕਦਾ। ਉਸ ਦਾ ਦਰਬਾਰ ਅਜਬ ਹੈ। ਅਫੁਰ ਅਵਸਥਾ ਵਿੱਚ ਉਹ ਆਨੰਦ ਰੂਪ ਆਵਾਜ਼ਾਂ ਸੁਣਦੀਆਂ ਹਨ।

ਹਜ਼ੂਰ ਕਹਿੰਦੇ ਨੇ ਕਿ ਉਹ ਬਿਆਨ ਨਹੀਂ ਹੋ ਸਕਦੀਆਂ। ਉਹ ਅਚਰਜ (ਬਿਸਮਾਦ) ਹਨ। ਜੀਵ ਨੂੰ ਹੈਰਾਨਗੀ ਵਿੱਚ ਲੈ ਜਾਂਦੇ ਹਨ, ਉਸ ਦੇ ਅਨੁਪਮ ਦਰਸ਼ਨ, ਜਿੱਥੇ ਜਾ ਕੇ ਉਸ ਦਾ ਸ਼ਬਦ ਪ੍ਰਗਟ ਹੁੰਦਾ ਹੈ।

## *ਤਿਨਿ ਦੇਖਿਆ ਜਿਸੁ ਆਪਿ ਦਿਖਾਏ ॥*
## *ਨਾਨਕ ਤਿਸੁ ਜਨ ਸੋਝੀ ਪਾਏ ॥ ੧ ॥*

ਜਿਸ ਨੂੰ ਮਾਲਕ ਕ੍ਰਿਪਾ ਕਰਕੇ ਆਪਣੀ ਇਸ ਅਵਸਥਾ ਵਿੱਚ ਲੈ ਜਾਵੇ ਤੇ ਅਪਣੇ ਦਰਸ਼ਨ ਬਖਸ਼ ਦੇਵੇ,
ਹੇ ਨਾਨਕ, ਉਸ ਨੂੰ ਹੀ ਇਨ੍ਹਾ ਗੱਲਾਂ ਦਾ ਗਿਆਨ ਹੁੰਦਾ ਹੈ।

## *ਸੋ ਅੰਤਰਿ ਸੋ ਬਾਹਰਿ ਅਨੰਤ ॥*
## *ਘਟਿ ਘਟਿ ਬਿਆਪਿ ਰਹਿਆ ਭਗਵੰਤ ॥*

ਅੰਦਰ ਵੀ ਉਹੀ ਹੈ, ਬਾਹਰ ਵੀ ਉਹੀ ਹੈ। ਸਾਰੇ ਉਹ ਪ੍ਰਭੂ ਹੀ ਸਮਾਇਆ ਹੋਇਆ ਹੈ। ਹਿਰਦੇ ਦੇ ਅੰਦਰ ਵੀ ਉਹੀ ਹੈ। ਹਿਰਦੇ ਦੇ ਬਾਹਰ ਵੀ ਹੈ। ਉਹ ਅਪਰੰਪਰ ਪਾਰਬ੍ਰਹਮ ਪਰਮੇਸ਼ਰ ਹਰ ਹਿਰਦੇ ਵਿੱਚ ਆਪ ਵਿਆਪ ਰਹਿਆ ਹੈ, ਹਰ ਥਾਂ ਆਪ ਵਿਆਪਕ ਹੈ।

## *ਧਰਨਿ ਮਾਹਿ ਆਕਾਸ ਪਇਆਲ ॥*
## *ਸਰਬ ਲੋਕ ਪੂਰਨ ਪ੍ਰਤਿਪਾਲ ॥*

ਉਹ ਧਰਤੀ, ਆਕਾਸ਼ ਤੇ ਪਾਤਾਲ ਵਿੱਚ ਆਪ ਹੀ ਹੈ।

ਸਭ ਲੋਕਾਂ ਵਿੱਚ, ਜੋ ਵੀ ਰਚਨਾ ਉਸ ਨੇ ਕੀਤੀ ਹੈ, ਉੱਥੇ ਉਹ ਸਮਾਇਆ ਹੋਇਆ ਸਭ ਦੀ ਪਾਲਣਾ ਕਰਨ ਵਾਲਾ ਉਹ ਇੱਕ ਪ੍ਰਭੂ ਹੀ ਹੈ।

***ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ ॥***

***ਜੈਸੀ ਆਗਿਆ ਤੈਸਾ ਕਰਮੁ ॥***

ਜੰਗਲਾਂ ਵਿੱਚ, ਜੰਗਲਾਂ ਦੇ ਤੀਲਿਆਂ ਵਿੱਚ ਤੇ ਪਹਾੜਾਂ ਵਿੱਚ ਉਹ ਮੇਰਾ ਪਾਰਬ੍ਰਹਮ ਪਰਮੇਸ਼ਰ ਆਪ ਹੀ ਹੈ।

ਜੈਸਾ ਉਸ ਦਾ ਹੁਕਮ ਹੈ, ਜੀਵ ਵੈਸੇ ਵੈਸੇ ਕਰਮ ਕਰਦੇ ਹਨ। ਉਸ ਦੇ ਭਾਣੇ ਵਿੱਚ ਸਭ ਰਚਨਾ ਵਿਚਰ ਰਹੀ ਹੈ।

***ਪਉਣ ਪਾਣੀ ਬੈਸੰਤਰ ਮਾਹਿ ॥***

***ਚਾਰਿ ਕੁੰਟ ਦਹ ਦਿਸੇ ਸਮਾਹਿ ॥***

ਮਾਲਕ ਜੀ ਪਵਨ ਵਿੱਚ ਵੀ ਹੈ, ਪਾਣੀ ਵਿੱਚ ਵੀ ਹੈ, ਅਗਨੀ ਵਿੱਚ ਵੀ ਹੈ।

ਚੋਹਾਂ ਦਿਸ਼ਾਵਾਂ ਵਿੱਚ ਤੇ ਦਸਾਂ ਦਿਸ਼ਾਵਾਂ ਵਿੱਚ ਉਹ ਆਪ ਹੀ ਸਮਾਇਆ ਹੋਇਆ ਹੈ। ਕੋਈ ਥਾਂ ਉਸ ਤੋਂ ਖਾਲੀ ਨਹੀਂ।

***ਤਿਸ ਤੇ ਭਿੰਨ ਨਹੀ ਕੋ ਠਾਉ ॥***

***ਗੁਰ ਪ੍ਰਸਾਦਿ ਨਾਨਕ ਸੁਖੁ ਪਾਉ ॥ ੨ ॥***

ਉਸ ਤੋਂ ਵੱਖਰਾ ਟਿਕਾਣਾ ਕੋਈ ਹੈ ਹੀ ਨਹੀਂ।

ਹੇ ਨਾਨਕ, ਗੁਰੂ ਦੀ ਕ੍ਰਿਪਾ ਤੇ ਹੀ ਇਹ ਦਾਨ ਮਿਲਦਾ ਹੈ (ਇਹ ਸਮਝ ਪੈਂਦੀ ਹੈ) ਕਿ ਮੇਰਾ ਮਾਲਕ ਹਰ ਥਾਂ ਤੇ ਬਿਆਪ ਰਹਿਆ ਸਭ ਕੁਛ ਆਪ ਕਰ ਰਿਹਾ ਹੈ।

***ਬੇਦ ਪੁਰਾਨ ਸਿੰਮ੍ਰਿਤਿ ਮਹਿ ਦੇਖੁ ॥***

***ਸਸੀਅਰ ਸੂਰ ਨਖ੍ਹਤ੍ਰ ਮਹਿ ਏਕੁ ॥***

ਉਸ ਦਾ ਗਿਆਨ ਹੀ ਵੇਦਾਂ ਵਿੱਚ ਹੈ, ਪੁਰਾਣਾ ਵਿੱਚ ਹੈ, ਸਿੰਮ੍ਰਿਤੀਆਂ ਵਿੱਚ ਹੈ। ਸਾਰੇ ਥਾਂ ਉਸ ਦਾ ਗਿਆਨ ਹੀ ਵਰਤ ਰਹਿਆ ਹੈ। ਉਸ ਦੇ ਗਿਆਨ ਤੋਂ ਬਗੈਰ ਹੋਰ ਕੋਈ ਗਿਆਨ ਹੈ ਹੀ ਨਹੀਂ।

ਜੈਸੀ ਉਹ ਬੁੱਧ ਬਖਸ਼ਦਾ ਹੈ, ਵੈਸਾ ਗਿਆਨ ਜੀਵ ਨੂੰ ਆਉਂਦਾ ਹੈ ਤੇ ਵੈਸਾ (ਗਿਆਨ) ਜੀਵ ਦੂਜਿਆਂ ਨੂੰ ਦੱਸ ਦੇਂਦਾ ਹੈ।

ਉਹ ਚੰਦ੍ਰਮਾਂ ਵਿੱਚ, ਸੂਰਜ ਵਿੱਚ, ਤਾਰਿਆਂ ਵਿੱਚ, ਸਾਰਿਆਂ ਵਿੱਚ ਉਹ ਪ੍ਰਭੂ ਵਰਤ ਰਹਿਆ ਹੈ।

***ਬਾਣੀ ਪ੍ਰਭ ਕੀ ਸਭੁ ਕੋ ਬੋਲੈ ॥***

***ਆਪਿ ਅਡੋਲੁ ਨ ਕਬਹੂ ਡੋਲੈ ॥***

ਜਿੰਨੇ ਵੀ ਬੋਲ ਹਨ (ਬਚਨ ਹਨ, ਗਿਆਨ ਹਨ, ਬਾਣੀ ਹੈ, ਸ਼ਬਦ ਹੈ, ਬੋਲੀਆਂ ਹਨ), ਸਭ ਵਿੱਚ ਮਾਲਕ ਹੀ ਵਰਤ ਰਹਿਆ ਹੈ (ਉਹੀ ਬੋਲਦਾ ਹੈ)।

ਉਹ ਕਿਸੇ ਚੀਜ਼ ਤੇ ਡੋਲਾਇਮਾਨ ਨਹੀਂ ਹੁੰਦਾ। ਉਸ ਨੂੰ ਕੋਈ ਚੀਜ਼ ਆਪਣੇ ਵੱਲ ਖਿੱਚ ਨਹੀਂ ਸਕਦੀ। ਉਸ ਦਾ ਨਿਯੰਤ੍ਰਣ (Control) ਸਾਰਿਆਂ ਤੇ ਹੈ।

***ਸਰਬ ਕਲਾ ਕਰਿ ਖੇਲੈ ਖੇਲ ॥***

***ਮੋਲਿ ਨ ਪਾਈਐ ਗੁਣਹ ਅਮੋਲ ॥***

ਸਭ ਤਾਕਤਾਂ ਉਹ ਆਪ ਵਰਤਦਾ ਹੈ ਤੇ ਆਪ ਸਾਰੇ ਤਮਾਸ਼ੇ ਨੂੰ ਚਲਾ ਰਿਹਾ ਹੈ।

ਕੋਈ ਮੁੱਲ ਨਹੀਂ ਪਾ ਸਕਦਾ। ਉਸ ਦੇ ਗੁਣ ਅਮੁੱਲ ਹਨ। ਹਜ਼ੂਰ ਕਹਿੰਦੇ ਨੇ :-

**H ਅਮੁਲੋ ਅਮੁਲੁ ਆਖਿਆ ਨ ਜਾਇ ॥**
**ਆਖਿ ਆਖਿ ਰਹੇ ਲਿਵ ਲਾਇ ॥ (ਪੰਨਾ ੫)**

ਕੋਈ ਉਸ ਦਾ ਮੁੱਲ ਨਹੀਂ ਪਾ ਸਕਦਾ।

## *ਸਰਬ ਜੋਤਿ ਮਹਿ ਜਾ ਕੀ ਜੋਤਿ ॥*
## *ਧਾਰਿ ਰਹਿਓ ਸੁਆਮੀ ਓਤਿ ਪੋਤਿ ॥*

ਸਭ ਗਿਆਨਾਂ ਵਿੱਚ ਉਸ ਦਾ ਗਿਆਨ ਹੈ। ਅੰਤਰ ਆਤਮੇ ਹਰ ਚੀਜ਼ ਦੇ ਅੰਦਰ ਉਸ ਦਾ ਹੀ ਗਿਆਨ ਹੈ। ਉਹ ਬੀਜ ਹੈ ਸਭ ਕਾਸੇ ਦਾ। ਉਸ ਦੀ ਜੋਤਿ ਸਮਾਈ ਹੋਈ ਹੈ।

ਮਾਲਕ ਨੇ ਸਭ ਰਚਨਾ ਰਚ ਕੇ ਧਾਰਨ ਕੀਤੀ ਹੋਈ ਹੈ (ਆਪ ਵਿੱਚ ਵਸ ਰਹਿਆ ਹੈ)। ਤੇ ਜਿਸ ਤਰਾਂ ਕਪੜੇ ਦੇ ਤਾਣੇ ਪੇਟੇ ਵਿੱਚ ਰੂੰ ਹੀ ਰੂੰ ਹੁੰਦਾ ਹੈ (ਹੋਰ ਕੁਛ ਨਹੀਂ ਹੁੰਦਾ), ਇਸ ਤਰਾਂ ਪ੍ਰਭੂ ਹੀ ਰਚਨਾ ਦੇ ਸਾਰੇ ਤਾਣੇ ਪੇਟੇ ਵਿੱਚ ਸਾਰੇ ਸਮਾਇਆ ਹੋਇਆ ਹੈ)।

## *ਗੁਰ ਪਰਸਾਦਿ ਭਰਮ ਕਾ ਨਾਸੁ ॥*
## *ਨਾਨਕ ਤਿਨ ਮਹਿ ਏਹੁ ਬਿਸਾਸੁ ॥ ੩ ॥*

ਗੁਰੂ ਦੀ ਕ੍ਰਿਪਾ ਤੇ ਜਿਨ੍ਹਾਂ ਦਾ ਭੁਲੇਖਾ ਦੂਰ ਹੋ ਜਾਂਦਾ ਹੈ,

ਹੇ ਨਾਨਕ, ਉਨ੍ਹਾਂ ਦੇ ਮਨ ਵਿੱਚ ਇੱਕ ਤੇ ਯਕੀਨ ਆਉਂਦਾ ਹੈ (ਇੱਕ ਤੇ ਦ੍ਰਿੜਤਾ ਬੱਝਦੀ ਹੈ) ਤੇ ਉਹ ਇੱਕ ਹੀ ਹਰ ਥਾਂ ਵਸਦਾ ਉਹਨਾਂ ਨੂੰ ਅਨੁਭਵ ਹੁੰਦਾ ਹੈ।

## *ਸੰਤ ਜਨਾ ਕਾ ਪੇਖਨੁ ਸਭੁ ਬ੍ਰਹਮ ॥*
## *ਸੰਤ ਜਨਾ ਕੈ ਹਿਰਦੈ ਸਭਿ ਧਰਮ ॥*

ਜੋ ਸੰਤ ਹਨ, ਉਹ ਉਸ ਨੂੰ ਹਰ ਥਾਂ ਤੇ ਵੇਖਦੇ ਹਨ (ਕਿ ਪ੍ਰਭੂ ਹੀ ਸਮਾਇਆ ਹੋਇਆ ਹੈ)।

ਸੰਤਾਂ ਦੇ ਹਿਰਦੇ ਵਿੱਚ ਜੋ ਗਿਆਨ ਹੈ, ਉਹੀ ਸਭ ਧਰਮਾਂ ਦੀ ਤੱਤ ਸਾਰ ਹੈ। ਉਨ੍ਹਾਂ ਨੂੰ ਉਹ ਗਿਆਨ ਆ ਜਾਂਦਾ ਹੈ।

## *ਸੰਤ ਜਨਾ ਸੁਨਹਿ ਸੁਭ ਬਚਨ ॥*
## *ਸਰਬ ਬਿਆਪੀ ਰਾਮ ਸੰਗਿ ਰਚਨ ॥*

ਜੋ ਸੰਤ ਜਨ ਹਨ, ਉਹ ਉਸ ਪ੍ਰਭੂ ਦੇ ਸ਼ੁਭ ਬਚਨ, ਜੋ ਉਸ ਪ੍ਰਭੂ ਦਾ ਹੁਕਮ ਹੈ, ਉਹ ਉਨ੍ਹਾਂ ਨੂੰ ਸਿੱਧਾ ਆਉਂਦਾ ਹੈ (ਉਹ ਸੁਣਦੇ ਹਨ)।

ਤੇ ਸਰਬ ਵਿਆਪਕ ਰਾਮ ਨਾਲ ਉਨ੍ਹਾਂ ਦੀ ਲਿਵ ਲੱਗੀ ਰਹਿੰਦੀ ਹੈ। ਕਿਉਂਕਿ ਉਨ੍ਹਾਂ ਦਾ ਗਿਆਨ ਤੇ ਪ੍ਰਭੂ ਦਾ ਗਿਆਨ ਇੱਕ ਮਿੱਕ ਹੋਇਆ ਹੁੰਦਾ ਹੈ ਤੇ ਉਹ ਇੱਕ ਦੂਜੇ ਨਾਲ ਜੁੜੇ ਰਹਿੰਦੇ ਹਨ।

## *ਜਿਨਿ ਜਾਤਾ ਤਿਸ ਕੀ ਇਹ ਰਹਤ ॥*
## *ਸਤਿ ਬਚਨ ਸਾਧੂ ਸਭਿ ਕਹਤ ॥*

ਜਿਸ ਨੇ ਪ੍ਰਭੂ ਨੂੰ ਜਾਣਿਆ ਹੈ, ਇਹ ਗੱਲ ਜੋ ਉਪਰ ਦੱਸੀ ਹੈ (ਕਿ ਉਨ੍ਹਾਂ ਦਾ ਗਿਆਨ ਤੇ ਰੱਬੀ ਗਿਆਨ ਇੱਕ ਮਿੱਕ ਹੋ ਜਾਂਦਾ ਹੈ), ਉਨ੍ਹਾਂ ਦੀ ਰਹਿਣੀ ਵਿੱਚ ਇਹ ਗੱਲ ਆਉਂਦੀ ਹੈ ਤੇ ਉਨ੍ਹਾਂ ਨੂੰ ਇਹ ਗੱਲ ਪ੍ਰਗਟ ਹੁੰਦੀ ਹੈ।

ਤੇ ਉਹ ਹਜ਼ੂਰ ਦੇ ਹੁਕਮ ਨੂੰ ਸਤ ਬਚਨ ਕਰ ਕੇ ਹੀ ਮੰਨਦੇ ਹਨ। ਜੋ ਵੀ ਮਾਲਕ ਕਰਦਾ ਹੈ, ਉਹੀ ਉਨ੍ਹਾਂ ਨੂੰ ਪ੍ਰਵਾਨ ਹੁੰਦਾ ਹੈ।

## *ਜੋ ਜੋ ਹੋਇ ਸੋਈ ਸੁਖੁ ਮਾਨੈ ॥*
## *ਕਰਨ ਕਰਾਵਨਹਾਰੁ ਪ੍ਰਭੁ ਜਾਨੈ ॥*

ਜੋ ਵੀ ਪ੍ਰਭੂ ਕਰਦਾ ਹੈ, ਉਹਨੂੰ ਹੀ ਉਹ ਚੰਗਾ ਕਰਕੇ ਮੰਨਦੇ ਹਨ ਤੇ ਉਹਨੂੰ ਹੀ ਸੁਖਦਾਇਕ ਸਮਝਦੇ ਹਨ।

ਉਹ ਕਰਨ ਕਰਾਵਨਹਾਰ ਪ੍ਰਭੂ ਦੇ ਜਾਣੂ ਹੁੰਦੇ ਹਨ। ਉਨ੍ਹਾਂ ਨੂੰ ਪਤਾ ਹੁੰਦਾ ਹੇ ਕਿ ਇਹ ਮਾਲਕ ਦਾ ਤਮਾਸ਼ਾ ਵਰਤ ਰਹਿਆ ਹੈ ਤੇ ਜੋ ਉਹ ਕਰ ਰਹਿਆ ਹੈ, ਉਹ ਠੀਕ ਕਰ ਰਹਿਆ ਹੈ।

## *ਅੰਤਰਿ ਬਸੇ ਬਾਹਰਿ ਭੀ ਓਹੀ ॥*
## *ਨਾਨਕ ਦਰਸਨੁ ਦੇਖਿ ਸਭ ਮੋਹੀ ॥ ੪ ॥*

ਜੀਵਾਂ ਦੇ ਅੰਦਰ ਵੀ ਉਹੀ ਪ੍ਰਭੂ ਵੱਸ ਰਹਿਆ ਹੈ ਤੇ ਬਾਹਰ ਵੀ ਉਹੀ ਪ੍ਰਭੂ ਵੱਸ ਰਹਿਆ ਹੈ।

ਹੇ ਨਾਨਕ, ਜੋ ਵੀ ਆਤਮਾ ਉਸ ਪ੍ਰਭੂ ਦੇ ਦਰਸ਼ਨ ਕਰ ਲੈਂਦੀ ਹੈ (ਉਸ ਦੀ ਇਹ ਲੀਲਾ ਜਿਸ ਆਤਮਾ ਦੇ ਅਨੁਭਵ ਵਿੱਚ ਆ ਜਾਦੀ ਹੈ), ਉਹ ਆਤਮਾ ਉਸ (ਪ੍ਰਭੂ) ਨਾਲ ਮੋਹੀ ਜਾਂਦੀ ਹੈ, ਉਸ ਨਾਲ ਜੁੜ ਜਾਂਦੀ ਹੈ, ਉਸ ਆਤਮਾ ਦੀ ਉਸ ਨਾਲ ਲਿਵ ਲੱਗ ਜਾਂਦੀ ਹੈ।

***ਆਪਿ ਸਤਿ ਕੀਆ ਸਭੁ ਸਤਿ ॥***

***ਤਿਸੁ ਪ੍ਰਭ ਤੇ ਸਗਲੀ ਉਤਪਤਿ ॥***

ਆਪ ਉਹ ਸਦਾ ਕਾਇਮ ਹੈ ਤੇ ਉਸ ਸਦਾ ਕਾਇਮ ਪ੍ਰਭੂ ਨੇ ਹੀ ਸਾਰੀ ਰਚਨਾ ਕੀਤੀ ਹੈ।

ਉਸ ਪ੍ਰਭੂ ਤੋਂ ਹੀ ਸਗਲੀ ਉਤਪਤੀ (ਇਹ ਰਚਨਾ) ਬਣੀ ਹੈ। ਇਹ ਆਪੇ ਨਹੀਂ ਬਣੀ। ਇਹ ਮਾਲਕ ਦੀ ਬਣਾਈ ਹੋਈ ਹੈ (ਇਹ ਮਾਲਕ ਵਿੱਚੋ ਬਣੀ ਹੈ)।

***ਤਿਸੁ ਭਾਵੈ ਤਾ ਕਰੇ ਬਿਸਥਾਰੁ ॥***

***ਤਿਸੁ ਭਾਵੈ ਤਾ ਏਕੰਕਾਰੁ ॥***

ਜੇ ਮਾਲਕ ਨੂੰ ਭਾਵੇ ਤਾਂ ਉਹ ਆਪਣਾ ਖਲਾਰਾ ਪਾ ਲੈਂਦਾ ਹੈ ਤੇ ਬੇਅੰਤ ਰਚਨਾ ਕਰਕੇ ਆਪ ਵੇਖਣ ਲੱਗ ਜਾਦਾ ਹੈ।

ਜੇ ਮਾਲਕ ਨੂੰ ਭਾਵੇ ਤਾਂ ਸਾਰੀ ਰਚਨਾ ਨੂੰ ਆਪਣੇ ਵਿੱਚ ਸਮਾ ਲੈਂਦਾ ਹੈ ਤੇ ਫਿਰ ਇੱਕ ਦਾ ਇੱਕ ਹੋ ਕੇ ਸੁੰਨ ਸਮਾਧਿ ਵਿੱਚ ਵਰਤਦਾ ਹੈ। ਇਹ ਸਭ ਤਮਾਸ਼ਾ ਮਾਲਕ ਦਾ ਹੈ।

***ਅਨਿਕ ਕਲਾ ਲਖੀ ਨਹ ਜਾਇ ॥***

***ਜਿਸੁ ਭਾਵੈ ਤਿਸੁ ਲਏ ਮਿਲਾਇ ॥***

ਉਸ ਦੀ ਅਨੇਕਾਂ ਕਲਾ (ਸਮਰੱਥਾ, ਤਾਕਤਾਂ) ਨੂੰ ਕੋਈ ਜਾਣ ਨਹੀਂ ਸਕਦਾ। ਉਸ ਦੀ ਸ਼ਕਤੀ ਦਾ ਕੋਈ ਅੰਤ ਨਹੀਂ ਹੈ।। ਅਨੇਕਾਂ ਢੰਗਾਂ ਨਾਲ ਉਹ ਵਰਤ ਸਕਦਾ ਹੈ। ਜੋ ਵੀ ਢੰਗ ਉਸ ਨੂੰ ਪਰਵਾਨ ਹੋਵੇ, ਉਸ ਦੁਆਰਾ ਆਪਣੀ ਸ਼ਕਤੀ ਪ੍ਰਗਟ ਕਰ ਸਕਦਾ ਹੈ।
ਜੋ ਆਤਮਾ ਉਸ ਨੂੰ ਭਾਵੇ, ਉਸ (ਆਤਮਾ) ਨੂੰ ਉਹ ਮੇਹਰ ਕਰਕੇ ਆਪਣੇ ਨਾਲ ਮਿਲਾ ਲੈਂਦਾ ਹੈ। ਆਪਣੇ ਯਤਨਾਂ ਨਾਲ ਕੋਈ ਆਤਮਾ ਉਸ ਬੇਅੰਤ ਪ੍ਰਭੂ ਨਾਲ ਮਿਲ ਨਹੀਂ ਸਕਦੀ।

***ਕਵਨ ਨਿਕਟਿ ਕਵਨ ਕਹੀਐ ਦੂਰਿ ॥***

***ਆਪੇ ਆਪਿ ਆਪ ਭਰਪੂਰਿ ॥***

ਹਜ਼ੂਰ ਕਹਿੰਦੇ ਨੇ ਕਿ ਕੀ ਦਸਾਂ ਕਿ ਉਹ ਪ੍ਰਭੂ ਕਿਸ ਦੇ ਨੇੜੇ ਹੈ ਤੇ ਕਿਸ ਤੋਂ ਦੂਰ ਹੈ।

ਉਹ ਪ੍ਰਭੂ ਤਾਂ ਹਰ ਥਾਂ ਤੇ ਹੈ ਤੇ ਪਰੀਪੂਰਨ ਹੈ। ਉਹ ਕਿਤੋਂ ਵੀ ਦੂਰ ਨਹੀਂ ਹੈ। ਪਰ ਕਿਉਂਕਿ ਉਹ ਦਿਸਦਾ ਨਹੀਂ ਹੈ (ਪ੍ਰਗਟ ਨਹੀਂ ਹੁੰਦਾ), ਇਸ ਲਈ ਉਹ ਕਿਸੇ ਦੇ ਵੀ ਨੇੜੇ ਨਹੀਂ ਹੈ। ਜਿਸ ਅੰਦਰ ਪ੍ਰਗਟ ਹੋ ਜਾਵੇ, ਉਸ ਨੂੰ ਇਹ ਲੀਲਾ ਪਤਾ ਲਗਦੀ ਹੈ।

***ਅੰਤਰਗਤਿ ਜਿਸੁ ਆਪਿ ਜਨਾਏ ॥***

***ਨਾਨਕ ਤਿਸੁ ਜਨ ਆਪਿ ਬੁਝਾਏ ॥ ੫ ॥***

ਜਿਸ ਦੇ ਹਿਰਦੇ ਵਿੱਚ (ਅੰਤਰਗਤੀ ਵਿੱਚ, ਅੰਤਰਆਤਮੇ) ਜਿਸ ਨੂੰ ਉਹ ਆਪ ਆਪਣੀ ਲੀਲਾ ਪ੍ਰਗਟ ਕਰ ਦੇਂਦਾ ਹੈ (ਜਿਸ ਨੇ ਜਾਨਣ ਵਿੱਚ ਆ ਜਾਂਦੀ ਹੈ)।

ਹੇ ਨਾਨਕ, ਇਹ ਗੱਲਾਂ ਉਹ ਉਸ ਦਾ ਦਾਸ ਬੁੱਝ ਲੈਂਦਾ ਹੈ (ਉਸ ਦੇ ਅਨੁਭਵ ਵਿੱਚ ਆ ਜਾਂਦੀਆਂ ਹਨ)। ਆਮ ਆਦਮੀ ਦੇ ਇਹ ਗੱਲਾਂ ਸਮਝ ਨਹੀਂ ਆਉਂਦੀਆਂ।

***ਸਰਬ ਭੂਤ ਆਪਿ ਵਰਤਾਰਾ ॥***

***ਸਰਬ ਨੈਨ ਆਪਿ ਪੇਖਨਹਾਰਾ ॥***

ਸਭ ਰਚਨਾ ਦੇ ਜੋ ਪੰਚ ਭੂਤ (Basic elements of creation) ਹਨ, ਜਿਸ ਤਰਾਂ ਪਾਣੀ ਹੈ, ਪਵਨ ਹੈ, ਧਰਤੀ ਹੈ, ਅਗਨੀ ਹੈ, ਆਕਾਸ਼ ਹੈ, ਹਜ਼ੂਰ ਕਹਿੰਦੇ ਨੇ ਕਿ ਇਨ੍ਹਾਂ ਸਾਰੀਆਂ ਵਿੱਚ ਉਹ ਪ੍ਰਭੂ ਆਪ ਹੀ ਵਰਤ ਰਹਿਆ ਹੈ। ਤੱਤਾਂ ਦੇ ਗੁਣ ਇੱਕ ਦੂੱਜੇ ਦੇ ਵਿਰੋਧੀ ਨੇ। ਅੱਗ ਸਾੜਦੀ ਹੈ, ਪਾਣੀ ਠੰਡ ਵਰਤਾਉਂਦਾ ਹੈ, ਪਰ ਦੋਹਾਂ ਵਿੱਚ ਉਹ ਇੱਕ ਪ੍ਰਭੂ ਹੀ ਹੈ। ਉਸ ਨੇ ਜਿੰਨਾਂ ਜਿਨ੍ਹਾਂ ਗੁਣ ਕਿਸੇ ਵਿੱਚ ਪਾ ਦਿੱਤਾ ਹੈ, ਉਨਾ ਉਨਾ ਹੀ ਗੁਣ ਉਹ ਚੀਜ਼ਾਂ ਪ੍ਰਗਟ ਕਰਦੀਆਂ ਹਨ। ਹੈ ਸਾਰਿਆਂ ਵਿੱਚ ਉਹ ਇੱਕ ਮਾਲਕ।

ਤੇ ਸਭ ਅੱਖਾਂ ਵਿੱਚ ਵੇਖਣ ਦੀ ਤਾਕਤ ਉਸ ਦੀ ਹੈ। ਅੱਖ ਵਿੱਚ ਕੋਈ ਆਪਣੀ ਤਾਕਤ ਵੇਖਣ ਦੀ ਨਹੀਂ ਹੈ। ਜਦੋਂ ਜੀਵ ਆਤਮਾ ਸਰੀਰ ਨੂੰ ਛੱਡ ਜਾਂਦੀ ਹੈ ਤਾਂ ਫਿਰ ਇਹ ਅੱਖਾਂ ਨਾ ਵੇਖ ਸਕਦੀਆਂ ਹਨ, ਨਾ ਕੰਨ ਸੁਣ ਸਕਦੇ ਹਨ। ਜੋ ਅੰਗ ਵੱਖਰੇ ਵੱਖਰੇ ਹਨ, ਜਿਨ੍ਹਾਂ ਨੂੰ ਸ਼ਕਤੀਆਂ ਮਹਾਰਾਜ ਨੇ ਬਖਸ਼ੀਆਂ ਹੋਈਆਂ ਹਨ, ਉਨ੍ਹਾਂ ਵਿੱਚ ਉਹ ਆਪ ਹੀ ਵਰਤ ਰਹਿਆ ਹੈ। ਜੇ ਉਹ ਆਪ ਵਿੱਚ ਨਾ ਹੋਵੇ ਤਾਂ ਉਨ੍ਹਾਂ ਅੰਗਾਂ ਕੋਲ ਉਹ ਤਾਕਤਾਂ ਨਹੀਂ ਰਹਿੰਦੀਆਂ। ਉਹ ਮਾਲਕ ਆਪ ਹੀ ਹਰ ਥਾਂ ਤੇ, ਹਰ ਨੈਣ (ਅੱਖ) ਵਿੱਚ ਆਪ ਹੀ ਵੇਖਣ ਦੀ ਸ਼ਕਤੀ ਵਰਤਾ ਰਿਹਾ ਹੈ।

### *ਸਗਲ ਸਮਗ੍ਰੀ ਜਾ ਕਾ ਤਨਾ ॥*
### *ਆਪਨ ਜਸੁ ਆਪ ਹੀ ਸੁਨਾ ॥*

'ਤਨਾ' ਹੁੰਦਾ ਹੈ – ਪੁਤ੍ਰ। ਇਹ ਸਭ ਸਾਮਗ੍ਰੀ ਉਸ ਨੇ ਆਪ ਬਣਾਈ ਹੈ, ਉਸ ਦੀ ਪੈਦਾ ਕੀਤੀ ਹੋਈ ਹੈ, ਉਸ ਦਾ ਬੱਚਾ ਹੈ।

ਤੇ ਇਸ ਤੋਂ ਆਪਣਾ ਜਸ ਉਹ ਮਾਲਕ ਆਪ ਹੀ ਸੁਣਦਾ ਹੈ। ਉਹ ਆਪ ਹੀ ਜੀਵਾਂ ਰਾਹੀਂ ਆਪਣਾ ਜਸ ਕਰਦਾ ਹੈ ਤੇ ਆਪ ਹੀ ਅਪਣਾ ਜਸ ਸੁਣਦਾ ਹੈ। ਇਹ ਉਸ ਦੀ ਅਜਬ ਲੀਲਾ ਹੈ।

### *ਆਵਨ ਜਾਨੁ ਇਕੁ ਖੇਲੁ ਬਨਾਇਆ ॥*
### *ਆਗਿਆਕਾਰੀ ਕੀਨੀ ਮਾਇਆ ॥*

ਉਹਨੇ ਜੀਵਾਂ ਦੇ ਆਉਣ ਜਾਣ ਦਾ ਇੱਕ ਤਮਾਸ਼ਾ ਰਚਿਆ ਹੋਇਆ ਹੈ।

ਸਾਰੀ ਰਚਨਾ (creation) ਉਸ ਦੇ ਹੁਕਮ ਵਿੱਚ ਹੈ। ਉਸ ਦੇ ਹੁਕਮ ਤੋਂ ਬਾਹਰ ਕੁਛ ਵੀ ਨਹੀਂ ਹੈ।

### *ਸਭ ਕੈ ਮਧਿ ਅਲਿਪਤੋ ਰਹੈ ॥*
### *ਜੋ ਕਿਛੁ ਕਹਣਾ ਸੁ ਆਪੇ ਕਹੈ ॥*

ਉਹ ਕਰਾਉਂਦਾ ਸਭ ਕੁਛ ਜੀਵਾਂ ਕੋਲੋਂ ਆਪ ਹੀ ਹੈ, ਪਰ ਆਪ ਉਹ ਨਿਰਲੇਪ ਰਹਿੰਦਾ ਹੈ। ਕਰਮ ਕਰਨ ਵਾਲੇ ਜੀਵ ਉਸ ਦਾ ਕਰਮ ਭੋਗਦੇ ਹਨ। ਉਹ ਆਪ ਵਿੱਚ ਨਿਰਲੇਪ ਵਰਤ ਰਿਹਾ ਹੈ।

ਜੋ ਕੁਛ ਵੀ ਉਹ ਕਹਿਣਾ ਚਾਹੁੰਦਾ ਹੈ, ਉਹ ਆਪ ਹੀ ਕਹਿ ਰਹਿਆ ਹੈ। ਹਰ ਜੀਵ ਵਿੱਚ ਉਹ ਆਪ ਵਰਤ ਰਹਿਆ ਹੈ ਤੇ ਉਸ ਦਾ ਹੀ ਸਾਰਾ ਤਮਾਸ਼ਾ ਚਲ ਰਹਿਆ ਹੈ।

### *ਆਗਿਆ ਆਵੈ ਆਗਿਆ ਜਾਇ ॥*
### *ਨਾਨਕ ਜਾ ਭਾਵੈ ਤਾ ਲਏ ਸਮਾਇ ॥ ੬ ॥*

ਜੀਵ ਉਸ ਦੇ ਹੁਕਮ ਵਿੱਚ ਹੀ ਆਉਂਦੇ ਹਨ ਤੇ ਉਸ ਦੇ ਹੁਕਮ ਵਿੱਚ ਹੀ, ਸਮਾ ਪਾ ਕੇ, ਇੱਥੋਂ ਚਲੇ ਜਾਂਦੇ ਹਨ। ਜੈਸੀ ਸ਼ਕਤੀ ਉਸ ਨੇ ਜੀਵ ਨੂੰ ਬਖਸ਼ੀ ਹੈ, ਵੈਸੀ ਉਹ ਜੀਵਨ ਵਿੱਚ ਭੋਗ ਕੇ ਚਲਿਆ ਜਾਂਦਾ ਹੈ।

ਹੇ ਨਾਨਕ ! ਜੇ ਕੋਈ ਉਸ ਨੂੰ ਭਾਵੇ ਤਾਂ ਉਸ ਕਿਸੇ ਆਤਮਾ ਨੂੰ ਆਪਣੇ ਵਿੱਚ ਸਮਾ ਲੈਂਦਾ ਹੈ ਤੇ ਉਸ ਦਾ ਆਵਾਗਮਣ ਕੱਟ ਦੇਂਦਾ ਹੈ।

### *ਇਸ ਤੇ ਹੋਇ ਸੁ ਨਾਹੀ ਬੁਰਾ ॥*
### *ਓਰੈ ਕਹਹੁ ਕਿਨੈ ਕਛੁ ਕਰਾ ॥*

ਜੋ ਮਾਲਕ ਜੀ ਕਰਦੇ ਹਨ, ਕੁਛ ਵੀ ਮਾੜਾ ਨਹੀਂ ਕਰਦੇ, ਸਭ ਚੰਗਾ ਹੀ ਕਰ ਰਹੇ ਹਨ।

ਤੇ ਹੋਰ ਭਾਈ ਇੱਥੇ ਕੁਛ ਕਰ ਹੀ ਨਹੀਂ ਰਹਿਆ। ਭਾਵਨਾ ਇਹ ਹੈ ਕਿ ਜੋ ਵੀ ਹੋ ਰਿਹਾ ਹੈ, ਉਹ ਠੀਕ ਹੋ ਰਹਿਆ ਹੈ। ਉਸ ਦੇ ਭਗਤ (ਦਾਸ, ਸੇਵਕ) ਜੋ ਉਸ ਦਾ ਤਮਾਸ਼ਾ ਚਲ ਰਹਿਆ ਹੈ, ਉਸ ਨੂੰ ਹੀ ਚੰਗਾ ਕਰ ਕੇ ਮੰਨਦੇ ਹਨ। ਉਸ ਦੇ ਨੁਕਸ ਨਹੀਂ ਕੱਢਦੇ। ਉਨ੍ਹਾਂ ਨੂੰ ਅਨੁਭਵ ਵਿੱਚ ਆ ਜਾਂਦਾ ਹੈ ਕਿ ਪ੍ਰਭੂ ਜੋ ਵੀ ਕਰ ਰਹਿਆ ਹੈ, ਉਹ ਜੀਵਾਂ ਨੂੰ ਕਰਮ ਫਲ ਭੁਗਤਾਉਣ ਲਈ ਹੀ ਕਰ ਰਹਿਆ ਹੈ।

### *ਆਪਿ ਭਲਾ ਕਰਤੂਤਿ ਅਤਿ ਨੀਕੀ ॥*
### *ਆਪੇ ਜਾਨੈ ਅਪਨੇ ਜੀ ਕੀ ॥*

ਸਭ ਤੋਂ ਚੰਗਾ ਉਹੀ ਹੈ। ਉਸ ਦਾ ਕਰਮ (ਕਰਤੂਤ) ਹੀ ਸਭ ਤੋਂ ਚੰਗਾ ਹੈ (ਸਭ ਤੋਂ ਨੇਕ ਕਰਨੀ ਉਸ ਦੀ ਹੀ ਹੈ)।

ਆਪਣੇ ਜੀਅ ਵਿੱਚ ਕੀ ਹੈ, ਉਹ ਉਹੀ ਜਾਣਦਾ ਹੈ। ਹਜ਼ੂਰ ਕਹਿੰਦੇ ਨੇ :–

**H ਅੰਤੁ ਨ ਜਾਪੈ ਕਿਆ ਮਨਿ ਮੰਤੁ ॥ (ਪੰਨਾ ੫)**

ਕੋਈ ਜਾਨ ਹੀਂ ਸਕਦਾ ਕਿ ਉਹਨੇ ਅਗਲੇ ਪਲ ਵਿੱਚ ਕੀ ਕਰ ਦੇਣਾ ਹੈ। ਅੰਦਾਜ਼ਾ ਕੋਈ ਲਾ ਸਕਦਾ ਹੈ, ਪਰ ਹਮੇਸ਼ਾ ਕੋਈ ਠੀਕ ਨਹੀਂ ਹੋ ਸਕਦਾ। ਉਹ ਮਾਲਕ ਪ੍ਰਭੂ ਆਪਣੇ ਮਨ ਦੀਆਂ ਆਪ ਹੀ ਜਾਣਦਾ ਹੈ।

***ਆਪਿ ਸਾਚੁ ਧਾਰੀ ਸਭ ਸਾਚੁ ॥***
***ਓਤਿ ਪੋਤਿ ਆਪਨ ਸੰਗਿ ਰਾਚੁ ॥***

ਉਹ ਮਾਲਕ ਆਪ ਸੱਚਾ ਹੈ। ਉਸ ਸੱਚੇ ਨੇ ਸਭ ਰਚਨਾ ਨੂੰ ਧਾਰਨ ਕੀਤਾ ਹੋਇਆ ਹੈ।

ਉਹ ਇਸ ਰਚਨਾ ਦੇ ਤਾਣੇ ਪੇਟੇ ਵਿੱਚ ਆਪ ਹੀ ਇਸ ਵਿੱਚ ਸਮਾਇਆ ਹੋਇਆ ਹੈ। ਉਸ ਤੋਂ ਬਗੈਰ ਕੋਈ ਹੋਂਦ (ਹਸਤੀ) ਕਾਇਮ ਰਹਿ ਹੀ ਨਹੀਂ ਸਕਦੀ। ਇਸ ਲਈ ਸਭ ਕੁਛ ਉਹ ਪ੍ਰਭੂ ਆਪ ਹੀ ਹੈ।

***ਤਾ ਕੀ ਗਤਿ ਮਿਤਿ ਕਹੀ ਨ ਜਾਇ ॥***
***ਦੂਸਰ ਹੋਇ ਤ ਸੋਝੀ ਪਾਇ ॥***

ਉਸ ਦੀ ਗਤੀ (speed, ਅਵਸਥਾ) ਤੇ ਮਿਣਤੀ (ਅੰਦਾਜ਼ਾ) ਕੋਈ ਕਹਿ ਨਹੀਂ ਸਕਦਾ।

ਕੋਈ ਦੂਸਰਾ ਉਹਦੇ ਵਰਗਾ ਹੋਵੇ (ਜਿੱਡਾ ਵੱਡਾ ਉਹ ਪ੍ਰਭੂ ਹੈ), ਤਾਂ ਹੀ ਕੋਈ ਉਸ ਪ੍ਰਭੂ ਨੂੰ ਜਾਣੇ। ਪਰ ਉੱਡਾ ਵੱਡਾ ਨਾ ਹੀ ਕੋਈ ਹੈ, ਨਾ ਹੀ ਕੋਈ ਹੋਇਆ ਹੈ ਤੇ ਨਾ ਹੀ ਕੋਈ ਹੋਏਗਾ। ਇਸ ਲਈ ਉਸ ਦਾ ਅੰਤ ਕੋਈ ਪਾ ਨਹੀਂ ਸਕਦਾ। ਮਾਲਕ ਦਾ ਸਭ ਤੋਂ ਵੱਡਾ ਗੁਣ ਏਹੀ ਹੈ :-

**H ਗੁਣੁ ਏਹੋ ਹੋਰੁ ਨਾਹੀ ਕੋਇ ॥**
**ਨਾ ਕੋ ਹੋਆ ਨਾ ਕੋ ਹੋਇ ॥ (ਪੰਨਾ ੩੪੯)**

ਹਜ਼ੂਰ ਕਹਿੰਦੇ ਨੇ ਕਿ ਜੇ ਕੋਈ ਉਸ ਜਿੱਡਾ ਵੱਡਾ ਹੋਵੇ ਤਾਂ ਹੀ ਉਸ ਨੂੰ ਜਾਣੇ। ਪਰ ਉਸ ਜਿੱਡਾ ਵੱਡਾ ਕੋਈ ਹੋਇਆ ਹੀ ਨਹੀਂ ਤੇ ਨਾ ਹੀ ਕੋਈ ਉਸ ਨੂੰ ਜਾਣ ਸਕਦਾ ਹੈ।

***ਤਿਸ ਕਾ ਕੀਆ ਸਭੁ ਪਰਵਾਨੁ ॥***
***ਗੁਰ ਪ੍ਰਸਾਦਿ ਨਾਨਕ ਇਹੁ ਜਾਨੁ ॥ ੭ ॥***

ਜੋ ਕੁਛ ਵੀ ਮਾਲਕ ਕਰਦਾ ਹੈ, ਉਹੀ ਭਲਾ ਹੈ, ਉਹੀ ਪਰਵਾਨ ਹੁੰਦਾ ਹੈ।

ਗੁਰੂ ਦੀ ਕ੍ਰਿਪਾ ਦੁਆਰਾ, ਹੇ ਨਾਨਕ ! ਇਸ ਗੱਲ ਨੂੰ ਦ੍ਰਿੜ ਕਰੋ। ਇਹ ਗੱਲ ਦ੍ਰਿੜ ਕਰਨੀ ਹੈ ਕਿ ਜੋ ਮਾਲਕ ਦਾ ਭਾਣਾ ਵਰਤ ਰਹਿਆ ਹੈ, ਉਹੀ ਸਹੀ ਹੈ, ਉਹੀ ਠੀਕ ਹੈ ਤੇ ਉਹੀ ਭਲਾ ਹੈ।

ਜੋ ਵੀ ਉਪਰ ਦੱਸੀ ਗੱਲ ਨੂੰ ਮੰਨ (ਜਾਣ) ਲਵੇ (ਉਸ ਦੇ ਅਨੁਭਵ ਵਿੱਚ ਆ ਜਾਵੇ) ਕਿ ਜੋ ਵੀ ਹੋ ਰਹਿਆ ਹੈ, ਉਹੀ ਭਲਾ ਹੈ,

***ਜੋ ਜਾਨੈ ਤਿਸੁ ਸਦਾ ਸੁਖੁ ਹੋਇ ॥***
***ਆਪਿ ਮਿਲਾਇ ਲਏ ਪ੍ਰਭੁ ਸੋਇ ॥***

ਜਿਹੜੀ ਆਤਮਾ ਇਸ ਅਵਸਥਾ ਵਿੱਚ ਪਹੁੰਚ ਜਾਵੇ, ਉਸ ਨੂੰ ਸਦਾ ਦਾ ਸੁੱਖ ਮਿਲ ਜਾਂਦਾ ਹੈ।

ਐਸੀ ਜੀਵ ਆਤਮਾ ਨੂੰ ਪ੍ਰਭੂ ਆਪ ਆਪਣੇ ਨਾਲ ਮਿਲਾ ਲੈਂਦੇ ਹਨ। ਜਿਸ ਨੂੰ ਵੀ ਉਹ ਮਿਲਾ ਲੈਂਦੇ ਹਨ :-

***ਓਹੁ ਧਨਵੰਤੁ ਕੁਲਵੰਤੁ ਪਤਿਵੰਤੁ ॥***
***ਜੀਵਨ ਮੁਕਤਿ ਜਿਸੁ ਰਿਦੈ ਭਗਵੰਤੁ ॥***

ਉਹੀ ਧਨਵਾਨ ਹੈ (ਜੀਵਨ ਵਿੱਚ), ਉਹੀ ਚੰਗੀ ਕੁਲ ਵਾਲਾ ਹੈ, ਉਹੀ ਚੰਗੀ ਇੱਜ਼ਤ ਵਾਲਾ ਹੈ,

ਉਹੀ ਜੀਵਨ ਮੁਕਤ ਹੈ, ਜਿਸ ਦੇ ਹਿਰਦੇ ਵਿੱਚ ਉਹ ਭਗਵਾਨ ਪ੍ਰਗਟ ਹੋ ਜਾਂਦਾ ਹੈ (ਉਹ ਵੱਸ ਜਾਂਦਾ ਹੈ)।

***ਧੰਨੁ ਧੰਨੁ ਧੰਨੁ ਜਨੁ ਆਇਆ ॥***
***ਜਿਸੁ ਪ੍ਰਸਾਦਿ ਸਭੁ ਜਗਤੁ ਤਰਾਇਆ ॥***

ਉਹ ਉਸ ਭਗਵਾਨ ਦਾ ਜਨ (ਦਾਸ, ਸੇਵਕ) ਹੈ, ਜਿਸ ਦੇ ਅਨੁਭਵ ਵਿੱਚ ਪ੍ਰਭੂ ਆ ਜਾਂਦਾ ਹੈ। ਉਸ ਦਾ ਜੀਵਨ ਧੰਨ ਹੈ, ਉਸ ਦਾ ਆਉਣਾ ਧੰਨ ਹੈ। ਉਸ ਦੀ ਕ੍ਰਿਪਾ ਦੁਆਰਾ ਸੰਸਾਰ ਦੇ ਜੀਵ ਤਰਦੇ ਹਨ।

***ਜਨ ਆਵਨ ਕਾ ਇਹੈ ਸੁਆਉ ॥***

## *ਜਨ ਕੈ ਸੰਗਿ ਚਿਤਿ ਆਵੈ ਨਾਉ ॥*

ਜਨ ਦੇ ਆਉਣ ਦਾ (ਜਨ ਦੇ ਮਿਲਣ ਦਾ) ਏਹੀ ਮਨੋਰਥ (ਪ੍ਰਯੋਜਨ, ਲਾਭ) ਹੈ

ਕਿ ਉਸ ਦੀ ਸੰਗਤਿ ਵਿੱਚ ਪ੍ਰਭੂ ਦਾ ਨਾਮ ਚਿੱਤ ਆਉਂਦਾ ਹੈ ਤੇ ਪ੍ਰਭੂ ਦਾ ਨਾਮ ਦ੍ਰਿੜ ਹੁੰਦਾ ਹੈ। ਜਿਸ ਸੰਗਤਿ ਵਿੱਚ ਪ੍ਰਭੂ ਦਾ ਨਾਮ ਚਿੱਤ ਨਹੀਂ ਆਉਂਦਾ, ਪ੍ਰਭੂ ਦਾ ਨਾਮ ਦ੍ਰਿੜ ਨਹੀਂ ਹੁੰਦਾ, ਉਹ ਸੰਗਤਿ ਜਨ ਦੀ ਨਹੀਂ ਹੈ। ਜਨ ਦੀ ਸੰਗਤਿ ਵਿੱਚ ਪ੍ਰਭੂ ਦੇ ਨਾਮ ਦਾ ਗੁਣਵਾਦ ਹੁੰਦਾ ਹੈ ਤੇ ਪ੍ਰਭੂ ਦਾ ਨਾਮ ਜੀਵਾਂ ਨੂੰ ਦ੍ਰਿੜ ਹੁੰਦਾ ਹੈ।

## *ਆਪਿ ਮੁਕਤੁ ਮੁਕਤੁ ਕਰੈ ਸੰਸਾਰੁ ॥*
## *ਨਾਨਕ ਤਿਸੁ ਜਨ ਕਉ ਸਦਾ ਨਮਸਕਾਰੁ ॥੮॥੨੩॥*

ਐਸਾ ਜੀਵ, ਜੋ ਪ੍ਰਭੂ ਵਿੱਚ ਸਮਾ ਜਾਵੇ, ਆਪ ਮੁਕਤ ਹੋ ਜਾਂਦਾ ਹੈ ਤੇ ਦੂਜਿਆਂ ਨੂੰ ਮੁਕਤੀ ਪ੍ਰਾਪਤ ਕਰਨ ਦਾ ਰਾਹ ਦਸਦਾ ਹੈ (ਜੀਵਾਂ ਨੂੰ ਤਾਰਦਾ ਹੈ)।

ਐਸੇ ਜਨ ਨੂੰ ਹਜ਼ੂਰ ਕਹਿੰਦੇ ਨੇ ਕਿ ਸਦਾ ਨਮਸਕਾਰ ਕਰਨੀ ਹੀ ਫਬਦੀ ਹੈ।

**H H H H H**

## *ਅਸਟਪਦੀ ੨੪ (ਪੰਨਾ ੨੯੫)*

## *ਸਲੋਕੁ ॥*
## *ਪੂਰਾ ਪ੍ਰਭੁ ਆਰਾਧਿਆ*
## *ਪੂਰਾ ਜਾ ਕਾ ਨਾਉ ॥*

ਹਜ਼ੂਰ ਆਪਣਾ ਤਜੁਰਬਾ ਦੱਸ ਰਹੇ ਨੇ ਕਿ ਅਸੀਂ ਪ੍ਰਭੂ ਨੂੰ ਕਿਵੇਂ ਪਾਇਆ ਹੈ। ਕਹਿੰਦੇ ਨੇ ਕਿ ਪੂਰੇ ਪ੍ਰਭੂ ਦੀ ਅਰਾਧਨਾ ਕੀਤੀ (ਉਸ ਦਾ ਚੇਤਾ ਕੀਤਾ ਹੈ), ਜਿਸ (ਪ੍ਰਭੂ) ਦਾ ਨਾਮ ਪੂਰਾ ਹੈ, ਜਿਸ ਵਿੱਚ ਕੋਈ ਊਣਤਾਈ ਨਹੀਂ, ਜੋ ਹਰ ਪੱਖ ਤੋਂ ਪੂਰਾ ਪ੍ਰਭੂ ਹੈ, ਜਿਸ ਦਾ ਨਾਮ (ਹੁਕਮ, ਬਾਣੀ, ਸ਼ਬਦ) ਪੂਰਾ ਹੈ, ਉਸ ਪ੍ਰਭੂ ਨੂੰ ਆਰਾਧਿਆ ਹੈ।

## *ਨਾਨਕ ਪੂਰਾ ਪਾਇਆ*
## *ਪੂਰੇ ਕੇ ਗੁਨ ਗਾਉ ॥ ੧ ॥*

ਉਸ (ਪੂਰੇ) ਨੂੰ ਅਰਾਧ, ਅਰਾਧ ਕੇ, ਹੇ ਨਾਨਕ ! ਉਸ ਪੂਰੇ ਨੂੰ ਪਾਇਆ ਹੈ। ਕਿਵੇਂ ਆਰਾਧਿਆ ਹੈ ਤੇ ਕਿਵੇਂ ਪਾਇਆ ਹੈ ? ਉਸ ਪੂਰੇ ਦੇ ਗੁਣ ਗਾ ਗਾ ਕੇ (ਉਸ ਪੂਰੇ ਦੀ ਸਿਫਤਿ ਸਲਾਹ ਕਰ ਕਰ ਕੇ), ਅਸੀਂ ਪੂਰੇ ਪ੍ਰਭੂ ਨੂੰ ਪਾਇਆ ਹੈ। ਏਹੀ ਢੰਗ ਤਰੀਕਾ ਉਸ ਪੂਰੇ ਨੂੰ ਪਾਉਣ ਦਾ ਹੈ।

## *ਅਸਟਪਦੀ ॥*
## *ਪੂਰੇ ਗੁਰ ਕਾ ਸੁਨਿ ਉਪਦੇਸੁ ॥*
## *ਪਾਰਬ੍ਰਹਮੁ ਨਿਕਟਿ ਕਰਿ ਪੇਖੁ ॥*

ਹੇ ਮਨਾਂ, ਜੇ ਤੂੰ ਉਸ ਪੂਰੇ ਪ੍ਰਭੂ ਨੂੰ ਮਿਲਣਾ ਹੈ ਤਾਂ ਤੂੰ ਪੂਰੇ ਗੁਰੂ ਦਾ ਉਪਦੇਸ਼ ਸੁਣ, ਅਧੂਰੇ ਗੁਰੂ ਕੋਲੋਂ ਉਪਦੇਸ਼ ਨਹੀਂ ਸੁਣਨਾ। ਪੂਰਾ ਗੁਰੂ ਉਹ ਹੈ, ਜਿਸ ਦੀ ਆਤਮਾ ਪਾਰਬ੍ਰਹਮ ਪਰਮੇਸ਼ਰ ਵਿੱਚ ਸਮਾ ਗਈ ਹੈ। ਹੋਰ ਕੋਈ ਪੂਰਾ ਗੁਰੂ ਨਹੀਂ ਹੈ। ਸਾਨੂੰ ਇਹ ਪੂਰਾ ਯਕੀਨ ਹੈ ਕਿ ਗੁਰੂ ਪਾਤਸ਼ਾਹ ਤੇ ਭਗਤ, ਜਿਨ੍ਹਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਹੈ, ਉਨ੍ਹਾਂ ਦੀਆਂ ਆਤਮਾਵਾਂ ਪ੍ਰਭੂ ਵਿੱਚ ਸਮਾਈਆਂ ਹਨ। ਇਸ ਲਈ ਬਾਣੀ ਜੋ

ਉਪਦੇਸ਼ ਦੱਸਦੀ ਹੈ (ਜੋ ਉਨ੍ਹਾਂ ਸੰਤਾਂ ਨੇ ਸਾਨੂੰ ਦੱਸਿਆ ਹੈ), ਉਸ ਬਾਣੀ ਤੋਂ ਸਿੱਖਿਆ ਲੈਣੀ ਹੈ। ਹੋਰ ਕਿਸੇ ਦੀ ਵੀ ਗੱਲ ਨਹੀਂ ਮੰਨਣੀ। ਕੇਵਲ ਪੂਰੇ ਗੁਰੂ (ਪੂਰੀ ਬਾਣੀ, ਪੂਰੇ ਸ਼ਬਦ) ਤੋਂ ਉਪਦੇਸ਼ ਲੈਣਾ ਹੈ।

ਕੀ ਉਪਦੇਸ਼ ਹੈ ? ਭਾਈ, ਉਸ ਪਾਰਬ੍ਰਹਮ ਪਰਮੇਸ਼ਰ ਨੂੰ ਤੂੰ ਹਮੇਸ਼ਾ ਹਮੇਸ਼ਾ ਆਪਣੇ ਅੰਗ ਸੰਗ ਜਾਣਿਆ ਕਰ, ਕਿ ਉਹ ਮੇਰੇ ਹਰ ਇੱਕ ਕਰਮ ਕਰਤੂਤ ਨੂੰ ਵੇਖਦਾ ਹੈ। ਤਾਂ ਹੀ ਤੂੰ ਉਸ ਦੇ ਭਾਣੇ ਵਿੱਚ ਆਏਂਗਾ, ਉਸ ਦਾ ਹੁਕਮ ਮੰਨਣ ਲਗੇਂਗਾ ਤੇ ਮਾਇਆ ਦਾ ਮੋਹ ਤਿਆਗੇਂਗਾ।

***ਸਾਸਿ ਸਾਸਿ ਸਿਮਰਹੁ ਗੋਬਿੰਦ ॥***

***ਮਨ ਅੰਤਰ ਕੀ ਉਤਰੈ ਚਿੰਦ ॥***

ਹਰ ਸਮੇਂ (ਹਰ ਪਲ, ਹਰ ਸ੍ਵਾਸ ਸ੍ਵਾਸ ਵਿੱਚ) ਉਸ ਦੁਨੀਆ ਬਨਾਉਣ ਵਾਲੇ ਮਾਲਕ ਨੂੰ ਪਿਆਰ ਨਾਲ ਯਾਦ ਕਰਦਾ ਰਹੋ।

ਜੇ ਕਰੇਂਗਾ ਤਾਂ ਤੇਰੇ ਮਨ ਦੀ ਚਿੰਤਾ ਖਤਮ ਹੋ ਜਾਏਗੀ।

***ਆਸ ਅਨਿਤ ਤਿਆਗਹੁ ਤਰੰਗ ॥***

***ਸੰਤ ਜਨਾ ਕੀ ਧੂਰਿ ਮਨ ਮੰਗ ॥***

ਅਨਿਤ ਦੀ ਆਸ ਨਹੀਂ ਕਰਨੀ। ਸਭ ਕੁਛ ਅਨਿਤ ਹੈ। ਰਚਨਾ ਨਿਤ ਰਹਿਣ ਵਾਲੀ ਨਹੀਂ। ਇਸ ਵਿੱਚ ਜੋ ਕੁਛ ਵੀ ਬਣਿਆ ਹੈ, ਉਹ ਸਭ ਅਨਿਤ ਹੈ। ਜਿਨ੍ਹਾਂ ਨੇ ਨਾਸ਼ ਹੋ ਜਾਂਣਾ ਹੈ, ਉਨ੍ਹਾਂ ਦੀ ਕਿਸੇ ਦੀ ਵੀ ਆਸ ਨਹੀਂ ਕਰਨੀ। ਸਭ ਕੁਛ ਇੱਥੇ ਨਾਸ਼ਵੰਤ ਹੈ। ਇੱਕ ਨਿਰੰਕਾਰ ਵਾਹਿਗੁਰੂ ਹੀ ਸੱਚ (ਆਦਿ ਸਚੁ, ਜੁਗਾਦਿ ਸਚੁ, ਹੈ ਭੀ ਸਚੁ, ਨਾਨਕ ਹੋਸੀ ਭੀ ਸਚੁ) ਹੈ। ਕੇਵਲ ਉਸ ਦਾ ਹੀ ਆਸਰਾ ਲੈਣਾ ਹੈ। ਹੋਰ ਕਿਸੇ ਦੀ ਵੀ ਆਸ ਨਹੀਂ ਲੈਣੀ। ਮਨ ਵਿੱਚ ਇਹ ਭਾਵਨਾ ਹੀ ਕਦੀ ਨਾ ਆਵੇ ਕਿ ਫਲਾਣੇ ਦਾ ਮੈਨੂੰ ਆਸਰਾ ਹੈ।

ਉਸ ਪ੍ਰਭੂ ਦੇ ਅੱਗੇ ਬੇਨਤੀ ਕਰ ਕਿ ਹੇ ਸੱਚੇ ਪਾਤਸ਼ਾਹ, ਮੈਨੂੰ ਸੰਤ ਜਨਾਂ ਦੀ ਚਰਨ ਧੂੜ ਬਖਸ਼, ਤਾਂ ਕਿ ਮੈਨੂੰ ਤੇਰਾ ਨਾਮ ਦ੍ਰਿੜ ਹੋ ਜਾਵੇ। ਇਹ ਅਸੀਂ ਪ੍ਰਭੂ ਕੋਲੋਂ ਮੰਗਣਾ ਹੈ ਕਿਉਂਕਿ ਸਾਧੂ ਦੀ ਸੰਗਤਿ ਦੇ ਬਗੈਰ ਪ੍ਰਭੂ ਦਾ ਨਾਮ ਦ੍ਰਿੜ ਨਹੀਂ ਹੁੰਦਾ। ਤੇ ਸੰਤ ਜਨਾਂ ਦੀ ਚਰਨ ਧੂੜ ਦੀ ਮੰਗ ਅਸੀਂ ਪ੍ਰਭੂ ਕੋਲੋਂ ਕਰਦੇ ਹੀ ਰਹਿਣਾ ਹੈ।

***ਆਪੁ ਛੋਡਿ ਬੇਨਤੀ ਕਰਹੁ ॥***

***ਸਾਧਸੰਗਿ ਅਗਨਿ ਸਾਗਰੁ ਤਰਹੁ ॥***

ਭਾਈ, ਆਪਣਾ ਆਪ (ਅਪਣਤ, ਹਉਮੈ) ਛੱਡੋ ਤੇ ਮਾਲਕ ਅੱਗੇ ਬੇਨਤੀ ਕਰਿਆ ਕਰੋ।

ਜੇ ਸਾਧੂ ਦੀ ਸੰਗਤਿ ਵਿੱਚ ਰਹੋਗੇ, ਉੱਥੇ ਸਿਫਤਿ ਤੇ ਅਰਦਾਸਿ ਦੀ ਲੀਲਾ ਵਰਤਦੀ ਹੈ, ਤਾਂ ਤੁਸੀਂ ਵੀ ਭਾਈ ਇਹ ਰਚਨਾ, ਜੋ ਤ੍ਰਿਸ਼ਨਾ ਦੀ ਅਗਨੀ ਦਾ ਸਮੁੰਦ੍ਰ ਹੈ, ਇਸ ਨੂੰ ਤਰ ਜਾਵੋਗੇ। ਵੈਸੇ ਨਹੀਂ ਤਰੋਗੇ।

***ਹਰਿ ਧਨ ਕੇ ਭਰਿ ਲੇਹੁ ਭੰਡਾਰ ॥***

***ਨਾਨਕ ਗੁਰ ਪੂਰੇ ਨਮਸਕਾਰ ॥ ੧ ॥***

ਭਾਈ, ਤੇਰੇ ਮਨ ਦੇ ਖਜਾਨੇ ਹਰੀ ਧਨ ਨਾਲ ਇਸ ਤਰਾਂ ਭਰਨਗੇ। ਉਸ ਸੰਗਤਿ ਵਿੱਚ ਰਹੋ।

ਜੇ ਕੋਈ ਪੂਰਾ ਗੁਰੂ (ਸਾਧੂ) ਮਿਲ ਜਾਵੇ ਤਾਂ ਉਸ ਨੂੰ ਨਮਸਕਾਰ ਕਰਿਆ ਕਰ, ਕਿਉਂਕਿ ਸਾਨੂੰ ਹੁਕਮ ਹੈ :-

**H ਕਰਿ ਸਾਧੂ ਅੰਜੁਲੀ ਪੁਨੁ ਵਡਾ ਹੇ ॥**
**ਕਰਿ ਡੰਡਉਤ ਪੁਨੁ ਵਡਾ ਹੇ ॥ (ਪੰਨਾ ੧੩)**

ਦੋ ਹੀ ਪੁੰਨ ਗੁਰਮੱਤਿ ਮੰਨਦੀ ਹੈ – ਇੱਕ ਤਾਂ ਗੁਰਮੁੱਖਿ ਨੂੰ ਨਮਸ਼ਕਾਰ ਕਰਨੀ ਤੇ ਦੂਸਰਾ ਪੁੰਨ ਮੰਨਦੀ ਹੈ :-

**H ਕਲਿ ਮਹਿ ਏਹੋ ਪੁੰਨੁ ਗੁਣ ਗੋਵਿੰਦ ਗਾਹਿ ॥ (ਪੰਨਾ ੯੬੨)**

ਰੱਬ ਜੀ ਦੇ ਗੁਣ ਗਾਇਆ ਕਰ ਤੇ ਬਖਸ਼ਿਆਂ ਹੋਇਆਂ ਦੀ ਸੰਗਤਿ ਵਿੱਚ ਰਹਿਆ ਕਰ ਤੇ ਉਨ੍ਹਾਂ ਦਾ ਸਤਿਕਾਰ ਮਨ ਵਿੱਚ ਰੱਖਿਆ ਕਰ। ਇਹ ਦੋਵੇਂ ਪੁੰਨ ਕਰਨੇ ਪੈਣਗੇ ਜੀਵ ਨੂੰ, ਤਾਂ ਹੀ ਪਾਰ ਪੈ ਸਕਦਾ ਹੈ, ਵੈਸੇ ਪਾਰ ਨਹੀਂ ਪੈ ਸਕਦਾ। ਇਸ ਢੰਗ ਤਰੀਕੇ ਨਾਲ, ਹਜ਼ੂਰ ਕਹਿੰਦੇ ਨੇ ਕਿ, ਹਰੀ ਧਨ ਨਾਲ ਤੇਰੇ ਮਨ ਦੇ ਖਜ਼ਾਨੇ ਭਰ ਜਾਣਗੇ।

***ਖੇਮ ਕੁਸਲ ਸਹਜ ਆਨੰਦ ॥***

***ਸਾਧਸੰਗਿ ਭਜੁ ਪਰਮਾਨੰਦ ॥***

'ਖੇਮ' ਹੁੰਦੀ ਹੈ, ਖੁਸ਼ੀ 'ਕੁਸ਼ਲ' ਹੁੰਦੀ ਹੈ ਸੁਖ ਸ਼ਾਂਤ, ਸਹਿਜ ਅਵਸਥਾ ਤੇ ਆਨੰਦ ਰੂਪ ਤੇਰਾ ਮਨ ਹੋ ਜਾਏਗਾ। ਖੁਸ਼ੀਆਂ ਹੋ ਜਾਣਗੀਆਂ, ਸੁਖਸ਼ਾਂਤ ਹੋ ਜਾਏਗੀ, ਮਾਇਆ ਤੋਂ ਛੁਟਕਾਰਾ ਹੋ ਜਾਏਗਾ, ਸਹਿਜ ਅਵਸਥਾ ਮਿਲ ਜਾਏਗੀ, ਮਨ ਆਨੰਦ ਰੂਪ ਹੋ ਜਾਏਗਾ। ਕਿਵੇਂ ਹੋ ਜਾਏਗਾ ?

ਸਾਧੂ ਦੀ ਸੰਗਤਿ ਵਿੱਚ ਉਸ ਪਰਮਾਨੰਦ ਪ੍ਰਭੂ ਦਾ ਭਜਨ ਕਰ। ਉਹਦੇ ਗੁਣ ਸਾਧੂ ਦੀ ਸੰਗਤਿ ਵਿੱਚ ਮਿਲ ਕੇ ਗਾਇਆ ਕਰ, ਤਾਂ ਇਹ ਹੋਏਗਾ।

## *ਨਰਕ ਨਿਵਾਰਿ ਉਧਾਰਹੁ ਜੀਉ ॥*
## *ਗੁਨ ਗੋਬਿੰਦ ਅੰਮ੍ਰਿਤ ਰਸੁ ਪੀਉ ॥*

ਭਾਈ, ਤੇਰਾ ਨਰਕਾਂ ਵਿੱਚ ਜਾਣ ਖਤਮ ਹੋ ਜਾਏਗਾ, ਤੇਰੀ ਜੀਵ ਆਤਮਾ ਤਰ ਜਾਏਗੀ (ਮਾਇਆ ਦੇ ਮੋਹ ਤੋਂ ਛੁਟ ਜਾਏਗੀ)।

ਗੋਬਿੰਦ (ਦੁਨੀਆ ਬਨਾਉਣ ਵਾਲੇ) ਦੇ ਗੁਣ ਵੀਚਾਰਿਆ, ਗਾਇਆ, ਧਿਆਇਆ, ਸੁਣਿਆ ਕਰ। ਇਹ ਅੰਮ੍ਰਿਤ ਰਸ ਹੈ। ਇਸ ਨੂੰ ਪੀ। ਹੋਰ ਕੋਈ ਢੰਗ ਤਰੀਕਾ ਪ੍ਰਭੂ ਨਾਲ ਮਿਲਣ ਦਾ ਨਹੀਂ ਹੈ।

## *ਚਿਤਿ ਚਿਤਵਹੁ ਨਾਰਾਇਣ ਏਕ ॥*
## *ਏਕ ਰੂਪ ਜਾ ਕੇ ਰੰਗ ਅਨੇਕ ॥*

ਚਿੱਤ ਵਿੱਚ ਉਸ ਨਾਰਾਇਣ (ਨਰਾਂ ਨੂੰ ਧਾਰਨ ਵਾਲੀ ਹੋਂਦ ਹਸਤੀ) ਨੂੰ ਚੇਤਾ ਕਰਦਾ ਰਹੋ, ਜੋ ਇੱਕ ਹੈ। ਉਹ ਮਾਲਕ ਜੀ ਇੱਕ ਹੈ।

ਉਸ ਦੀ ਇੱਕ ਹਸਤੀ ਹੈ। ਪਰ ਉਸ ਦੀ ਰਚਨਾ ਵਿੱਚ ਅਨੇਕ ਰੰਗ ਹਨ। ਤੂੰ ਉਨ੍ਹਾਂ ਅਨੇਕਾਂ ਰੰਗਾਂ ਨਾਲ ਨਾ ਜੁੜ। ਤੂੰ ਇੱਕ ਦੀ ਸ਼ਰਨ ਪੈ ਤੇ ਇੱਕ ਦੀ ਲਿਵ ਵਿੱਚ ਟਿਕ ਜਾ।

## *ਗੋਪਾਲ ਦਾਮੋਦਰ ਦੀਨ ਦਇਆਲ ॥*
## *ਦੁਖ ਭੰਜਨ ਪੂਰਨ ਕਿਰਪਾਲ ॥*

ਹਜ਼ੂਰ ਉਸ ਇੱਕ ਦੀ ਵਿਆਖਿਆ ਕਰ ਰਹੇ ਨੇ ਕਿ ਉਹ ਦੁਨੀਆ ਨੂੰ ਪਾਲਣ ਵਾਲਾ ਹੈ। ਉਹ ਦਾਮੋਦਰ ਹੈ, ਜਿਸ ਨੇ ਸਭ ਨੂੰ ਪੇਟ ਲਾਇਆ ਹੈ ਜਾਂ ਜਿਸ ਦੇ ਪੇਟ ਵਿੱਚ ਸਾਰਾ ਸੰਸਰ ਹੈ। ਉਹ ਦੁਖੀਆਂ ਤੇ ਦਇਆ ਕਰਨਾ ਵਾਲਾ ਹੈ।

ਉਹ ਦੁੱਖਾਂ ਦਾ ਨਾਸ਼ ਕਰਨ ਵਾਲਾ ਹੈ। ਉਹ ਸਰਬ ਸ਼ਕਤੀਮਾਨ ਹੈ। ਉਹ ਪਿਤਾ ਕ੍ਰਿਪਾਲ ਹੈ। ਉਸ ਇੱਕ ਨਾਲ ਜੁੜਨਾ ਹੈ।

## *ਸਿਮਰਿ ਸਿਮਰਿ ਨਾਮੁ ਬਾਰੰ ਬਾਰ ॥*
## *ਨਾਨਕ ਜੀਅ ਕਾ ਇਹੈ ਅਧਾਰ ॥ ੨ ॥*

ਜੋ ਉਪਰ ਗੁਣ ਦੱਸੇ ਹਨ, ਇਨ੍ਹਾਂ ਦੁਆਰਾ ਉਸ ਨੂੰ ਬਾਰ ਬਾਰ, ਬਾਰ ਬਾਰ, ਬਾਰ ਬਾਰ ਜਪ, ਪ੍ਰੇਮ ਨਾਲ ਜਪ ਤੇ ਲਗਾਤਾਰ ਜਪ।

**H ਬਾਰੰ ਬਾਰ ਬਾਰ ਪ੍ਰਭੁ ਜਪੀਐ ॥**
**ਪੀ ਅੰਮ੍ਰਿਤੁ ਇਹੁ ਮਨੁ ਤਨੁ ਧ੍ਰਪੀਐ ॥ (ਪੰਨਾ ੨੯੬)**

ਹੇ ਨਾਨਕ, ਏਹੀ ਜੀਵ ਦਾ ਆਸਰਾ ਹੈ। ਤੂੰ ਉਸ ਮਾਲਕ ਨੂੰ ਬਾਰਬਾਰ ਜਪ, ਬਾਰਬਾਰ ਜਪ, ਜੋ ਦੁਨੀਆ ਪਾਲਣ ਵਾਲਾ ਹੈ, ਜਿਸ ਦੇ ਅੰਦਰ ਸਾਰੀ ਦੁਨੀਆ ਹੈ, ਜੋ ਦੁਖੀਆਂ ਤੇ ਦਇਆ ਕਰਨ ਵਾਲਾ ਹੈ, ਜੋ ਦੁੱਖ ਭੰਜਨ ਹੈ, ਜੋ ਸਮਰੱਥ ਹੈ, ਜੋ ਕ੍ਰਿਪਾਲ ਪ੍ਰਭੂ ਹੈ। ਉਸ ਇੱਕ ਦੀ ਭਜਨ ਬੰਦਗੀ ਵਿੱਚ ਟਿੱਕ ਜਾ। ਤੇ ਭਾਈ ਇਹ ਤਾਂ ਹੀ ਟਿਕੇਂਗਾ ਜੇ ਸਾਧੂ ਦੀ ਸੰਗਤਿ ਵਿੱਚ ਉਸ ਪਰਮ-ਆਨੰਦ ਦਾ ਭਜਨ ਕਰੇਂਗਾ। ਹੋਰ ਕੋਈ ਢੰਗ ਤਰੀਕਾ ਹੈ ਹੀ ਨਹੀਂ।

## *ਉਤਮ ਸਲੋਕ ਸਾਧ ਕੇ ਬਚਨ ॥*
## *ਅਮੁਲੀਕ ਲਾਲ ਏਹਿ ਰਤਨ ॥*

ਸਾਧੂ ਦੇ ਜੋ ਬਚਨ ਹਨ (ਜੋ ਸੰਤਾ ਦੀ ਬਾਣੀ ਹੈ), ਇਹ ਸਭ ਤੋਂ ਉੱਤਮ ਸਲੋਕ ਹਨ। ਇਹ ਗਿਆਨ ਨੂੰ ਦ੍ਰਿੜ ਕਰ (ਇਨ੍ਹਾਂ ਦੀ ਪਕੜ ਕਰ)।

ਇਹ ਅਮੁੱਲ ਹਨ (ਇਨ੍ਹਾਂ ਦਾ ਕੋਈ ਮੁੱਲ ਨਹੀਂ ਹੈ)। ਇਹ ਹੀਰਾ ਹਨ, ਇਹ ਲਾਲ ਹਨ, ਇਹ ਰਤਨ ਹਨ, ਇਹ ਜਵਾਹਰ ਹਨ, ਇਹ ਮਾਣਿਕ ਹਨ, ਇਹ ਮਣੀਆਂ ਹਨ। ਇਨ੍ਹਾਂ ਦੀ ਪਕੜ ਕਰ ਤੇ ਇਨ੍ਹਾਂ ਨਾਲ ਜੁੜ ਜਾ। ਇਹ (ਸਾਧੂ ਦੇ ਬਚਨ, ਸਾਧੂ ਦੀ ਬਾਣੀ, ਸੰਤਾਂ ਦੀ ਬਾਣੀ, ਗੁਰੂ ਦੀ ਬਾਣੀ) ਤੈਨੂੰ ਪ੍ਰਭੂ ਦਰਗਾਰ ਵਿੱਚ ਲੈ ਕੇ ਜਾਣਗੇ।

## ***ਸੁਨਤ ਕਮਾਵਤ ਹੋਤ ਉਧਾਰ ॥***
## ***ਆਪਿ ਤਰੈ ਲੋਕਹ ਨਿਸਤਾਰ ॥***

ਭਾਈ, ਜੇ ਤੂੰ ਇਸ ਬਾਣੀ ਨੂੰ ਸੁਣੇਂਗਾ, ਇਸ ਬਾਣੀ ਨੂੰ ਕਮਾਏਂਗਾ ਤਾਂ ਤੇਰਾ ਪਾਰ ਉਤਾਰਾ ਹੋ ਜਾਏਗਾ।

ਤੂੰ ਆਪ ਵੀ ਤਰ ਜਾਏਂਗਾ ਤੇ ਏਹੋ ਜੇਹਾ ਹੋ ਜਾਵੇਂਗਾ ਕਿ ਲੋਕਾਂ ਨੂੰ ਵੀ ਤਾਰਨ ਯੋਗ ਹੋ ਜਾਵੇਂਗਾ। ਤੂੰ ਇਸ ਬਾਣੀ ਦੇ ਪੱਲੇ ਲੱਗ (ਇਸ ਬਾਣੀ ਦੀ ਪਕੜ ਕਰ)।

## ***ਸਫਲ ਜੀਵਨੁ ਸਫਲੁ ਤਾ ਕਾ ਸੰਗੁ ॥***
## ***ਜਾ ਕੈ ਮਨਿ ਲਾਗਾ ਹਰਿ ਰੰਗੁ ॥***

ਉਸ ਦਾ ਜੀਵਨ ਸਫਲ ਹੈ। ਉਸ ਦੀ ਸੰਗਤਿ ਵਿੱਚ ਜੋ ਜੀਵ ਜਾਂਦੇ ਹਨ, ਉਹ ਵੀ ਸਫਲ ਹੋ ਜਾਂਦੇ ਹਨ। ਉਸ ਦੀ ਸੰਗਤਿ ਵੀ ਸਫਲ ਹੈ।

ਜਿਸ ਦੇ ਮਨ ਵਿੱਚ ਪਾਰਬ੍ਰਹਮ ਪਰਮੇਸ਼ਰ ਹਰੀ ਦਾ ਪਿਆਰ ਪ੍ਰਗਟ ਹੋ ਗਇਆ ਹੈ। ਜਿਸ ਨੂੰ ਉਸ ਦੀ ਪ੍ਰੀਤਿ ਮਨ ਵਿੱਚ ਉਪਜ (ਉਮੜ) ਆਈ ਹੈ (In whose mind love and affection dwells up for God), ਐਸੇ ਦੀ ਸੰਗਤਿ ਵਿੱਚ ਰਹੋ।

## ***ਜੈ ਜੈ ਸਬਦੁ ਅਨਾਹਦੁ ਵਾਜੈ ॥***
## ***ਸੁਨਿ ਸੁਨਿ ਅਨਦ ਕਰੇ ਪ੍ਰਭੁ ਗਾਜੈ ॥***

ਜੋ ਜੈ ਜੈ ਦਾ ਸ਼ਬਦ ਹੈ। ਉਸ ਮਾਲਕ ਦੀ ਜੈ ਜੈ ਕਰਨੀ ਹੈ, ਹੋਰ ਕਿਸੇ ਦੀ ਜੈ ਜੈ ਨਹੀਂ ਕਰਨੀ। ਇਹ ਸ਼ਬਦ (ਗਿਆਨ) ਉਨ੍ਹਾਂ ਦੇ ਹਿਰਦੇ ਵਿੱਚ ਅਨਹਦ ਰੂਪ ਵਿੱਚ ਪ੍ਰਗਟ ਹੋ ਜਾਂਦਾ ਹੈ। ਉਹ ਪ੍ਰਭੂ ਦਾ ਗੁਣਵਾਦ ਕਰਨ ਵਿੱਚ ਟਿਕ ਜਾਦੇ ਹਨ। ਹਮੇਸ਼ਾ ਉਸ ਦੀ ਜੈ ਜੈ ਕਰਦੇ ਹਨ, ਉਸ ਨੂੰ wonderful wonderful ਕਹਿੰਦੇ ਹਨ, ਉਹ ਨੂੰ ਵਾਹੁ ਵਾਹੁ ਕਹਿੰਦੇ ਹਨ।

ਇਹ ਸੁਣ ਸੁਣ ਕੇ ਆਨੰਦ ਹੁੰਦਾ ਹੈ ਤੇ ਪ੍ਰਭੂ ਉਨ੍ਹਾਂ ਦੇ ਅੰਦਰ ਪ੍ਰਗਟ ਹੋ ਜਾਂਦਾ ਹੈ (ਗੱਜਣ ਲੱਗ ਜਾਂਦਾ ਹੈ, ਉਨ੍ਹਾਂ ਦੇ ਅਨੁਭਵ ਵਿੱਚ ਆ ਜਾਂਦਾ ਹੈ)।

## ***ਪ੍ਰਗਟੇ ਗੁਪਾਲ ਮਹਾਂਤ ਕੈ ਮਾਥੇ ॥***
## ***ਨਾਨਕ ਉਧਰੇ ਤਿਨ ਕੈ ਸਾਥੇ ॥ ੩ ॥***

ਜੋ ਦੁਨੀਆ ਪਾਲਣ ਵਾਲਾ ਹੈ, ਉਹ ਮਹੰਤ (ਸੰਤ, ਸਾਧੁ, ਗੁਰਮੁਖਿ, ਗੁਰਸਿੱਖ, ਜਨ, ਸੇਵਕ, ਦਾਸ, ਗੁਰੂ, ਸਤਿਗੁਰੂ) ਦੇ ਮਸਤਕ ਤੇ ਪ੍ਰਗਟ ਹੋ ਜਾਂਦਾ ਹੈ।

ਹੇ ਨਾਨਕ, ਉਨ੍ਹਾਂ ਦੀ ਸੰਗਤਿ ਵਿੱਚ ਹੀ ਦੂਜੇ ਜੀਵ ਤਰਦੇ ਹਨ (ਆਪੇ ਤਰ ਨਹੀਂ ਸਕਦੇ)।

## ***ਸਰਨਿ ਜੋਗੁ ਸੁਨਿ ਸਰਨੀ ਆਏ ॥***
## ***ਕਰਿ ਕਿਰਪਾ ਪ੍ਰਭ ਆਪ ਮਿਲਾਏ ॥***

ਸਾਨੂੰ ਗੁਰੂ ਨੇ ਦੱਸਿਆ ਕਿ ਪ੍ਰਭੂ ਸ਼ਰਣ ਦੇਣ ਦੇ ਸਮਰੱਥ ਹੈ ਤੇ ਅਸੀਂ ਵੀ ਉਸ ਪ੍ਰਭੂ ਦੀ ਸ਼ਰਨ ਆ ਗਏ।

ਜਦੋਂ ਸ਼ਰਨ ਆਏ ਤਾਂ ਉਸ ਪ੍ਰਭੂ ਨੇ ਕਿਰਪਾ ਕਰਕੇ, ਹਜ਼ੂਰ ਕਹਿੰਦੇ ਨੇ ਕਿ, ਸਾਨੂੰ ਆਪਣੇ ਨਾਲ ਮਿਲਾ ਲਇਆ।

## ***ਮਿਟਿ ਗਏ ਬੈਰ ਭਏ ਸਭ ਰੇਨ ॥***
## ***ਅੰਮ੍ਰਿਤ ਨਾਮੁ ਸਾਧਸੰਗਿ ਲੈਨ ॥***

ਸਾਡੇ ਸਭ ਨਾਲ ਜੋ ਝਗੜੇ ਸਨ, ਜੋ ਦਵੈਤ ਭਾਵ ਸੀ, ਉਹ ਸਭ ਖਤਮ ਹੋ ਗਿਆ। ਅਸੀਂ ਸਭ ਦੇ ਚਰਨਾਂ ਦੀ ਧੂੜ ਹੋ ਗਏ। ਹਜ਼ੂਰ ਆਪਣਾ ਤਜੁਰਬਾ ਦਸ ਰਹੇ ਹਨ ਨਾਮ ਪ੍ਰਾਪਤੀ ਪਰਥਾਏ ਕਿ ਕਿਸ ਤਰਾਂ ਪ੍ਰਾਪਤੀ ਹੋਈ ਤੇ ਪ੍ਰਾਪਤੀ ਹੋ ਕੇ ਕੀ ਹੋਇਆ।

ਅਸੀਂ ਸਾਧੂ (ਸ੍ਰੀ ਗੁਰੂ ਰਾਮਦਾਸ ਜੀ) ਦੀ ਸੰਗਤਿ ਵਿੱਚ ਪ੍ਰਭੂ ਦਾ ਅੰਮ੍ਰਿਤ ਨਾਮ ਜਪਿਆ ਹੈ, ਤਾਂ ਕਰਕੇ ਉਸ ਪ੍ਰਭੂ ਨਾਲ ਮਿਲੇ ਹਾਂ (ਉਸ ਦੀ ਸ਼ਰਨ ਪ੍ਰਾਪਤ ਹੋਈ ਹੈ)।

## ***ਸੁਪ੍ਰਸੰਨ ਭਏ ਗੁਰਦੇਵ ॥***
## ***ਪੂਰਨ ਹੋਈ ਸੇਵਕ ਕੀ ਸੇਵ ॥***

ਸਾਧੂ ਦੀ ਸੰਗਤਿ ਵਿੱਚ ਅੰਮ੍ਰਿਤ ਨਾਮ ਜਪਣ ਕਰਕੇ ਉਹ ਪਾਰਬ੍ਰਹਮ ਪਰਮੇਸ਼ਰ, ਜੋ ਗਿਆਨ ਸਰੂਪ ਪ੍ਰਭੂ ਹੈ, ਸਾਡੇ ਤੇ ਪ੍ਰਸੰਨ ਹੋ ਗਏ। ਸਾਡੀ ਸੇਵਾ ਪੂਰੀ ਹੋਈ ਤੇ ਸਾਨੂੰ ਮਾਲਕ ਨੇ ਬਖਸ਼ਿਆ ਹੈ।

***ਆਲ ਜੰਜਾਲ ਬਿਕਾਰ ਤੇ ਰਹਤੇ ॥***

***ਰਾਮ ਨਾਮ ਸੁਨਿ ਰਸਨਾ ਕਹਤੇ ॥***

ਸਾਨੂੰ ਜੋ ਮਾਇਆ ਦੇ ਮੋਹ ਦੇ ਜਾਲ ਚੰਬੜੇ ਹੋਏ ਸਨ (ਜਿੰਨ੍ਹਾਂ ਵਿੱਚ ਅਸੀਂ ਫਸੇ ਹੋਏ ਸਾਂ, ਵਿਕਾਰਾਂ ਵਿੱਚ ਬਿਰਤੀ ਫਸੀ ਹੋਈ ਸੀ), ਉਹ ਸਭ ਦੂਰ ਹੋ ਗਏ।

ਰੱਬ ਦਾ ਨਾਮ (ਰਾਮ ਦਾ ਨਾਮ) ਅਸੀਂ ਸੁਨਣ ਲੱਗ ਗਏ ਤੇ ਰਸਨਾ ਨਾਲ ਕਹਿਣ ਲੱਗ ਗਏ (ਸਾਧੂ ਦੀ ਸੰਗਤਿ ਵਿੱਚ), ਤੇ ਇਸ ਤਰਾਂ ਨਾਮ ਦ੍ਰਿੜ ਹੋਇਆ ਹੈ।

***ਕਰਿ ਪ੍ਰਸਾਦੁ ਦਇਆ ਪ੍ਰਭਿ ਧਾਰੀ ॥***

***ਨਾਨਕ ਨਿਬਹੀ ਖੇਪ ਹਮਾਰੀ ॥ ੪ ॥***

ਕਿਰਪਾ ਕੀਤੀ ਉਸ ਪਾਰਬ੍ਰਹਮ ਪਰਮੇਸ਼ਰ ਨੇ, ਸਾਡੇ ਦੇ ਦਇਆ ਕਰ ਦਿੱਤੀ।

ਹੇ ਨਾਨਕ, ਸਾਨੂੰ ਜੋ ਸੌਦਾ ਚਾਹੀਦਾ ਹੈ, ਉਹ ਪੂਰਾ ਸੌਦਾ ਲੈ ਕੇ ਅਸੀਂ ਦਰਗਾਹ ਵਿੱਚ ਆਏ ਤੇ ਸਾਡਾ ਸੌਦਾ ਪ੍ਰਵਾਨ ਹੋਇਆ ਤੇ ਸਾਡਾ ਇਹ ਜੀਵਨ ਸਫਲ ਹੋਇਆ ਹੈ। ਇਹ ਸਾਧੂ ਦੀ ਸੰਗਤਿ ਵਿੱਚ ਨਾਮ ਜਪ ਕੇ ਸਫਲ ਹੋਇਆ ਹੈ।

ਹਜ਼ੂਰ ਆਪਣਾ ਤਜੁਰਬਾ ਦੱਸ ਕੇ ਹੁਣ ਸਿੱਖਿਆ ਦੇਂਦੇ ਹਨ ਕਿ ਕੀ ਕਰੋ ਭਾਈ :-

***ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ ॥***

***ਸਾਵਧਾਨ ਏਕਾਗਰ ਚੀਤ ॥***

ਉਸ ਮਾਲਕ ਦੀ ਸੋਭਾ ਕਰੋ, ਉਸ ਦਾ ਗੁਣਵਾਦ ਕਰੋ, ਉਸ ਦੇ ਗੁਣ ਗਾਉ। ਕਿਸ ਤਰਾਂ ਕਰਨਾ ਹੈ ?

ਹੇ ਸੰਤ ਮਿਤ੍ਰੋ, ਸਾਵਧਾਨ ਹੋ ਕੇ ਕਰੋ (ਧਿਆਨ ਨਾਲ ਕਰੋ)। ਨਿਰਾ ਧਿਆਨ ਨਾਲ ਨਹੀਂ, ਇਕਾਗਰ ਚੀਤ ਹੋ ਕੇ ਕਰੋ (ਪੂਰਨ ਧਿਆਨ ਨਾਲ ਕਰੋ)। Not only with attention but rapt attention. ਉਸ ਪ੍ਰਭੂ ਦੇ ਗੀਤ (ਗੁਣ) ਗਾਉ। ਇਹ ਢੰਗ ਤਰੀਕਾ ਉਸ ਪ੍ਰਭੂ ਨੂੰ ਮਿਲਣ ਦਾ ਹੈ। ਇਹ ਢੰਗ ਤਰੀਕਾ ਅਸੀਂ ਅਪਨਾਉਣਾ ਹੈ ਕਿ ਉਸ ਪ੍ਰਭੂ ਦੇ ਗੁਣ ਪੂਰੀ ਸੁਰਤਿ (ਪੂਰਾ ਧਿਆਨ) ਜੋੜ ਕੇ ਗਾਉਣੇ ਹਨ ਤੇ ਸ਼ਬਦ ਦੇ ਅਰਥ ਵਿੱਚ ਟਿਕ ਕੇ ਗਾਉਣ ਹਨ। ਇਸ ਤਰਾਂ ਹੀ ਆਤਮਾ ਉਸ ਨਾਲ ਮਿਲ ਸਕਦੀ ਹੈ।

***ਸੁਖਮਨੀ ਸਹਜ ਗੋਬਿੰਦ ਗੁਨ ਨਾਮ ॥***

***ਜਿਸੁ ਮਨਿ ਬਸੈ ਸੁ ਹੋਤ ਨਿਧਾਨ ॥***

ਇਹ ਸੁੱਖਾਂ ਦੀ ਮਣੀ ਹੈ - ਪ੍ਰਭੂ ਦੇ ਗੁਣ ਗਾਉਣੇ। ਇਹ ਸੁੱਖਾਂ ਦੀ ਮਣੀ ਹੈ। ਇਹ ਸੁੱਖ ਦੇਖ ਵਾਲਾ ਰਤਨ (ਹੀਰਾ, ਲਾਲ, ਜਵਾਹਰ) ਹੈ- ਨਾਮ। ਇਹ ਸਹਿਜ ਅਵਸਥਾ ਵਿੱਚ ਗੋਬਿੰਦ ਦੇ ਗੁਣ ਗਾਉਣੇ। ਗੋਬਿੰਦ ਦੇ ਗੁਣ ਗਾਉਣੇ ਹੀ ਨਾਮ ਹੈ। ਹੋਰ ਕੋਈ ਨਾਮ ਪ੍ਰਾਪਤੀ ਦਾ ਢੰਗ ਤਰੀਕਾ ਨਹੀਂ। ਏਹੀ ਸੁੱਖ ਬਖਸ਼ਣ ਵਾਲੀ ਮਣੀ ਹੈ। ਇਸ ਨਾਲ ਭਾਈ ਜੁੜ ਜਾਉ। ਗੋਬਿੰਦ ਦੇ ਗੁਣ ਦਿਨ ਰਾਤ ਸਹਿਜ ਅਵਸਥਾ ਵਿੱਚ ਟਿਕ ਕੇ ਇਕਾਗਰ ਚਿਤ ਹੋ ਕੇ ਗਾਉ।

ਜਿਸ ਦੇ ਮਨ ਵਿੱਚ ਇਹ ਸਿਫਤਿ ਸਲਾਹ ਵੱਸ ਜਾਵੇ, ਉਹੀ ਆਤਮਾ ਨਾਮ ਦਾ ਭੰਡਾਰ ਬਣ ਜਾਂਦੀ ਹੈ (ਉਸ ਨੂੰ ਨਾਮ ਦੇ ਸਾਰੇ ਹੀ ਖਜ਼ਾਨੇ ਪ੍ਰਾਪਤ ਹੋ ਜਾਂਦੇ ਹਨ)।

***ਸਰਬ ਇਛਾ ਤਾ ਕੀ ਪੂਰਨ ਹੋਇ ॥***

***ਪ੍ਰਧਾਨ ਪੁਰਖੁ ਪ੍ਰਗਟੁ ਸਭ ਲੋਇ ॥***

ਉਸ ਦੀਆਂ ਸਭ ਰੀਝਾਂ ਪੂਰੀਆਂ ਹੋ ਜਾਂਦੀਆਂ ਹਨ।

ਉਹ ਸਭ ਤੋਂ ਸ੍ਰੇਸ਼ਟ ਵਿਅਕਤੀ ਹੋ ਜਾਂਦਾ ਹੈ ਤੇ ਸੰਸਾਰ ਵਿੱਚ ਪ੍ਰਗਟ ਹੋ ਜਾਂਦਾ ਹੈ।

***ਸਭ ਤੇ ਊਚ ਪਾਏ ਅਸਥਾਨੁ ॥***

***ਬਹੁਰਿ ਨ ਹੋਵੈ ਆਵਨ ਜਾਨੁ ॥***

ਜਿਹੜਾ ਵਿਕਅਤੀ ਇਹ ਕੰਮ ਕਰਨ ਲੱਗ ਜਾਂਦਾ ਹੈ (ਕਿ ਪੂਰਨ ਇਕਾਗਰ ਚਿਤ ਕਰਕੇ ਪ੍ਰਭੂ ਦਾ ਗੁਣਵਾਦ ਕਰਨ ਲਗ ਜਾਂਦਾ ਹੈ), ਉਹ ਆਤਮਾ ਸਭ ਤੋਂ ਉੱਚੇ ਟਿਕਾਣੇ (ਅਵਸਥਾ) ਤੇ ਪਹੁੰਚ ਜਾਦੀ ਹੈ।

ਉਸ (ਆਤਮਾ) ਦਾ ਆਵਾਗਮਣ ਕੱਟਿਆ ਜਾਂਦਾ ਹੈ। ਇਹ ਸਾਧਨ ਗਰੂ ਦੇ ਸਿੱਖਾਂ ਨੇ ਅਪਨਾਉਣਾ ਹੈ।

***ਹਰਿ ਧਨੁ ਖਾਟਿ ਚਲੈ ਜਨੁ ਸੋਇ ॥***

***ਨਾਨਕ ਜਿਸਹਿ ਪਰਾਪਤਿ ਹੋਇ ॥ ੫ ॥***

ਹਰੀ ਦਾ ਧਨ ਭਾਈ ਉਹੀ ਆਤਮਾਵਾਂ ਖੱਟ ਕੇ ਜਾਂਦੀਆਂ ਹਨ, ਜਿਨ੍ਹਾਂ ਦੇ ਭਾਗਾਂ ਵਿੱਚ ਇਹ ਪ੍ਰਾਪਤੀ ਲਿੱਖੀ ਹੋਵੇ (ਉਨ੍ਹਾਂ ਨੂੰ ਮਾਲਕ ਬਖਸ਼ ਦੇਂਦਾ ਹੈ)। ਸਾਧਨ ਇਹ ਅਪਨਾਉਣਾ ਹੈ। ਪਰ ਇਸ ਸਾਧਨ ਤੇ ਵੀ ਆਸਰਾ ਨਹੀਂ ਰਖਣਾ (ਕਿ ਮੈਂ ਗੁਣ ਗਾਉਂਦਾ ਹਾਂ, ਹੁਣ ਮੈਂ ਨਾਮ ਨੂੰ ਪ੍ਰਾਪਤ ਕਰ ਲਵਾਂਗਾ)। ਨਾਮ ਗੁਰ ਪ੍ਰਸਾਦਿ ਹੈ, ਪ੍ਰਭੂ ਕ੍ਰਿਪਾ ਤੇ ਹੈ, **''ਨਦਰੀ ਮੋਖਿ ਦੁਆਰ''** ਹੈ। ਉਸ ਪ੍ਰਭੂ ਦੀ ਨਦਰ ਹੇਠਾਂ ਆਪਣੇ ਮਨ ਨੂੰ ਲਿਆਉਂਣਾ ਹੈ ਤਾਂ ਕਿ ਗੁਣ ਗਾਉਂਦਿਆਂ ਗਾਉਂਦਿਆਂ ਕਦੀ ਹਉਮੈ ਮਨ ਵਿੱਚ ਨਾ ਆਵੇ ਕਿ ਮੈਂ ਇੰਨੇ ਗੁਣ ਗਾਉਂਦਾ ਹਾਂ। ਗੁਰੂ ਦਾ ਦੱਸਿਆ ਇਹ ਢੰਗ ਤਰੀਕਾ ਅਸੀਂ ਅਪਨਾਉਣਾ ਹੈ।

***ਖੇਮ ਸਾਂਤਿ ਰਿਧਿ ਨਵ ਨਿਧਿ ॥***

***ਬੁਧਿ ਗਿਆਨੁ ਸਰਬ ਤਹ ਸਿਧਿ ॥***

ਖੁਸ਼ੀਆਂ, ਸ਼ਾਂਤੀ, ਧਨ ਦੌਲਤ ਦੇ ਨੌਂਐ ਭੰਡਾਰੇ, ਬੁੱਧੀ,

ਬੁੱਧੀ ਵਿੱਚ ਗਿਆਨ, ਤੇ ਸਾਰੇ ਤਰਾਂ ਦੀਆਂ ਸਿੱਧੀਆਂ ਐਸੀ ਆਤਮਾ ਨੂੰ ਪ੍ਰਾਪਤ ਹੋ ਜਾਂਦੀਆ ਹਨ, ਜੋ (ਆਤਮਾ) ਉਪਰ ਦਸਿਆ ਸਾਧਨ ਅਪਨਾਉਂਦੀ ਹੈ।

***ਬਿਦਿਆ ਤਪੁ ਜੋਗੁ ਪ੍ਰਭ ਧਿਆਨੁ ॥***

***ਗਿਆਨੁ ਸ੍ਰੇਸਟ ਊਤਮ ਇਸਨਾਨੁ ॥***

ਉਸ ਨੂੰ ਸਾਰੀ ਵਿਦਿਆ ਪ੍ਰਾਪਤ ਹੋ ਜਾਂਦੀ ਹੈ ਤੇ ਸਾਰੇ ਹੀ ਤੱਪ ਉਹ ਆਤਮਾ ਕਰ ਲੈਂਦੀ ਹੈ, ਜੋ ਉਪਰ ਦਸਿਆ (ਸਿਫਤਿ ਸਲਾਹ ਦਾ) ਸਾਧਨ ਅਪਨਾਉਂਦੀ ਹੈ। ਬਾਕੀ ਢੰਗ ਅਪਨਾਉਣ ਦੀ ਲੋੜ ਨਹੀਂ ਪੈਂਦੀ। ਉਸ ਦਾ ਪੂਰਾ ਧਿਆਨ ਪ੍ਰਭੂ ਵਿੱਚ ਜੁੜ ਜਾਂਦਾ ਹੈ। ਹੋਰ
ਕਰਮ ਕਰਨ ਦੀ ਲੋੜ ਨਹੀਂ ਪੈਂਦੀ।

ਸਾਰਾ ਗਿਆਨ, ਜੋ ਸ੍ਰੇਸ਼ਟ (ਉੱਤਮ) ਗਿਆਨ ਹੈ ਤੇ ਜੋ ਸੰਸਾਰ ਵਿੱਚ ਮੰਨੇ ਹੋਏ ਉੱਤਮ ਇਸ਼ਨਾਨ ਹਨ (ਜਿਨਾਂ ਦੇ ਵੱਡੇ ਫਲ ਗਿਣੇ ਗਏ ਹਨ), ਉਹ ਸਾਰੇ ਹੀ ਫਲ ਉਹ ਆਤਮਾ ਪਾ ਲੈਂਦੀ ਹੈ, ਜੋ ਇਕਾਗਰ ਚਿੱਤ ਹੋ ਕੇ ਪ੍ਰਭੂ ਦੇ ਗੁਣ ਗਾਉਂਦੀ ਹੈ। ਹਜ਼ੂਰ ਕਹਿੰਦੇ ਨੇ :-

**H ਅਉਸਰਿ ਹਰਿ ਜਸੁ ਗੁਣ ਰਮਣ ਜਿਤੁ ਕੋਟਿ ਮਜਨ ਇਸਨਾਨੁ ॥**
**ਰਸਨਾ ਉਚਰੈ ਗੁਣਵਤੀ ਕੋਇ ਨ ਪੁਜੈ ਦਾਨੁ ॥ (ਪੰਨਾ ੪੯)**

ਜਿਸ ਸਮੇਂ ਹਰੀ ਦਾ ਜਸ (ਗੁਣਵਾਦ) ਕੀਤਾ ਜਾਵੇ (ਉਸ ਦੇ ਗੁਣ ਗਾਏ ਜਾਣ), ਉਸ ਸਮੇਂ ਵਿੱਚ ਕਰੋੜਾਂ ਮੰਜਣ ਇਸ਼ਨਾਨਾਂ ਦਾ ਫਲ ਜੀਵਆਤਮਾ ਨੂੰ ਮਿਲਦਾ ਹੈ।

ਜੇ ਕੋਈ ਆਤਮਾ ਰਸਨਾ ਨਾਲ ਉਸ ਗੁਣਾਂ ਦੇ ਭੰਡਾਰ ਨੂੰ ਚੇਤੇ ਕਰਦੀ ਹੈ ਤਾਂ ਉਹ ਇੱਡਾ ਵੱਡਾ ਦਾਨ ਕਰਦੀ ਹੈ ਕਿ ਸੰਸਾਰ ਵਿੱਚ ਕੋਈ ਜੀਵ ਇੱਡਾ ਵੱਡਾ ਦਾਨ ਕਰ ਹੀ ਨਹੀਂ ਸਕਦਾ। ਗੁਣ ਗਾਉਣ ਦੇ ਐਸੇ ਫਲ ਹਨ। ਇਹ ਗੁਣ ਅਸੀਂ ਗਾਉਣੇ ਹਨ। ਹਜ਼ੂਰ ਗਿਣ ਰਹੇ ਹਨ ਕਿ ਜਿਹੜੇ ਜੀਵ ਇਹ ਕਰਮ ਕਰਦੇ ਹਨ, ਇਹ ਕਰਮ ਕਰਨ ਦੀ ਲੋੜ ਨਹੀਂ। ਸਿਰਫ ਗੁਣਵਾਦ ਕਰਨ ਨਾਲ ਇਹ ਸਾਰੇ ਕਰਮਾਂ ਦੇ ਫਲ ਪ੍ਰਾਪਤ ਹੁੰਦੇ ਹਨ।

***ਚਾਰਿ ਪਦਾਰਥ ਕਮਲ ਪ੍ਰਗਾਸ ॥***

***ਸਭ ਕੈ ਮਧਿ ਸਗਲ ਤੇ ਉਦਾਸ ॥***

ਐਸੀ ਆਤਮਾ, ਜੋ ਪ੍ਰਭੂ ਦੇ ਗੁਣ ਗਾਉਂਦੀ ਹੈ (ਸੰਤ ਦੀ ਸੰਗਤਿ ਵਿੱਚ), ਉਹਨੂੰ ਚਾਰੇ ਭੰਡਾਰੇ (ਧਰਮ, ਅਰਥ, ਕਾਮ, ਮੋਕਸ਼) ਪ੍ਰਾਪਤ ਹੋ ਜਾਂਦੇ ਹਨ।

ਸਾਰਿਆਂ ਦੇ ਵਿੱਚ ਰਹਿੰਦਾ ਹੋਇਆ ਹੀ ਉਹ ਮਾਇਆ ਤੋਂ ਉਦਾਸ (ਨਿਰਲੇਪ) ਹੋ ਜਾਂਦਾ ਹੈ। ਉਹਨੂੰ ਘਰ ਬਾਹਰ ਛੱਡ ਕੇ ਜੰਗਲਾਂ ਵਿੱਚ ਜਾਣ ਦੀ ਲੋੜ ਨਹੀਂ ਪੈਂਦੀ। ਕਿਉਂਕਿ ਉਹ ਆਤਮਾ ਕੈਸੀ ਹੋ ਜਾਂਦੀ ਹੈ ? ਗੁਰਮੱਤਿ ਵਿੱਚ ਇਕਾਂਤ ਰਹਿਣੀ ਕੀ ਹੈ ?

**H ਰਹਹਿ ਇਕਾਂਤ ਏਕੋ ਮਨਿ ਵਸਿਆ**

**ਆਸਾ ਮਾਹਿ ਨਿਰਾਸਾ ॥ (ਪੰਨਾ ੯੬੯)**

ਆਸਾਂ ਭਰੀ ਦੁਨੀਆਂ ਵਿੱਚ ਨਿਰਾਸ ਹੋ ਕੇ ਵਰਤੇ ਤੇ ਇੱਕ ਪ੍ਰਭੂ ਨੂੰ ਆਪਣੇ ਮਨ ਵਿੱਚ ਵਸਾ ਲਵੇ, ਤਾਂ ਜੀਵ ਆਤਮਾ ਇਕਾਂਤ ਵਿੱਚ ਜਾਦੀ ਹੈ। ਕੋਈ ਘਰ ਬਾਹਰ ਤਿਆਗਣ ਦੀ ਲੋੜ ਨਹੀਂ। ਹਜ਼ੂਰ ਸਾਨੂੰ ਦਸਦੇ ਹਨ :-

**H ਬਦ ਸੇ ਸਦਨ ਸਭੇ ਕਰਿ ਜਾਨਹੁ ਮਨ ਹੀ ਮਾਹਿ ਉਦਾਸਾ ॥**

ਭਾਈ, ਮਹਿਲਾਂ ਵਿੱਚ ਰਹਿੰਦਾ ਹੋਇਆ ਹੀ ਆਪਣੇ ਆਪ ਨੂੰ ਸਮਝ ਕਿ ਮੈਂ ਨਿਰਲੇਪ ਤੇ ਇਕੱਲਾ ਜੰਗਲ ਵਿੱਚ ਰਹਿ ਰਹਿਆ ਹਾਂ। ਮਨ ਵਿੱਚ ਮਾਇਆ ਵੱਲੋਂ ਉਦਾਸ ਹੋ। ਸਰੀਰ ਕਰ ਕੇ ਇਹਨੂੰ ਛੱਡਣ ਦੀ ਲੋੜ ਨਹੀਂ ਹੈ।

***ਸੁੰਦਰੁ ਚਤੁਰੁ ਤਤ ਕਾ ਬੇਤਾ ॥***

***ਸਮਦਰਸੀ ਏਕ ਦ੍ਰਿਸਟੇਤਾ ॥***

ਜਿਹਨੂੰ ਇੱਕ ਪ੍ਰਭੂ ਦੇ ਦਰਸ਼ਨ ਹੋ ਜਾਂਦੇ ਹਨ, ਉਹੀ ਸੁੰਦਰ ਹੈ। ਉਹੀ ਗਿਆਨਵਾਨ ਹੈ। ਉਸ ਨੂੰ ਹੀ ਤੱਤ ਗਿਆਨ ਹੈ (ਸਭ ਤੱਤ ਗਿਆਨ ਉਸ ਨੂੰ ਆ ਜਾਂਦਾ ਹੈ)। ਉਸ ਦੀ ਭਾਵਨਾ ਸਭ ਲਈ ਇੱਕ ਰਸ (ਇੱਕੋ ਜਿਹੀ) ਹੋ ਜਾਂਦੀ ਹੈ। ਉਹ ਸਮਦਰਸੀ ਹੈ (ਸਭ ਨੂੰ ਇੱਕੋ ਜੇਹੀ ਨਦਰ ਨਾਲ ਵੇਖਦਾ ਹੈ), ਜਿਸ ਨੂੰ ਇੱਕ ਪਾਰਬ੍ਰਹਮ ਪਰਮੇਸ਼ਰ ਨਦਰੀ ਆ ਜਾਂਦਾ ਹੈ।

***ਇਹ ਫਲ ਤਿਸੁ ਜਨ ਕੈ ਮੁਖਿ ਭਨੇ ॥***

***ਗੁਰ ਨਾਨਕ ਨਾਮ ਬਚਨ ਮਨਿ ਸੁਨੇ ॥ ੬ ॥***

ਇਹ ਫਲ ਮਿਲਦੇ। ਹਨ ਜੋ ਉਪਰਲੇ ਕਰਮਾਂ ਦੇ ਫਲ ਹਨ, ਉਸ ਨੂੰ ਸਾਰੇ ਹੀ ਪ੍ਰਾਪਤ ਹੋ ਜਾਂਦੇ ਹਨ, ਜੋ ਮੁੱਖ ਨਾਲ ਉਸ ਪ੍ਰਭੂ ਦਾ ਨਾਮ ਜਪਦਾ ਹੈ।

ਹੇ ਨਾਨਕ, ਉਹ ਆਤਮਾ ਸਾਧੂ ਆਤਮਾ ਬਣ ਜਾਂਦੀ ਹੈ, ਜਿਹੜੀ ਇਨ੍ਹਾਂ ਬਚਨਾਂ ਨੂੰ, ਜੋ ਉਪਰ ਦੱਸੇ ਗਏ ਹਨ, ਮਨ ਵਿੱਚ ਸੁਣ ਲੈਂਦੀ ਹੈ (ਮਨ ਵਿੱਚ ਗ੍ਰਹਿਣ ਕਰ ਲੈਂਦੀ ਹੈ)। ਭਾਵਨਾ ਇਹ ਹੈ ਕਿ ਜੋ ਬਾਕੀ ਕਰਮ ਤਿਆਗ ਕੇ ਸਿਫਤਿ ਸਲਾਹ ਕਰਨ ਲੱਗ ਜਾਂਦੀ ਹੈ ਤੇ ਸਿਫਤਿ ਸਲਾਹ ਦੇ ਲੜ ਲੱਗ ਜਾਂਦੀ ਹੈ।

***ਇਹੁ ਨਿਧਾਨੁ ਜਪੈ ਮਨਿ ਕੋਇ ॥***

***ਸਭ ਜੁਗ ਮਹਿ ਤਾ ਕੀ ਗਤਿ ਹੋਇ ॥***

ਜੋ ਐਸਾ ਭੰਡਾਰ ਹੈ। ਜੋ ਉਪਰ ਗੁਣ ਦੱਸੇ ਗਏ ਹਨ ਵਾਹਿਗੁਰੂ ਦੇ, ਉਸ ਪਰਥਾਏ ਹਜ਼ੂਰ ਦਸ ਰਹੇ ਹਨ ਕਿ ਉਹ ਐਸਾ ਭੰਡਾਰ ਹੈ ਕਿ ਜੇ ਕੋਈ ਉਸਨੂੰ ਮਨ ਵਿੱਚ ਜਪੇ ਤਾਂ ਸਭ ਸਮਿਆਂ ਵਿੱਚ ਉਨ੍ਹਾਂ ਦੀ ਗਤੀ ਹੋ ਜਾਂਦੀ ਹੈ। ਹੋਰ ਕਿਸੇ ਕਰਮ ਕਰਨ ਦੀ ਲੋੜ ਨਹੀਂ ਪੈਂਦੀ।

***ਗੁਣ ਗੋਬਿੰਦ ਨਾਮ ਧੁਨਿ ਬਾਣੀ ॥***

***ਸਿਮ੍ਰਿਤਿ ਸਾਸਤ੍ਰ ਬੇਦ ਬਖਾਣੀ ॥***

ਸਿੰਮ੍ਰਿਤੀਆਂ, ਸ਼ਾਸਤ੍ਰ ਤੇ ਵੇਦ ਵੀ ਉਸ ਦਾ ਗੁਣਵਾਦ ਹੀ ਕਰਦੇ ਹਨ। ਉਸ ਦੁਨੀਆ ਬਨਾਉਣ ਵਾਲੇ ਦੇ ਗੁਣ ਗਾਉਂਣੇ ਹਨ, ਉਸ ਦੇ ਨਾਮ ਦੀ ਲਿਵ ਵਿੱਚ ਜੁੜਨਾ ਹੈ।

ਇਸ ਬਾਣੀ ਦੁਆਰਾ ਹੀ ਜੁੜਨਾ ਹੈ। ਹੋਰ ਕੋਈ ਢੰਗ ਤਰੀਕਾ ਨਹੀਂ ਹੈ। ਜੇ ਕੋਈ ਆਤਮਾ ਉਸ ਵਿੱਚ ਜੁੜ ਜਾਵੇ, ਤਾਂ ਉਸ ਨੂੰ ਹਰ ਤਰਾਂ ਦਾ ਗਿਆਨ ਪ੍ਰਾਪਤ ਹੋ ਜਾਂਦਾ ਹੈ।

***ਸਗਲ ਮਤਾਂਤ ਕੇਵਲ ਹਰਿ ਨਾਮ ॥***

***ਗੋਬਿੰਦ ਭਗਤ ਕੈ ਮਨਿ ਬਿਸ੍ਰਾਮ ॥***

'ਮਤ' ਹੁੰਦੀ ਹੈ Philosphy। 'ਮਤਾਂਤ' Philosphy ਦਾ ਬਹੁਵਚਨ। 'ਸਗਲ ਮਤਾਂਤ' All Philosphies। ਸਾਰੀਆਂ Philosphies ਕੀ ਹਨ ? ਕੇਵਲ ਹਰੀ ਨਾਮ ਹੈ। ਗੁਰੂ ਦੇ ਸਿੱਖ ਨੇ ਕੇਵਲ ਇੱਕ ਹਰੀ ਨਾਮ ਨਾਲ ਹੀ ਜੁੜਨਾ ਹੈ, ਹੋਰ ਕਿਸੇ Philosphy ਨੂੰ ਗ੍ਰਹਿਣ ਨਹੀਂ ਕਰਨਾ। ਗੁਰੂ ਦੀ Philosphy ਏਹੀ ਹੈ ਕਿ ਗੋਬਿੰਦ ਦੇ ਗੁਣ ਗਾ, ਰੱਬ ਜੀ ਦਾ ਗੁਣਵਾਦ ਕਰ)। ਨਹੀਂ ਕੀਤਾ ਜਾਂਦਾ ਤਾਂ ਉਹਦੇ ਅੱਗੇ ਅਰਦਾਸਿ ਕਰ ਕਿ ਉਹ ਗੁਣ ਗਾਉਣ ਲਾ ਦੇਵੇ। ਇਹ ਗੁਣ ਗਾਉਣੇ ਸਾਧੂ ਦੀ ਸੰਗਤਿ ਵਿੱਚ ਹੀ ਪ੍ਰਾਪਤ ਹੁੰਦੇ ਹਨ। ਇਸ ਲਈ ਪ੍ਰਭੂ ਅੱਗੇ ਬੇਨਤੀ ਕਰ

ਕਿ ਹੇ ਸੱਚੇ ਪਾਤਸ਼ਾਹ, ਮੈਨੂੰ ਸੰਤਾਂ ਦੀ ਸੰਗਤਿ ਵਿੱਚ ਰੱਖ। ਕੇਵਲ ਹਰੀ ਨਾਮ ਨੂੰ ਦ੍ਰਿੜ ਕਰਨਾ ਹੀ ਸਾਰੇ ਮੱਤ ਹਨ। ਹੋਰ ਕਿਸੇ ਮੱਤ ਨੂੰ ਗੁਰੂ ਦੇ ਸਿੱਖ ਨੇ ਨਹੀਂ ਮੰਨਣਾ।

ਜੋ ਗੋਬਿੰਦ ਦਾ ਭਗਤ ਹੁੰਦਾ ਹੈ, ਉਸ ਦੇ ਮਨ ਵਿੱਚ ਇਹ ਗੱਲ ਦ੍ਰਿੜ ਹੋ ਜਾਂਦੀ ਹੈ (ਟਿਕ ਜਾਂਦੀ ਹੈ) ਕਿ ਕੇਵਲ ਹਰੀ ਨਾਮ ਦੇ ਆਸਰੇ ਹੋਣਾ ਹੈ। ਹੋਰ ਕਿਸੇ ਦਾ ਆਸਰਾ ਨਹੀਂ ਲੈਣਾ।

## *ਕੋਟਿ ਅਪ੍ਰਾਧ ਸਾਧਸੰਗਿ ਮਿਟੈ ॥*
## *ਸੰਤ ਕ੍ਰਿਪਾ ਤੇ ਜਮ ਤੇ ਛੁਟੈ ॥*

ਕਰੋੜਾਂ ਕੀਤੇ ਹੋਏ ਪਾਪ ਸਾਧੂ ਦੀ ਸੰਗਤਿ ਵਿੱਚ ਨਸ਼ਟ ਹੋ ਜਾਂਦੇ ਹਨ ਕਿਉਂਕਿ ਸਾਧੂ ਜੀਵ ਨੂੰ ਰੱਬ ਦੇ ਗੁਣ ਗਾਉਣ ਲਾ ਦੇਂਦਾ ਹੈ। ਤੇ ਗੁਣ ਗਾ ਗਾ ਕੇ ਪਾਪ ਨਸ਼ਟ ਹੁੰਦੇ ਹਨ। ਕਿਉਂਕਿ ਹੁਕਮ ਹੈ :-

**H ਕੋਟਿ ਅਘਾ ਤੇਰੋ ਨਾਮ ਹਰਨ ॥** (ਪੰਨਾ ੮੨੮)

ਹੇ ਸੱਚੇ ਪਾਤਸ਼ਾਹ, ਤੇਰਾ ਨਾਮ ਐਸਾ ਹੈ ਕਿ ਕੀਤੇ ਹੋਏ ਕਰੋੜਾਂ ਪਾਪਾਂ ਨੂੰ ਨਾਸ਼ ਕਰ ਦੇਂਦਾ ਹੈ। ਉਹ ਨਾਮ ਸਿਫਤਿ ਸਾਲਹ ਨਾਲ ਹੀ ਦ੍ਰਿੜ ਹੁੰਦਾ ਹੈ ਤੇ ਸਿਫਤਿ ਸਲਾਹ ਸਾਧ ਦੀ ਸੰਗਤਿ ਵਿੱਚ ਹੀ ਹੁੰਦੀ ਹੈ।

ਤੇ ਸੰਤ ਦੀ ਕ੍ਰਿਪਾ ਪ੍ਰਾਪਤ ਹੋ ਜਾਂਦੀ ਹੈ, ਜਦੋਂ ਸੰਤ ਦਾ ਹੁਕਮ ਮੰਨਿਆ ਜਾਵੇ, ਜੀਵ ਸਿਫਤਿ ਸਲਾਹ ਕਰਨ ਲੱਗ ਜਾਵੇ ਤਾਂ ਜਮਾਂ ਤੋਂ ਉਸ ਦਾ ਛੁਟਕਾਰਾ ਹੋ ਜਾਂਦਾ ਹੈ।

## *ਜਾ ਕੈ ਮਸਤਕਿ ਕਰਮ ਪ੍ਰਭਿ ਪਾਏ ॥*
## *ਸਾਧ ਸਰਣਿ ਨਾਨਕ ਤੇ ਆਏ ॥ ੭ ॥*

ਜਿਨ੍ਹਾਂ ਦੇ ਮੱਥੇ ਤੇ ਭਾਗ ਪ੍ਰਭੂ ਨੇ ਲਿੱਖ ਦਿੱਤੇ ਹਨ, ਉਹੀ ਸਾਧੂ ਦੀ ਸੰਗਤਿ (ਸ਼ਰਣ) ਵਿੱਚ ਜਾਂਦੇ ਹਨ। ਦੂਜਾ ਜਾ ਨਹੀਂ ਸਕਦਾ ਕਿਉਂਕਿ ਉਹਨੂੰ ਸਮਝ ਹੀ ਨਹੀਂ ਕਿ ਇਹ ਸਾਧ ਹੈ, ਕਿ ਅਸਾਧ ਹੈ। ਦੂਸਰੇ ਨੂੰ ਇਹ ਦ੍ਰਿੜਤਾ (ਯਕੀਨ) ਹੀ ਨਹੀਂ ਆਉਂਦਾ ਹਜ਼ੂਰ ਕਹਿੰਦੇ ਨੇ :-

**H ਸਾਧੁ ਮਿਲੈ ਪੂਰਬ ਸੰਜੋਗ ॥**
**ਸਚਿ ਰਹਸੇ ਪੂਰੇ ਹਰਿ ਲੋਗ ॥** (ਪੰਨਾ ੧੫੩)

ਇਹ (ਸਾਧ) ਪੂਰੇ ਸੰਜੋਗਾਂ ਕਰਕੇ ਹੀ ਮਿਲਦੇ ਨੇ। ਆਪਣੀ ਮਰਜ਼ੀ ਨਾਲ ਸਾਧ ਦੀ ਸੰਗਤਿ ਕਿਸੇ ਜੀਵ ਨੂੰ ਨਹੀਂ ਮਿਲ ਸਕਦੀ। ਭਾਗਾਂ ਵਿੱਚ ਹੋਵੇ ਤਾਂ ਮਿਲਦੀ ਹੈ। ਹਜ਼ੂਰ ਕਹਿੰਦੇ ਨੇ :-

**H ਗੁਰ ਸਭਾ ਏਵ ਨ ਪਾਈਐ ਨਾ ਨੇੜੈ ਨਾ ਦੂਰਿ ॥** (ਪੰਨਾ ੮੪)

ਕੋਈ ਨੇੜੇ ਰਹਿ ਕੇ ਜਾਂ ਦੂਰ ਹੋ ਕੇ ਗੁਰੂ ਦੀ ਸੰਗਤਿ ਨਹੀਂ ਮਿਲਦੀ। ਗੁਰੂ ਦੀ ਸੰਗਤਿ ਤਾਂ ਅੰਤਰ ਆਤਮੇ ਮਿਲਦੀ ਹੈ, ਜਿਸ ਨੂੰ ਵੀ ਮਿਲਦੀ ਹੈ। ਭਾਗਾਂ ਤੋਂ ਬਗੈਰ ਸਤਸੰਗਿ ਨਹੀਂ ਮਿਲਦਾ।

**H ਬਿਨੁ ਭਾਗਾ ਸਤਸੰਗੁ ਨ ਲਭੈ ਬਿਨੁ ਸੰਗਤਿ ਮੈਲੁ ਭਰੀਜੈ ਜੀਉ ॥** (ਪੰਨਾ ੯੫)

ਇਸ ਕਰਕੇ ਅਸੀਂ ਓਟ ਆਸਰਾ ਭਗਵਾਨ ਦਾ ਲੈਣਾ ਹੈ ਤੇ ਮਾਲਕ ਕੋਲੋਂ ਇਹ ਸੰਗਤਿ ਮੰਗਣੀ ਹੈ। ਕਿਉਂਕਿ ਸਾਨੂੰ ਤਾਂ ਸਮਝ ਨਹੀਂ (ਅਸੀਂ ਲੱਭ ਨਹੀਂ ਸਕਦੇ)। ਲੇਕਿਨ ਮਿਲਦਾ ਨਾਮ ਸਾਧੂ ਦੀ ਸ਼ਰਨ ਸੰਗਤਿ ਵਿੱਚ ਹੀ ਹੈ, ਵੈਸੇ ਮਿਲਦਾ ਨਹੀਂ। ਇਸ ਕਰਕੇ ਅਸੀਂ ਪ੍ਰਭੂ ਕੋਲੋਂ ਮੰਗਣਾ ਹੈ ਕਿ ਹੇ ਪ੍ਰਭੂ, ਜੇ ਸਾਡੇ ਮੱਥੇ ਤੇ ਭਾਗ ਨਹੀਂ ਹਨ ਤਾਂ ਹੁਣ ਭਾਗ ਲਿਖ ਕੇ। ਸਾਨੂੰ ਸਾਧੂ ਦੀ ਸੰਗਤਿ ਬਖਸ਼ ਦੇ।

## *ਜਿਸੁ ਮਨਿ ਬਸੈ ਸੁਨੈ ਲਾਇ ਪ੍ਰੀਤਿ ॥*
## *ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ ॥*

ਇਹ ਬਾਣੀ ਐਸੀ ਹੈ, ਜਿਸ ਦੇ ਮਨ ਵਿੱਚ ਵੱਸੇ, ਜਿਹੜਾ ਵੀ ਇਹਨੂੰ ਪ੍ਰੀਤਿ ਨਾਲ ਸੁਣੇ (ਜੋ ਗਿਆਨ ਗੁਰੂ ਪਾਤਸ਼ਾਹ ਉਪਰ ਦੱਸੇ ਆਏ ਹਨ ਤੇ ਅਨੇਕ ਪੱਖਾਂ ਤੋਂ ਉਸ ਗਿਆਨ ਦੀ ਵਿਆਖਿਆ ਕੀਤੀ ਹੈ), ਹਜ਼ੂਰ ਕਹਿੰਦੇ ਨੇ ਕਿ ਜੇ ਇਹ ਮਨ ਵਿੱਚ ਵੱਸ ਜਾਵੇ। ਮਨ ਵਿੱਚ ਇਹ ਤਾਂ ਹੀ ਵਸੇਗੀ, ਜੇ ਕੋਈ ਇਹਨੂੰ ਪ੍ਰੇਮ ਭਾਵਨਾ ਨਾਲ ਸੁਣੇ ਤੇ ਗ੍ਰਹਿਣ ਕਰਨ ਲਈ ਯਤਨ ਕਰੇ (ਜੋ ਹੁਕਮ ਹੈ, ਉਸਨੂੰ ਮੰਨੇ)। ਹੁਕਮ ਹਜ਼ੂਰ ਨੇ ਦੱਸ ਦਿੱਤਾ ਕਿ ਗੁਣ ਗਾਉਣ ਦਾ ਹੈ। ਜੇ ਕੋਈ ਆਤਮਾ ਗੁਣ ਗਾਉਣ ਲੱਗ ਜਾਵੇ।

ਉਹਨੂੰ ਹਰੀ ਪ੍ਰਭੂ ਚਿੱਤ ਵਿੱਚ ਆਉਣ ਲੱਗ ਜਾਂਦਾ ਹੈ, ਉਸ ਨੂੰ ਚੇਤਾ ਆਉਣ ਲੱਗ ਜਾਦਾ ਹੈ ਤੇ ਹੌਲੀ ਹੌਲੀ ਪ੍ਰਭੂ ਦਾ ਚੇਤਾ ਭੁੱਲਣੋ ਹੱਟ ਜਾਂਦਾ ਹੈ।

## *ਜਨਮ ਮਰਨ ਤਾ ਕਾ ਦੂਖੁ ਨਿਵਾਰੈ ॥*
## *ਦੁਲਭ ਦੇਹ ਤਤਕਾਲ ਉਧਾਰੈ ॥*

ਜੋ ਆਤਮਾ ਇਹ ਕੰਮ ਕਰਨ ਲਗਦੀ ਹੈ, ਉਹ ਪ੍ਰਭੂ ਉਸ ਆਤਮਾ ਦਾ ਜਨਮ ਮਰਨ ਕੱਟ ਦੇਂਦਾ ਹੈ, ਉਸ ਆਤਮਾ ਦਾ ਹਉਮੈ ਦਾ ਰੋਗ ਖਤਮ ਹੋ ਜਾਂਦਾ ਹੈ।

ਇਹ ਮਨੁੱਖਾ ਦੇਹ, ਜੋ ਦੁਲੱਭ ਹੈ (ਜੋ ਲੱਭਦੀ ਨਹੀਂ ਹੈ), ਇਹ ਦੇਹ ਵਿੱਚ ਹੀ ਜੀਵ ਆਤਮਾ ਤਰ ਜਾਂਦੀ ਹੈ। ਪ੍ਰਭ ਦਾ ਗੁਣਵਾਦ ਕਰਕੇ ਪ੍ਰਭੂ ਵਿੱਚ ਸਮਾ ਜਾਂਦੀ ਹੈ ਤੇ ਬਖਸ਼ੀ ਜਾਂਦੀ ਹੈ।

## *ਨਿਰਮਲ ਸੋਭਾ ਅੰਮ੍ਰਿਤ ਤਾ ਕੀ ਬਾਨੀ ॥*
## *ਏਕੁ ਨਾਮੁ ਮਨ ਮਾਹਿ ਸਮਾਨੀ ॥*

ਜਿਸ ਦੇ ਮਨ ਵਿੱਚ ਇੱਕ ਨਾਮ ਟਿਕ ਜਾਦਾ ਹੈ, ਇੱਕ ਨਾਮ ਸਮਾ ਜਾਂਦਾ ਹੈ, ਜੋ ਆਤਮਾ ਇੱਕ ਨਾਮ ਦੇ ਆਸਰੇ ਹੋ ਜਾਂਦੀ ਹੈ, ਉਹ ਦੂਸਰਿਆਂ ਨੂੰ ਨਾਮ ਹੀ ਦ੍ਰਿੜ ਕਰਾਉਂਦੀ ਹੈ ਕਿਉਂਕਿ ਹੋਰ ਕੋਈ ਗਿਆਨ ਉਸ ਪਾਸ ਹੁੰਦਾ ਹੀ ਨਹੀਂ, ਤੇ ਨਾ ਹੀ ਉਹ ਹੋਰ ਕਿਸੇ ਗਿਆਨ ਨੂੰ ਮੰਨਦੀ ਹੈ। ਤੇ ਉਸ ਦੀ ਬਾਣੀ ਅੰਮ੍ਰਿਤਮਈ ਹੋ ਜਾਂਦੀ ਹੈ ਕਿਉਂਕਿ ਉਸ ਕੋਲ ਅੰਮ੍ਰਿਤ (ਨਾ ਨਾਸ਼ ਹੋਣ ਵਾਲਾ) ਗਿਆਨ ਹੁੰਦਾ ਹੈ ਤੇ ਅੰਮ੍ਰਿਤ (ਨਾ ਨਾਸ਼ ਹੋਣ ਵਾਲਾ) ਗਿਆਨ ਹੀ ਉਹ ਦੂਜਿਆਂ ਨੂੰ ਦ੍ਰਿੜ ਕਰਾਉਂਦੀ ਹੈ। ਉਸ ਆਤਮਾ ਦੀ ਸੋਭਾ ਨਿਰਮਲ ਹੋ ਜਾਂਦੀ ਹੈ।

## *ਦੂਖ ਰੋਗ ਬਿਨਸੇ ਭੈ ਭਰਮ ॥*
## *ਸਾਧ ਨਾਮ ਨਿਰਮਲ ਤਾ ਕੇ ਕਰਮ ॥*

ਉਸ ਆਤਮਾ ਦੇ ਸਾਰੇ ਦੁੱਖ, ਸਾਰੇ ਰੋਗ, ਸਾਰੇ ਡਰ ਤੇ ਸਾਰੇ ਵਹਿਮ ਖਤਮ ਹੋ ਜਾਂਦੇ ਹਨ।

ਸਾਧੂ ਉਹ ਹੈ ਜਿਸ ਦਾ ਨਿਰਮਲ ਕਰਮ (unattached action) ਹੋ ਜਾਂਦਾ ਹੈ। ਉਸ ਨੂੰ ਕਿਸੇ ਨਾਲ ਮੋਹ (attachment) ਨਹੀਂ। ਉਹ ਤਾਂ ਪ੍ਰਭੂ ਦੇ ਭਾਣੇ ਵਿੱਚ ਆਪਣਾ ਜੀਵਨ ਬਤੀਤ ਕਰਦਾ ਹੈ ਤੇ ਆਇਆਂ ਨੂੰ ਪ੍ਰਭੂ ਦਾ ਗੁਣਵਾਦ ਕਰਨ ਵਿੱਚ ਲਾ ਦੇਂਦਾ ਹੈ। ਉਹ ਸਾਧੂ ਹੈ। ਐਸੇ ਦੀ ਸੰਗਤਿ ਅਸੀਂ ਪ੍ਰਭੂ ਕੋਲੋਂ ਮੰਗਣੀ ਹੈ।

## *ਸਭ ਤੇ ਊਚ ਤਾ ਕੀ ਸੋਭਾ ਬਨੀ ॥*
## *ਨਾਨਕ ਇਹ ਗੁਣਿ ਨਾਮੁ ਸੁਖਮਨੀ ॥ ੮ ॥ ੨੪ ॥*

ਨਾਮ ਦੇ ਇਹ ਗੁਣ ਹਨ ਕਿ ਨਾਮ ਸੁੱਖਾਂ ਦੀ ਮਣੀ ਹੈ। ਜਿਸ ਨੂੰ ਵੀ ਪ੍ਰਾਪਤ ਹੋ ਜਾਵੇ, ਉਸ ਆਤਮਾ ਦੀ ਸੋਭਾ ਸਭ ਤੋਂ ਉੱਚੀ ਹੋ ਜਾਂਦੀ ਹੈ ਕਿਉਂਕਿ ਉਹ ਆਤਮਾ ਪਰਮਾਤਮਾ ਨਾਲ ਰੱਲ ਕੇ ਇੱਕ ਮਿੱਕ ਹੋ ਜਾਂਦੀ ਹੈ (ਪਰਮਾਤਮਾ ਦਾ ਰੂਪ ਹੋ ਜਾਂਦੀ ਹੈ)। ਪਰਮਾਤਮਾ ਤੋਂ ਵੱਡਾ ਕੋਈ ਵੀ ਨਹੀਂ, ਇਸ ਲਈ ਉਸ ਆਤਮਾ ਤੋਂ ਵੱਡਾ ਵੀ ਕੋਈ ਨਹੀਂ ਰਹਿੰਦਾ।

ਇਹ ਗੁਣ ਸੁੱਖਾਂ ਦੀ ਮਣੀ (ਨਾਮ) ਵਿੱਚ ਹੈ। ਨਾਮ ਹੀ ਸੁੱਖਾਂ ਦੀ ਮਣੀ ਹੈ ਤੇ ਇਹ ਗੁਣ ਨਾਮ ਵਿੱਚ ਹੀ ਹਨ, ਤੇ ਨਾਮ ਹੀ ਕਿਸੇ ਨੂੰ ਪ੍ਰਾਪਤ ਹੋਵੇ ਤਾਂ ਉਹੀ ਗੁਣਾਂ ਨੂੰ ਧਾਰਨ ਕਰਨ ਵਾਲਾ ਬਣਦਾ ਹੈ। ਹੋਰ ਕੋਈ ਢੰਗ ਤਰੀਕਾ ਨਹੀਂ ਹੈ।

ਮਾਲਕ ਨੇ ਸਿੱਖਿਆ ਅਨੇਕ ਅੰਗਾਂ ਤੋਂ ਸਾਨੂੰ ਸਮਝਾ ਦਿੱਤੀ ਹੈ ਕਿ ਭਾਈ, ਕੇਵਲ ਉਸ ਇੱਕ ਪ੍ਰਭੂ ਦਾ ਆਸਰਾ ਲੈਣਾ ਹੈ, ਕੇਵਲ ਉਸ ਇੱਕ ਪ੍ਰਭੂ ਦੇ ਗੁਣ ਗਾਉਣੇ ਹਨ, ਨਾ ਗਾਏ ਜਾਣ ਤਾਂ ਕੇਵਲ ਉਸ ਇੱਕ ਪ੍ਰਭੂ ਅੱਗੇ ਅਰਦਾਸਿ ਕਰਨੀ ਹੈ ਕਿ ਸੱਚੇ ਪਾਤਸ਼ਾਹ, ਗੁਣ ਗਾਉਣ ਲਾ ਦੇ। ਤੇ ਗੁਣ ਕਿਉਂਕਿ ਗੁਣ ਗਾਉਣ ਵਾਲਿਆਂ ਦੀ ਸੰਗਤਿ ਵਿੱਚ ਹੀ ਗਾਏ ਜਾਂਦੇ ਹਨ, ਇਸ ਲਈ ਉਸ ਪ੍ਰਭੂ ਕੋਲੋਂ ਮੰਗਣਾ ਹੈ ਕਿ ਮੈਨੂੰ ਸਾਧੂ ਦੀ ਸੰਗਤਿ ਬਖਸ਼, ਤਾਂ ਕਿ ਮੈਂ ਸਦਾ ਸਦਾ ਤੇਰੇ ਗੁਣ ਗਾਵਾਂ ਤੇ ਸੱਚੇ ਪਾਤਸ਼ਾਹ, ਤੇਰੇ ਵਿੱਚ ਸਮਾ ਜਾਵਾਂ।

## *ਵਾਹਿਗਰੂ ਜੀ ਕਾ ਖਾਲਸਾ ॥*
## *ਵਾਹਿਗੁਰੂ ਜੀ ਕੀ ਫਤਹਿ ॥*

**H H H H H**

**ਗੁਰਸਿੱਖ ਸੰਗਤਿ ਵੱਲੋਂ ਨਾਮ ਅਭਿਆਸ ਕਰਨ ਲਈ ਸਮਾਗਮ ਦਿੱਲੀ ਤੇ ਪੰਜਾਬ ਵਿੱਚ ਕੀਤੇ ਜਾਂਦੇ ਹਨ। ਅਗਰ ਆਪ ਜੀ ਨੂੰ ਨਾਮ ਜਪਣ ਦੀ ਰੀਝ ਹੋਵੇ ਤਾਂ ਦਾਸੀ ਨਾਲ ਸੰਪਰਕ ਕਰਨਾ ਜੀ।**

# ਸੂਚਨਾ

ਇਹ ਪੁਸਤਕ ਗੁਰਮੱਤਿ ਦੇ ਪ੍ਰਚਾਰ ਵਾਸਤੇ ਸੰਗਤਾਂ ਨੂੰ ਮੁਫਤ ਭੇਟਾ ਕਰਨ ਲਈ ਬਣਾਈ ਗਈ ਹੈ। ਕੋਈ ਵੀ ਵਿਅਕਤੀ, ਸੰਸਥਾ, ਸੁਸਾਇਟੀ, ਟਰਸਟ, ਸਭਾ, ਗੁਰਦੁਆਰਾ ਆਦਿ ਇਹ ਪੁਸਤਕ ਬਣਵਾ ਕੇ ਸੰਗਤਾਂ ਨੂੰ ਮੁਫਤ ਭੇਟਾ ਕਰਨਾ ਚਾਹੁਣ ਤਾਂ ਦਾਸੀ ਨੂੰ ਕੋਈ ਇਤਰਾਜ਼ ਨਹੀਂ ਹੈ। ਸਗੋਂ ਐਸਾ ਕਰਨ ਵਾਲਿਆਂ ਦੀ ਦਾਸੀ ਧੰਨਵਾਦੀ ਹੋਵੇਗੀ। ਕਿਸੇ ਨੂੰ ਵੀ ਇਹ ਪੁਸਤਕ ਮੁੱਲ ਵੇਚਣ ਦੀ ਆਗਿਆ ਨਹੀਂ ਹੈ ਜੀ।

ਅਗਰ ਆਪ ਜੀ ਇਹ ਪੁਸਤਕ ਖੁਦ ਬਣਵਾ ਕੇ ਸੰਗਤਿ ਵਿੱਚ ਨਾ ਵੰਡ ਸਕੋ, ਪਰ ਇਸ ਕੰਮ ਵਿੱਚ ਸਹਿਯੋਗ ਦੇਣਾ ਚਾਹੋ, ਤਾਂ ਆਪ ਨੇ ਸ੍ਵੈ ਇੱਛਾ ਅਨੁਸਾਰ ਮਾਇਆ ਹੇਠ ਲਿਖੇ ਪਤੇ ਤੇ ਭੇਜਣ ਦੀ ਕ੍ਰਿਪਾਲਤਾ ਕਰਨੀ ਜੀ। ਤੁਸੀਂ ਮਾਇਆ ਸਿੱਧੀ ਮੇਰੇ ਅਕਾਂਊਟ ਨੰਬਰ - 641010110000640, ਬੈਂਕ ਆਫ ਇੰਡੀਆ, ਗੜ੍ਹਾ, ਜਲੰਧਰ (ਭਾਰਤ) ਵਿੱਚ Electronically ਵੀ ਭੇਜ ਸਕਦੇ ਹੋ ਜੀ।

ਸਤਿਗੁਰ ਸੇਵਿਕਾ

**ਸੁਖਜੀਤ ਕੌਰ**

ੴ ਸਤਿਸੰਗ,
1119, ਫੇਜ਼-1, ਅਰਬਨ ਅਸਟੇਟ, ਜਲੰਧਰ-144022
E-mail :- ikoankarsatsang@rediffmail.com
Website :- www.ikoankarsatsang.com
Phone :- 98152-79600